# 32 ਪਾਕਿਸਤਾਨੀ ਕਹਾਣੀਆਂ

(ਉਰਦੂ, ਪੰਜਾਬੀ, ਸਿੰਧੀ, ਬਲੋਚੀ ਤੇ ਪਸ਼ਤੋ  ਜ਼ਬਾਨ ਦੀਆਂ
ਪਾਕਿਸਤਾਨੀ ਕਹਾਣੀਆਂ)

## ਅਨੁਵਾਦਕ ਬਾਰੇ

ਮਹਿੰਦਰ ਬੇਦੀ, ਜੈਤੋ ਦਾ ਜਨਮ 05-09-1954 ਨੂੰ ਹੋਇਆ। ਆਪ ਨੇ ਕਈ ਸਾਲ ਬਤੌਰ ਡੈਨਟਿਸਟ ਡਾਕਟਰ ਪ੍ਰੈਕਟਿਸ ਕੀਤੀ। ਆਪ ਨੇ 23 ਕਿਤਾਬਾਂ ਅਨੁਵਾਦ ਕੀਤੀਆਂ। ਹਿੰਦੀ ਤੇ ਉਰਦੂ ਤੋਂ ਪੰਜਾਬੀ 'ਚ ਸਮੁੰਦਰ (ਆਨੰਦ ਬੋਕਿਲ), ਟੋਪੀ ਸ਼ੁਕਲਾ (ਰਾਹੀ ਮਾਸੂਮ ਰਜਾ), ਓਪਰਾ ਆਦਮੀ (ਅਲਬਰਟ ਕਾਮੂ) ਨਾਵਲਾਂ ਤੋਂ ਇਲਾਵਾ ਰਾਮ ਲਾਲ, ਤੇਜਿੰਦਰ ਸ਼ਰਮਾ, ਇਸਤਮ ਚੁਗ਼ਤਾਈ, ਸੂਰਯਬਾਲਾ ਦੀਆਂ ਕਹਾਣੀਆਂ ਨੂੰ ਪੰਜਾਬੀ 'ਚ ਅਨੁਵਾਦ ਕੀਤਾ।

# 32 ਪਾਕਿਸਤਾਨੀ ਕਹਾਣੀਆਂ

(ਉਰਦੂ, ਪੰਜਾਬੀ, ਸਿੰਧੀ, ਬਲੋਚੀ ਤੇ ਪਸ਼ਤੋ ਜ਼ਬਾਨ ਦੀਆਂ ਪਾਕਿਸਤਾਨੀ ਕਹਾਣੀਆਂ)

**ਸੰਪਾਦਕ**
**ਜਿੰਦਰ**

**ਅਨੁਵਾਦ ਤੇ ਲਿੱਪੀਅੰਤਰ**
**ਮਹਿੰਦਰ ਬੇਦੀ, ਜੈਤੋ**

**ਸੰਗਮ ਪਬਲੀਕੇਸ਼ਨਜ਼, ਪਟਿਆਲਾ**

# 32 Pakistani Kahanian

(Anthology of Pakistani Short Stories)

Edited by

Jinder

984, Rajput Nagar, Model House,
Jalandhar-144003
Mobile : 98148-03254
Email : jinder340@gmail.com

Translation by

Mohinder Bedi, Jaito

ISBN

© Author
2016

**Price Rs.150/-**

Published by
**Sangam Publications**
S.C.O. 94-95 (Basement)
New Leela Bhawan, **Patiala**-147001 (Pb.)
Ph. 0175-2305347
Mob. 99151-03490, 98152-43917
www.sangampublications.com

Printed & Bound at:
Aarna Printing Solutions, Patiala
Ph. 99148-40666

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਸਤਿਕਾਰਯੋਗ
ਬਾਪੂ ਜੀ ਅਮਰਜੀਤ ਸਿੰਘ ਹੇਅਰ
ਤੇ
ਭਾਜੀ ਯੁਰਿੰਦਰ ਸਿੰਘ ਹੇਅਰ
ਦੇ ਨਾਂ

* ਨਰ ਨਾਰੀ, ਜ਼ਾਤ ਬਰਾਦਰੀ, ਗੌਤਮ ਦਾ ਕਤਲ, ਹਿਜ਼ਰਤ, ਆਨੇ ਦਾ ਪੁੱਤ ਕਹਾਣੀਆਂ ਅਨੁਵਾਦ/ਲਿੱਪੀਅੰਤਰ ਡਾ. ਹਰਬੰਸ ਸਿੰਘ ਧੀਮਾਨ ਨੇ ਕੀਤੀਆਂ।
* ਭੰਵਰ, ਸੁਲੱਖਣਾ, ਲੂਹ ਕਹਾਣੀਆਂ ਸੁਖਪਾਲ ਸਿੰਘ ਹੁੰਦਲ ਨੇ ਅਨੁਵਾਦ/ ਲਿੱਪੀਅੰਤਰ ਕੀਤੀਆਂ।
* ਅਸ਼ਰਫ਼ ਸਟੀਲ ਮਾਰਟ ਕਹਾਣੀ ਓਮ ਪ੍ਰਕਾਸ਼ ਪਨਾਹਗੀਰ ਨੇ ਅਨੁਵਾਦ ਕੀਤੀ।
* ਇੱਕੀਵੀਂ ਸਦੀ ਦੀ ਪਹਿਲੀ ਕਹਾਣੀ ਹਰਜੀਤ ਅਟਵਾਲ ਨੇ ਹਿੰਦੀ ਤੋਂ ਅਨੁਵਾਦ ਕੀਤੀ।
* 'ਖ਼ਾਲੀ ਬੰਦਾ' ਕਹਾਣੀ ਪਾਲ ਸਿੰਘ ਵੱਲਾ ਨੇ ਅਨੁਵਾਦ ਕੀਤੀ।

## ਤਤਕਰਾ

# ਕੁਝ ਮੇਰੇ ਵੱਲੋਂ

ਜਦੋਂ ਪਾਕਿਸਤਾਨ ਬਣਿਆਂ ਤਾਂ ਹਰ ਚੀਜ਼ ਨੂੰ ਦੋ ਭਾਗਾਂ ਵਿੱਚ ਵੰਡ ਲਿਆ ਗਿਆ। ਇਲਾਕਾ ਵੰਡ ਲਿਆ, ਲੋਕ ਵੰਡ ਲਏ, ਮਿਲਟਰੀ ਵੰਡ ਲਈ। ਇਥੋਂ ਤਕ ਕਿ ਕੈਦੀ ਤੇ ਬਿਮਾਰ ਵੀ ਵੰਡ ਲਏ। ਸਰਕਾਰੀ ਪੱਧਰ ’ਤੇ ਤਾਂ ਬੋਲੀ ਵੀ ਵੰਡ ਲਈ ਗਈ। ਪਾਕਿਸਤਾਨ ਨੇ ਉਰਦੂ ਅਪਣਾ ਲਈ ਤੇ ਭਾਰਤ ਵਿਚੋਂ ਖਾਸ ਤੌਰ ’ਤੇ ਪੰਜਾਬ ਵਿਚੋਂ ਉਰਦੂ ਨੂੰ ਕੁਝ ਸਾਲਾਂ ਵਿਚ ਹੀ ਕਿਸੇ ਕੱਪੜੇ ਵਾਂਗੂ ਲਾਹ ਸੁੱਟ ਦਿੱਤਾ ਗਿਆ। ਸਕੂਲਾਂ ਵਿਚ ਉਰਦੂ ਪੜ੍ਹਾਉਣਾ ਬੰਦ ਕਰ ਦਿੱਤਾ ਗਿਆ। ਇਹ ਵੰਡ ਧਰਮ ਦੇ ਆਧਾਰ ’ਤੇ ਹੋ ਰਹੀ ਸੀ ਸੋ ਬਹੁਤਾ ਕੁਝ ਵੰਡਿਆ ਗਿਆ ਪਰ ਜੋ ਵੰਡ ਨਹੀਂ ਹੋਇਆ ਤਾਂ ਉਹ ਸੀ ਸਾਹਿਤ। ਕਿਉਂਜੁ ਸਾਹਿਤ ਦਾ ਕੋਈ ਧਰਮ ਨਹੀਂ ਹੁੰਦਾ। ਸਾਹਿਤ ਦਾ ਵਾਹ ਮਨੁੱਖਤਾ ਨਾਲ ਹੁੰਦਾ ਹੈ। ਭਾਵੇਂ ਪਾਕਿਸਤਾਨ ਨੇ ਆਪਣੀ ਰਾਸ਼ਟਰ ਭਾਸ਼ਾ ਉਰਦੂ ਨੂੰ ਬਣਾ ਲਿਆ ਸੀ ਤੇ ਉਰਦੂ ਵਿੱਚ ਲਿਖਿਆ ਸਾਹਿਤ ਪਾਕਿਸਤਾਨੀ ਸਾਹਿਤ ਹੋ ਸਕਦਾ ਸੀ ਪਰ ਇਹ ਸੰਭਵ ਨਹੀਂ ਸੀ ਕਿਉਂਜੁ ਉਰਦੂ ਦੇ ਸਾਰੇ ਲੇਖਕ ਤਾਂ ਪਾਕਿਸਤਾਨ ਨਹੀਂ ਸਨ ਜਾ ਰਹੇ। ਜਿਹੜੇ ਜਾ ਵੀ ਰਹੇ ਸਨ ਉਹ ਵੀ ਦੁਬਿਧਾ ਵਿਚ ਸਨ ਕਿ ਪਾਕਿਸਤਾਨ ਜਾਣ ਵੀ ਕਿ ਨਾ। ਫੇਰ ਰਾਜਿੰਦਰ ਸਿੰਘ ਬੇਦੀ ਤੇ ਕ੍ਰਿਸ਼ਨ ਚੰਦਰ ਵਰਗੇ ਗੈਰ-ਮੁਸਲਿਮ ਵੀ ਉਰਦੂ ਵਿੱਚ ਲਿਖ ਰਹੇ ਸਨ। ਜੇ ਮੰਟੋ ਵਰਗੇ ਕੁਝ ਲੇਖਕ ਉਰਦੂ ਵਿੱਚ ਲਿਖਦੇ-ਲਿਖਦੇ ਪਾਕਿਸਤਾਨ ਜਾ ਵਸੇ ਸਨ ਤਾਂ ਉਹਨਾਂ ਦੇ ਸਾਹਿਤ ਨੇ ਰਾਤੋ ਰਾਤ ਪਾਕਿਸਤਾਨੀ ਸਾਹਿਤ ਤਾਂ ਨਹੀਂ ਸੀ ਹੋ ਜਾਣਾ। ਇਹ ਵੀ ਹੋਇਆ ਕਿ ਸਾਹਿਰ ਲੁਧਿਆਣਵੀ ਵਰਗੇ ਕੁਝ ਲੇਖਕ ਪਾਕਿਸਤਾਨ ਗਏ ਪਰ ਕੁਝ ਸਾਲ ਰਹਿ ਕੇ ਵਾਪਸ ਆ ਗਏ। ਉਹਨਾਂ ਦੇ ਸਾਹਿਤ ਨੂੰ ਵੀ ਪਾਕਿਸਤਾਨੀ ਸਾਹਿਤ ਨਹੀਂ ਸੀ ਕਿਹਾ ਜਾ ਸਕਣਾ। ਕਿਸ ਸਾਹਿਤ ਨੂੰ ਪਾਕਿਸਤਾਨੀ ਸਾਹਿਤ ਕਿਹਾ ਜਾਵੇ ਇਸ ਬਾਰੇ ਇਕ ਦੁਬਿਧਾ ਬਣ ਗਈ। ਪਾਕਿਸਤਾਨ ਬਣਨ ਤੋਂ ਬਾਅਦ ਵੀ ਹਿੰਦੁਸਤਾਨ ਵਿੱਚ ਉਰਦੂ ਵਿਚ ਜ਼ੋਰ-ਸ਼ੋਰ ਨਾਲ ਸਾਹਿਤ ਰਚਿਆ ਜਾ ਰਿਹਾ ਸੀ। ਸੋ ਸਥਿਤੀ ਏਨੀ ਸੌਖੀ ਨਹੀਂ ਸੀ। ਇਹ ਵੰਡ ਏਨੀ ਸੰਭਵ ਨਹੀਂ ਸੀ। ਪਾਕਿਸਤਾਨ ਜਾ ਵਸਿਆ ਮੰਟੋ ਉਸ ਵੇਲੇ ਦੇ ਸਾਹਿਤ ਦਾ ਚਮਕਦਾ ਸਿਤਾਰਾ ਸੀ ਪਰ ਪਾਕਿਸਤਾਨੀ ਸਰਕਾਰ ਉਸ ਨੂੰ ਵੀ ਆਪਣੇ ਲੇਖਕ ਦੇ ਤੌਰ ’ਤੇ ਨਹੀਂ ਸੀ ਅਪਣਾ ਰਹੀ ਕਿਉਂਜੁ ਉਸ ਦੀਆਂ ਕਹਾਣੀਆਂ ਤਾਂ ਪਾਕਿਸਤਾਨ ਬਣਨ ਵਿੱਚੋਂ ਉੱਠਦੇ ਦੁਖਾਂਤ ਲਈ ਹਾਅ ਦਾ ਨਾਅਰਾ ਮਾਰਦੀਆਂ ਸਨ ਜੋ ਕਿ ਇਕ ਕਿਸਮ ਨਾਲ ਪਾਕਿਸਤਾਨ ਦੇ ਬਣਨ ਦੇ ਖਿਲਾਫ ਭੁਗਤ ਜਾਂਦੀਆਂ ਸਨ। ‘ਖੋਲ ਦੋ’ ਤੇ ‘ਟੋਭਾ ਟੇਕ ਸਿੰਘ’ ਵਰਗੀਆਂ ਕਈ ਮਾਸਟਰਪੀਸ ਕਹਾਣੀਆਂ ਤਾਂ ਚਿਤਰਦੀਆਂ ਹੀ ਪਾਕਿਸਤਾਨ ਬਣਨ ਦੇ ਦੁਖਾਂਤ ਨੂੰ ਹੀ ਹਨ। ਹੋਰ ਵੀ ਬਹੁਤ ਸਾਰੇ ਲੇਖਕ ਇਸ ਦੁਖਾਂਤ ਨੂੰ ਚਿਤਰ ਰਹੇ ਸਨ। ਇਸ ਦਾ ਕਾਰਨ ਸੀ ਕਿ ਲੇਖਕ ਤਾਂ ਨਿਰਪੱਖ ਹੁੰਦਾ ਹੈ। ਵੱਡੇ ਲੇਖਕ ਤਾਂ ਪਾਕਿਸਤਾਨ ਵਿਚ ਵਸਦੇ ਹੀ ਸਨ ਸੋ ਇਸ ਵੇਲੇ ਪਾਕਿਸਤਾਨੀ ਸਾਹਿਤ ਦੀ ਨਵੀਂ

ਪ੍ਰੰਪਰਾ ਕਾਇਮ ਕਰਨ ਦੀ ਲੋੜ ਸੀ ਤੇ ਇਸ ਪ੍ਰੰਪਰਾ ਨੂੰ ਕਾਇਮ ਕਰਨ ਲਈ ਅਹਿਮਦ ਨਦੀਮ ਕਾਸਮੀ, ਫੈਜ਼ ਅਹਿਮਦ ਫੈਜ਼, ਮੁਨੀਰ ਨਿਆਜ਼ੀ, ਅਹਿਮਦ ਫਰਾਜ਼, ਅਸ਼ਫ਼ਾਕ ਅਹਿਮਦ, ਇੰਤਜ਼ਾਰ ਹੁਸੈਨ ਵਰਗੇ ਲੇਖਕਾਂ ਬਹੁਤ ਵੱਡੀ ਭੂਮਿਕਾ ਨਿਭਾਈ। ਸੋ ਡੇਢ ਕੁ ਦਹਾਕੇ ਵਿਚ ਹੀ ਪਾਕਿਸਤਾਨੀ ਸਾਹਿਤ ਦਾ ਇਕ ਵਿਸ਼ੇਸ਼ ਚਿਹਰਾ-ਮੁਹਰਾ ਪੇਸ਼ ਕਰ ਦਿੱਤਾ ਗਿਆ ਜੋ ਕਿ ਦੁਨੀਆਂ ਵਿਚ ਲਿਖੇ ਜਾ ਰਹੇ ਸਾਹਿਤ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੈ।

* * *

ਹਿੰਦੁਸਤਾਨ-ਪਾਕਿਸਤਾਨ ਵੰਡ ਤੋਂ ਪਹਿਲਾਂ ਦੇ ਦਹਾਕੇ ਨੂੰ ਉਰਦੂ ਕਹਾਣੀ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ । ਇਸ ਸਮੇਂ 'ਚ ਜਿੰਨੇ ਵੱਡੇ ਕਹਾਣੀਕਾਰ ਪੈਦਾ ਹੋਏ, ਓਨੇ ਕਦੇ ਵੀ ਨਹੀਂ ਹੋਏ । ਮੁਨਸ਼ੀ ਪ੍ਰੇਮ ਚੰਦ, ਬਲਵੰਤ ਸਿੰਘ, ਰਾਜਿੰਦਰ ਸਿੰਘ ਬੇਦੀ, ਦਵਿੰਦਰ ਸਤਿਆਰਥੀ, ਸੁਦਰਸ਼ਨ, ਅਲੀ ਅੱਬਾਸ ਹੁਸੈਨੀ, ਅਹਿਮਦ ਅਲੀ, ਹਯਾਤੁਲਾਹ ਅੰਸਾਰੀ, ਅਹਿਮਦ ਨਦੀਮ ਕਾਸਮੀ, ਮੰਟੋ, ਕ੍ਰਿਸ਼ਨ ਚੰਦਰ, ਹਜਾਬ ਇਮਿਤਆਜ਼ ਅਲੀ ਖਵਾਜਾ, ਇਸਮਤ ਚੁਗ਼ਤਾਈ ਆਦਿ ਇਸ ਯੁੱਗ ਦੀ ਦੇਣ ਹਨ ਪਰ ਵੰਡ ਮਗਰੋਂ ਕਈ ਕਹਾਣੀਕਾਰ ਉੱਧਰ ਚਲੇ ਗਏ, ਜਿਵੇਂ ਮੰਟੋ, ਅਹਿਮਦ ਨਦੀਮ ਕਾਸਮੀ, ਗੁਲਾਮ ਅੱਬਾਸ, ਮਿਰਜ਼ਾ ਅਦੀਬ, ਮੁਮਤਾਜ਼ ਮੁਫ਼ਤੀ, ਆਗ਼ਾ ਬਾਬਰ ਤੇ ਕੁਝ ਹੋਰ ।

ਇਸ ਸਮੇਂ ਬਾਰੇ ਇੰਤਜ਼ਾਰ ਹੁਸੈਨ ਸਪੱਸ਼ਟ ਕਰਦੇ ਹਨ, "ਇਸ ਵੰਡ ਮਗਰੋਂ ਜੋ ਸਮਾਜ ਹੋਂਦ ਵਿਚ ਆਇਆ ਤੇ ਜਿਹੜਾ ਇਨ੍ਹਾਂ ਪੰਜਾਹ ਸਾਲਾਂ ਵਿਚ ਪ੍ਰਵਾਨ ਚੜ੍ਹਿਆ, ਉਹ ਵੰਡ ਤੋਂ ਪਹਿਲਾਂ ਵਾਲਾ ਸਰਬ ਸਾਂਝਾ ਸਮਾਜ ਨਹੀਂ ਸੀ । ਹੁਣ ਏਥੇ ਵਧੇਰੇ ਬਹੁਗਿਣਤੀ ਮੁਸਲਮਾਨਾਂ ਦੀ ਸੀ, ਇਸ ਲਈ ਇੱਥੇ ਸਮਾਜਕ ਪ੍ਰਕਿਰਿਆ ਹਿੰਦੁਸਤਾਨ ਨਾਲੋਂ ਵੱਖਰੇ ਢੰਗ ਨਾਲ ਸ਼ੁਰੂ ਹੋਈ । ਫੇਰ ਸਿਆਸੀ ਪ੍ਰਕਿਰਿਆ ਦਾ ਰੂਪ ਇਸ ਕਰਕੇ ਵੀ ਵੱਖਰਾ ਹੋ ਗਿਆ ਕਿ ਇੱਥੇ ਲੋਕਰਾਜੀ ਪ੍ਰਕਿਰਿਆ ਨਿਰੰਤਰ ਜਾਰੀ ਨਹੀਂ ਰਹੀ । ਮਾਰਸ਼ਲ ਲਾਅ ਵਿਚੋਂ ਵਿਚ ਆ ਕੇ ਇਸ ਪ੍ਰਕਿਰਿਆ ਵਿਚ ਵਿਘਨ ਪਾਉਂਦਾ ਰਿਹਾ । ਇਸ ਤੋਂ ਵੀ ਵਧੇਰੇ ਮਹੱਤਵਪੂਰਨ ਗੱਲ ਇਹ ਨਜ਼ਰ ਆਉਂਦੀ ਹੈ ਕਿ ਪਾਕਿਸਤਾਨ ਬਣਨ ਦੇ ਛੇਤੀ ਪਿੱਛੋਂ ਇੱਥੇ ਲਿਖਣ ਤੇ ਸੋਚਣ ਵਾਲਿਆਂ ਨੂੰ ਅਜਿਹੇ ਸੁਆਲਾਂ ਨਾਲ ਵਾਹ ਪਿਆ ਜਿਹੜੇ ਪਾਕਿਸਤਾਨ ਨਾਲ ਵਿਸ਼ੇਸ਼ ਤੌਰ 'ਤੇ ਸੰਬੰਧਤ ਸਨ । ਹਿੰਦੋਸਤਾਨ ਦੇ ਲਿਖਣ ਵਾਲਿਆਂ ਨੂੰ ਇਨ੍ਹਾਂ ਨਾਲ ਵਾਹ ਕਿਉਂ ਨਹੀਂ ਪੈਂਦਾ, ਉਥੇ ਇਤਿਹਾਸ ਤੇ ਪਰੰਪਰਾ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ । ਇੱਥੇ ਤਾਂ ਇਹ ਸਿਲਸਿਲਾ ਟੁੱਟ ਗਿਆ ਸੀ । ਅਸੀਂ ਨਵੇਂ ਸਿਰੇ ਤੋਂ ਇਹ ਰਿਸ਼ਤੇ ਜੋੜਨੇ ਸਨ । ਇਸੇ ਕਰਕੇ ਇਹ ਸੁਆਲ ਖੜ੍ਹੇ ਹੋਏ ਕਿ ਜੇ ਅਸੀਂ ਇਕ ਵੱਖਰੀ ਕੌਮ ਹਾਂ ਤਾਂ ਸਾਡੀ ਕੌਮੀ ਤੇ ਸਭਿਆਚਾਰਕ ਪਛਾਣ ਕੀ ਹੈ ? ਸਾਡਾ ਇਤਿਹਾਸ ਕਿੱਥੋਂ ਸ਼ੁਰੂ ਹੁੰਦਾ ਹੈ ? ਉਪ-ਮਹਾਦੀਪ ਵਿਚ ਮੁਸਲਮਾਨਾਂ ਵੱਲੋਂ ਜੋ ਇਤਿਹਾਸਕ ਪ੍ਰਕਿਰਿਆ ਸ਼ੁਰੂ ਹੋਈ, ਉਹ ਤਾਂ ਠੀਕ ਹੈ ਪਰ ਇਸ ਇਲਾਕੇ ਦਾ ਜਿਹੜਾ ਪੁਰਾਣਾ ਇਤਿਹਾਸ ਹੈ, ਉਹ ਵੀ ਸਾਡਾ ਇਤਿਹਾਸ ਹੈ ਜਾਂ ਨਹੀਂ ਹੈ । ਤੇ ਹਿੰਦੁਸਤਾਨ ਵਿਚ ਮੁਸਲਮਾਨਾਂ ਦਾ ਜਿਹੜਾ ਇਤਿਹਾਸ ਖਿਲਰਿਆ ਪਿਆ ਹੈ, ਇਸ ਨਾਲ ਸਾਡਾ ਹੁਣ ਕੀ ਸੰਬੰਧ ਹੈ ? ਆਖ਼ਿਰ ਸਾਡੀਆਂ ਜੜ੍ਹਾਂ ਕਿੱਥੇ ਹਨ ?" ਆਸ਼ਿਫ਼ ਫ਼ਰੁੱਖ਼ੀ ਦਾ ਵਿਚਾਰ ਹੈ, "1947 ਵਿਚ ਜਦੋਂ ਇਹ ਦੇਸ਼ ਇਕ ਸੁਤੰਤਰ ਦੇਸ਼ ਵਜੋਂ ਸਾਹਮਣੇ



ਆਇਆ ਤਾਂ ਉਦੋਂ ਸਮਾਜਿਕ ਯਥਾਰਥਵਾਦ ਦਾ ਦੌਰ ਦੌਰਾ ਸੀ ਤੇ ਯਥਾਰਥਵਾਦ ਦਾ ਸਿੱਕਾ ਉਸ ਯੁੱਗ ਵਿਚ ਪੂਰੀ ਤਰ੍ਹਾਂ ਚੱਲ ਰਿਹਾ ਸੀ ਪਰ ਪਿੱਛੋਂ ਇਸ ਵਿਚ ਤ੍ਰੇੜਾਂ ਪੈਣ ਲੱਗੀਆਂ । ਕਹਾਣੀ ਦਾ ਪ੍ਰਯੋਗਵਾਦ ਦੇ ਰਾਹੀਂ ਨਵੀਨਤਾ ਵੱਲ ਝੁਕਾਅ ਸ਼ੁਰੂ ਹੋ ਗਿਆ ਤੇ ਪ੍ਰਤੀਕਾਤਮਕ ਅਭਿਵਿਅਕਤੀ ਦੀ ਪ੍ਰਵਿਰਤੀ ਵਧਦੀ ਗਈ ।"

ਪਾਕਿਸਤਾਨ 'ਚ ਮਾਰਸ਼ਲ ਲਾਅ ਲੱਗਣ ਤੇ ਹੋਰ ਕਈ ਕਾਰਨਾਂ ਕਰਕੇ ਪ੍ਰਤੀਕਾਤਮਕ ਕਹਾਣੀਆਂ ਲਿਖੀਆਂ ਜਾਣ ਲੱਗੀਆਂ । ਰਸ਼ੀਦ ਅਮਜਦ, ਮਨਸ਼ਾ ਯਾਦ, ਅਹਿਮਦ ਦਾਊਦ, ਅਨਵਰ ਸੱਜਾਦ, ਮਿਰਜ਼ਾ ਹਾਮਿਦ ਬੇਗ ਆਦਿ ਕਹਾਣੀਕਾਰਾਂ ਨੇ ਇਸ ਸ਼ੈਲੀ ਨੂੰ ਅਪਨਾਇਆ । ਇਸ ਦਾ ਵੱਡਾ ਨੁਕਸਾਨ ਇਹ ਹੋਇਆ ਕਿ ਕਹਾਣੀ 'ਚੋਂ ਕਥਾ ਖ਼ਤਮ ਹੋ ਗਈ । ਪਾਤਰ ਗ਼ਾਇਬ ਹੋ ਗਏ । ਪਾਠਕਾਂ ਦੇ ਪੱਲੇ ਕੁਝ ਨਾ ਪਿਆ । ਪਾਠਕ ਕਹਾਣੀ ਤੋਂ ਦੂਰ ਹੁੰਦੇ ਚਲੇ ਗਏ । ਇੰਤਜ਼ਾਰ ਹੁਸੈਨ ਨੇ ਇਨ੍ਹਾਂ ਸ਼ਬਦਾਂ 'ਚ ਕਿਹਾ, "ਸਾਡੀ ਕਹਾਣੀ ਵਿਚ ਇਸ ਤਬਦੀਲੀ ਦੇ ਆਸਾਰ ਉਸ ਵੇਲੇ ਜ਼ਾਹਿਰ ਹੋਏ, ਜਦੋਂ ਪਾਕਿਸਤਾਨ ਦਾ ਪਹਿਲਾ ਦਹਾਕਾ ਖ਼ਤਮ ਹੋ ਰਿਹਾ ਸੀ । ਉਸੇ ਦੇ ਨੇੜੇ-ਤੇੜੇ ਸਾਡੀ ਕੌਮੀ ਜ਼ਿੰਦਗੀ ਦੇ ਮਾਰਸ਼ਲ ਲਾਅ ਨੇ ਆਪਣਾ ਚਿਹਰਾ ਦਿਖਾਇਆ । ਇਸ 'ਚ ਉਨ੍ਹਾਂ ਆਲੋਚਕਾਂ ਨੇ, ਜੋ ਸਾਹਿਤ 'ਚ ਹਰ ਪਰਿਵਰਤਨ ਨੂੰ ਮਾਤਰ ਸਮਾਜਿਕ ਤੇ ਰਾਜਨੀਤਕ ਪਰਿਵਰਤਨਾਂ ਦਾ ਪ੍ਰਤੀਬਿੰਬ ਸਮਝਦੇ ਸਨ, ਇਹ ਨਤੀਜਾ ਕੱਢਿਆ ਕਿ ਮਾਰਸ਼ਲ ਲਾਅ ਦੇ ਅੱਤਿਆਚਾਰ ਨੇ ਕਹਾਣੀਕਾਰ ਨੂੰ ਇਹ ਰਸਤਾ ਦਿਖਾਇਆ । ਕਿਉਂ ਜੁ ਮਾਰਸ਼ਲ ਲਾਅ ਤੋਂ ਪੈਦਾ ਵਿਆਕੁਲਤਾ ਤੇ ਪੀੜਾ ਨੂੰ ਸਿੱਧੇ-ਸਿੱਧੇ ਬਿਆਨ ਨਹੀਂ ਕੀਤਾ ਜਾ ਸਕਦਾ ਸੀ, ਇਸ ਲਈ ਬਿਆਨ ਦਾ ਇਹ ਰਸਤਾ ਅਪਣਾਇਆ ਗਿਆ । ਇਸ ਦ੍ਰਿਸ਼ਟੀਕੋਣ 'ਚ ਸਿਰਫ਼ ਆਂਸ਼ਿਕ ਸੱਚਾਈ ਹੈ । ਸਾਹਿਤ 'ਚ ਜੋ ਤਬਦੀਲੀ ਆਉਂਦੀ ਹੈ, ਉਹ ਕਿੰਨਿਆਂ ਹੀ ਵੱਖ-ਵੱਖ ਜਤਨਾਂ ਦੇ ਤਾਲਮੇਲ ਦਾ ਕ੍ਰਿਸ਼ਮਾ ਹੁੰਦੀ ਹੈ । ਕਿਸੇ ਇਕ ਘਟਨਾ 'ਚ ਅਜਿਹੀ ਕਿਸੇ ਤਬਦੀਲੀ ਨੂੰ ਜੋੜ ਦੇਣ ਦਾ ਮਤਲਬ ਇਹ ਹੈ ਕਿ ਅਸੀਂ ਸਾਹਿਤ 'ਚ ਰੁਝਾਨਾਂ ਦੀ ਤਬਦੀਲੀ ਨੂੰ ਬਹੁਤ ਸਤਹੀ ਨਜ਼ਰ ਨਾਲ ਦੇਖ ਰਹੇ ਹਾਂ ।"

ਪਾਕਿਸਤਾਨ ਦੀ ਉਰਦੂ ਕਹਾਣੀ ਕੋਲ ਬਹੁਤ ਸਾਰੇ ਸਿਤਾਰੇ ਹਨ ਜਿਵੇਂ ਕਿ ਅਬਦੁਲ ਕਾਦਿਰ, ਮੁਮਤਾਜ਼ ਮੁਫ਼ਤੀ, ਸੱਯਦ ਅਨਵਰ, ਸੱਯਦ ਫ਼ਆਜ ਮਹਿਮੂਦ, ਗੁਲਾਮ ਅੱਬਾਸ, ਮੰਟੋ, ਅਸ਼ਫ਼ਾਕ ਅਹਿਮਦ, ਮਿਰਜ਼ਾ ਅਦੀਬ, ਰਹਿਮਾਨ ਮਜਨਬ, ਅਹਿਮਦ ਨਦੀਮ ਕਾਸਮੀ, ਕੁਦਰਤੁੱਲਾਹ ਸ਼ਹਾਬ, ਮੁਹੰਮਦ ਖਾਲਿਦ ਅਖ਼ਬਰ, ਆਗ਼ਾ ਬਾਬਰ, ਸ਼ਫ਼ੀਕੁਰਹਮਾਨ, ਇੰਤਜ਼ਾਰ ਹੁਸੈਨ, ਗੁਲਾਮੁਲ ਸੁਕਲੈਨ ਨਕਵੀ, ਸੌਕਤ ਸਿੱਦੀਕੀ, ਹਮੀਦ ਅਖ਼ਤਰ, ਇਬਰਾਹੀਮ ਜਲੀਸ, ਮਿਰਜ਼ਾ ਰਿਆਜ਼, ਖਾਲਿਦ ਹੁਸੈਨ, ਖ਼ਦੀਜਾ ਮਸੂਤਰ, ਬਾਨੋ ਕੁਦਸੀਆ, ਹਾਜਰਾ ਮਸਰੂਰ, ਅਖ਼ਤਰ ਜਮਾਲ, ਮਸਊਦ ਅਸ਼ਅਰ, ਅਸਦ ਮੁਹੰਮਦ ਖ਼ਾਨ, ਹਸਨ ਮੰਜਰ, ਸਲੀਮ ਅਖ਼ਤਰ, ਮੋਹਮੰਦ ਸਲੀਮੁਰਹਰਮਾਨ, ਅਨਵਰ ਸੱਜ਼ਾਦ, ਸੈਯਦਾ ਹਿਨਾ, ਮਨਸ਼ਾ ਯਾਦ, ਫ਼ਰਖ਼ੰਦਾ ਲੋਧੀ, ਸਾਏਰਾ ਹਾਸ਼ਮੀ, ਰਸੀਦ ਅਮਜਦ, ਜ਼ਾਹਿਦਾ ਹਿਨਾ, ਅਹਿਮਦ ਦਾਊਦ, ਮਿਰਜ਼ਾ ਹਾਮਿਦ ਬੇਗ, ਗੁਲਜ਼ਾਰ ਜਾਵੇਦ, ਅਹਿਮਦ ਜਾਵੇਦ ਤੇ ਆਸ਼ਿਫ ਫ਼ਰਖ਼ੀ।

ਉਰਦੂ ਪਾਕਿਸਤਾਨ ਦੀ ਕੌਮੀ ਜ਼ਬਾਨ ਹੈ ਤੇ ਕੁੱਲ ਆਬਾਦੀ ਦੀ 8% ਆਬਾਦੀ ਉਰਦੂ ਬੋਲਦੀ ਹੈ। ਪਾਕਿਸਤਾਨ ਦਾ ਬਹੁਤਾ ਸਾਹਿਤ ਇਸੇ ਜ਼ਬਾਨ 'ਚ ਲਿਖਿਆ ਗਿਆ

ਹੈ। ਸਭ ਤੋਂ ਜ਼ਿਆਦਾ ਸਾਹਿਤਕ ਮੈਗਜ਼ੀਨ ਵੀ ਇਸੇ ਭਾਸ਼ਾ ਜ਼ਬਾਨ 'ਚ ਛਪਦੇ ਹਨ। ਅਦਬੀਅਤ (ਅਖ਼ਤਰ ਰਜ਼ਾ ਸਲੀਮੀ), ਸਿੰਬਲ (ਅਲੀ ਮੁਹੰਮਦ ਫਰਸੀ), ਫਜ਼ਨੂ (ਡਾ. ਨਾਹੀਦ ਕਸਮੀ), ਨੱਕਾਤ (ਕਾਸਿਮ ਯਾਕੂਬ), ਲੋਹ (ਮੁਮਤਾਜ਼ ਸ਼ੇਖ), ਦੁਨੀਆਂ ਜ਼ਾਦ (ਆਸਿਫ਼ ਫ਼ਰੂਖੀ), ਆਜ਼ (ਅਮਜਲ ਕਮਾਲ), ਬਿਆਜ਼ (ਨੌਮਾਨ ਮੰਜ਼ੂਰ), ਮੁਕਾਲਮਾ (ਮੁਬੀਨ ਮਿਰਜ਼ਾ), ਇਜਰਾ (ਅਹਿਸਨ ਸਲੀਮ), ਸੀਪ (ਨਸੀਮ ਦੁਰ੍ਰਾਨੀ), ਸ਼ਿਅਰ ਓ (ਜਾਨ-ਏ-ਆਲਮ), ਫਾਨੂਸ (ਖ਼ਾਲਿਦ ਅਲੀਮ), ਤਨਾਜ (ਖ਼ਾਲਿਦ ਫਿਆਜ਼), ਇਰਤਕਾ (ਮੁਹੰਮਦ ਅਲੀ ਸਿੱਦੀਕੀ), ਹਰਫ਼ (ਨਵੀਦ ਹੈਦਰ), ਸੰਗਤ (ਸ਼ਾਹ ਮੁਹੰਮਦ ਮਰ੍ਰੀ)।

ਮੁੱਖ ਪ੍ਰਕਾਸ਼ਨ ਹਨ : ਸੰਗ-ਏ-ਮੀਲ, ਨਿਗਾਰਸਾਤ, ਤਾਖਲੀਕਤ, ਬੁੱਕ ਹੂਮ, ਫਿਕਸ਼ਨ ਹਾਊਸ, ਦਸਤਾਵੇਜ਼, ਸਾਂਝ, ਦੋਸਤ ਪਬਲੀਕੇਸ਼ਨ, ਰੁਮੈਲ, ਵੈਲਕਮ, ਆਜ, ਸਹਿਰ ਜ਼ਾਦ, ਸਿਕੀ ਬੁੱਕ ਪੁਆਇੰਟ, ਪੂਰਬ ਅਕਾਦਮੀ, ਮਿਸਾਲ ਪਬਲੀਕੇਸ਼ਨ, ਬੇਕਨ ਬੁੱਕਸ, ਕਾਗਜ਼ੀ ਪੈਰਸਨ, ਅਲ-ਹਮਦ, ਮਾਵਰਾ, ਜੇਹਾਂਗੀਰ ਬੁੱਕ ਡਿੱਪੂ, ਸੰਗਤ ਪਬਲੀਕੇਸ਼ਨ, ਦਾਨਿਆਲ। ਇਨ੍ਹਾਂ ਤੋਂ ਇਲਾਵਾ ਕੁਝ ਸਰਕਾਰੀ ਪ੍ਰਕਾਸ਼ਕ ਹਨ : ਮਕਤਬਾ ਉਰਦੂ ਲਾਹੌਰ, ਉਰਦੂ ਅਕੈਡਮੀ, ਮੁਕਤਦਰਾ ਕੌਮੀ ਜ਼ੁਬਾਨ, ਅਕਾਦਮੀ ਅਦਬੀਆਤ-ਏ-ਪਾਕਿਸਤਾਨ, ਉਰਦੂ ਸਾਇੰਸ ਬੋਰਡ, ਮਜਲਿਸ ਤਰੱਕੀ-ਏ-ਅਦਬ, ਅੰਜੁਮਨ ਤਰੱਕੀ ਉਰਦੂ, ਇਦਰਾ ਗਾਲਿਬ।

* * *

ਸਾਰੀ ਦੁਨੀਆਂ 'ਚ 15 ਕਰੋੜ ਦੇ ਲਗਭਗ ਪੰਜਾਬੀ ਬੋਲਣ ਵਾਲੇ ਰਹਿੰਦੇ ਹਨ। ਇਹ ਦੁਨੀਆਂ ਦੀ 11ਵੀਂ ਸਭ ਤੋਂ ਜ਼ਿਆਦਾ ਬੋਲਣ ਵਾਲੀ ਜ਼ਬਾਨ ਹੈ। ਪਾਕਿਸਤਾਨ 'ਚ 44% ਲੋਕਾਂ ਦੀ ਇਹ ਜ਼ਬਾਨ ਹੈ। ਲਾਹੌਰ, ਸਿਆਲਕੋਟ, ਗੁਜਰਾਂਵਾਲਾ, ਸ਼ੇਖੂਪੁਰਾ ਤੇ ਕਈ ਹੋਰ ਜ਼ਿਲ੍ਹਿਆਂ 'ਚ ਇਸ ਜ਼ਬਾਨ ਦਾ ਬੋਲ ਬਾਲਾ ਹੈ।

ਪੰਜਾਬੀ ਦੇ ਕਹਾਣੀਕਾਰ ਤੇ ਆਲੋਚਕ ਜਮੀਲ ਅਹਮਦ ਪਾਲ ਪੰਜਾਬੀ ਕਹਾਣੀ ਬਾਰੇ ਲਿਖਦੇ ਹਨ :

ਅਜੀਬ ਗੱਲ ਇਹ ਏ ਕਿ 1947 ਤੀਕਰ ਇਕੱਠੇ ਪੰਜਾਬ ਵਿਚ ਜ਼ਿਆਦਾਤਰ ਮਿਆਰੀ ਲਿਖਣ ਵਾਲੇ ਇਸ ਇਲਾਕੇ ਨਾਲ ਤੁਅੱਲਕ ਰੱਖਦੇ ਸਨ ਜਿਹੜਾ ਅੱਜ ਕੱਲ੍ਹ ਪੱਛਮੀ ਪੰਜਾਬ ਵਿਚ ਸ਼ਾਮਿਲ ਏ। ਮਸਲਨ ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਬਲਵੰਤ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਕੁਲਵੰਤ ਸਿੰਘ ਵਿਰਕ ਵਗ਼ੈਰਾ। ਇਹ ਸਾਰੇ ਲੋਕ ਵੰਡ ਤੋਂ ਬਾਅਦ ਪੂਰਬੀ ਪੰਜਾਬ ਚਲੇ ਗਏ ਤੇ ਇੱਥੇ ਮੈਦਾਨ ਸੱਖਣਾ ਰਹਿ ਗਿਆ। ਪਾਕਿਸਤਾਨ ਬਣਨ ਤੋਂ ਬਾਅਦ ਦਾ ਕੁਝ ਅਰਸਾ ਉਥਲ-ਪੁਥਲ ਦਾ ਜ਼ਮਾਨਾ ਰਿਹਾ। 1948 ਈ ਵਿਚ ਰੋਜ਼ਵਾਰ 'ਆਗ਼ਾਜ਼' ਨੇ ਪੰਜਾਬੀ ਸਪਲੀਮੈਂਟ ਸ਼ੁਰੂ ਕੀਤਾ ਜਿਹਦੇ ਵਿਚ ਸੱਜਾਦ ਹੈਦਰ ਦੀ ਇਕ ਅੱਧੀ ਕਹਾਣੀ ਛਾਪੇ ਚੜ੍ਹੀ। 1951 ਵਿਚ ਡਾਕਟਰ ਫ਼ਕੀਰ ਮੁਹੰਮਦ ਫ਼ਕੀਰ ਨੇ 'ਪੰਜਾਬੀ' ਦੇ ਨਾਂ ਤੋਂ ਪੰਜਾਬੀ ਜ਼ਬਾਨ ਵਿਚ ਇਕ ਮਹੀਨਾ ਵਾਰ ਸ਼ੁਰੂ ਕੀਤਾ। ਫ਼ਕੀਰ ਮੁਹੰਮਦ ਫ਼ਕੀਰ ਮਰਹੂਮ ਪੰਜਾਬੀ ਜ਼ਬਾਨ ਦੇ ਅਸਲੀ ਕਾਰਕੁੰਨ ਸਨ ਤੇ ਉਹਨਾਂ ਨੇ ਬਹੁਤ ਸਾਰੇ ਉਰਦੂ ਲਿਖਾਰੀਆਂ ਨੂੰ ਪੰਜਾਬੀ ਵਿਚ ਲਿਖਣ ਵੱਲ ਪ੍ਰੇਰਿਆ ਤੇ ਇੰਜ ਮੌਲਾਨਾ ਜ਼ੁਲਫ਼ ਅਲੀ ਖ਼ਾਨ, ਅਬਦ ਅਲ ਮਜੀਦ ਸਾਲਕ, ਸੂਫ਼ੀ ਤਬਸੁਮ, ਮਜੀਦ



ਲਾਹੌਰੀ, ਹਮੀਦ ਨਜ਼ਾਮੀ ਤੇ ਇਹਨਾਂ ਵਰਗੇ ਕਈ ਹੋਰ ਲਿਖਣ ਵਾਲਿਆਂ ਨੇ ਪੰਜਾਬੀ ਵਿਚ ਲਿਖਿਆ ਜਿਹਨਾਂ ਦੀ ਪਛਾਣ ਈ ਉਰਦੂ ਦੇ ਲਿਖਾਰੀ ਦੇ ਤੌਰ 'ਤੇ ਹੁੰਦੀ ਸੀ। ਇਹਨਾਂ ਵਿਚ ਕੁਝ ਲਿਖਣ ਵਾਲੇ ਬਾਅਦ ਦੇ ਮੁਸਤਕਿਲ ਤੌਰ 'ਤੇ ਪੰਜਾਬੀ ਲਿਖਦੇ ਰਹੇ। 1960 ਦੇ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਪੰਜਾਬੀ ਅਫ਼ਸਾਨੇ ਵਿਚ ਹੋਰ ਵੀ ਕਈ ਨਾਂ ਸ਼ਾਮਿਲ ਹੋ ਚੁੱਕੇ ਸਨ ਜਿਹਨਾਂ ਵਿਚ ਮੁਰਤਫ਼ਾ ਜੀਲਾਨੀ, ਨਜ਼ਮ ਅਲਦੀਨ ਤੌਕਲੀ, ਤਾਸਰ ਅਮਰਤਸਰੀ, ਆਗ਼ਾ ਅਸ਼ਰਫ਼ ਤੇ ਅਨਵਰ ਸੌਜਾਦ ਵਗ਼ੈਰਾ ਦੇ ਨਾਂ ਜ਼ਿਕਰਯੋਗ ਨੇ। ਰਸਾਲਾ 'ਪੰਜਾਬੀ' ਵਿਚ ਜਿਹਨਾਂ ਅਫ਼ਸਾਨਾਨਿਗਾਰਾਂ ਦੀਆਂ ਕਹਾਣੀਆਂ ਛਪੀਆਂ ਉਹਨਾਂ ਵਿਚ ਜੋਸ਼ੂਆ ਫ਼ਜ਼ਲਦੀਨ, ਅਕਬਰ ਲਾਹੌਰੀ (ਚੌਧਰੀ ਮੁਹੰਮਦ ਅਕਬਰ ਖ਼ਾਂ), ਸੱਜਾਦ ਹੈਦਰ, ਸਾਦਿਕ ਕੁਰੈਸ਼ੀ, ਵੱਕਾਰ ਅੰਬਾਲਵੀ, ਨਜ਼ੀਰ ਫ਼ਾਤਮਾ, ਰਫ਼ੀਕ ਲੋਧੀ, ਸ਼ਫ਼ੀਹ ਇਕਬਾਲ, ਨੂਰ ਕਾਸ਼ਮੀਰੀ, ਵਗ਼ੈਰਾ ਦੇ ਨਾਂ ਜ਼ਿਕਰਯੋਗ ਨੇ। ਬਾਅਦ ਵਿਚ ਜਦੋਂ ਡਾਕਟਰ ਫ਼ਕੀਰ ਨੇ ਰਸਾਲਾ 'ਪੰਜਾਬੀ' ਨੂੰ ਲਿਖਤਾਂ ਦੀ ਇਕ ਚੋਣ 'ਲਹਿਰਾਂ' ਦੇ ਨਾਂ ਨਾਲ ਪ੍ਰਕਾਸ਼ਿਤ ਕੀਤੀਆਂ। ਇਹਦੇ ਵਿਚ ਇਹਨਾਂ ਨੇ ਬਹੁਤ ਸਾਰੇ ਲਿਖਾਰੀਆਂ ਦੇ ਅਫ਼ਸਾਨੇ ਸ਼ਾਮਿਲ ਸਨ।.........1960-1970 ਤੱਕ ਦੇ ਦਹਾਕੇ ਵਿਚ ਪੰਜਾਬੀ ਕਹਾਣੀ ਵਿਚ ਸ਼ਕਲ ਤੇ ਮੁਵਾਦ ਦੇ ਹਵਾਲੇ ਨਾਲ ਕਈ ਤਜਰਬੇ ਹੋਏ। ਇਸ ਦਹਾਕੇ ਦੇ ਸ਼ੁਰੂ ਵਿਚ ਈ ਅਫ਼ਜ਼ਲ ਅਹਿਸਨ ਰੰਧਾਵਾ ਦਾ ਨਾਂ ਇਕ ਅਹਿਮ ਨਾਂ ਦੇ ਤੌਰ 'ਤੇ ਸਾਹਮਣੇ ਆਇਆ। ਉਹਨਾਂ ਦਾ ਸੰਗ੍ਰਹਿ ਤਾਂ ਬਾਅਦ ਵਿਚ ਛਪਿਆ ਪਰ ਇਕ ਵਧੀਆ ਕਹਾਣੀਕਾਰ ਦੇ ਤੌਰ 'ਤੇ ਉਹਨਾਂ ਨੇ ਆਪਣਾ ਆਪ ਬਹੁਤ ਪਹਿਲਾਂ ਮੰਨਵਾ ਲਿਆ। ਇਸ ਅਰਸੇ ਵਿਚ ਕਹਾਣੀਆਂ ਦੇ ਕਈ ਸੰਗ੍ਰਹਿ ਸਾਹਮਣੇ ਆਏ। ਸਭ ਤੋਂ ਪਹਿਲਾਂ ਨਵਾਜ਼ ਦਾ 'ਡੂ ਨੰਗੀਆਂ ਸ਼ਾਮਾਂ' (1960) ਛਪਿਆ। ਜੁਲਾਈ-ਅਗਸਤ 1960 ਵਿਚ ਮਹੀਨਾਵਾਰ 'ਪੰਜਾਬੀ ਅਦਬ' ਨੇ ਆਪਣਾ ਕਹਾਣੀ ਨੰਬਰ ਪ੍ਰਕਾਸ਼ਿਤ ਕੀਤਾ ਜਿਹਦੇ ਵਿਚ ਮਸ਼ਰਕੀ ਤੇ ਮਗ਼ਰਬੀ ਪੰਜਾਬ ਦੇ ਨਾਮੂਰ ਲਿਖਣ ਵਾਲਿਆਂ ਦੀਆਂ ਅਠਾਰ੍ਹਾਂ ਕਹਾਣੀਆਂ ਸ਼ਾਮਿਲ ਸਨ। ਇਹਨਾਂ ਵਿਚੋਂ ਪਾਕਿਸਤਾਨ ਤੋਂ ਨਵਾਜ਼, ਸ਼ਰੀਫ਼ ਕੁੰਜਾਹੀ, ਅਕਮਲ ਅਲੀਮੀ, ਰਸੀਦਾ ਸਲੀਮ ਸਿੰਮੀ, ਜ਼ਮੀਰ ਮਲਿਕ, ਨਜੀਬ ਅਸਲਮ, ਸ਼ਗੁਫ਼ਤਾ ਪ੍ਰਵੀਨ, ਸਲੀਮ ਰਫ਼ੀਕੀ, ਆਸਿਫ਼ ਰਾਣਾ ਤੇ ਆਸਿਫ਼ ਖ਼ਾਂ ਦੀਆਂ ਕਹਾਣੀਆਂ ਜਦੋਂ ਕਿ ਸ਼ਫ਼ਕਤ ਤਨਵੀਰ ਮਿਰਜ਼ਾ ਤੇ ਰਾਜਾ ਰਸਾਲੂ ਦੇ ਤਰਜਮੇ ਸ਼ਾਮਿਲ ਸਨ। 1962 ਵਿਚ 'ਅਜੋਕੀ ਕਹਾਣੀ' ਦੇ ਨਾਂ ਨਾਲ ਪੰਜਾਬੀ ਕਹਾਣੀ ਦੀ ਇਕ ਖ਼ੂਬਸੂਰਤ ਚੋਣ ਸਾਹਮਣੇ ਆਈ। ਇਸ ਚੋਣ ਵਿਚ 30 ਦੇ ਨੇੜੇ-ਤੇੜੇ ਕਹਾਣੀਆਂ ਸਨ। ਜਿਹਨਾਂ ਦੇ ਮਰਤਬੀਨ ਵਿਚ ਮੁਹੰਮਦ ਆਸਿਫ਼ ਖ਼ਾਨ, ਖਾਲਿਦ ਲਾਹੌਰੀ ਤੇ ਸ਼ਹਿਬਾਜ਼ ਮਲਿਕ ਦੇ ਨਾਂ ਸ਼ਾਮਿਲ ਸਨ। ਇਸੇ ਸਾਲ ਈ 'ਦਿਲ ਦੀਆਂ ਬਾਰੀਆਂ' ਦੇ ਨਾਂ ਨਾਲ ਅਬਦੁਲ ਮਜੀਦ ਭੱਟੀ ਨੇ ਵੀ ਇਕ ਬਿਹਤਰੀਨ ਚੋਣ ਪ੍ਰਕਾਸ਼ਿਤ ਕੀਤੀ। 1965 ਵਿਚ ਆਗ਼ਾ ਅਸਰਫ਼ ਦਾ ਸੰਗ੍ਰਹਿ 'ਵਾਵਰੋਲੇ', 1967 ਵਿਚ ਅਖ਼ਤਰ ਸਲੀਮੀ ਦਾ 'ਲੰਮੀਆਂ ਉਡਾਰੀਆਂ', ਰਿਫ਼ਅਤ ਦਾ 'ਇਕ ਓਪਰੀ ਕੁੜੀ', 1968 ਵਿਚ ਨਸੀਮ ਅਸ਼ਰਫ਼ ਅਲੀ ਦਾ 'ਸੁੱਕੇ ਪੱਤਰ', 1969 ਵਿਚ ਹਨੀਫ਼ ਚੌਧਰੀ ਦਾ 'ਕੱਚ ਦੀ ਗੁੱਡੀ' ਤੇ ਅਹਿਸਨ ਵਾਘਾ ਦਾ 'ਥਲ ਕਰਨ ਦਰਿਆ' ਛਪੇ।.....ਇਹ ਦੌਰ ਪੰਜਾਬੀ ਕਹਾਣੀ ਵਾਸਤੇ ਇਕ ਜਰਖੇਜ਼ ਦੌਰ ਰਿਹਾ ਜਿਹਦੇ ਵਿਚ ਨਾ ਸਿਰਫ਼ ਪੰਜਾਬੀ ਦੀਆਂ ਕਈ ਅਦਬੀ ਤਨਜ਼ੀਮੀਆਂ ਦੀ ਨੀਂਹ ਰੱਖੀ ਗਈ ਸਗੋਂ ਪੰਜਾਬੀ ਰਸਾਲਿਆਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਜਿਹਦੇ ਸਿੱਟੇ ਵਿਚ

ਕੁਦਰਤੀ ਤੌਰ 'ਤੇ ਕਹਾਣੀ ਦੀ ਮੰਗ ਵਧੀ। ਰੋਜ਼ਾਨਾ 'ਇਮਰੋਜ਼' 1950 ਦੀ ਦਹਾਈ ਦੇ ਸ਼ੁਰੂ ਤੋਂ ਈ ਹਫ਼ਤਾਵਾਰ ਪੰਜਾਬੀ ਅਦਬੀ ਸਫ਼ਾ ਸ਼ੁਰੂ ਕਰ ਚੁੱਕਿਆ ਸੀ ਜਿਹਦੇ ਰਾਹੀਂ ਬਹੁਤ ਸਾਰੀਆਂ ਉੱਚ-ਪੱਧਰੀ ਕਹਾਣੀਆਂ ਸਾਹਮਣੇ ਆਈਆਂ। ਲਿਖਣ ਵਾਲਿਆਂ ਦੀ ਇਸ ਲੜੀ ਵਿਚ ਅਫ਼ਜ਼ਲ ਅਹਿਸਨ ਰੰਧਾਵਾ, ਮੁਹੰਮਦ ਆਸਿਫ਼ ਖ਼ਾਂ, ਸੱਯਦ ਅਕਮਲ ਅਲੀਮੀ, ਅਨੀਸ ਨਾਗੀ, ਅਹਿਮਦ ਸਲੀਮ, ਅਨਵਰ ਸੱਜਾਦ, ਅਨਵਰ ਅਲੀ, ਅਸ਼ਫ਼ਾਕ ਅਹਿਮਦ, ਬਾਨੋ ਕੁਦਸੀਆ, ਰਸੀਦਾ ਸਲੀਮ ਸਿੰਮੀ, ਮਨਸੂਰ ਕੈਸਰ, ਕਹਿਕਸ਼ਾਂ ਮਲਿਕ, ਸਲੀਮ ਖ਼ਾਂ ਗਿੰਮੀ, ਸੱਤਾਰ ਤਾਹਿਰ, ਸਤਿਨਾਮ ਮਹਿਮੂਦ, ਚੌਧਰੀ ਮੁਹੰਮਦ, ਰਫ਼ੀਕ ਰਿਆਜ਼ ਬਟਾਲਵੀ, ਯੂਨਸ ਅਦੀਬ, ਅਜ਼ੀਜ਼ ਅਲ ਰਹਿਮਾਨ, ਵੱਕਾਰ ਬਿਨ ਅਲਾਹੀ, ਇਕਬਾਲ ਤਾਸਿਰ, ਸ਼ਮੀਮ ਚੌਧਰੀ, ਰਜ਼ੀਆ ਨਾਹੀਦ ਰਜ਼ੀ, ਜ਼ਾਹਿਦਾ ਬੱਟ, ਸਲਮਾ ਜ਼ਬੀਂ, ਹਨੀਫ਼ ਬਾਵਾ, ਰਾਜਾ ਰਸਾਲੂ, ਸ਼ਮੀਉੱਲਾ ਕੁਰੈਸ਼ੀ, ਮੁਹੰਮਦ ਅਜ਼ੀਮ ਭੱਟੀ, ਹੁਸੈਨ ਸਾਹਿਦ, ਹੁਸੈਨ ਸ਼ਾਦ, ਮੁਹੰਮਦ ਅਦਰੀਸ ਭੱਟੀ, ਅਹਿਮਦ ਅੰਮ੍ਰਿਤਸਰੀ, ਯੂਨਸ ਸਾਬਰ ਸਰਹੱਦੀ, ਅਫ਼ਜ਼ਲ ਪ੍ਰਵੇਜ਼, ਲਤੀਫ਼ ਮਿਨਹਾਸ, ਖ਼ਾਲਿਦ ਸ਼ਫ਼ੀਕੀ, ਤਨਵੀਰ ਮਿਰਜ਼ਾ, ਆਦਲ ਪਾਕ ਪੱਤਣੀ, ਬਾਗ਼ ਹੁਸੈਨ ਕਮਾਲ, ਮਾਜ਼ਿਦ ਸਦੀਕੀ, ਫ਼ੌਜ਼ੀਆ ਨਕਵੀ, ਵਹੀਦ ਅਜ਼ਹਰ, ਸਮਸ ਨਿਮਾਣ, ਸ਼ੌਕਤ ਅਲੀ, ਚੌਧਰੀ ਸਲੀਮ ਚੌਧਰੀ, ਨੁਸਰ ਅੱਲਾ ਖ਼ਾਨ, ਮੁਸ਼ਤਾਕ ਬਾਸਤ, ਯਾਕੂਬ ਨਾਸਕ, ਸੱਯਦ ਤਨਵੀਰ ਮਸ਼ਹਦੀ, ਕਮਰ ਯੂਰਸ, ਅਬਦੁਲ ਯੂਨਸ ਮਲਿਕ, ਸਿਰਾਜ ਨਿਜ਼ਾਮੀ, ਮਹਿਫ਼ੂਜ਼ ਅਲ ਹਸਨ, ਸ਼ਾਹਦ ਨਕਵੀ, ਆਗ਼ਾ ਅਸ਼ਰਫ਼, ਐੱਮ ਐੱਸ ਨਾਜ਼, ਅਬਦੁਲ ਹਮੀਦ ਅਮਰ, ਅਸਗਰ ਮਲਿਕ, ਖ਼ੈਰਉਲਦੀਨ ਅਨਸਾਰੀ, ਸ਼ਹਿਬਾਜ਼ ਮਲਿਕ, ਹਾਜਰਾ ਮਸ਼ਕੂਰ ਨਾਸਰ, ਨਾਦਰ ਜਾਜਵੀ, ਸ਼ਫ਼ਕਤ ਸੁਲਤਾਨਾ, ਤਨਵੀਰ ਬੁਖ਼ਾਰੀ ਤੇ ਡਾਕਟਰ ਪ੍ਰਵੇਜ਼ ਆਲਮ ਤੋਂ ਵੱਖ ਬਹੁਤ ਸਾਰੇ ਕਹਾਣੀਕਾਰਾਂ ਦੇ ਨਾਂ ਸ਼ਾਮਿਲ ਨੇ। ਉੱਤੇ ਦਿੱਤੀ ਸੂਚੀ ਵਿਚੋਂ ਬਹੁਤ ਸਾਰੇ ਨਾਂ ਰੋਜ਼ਵਾਰ 'ਇਮਰੋਜ਼' ਦੇ ਪੰਜਾਬੀ ਅਦਬੀ ਸਫ਼ੇ ਤੇ ਮਹੀਨਾਵਾਰ ਪੰਜਾਬੀ ਅਦਬ ਦੀ ਦੇਣ ਨੇ। ਜਦ ਕਿ ਬਹੁਤ ਸਾਰੇ ਨਾਂ ਮਹੀਨਾਵਾਰ 'ਪੰਜ ਦਰਿਆ' ਤੇ ਥੋੜ੍ਹੇ ਜਿਹੇ 'ਲਹਿਰਾਂ' ਦੇ ਜ਼ਰੀਏ ਸਾਹਮਣੇ ਆਏ।

ਮਕਸੂਦ ਸਾਕਿਬ, ਪਰਵੀਨ ਮਲਿਕ, ਇਕਬਾਲ ਕੈਸਰ, ਨਾਦਿਰ ਅਲੀ, ਖ਼ਾਲਿਦ ਫ਼ਰਹਾਦ ਧਾਰੀਵਾਲ, ਮਲਿਕ ਮਿਹਰ ਅਲੀ, ਇਲਿਆਸ ਘੁੰਮਣ, ਕਰਾਮਤ ਅਲੀ ਮੁਗਲ, ਆਸ਼ਕ ਰਹੀਲ, ਆਦਿ ਕਹਾਣੀਕਾਰ ਨੇ ਪੰਜਾਬੀ ਕਹਾਣੀ ਦੀ ਦਿਖ, ਸ਼ੈਲੀ ਨੂੰ ਨਿਖਾਰਿਆ।

ਪੰਚਮ (ਮਕਸੂਦ ਸਾਕਿਬ), ਸਗਰੀ (ਜ਼ਹੀਰ ਬਟੂ), ਪੰਜਾਬੀ ਅਦਬ (ਪ੍ਰਵੀਨ ਮਲਿਕ), ਸਵੇਰ (ਜਮੀਲ ਅਹਮਦ ਪਾਲ), ਲਹਿਰਾਂ (ਅਖ਼ਤਰ ਹੁਸੈਨ), ਲੈਖ਼ (ਸਾਈਦ ਭੁੱਟਾ), ਰਵੇਲ (ਕਰਾਮਤ ਅਲੀ ਮੁਗਲ), ਪੀਹਲੂ (ਡਾ. ਅਨਵਰ), ਪਖੇਰੂ (ਅਸ਼ਰਫ਼ ਸੁਹੇਲ), ਤ੍ਰਿਝਣ (ਸੁਗਰਾ ਸਦਾਫ) ਆਦਿ ਮੈਗਜ਼ੀਨ ਛਪ ਰਹੇ ਹਨ।

ਸਾਂਝ (ਅਮਜ਼ਦ ਸਲੀਮ), ਸੁਚੇਤ (ਮਕਸੂਦ ਸਾਕਿਬ), ਸੰਗਤ (ਅਸਿਮ ਨਦੀਮ), ਪੰਜਾਬੀ ਮਰਕਜ਼ (ਜਮੀਲ ਅਹਮਦ ਪਾਲ), ਪਾਕਿਸਤਾਨ ਪੰਜਾਬੀ ਅਦਬੀ ਬੋਰਡ (ਪ੍ਰਵੀਨ ਮਲਿਕ), ਮਕਸੂਦ ਪਬਲਿਸ਼ਰਜ਼ (ਮਕਸੂਦ ਅਹਿਮਦ), ਸੰਗਰੀ ਪਬਲੀਸ਼ਰਜ਼ (ਫਿਆਜ਼ ਮਘਿਆਨਾ) ਆਦਿ ਵੱਡੇ ਪ੍ਰਕਾਸ਼ਨ ਅਦਾਰੇ ਹਨ।

* * *



"ਸਿੰਧੀ ਜ਼ਬਾਨ ਬਲੋਚਿਸਤਾਨ ਦੇ ਜ਼ਿਲ੍ਹਿਆਂ ਲਸਬੇਲਾ, ਜਫ਼ਰਾਬਾਦ, ਸਿੰਧ ਦੇ ਨਸੀਰਾਬਾਦ, ਰਹੀਮ ਯਾਰ ਖ਼ਾਨ, ਡੇਰਾ ਗਾਜ਼ੀ ਖ਼ਾਨ 'ਚ ਬੋਲੀ ਜਾਂਦੀ ਹੈ। ਪਾਕਿਸਤਾਨ ਦੇ 12% ਲੋਕਾਂ ਦੀ ਇਹ ਮਾਂ-ਬੋਲੀ ਹੈ। ਸਿੰਧੀ ਗਲਪ ਬਾਰੇ ਗੁਲਸ਼ਨ ਲੁਗ਼ਾਰੀ ਲਿਖਦਾ ਹੈ :

ਸਿੰਧੀ ਫ਼ਿਕਸ਼ਨ ਨਿਗਾਰੀ ਆਜ਼ਾਦੀ ਤੋਂ ਪਹਿਲਾਂ ਕੁਝ ਅਨੁਵਾਦ ਤੇ ਕੁਝ ਰੁਮਾਂਟਿਕ ਕਿਸਮ ਦੇ ਨਾਵਲ ਅਤੇ ਡਰਾਮੇ ਦੇ ਰੂਪ ਵਿਚ ਸ਼ੁਰੂ ਹੋਈ ਜੋ ਮਿਰਜ਼ਾ ਕਲੀਚ ਬੇਗ ਆਦਿ ਨੇ ਸ਼ੁਰੂ ਕੀਤੀ। ਸਿੰਧੀ ਵਿਚ ਨਿੱਕੀ ਕਹਾਣੀ ਤੇ ਨਾਵਲ ਦੀ ਤਾਰੀਖ਼ ਬਹੁਤ ਹੱਦ ਤੱਕ ਸੰਖਿਪਤ ਹੈ ਪਰ ਉਹ ਆਪਣੇ ਨਿਸ਼ਾਨੇ ਉੱਤੇ ਪੰਜਾਹ-ਸੱਠ ਤੇ ਸੱਤਰਵਿਆਂ ਵਿਚ ਰਹੀ। ਜਿਸ ਵਿਚ ਜਮਾਲ ਅਬੜੂ, ਨਸੀਮ ਖਰਲ, ਅਮਰ ਜਲੀਲ, ਤਾਰਕ ਅਸ਼ਰਫ਼, ਹਮੀਦ ਸਿੰਧੀ, ਮਹਿਤਾਬ ਮਹਿਬੂਬ, ਸ਼ਮੀਰਾ ਜ਼ਰੀਨ, ਖ਼ੇਤਰ ਇੰਸਾ ਜਾਫ਼ਰੀ, ਮਾਨਕ, ਹਫ਼ੀਜ਼ ਸ਼ੇਖ਼, ਗ਼ੁਲਾਮ ਰਬਾਨੀ ਆਗਰੂ, ਆਸਾ ਨੰਦ ਮਤਵਾਰ, ਸ਼ੇਖ਼ ਅਯਾਜ਼, ਗ਼ੁਲਾਮ ਬਨੀ ਮੁਗ਼ਲ, ਨਜਮ ਅੱਬਾਸੀ ਜਨੂੰ ਨੇ ਨਿੱਕੀ ਸਿੰਧੀ ਕਹਾਣੀ ਦੀ ਬੁਨਿਆਦ ਰੱਖੀ। ਇਹਨਾਂ ਹੀ ਲੇਖਕਾਂ ਦੀਆਂ ਕੁਝ ਦੀਆਂ ਕਹਾਣੀਆਂ ਉਰਦੂ, ਅੰਗ੍ਰੇਜ਼ੀ, ਜਰਮਨੀ ਅਤੇ ਰੂਸੀ ਜ਼ੁਬਾਨਾਂ ਵਿਚ ਅਨੁਵਾਦ ਕਰਕੇ ਉੱਚ-ਪਾਏ ਦੇ ਸਾਹਿਤ ਦਾ ਹਿੱਸਾ ਬਣੀਆਂ।"

ਸਿੰਧੀ ਜ਼ਬਾਨ ਦੀਆਂ ਕੁਝ ਅਤਿ ਚਰਚਿਤ ਕਹਾਣੀਆਂ ਹਨ :

ਤਾਰੀਖ਼ ਦਾ ਕਫ਼ਨ (ਅਮਰ ਜਲੈਲ), ਮੈਂ ਮਰਦ (ਜਮਾਲ ਅਬੜੂ), ਕਾਫ਼ਰ (ਨਸੀਮ ਖਰਲ), ਮਾਡਲ ਗਰਲ ਮੁਹੱਬਤ ਅਤੇ ਚਿੱਤਰਕਾਰ (ਗ਼ੁਲਾਮ ਨਬੀ ਸੁਮਰੂ), ਸੁਰਖ਼ ਗੁਲਾਬ (ਰਸੂਲ ਬਖ਼ਸ਼ ਪਲੀਚੂ, ਬੁਣ (ਰਸ਼ੀਦ ਭੱਟੀ), ਆਬੇ ਹਯਾਤ (ਗ਼ੁਲਾਮ ਰਬਾਨੀ ਆਗਰੂ), ਕਾਮਰੇਡ-ਸਤਾਰ੍ਹਵਾਂ ਗ੍ਰੇਡ ਅਤੇ ਰੂਸ ਹਜ਼ਾਰ ਚੁੰਮਿਆਂ (ਗ਼ੁਲਾਮ ਨਬੀ ਮੁਗ਼ਲ), ਕਾਲਾ ਮੂੰਹ (ਤਾਰਕ ਅਸ਼ਰਾਫ਼), ਅੰਮਾ ਮੈਂ ਸਕੂਲ ਨਹੀਂ ਜਾਵਾਂਗਾ (ਹਫ਼ੀਜ਼ ਸ਼ੇਖ਼)।

ਸਿੰਧੀ ਭਾਸ਼ਾ 'ਚ ਸੰਗਤ, ਸੋਜਰੋ, ਮਹਿਰਾਨ, ਇਬਰਤ ਆਦਿ ਮੈਗਜ਼ੀਨ ਨਿਕਲਦੇ ਹਨ ਤੇ ਸਿੰਧੀ ਅਦਬੀ ਸੰਗਤ, ਸਿੰਧੀ ਅਦਬੀ ਬੋਰਡ, ਸਿੰਧੀ ਲੈਂਗੁਏਜ਼ ਅਥਾਰਟੀ, ਰੋਸ਼ਨੀ ਪਬਲੀਕੇਸ਼ਨਜ਼, ਸਚਾਈ ਇਸ਼ੀਅਤ ਪਬਲੀਸ਼ਿੰਗ ਹਾਊਸ ਪ੍ਰਕਾਸ਼ਕ ਹਨ।

ਮਹਿਤਾਬ ਮਹਿਬੂਬ, ਰਸੂਲ ਮੇਮਨ, ਯੂਸਫ ਸਿੰਧੀ, ਏ ਕਾਦਰੀ, ਯੂਲਫਕਾਰ, ਕਾਂਗਦਰੋ, ਮਾਨਕ, ਮਜ਼ਹਰ ਇਬੜੋ, ਜ਼ਰੀਨਾ ਬਲੋਚ, ਨੂਰ ਉਲਹੁਦਾ ਸ਼ਾਹ, ਵਲੀਰਾਮ ਵਲਭ, ਕਾਜ਼ੀ ਖਾਦਿਮ, ਗੁਲਾਮ ਨਬੀ ਮੁਗਲ, ਰਸੂਲ ਬਖ਼ਸ਼ ਪਲੀਜੋ ਨੇ ਸਿੰਧੀ ਕਹਾਣੀ ਨੂੰ ਨਿਖਾਰਿਆ ਹੈ।

* * *

ਬਲੋਚ ਭਾਸ਼ਾ ਦਾ ਸਾਹਿਤ ਕਿਸੇ ਸਮੇਂ ਤਕ ਕਿੱਸੇ ਕਹਾਣੀਆਂ ਤੱਕ ਹੀ ਸੀਮਤ ਸੀ। ਪਰ ਇਸ ਦੀ ਕਵਿਤਾ ਨੇ ਕਾਫੀ ਤਰੱਕੀ ਕੀਤੀ। ਬਲੋਚ ਕਵਿਤਾ ਦੇ ਅਰੰਭ 'ਚ ਕੇਵਲ ਲੋਕਗੀਤ ਸਨ ਪਰ ਬਲੋਚ ਇਤਿਹਾਸ ਦੀ ਸਭ ਤੋਂ ਵੱਡੀ ਸ਼ਖ਼ਸੀਅਤ ਮੀਰ ਚਾਕਰ ਖ਼ਾਨ ਨੇ 1487 'ਚ ਗੱਦੀ ਤੇ ਬੈਠਦਿਆਂ ਸਾਰ ਬਲੋਚ ਕਵਿਤਾ 'ਚ ਯੁੱਧ-ਵੀਰਤਾ ਦੇ ਗੀਤਾਂ ਦੀ ਸ਼ੁਰੂਆਤ ਕੀਤੀ ਤੇ ਮੀਰ ਗਵਾਹਿਰਸ, ਲਾਗ਼ਰੀ, ਨੌਦ ਬੰਦਗ਼, ਬੇਬਗਰ, ਸ਼ਹ ਮੁਰੀਦ, ਹਾਨੀ, ਸ਼ਾਹਦਾਦ, ਮਸਾਹਨਾਜ਼, ਉਮਰਖ਼ਾਨ ਨੋਹਾਨੀ, ਬਾਲਾਚ ਨੇ ਲੰਬੀਆਂ ਯੁੱਧ ਕਵਿਤਾਵਾਂ

ਲਿਖੀਆਂ। ਇਨ੍ਹਾਂ ਯੁੱਧ ਕਵਿਤਾਵਾਂ ਦੀ ਰਚਨਾ ਦਾ ਪ੍ਰੇਰਨਾ ਸ੍ਰੋਤ ਬਲੋਚ ਜਾਤ ਦੀਆਂ ਉਹੀ ਘਟਨਾਵਾਂ ਸਨ ਜਿਹੜੀਆਂ ਉਸ ਸਮੇਂ ਬੀਤੀਆਂ। 18ਵੀਂ ਸਦੀ 'ਚ ਬਲੋਚ ਭਾਸ਼ਾ 'ਚ ਪ੍ਰੇਮ ਕਵਿਤਾ ਦਾ ਪ੍ਰਚਾਰ ਹੋਇਆ।

ਇਹ ਜ਼ਬਾਨ ਦੱਖਣ-ਪੱਛਮੀ ਪਾਕਿਸਤਾਨ, ਪੂਰਬੀ ਈਰਾਨ, ਦੱਖਣੀ ਅਫ਼ਗਾਨਿਸਤਾਨ 'ਚ ਬੋਲੀ ਜਾਂਦੀ ਹੈ। ਇਹ ਦੁਨੀਆਂ ਦੇ 80 ਲੱਖ ਲੋਕਾਂ ਦੀ ਜ਼ਬਾਨ ਹੈ। ਸਿੰਧ ਤੇ ਪੰਜਾਬ 'ਚ ਵਸੇ ਹੋਏ ਕੁਝ ਲੋਕ ਬਲੋਚੀ ਜ਼ਬਾਨ ਬੋਲਦੇ ਹਨ। ਸਮੁੱਚੇ ਪਾਕਿਸਤਾਨ 'ਚ 3.6% ਲੋਕਾਂ ਦੀ ਇਹ ਪਹਿਲੀ ਜ਼ਬਾਨ ਹੈ।

ਵੀਰਪਾਲ ਕੌਰ ਅਨੁਸਾਰ, "ਬਲੋਚੀ ਸਾਹਿਤ ਵਿਚ ਨਿੱਕੀ ਕਹਾਣੀ ਦੀ ਸ਼ੁਰੂਆਤ 'ਨਗੁਮਨ' ਨਾਂ ਦੇ ਲਿਖਾਰੀ ਨੇ ਸਭ ਤੋਂ ਪਹਿਲਾਂ 'ਨਾਗਡੰਕ' ਨਾਂ ਦੀ ਰਚਨਾ ਲਿਖ ਕੇ ਕੀਤੀ। ਇਹ ਉਸ ਖੇਤਰ ਦਾ ਪਹਿਲਾ ਕਹਾਣੀਕਾਰ ਬਣਿਆ। ਉਸਦੀ ਲਿਖੀ ਕਹਾਣੀ ਨੂੰ ਲੋਕਾਂ ਵੱਲੋਂ ਪੜ੍ਹਿਆ ਗਿਆ ਤੇ ਕਈ ਆਲੋਚਕਾਂ ਨੇ ਉਸਦੀ ਕਹਾਣੀ ਦੀ ਆਲੋਚਨਾ ਵੀ ਕੀਤੀ ਕਿਉਂਕਿ ਉਸਦੀ ਰਚਨਾ ਉਸ ਸਮੇਂ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਘਟਨਾਵਾਂ ਨੂੰ ਚਿਤਰਦੀ ਸੀ, ਪਰ ਫਿਰ ਵੀ ਬਹੁਤਿਆਂ ਨੇ ਉਸਦੀ ਰਚਨਾ ਨੂੰ ਪਸੰਦ ਵੀ ਕੀਤਾ। ਬਾਅਦ ਵਿਚ 'ਨਾਗਡੰਕ' ਨੂੰ ਦੋ ਭਾਗਾਂ ਵਿਚ ਵੰਡਿਆ ਗਿਆ। ਪਹਿਲਾ ਭਾਗ ਨਗੁਮਨ ਵੱਲੋਂ ਲਿਖਿਆ, ਦੂਜਾ ਭਾਗ ਹੋਰ ਬਲੋਚੀ ਕਹਾਣੀਕਾਰਾਂ ਵੱਲੋਂ ਨਕਲ ਕਰਕੇ ਲਿਖਿਆ ਗਿਆ। ਪਰ ਨਗੁਮਨ ਜੋ ਲਿਖਦਾ ਸੀ, ਉਹ ਆਪਣੇ ਅੱਖੀਂ ਵੇਖਿਆ, ਉਹ ਉਥੋਂ ਦੇ ਰਾਜਨੀਤਕ, ਸਮਾਜਿਕ ਸਥਿਤੀਆਂ ਆਦਿ ਵਿਸ਼ਿਆਂ ਬਾਰੇ ਲਿਖਦਾ ਸੀ।"

## ਬਲੋਚੀ ਭਾਸ਼ਾ 'ਚ

ਉਮਾਨ (1951), ਸ਼ਾਹਨਾਮਾ ਬਲੋਚੀ (1954), ਗੁਲਬਾਂਗ (1959), ਉਲਸ ਬਲੋਚੀ, ਜ਼ਮਾਨਾ ਬਲੋਚੀ (1970), ਸੌਗਾਤ, ਬਲੋਚੀ ਦੁਨੀਆ, ਆਸਾਪ, ਲਿਬ੍ਰਾਂਕ, ਮਾਹਨਾਮਾ ਬਲੋਚੀ (1978), ਜਮਾਲਦੀਨੀ, ਸੰਗਤ ਆਦਿ ਮੈਗਜ਼ੀਨ ਨਿਕਲਦੇ ਰਹੇ ਹਨ। ਅੱਜ ਕੱਲ੍ਹ ਸਿਰਫ਼ 'ਜਮਾਲਦੀਨੀ' ਹੀ ਨਿਕਲ ਰਿਹਾ ਹੈ।

ਕੁੱਝ ਚਰਚਿਤ ਕਹਾਣੀ ਸੰਗ੍ਰਹਿ ਹਨ : ਗਰਮੀਂ ਸਾਹਰਾ (ਮੁਰਾਦ ਸਾਹਿਰ), ਅੰਕਬੂਤ (ਮੁਨੀਰ ਅਹਿਮਦ ਬਦੀਨੀ), ਮਰਤਕੀਂ ਮਰਦਏ ਪਚੀਂ ਚੰਮ (ਗ਼ਨੀ ਪ੍ਰਵਾਜ਼), ਹਿਰੇ ਤਿਆਬ (ਨਿਆਮਤ-ਓਲ੍ਹਾ ਗਿਚਕੀ), ਹੋਨ ਹੋ ਸ਼ਾਮ (ਸਬਾ ਦਸ਼ਤਿਆਰੀ), ਕਰਕੀਂਕ (ਗ਼ੌਸ ਬਹਾਰ), ਦਰਿਗੇ ਪੇਚ ਬੈਤ (ਏ. ਆਰ. ਦਾਦ), ਤੀਰ ਅੰਦੇਸਕ (ਹਨੀਫ਼ ਸ਼ਰੀਫ਼), ਟੱਪੀ ਅਈਂ ਗੋਰਿਆਮ (ਯੂਨਸ ਹਸਨਾਬਾਦੀ)

ਚਰਚਿਤ ਕਹਾਣੀਕਾਰ ਹਨ : ਕਾਜ਼ੀ ਦਾਦ ਮੁਹੰਮਦ ਰਿਹਾਣ, ਨਿਗੁਮਾਨ, ਸ਼ਾਹ ਇੱਬਣ-ਏ-ਸ਼ੀਨ, ਗੌਹਰ ਮਲਿਕ, ਮੁਰਾਦ ਸਾਹਿਰ, ਮੁਨੀਰ ਅਹਿਮਦ ਬਦੀਨੀ, ਗ਼ਨੀ ਪ੍ਰਵਾਜ, ਨਿਆਮਤ-ਓਲ੍ਹਾ ਗਿਚਕੀ, ਸਬਾ ਦਸ਼ਤਿਆਰੀ, ਗ਼ੌਸ ਬਹਾਰ, ਏ. ਆਰ. ਦਾਦ, ਹਨੀਫ਼ ਸ਼ਰੀਫ਼, ਯੂਨਸ ਹਸਨਾਬਾਦੀ।

ਪਾਕਿਸਤਾਨ 'ਚ 15% ਲੋਕ ਪਸ਼ਤੋ ਜ਼ੁਬਾਨ ਬੋਲਦੇ ਹਨ। ਇਹ ਖ਼ੈਬਰ ਪਖਤੂਨਖਵਾ ਤੇ



ਕਰਾਚੀ 'ਚ ਬੋਲੀ ਜਾਂਦੀ ਹੈ। ਸਾਰੀ ਦੁਨੀਆਂ 'ਚ 5-6 ਕਰੋੜ ਲੋਕਾਂ ਦੀ ਇਹ ਮਾਂ-ਬੋਲੀ ਹੈ। ਆਪਣੇ ਸਭਿਆਚਾਰ ਤੇ ਸਮਾਜਿਕ ਬੰਦਿਸ਼ਾਂ ਕਰਕੇ ਇਹ ਜ਼ੁਬਾਨ 'ਚ ਬਹੁਤ ਜ਼ਿਆਦਾ ਸਾਹਿਤ ਨਹੀਂ ਰਚਿਆ ਗਿਆ। ਇਸ ਬਾਰੇ ਫਿਕਰਮੰਦ ਹੋਈ ਪਸ਼ਤੋ ਦੀ ਮਸ਼ਹੂਰ ਲੇਖਿਕਾ ਜ਼ੈਤੂਨ ਬਾਨੋ ਕਹਿੰਦੀ ਹੈ।

"ਖ਼ੈਰ ਦਾ ਇਲਾਕਾ ਵੀ ਛੋਟਾ ਏ, ਪਬਲੀਸ਼ਰਜ ਵੀ ਨਾ ਹੋਣ ਦੇ ਬਰਾਬਰ ਨੇ ਤੇ ਸਭ ਤੋਂ ਵੱਡੀ ਗੱਲ ਇਹ ਹੈ ਐ ਕਿ ਪਸ਼ਤੋ 'ਚ ਪੜਚੋਲ ਮਜਲਿਸਾਂ ਵੀ ਨਹੀਂ ਹੁੰਦੀਆਂ, ਜਿੱਥੇ ਕੋਈ ਕਮ-ਸੇ-ਕਮ ਆਪਣੀ ਲਿਖਤ ਦੂਜਿਆਂ ਨੂੰ ਸੁਣਾ ਕੇ ਹੀ ਤਸੱਲੀ ਕਰ ਲਏ।"

ਪਸ਼ੌਰ, ਪਸ਼ਤੋ, ਰਾਣਾ, ਰਗ, ਸਾਮੂਨ, ਪਾਸ਼ੂਨ, ਪਖਤੂਨ, ਗੁੰਚਾ, ਤਮਾਸ ਆਦਿ ਪਸ਼ਤੋ ਭਾਸ਼ਾ 'ਚ ਮੈਗਜ਼ੀਨ ਨਿਕਲਦੇ ਹਨ। ਯੂਨੀਵਰਸਿਟੀ ਬੁੱਕਸ, ਪਸ਼ੌਰ, ਪਸ਼ਤੋ ਅਕੈਡਮੀ, ਬਾਚਾ ਖ਼ਾਨ ਮਰਕਿਜ, ਪਸ਼ਤੋ ਮਰਕਿਜ, ਖੁਸ਼ਲ ਖ਼ਾਨ ਮਰਕਿਜ, ਸੁਏਬ ਸੰਨਜ਼ ਮੁੱਖ ਪ੍ਰਕਾਸ਼ਕ ਹਨ। ਜ਼ੈਤੂਨ ਬਾਨੋ, ਹਸੀਨਾ ਗੁਲ, ਪਰੀ, ਜ਼ੇਬਾ ਬੇਗ਼ਮ, ਇਸਮਾਈਲ ਗੋਹਰ, ਸੈਫ਼ ਹੈਲਮ, ਜਾਨਦਨਾ, ਫੌਜੀਆ ਅੰਜ਼ਮ, ਸੀਨ ਬੇ ਬੇ ਸਾਇਦਾ ਬੁਸਰਾ ਬੇਗ਼ਮ, ਅਫ਼ਰੀਦੀ, ਕਲੰਦਰ ਮੋਮਿਨ, ਅਮੀਏਸ ਖਲੀਲ, ਆਸੀਰ ਮੇਗਲ, ਜ਼ੁਬੇਰ ਹਸਰਤ, ਦਰਵੇਸ਼ ਦੁਰਾਨੀ, ਪ੍ਰੋ. ਸਿਆਲ ਕਾਕਰ, ਦੂਰ ਮੁਹੰਮਦ ਕਾਸੀ, ਫ਼ਾਰੂਕ ਸਰਵਰ ਆਦਿ ਚਰਚਿਤ ਕਹਾਣੀਕਾਰ ਹਨ।

ਇਸ ਸੰਗ੍ਰਹਿ 'ਚ ਪਾਕਿਸਤਾਨ ਦੀਆਂ ਪੰਜ ਵੱਡੀਆਂ ਜ਼ੁਬਾਨਾ ਦੀਆਂ 32 ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਖ਼ਾਲਿਦ ਫ਼ਰਹਾਦ ਧਾਰੀਵਾਲ, ਮਲਿਕ ਮਿਹਰ ਅਲੀ, ਕਮਰ-ਉਜ਼-ਜ਼ਮਾਨ, ਆਸਿਫ ਰਜ਼ਾ ਤੇ ਡਾ. ਹਰਬੰਸ ਸਿੰਘ ਧੀਮਾਨ ਤੋਂ ਮਿਲੇ ਸਹਿਯੋਗ ਨਾਲ ਹੀ ਇਨ੍ਹਾਂ ਕਹਾਣੀਆਂ ਨੂੰ ਕਿਤਾਬੀ ਰੂਪ ਦਿੱਤਾ ਜਾ ਸਕਿਆ ਹੈ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਮਹਿੰਦਰ ਬੇਦੀ, ਜੈਤੋਂ ਹੋਰਾਂ ਦਾ ਵਿਸ਼ੇਸ਼ ਧੰਨਵਾਦ।

ਹੁਣ ਮੈਨੂੰ ਤੁਹਾਡੇ ਹੁੰਘਾਰੇ ਦੀ ਉਡੀਕ ਰਹੇਗੀ।

**—ਜਿੰਦਰ**

# ਸਮੇਂ ਦਾ ਬੰਨ੍ਹਣ

—ਮੁਮਤਾਜ਼ ਮੁਫ਼ਤੀ

*(11-09-1905 – 27-10-1995)*

ਆਪੀ ਕਹਿੰਦੀ ਹੁੰਦੀ ਸੀ, "ਸੁਨਹਿਰੇ, ਸਮੇਂ-ਸਮੇਂ ਦੀ ਗੱਲ ਹੁੰਦੀ ਏ। ਹਰ ਸਮੇਂ ਦਾ ਆਪਣਾ ਰੰਗ ਹੁੰਦਾ ਏ, ਆਪਣਾ ਅਸਰ ਹੁੰਦਾ ਏ। ਆਪਣਾ ਸਮਾਂ ਪਛਾਣ, ਸੁਨਹਿਰੇ। ਆਪਣੇ ਸਮੇਂ 'ਚੋਂ ਬਾਹਰ ਨਾ ਨਿਕਲ। ਜੇ ਨਿਕਲੀ ਤਾਂ ਭਟਕ ਜਾਏਂਗੀ।"

ਹੁਣ ਸਮਝ 'ਚ ਆਈ ਆਪੀ ਦੀ ਗੱਲ। ਉਦੋਂ ਸਮਝ ਲੈਂਦੀ ਤਾਂ ਰਸਤੇ ਤੋਂ ਨਾ ਭਟਕਦੀ। ਆਲ੍ਹਣੇ 'ਚੋਂ ਨਾ ਡਿੱਗਦੀ। ਸਮਝ ਤਾਂ ਗਈ, ਪਰ ਕਿੰਨੀ ਕੀਮਤ ਦੇਣੀ ਪਈ ਸਮਝਣ ਦੀ। ਆਪੀ ਮੈਨੂੰ ਸੁਨਹਿਰੇ ਕਹਿ ਕੇ ਬੁਲਾਂਦੀ ਹੁੰਦੀ ਸੀ। ਕਹਿੰਦੀ ਸੀ, "ਤੇਰੇ ਪਿੰਡੇ ਦੀ ਝਾਲ ਸੁਨਹਿਰੀ ਏ। ਜਦੋਂ ਰਸ ਆਇਆ ਤਾਂ ਸੋਨਾ ਬਣ ਜਾਏਂਗੀ—ਕੁਠਾਲੀ 'ਚ ਪਏ ਬਿਨਾਂ। ਫੇਰ ਇਹ ਝਾਲ ਕੱਪੜਿਆਂ 'ਚੋਂ ਫੁੱਟ-ਫੁੱਟ ਪਏਗੀ।"

ਪਤਾ ਨਹੀਂ ਮੇਰਾ ਨਾਂ ਕੀ ਸੀ। ਪਤਾ ਨਹੀਂ ਮੈਂ ਕਿਸ ਦੀ ਸੀ, ਕਿੱਥੋਂ ਆਈ ਸੀ, ਕੋਈ ਲਿਆਇਆ ਸੀ ਜਾਂ ਬਾਲਪਨ 'ਚ ਈ ਕੋਈ ਆਪੀ ਦੇ ਹੱਥ ਵੇਚ ਗਿਆ ਸੀ। ਇਸੇ ਦੀ ਗੋਦੀ 'ਚ ਪਲੀ। ਇਸੇ ਦੀ ਸੁਰ-ਤਾਲ ਭਰੀ ਬੈਠਕ ਦੇ ਝੂਲੇ ਵਿਚ ਝੂਟ-ਝੂਟ ਕੇ ਜਵਾਨ ਹੋਈ। ਫੇਰ ਸੁਨਹਿਰੇ ਫੁੱਟ-ਫੁੱਟ ਪਈ। ਲਕੋਇਆਂ, ਨਹੀਂ ਸੀ ਲੁਕਦੀ। ਆਪੀ ਬੋਲੀ, "ਨਾ ਧੀਏ, ਲੁਕਾ ਨਾ—ਜੋ ਲੁਕਾਇਆਂ ਨਾ ਲੁਕੇ, ਉਸਦਾ ਕੀ ਲੁਕਾਉਣਾ।"

ਕਦੀ ਖਿੜਕੀ 'ਚੋਂ ਝਾਂਕਦੀ ਤਾਂ ਆਪੀ ਟੋਕਦੀ, "ਇਹ ਕੀ ਕਰ ਰਹੀ ਏਂ ਬੇਟਾ? ਸਿਆਣੇ ਕਹਿੰਦੇ ਐ, 'ਜਿਸਕਾ ਕਾਮ ਉਸੀ ਕੋ ਸਾਜੇ'। ਤੇਰਾ ਕੰਮ ਦੇਖਣਾ ਨਹੀਂ। ਦਿੱਸਣਾ ਏਂ। ਤੂੰ ਨਜ਼ਰ ਨਾ ਬਣ, ਨਜ਼ਾਰਾ ਬਣ। ਜੇ ਦੇਖੇਂ ਵੀ ਤੂੰ, ਤਾਂ ਦਿੱਸਣ ਲਈ ਘੁੰਡ ਕੱਢ। ਉਸ ਦੀ ਓਟ ਵਿਚੋਂ ਦੇਖ। ਫੇਰ ਸਮਾਂ ਦੇਖ ਸੁਨਹਿਰੇ। ਅਜੇ ਤਾਂ ਸਮਾਂ ਏ। ਇਹ ਸਮਾਂ ਤਾਂ ਅਰਸੀ ਦਾ ਸਮਾਂ ਏ। ਦੁੱਖ ਦਾ ਸਮਾਂ—'ਸ਼ਾਮ ਭਈ ਘਨਸ਼ਾਮ ਨਾ ਆਏ'।" ਆਪੀ ਗੁਣਗੁਣਾਉਣ ਲੱਗੀ, "ਯਾਦ ਐ ਨਾ ਇਹ ਬੋਲ? ਸ਼ਾਮ ਤਾਂ ਨਾ ਆਉਣ ਦਾ ਸਮਾਂ ਹੁੰਦੈ। ਤੇਰਾ ਆਉਣ ਦਾ ਸਮਾਂ ਏ। ਕਮਲੀਏ ਰਤਾ ਰੁਕ ਜਾ। ਹਨੇਰਾ ਗੂੜ੍ਹਾ ਹੋਣ ਦੇ। ਫੇਰ ਤੇਰਾ ਈ ਸਮਾਂ ਹੋਏਗਾ। ਪਿਛਲੇ ਪਹਿਰ ਤਕ।"

ਇਕ ਦਿਨ ਆਪੀ ਦਾ ਚਿੱਤ ਠੀਕ ਨਹੀਂ ਸੀ। ਮੈਨੂੰ ਬੁਲਾਇਆ। ਗਈ। ਪਈ ਹੋਈ ਸੀ। ਸਿਰਹਾਣੇ ਤਿਪਾਈ 'ਤੇ ਸੋਢੇ ਦੀ ਬੋਤਲ ਰੱਖੀ ਸੀ। ਕੋਲ ਲੂਣਦਾਨੀ। ਇਹ ਉਹਨਾਂ ਦਿਨਾਂ ਦੀ ਗੱਲ ਏ ਜਦੋਂ ਸੋਢੇ ਦੀ ਬੋਤਲ ਦੇ ਗਲ਼ 'ਚ ਕੱਚ ਦੀ ਗੋਲੀ ਫਸੀ ਹੁੰਦੀ ਸੀ। ਠੋਕ ਕੇ ਖੁੱਲ੍ਹਦੀ ਸੀ।



ਬੋਲੀ, "ਸੁਨਹਿਰੇ ਬੋਤਲ ਖੋਲ੍ਹ। ਗਲਾਸ 'ਚ ਪਾ। ਚੁੱਟਕੀ ਕੁ ਲੂਣ ਘੋਲ ਤੇ ਮੈਨੂੰ ਪਿਆ ਦੇ।" ਮੈਂ ਲੂਣ ਪਾਇਆ ਤਾਂ ਝੱਗ ਉੱਠੀ। ਬੁਲਬੁਲੇ ਈ ਬੁਲਬੁਲੇ। ਆਪੀ ਨੇ ਮੇਰਾ ਹੱਥ ਫੜ ਲਿਆ। ਬੋਲੀ, "ਦੇਖ ਕੁੜੀਏ, ਇਹ ਸਾਡਾ ਸਮਾਂ ਏ। ਸਾਡਾ ਸਮਾਂ ਉਹ ਏ ਜਦੋਂ ਝੱਗ ਉੱਠੇ। ਸਾਡੇ 'ਚ ਨਹੀਂ, ਦੂਜੇ 'ਚ ਉੱਠੇ। ਦੂਜੇ 'ਚ ਝੱਗ ਉਠਾਉਣਾ ਈ ਸਾਡਾ ਕੰਮ ਏ। ਖ਼ੁਦ ਸ਼ਾਂਤ, ਦੂਜਾ ਬੁਲਬੁਲੇ ਈ ਬੁਲਬੁਲੇ। ਜਦੋਂ ਤਕ ਝੱਗ ਉੱਠਦੀ ਰਹੇ, ਸਾਡਾ ਸਮਾਂ। ਜਦੋਂ ਦੂਜਾ ਸ਼ਾਂਤ ਹੋ ਜਾਏ, ਸਮਝ ਲੈ ਸਾਡਾ ਸਮਾਂ ਬੀਤ ਗਿਆ ਤੇ ਜਦੋਂ ਸਮਾਂ ਬੀਤ ਜਾਏ ਤਾਂ ਧੀਰਜ ਪੈਰ ਧਰਨਾ। ਠੁੰਮਕ ਕੇ ਨਹੀਂ। ਠੁੰਮਕਨੇ ਦਾ ਸਮਾਂ ਗਿਆ। ਚਮਕ ਨਾ ਮਾਰਨਾ। ਚਮਕਣ ਦਾ ਸਮਾਂ ਗਿਆ। ਪਾਜੇਬ ਨਾ ਛਣਕਾਉਣਾ—'ਪਾਜੇਬ ਕੀ ਛਣਕਾਰ ਬੈਰਨ ਭਈ'।"

ਫੇਰ ਉਹ ਪੈ ਗਈ। ਬੋਲੀ, "ਸੁਨਹਿਰੇ ਮੇਰੀਆਂ ਗੱਲਾਂ ਸੁੱਟ ਨਾ ਦੇਈਂ। ਦਿਲ 'ਚ ਰੱਖੀਂ। ਇਹ ਅੰਦਰ ਦੀਆਂ ਗੱਲਾਂ ਨੇ, ਬਾਹਰ ਦੀਆਂ ਨਹੀਂ। ਸੁਣੀਆਂ-ਸੁਣਾਈਆਂ ਨਹੀਂ, ਪੜ੍ਹੀਆਂ-ਪੜ੍ਹਾਈਆਂ ਨਹੀਂ—ਉਹ ਸਭ ਛਿਲਕੇ ਹੁੰਦੀਆਂ ਨੇ, ਬਾਦਾਮ ਨਹੀਂ ਹੁੰਦੀਆਂ। ਸਮਝ ਲੈ ਬੇਟਾ ਗੱਲ ਉਹ ਜਿਹੜੀ ਅੰਦਰਲੀ ਹੋਏ—ਗਿਰੀ ਹੋਏ ਛਿਲਕਾ ਨਾ ਹੋਏ। ਜੋ ਬੀਤੀ ਹੋਏ, ਜੱਗ ਬੀਤੀ ਨਹੀਂ। ਆਪ-ਬੀਤੀ ਹੋਏ। ਹੱਡ ਬੀਤੀ। ਬਾਕੀ ਸਭ ਝੂਠ, ਦਿਖਾਵਾ, ਪ੍ਰਚਾਵਾ।"

ਅੱਜ ਮੈਨੂੰ ਗੱਲਾਂ ਚੇਤੇ ਆ ਰਹੀਆਂ ਨੇ। ਬੀਤੀਆਂ ਗੱਲਾਂ। ਵਿੱਸਰੀਆਂ ਗੱਲਾਂ। ਸੱਪ ਲੰਘ ਗਏ। ਲਕੀਰਾਂ ਰਹਿ ਗਈਆਂ। ਲਕੀਰਾਂ ਈ ਲਕੀਰਾਂ। ਸੱਪ ਤਾਂ ਸਿਰਫ਼ ਡਰਾਂਦੇ ਨੇ। ਫੁਕਾਰਦੇ ਨੇ। ਲਕੀਰਾਂ ਡੰਗਦੀਆਂ ਨੇ। ਡਸਦੀਆਂ ਨੇ। ਪਤਾ ਨਹੀਂ, ਇੰਜ ਕਿਉਂ ਹੁੰਦਾ ਏ। ਲਕੀਰਾਂ ਨੇ ਮੈਨੂੰ ਛਲਨੀ ਕਰ ਰੱਖਿਆ ਏ। ਚੱਲਦੀਆਂ ਨੇ। ਚੱਲਦੀਆਂ ਜਾਂਦੀਆਂ ਨੇ। ਜਿਵੇਂ ਧਾਰ ਵਗਦੀ ਏ। ਵਗੀ ਜਾਂਦੀ ਏ। ਇਕ ਖ਼ਤਮ ਨਹੀਂ ਹੁੰਦੀ, ਦੂਜੀ ਵਗ ਪੈਂਦੀ ਏ।

ਆਪੀ ਦੀ ਬੈਠਕ 'ਚ ਅਸੀਂ ਤਿੰਨ ਸਾਂ—ਪੀਲੀ, ਰੂਪਾ ਤੇ ਮੈਂ। ਪੀਲੀ ਵੱਡੀ, ਰੂਪਾ ਵਿਚਕਾਰਲੀ ਤੇ ਮੈਂ ਛੋਟੀ। ਪੀਲੀ 'ਚ ਬੜੀ ਆਣ ਸੀ। ਪਰ ਮਾਣ ਨਹੀਂ ਸੀ। ਉਸ ਆਣ 'ਚ ਝੇਪ ਸੀ। ਸੁਹੱਪਣ ਭਰਿਆ ਠਹਿਰਾ ਸੀ। ਇੰਜ ਰੋਅਬ ਨਾਲ ਭਰੀ ਰਹਿੰਦੀ ਸੀ ਜਿਵੇਂ ਮੁਟਿਆਰ ਰਸ ਨਾਲ ਭਰੀ ਰਹਿੰਦੀ ਏ। ਧੌਣ ਅਕੜਾਈ ਰੱਖਦੀ। ਮੂਰਤੀ ਵਾਂਗ।

ਰੂਪਾ ਸੁਰ ਈ ਸੁਰ ਸੀ। ਸ਼ੁੱਧ ਸੁਰ। ਤਾਰਾਂ ਦੀ ਬਣੀ ਸੀ। ਉਸਦੇ ਬੰਦ-ਬੰਦ ਵਿਚ ਤਾਰ ਲੱਗੇ ਸਨ। ਸੁਰਤੀਆਂ ਸਮਰਿਤੀਆਂ। ਤੇ ਉਹ ਮਧਮ 'ਚ ਸੁਰ ਗੂੰਜਦੇ ਤੇ ਫੇਰ ਸੁਣਨ ਵਾਲਿਆਂ ਦੇ ਦਿਲਾਂ ਨੂੰ ਝਣਝਣਾ ਦਿੰਦੇ। ਤੀਜੀ ਮੈਂ ਸੀ। ਆਪੀ ਕਹਿੰਦੀ ਸੀ, "ਸੁਨਹਿਰੇ ਤੇਰੇ 'ਚ ਦੁੱਖ ਦੀ ਮੱਸ ਏ। ਤੂੰ ਭਿਓਂ ਦਿੰਦੀ ਐਂ। ਖ਼ੁਦ ਵੀ ਡੁੱਬ ਜਾਂਦੀ ਐਂ, ਦੂਜੇ ਨੂੰ ਵੀ ਡੁੱਬੋ ਦਿੰਦੀ ਏਂ। ਕਮਲੀਏ ਦੂਜੇ ਨੂੰ ਡੁੱਬੋਇਆ ਕਰ, ਖ਼ੁਦ ਨਾ ਡੁੱਬਿਆ ਕਰ। ਮੈਨੂੰ ਤੈਥੋਂ ਡਰ ਲੱਗਦੈ ਸੁਨਹਿਰੇ। ਕਿਸੇ ਦਿਨ ਤੂੰ ਸਾਨੂੰ ਸਾਰਿਆਂ ਨੂੰ ਨਾ ਲੈ ਡੁੱਬੇਂ।"

ਆਪੀ ਦੀ ਬੈਠਕ ਕੋਈ ਆਮ ਬੈਠਕ ਨਹੀਂ ਸੀ ਕਿ ਜਿਸ ਦਾ ਜੀਅ ਕੀਤਾ ਮੂੰਹ ਚੁੱਕ ਕੇ ਆ ਵੜਿਆ। ਬੈਠਕ 'ਤੇ ਧਨ ਦੌਲਤ ਦਾ ਜ਼ੋਰ ਤਾਂ ਚੱਲਦਾ ਈ ਏ। ਉਹ ਤਾਂ ਚੱਲੇਗਾ ਈ ਹਰ ਬੈਠਕ 'ਤੇ। ਪਰ ਆਪੀ ਦੇ ਵਰਤਾਰੇ ਨੇ ਅਜਿਹਾ ਰੰਗ ਜਮਾਇਆ ਹੋਇਆ ਸੀ ਕਿ ਸਿਰਫ਼ ਧਨ ਦੌਲਤ ਦਾ ਜ਼ੋਰ ਨਹੀਂ ਚੱਲਦਾ ਸੀ। ਨਵੇਂ ਧਨਾਡ ਆਉਂਦੇ

ਸਨ। ਪਰ ਇੰਜ ਮੂੰਹ ਮਸੋਸ ਕੇ ਜਾਂਦੇ ਕਿ ਫੇਰ ਮੂੰਹ ਨਾ ਕਰਦੇ। ਆਪੀ ਦੀ ਬੈਠਕ 'ਚ ਨਿਗਾਹਾਂ ਨਈਂ ਚੱਲਦੀਆਂ ਸਨ। ਉਸਨੇ ਸਾਨੂੰ ਸਮਝਾਇਆ ਹੋਇਆ ਸੀ ਕਿ ਲੋਕ ਨਿਗਾਹਾਂ ਉੱਛਾਣਗੇ ਤਾਂ ਬੜਾ ਉੱਛਾਣਗੇ। ਕੁੜੀਓ ਤੁਸੀਂ ਨਾ ਉੱਛਲਣਾ। ਜਿਹੜੇ ਨਿਗਾਹਾਂ ਨਾਲ ਉੱਛਾਲੇ ਜਾਂਦੇ ਨੇ ਉਹ ਮੂੰਹ ਭਾਰ ਡਿੱਗਦੇ ਨੇ। ਤੇ ਜਿਹੜੀ ਡਿੱਗ ਪਈ, ਸਮਝੋ ਉਹ ਨਿਗਾਹਾਂ 'ਚੋਂ ਡਿੱਗ ਪਈ। ਫੇਰ ਨਾ ਆਪਣੇ ਜੋਗੀ ਰਹੀ, ਨਾ ਦੂਜਿਆਂ ਜੋਗੀ।

ਆਪੀ ਦੀ ਬੈਠਕ 'ਚ ਨਜ਼ਰਾਂ ਨਈਂ ਚੱਲਦੀਆਂ ਸਨ। ਕੰਨ ਲੱਗੇ ਰਹਿੰਦੇ ਸਨ। ਦਿਲ ਧੜਕਦੇ ਸਨ। ਉੱਥੇ ਮਿਲਾਪ ਦਾ ਰੰਗ ਨਈਂ ਸੀ ਹੁੰਦਾ। ਬੁਰਕਾ ਹੁੰਦਾ ਸੀ। ਰੰਗ ਰਲੀਆਂ ਨਈਂ ਹੁੰਦੀਆਂ ਸਨ। ਨਾ ਉੱਥੇ ਤਮਾਸ਼ਾ ਹੁੰਦਾ, ਨਾ ਤਮਾਸ਼ਬੀਨ।

ਮੈਨੂੰ ਉਹ ਦਿਨ ਚੇਤੇ ਆਉਂਦੇ ਨੇ ਜਦੋਂ ਸਾਡੇ ਏਥੇ ਠਾਕੁਰ ਦੀ ਬੈਠਕ ਹੁੰਦੀ ਸੀ। ਦੋ ਮਹੀਨਿਆਂ 'ਚ ਇਕ ਵਾਰ ਜ਼ਰੂਰ ਹੁੰਦੀ। ਠਾਕੁਰ ਦੀ ਬੈਠਕ ਹੁੰਦੀ ਸੀ ਤਾਂ ਕੋਈ ਦੂਜਾ ਨਈਂ ਸੀ ਹੁੰਦਾ। ਸਿਰਫ਼ ਠਾਕੁਰ ਦੇ ਸੰਗੀ-ਸਾਥੀ।

ਠਾਕੁਰ ਵੀ ਤਾਂ ਅਜੀਬ ਸੀ। ਉੱਪਰੋਂ ਦੇਖਣ ਨੂੰ ਰਿੱਛ। ਤਾਕਤ ਨਾਲ ਭਰਿਆ ਹੋਇਆ। ਅੰਦਰ ਝਾਕੋ ਤਾਂ ਬਾਲ—ਨਰਮ-ਨਾਜ਼ੁਕ, ਮਲੂਕੜਾ-ਜਿਹਾ। ਵੈਸੇ ਸੀ ਆਣ ਫ਼ੁਰਮਾਨ ਭਰਿਆ। ਸੰਗੀਤ ਦਾ ਰਸੀਆ। ਇੰਜ ਲੱਗਦਾ ਸੀ ਜਿਵੇਂ ਅੰਦਰ ਕੋਈ ਲਗਨ ਲੱਗੀ ਹੋਈ ਹੋਵੇ। ਧੁਨੀ ਲੱਗੀ ਹੋਏ। ਆਰਤੀ ਹੋ ਰਹੀ ਹੋਵੇ।

ਠਾਕੁਰ ਦੀ ਸਾਡੇ ਇੱਥੇ ਬੜੀ ਕਦਰ ਸੀ। ਆਪੀ ਇੱਜ਼ਤ ਕਰਦੀ ਸੀ। ਭਰੋਸਾ ਕਰਦੀ ਸੀ। ਠਾਕੁਰ ਨੇ ਵੀ ਕਦੀ ਨਜ਼ਰ ਨਈਂ ਸੀ ਚੁੱਕੀ। ਝੁਕਾਈ ਰੱਖਦਾ। ਪੀਂਦਾ ਜ਼ਰੂਰ ਸੀ, ਪਰ ਇੰਜ ਕਿ ਜਿਵੇਂ-ਜਿਵੇਂ ਪੀਂਦਾ ਜਾਂਦਾ ਉਲਟਾ ਮੱਧਮ ਪੈਂਦਾ ਜਾਂਦਾ। ਅੱਖਾਂ ਦੀ ਚਮਕ ਬੁਝ ਜਾਂਦੀ। ਆਵਾਜ਼ ਦੀ ਕੜਕ ਲਿੱਸੀ ਹੋ ਜਾਂਦੀ। ਉਸਦਾ ਨਸ਼ਾ ਈ ਅਨੋਖਾ ਸੀ—ਜਿਵੇਂ ਬੋਤਲ ਦਾ ਨਾ ਹੋਏ, ਅੰਦਰਲਾ ਹੋਏ। ਬੋਤਲ ਤਾਂ ਇਕ ਬਹਾਨਾ ਹੋਏ। ਬੋਤਲ ਚਾਬੀ ਹੋਏ ਅੰਦਰਲੇ ਬੂਹੇ ਖੋਲ੍ਹਣ ਦੀ।

ਡਰੋ ਸਖੀਓ ਡਰੋ! ਅੰਦਰਲੇ ਨਸ਼ੇ ਦੇ ਸਾਹਮਣੇ ਬੋਤਲ ਦਾ ਨਸ਼ਾ ਇੰਜ ਹੱਥ ਜੋੜੀ ਖੜ੍ਹਾ ਏ ਜਿਵੇਂ ਰਾਜੇ ਦੇ ਦਰਬਾਰ 'ਚ ਖੜ੍ਹਾ ਹੋਵੇ। ਬੋਤਲ ਦਾ ਤਾਂ ਖ਼ਾਲੀ ਸਿਰ ਚਕਰਾਉਂਦਾ। ਅੰਦਰਲਾ ਮਨ ਝੂਲੇ ਝੂਟਣ ਲੱਗਦਾ। 'ਡਰੋ ਸਖੀਓ ਡਰੋ' ਅੰਦਰਲੇ ਨਸ਼ੇ ਤੋਂ ਡਰੋ। ਬੋਤਲ ਦਾ ਨਸ਼ਾ ਤਾਂ ਕਿਸੇ ਕੰਮਕਾਜ ਜੋਗਾ ਨਈਂ ਛੱਡਦਾ। ਅੰਦਰਲਾ ਕਿਸੇ ਦੇ ਕੰਮ ਦਾ ਨਈਂ ਛੱਡਦਾ। ਖ਼ੁਦ ਜੋਗਾ ਵੀ ਨਈਂ। ਮੈਨੂੰ ਕੀ ਪਤਾ ਸੀ ਕਿ ਠਾਕੁਰ ਦੇ ਨਸ਼ੇ ਦਾ ਹੁਲਾਰਾ ਮੈਨੂੰ ਵੀ ਲੈ ਡੁੱਬੇਗਾ।

ਹਾਂ ਤਾਂ ਉਸ ਦਿਨ ਠਾਕੁਰ ਦੀ ਬੈਠਕ ਹੋ ਰਹੀ ਸੀ। ਬੋਲੇ ਸਨ, "ਗਾਂਠਰੀ ਮੈਂ ਕੌਨ ਜਤਨ ਕਰ ਖੋਲੂੰ—ਮੇਰੇ ਪੀਆ ਕੇ ਜੀਆ ਮੇਂ ਪੜੀ ਰੇ।" ਗੀਤ ਨੇ ਕੁਝ ਏਂਦਾ ਕੀਲਿਆ ਹੋਇਆ ਸੀ ਕਿ ਠਾਕੁਰ ਝੂੰਮ ਰਹੇ ਸਨ। 'ਫੇਰ, ਦੁਬਾਰਾ ਸੁਣਾਓ' ਬੋਲਾਂ ਦਾ ਜਾਪ ਕਰੀ ਜਾ ਰਹੇ ਸਨ। ਪਤਾ ਨਈਂ ਕਿਸ ਗੰਢ ਨੂੰ ਖੋਲ੍ਹਣ ਦੀ ਆਰਜ਼ੂ ਜਾਗੀ ਸੀ। ਆਪਣੇ ਮਨ ਜਾਂ ਮਹਿਬੂਬ ਦੇ ਮਨ ਦੀ। ਸਮਾਂ ਬੀਤਦਾ ਜਾ ਰਿਹਾ ਸੀ। ਸਮੇਂ ਦੀ ਸੁੱਧ ਨਈਂ ਸੀ ਰਹੀ। ਕਦੀ ਕਦੀ ਇੰਜ ਵੀ ਹੁੰਦਾ ਏ। ਸਮਾਂ ਜੀਵਨ 'ਚੋਂ ਨਿੱਕਲ ਜਾਂਦਾ ਏ। ਕਿੱਥੇ ਓ, ਕੀ ਕਰ ਰਹੇ ਓ—ਕਿਸੇ ਗੱਲ ਦੀ ਸੁੱਧ ਨਈਂ ਰਹਿੰਦੀ। ਉਸ ਦਿਨ ਉਹ ਸਮਾਂ ਅਜਿਹਾ ਈ ਸਮਾਂ ਸੀ।



ਅਚਨਚੇਤ ਘੜੀ ਨੇ ਤਿੰਨ ਵਜਾਏ। ਆਪੀ ਹੱਥ ਜੋੜ ਕੇ ਉੱਠ ਖੜ੍ਹੀ ਹੋਈ। ਬੋਲੀ, "ਮਾਫ਼ ਕਰਨਾ ਠਾਕੁਰ ਜੀ। ਮਾਫ਼ੀ ਮੰਗਦੀ ਆਂ। ਸਾਡਾ ਸਮਾਂ ਹੋ ਗਿਆ। ਹੁਣ ਬੈਠਕ ਖ਼ਤਮ ਕਰੋ।"

ਠਾਕੁਰ ਪਹਿਲਾਂ ਤਾਂ ਤ੍ਰਬਕਿਆ। ਫੇਰ ਮੁਸਕੁਰਾਇਆ, "ਨਾ ਆਪੀ," ਉਹ ਬੋਲਿਆ, "ਹਾਲੇ ਤਾਂ ਰਾਤ ਭਿੱਜੀ ਏ।" ਆਪੀ ਬੋਲੀ, "ਠਾਕੁਰ ਅਸੀਂ ਸੁੱਕੇ ਪਰਾਂ ਵਾਲੇ ਪੰਛੀ ਆਂ। ਜਦੋਂ ਰਾਤ ਭਿੱਜ ਜਾਂਦੀ ਏ ਤਾਂ ਸਾਡਾ ਸਮਾਂ ਬੀਤ ਜਾਂਦਾ ਏ। ਜੇ ਸਾਡੇ ਪਰ ਭਿੱਜ ਗਏ ਉਡਾਰੀ ਨਈਂ ਰਹੇਗੀ। ਛਨਕਾਰ 'ਚ ਉਡਾਰੀ ਨਾ ਰਹੇ ਤਾਂ ਬਾਕੀ ਰਿਹਾ ਕੀ?" ਠਾਕੁਰ ਨੇ ਬੜੀਆਂ ਮਿੰਨਤਾਂ ਕੀਤੀਆਂ—ਆਪੀ ਨਾ ਮੰਨੀ।

ਮਹਿਫ਼ਿਲ ਵਿੱਛੜ ਗਈ ਤਾਂ ਅਸੀਂ ਤਿੰਨੇ ਆਪੀ ਦੁਆਲੇ ਹੋ ਗਈਆਂ, "ਆਪੀ ਇਹ ਸਮੇਂ ਦਾ ਗੋਰਖ਼ਧੰਦਾ ਕੀ ਏ?"

ਆਪੀ ਬੋਲੀ, "ਕੁੜੀਓ ਸਮਾਂ ਬੜੀ ਚੀਜ਼ ਏ। ਹਰ ਕੰਮ ਲਈ ਇਕ ਸਮਾਂ ਹੁੰਦੈ। ਰਾਤ ਨੂੰ ਗਾਓ, ਵਜਾਓ। ਪੀਓ, ਪਿਆਓ। ਮਿਲੋ, ਮਿਲਾਓ। ਮੌਜ ਉਡਾਓ। ਬਸ ਤਿੰਨ ਵਜੇ ਤਕ। ਫੇਰ ਸਮਾਂ ਉਸਦਾ ਏ। ਉਸਦਾ ਨਾਮ ਜਪੋ। ਉਸਨੂੰ ਯਾਦ ਕਰੋ। ਫ਼ਰਿਆਦ ਕਰੋ। ਦੁਆਵਾਂ ਮੰਗੋ। ਸਜਦੇ ਕਰੋ। ਉਸ ਸਮੇਂ ਤੁਸੀਂ ਐਸ਼ ਨਈਂ ਕਰ ਸਕਦੇ। ਗੁਨਾਹ ਨਈਂ ਕਰ ਸਕਦੇ। ਕਤਲ ਨਈਂ ਕਰ ਸਕਦੇ। ਇਹ ਧੰਦਾ ਜਿਹੜਾ ਸਾਡਾ ਏ, ਉਸਦੇ ਸਮੇਂ 'ਚ ਨਈਂ ਚੱਲ ਸਕਦਾ। ਉਸਦੇ ਸਮੇਂ 'ਚ ਪੈਰ ਨਾ ਧਰਨਾ—ਉਸਨੇ ਬੁਰਾ ਮੰਨਿਆਂ ਤਾਂ ਮਾਰੀਆਂ ਜਾਓਗੀਆਂ। ਜੇ ਉਹ ਰਾਜ਼ੀ ਹੋ ਗਿਆ ਤਾਂ ਵੀ ਮਾਰੀਆਂ ਜਾਓਗੀਆਂ। ਤੇ ਦੇਖੋ ਉਸਦੇ ਸਮੇਂ ਦੇ ਨੇੜੇ-ਤੇੜੇ ਵੀ ਗੀਤ ਨਾ ਗਾਉਣਾ, ਜੋ ਏ, ਪੁਕਾਰ ਏ। ਭਜਨ ਨਾ ਛੇੜਣਾ। ਡਰੋ ਕਿਤੇ ਉਹ ਤੁਹਾਡੀ ਪੁਕਾਰ ਸੁਣ ਕੇ ਹੁੰਘਾਰਾ ਨਾ ਭਰ ਦੇਵੇ।"

ਫੇਰ ਉਹ ਦਿਨ ਆ ਗਿਆ ਜਦੋਂ ਮੈਂ ਅਨਜਾਣੇ 'ਚ ਸਮੇਂ ਦਾ ਬੰਧਨ ਤੋੜਿਆ। ਉਸ ਦਿਨ ਠਾਕੁਰ ਆਏ। ਆਪੀ ਨੂੰ ਕਿਹਾ, "ਬਾਈ ਕੱਲ੍ਹ ਖ਼ਵਾਜਾ ਦਾ ਦਿਨ ਏ। ਖ਼ਵਾਜੇ ਦੀ ਨਿਆਜ਼ ਸਾਰੇ ਪਿੰਡ ਨੂੰ ਖੁਆਵਾਂਗਾ। ਅੱਜ ਰਾਤ ਖ਼ਵਾਜੇ ਦੀ ਮਹਿਫ਼ਿਲ ਹੋਏਗੀ ਓਧਰ ਹਵੇਲੀ 'ਚ। ਸਿਰਫ਼ ਆਪਣੇ ਹੋਣਗੇ, ਘਰ ਦੇ ਲੋਕ। ਤੈਨੂੰ ਲੈਣ ਆਇਆਂ—ਚੱਲ ਮੇਰੇ ਨਾਲ ਮੇਰੇ ਪਿੰਡ।"

ਆਪੀ ਸੋਚਾਂ 'ਚ ਪੈ ਗਈ। ਬੋਲੀ, "ਰੂਪਾ ਢਿੱਲੀ ਏ। ਉਹ ਨਈਂ ਜਾ ਸਕੇਗੀ। ਕਿਸੇ ਹੋਰ ਦਿਨ ਰੱਖ ਲੈਣਾ ਨਜ਼ਰ ਨਿਆਜ਼।"

"ਖ਼ਵਾਜਾ ਦਾ ਦਿਨ ਮੈਂ ਕਿਵੇਂ ਬਦਲਾਂਗਾ।" ਉਹ ਬੋਲਿਆ।

"ਤਾਂ ਕਿਸੇ ਹੋਰ ਮੰਡਲੀ ਨੂੰ ਲੈ ਜਾਓ।"

"ਊਂ-ਹੂੰ।" ਠਾਕੁਰ ਨੇ ਮੂੰਹ ਬਣਾਇਆ, "ਖ਼ਵਾਜਾ ਦੀ ਗੱਲ ਨਾ ਹੁੰਦੀ ਤਾਂ ਲੈ ਜਾਂਦਾ। ਉਹਨਾਂ ਦਾ ਨਾਂ ਲੈਣ ਲਾਇਕ ਮੁੱਖ ਤਾਂ ਹੋਵੇ।"

"ਮੈਂ ਕਿਸ ਲਾਇਕ ਆਂ ਜੋ ਉਹਨਾਂ ਦਾ ਨਾਂ ਮੂੰਹ 'ਤੇ ਲਿਆਵਾਂ।"

"ਬਸ ਇਕ ਤੇਰੀ ਈ ਬੈਠਕ ਏ ਬਾਈ ਜਿੱਥੇ ਪਵਿੱਤਰਤਾ ਏ। ਜਿੱਥੇ ਜਿਸਮ ਦਾ ਨਈਂ ਮਨ ਦਾ ਠਿਕਾਣਾ ਏ।"

ਆਪੀ ਮਜਬੂਰ ਹੋ ਗਈ। ਉਸਨੇ ਰੂਪਾ ਦਾ ਧਿਆਨ ਰੱਖਣ ਲਈ ਪੀਲੀ ਨੂੰ ਉੱਥੇ ਛੱਡਿਆ ਤੇ ਮੈਨੂੰ ਲੈ ਕੇ ਠਾਕੁਰ ਦੇ ਪਿੰਡ ਚਲੀ ਗਈ।

ਉੱਥੇ ਸਾਰੀ ਰਾਤ ਹਵੇਲੀ ਵਿਚ ਖ਼ਵਾਜਾ ਦੀ ਮਹਿਫ਼ਿਲ ਲੱਗੀ। ਉਹ ਤਾਂ ਘਰੇਲੂ ਮਹਿਫ਼ਿਲ ਸੀ। ਠਾਕੁਰ ਦੀਆਂ ਭੈਣਾਂ, ਬਹੂਆਂ, ਧੀਆਂ, ਠਾਕੁਰਾਣੀ ਸਾਰੇ ਬੈਠੇ ਸਨ। ਉਹ ਤਾਂ ਸਮਝ ਲਓ ਭਜਨ ਮੰਡਲੀ ਸੀ। ਖ਼ਵਾਜਾ ਦੇ ਗੀਤ—"ਖ਼ਵਾਜਾ ਮੈਂ ਤੋ ਆਣ ਖੜੀ ਤੇਰੇ ਦੁਆਰ" ਤੋਂ ਸ਼ੁਰੂ ਹੋਈ ਸੀ।

ਅੱਧੀ ਰਾਤ ਵੇਲੇ ਮਹਿਫ਼ਿਲ ਏਨੀ ਭਿੱਜ ਗਈ ਕਿ ਸਭ ਦੀਆਂ ਅੱਖਾਂ ਭਰ ਆਈਆਂ। ਦਿਲ ਡੁੱਬੇ। ਆਪੀ ਦਾ ਤਾਂ ਡੁੱਬ ਈ ਗਿਆ। ਠਾਕੁਰ ਉਸਨੂੰ ਮਹਿਫ਼ਿਲ 'ਚੋਂ ਚੁੱਕ ਕੇ ਅੰਦਰ ਲੈ ਗਿਆ, ਸ਼ਰਬਤ-ਸ਼ੀਰਾ ਪਿਆਇਆ—ਫੇਰ ਉੱਥੇ ਈ ਪਾ ਦਿੱਤਾ।

ਫੇਰ ਖ਼ੁਆਜਾ ਦੇ ਗੀਤ ਚੱਲੇ ਤਾਂ ਮੈਂ ਭਿੱਜ ਗਈ। ਅੱਖਾਂ ਭਰ-ਭਰ ਆਈਆਂ। ਮੈਂ ਹੈਰਾਨ। ਮੈਂ ਤਾਂ ਕੁਛ ਮੰਗ ਨਈਂ ਰਹੀ। ਮੈਂ ਤਾਂ ਅਰਜੋਈ ਨਈਂ ਕਰ ਰਹੀ। ਮੈਂ ਤਾਂ ਇਕ ਵਪਾਰੀ ਆਂ। ਪੈਸੇ ਕਮਾਉਣ ਲਈ ਆਈ ਆਂ। ਮੇਰੀਆਂ ਅੱਖਾਂ ਕਿਉਂ ਭਰ ਆਈਆਂ ਖ਼ਾਹਮ-ਖ਼ਾਹ—ਸੋ ਮੈਂ ਬਿਨਾਂ ਸੋਚੇ ਸਮਝੇ ਗਾਈ ਗਈ। ਅੱਖਾਂ ਭਰ-ਭਰ ਆਉਂਦੀਆਂ ਰਹੀਆਂ। ਦਿਲ ਨੂੰ ਕੁਛ-ਕੁਛ ਹੁੰਦਾ ਰਿਹਾ। ਪਰ ਮੈਂ ਭਿੱਜ-ਭਿੱਜ ਕੇ ਗਾਈ ਗਈ। ਸਮਾਂ ਬੀਤ ਗਿਆ ਤੇ ਮੈਨੂੰ ਧਿਆਨ ਈ ਨਾ ਆਇਆ ਕਿ ਮੈਂ ਉਸਦੇ ਸਮੇਂ 'ਚ ਪੈਰ ਧਰ ਚੁੱਕੀ ਆਂ। ਆਪੀ ਸੀ ਨਈਂ ਜੋ ਮੈਨੂੰ ਟੋਕਦੀ।

ਤੇ ਫੇਰ ਮੈਨੂੰ ਕੀ ਪਤਾ ਸੀ ਕਿ ਖ਼ਵਾਜਾ ਕੌਣ ਏ, ਮੈਂ ਤਾਂ ਸਿਰਫ਼ ਨਾਂ ਸੁਣਿਆ ਹੋਇਆ ਸੀ। ਉਸਦੇ ਗੀਤ ਯਾਦ ਕੀਤੇ ਹੋਏ ਸਨ। ਮੈਂ ਤਾਂ ਸਿਰਫ਼ ਇਹ ਜਾਣਦੀ ਸੀ ਕਿ ਉਹ ਗਰੀਬ ਨਿਵਾਜ਼ ਏ। ਮੈਂ ਤਾਂ ਗਰੀਬ ਨਈਂ ਸੀ। ਮੈਨੂੰ ਕੀ ਪਤਾ ਕਿ ਮੈਨੂੰ ਵੀ ਨਿਵਾਜ਼ ਦਏਗਾ। ਖ਼ਾਹਮ-ਖ਼ਾਹ, ਜ਼ਬਰਦਸਤੀ। ਮੈਨੂੰ ਕੀ ਪਤਾ ਸੀ ਕਿ ਇਸ 'ਚ ਏਨੀ ਸੁੱਧ-ਬੁੱਧ ਨਈਂ ਕਿ ਕੌਣ ਪੁਕਾਰ ਰਿਹਾ ਏ। ਕੌਣ ਗਾ ਰਿਹਾ ਏ, ਕੌਣ ਮੰਗਤਾ ਏ। ਕੌਣ ਖ਼ਾਲੀ ਝੋਲੀ ਫ਼ੈਲਾ ਰਿਹਾ ਏ। ਕੌਣ ਭਰੀ ਝੋਲੀ ਸਮੇਟ ਰਿਹਾ ਏ। ਮੈਂ ਤਾਂ ਇਹੀ ਸੁਣਦੀ ਆਈ ਸੀ ਕਿ ਦੁੱਖੀ ਲੋਕ ਪੁਕਾਰ-ਪੁਕਾਰ ਕੇ ਹਾਰ ਜਾਂਦੇ ਨੇ, ਪਰ ਕੋਈ ਸੁਣਦਾ ਨਈਂ। ਮੈਨੂੰ ਕੀ ਪਤਾ ਸੀ ਕਿ ਏਨਾ ਦਿਆਲੂ ਏ। ਏਨਾ ਨੇੜੇ। ਐਨੇ ਕੰਨ ਖੜ੍ਹੇ ਰੱਖਦਾ ਏ।

ਫੇਰ ਠਾਕੁਰ ਬੋਲਿਆ, "ਸੁਨਹਿਰੀ ਬਾਈ, ਬਸ ਇਕ ਆਖ਼ਰੀ ਫ਼ਰਮਾਇਸ਼—'ਖ਼ਵਾਜਾ ਪੀਰ ਮੋਰੀ ਰੰਗ ਦੇ ਚੁਨਰੀਆ। ਐਸੀ ਭੀ ਰੰਗ ਦੇ ਰੰਗ ਨਾ ਛੂਟੇ। ਧੋਬੀਆ ਧੋਏ ਜਾਏ ਸਾਰੀ ਉਮਰੀਆ'।"

ਫੇਰ ਮੈਨੂੰ ਸੁੱਧ-ਬੁੱਧ ਨਾ ਰਹੀ। ਐਸੀ ਰੰਗ-ਪਿਚਕਾਰੀ ਚੱਲੀ ਕਿ ਮੈਂ ਭਿੱਜ-ਭਿੱਜ ਗਈ। ਤੇ ਮੈਂ ਈ ਨਈਂ ਸਾਰੀ ਮਹਿਫ਼ਿਲ ਰੰਗੋ-ਰੰਗ ਹੋ ਗਈ। ਅੰਗ-ਅੰਗ ਭਿੱਜਿਆ। ਖ਼ਵਾਜਾ ਨੇ ਰੰਗ-ਘਾਟ ਬਣਾ ਦਿੱਤਾ।

ਘਰ ਪਹੁੰਚੀ ਤਾਂ ਜਿਵੇਂ ਮੈਂ ਨਈਂ ਸੀ। ਦਿਲ ਰੋਇਆ-ਰੋਇਆ। ਧਿਆਨ ਖੋਇਆ-ਖੋਇਆ। ਕਿਸੇ ਗੱਲ ਵਿਚ ਚਿੱਤ ਨਾ ਲੱਗਦਾ। ਬੈਠਕ ਬੇਗਾਨੀ ਦਿੱਸਦੀ। ਸਾਜ 'ਚ ਤਰਜ ਨਾਲ ਰਿਹਾ। ਸਾਰੰਗੀ ਰੋਈ ਜਾਵੇ। ਉਸਤਾਦ ਨਕੂ ਖ਼ਾਂ ਵਜਾਉਂਦੇ ਪਰ ਉਹ ਰੋਈ ਜਾਂਦੀ। ਤਬਲਾ ਸਿਰ ਪਿੱਟ ਰਿਹਾ ਹੁੰਦਾ। ਘੁੰਗਰੂ ਕਹਿੰਦੇ ਪੈਰਾਂ 'ਚ ਪਾ ਤੇ ਜੰਗਲਾਂ ਨੂੰ



ਨਿਕਲ ਜਾ। ਉੱਥੇ ਉਹਦਾ ਝੂਮਰ ਨੱਚ ਜਿਹੜਾ ਪੱਤੇ-ਪੱਤੇ, ਡਾਲੀ-ਡਾਲੀ 'ਚੋਂ ਝਾਕ ਰਿਹੈ।

ਰੋਜ਼ ਦਿਨ 'ਚ ਤਿੰਨ ਚਾਰ ਵਾਰੀ ਅਜਿਹਾ ਦੌਰਾ ਪੈਂਦਾ ਕਿ ਭੈਂ-ਭੈਂ ਕਰਕੇ ਰੋਂਦੀ। ਫੇਰ ਹਾਲ ਖੇਡਣ ਲੱਗਦੀ। ਪੀਲੀ ਹੈਰਾਨ, ਰੂਪਾ ਦਾ ਮੂੰਹ ਖੁੱਲ੍ਹਾ, ਆਪੀ ਚੁੱਪ। ਇਹ ਕੀ ਹੋ ਰਿਹਾ ਏ। ਜਦੋਂ ਅੱਠ ਦਿਨ ਇਹੋ ਹਾਲਤ ਰਹੀ ਬਲਕਿ ਹੋਰ ਵਿਗੜ ਗਈ ਤਾਂ ਆਪੀ ਬੋਲੀ, "ਬਸ ਪੁੱਤਰ, ਤੇਰਾ ਇਸ ਬੈਠਕ ਨਾਲੋਂ ਬੰਧਨ ਟੁੱਟ ਗਿਆ। ਦਾਣਾ-ਪਾਣੀ ਖ਼ਤਮ ਹੋ ਗਿਆ। ਤੂੰ ਉਸਦੇ ਸਮੇਂ 'ਚ ਪੈਰ ਧਰ ਦਿੱਤਾ। ਉਸਨੇ ਤੈਨੂੰ ਰੰਗ ਦਿੱਤਾ। ਹੁਣ ਤੂੰ ਇਸ ਧੰਦੇ ਜੋਗੀ ਨਈਂ ਰਹੀ।"

"ਪਰ ਕਿੱਥੇ ਜਾਵਾਂ ਆਪੀ ? ਇਸ ਬੈਠਕ ਤੋਂ ਬਾਹਰ ਪੈਰ ਧਰਨ ਦੀ ਕੋਈ ਜਗ੍ਹਾ ਵੀ ਹੋਏ ਮੇਰੇ ਲਈ।"

"ਜਿਸ ਨੇ ਬੁਲਾਇਆ ਏ, ਉਸਦੇ ਦਰਬਾਰ 'ਚ ਜਾ।" ਰੂਪਾ ਬੋਲੀ।

"ਉਸ ਭੀੜ 'ਚ ਜਾਏ...।" ਆਪੀ ਬੋਲੀ, "ਇਹ ਕੁੜੀ ਜਾਏ ਜਿਸਦਾ ਸੁਨਹਿਰੀ ਪਿੰਡਾ ਕੱਪੜਿਆਂ 'ਚੋਂ ਬਾਹਰ ਝਾਕਦਾ ਏ। ਨਈਂ, ਇਹ ਕਿਤੇ ਨਈਂ ਜਾਏਗੀ। ਇਸੇ ਕੋਠੜੀ 'ਚ ਰਹੇਗੀ, ਬੈਠਕ 'ਚ ਪੈਰ ਨਈਂ ਧਰੇਗੀ।"

ਫੇਰ ਪਤਾ ਨਈਂ ਕੀ ਹੋਇਆ। ਰਕਾਣੀ ਖ਼ਤਮ ਹੋ ਗਈ। ਦਿਲ ਵਿਚ ਇਕ ਜਨੂੰਨ ਉੱਠਿਆ ਕਿ ਕਿਸੇ ਦੀ ਹੋ ਜਾਵਾਂ। ਕਿਸੇ ਇਕ ਦੀ। ਤਨ, ਮਨ, ਧਨ ਨਾਲ ਉਸੇ ਦੀ ਹੋ ਜਾਵਾਂ। ਹਰ ਹੁਣ। ਉਹ ਆਏ ਤਾਂ ਉਸਦੀ ਜੁੱਤੀ ਲਾਹਵਾਂ। ਪੱਖਾ ਝੱਲਾਂ। ਲੱਤਾਂ ਘੁੱਟਾਂ। ਸਿਰ 'ਚ ਤੇਲ ਲਾਵਾਂ। ਉਸ ਲਈ ਪਕਾਵਾਂ। ਮੇਜ਼ ਲਾਵਾਂ। ਭਾਂਡੇ ਰੱਖਾਂ। ਉਸ ਦੀਆਂ ਬਨੈਣਾਂ ਧੋਵਾਂ। ਕੱਪੜੇ ਪ੍ਰੈੱਸ ਕਰਾਂ। ਅਰਸੀ ਦਾ ਕੌਲ ਬਣਾਵਾਂ। ਫੇਰ ਸਿਰਹਾਣੇ ਖੜ੍ਹੀ ਰਹਾਂ ਕਿ ਕਦੋਂ ਜਾਗੇ, ਕਦੋਂ ਪਾਣੀ ਮੰਗੇ।

ਇਕ ਦਿਨ ਆਪੀ ਬੋਲੀ, "ਹੁਣ ਕੀ ਹਾਲ ਏ ਧੀਏ ?" ਮੈਂ ਰੋ-ਰੋ ਕੇ ਸਾਰੀ ਗੱਲ ਕਹਿ ਸੁਣਾਈ ਕਿ 'ਕਹਿੰਦੇ ਐ ਕਿਸੇ ਇਕ ਦੀ ਹੋ ਜਾ।'

"ਉਹ ਕੌਣ ਐਂ ? ਕੋਈ ਨਿਗਾਹ 'ਚ ਏ ?"

"ਊਂ-ਹੂੰ, ਕੋਈ ਨਿਗਾਹ 'ਚ ਨਈਂ।"

"ਨੱਕ-ਨਕਸ਼ਾ ਦਿੱਸਦਾ ਏ ਕਦੀ ?"

"ਨਈਂ ਆਪੀ।"

"ਕੋਈ ਗੱਲ ਨਈਂ।" ਆਪੀ ਬੋਲੀ, "ਜੇ ਕਿੱਲੇ ਨਾਲ ਬੰਨ੍ਹਣ ਦਾ ਮਤਲਬ ਐ ਤਾਂ ਤੁਸੀਂ ਕਿੱਲਾ ਭੇਜੋ ਵੀ।"

ਦਸ ਕੁ ਦਿਨ ਬਾਅਦ ਬੈਠਕ ਰਾਗ-ਰੰਗ ਨਾਲ ਭਰੀ ਹੋਈ ਸੀ ਤਾਂ ਮੇਰੀ ਕੋਠੜੀ ਦਾ ਦਰਵਾਜ਼ਾ ਖੜਕਿਆ। ਆਪੀ ਅੰਦਰ ਆਈ। ਬੋਲੀ, "ਖ਼ਵਾਜਾ ਨੇ ਕਿੱਲਾ ਭੇਜ ਦਿੱਤੈ। ਹੁਣ ਦੱਸ ਕੀ ਕਹਿੰਦੀ ਏਂ ?"

"ਕੌਣ ਏ ?" ਮੈਂ ਪੁੱਛਿਆ।

"ਕੋਈ ਜ਼ਿਮੀਂਦਾਰ ਏ। ਜ਼ਰਾ ਪੱਕੀ ਉਮਰ ਦਾ। ਕਹਿੰਦਾ ਏ ਬਸ ਇਕ ਵਾਰੀ ਬੈਠਕ 'ਚ ਆਇਆ ਸੀ। ਸੁਨਹਿਰੇ ਬਾਈ ਨੂੰ ਸੁਣਿਆ ਸੀ। ਉਦੋਂ ਦੀ ਅੱਜ ਤਕ ਉਸਦੀ

ਆਵਾਜ਼ ਕੰਨਾਂ 'ਚ ਗੂੰਜਦੀ ਪਈ ਏ। ਦਿਲ ਨੂੰ ਬੜਾ ਸਮਝਾਇਆ। ਧਿਆਨ ਹਟਾਉਣ ਦੇ ਬੜੇ ਜਤਨ ਕੀਤੇ। ਕੋਈ ਪੇਸ਼ ਨਈਂ ਗਈ। ਹੁਣ ਹਾਰ ਕੇ ਤੇਰੇ ਦਰ 'ਤੇ ਆਇਆ ਆਂ। ਬੋਲ ਤੂੰ ਕੀ ਕਹਿੰਦੀ ਏਂ ? ਮੂੰਹ ਮੰਗਿਆ ਦਿਆਂਗਾ।"

ਮੈਂ ਕਿਹਾ, "ਦੇ-ਦੇ। ਸਾਲ ਲਈ ਬਖ਼ਸ਼ ਦੇ। ਜਿਵੇਂ ਤੇਰੀ ਮਰਜ਼ੀ।" ਆਪੀ ਹੱਸਣ ਲੱਗੀ। ਫੇਰ ਬੋਲੀ, "ਚੱਲ ਬੈਠਕ 'ਚ, ਉਸਨੂੰ ਦੇਖ ਲੈ ਇਕ ਨਜ਼ਰ।"

"ਊਂ ਹੂੰ।" ਮੈਂ ਸਿਰ ਹਿਲਾ ਦਿੱਤਾ, "ਨਈਂ ਆਪੀ। ਉਹਨਾਂ ਭੇਜਿਆ ਏ ਤਾਂ ਠੀਕ ਏ। ਦੇਖਣ ਦਾ ਕੀ ਮਤਲਬ ?"

"ਕਿੰਨੀ ਦੇਰ ਲਈ ਮੰਗਾਂ ?"

"ਜ਼ਿੰਦਗੀ ਭਰ ਲਈ।"

"ਸੋਚ ਲੈ। ਜੇ ਲੁੱਟਰ ਨਿਕਲਿਆ ਫੇਰ ?"

"ਹੋਵੇ। ਜਿਹੋ-ਜਿਹਾ ਵੀ ਹੋਵੇ। ਕਿਹੋ-ਜਿਹਾ ਵੀ ਹੋਵੇ।"

ਅਗਲੇ ਦਿਨ ਬੈਠਕ 'ਚ ਸਾਡਾ ਨਿਕਾਹ ਹੋ ਗਿਆ। ਜ਼ਿਮੀਂਦਾਰ ਨੇ ਪੈਸਿਆਂ ਦਾ ਢੇਰ ਲਾ ਦਿੱਤਾ। ਆਪੀ ਨੇ ਰੱਦ ਕਰ ਦਿੱਤਾ। ਵਾਪਸ ਕਰਦਿਆਂ ਬੋਲੀ, "ਸੌਦਾ ਨਈਂ ਕਰ ਰਹੀ। ਆਪਣੀ ਧੀ ਵਿਦਾ ਕਰ ਰਹੀ ਆਂ। ਤੇ ਯਾਦ ਰੱਖ ਇਹ ਖ਼ਵਾਜਾ ਦੀ ਇਮਾਨਤ ਏ। ਸੰਭਾਲ ਕੇ ਰੱਖੀਂ।"

**ਹ**ਵੇਲੀ ਇਉਂ ਉੱਜੜੀ-ਉੱਜੜੀ ਸੀ ਜਿਵੇਂ ਦਿਓ ਫਿਰ ਗਿਆ ਹੋਵੇ।

ਵੈਸੇ ਤਾਂ ਸਭ ਕੁਛ ਸੀ। ਸਾਜੋ-ਸਾਮਾਨ। ਰਹਾਇਸ਼ੀ ਮੁਕਾਮ। ਕਾਲੀਨ ਵਿਛੇ ਸਨ। ਆਦਮ-ਕੱਦ ਸ਼ੀਸ਼ੇ। ਝਾਲਰਾਂ, ਫ਼ਾਨੂਸ। ਸਭ ਕੁਛ। ਫੇਰ ਵੀ ਹਵੇਲੀ ਭਾਂ-ਭਾਂ ਕਰ ਰਹੀ ਸੀ।

ਵਰਾਂਡੇ 'ਚ ਆਰਾਮ ਕੁਰਸੀ 'ਤੇ ਛੋਟੀ ਚੌਧਰਾਣੀ ਬੈਠੀ ਹੋਈ ਸੀ। ਸਾਹਮਣੇ ਤਿਪਾਈ 'ਤੇ ਚਾਹ ਦਾ ਸਾਮਾਨ ਸਜਿਆ ਸੀ। ਪਰ ਉਸਦਾ ਧਿਆਨ ਨਈਂ ਸੀ ਕਿ ਚਾਹ ਠੰਢੀ ਹੋ ਚੁੱਕੀ ਏ। ਉਸਨੂੰ ਤਾਂ ਆਪਣੀ ਵੀ ਸੁੱਧ ਨਈਂ ਸੀ ਕਿ ਕੌਣ ਏ, ਕਿੱਥੇ ਐ, ਕਿਉਂ ਏ।

ਉਪਰੋਂ ਸ਼ਾਮ ਲੱਥ ਰਹੀ ਸੀ। ਸਮੇਂ ਨੂੰ ਸਮੇਂ ਨਾਲ ਟਕਰਾਉਂਦੀ। ਉਦਾਸੀਆਂ ਦੇ ਝੰਡੇ ਗੱਡਦੀ। ਯਾਦਾਂ ਦੇ ਦੀਵੇ ਜਗਾਉਂਦੀ। ਬੀਤੀਆਂ ਯਾਦਾਂ ਦੇ ਅਲਾਪ ਛੇੜਦੀ। ਦੱਬਵੇਂ ਪੈਰੀਂ। ਮੱਧਮ। ਇੰਜ ਜਿਵੇਂ ਪਾਇਲ ਦੀ ਝੰਨਕਾਰ 'ਬੈਰਨੀਆ' ਹੋ ਗਈ ਹੋਵੇ।

ਦੂਰ ਆਪਣੇ ਕੁਆਟਰ ਦੇ ਬਾਹਰ ਮੰਜੀ 'ਤੇ ਬੈਠੇ ਚੌਕੀਦਾਰ ਦੀਆਂ ਨਿਗਾਹਾਂ ਛੋਟੀ ਚੌਧਰਾਣੀ 'ਤੇ ਟਿਕੀਆਂ ਹੋਈਆਂ ਸਨ। ਹੁੱਕੇ ਦਾ ਸੂਟਾ ਲਾਉਂਦਾ ਤੇ ਫੇਰ ਛੋਟੀ ਚੌਧਰਾਣੀ ਵੱਲ ਦੇਖਣ ਲੱਗਦਾ। ਇੰਜ ਜਿਵੇਂ ਉਸਨੂੰ ਦੇਖ-ਦੇਖ ਕੇ ਦੁੱਖੀ ਹੁੰਦਾ ਜਾ ਰਿਹਾ ਹੋਵੇ।

ਦੂਜੇ ਪਾਸੇ ਘਾਹ ਦੇ ਪਲਾਟ ਦੀ ਨੁੱਕਰ 'ਤੇ ਬੁੱਢਾ ਮਾਲੀ ਬੂਟਿਆਂ ਦੀ ਕਟਾਈ-ਛੰਗਾਈ ਕਰ ਰਿਹਾ ਸੀ। ਹਰ ਦੋ ਕੁ ਪਲ ਬਾਅਦ ਸਿਰ ਚੁੱਕਦਾ ਤੇ ਛੋਟੀ ਚੌਧਰਾਣੀ ਵੱਲ ਟਿਕਟਿਕੀ ਲਾ ਕੇ ਬੈਠ ਜਾਂਦਾ। ਫੇਰ ਤ੍ਰਬਕ ਕੇ ਲੰਮਾ ਸਾਹ ਖਿੱਚਦਾ ਤੇ ਮੁੜ ਕਟਾਈ-ਛੰਗਾਈ ਵਿਚ ਲੱਗ ਜਾਂਦਾ।



ਜੱਨਤ ਬੀਬੀ, ਜਿਹੜੀ ਛੋਟੀ ਚੌਧਰਾਣੀ ਦਾ ਖਾਣਾ ਬਣਾਉਂਦੀ ਸੀ, ਦੋ-ਤਿੰਨ ਵਾਰੀ ਵਰਾਂਡੇ ਦੇ ਪਰਲੇ ਪਾਸੇ ਖੜ੍ਹੀ ਹੋ ਕੇ ਉਸਨੂੰ ਦੇਖ ਗਈ ਸੀ। ਜਦੋਂ ਦੇਖਦੀ ਤਾਂ ਉਸ ਦੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ। ਪੱਲੇ ਨਾਲ ਪੂੰਝਦੀ ਫੇਰ ਵਾਪਸ ਚਲੀ ਜਾਂਦੀ।

ਸਾਰੇ ਨੌਕਰ, ਕੰਮੀ ਛੋਟੀ-ਮਾਲਕਣ 'ਤੇ ਜਾਨ ਦਿੰਦੇ ਸਨ। ਉਸਦੇ ਦੁੱਖ 'ਚ ਖੁਰਦੇ ਜਾ ਰਹੇ ਸਨ। ਪਰ ਨਾਲ ਈ ਉਹ ਉਸ 'ਤੇ ਬੜੇ ਨਾਰਾਜ਼ ਵੀ ਸਨ। ਉਸਨੇ ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰੀ ਸੀ। ਕਿਉਂ ਖ਼ੁਦ ਨੂੰ ਦੂਜਿਆਂ ਦਾ ਮੁਥਾਜ ਬਣਾ ਲਿਆ ਸੀ ? ਕਿਉਂ ? ਆਪਣੀ ਉਲਾਦ ਹੁੰਦੀ ਤਾਂ ਫੇਰ ਵੀ ਸਹਾਰਾ ਹੁੰਦਾ। ਆਪਣੀ ਉਲਾਦ ਤਾਂ ਸੀ ਨਈਂ।

ਜਦੋਂ ਚੌਧਰੀ ਮਰਨ ਤੋਂ ਪਹਿਲਾਂ ਬਾਕਾਇਦਾ ਹੋਸ਼ੋ ਹਵਾਸ 'ਚ ਆਪਣੀ ਅੱਧੀ ਜਾਇਦਾਦ ਛੋਟੀ ਚੌਧਰਾਣੀ ਦੇ ਨਾਂ ਗਿਫ਼ਟ ਕਰ ਗਿਆ ਸੀ ਤਾਂ ਉਸਨੂੰ ਕੀ ਹੱਕ ਸੀ ਕਿ ਆਪਣਾ ਸਾਰਾ ਹਿੱਸਾ ਵੱਡੀ ਚੌਧਰਾਣੀ ਦੇ ਦੋਵਾਂ ਮੁੰਡਿਆਂ ਨੂੰ ਬਰਾਬਰ-ਬਰਾਬਰ ਦੇ ਦਏ। ਜੇ ਇਕ ਦਿਨ ਵੱਡੀ ਚੌਧਰਾਣੀ ਨੇ ਉਸਨੂੰ ਹਵੇਲੀ 'ਚੋਂ ਬਾਹਰ ਕੱਢ ਕੀਤਾ ਤਾਂ ਉਹ ਕੀ ਕਰੇਗੀ ? ਕਿਸਦਾ ਦਰ ਦੇਖੇਗੀ ?

ਇਕ ਪਾਸੇ ਤਾਂ ਏਨੀ ਬੇਪ੍ਰਵਾਹੀ ਕਿ ਏਨੀ ਵੱਡੀ ਜਾਇਦਾਦ ਆਪਣੇ ਹੱਥੀਂ ਵੰਡ ਕੇ ਦੇ ਦਿੱਤੀ, ਤੇ ਦੂਜੇ ਪਾਸੇ ਇੰਜ ਸੋਚਾਂ ਵਿਚ ਗੁੰਮ-ਸੁੰਮ, ਮੂਰਤ ਬਣੀ ਬੈਠੀ ਏ। ਸਾਰੇ ਨੌਕਰ ਈ ਹੈਰਾਨ ਸਨ ਕਿ ਛੋਟੀ ਚੌਧਰਾਣੀ ਕਿਹੜੀਆਂ ਸੋਚਾਂ 'ਚ ਗਵਾਚੀ ਰਹਿੰਦੀ ਏ ! ਚੌਧਰੀ ਨੂੰ ਮਰੇ ਤਿੰਨ ਮਹੀਨੇ ਹੋ ਗਏ ਸਨ। ਉਦੋਂ ਦੀ ਇਵੇਂ ਗੁੰਮਸੁੰਮ ਬੈਠੀ ਰਹਿੰਦੀ ਏ। ਤੇ ਫੇਰ ਢਲਦੀ ਰਾਤ ਸਮੇਂ ਉਸਦੇ ਕਮਰੇ 'ਚੋਂ ਗੁਣਗੁਣਾਉਣ ਦੀ ਆਵਾਜ਼ ਕਿਉਂ ਆਉਂਦੀ ਏ ? ਕਿਸ ਖ਼ਵਾਜਾ ਪੀਰ ਨੂੰ ਬੁਲਾਉਂਦੀ ਏ ? 'ਖ਼ਵਾਜਾ ਪੀਰ ਮੋਰੀ ਲੀਜੋ ਖ਼ਬਰ।' ਕੌਣ ਖ਼ਬਰ ਲਏ ? ਕਾਹਦੀ ਖ਼ਬਰ ਲਏ ? ਛੋਟੀ ਚੌਧਰਾਣੀ ਦਾ ਉਹਨਾਂ ਨੂੰ ਮੋਹ ਜ਼ਰੂਰ ਆਉਂਦਾ ਸੀ। ਪਰ ਉਸ ਦੀਆਂ ਗੱਲਾਂ ਸਮਝ 'ਚ ਨਈਂ ਸੀ ਆਉਂਦੀਆਂ। ਪਤਾ ਨਈਂ ਲੱਗਦਾ ਸੀ ਕਿਹੜੀਆਂ ਸੋਚਾਂ 'ਚ ਪਈ ਰਹਿੰਦੀ ਏ !

ਛੋਟੀ ਚੌਧਰਾਣੀ ਨੂੰ ਸਿਰਫ਼ ਇਕ ਸੋਚ ਲੱਗੀ ਸੀ। ਅੰਦਰੋਂ ਇਕ ਆਵਾਜ਼ ਉੱਠਦੀ, "ਬੋਲ ਤੇਰਾ ਜੀਵਨ ਕਿਸ ਕੰਮ ਆਇਆ ?" ਉਹ ਸੋਚ-ਸੋਚ ਹਾਰ ਜਾਂਦੀ, ਪਰ ਇਸ ਸਵਾਲ ਦਾ ਜਵਾਬ ਦਿਮਾਗ਼ 'ਚ ਨਾ ਆਉਂਦਾ। ਉਲਝਦਾ-ਉਲਝਦਾ ਸਵਾਲ ਉਲਝਿਆ—ਮੈਨੂੰ ਚਮਨ 'ਚੋਂ ਕਿਉਂ ਉਖਾੜਿਆ...ਬਲ੍ਹਦ ਬਣਾ ਕੇ ਇਸ ਰੁੱਖ ਦੁਆਲੇ ਘੁਮਾਇਆ ਤੇ ਹੁਣ ਰੁੱਖ ਈ ਉਖਾੜ ਦਿੱਤਾ। ਬਲ੍ਹਦ ਮਿੱਟੀ 'ਚ ਰੁਲ ਗਿਆ। ਹੁਣ ਇਹ ਕਿਸ ਦੁਆਲੇ ਘੁੰਮੇ ? ਦੱਸ ਜੀਵਨ ਕਿਸ ਕੰਮ ਆਇਆ ?

ਉਦੋਂ ਈ ਉਸਨੇ ਮਹਿਸੂਸ ਕੀਤਾ ਕਿ ਕੋਈ ਉਸਦੇ ਐਨ ਸਾਹਮਣੇ ਖੜ੍ਹਾ ਏ। ਸਿਰ ਚੁੱਕੀ। ਸਾਹਮਣੇ ਪਿੰਡ ਦਾ ਪਟਵਾਰੀ ਖੜ੍ਹਾ ਸੀ।

"ਕੀ ਐ ?" ਉਹ ਬੋਲੀ।

"ਮੈਂ ਪਟਵਾਰੀ ਆਂ, ਛੋਟੀ ਚੌਧਰਾਣੀ ਜੀ।"

"ਤਾਂ ਜਾਹ, ਜਾ ਕੇ ਵੱਡੀ ਚੌਧਰਾਣੀ ਨੂੰ ਮਿਲ। ਮੇਰੇ ਕੋਲ ਤੇਰਾ ਕੀ ਕੰਮ ?"

"ਤੁਹਾਡੇ ਤਕ ਈ ਕੰਮ ਏ।" ਉਸ ਕਿਹਾ।

"ਤਾਂ ਬੋਲ ਕੀ ਕਹਿਣਾ ਏ ?"

"ਪਿੰਡ 'ਚ ਦਰਵੇਸ਼ ਆਏ ਨੇ। ਪਿੰਡ ਵਾਲੇ ਚਾਹੁੰਦੇ ਨੇ ਉਹਨਾਂ ਨੂੰ ਕੁਛ ਦਿਨ ਇੱਥੇ ਰੋਕਿਆ ਜਾਏ। ਜੇ ਤੁਸੀਂ ਇਜਾਜ਼ਤ ਦਿਓ ਤਾਂ ਤੁਹਾਡੇ ਮਹਿਮਾਨਖਾਨੇ 'ਚ ਠਹਿਰਾ ਦੇਈਏ...?"

"ਠਹਿਰਾ ਦਿਓ।" ਉਹ ਬੋਲੀ।

"ਨੌਕਰ ਚਾਕਰ, ਬੰਦੋਬਸਤ।" ਉਹ ਰੁਕ ਗਿਆ।

"ਸਭ ਹੋ ਜਾਏਗਾ।"

ਪਟਵਾਰੀ ਸਲਾਮ ਕਰਕੇ ਤੁਰਨ ਲੱਗਾ ਤਾਂ ਪਤਾ ਨਈਂ ਕਿਉਂ ਉਸਨੇ ਸਰਸਰੀ ਤੌਰ 'ਤੇ ਪੁੱਛਿਆ, "ਕਿੱਥੋਂ ਆਏ ਨੇ ?"

ਪਟਵਾਰੀ ਬੋਲਿਆ, "ਅਜਮੇਰ ਸ਼ਰੀਫ਼ ਤੋਂ ਆਏ ਨੇ। ਖ਼ਵਾਜਾ ਨਿਵਾਜ਼ ਦੇ ਫ਼ਕੀਰ ਨੇ।"

ਇਕ ਧਮਾਕਾ ਹੋਇਆ ਛੋਟੀ ਚੌਧਰਾਣੀ ਦੀਆਂ ਬੋਟੀਆਂ ਹਵਾ 'ਚ ਉੱਛਲੀਆਂ।

**ਅ**ਗਲੀ ਸ਼ਾਮ ਛੋਟੀ ਚੌਧਰਾਣੀ ਨੇ ਜੱਨਤ ਬੀਬੀ ਨੂੰ ਪੁੱਛਿਆ, "ਜੱਨਤ, ਇਹ ਜਿਹੜੇ ਦਰਵੇਸ਼ ਠਹਿਰੇ ਹੋਏ ਐ ਏਥੇ, ਉਹਨਾਂ ਕੋਲ ਗਾਉਣ ਵਾਲੇ ਆਉਂਦੇ ਐ ਕਿ ?"

ਜੱਨਤ ਬੋਲੀ, "ਹੋਰ ਛੋਟੀ ਚੌਧਰਾਣੀ, ਓਥੇ ਤਾਂ ਸਾਰਾ ਦਿਨ ਲੋਕਾਂ ਦਾ ਮੇਲਾ ਲੱਗਿਆ ਰਹਿੰਦੈ। ਬੜੇ ਪਹੁੰਚੇ ਹੋਏ ਐ। ਜੋ ਮੂੰਹੋਂ ਕਹਿ ਦਿੰਦੇ ਐ, ਹੋ ਜਾਂਦੈ।"

"ਤੂੰ ਤਿਆਰ ਹੋ ਜੱਨਤ। ਆਪਾਂ ਵੀ ਚੱਲਾਂਗੇ। ਤੂੰ ਤੇ ਮੈਂ।"

"ਚੌਧਰਾਣੀ ਜੀ ਉਹ ਅਸਤ ਤੋਂ ਬਾਅਦ ਕਿਸੇ ਨੂੰ ਨਈਂ ਮਿਲਦੇ।"

"ਤੂੰ ਚੱਲ ਤਾਂ ਸਹੀ।" ਚੌਧਰਾਣੀ ਨੇ ਖ਼ੁਦ ਨੂੰ ਚਾਦਰ 'ਚ ਲਪੇਟਦਿਆਂ ਹੋਇਆਂ ਕਿਹਾ, "ਤੇ ਦੇਖ ਓਥੇ ਮੈਨੂੰ ਚੌਧਰਾਣੀ ਕਹਿ ਕੇ ਨਾ ਬੁਲਾਵੀਂ। ਖ਼ਬਰਦਾਰ!"

**ਜ**ਦੋਂ ਉਹ ਮਹਿਮਾਨਖ਼ਾਨੇ ਪਹੁੰਚੇ ਤਾਂ ਦਰਵਾਜ਼ਾ ਬੰਦ ਸੀ। ਜੱਨਤ ਨੇ ਬੂਹਾ ਖੜਕਾਇਆ। "ਕੌਣ ਏ ?" ਅੰਦਰੋਂ ਆਵਾਜ਼ ਆਈ। ਜੱਨਤ ਨੇ ਫੇਰ ਬੂਹਾ ਖੜਕਾਇਆ। ਚਿੱਟ-ਕੱਪੜੀਏ ਬੁੱਢੇ ਸੇਵਕ ਨੇ ਦਰਵਾਜ਼ਾ ਖੋਲ੍ਹਿਆ। ਜੱਨਤ ਜ਼ਬਰਦਸਤੀ ਅੰਦਰ ਵੜ ਗਈ। ਪਿੱਛੇ-ਪਿੱਛੇ ਚੌਧਰਾਣੀ ਸੀ। ਚਿੱਟ-ਕੱਪੜੀਆ ਘਬਰਾ ਗਿਆ। ਬੋਲਿਆ, "ਸਾਈਂ ਬਾਦਸ਼ਾਹ ਅਸਤ ਤੋਂ ਬਾਅਦ ਕਿਸੇ ਨੂੰ ਨਈਂ ਮਿਲਦੇ। ਉਹ ਇਸ ਕਮਰੇ 'ਚ ਬੰਦ ਨੇ।"

"ਅਸੀਂ ਸਾਈਂ ਬਾਦਸ਼ਾਹ ਨੂੰ ਮਿਲਣ ਨਈਂ ਆਏ।" ਛੋਟੀ ਚੌਧਰਾਣੀ ਬੋਲੀ।

"ਹੋਰ ਫੇਰ ?" ਚਿੱਟ-ਕੱਪੜੀਏ ਸੇਵਕ ਨੇ ਘਬਰਾ ਕੇ ਕਿਹਾ।

"ਇਕ ਸਵਾਲ ਪੁੱਛਣਾ ਏ।" ਛੋਟੀ ਚੌਧਰਾਣੀ ਨੇ ਕਿਹਾ।

"ਸਾਈਂ ਬਾਬਾ ਏਸ ਸਮੇਂ ਸਵਾਲ ਦਾ ਜਵਾਬ ਨਈਂ ਦੇਣਗੇ।"

"ਸਾਈਂ ਬਾਬਾ ਨੇ ਜਵਾਬ ਨਈਂ ਦੇਣਾ, ਉਹਨਾਂ ਨੇ ਪੁੱਛਣਾ ਏ।"

"ਕਿਸ ਨੂੰ ਪੁੱਛਣਾ ਏ ?" ਸੇਵਕ ਬੋਲਿਆ।

"ਉਸਨੂੰ ਪੁੱਛਣਾ ਏ ਜਿਸਦੇ ਉਹ ਚਰਣੀ ਲੱਗੇ ਨੇ।" ਇਹ ਸੁਣ ਕੇ ਚਿੱਟ-ਕੱਪੜੀਆ ਸੇਵਕ ਸੁੰਨ ਹੋ ਕੇ ਖੜ੍ਹੇ ਦਾ ਖੜ੍ਹਾ ਰਹਿ ਗਿਆ।



"ਉਹਨਾਂ ਨੂੰ ਪੁੱਛੋ...।" ਛੋਟੀ ਚੌਧਰਾਣੀ ਨੇ ਕਿਹਾ, "ਇਕ ਔਰਤ ਤੇਰੇ ਦੁਆਰ 'ਤੇ ਖੜ੍ਹੀ ਪੁੱਛ ਰਹੀ ਏ, ਹੇ ਗਰੀਬ ਨਿਵਾਜ਼ ਕਿ ਮੇਰਾ ਜੀਵਨ ਕਿਸ ਕੰਮ ਆਇਆ ?"

ਕਮਰੇ 'ਚ ਮਣਾਂ ਮੂੰਹੀਂ ਬੋਝਲ ਚੁੱਪ ਪਸਰ ਗਈ।

ਛੋਟੀ ਚੌਧਰਾਣੀ ਬੋਲੀ, "ਕਹੋ ਉਹ ਔਰਤ ਪੁੱਛਦੀ ਏ—ਤੂੰ ਬੈਠਕ ਦੇ ਗਮਲੇ 'ਚੋਂ ਇਕ ਬੂਟਾ ਤੋੜਿਆ। ਉਸਨੂੰ ਵੇਲ ਬਣਾ ਕੇ ਇਕ ਰੁੱਖ ਦੇ ਗਿਰਦ ਲਪੇਟ ਦਿੱਤਾ ਕਿ ਜਾਹ ਇਸ 'ਤੇ ਨਿਸਾਰ ਹੁੰਦੀ ਰਹੁ।" ਉਹ ਚੁੱਪ ਹੋ ਗਈ। ਕਮਰੇ ਦੀ ਚੁੱਪ ਹੋਰ ਗੂੜ੍ਹੀ ਹੋ ਗਈ। "ਹੁਣ ਤੂੰ ਉਹ ਰੁੱਖ ਈ ਪੁੱਟ ਛੱਡਿਆ। ਵੇਲ ਮਿੱਟੀ 'ਚ ਰੁਲ ਗਈ। ਉਹ ਵੇਲ ਪੁੱਛਦੀ ਏ—ਬੋਲ ਮੇਰਾ ਜੀਵਨ ਕਿਸ ਕੰਮ ਆਇਆ ?" ਇਹ ਕਹਿ ਕੇ ਉਹ ਚੁੱਪ ਹੋ ਗਈ।

"ਤੇਰਾ ਜੀਵਨ ਕਿਸ ਕੰਮ ਆਇਆ। ਤੇਰਾ ਜੀਵਨ ਕਿਸ ਕੰਮ ਆਇਆ।" ਚਿੱਟ-ਕੱਪੜੀਏ ਸੇਵਕ ਦੇ ਬੁੱਲ੍ਹ ਫਰਕਣ ਲੱਗੇ। "ਤੂੰ ਪੁੱਛਦੀ ਏਂ, ਤੇਰਾ ਜੀਵਨ ਕਿਸ ਕੰਮ ਆਇਆ ?" ਉਹ ਰੁਕ ਗਿਆ। ਕਮਰੇ ਦੀ ਚੁੱਪ ਏਨੀ ਬੋਝਲ ਹੋ ਗਈ ਕਿ ਸਹਾਰੀ ਨਾ ਜਾਏ।

"ਮੇਰੇ ਵੱਲ ਦੇਖ।" ਸਫ਼ੇਦਪੋਸ਼ ਸੇਵਕ ਨੇ ਕਿਹਾ, "ਸੁਨਹਿਰੇ ਬਾਈ, ਮੇਰੇ ਵੱਲ ਦੇਖ ਕਿ ਤੇਰਾ ਜੀਵਨ ਕਿਸ ਕੰਮ ਆਇਆ। ਮੈਨੂੰ ਨਈਂ ਪਛਾਣਦੀ ? ਮੈਂ ਤੇਰਾ ਸਾਰੰਗੀ ਨਿਵਾਜ਼ ਸੀ। ਦੇਖ ਮੈਂ ਕੀ ਸੀ ਕੀ ਬਣ ਗਿਆ।"

ਛੋਟੀ ਚੌਧਰਾਣੀ ਦੇ ਮੂੰਹੋਂ ਇਕ ਚੀਕ ਨਿਕਲੀ, "ਉਸਤਾਦ ਜੀ, ਤੁਸੀਂ!" ਉਹ ਉਸਤਾਦ ਦੇ ਪੈਰ ਛੂਹਣ ਲਈ ਅੱਗੇ ਵਧੀ।

ਐਨ ਉਸੇ ਵੇਲੇ ਨਾਲ ਵਾਲੇ ਕਮਰੇ ਦਾ ਦਰਵਾਜ਼ਾ ਖੁੱਲ੍ਹਿਆ। ਇਕ ਭਾਰੀ ਨੂਰਾਨੀ ਚਿਹਰਾ ਨਜ਼ਰ ਆਇਆ।

"ਸੁਨਹਿਰੀ ਬੀਬੀ।" ਉਹ ਬੋਲਿਆ, "ਮੈਨੂੰ ਪੁੱਛ ਤੇਰਾ ਜੀਵਨ ਕਿਸ ਕੰਮ ਆਇਆ।"

ਛੋਟੀ ਚੌਧਰਾਣੀ ਨੇ ਭੌਂ ਕੇ ਦੇਖਿਆ। "ਠਾਕੁਰ!" ਉਹ ਕੂਕੀ।

ਠਾਕੁਰ ਬੋਲਿਆ, "ਹੁਣ ਸਾਨੂੰ ਪਤਾ ਲੱਗਾ ਕਿ ਸਰਕਾਰ ਨੇ ਸਾਨੂੰ ਏਧਰ ਆਉਣ ਦਾ ਹੁਕਮ ਕਿਓਂ ਦਿੱਤਾ ਸੀ।" ਉਸਨੇ ਸੁਨਹਿਰੀ ਬੀਬੀ ਦੇ ਸਾਹਮਣੇ ਆਪਣਾ ਸਿਰ ਝੁਕਾ ਦਿੱਤਾ। ਬੋਲਿਆ, "ਬੀਬੀ, ਸਾਨੂੰ ਅਸ਼ੀਰਵਾਦ ਦਿਓ।"

# ਭੰਵਰ

**—ਗੁਲਾਮ ਅੱਬਾਸ**

*(17-11-1909 - 02-11-1982)*

ਰੱਬ ਦੇ ਕੁੱਝ ਬੰਦੇ ਅਜਿਹੇ ਵੀ ਹਨ ਜਿਨ੍ਹਾਂ ਲਈ ਰੋਜ਼ੇ ਤੇ ਦਾਅਵਤ ਦਾ ਪਾਬੰਦ ਹੋਣਾ ਹੀ ਕਾਫੀ ਨਹੀਂ ਹੁੰਦਾ ਬਲਕਿ ਉਹ ਆਪਣੇ ਮਜ਼ਹਬੀ ਵਲਵਲਿਆਂ ਦੀ ਸੰਤੁਸ਼ਟੀ ਲਈ ਇਸਤੋਂ ਕਿਤੇ ਜ਼ਿਆਦਾ ਚਾਹੁੰਦੇ ਹਨ। ਉਨ੍ਹਾਂ ਦੀ ਤਮੰਨਾ ਹੁੰਦੀ ਹੈ ਕਿ ਜਿਸ ਨੂਰ ਨਾਲ ਉਨ੍ਹਾਂ ਦਾ ਸੀਨਾ ਰੋਸ਼ਨ ਹੈ ਉਸ ਦੀ ਕਿਰਨ ਦੂਜਿਆਂ ਤੱਕ ਵੀ ਪਹੁੰਚੇ। ਉਹ ਗੁਮਰਾਹਾਂ ਨੂੰ ਸੇਧ ਦੇਣ ਲਈ ਖਤਰਨਾਕ ਥਾਵਾਂ ਤੇ ਜਾਣ ਤੋਂ ਵੀ ਨਹੀਂ ਘਬਰਾਂਦੇ। ਉਨ੍ਹਾਂ ਨੂੰ ਨਾ ਜਾਨ ਦੀ ਪਰਵਾਹ ਹੁੰਦੀ ਹੈ ਅਤੇ ਨਾ ਜੱਗ ਹੱਸਾਈ ਦੀ। ਬਲਕਿ ਉਹ ਇਸ ਕੰਮ ਨੂੰ ਆਪਣਾ ਫਰਜ਼ ਸਮਝ ਕੇ ਕਰਦੇ ਹਨ।

ਹਾਜੀ ਸ਼ਫਾਇਤ ਅਹਿਮਦ ਖ਼ਾਨ ਅਜਿਹੇ ਹੀ ਧਰਮੀ ਬੰਦਿਆਂ ਵਿੱਚੋਂ ਸਨ। ਪੰਜਾਹ ਦੇ ਲੱਗਭੱਗ ਉਮਰ। ਭਾਰੀ ਭਰਕਮ ਸਰੀਰ ਲੇਕਿਨ ਕਾਫੀ ਘਟਿਆ ਹੋਇਆ, ਜਾਪਦਾ ਸੀ ਜਵਾਨੀ ਵਿੱਚ ਕਦੇ ਕਸਰਤ ਦਾ ਸ਼ੌਕ ਰਿਹਾ ਹੋਵੇਗਾ। ਗੋਰਾ ਲਾਲ ਰੰਗ, ਚੌੜਾ ਚਿਹਰਾ, ਕਰੜਬਰੜੀ ਦਾੜ੍ਹੀ ਲੇਕਿਨ ਖੂਬ ਭਰੀ ਹੋਈ। ਅੱਖਾਂ ਵੱਡੀਆਂ ਵੱਡੀਆਂ ਸ਼ਰਬਤੀ ਰੰਗ ਦੀਆਂ ਜਿਨ੍ਹਾਂ ਵਿੱਚ ਹਰ ਵੇਲੇ ਲਾਲੀ ਝਲਕਦੀ ਰਹਿੰਦੀ ਸੀ। ਚਿਹਰੇ ਉੱਤੇ ਇੱਕ ਜਲਾਲ ਦੀ ਸਥਿਤੀ। ਲਿਬਾਸ ਉਨ੍ਹਾਂ ਦਾ ਆਮ ਤੌਰ ਤੇ ਇਹ ਹੁੰਦਾ -ਖ਼ਾਕੀ ਰੰਗ ਦੀ ਸਲਵਾਰ, ਖ਼ਾਕੀ ਰੰਗ ਦੀ ਕਮੀਜ਼, ਚਾਰਖਾਨੇ ਦੇ ਕੱਪੜੇ ਦਾ ਕੋਟ , ਪੈਰਾਂ ਵਿੱਚ ਨਰੀ ਦੀ ਜੁੱਤੀ ਜਿਹੜੀ ਹਮੇਸ਼ਾ ਧੂੜ ਨਾਲ ਅੱਟੀ ਰਹਿੰਦੀ। ਸਿਰ ਤੇ ਸਫ਼ੈਦ ਸਾਫਾ ਜਿਸ ਤੇ ਕਾਲਾ ਪੰਖ ਬੰਨ੍ਹਿਆ ਹੁੰਦਾ। ਹੱਥ ਵਿੱਚ ਮੋਟੀ ਬੈਂਤ ਦੀ ਸੋਟੀ। ਯਾਨੀ ਕਿ ਲਿਬਾਸ ਅਤੇ ਸ਼ਕਲ ਸੂਰਤ ਤੋਂ ਉਹ ਅੱਛੇ ਖਾਸੇ ਮਰਦ ਮੁਜਾਹਿਦ ਜਾਪਦੇ ਸੀ।

ਹਾਜੀ ਸਾਹਬ ਸਵੇਰ ਹੁੰਦਿਆਂ ਸ਼ਹਿਰ ਦੇ ਇੱਕ ਸਿਰੇ ਤੋਂ ਜੋ ਗਸ਼ਤ ਸ਼ੁਰੂ ਕਰਦੇ ਤਾਂ ਸ਼ਾਮ ਹੁੰਦੇ ਹੁੰਦੇ ਜਿਵੇਂ ਪੂਰੇ ਸ਼ਹਿਰ ਨੂੰ ਖੰਗਾਲ ਛੱਡਦੇ। ਉਨ੍ਹਾਂ ਨੂੰ ਜਾਨਣ ਵਾਲਿਆਂ ਦੀ ਕੋਈ ਗਿਣਤੀ ਨਹੀਂ ਸੀ। ਕਦਮ ਕਦਮ ਤੇ ਅਲੈਕ ਸਲੈਕ ਹੁੰਦੀ ਰਹਿੰਦੀ। ਕਦੇ ਪੌਣਾ ਪੌਣਾ ਘੰਟਾ ਸੜਕ ਦੇ ਕਿਨਾਰੇ ਹੀ ਨਸੀਹਤ ਤੇ ਹਦਾਇਤ ਦਾ ਸਿਲਸਿਲਾ ਜਾਰੀ ਰਹਿੰਦਾ। ਕਦੇ ਕੋਈ ਜਾਣ ਪਛਾਣ ਵਾਲਾ ਕਿਸੇ ਲੋੜ ਲਈ ਨਾਲ ਲੈ ਜਾਂਦਾ ਪਰ ਘੰਟੇ ਡੇਢ ਘੰਟੇ ਬਾਅਦ ਉਹ ਫਿਰ ਗਸ਼ਤ ਵਿੱਚ ਮਸਰੂਫ ਹੋ ਜਾਂਦੇ।



ਉਹ ਆਪਣੀ ਦੀਨਦਾਰੀ ਅਤੇ ਬਜ਼ੁਰਗੀ ਦੀ ਵਜ੍ਹਾ ਨਾਲ ਬੜੇ ਹਰਮਨ ਪਿਆਰੇ ਸਨ। ਇੱਥੋਂ ਤੱਕ ਕਿ ਸ਼ਹਿਰ ਦੇ ਅਧਿਕਾਰੀ ਵੀ ਉਨ੍ਹਾਂ ਦੀ ਇੱਜ਼ਤ ਕਰਦੇ ਸਨ। ਕਦੇ ਮੁਹੱਲੇ ਦਾ ਕੋਈ ਅਵਾਰਾ ਸੁਭਾਅ ਦਾ ਲੜਕਾ ਜੂਆ ਖੇਡਦਾ ਜਾਂ ਕਿਸੇ ਹੋਰ ਕੰਮ ਵਿੱਚ ਫੜਿਆ ਜਾਂਦਾ ਤਾਂ ਉਸ ਦਾ ਬਾਪ ਹਾਜੀ ਸਾਹਬ ਦੀ ਹੀ ਸ਼ਰਣ ਲੈਂਦਾ।

ਹਜ਼ੂਰ ਇਸ ਨਾਲਾਇਕ ਕੋਲੋਂ ਤੰਗ ਆ ਗਿਆ ਹਾਂ। ਮੈਂ ਤਾਂ ਕਦੋਂ ਦਾ ਬੇਦਖਲ ਕਰ ਦਿੱਤਾ ਹੁੰਦਾ ਪਰ ਇਹਦੀ ਬਦਨਸੀਬ ਮਾਂ ਕੁੱਝ ਕਰਨ ਨਹੀਂ ਦਿੰਦੀ। ਜਦੋਂ ਤੋਂ ਸੁਣਿਆ ਹੈ ਕਿ ਹਵਾਲਾਤ ਵਿੱਚ ਬੰਦ ਹੈ ਪਿੱਟ ਪਿੱਟ ਕੇ ਬੁਰਾ ਹਾਲ ਕਰ ਲਿਆ ਹੈ।

'ਤੇ ਹਾਜੀ ਸਾਹਬ ਦੀ ਸਿਫਾਰਸ਼ ਤੇ ਥਾਣੇਦਾਰ ਮਾਮੂਲੀ ਜਿਹੀ ਡਾਂਟ ਡਪਟ ਤੋਂ ਬਾਅਦ ਲੜਕੇ ਨੂੰ ਰਿਹਾ ਕਰ ਦਿੰਦਾ।

ਉਨ੍ਹਾਂ ਦੇ ਰਸੂਖ ਦਾ ਕਾਰਣ ਇਹ ਵੀ ਸੀ ਕਿ ਕਿਸੇ ਵੇਲੇ ਉਹ ਖੁਦ ਵੀ ਸ਼ਹਿਰ ਦੇ ਅਧਿਕਾਰੀਆਂ ਵਿੱਚ ਸਨ। ਸ਼ੁਰੂ ਤੋਂ ਹੀ ਉਹ ਨੇਕ ਅਤੇ ਨਿਮਰ ਸੁਭਾਅ ਨਾਲ ਪੇਸ਼ ਆਉਂਦੇ ਸਨ। ਸਾਦਗੀ ਨਾਲ ਜ਼ਿੰਦਗੀ ਬਤੀਤ ਕਰਦੇ ਸਨ, ਇਸੇ ਦਾ ਨਤੀਜਾ ਸੀ ਕਿ ਉਨ੍ਹਾਂ ਨੇ ਥੋੜ੍ਹੀ ਥੋੜ੍ਹੀ ਪੂੰਜੀ ਜੋੜਕੇ ਇੱਕ ਛੋਟਾ ਜਿਹਾ ਘਰ ਬਣਾ ਲਿਆ ਸੀ। ਜਦੋਂ ਉਨ੍ਹਾਂ ਨੂੰ ਨੌਕਰੀ ਕਰਦੇ ਹੋਏ ਵੀਹ ਸਾਲ ਹੋ ਗਏ ਤਾਂ ਹੱਜ ਦਾ ਸ਼ੌਕ ਹੋਇਆ। ਇਸ ਫਰਜ਼ ਤੋਂ ਵਿਹਲੇ ਹੋ ਕੇ ਜਦੋਂ ਵਤਨ ਵਾਪਸ ਪਰਤੇ ਤਾਂ ਇੱਕ ਦੁਖਦਾਈ ਘਟਨਾ ਉਨ੍ਹਾਂ ਨਾਲ ਵਾਪਰ ਗਈ। ਉਨ੍ਹਾਂ ਦਾ ਇਕਲੌਤਾ ਬੇਟਾ ਜਿਸ ਦੀ ਉਮਰ ਅਠਾਰਾਂ ਸਾਲ ਸੀ, ਹੈਜ਼ੇ ਦਾ ਸ਼ਿਕਾਰ ਹੋ ਕੇ ਚੌਵੀ ਘੰਟੇ ਦੇ ਅੰਦਰ ਅੰਦਰ ਚੱਲ ਵਸਿਆ। ਫਿਰ ਉਸ ਤੋਂ ਦੋ ਦਿਨ ਬਾਅਦ ਉਸਦੀ ਮਾਂ, ਜਿਸਨੂੰ ਬੇਟੇ ਦੀ ਵੇਖਭਾਲ ਕਰਦੇ ਹੋਏ ਲਾਗ ਲੱਗ ਗਈ ਸੀ, ਵੀ ਉਸ ਕੋਲ ਪਹੁੰਚ ਗਈ। ਇਸ ਹਾਦਸੇ ਦਾ ਉਨ੍ਹਾਂ ਦੇ ਦਿਲ ਤੇ ਇੰਨਾ ਗਹਿਰਾ ਅਸਰ ਹੋਇਆ ਕਿ ਉਨ੍ਹਾਂ ਨੇ ਧਾਰਮਿਕ ਰਸਮਾਂ ਤੋਂ ਮੂੰਹ ਮੋੜ ਲਿਆ ਅਤੇ ਬਾਕੀ ਉਮਰ ਰਹਿਨੁਮਾਈ ਤੇ ਪ੍ਰਚਾਰ ਵਿੱਚ ਲਗਾ ਦਿੱਤੀ।

ਉਨ੍ਹਾਂ ਹੀ ਸਮਿਆਂ ਵਿੱਚ ਉਨ੍ਹਾਂ ਦੇ ਦਿਮਾਗ ਵਿੱਚ ਇਹ ਖਿਆਲ ਸਮਾ ਗਿਆ ਕਿ ਵੇਸਵਾਵਾਂ ਦਾ ਸੁਧਾਰ ਕੀਤਾ ਜਾਵੇ। ਭਲਾ ਚਕਲਿਆਂ ਨਾਲੋਂ ਵਧ ਕੇ ਮੁਸੀਬਤ ਦੇ ਅੱਡੇ ਹੋਰ ਕਿਹੜੇ ਹੋ ਸਕਦੇ ਹਨ। ਇਸ ਲਈ ਉਨ੍ਹਾਂ ਦਾ ਇਹ ਦਸਤੂਰ ਸੀ ਕਿ ਹਰ ਜੁਮੇਰਾਤ ਉਹ ਕੁਰਾਨੇ ਮਜੀਦ ਹਰੇ ਬਸਤੇ ਵਿੱਚ ਰੱਖਕੇ ਸੀਨੇ ਨਾਲ ਲਗਾਕੇ ਵੇਸਵਾਵਾਂ ਦੇ ਬਾਜ਼ਾਰ ਵੱਲ ਨਿਕਲ ਪੈਂਦੇ ਅਤੇ ਉਨ੍ਹਾਂ ਨੂੰ ਗੁਨਾਹਾਂ ਤੋਂ ਤੌਬਾ ਕਰਨ ਅਤੇ ਨੇਕ ਰਾਹ ਤੇ ਚੱਲਣ ਦੀ ਸਿੱਖਿਆ ਦੇਂਦੇ। ਹੌਲੀ ਹੌਲੀ ਉਨ੍ਹਾਂ ਔਰਤਾਂ ਦੇ ਘਰਾਂ ਵਿੱਚ ਉਨ੍ਹਾਂ ਦਾ ਆਉਣਾ ਜਾਣਾ ਉਨ੍ਹਾਂ ਦਾ ਨੇਮ ਬਣ ਗਿਆ। ਉਨ੍ਹਾਂ ਦੀ ਸ਼ਕਲ ਵੇਖਦੇ ਹੀ ਗਾਣਾ ਬਜਾਣਾ ਬੰਦ ਕਰ ਦਿੱਤਾ ਜਾਂਦਾ ਅਤੇ ਉਨ੍ਹਾਂ ਦੀ ਸਿੱਖਿਆ ਅਤੇ ਨਸੀਹਤ ਨੂੰ ਖਾਮੋਸ਼ੀ ਨਾਲ ਸੁਣਿਆ ਜਾਂਦਾ । ਉਸ ਤੋਂ ਪਿੱਛੋਂ ਘਰ ਦੀ ਕੋਈ ਵੱਡੀ ਬੁੱਢੀ ਜਾਂ ਨਾਇਕਾ ਇਸ ਅੰਦਾਜ਼ ਵਿੱਚ ਜੋ ਹੁੰਦਾ ਤਾਂ ਨਰਮ ਪਰ ਵਿਅੰਗ ਤੋਂ ਖਾਲੀ ਨਾ ਹੁੰਦਾ, ਕਹਿੰਦੀ –

" ਜਨਾਬ ਜੀ ਆਪਣੇ ਸ਼ੌਕ ਨਾਲ ਤਾਂ ਅਸੀਂ ਇਹ ਗੁਨਾਹ ਕਰਦੇ ਨਹੀਂ। ਇਹ ਨਰਕ ਜੋ ਲੱਗਿਆ ਹੋਇਆ ਹੈ ਇਸਨੂੰ ਵੀ ਤਾਂ ਭਰਨਾ ਹੈ। ਤੁਸੀਂ ਸਾਡੇ ਗੁਜ਼ਾਰੇ ਦਾ ਪ੍ਰਬੰਧ

ਕਰ ਦੇਵੋ ।ਅਸੀਂ ਅੱਜ ਹੀ ਪੇਸ਼ੇ ਨੂੰ ਛੱਡ ਦਿੰਦੇ ਹਾਂ ਲੇਕਿਨ ਪ੍ਰਬੰਧ ਢੁੱਕਵਾਂ ਹੋਣਾ ਚਾਹੀਦਾ ਹੈ। ਮਾਮਗਿਰੀ ਤਾਂ ਅਸੀਂ ਕਰਨੋਂ ਰਹੇ। " ਇਸ ਤਰ੍ਹਾਂ ਉਨ੍ਹਾਂ ਨੂੰ ਉਸ ਸਮੇਂ ਟਾਲ ਦਿੱਤਾ ਜਾਂਦਾ।

ਲੇਕਿਨ ਕਦੇ ਕਦੇ ਕੋਠਿਆਂ ਤੇ ਹਾਜੀ ਸਾਹਬ ਦਾ ਅਪਮਾਨ ਵੀ ਖ਼ੂਬ ਹੁੰਦਾ ਅਤੇ ਉਨ੍ਹਾਂ ਨੂੰ ਗੁਨਾਹ ਅਤੇ ਬੇਸ਼ਰਮੀ ਦੇ ਅਜਿਹੇ ਨਜ਼ਾਰੇ ਵੇਖਣੇ ਪੈਂਦੇ ਕਿ ਸ਼ਰਮ ਨਾਲ ਨਜ਼ਰਾਂ ਝੁਕਾਉਣੀਆਂ ਪੈਂਦੀਆਂ। ਇੱਕ ਦਿਨ ਇੱਕ ਕੋਠੇ ਤੇ ਮਹਿਮਾਨੀ ਦਾ ਆਯੋਜਨ ਸੀ। ਬਦਕਿਸਮਤੀ ਨਾਲ ਹਾਜੀ ਸਾਹਬ ਉਥੇ ਪਹੁੰਚ ਗਏ। ਉਨ੍ਹਾਂ ਨੂੰ ਵੇਖਦਿਆਂ ਹੀ ਇੱਕ ਵੇਸਵਾ ਨੇ, ਜਿਸ ਦੇ ਮੂੰਹ ਤੋਂ ਸ਼ਰਾਬ ਦੇ ਨਸ਼ੇ ਦੀ ਰਾਲ ਟਪਕ ਰਹੀ ਸੀ, ਅੱਗੇ ਵਧ ਕੇ ਉਨ੍ਹਾਂ ਦੇ ਗਲੇ ਵਿੱਚ ਬਾਹਵਾਂ ਪਾ ਦਿੱਤੀਆਂ ਤੇ ਉਨ੍ਹਾਂ ਦੀ ਲੰਬੀ ਦਾੜ੍ਹੀ ਦੇ ਚੁੰਮਣ ਲੈਣੇ ਸ਼ੁਰੂ ਕਰ ਦਿੱਤੇ । ਫੇਰ ਉਹ ਲੜਖੜਾਉਂਦੀ ਹੋਈ ਆਵਾਜ਼ ਵਿੱਚ ਬੋਲੀ :

" ਐ ਮੇਰੇ ਮਜਾਜ਼ੀ ਖੁਦਾ ਮੈਨੂੰ ਆਪਣੇ ਨਾਲ ਲੈ ਚੱਲ। ਮੈਂ ਤੇਰੇ ਪੈਰ ਦਬਾਵਾਂਗੀ। ਤੇਰੇ ਸਿਰ ਤੇ ਤੇਲ ਝੱਸਾਂਗੀ। ਤੇਰੀ ਦਾੜ੍ਹੀ ਵਿੱਚ ਕੰਘੀ ਕਰਾਂਗੀ। "

ਇਹ ਨਜ਼ਾਰਾ ਦੇਖਕੇ ਸਾਰੀਆਂ ਰੰਡੀਆਂ ਤੇ ਉਨ੍ਹਾਂ ਦੇ ਜਾਣੂੰ ਲੋਕ ਜੋ ਉਥੇ ਇਕੱਠੇ ਸਨ, ਹੱਸ ਹੱਸ ਕੇ ਦੂਹਰੇ ਹੋ ਗਏ।

ਅਜਿਹੇ ਮੌਕਿਆਂ ਉੱਤੇ ਉਹ ਪੈਗ਼ੰਬਰਾਂ ਅਤੇ ਵਲੀਆਂ ਦੇ ਕਿੱਸੇ ਯਾਦ ਕਰਦੇ ਕਿ ਉਨ੍ਹਾਂ ਨੂੰ ਸੱਚਾਈ ਦੇ ਰਸਤੇ ਵਿੱਚ ਕਿਹੋ ਜਿਹੇ ਅਪਮਾਨ ਅਤੇ ਮੁਸੀਬਤਾਂ ਝੱਲਣੀਆਂ ਪਈਆਂ ਅਤੇ ਇਸ ਤਰ੍ਹਾਂ ਆਪਣੇ ਦਿਲ ਨੂੰ ਤਾਕਤ ਤੇ ਉਤਸਾਹ ਦੇਕੇ ਉਹ ਪਹਿਲਾਂ ਨਾਲੋਂ ਜ਼ਿਆਦਾ ਤਤਪਰਤਾ ਨਾਲ ਪ੍ਰਚਾਰ ਦਾ ਕੰਮ ਜਾਰੀ ਰੱਖਦੇ।

ਹੌਲੀ ਹੌਲੀ ਉਹ ਇਸ ਮੁਹੱਲੇ ਵਿੱਚ ਕਾਫੀ ਬਦਨਾਮ ਹੋ ਗਏ। ਕਈ ਵਾਰ ਆਵਾਰਾ ਮੁੰਡਿਆਂ ਅਤੇ ਬਦਚਲਨ ਲਫੰਗਿਆਂ ਦੀ ਟੋਲੀ ਉਨ੍ਹਾਂ ਦੇ ਪਿੱਛੇ ਪੈ ਜਾਂਦੀ। ਇਹ ਲੋਕੀਂ ਅਟਾਰੀਆਂ ਵਿੱਚ ਬੈਠੀਆਂ ਵੇਸਵਾਵਾਂ ਵੱਲ ਹੱਥਾਂ ਨਾਲ ਤਰ੍ਹਾਂ ਤਰ੍ਹਾਂ ਦੇ ਇਸ਼ਾਰੇ ਕਰਦੇ ਹੋਏ ਲੱਚਰ ਆਵਾਜ਼ਾਂ ਕਸਦੇ ਤੇ ਹਾਜੀ ਸਾਹਬ ਨੂੰ ਆਪਣਾ ਲੀਡਰ ਬਣਾ ਕੇ ਮਖੌਲ ਵਾਲੇ ਨਾਅਰੇ ਲਾਉਂਦੇ । ਇਨ੍ਹਾਂ ਗੱਲਾਂ ਕਰਕੇ ਹੀ ਲੋਕੀਂ ਹਾਜੀ ਸਾਹਬ ਨੂੰ ਔਲਾ ਮੌਲਾ ਤੇ ਦੀਵਾਨਾ ਸਮਝਣ ਲੱਗ ਗਏ ਸੀ । ਉਹ ਇਹਦੇ ਬਾਰੇ ਸਪੱਸ਼ਟੀਕਰਣ ਵੀ ਦਿੰਦੇ ਕਿ ਇਕਲੌਤੇ ਜਵਾਨ ਬੇਟੇ ਦੀ ਮੌਤ ਨਾਲ ਉਨ੍ਹਾਂ ਦੇ ਦਿਮਾਗ ਵਿੱਚ ਸੁੰਨਾਪਣ ਆ ਗਿਆ ਹੈ।

ਇੱਕ ਦਿਨ ਹਾਜੀ ਸਾਹਬ ਕੋਲ ਇੱਕ ਵਿਅਕਤੀ ਖ਼ਬਰ ਲਿਆਇਆ ਕਿ ਬਾਜ਼ਾਰ ਵਿੱਚ ਦੋ ਨਵੀਂ ਰੰਡੀਆਂ ਆਈਆਂ ਹਨ। ਇੱਕ ਦਾ ਨਾਮ ਗੁਲ ਹੈ ਤੇ ਦੂਜੀ ਦਾ ਬਹਾਰ । ਦੋਵੇਂ ਭੈਣਾਂ ਹਨ। ਇੱਕ ਨੱਚਦੀ ਹੈ। ਦੂਜੀ ਗਾਉਂਦੀ ਹੈ। ਦੋਵੇਂ ਆਪਣੀ ਆਪਣੀ ਕਲਾ ਵਿੱਚ ਨਿਪੁੰਨ ਹਨ। ਦੋਵਾਂ ਦਾ ਸੁਹੱਪਣ ਵੀ ਲੋਹੜੇ ਦਾ ਹੈ। ਕੁੱਝ ਦਿਨਾਂ ਵਿੱਚ ਸਾਰੇ ਸ਼ਹਿਰ ਵਿੱਚ ਉਨ੍ਹਾਂ ਦੀ ਚਰਚਾ ਹੋ ਗਈ। ਲੋਕੀਂ ਪਤੰਗਿਆਂ ਦੀ ਤਰ੍ਹਾਂ ਡਿੱਗ ਰਹੇ ਹਨ। ਸੁਣਿਆ ਹੈ ਕਿ ਬੈਂਕ ਦਾ ਇੱਕ ਮੁਲਾਜ਼ਮ ਉਨ੍ਹਾਂ ਨੂੰ ਆਪਣੇ ਅਧੀਨ ਕਰਨ ਲਈ ਬੈਂਕ ਤੋਂ ਬਹੁਤ ਸਾਰਾ ਪੈਸਾ ਚੁਰਾ ਲਿਆਇਆ ਲੇਕਿਨ ਪੁਲੀਸ ਮੌਕੇ ਤੇ ਉਨ੍ਹਾਂ ਵੇਸਵਾਵਾਂ ਦੇ ਘਰ ਪਹੁੰਚ ਗਈ ਤੇ ਉਸ ਵਿਅਕਤੀ ਨੂੰ ਨੋਟਾਂ ਦੀ ਗੱਥੀਆਂ ਸਮੇਤ ਫੜ ਲਿਆ ਗਿਆ। ਇੱਕ



ਨਵਾਬਜ਼ਾਦੇ ਨੇ ਜੋ ਕੰਗਾਲ ਹੋ ਗਿਆ ਸੀ ਆਪਣੀ ਨਿਰਧਨਤਾ ਦੇ ਕਾਰਨ ਉਨ੍ਹਾਂ ਦੇ ਮਕਾਨ ਦੀਆਂ ਪੌੜੀਆਂ ਤੇ ਪਿਸਤੌਲ ਨਾਲ ਆਤਮ-ਹੱਤਿਆ ਕਰ ਲਈ। ਮਤਲਬ ਕਿ ਇਹੋ ਜਿਹੇ ਹੰਗਾਮੇ ਹੋਏ ਜਿਹੜੇ ਇੱਕ ਲੰਮੇ ਸਮੇਂ ਤੋਂ ਸੁਣਨ ਵਿੱਚ ਨਹੀਂ ਆਏ ਸਨ। ਲੋਕੀਂ ਕਹਿੰਦੇ ਸਨ ਕਿ ਇਹ ਦੂਜੀਆਂ ਸ਼ੁਕਰ ਤੇ ਬੁੱਧ ਹਨ ਜਿਨ੍ਹਾਂ ਦੇ ਹੁਸਨ ਦੀ ਸਵੇਰ ਤੋਂ ਇਨਸਾਨ ਤਾਂ ਕੀ ਫਰਿਸ਼ਤੇ ਵੀ ਸੁਰੱਖਿਅਤ ਨਹੀਂ।

ਹਾਜੀ ਸਾਹਬ ਨੇ ਆਪਣੇ ਹਿਤ ਨੂੰ ਵੇਖਦੇ ਹੋਏ ਕੁੱਝ ਦਿਨਾਂ ਲਈ ਉਸ ਬਾਜ਼ਾਰ ਵਿੱਚ ਜਾਣਾ ਛੱਡਿਆ ਹੋਇਆ ਸੀ ਪਰ ਉਨ੍ਹਾਂ ਨੇ ਇਸ ਚੰਚਲਤਾ ਦਾ ਹਾਲ ਸੁਣਿਆ ਤਾਂ ਉਨ੍ਹਾਂ ਦੇ ਦਿਲ ਵਿੱਚ ਤੁਰੰਤ ਇੱਕ ਨਵਾਂ ਜੋਸ਼ ਪੈਦਾ ਹੋਇਆ। ਉਨ੍ਹਾਂ ਨੇ ਦਿਲ ਵਿੱਚ ਕਿਹਾ ਕਿ ਇਨ੍ਹਾਂ ਔਰਤਾਂ ਨੂੰ ਜਲਦੀ ਤੋਂ ਜਲਦੀ ਸਿੱਧੇ ਰਸਤੇ ਤੇ ਲਿਆਉਣਾ ਚਾਹੀਦਾ ਹੈ ਨਹੀਂ ਤਾਂ ਕੀ ਪਤਾ ਇਹ ਕਿੰਨੇ ਘਰਾਂ ਨੂੰ ਬਰਬਾਦ ਕਰਨਗੀਆਂ ਅਤੇ ਕਿੰਨੇ ਲੋਕਾਂ ਦੇ ਈਮਾਨ ਨੂੰ ਭ੍ਰਿਸ਼ਟ ਕਰਨਗੀਆਂ।

ਉਨ੍ਹਾਂ ਨੇ ਜ਼ੁਹਰ ਦੀ ਨਮਾਜ਼ ਪੜ੍ਹੀ। ਕੁਰਾਨ ਸ਼ਰੀਫ ਆਪਣੇ ਸੀਨੇ ਨਾਲ ਲਾਈ ਤੇ ਪਤਾ ਪੁੱਛਦੇ ਪੁੱਛਦੇ ਗੁਲ ਤੇ ਬਹਾਰ ਦੀ ਅਟਾਰੀ ਤੇ ਪਹੁੰਚ ਗਏ। ਉਹ ਦੋਵੇਂ ਰਾਤ ਭਰ ਜਾਗਣ ਤੋਂ ਪਿੱਛੋਂ ਸਵੇਰੇ ਜਿਉਂ ਸੁੱਤੀਆਂ ਕਿ ਹੁਣ ਦੁਪਹਿਰ ਨੂੰ ਨੀਂਦ 'ਚੋਂ ਜਾਗੀਆਂ ਸਨ। ਸੰਜੋਗ ਨਾਲ ਉਸ ਵੇਲੇ ਇੱਕ ਬੁੱਢੀ ਨੌਕਰਾਣੀ ਨੂੰ ਛੱਡਕੇ ਘਰ ਵਿੱਚ ਹੋਰ ਕੋਈ ਨਹੀਂ ਸੀ। ਉਨ੍ਹਾਂ ਨੇ ਆਪਣੇ ਸਾਹਮਣੇ ਲਾਲ ਅੱਖਾਂ ਵਾਲੇ ਇੱਕ ਔਲਾ ਮੌਲਾ ਪਠਾਨ ਨੂੰ ਵੇਖਿਆ ਤਾਂ ਉਨ੍ਹਾਂ ਦੀ ਘਿੱਗੀ ਬੱਝ ਗਈ।

ਹਾਜੀ ਸਾਹਬ ਕੁੱਝ ਪਲਾਂ ਲਈ ਹੈਰਾਨੀ ਨਾਲ ਉਨ੍ਹਾਂ ਦੇ ਰੂਪ ਤੇ ਸੁੰਦਰਤਾ ਨੂੰ ਵੇਖਦੇ ਰਹੇ। ਫੇਰ ਉਹ ਪਿਆਰ ਭਰੇ ਲਹਿਜੇ ਨਾਲ ਉਨ੍ਹਾਂ ਨੂੰ ਸੰਬੋਧਿਤ ਹੋਏ:

"ਮੇਰੀ ਬੇਟੀਓ ਮੈਥੋਂ ਡਰੋ ਨਾ-ਮੈਂ ਕਿਸੇ ਬੁਰੀ ਨੀਅਤ ਨਾਲ ਨਹੀਂ ਆਇਆ- ਮੈਂ ਤੁਹਾਨੂੰ ਕੇਵਲ ਇੰਨਾ ਦੱਸਣ ਆਇਆ ਹਾਂ ਕਿ ਤੁਹਾਡੀ ਇਹ ਐਸ਼ੋ ਇਸ਼ਰਤ ਦੀ ਜ਼ਿੰਦਗੀ ਇੱਕ ਧੋਖਾ ਹੈ ਤੇ ਇਹ ਧੋਖਾ ਕੇਵਲ ਉਸ ਸਮੇਂ ਤੱਕ ਕਾਇਮ ਹੈ ਜਦੋਂ ਤੱਕ ਤੁਹਾਡੀਆਂ ਗੱਲ੍ਹਾਂ ਵਿੱਚ ਖੂਨ ਦੀਆਂ ਕੁੱਝ ਬੂੰਦਾਂ ਹਨ। ਇਨ੍ਹਾਂ ਦੀ ਤਰੋ ਤਾਜ਼ਗੀ ਆਖਰਕਾਰ ਕਦੋਂ ਤੱਕ ਬਾਕੀ ਬਚੇਗੀ- ਪੰਜ ਸਾਲ , ਸੱਤ ਸਾਲ ਜਾਂ ਜ਼ਿਆਦਾ ਤੋਂ ਜ਼ਿਆਦਾ ਦਸ ਸਾਲ। ਇਸ ਤੋਂ ਬਾਅਦ ਤੁਸੀਂ ਇੱਕ ਨਫਰਤ ਭਰੀ ਵਸਤੂ ਬਣ ਜਾਵੋਗੀਆਂ। ਕੇਵਲ ਆਪਣੇ ਚਾਹੁਣ ਵਾਲਿਆਂ ਦੀਆਂ ਨਜ਼ਰਾਂ ਵਿੱਚ ਹੀ ਨਹੀਂ ਬਲਕਿ ਆਪਣੇ ਰਿਸ਼ਤੇਦਾਰਾਂ ਦੀਆਂ ਨਜ਼ਰਾਂ ਵਿੱਚ ਵੀ। ਇੱਥੋਂ ਤੱਕ ਕਿ ਤੁਹਾਡੀ ਔਲਾਦ ਨੂੰ ਵੀ ਤੁਹਾਡੇ ਕੋਲੋਂ ਘਿਰਣਾ ਆਵੇਗੀ। ਇਸ ਕਰਕੇ ਤੁਹਾਡੀ ਹੋਂਦ ਉਨ੍ਹਾਂ ਲਈ ਅਤਿ ਦੀ ਸ਼ਰਮਿੰਦਗੀ ਦਾ ਕਾਰਣ ਬਣ ਜਾਵੇਗੀ।

"ਮੇਰੀ ਬੱਚੀਓ !ਜ਼ਰਾ ਧਿਆਨ ਦੇਵੋ ਤੁਹਾਡੀ ਜ਼ਿੰਦਗੀ ਕਿਹੋ ਜਿਹੀ ਹੰਗਾਮਿਆਂ ਨਾਲ ਭਰੀ ਹੋਈ ਹੈ । ਦਿਨ ਰਾਤ ਤੁਹਾਡੇ ਚਾਹੁਣ ਵਾਲਿਆਂ ਦੀ ਖਰਮਸਤੀ , ਪੈਰ ਪੈਰ ਤੇ ਜਾਨ ਦਾ ਡਰ, ਹਰ ਸਮੇਂ ਪੁਲੀਸ ਦਾ ਧੁੜਕੂ, ਅਦਾਲਤ ਵਿੱਚ ਪੇਸ਼ੀਆਂ। ਇਹ ਜੀਣਾ ਵੀ ਕੋਈ ਜੀਣਾ ਹੈ ਮੇਰੀ ਬੇਟੀਓ। ਤੁਹਾਡਾ ਸਥਾਨ ਇਹ ਅਟਾਰੀ ਨਹੀਂ ਹੈ ਬਲਕਿ ਕਿਸੇ ਸ਼ਰੀਫ ਘਰ ਦੀ ਚਾਰਦੀਵਾਰੀ ਹੈ ਜਿੱਥੇ ਤੁਸੀਂ ਰਾਣੀ ਬਣਕੇ ਰਹੋ ਤੇ ਤੁਹਾਡਾ ਪਤੀ ਤੁਹਾਡਾ

ਨਿਗਰਾਨ ਅਤੇ ਰਖਵਾਲਾ ਹੋਵੇ। ਤੁਹਾਡੇ ਨਖਰੇ ਬਰਦਾਸ਼ਤ ਕਰੇ ਅਤੇ ਤੁਹਾਡੇ ਪਸੀਨੇ ਦੀ ਥਾਂ ਆਪਣਾ ਖੂਨ ਬਹਾਵੇ ਤੇ ਜਿੱਥੇ ਤੁਹਾਡੀ ਸੰਤਾਨ ਲਈ ਤੁਹਾਡੇ ਕਦਮਾਂ ਹੇਠ ਜੰਨਤ ਹੋਵੇ।" ਇਹ ਕਹਿੰਦੇ ਕਹਿੰਦੇ ਹਾਜੀ ਸਾਹਬ ਦੀ ਆਵਾਜ਼ ਰੋਣਹਾਕੀ ਹੋ ਗਈ ਤੇ ਉਹ ਇਸ ਤੋਂ ਅੱਗੇ ਕੁੱਝ ਨਾ ਕਹਿ ਸਕੇ।

ਦੋਨਾਂ ਭੈਣਾਂ ਉੱਤੋਂ ਡਰ ਭੈਅ ਦੂਰ ਹੋ ਗਿਆ ਪਰ ਇਨ੍ਹਾਂ ਗੱਲਾਂ ਨੂੰ ਸੁਣ ਕੇ ਉਹ ਗੁੰਮ ਸੁੰਮ ਰਹਿ ਗਈਆਂ। ਆਖਰਕਾਰ ਵੱਡੀ ਭੈਣ ਗੁਲ ਕਹਿਣ ਲੱਗੀ –

"ਜਨਾਬ ਜੀ, ਸਾਡੇ ਮਾਂ ਪਿਓ ਨੇ ਸਾਨੂੰ ਇਹੋ ਪੇਸ਼ਾ ਸਿਖਾਇਆ ਹੈ, ਇਸ ਵਿੱਚ ਸਾਡਾ ਕੀ ਕਸੂਰ ਹੈ।"

ਹਾਜੀ ਸਾਹਬ ਨੇ ਉਸ ਦਿਨ ਉਨ੍ਹਾਂ ਨੂੰ ਕੁੱਝ ਹੋਰ ਆਖਣਾ ਠੀਕ ਨਾ ਸਮਝਿਆ। ਉਨ੍ਹਾਂ ਨੇ ਕਾਗਜ਼ ਦੇ ਇੱਕ ਟੁਕੜੇ 'ਤੇ ਆਪਣੇ ਘਰ ਦਾ ਪਤਾ ਲਿਖ ਕੇ ਉਨ੍ਹਾਂ ਨੂੰ ਦਿੱਤਾ ਤੇ ਇਹ ਕਹਿਕੇ ਚਲੇ ਆਏ ਕਿ ਮੈਨੂੰ ਆਪਣਾ ਪਿਓ ਸਮਝਣਾ ਤੇ ਜਦੋਂ ਕੋਈ ਭੀੜ ਪਵੇ ਜਾਂ ਮੇਰੀ ਜ਼ਰੂਰਤ ਹੋਵੇ ਤਾਂ ਇਸ ਪਤੇ ਤੇ ਮੈਨੂੰ ਖ਼ਬਰ ਕਰ ਦੇਣੀ।

ਇਸ ਘਟਨਾ ਨੂੰ ਅੱਠ ਦਿਨ ਵੀ ਨਹੀਂ ਗੁਜ਼ਰੇ ਸਨ ਕਿ ਇੱਕ ਦਿਨ ਸਵੇਰੇ ਇੱਕ ਤਾਂਗਾ ਉਨ੍ਹਾਂ ਦੇ ਘਰ ਦੇ ਸਾਹਮਣੇ ਆ ਕੇ ਰੁਕਿਆ। ਉਸ ਵਿੱਚ ਇੱਕ ਔਰਤ ਬੈਠੀ ਸੀ ਜਿਸ ਨੇ ਕਾਲਾ ਬੁਰਕਾ ਪਹਿਨ ਰੱਖਿਆ ਸੀ। ਤਾਂਗੇ ਵਿੱਚ ਇੱਕ ਦੋ ਟਰੰਕ ਅਤੇ ਕੁੱਝ ਗਠੜੀਆਂ ਸਨ। ਹਾਜੀ ਸਾਹਬ ਉਸ ਔਰਤ ਨੂੰ ਆਪਣੇ ਮਕਾਨ ਵਿੱਚ ਲੈ ਗਏ ਅਤੇ ਉਸ ਦਾ ਸਾਮਾਨ ਅੰਦਰ ਪਹੁੰਚਾ ਦਿੱਤਾ ਗਿਆ।

ਇਹ ਬਹਾਰ ਸੀ ਜੋ ਸੱਚਮੁੱਚ ਅਧੀਨਗੀ ਨਾਲ ਆਈ ਸੀ। ਉਸ ਦੀਆਂ ਖੂਬਸੂਰਤ ਅੱਖਾਂ ਸੁੱਜੀਆਂ ਹੋਈਆਂ ਸਨ। ਲੱਗਦਾ ਸੀ ਕਿ ਉਹ ਕਈ ਦਿਨਾਂ ਤੋਂ ਰੋ ਰਹੀ ਸੀ ਤੇ ਹੁਣ ਵੀ ਉਸ ਦੇ ਹੰਝੂ ਰੁਕਣ ਵਿੱਚ ਨਹੀਂ ਸਨ ਆ ਰਹੇ।

"ਜਿਸ ਦਿਨ ਤੁਸੀਂ ਆਏ ਸੀ," ਉਹਨੇ ਹਾਜੀ ਸਾਹਬ ਨੂੰ ਦੱਸਿਆ, "ਉਸ ਦਿਨ ਤੋਂ ਸਾਡੇ ਦੋਵਾਂ ਭੈਣਾਂ ਵਿਚਕਾਰ ਝਗੜਾ ਸ਼ੁਰੂ ਹੋ ਗਿਆ ਸੀ ਕਿਉਂਕਿ ਹੁਣ ਮੈਂ ਪਲ ਭਰ ਲਈ ਵੀ ਬਾਜ਼ਾਰ ਵਿੱਚ ਬੈਠਣਾ ਨਹੀਂ ਚਾਹੁੰਦੀ ਸੀ। ਆਖਰ ਅੱਜ ਸਵੇਰੇ ਮੈਂ ਉਸ ਕੋਲੋਂ ਅੱਡ ਹੋ ਗਈ। "

ਆਪਣੀ ਇਸ ਸਫਲਤਾ 'ਤੇ, ਜੋ ਬਾਜ਼ਾਰੂ ਔਰਤਾਂ ਦੇ ਸੁਧਾਰ ਦੇ ਕੰਮ ਦੀ ਲੜੀ ਵਿੱਚ ਪਹਿਲੀ ਜਿੱਤ ਸੀ, ਹਾਜੀ ਸਾਹਬ ਨੂੰ ਇੰਨੀ ਖੁਸ਼ੀ ਹੋਈ ਕਿ ਸ਼ਾਇਦ ਆਪਣੇ ਬੇਟੇ ਦੇ ਜ਼ਿੰਦਾ ਹੋ ਜਾਣ ਤੇ ਵੀ ਨਾ ਹੁੰਦੀ। ਉਨ੍ਹਾਂ ਨੇ ਤੁਰੰਤ ਕੱਪੜੇ ਬਦਲੇ ਅਤੇ ਸੌਦਾ ਪੱਤਾ ਲੈਣ ਬਾਜ਼ਾਰ ਚਲੇ ਗਏ। ਉਨ੍ਹਾਂ ਤੋਂ ਪਿੱਛੋਂ ਬਹਾਰ ਨੇ ਝਾੜੂ ਲੈ ਕੇ ਸਾਰੇ ਘਰ ਦੀ ਸਫਾਈ ਕੀਤੀ। ਚੁੱਲਾ ਲੰਮੇ ਸਮੇਂ ਤੋਂ ਸੁਆਹ ਨਾਲ ਭਰਿਆ ਪਿਆ ਸੀ, ਉਸ ਨੂੰ ਸਾਫ ਕੀਤਾ। ਰਸੋਈ ਦੇ ਫਰਸ਼ ਨੂੰ ਧੋ ਪੂੰਝ ਕੇ ਸਾਫ ਕੀਤਾ ਅਤੇ ਆਪਣੇ ਸੁਘੜਪਣ ਨਾਲ ਸਾਬਤ ਕਰ ਦਿੱਤਾ ਕਿ ਰੂਪ ਸੁੰਦਰਤਾ, ਸੁਸ਼ੀਲ ਬੋਲ ਚਾਲ ਦੇ ਨਾਲ ਨਾਲ ਉਹ ਘਰੇਲੂ ਕੰਮਾਂ ਤੋਂ ਵੀ ਅਣਜਾਣ ਨਹੀਂ ਹੈ।

ਕੁੱਝ ਹੀ ਦਿਨਾਂ ਵਿੱਚ ਬਹਾਰ ਨੇ , ਜਿਸ ਦਾ ਨਾਂ ਹੁਣ ਹਾਜੀ ਸਾਹਬ ਨੇ ਬਦਲ ਕੇ ਬਲਕੀਸ ਬੇਗ਼ਮ ਰੱਖ ਦਿੱਤਾ ਸੀ, ਆਪਣੀਆਂ ਸੇਵਾਵਾਂ ਨਾਲ ਉਨ੍ਹਾਂ ਨੂੰ ਵਿਸ਼ਵਾਸ ਦਿਵਾ



ਦਿੱਤਾ ਕਿ ਉਹ ਸੱਚੇ ਦਿਲ ਨਾਲ ਤੋਬਾ ਕਰਕੇ ਆਈ ਹੈ ਤੇ ਜੇਕਰ ਕੋਈ ਸ਼ਰੀਫ ਕਦਰਦਾਨ ਮਿਲ ਗਿਆ ਤਾਂ ਸਾਰੀ ਜ਼ਿੰਦਗੀ ਉਸ ਨਾਲ ਗੁਜ਼ਾਰ ਦੇਵੇਗੀ। ਹਾਜੀ ਸਾਹਬ ਨੂੰ ਸੱਚਮੁੱਚ ਉਸ ਨਾਲ ਅਜਿਹਾ ਮੋਹ ਪਿਆਰ ਹੋ ਗਿਆ ਜਿਹੋ ਜਿਹਾ ਪਿਤਾ ਨੂੰ ਆਪਣੀ ਪੁੱਤਰੀ ਨਾਲ ਹੁੰਦਾ ਹੈ। ਏਧਰ ਬਲਕੀਸ ਵੀ ਉਨ੍ਹਾਂ ਦੀ ਸੱਚੇ ਦਿਲੋਂ ਇੱਜ਼ਤ ਕਰਦੀ ਤੇ ਉਨ੍ਹਾਂ ਦੇ ਸਾਹਮਣੇ ਸ਼ਰੀਫ ਘਰਾਣਿਆਂ ਦੀਆਂ ਲੜਕੀਆਂ ਦੀ ਤਰ੍ਹਾਂ ਆਪਣੀਆਂ ਨਜ਼ਰਾਂ ਨੀਵੀਂਆਂ ਰੱਖਦੀ। ਹੁਣ ਹਾਜੀ ਸਾਹਬ ਨੂੰ ਬਲਕੀਸ ਲਈ ਕਿਸੇ ਅੱਛੇ ਰਿਸ਼ਤੇ ਦੀ ਚਿੰਤਾ ਹੋ ਗਈ। ਕਿਉਂਕਿ ਉਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਲੜਕੀ ਦਾ ਅਸਲੀ ਘਰ ਉਸ ਦੇ ਪਤੀ ਦਾ ਘਰ ਹੁੰਦਾ ਹੈ।

ਸਰਕਾਰੀ ਨੌਕਰੀ ਦੌਰਾਨ ਹਾਜੀ ਸਾਹਬ ਦਾ ਇੱਕ ਸਾਥੀ ਰਹਿਮਤ ਅਲੀ ਹੋਇਆ ਕਰਦਾ ਸੀ। ਉਹ ਹਾਜੀ ਸਾਹਬ ਦੀ ਬਹੁਤ ਇੱਜ਼ਤ ਕਰਦਾ ਸੀ। ਉਹ ਵੀ ਉਸ ਨਾਲ ਭਰਾਵਾਂ ਦੀ ਤਰ੍ਹਾਂ ਪੇਸ਼ ਆਉਂਦੇ ਸਨ। ਉਨ੍ਹਾਂ ਦੀ ਤਾਂ ਕਾਫੀ ਸਮਾਂ ਹੋਇਆ ਮੌਤ ਹੋ ਚੁੱਕੀ ਸੀ ਲੇਕਿਨ ਉਨ੍ਹਾਂ ਦੇ ਲੜਕੇ ਨੇ, ਜਿਸ ਦਾ ਨਾਮ ਅਨਵਰ ਸੀ, ਹੁਣੇ ਹੁਣੇ ਇੰਜਨੀਅਰਿੰਗ ਦਾ ਇਮਤਿਹਾਨ ਪਾਸ ਕੀਤਾ ਸੀ ਅਤੇ ਉਸ ਨੂੰ ਢੁੱਕਵੀਂ ਸਰਕਾਰੀ ਨੌਕਰੀ ਮਿਲ ਗਈ ਸੀ। ਅਨਵਰ ਹਾਜੀ ਸਾਹਬ ਨੂੰ ਤਾਇਆ ਅੱਬਾ ਕਿਹਾ ਕਰਦਾ ਸੀ ਅਤੇ ਆਮ ਤੌਰ ਤੇ ਉਨ੍ਹਾਂ ਨੂੰ ਮਿਲਣ ਆਇਆ ਕਰਦਾ ਸੀ। ਅਜੇ ਕੁੱਝ ਦਿਨ ਹੋਏ ਉਹ ਆਪਣੀ ਇਸ ਸਫਲਤਾ ਦੀ ਸੂਚਨਾ ਦੇਣ ਆਇਆ ਸੀ। ਅਜੇ ਤੱਕ ਉਹ ਨੇ ਸ਼ਾਦੀ ਨਹੀਂ ਸੀ ਕੀਤੀ। ਬਲਕੀਸ ਦੇ ਰਿਸ਼ਤੇ ਦੇ ਸੰਬੰਧ ਵਿੱਚ ਉਨ੍ਹਾਂ ਦਾ ਧਿਆਨ ਤੁਰੰਤ ਉਹਦੇ ਵੱਲ ਗਿਆ। ਉਹ ਉਹਦੇ ਦਫਤਰ ਪਹੁੰਚੇ ਅਤੇ ਉਹਨੂੰ ਸ਼ਾਮ ਦੇ ਖਾਣੇ ਤੇ ਬੁਲਾਇਆ ਤੇ ਘਰ ਆਕੇ ਉਨ੍ਹਾਂ ਨੇ ਬਲਕੀਸ ਨੂੰ ਕਿਹਾ

"ਬੇਟੀ ਅੱਜ ਸ਼ਾਮ ਨੂੰ ਇਹ ਮਹਿਮਾਨ ਆ ਰਿਹਾ ਹੈ। ਉਹ ਮੇਰੇ ਬਹੁਤ ਹੀ ਪਿਆਰੇ ਦੋਸਤ ਦੀ ਨਿਸ਼ਾਨੀ ਹੈ। ਤੂੰ ਆਪਣੇ ਮੈਲੇ ਕੱਪੜੇ ਉਤਾਰ ਕੇ ਕੋਈ ਅੱਛੇ ਜਿਹੇ ਕੱਪੜੇ ਪਹਿਨ ਲੈ । ਉਹ ਮੇਰੇ ਬੱਚਿਆਂ ਦੀ ਤਰ੍ਹਾਂ ਹੈ, ਉਸ ਕੋਲੋਂ ਕੋਈ ਪਰਦਾ ਕਰਨ ਦੀ ਲੋੜ ਨਹੀਂ। "

ਸ਼ਾਮ ਨੂੰ ਅਨਵਰ ਖਾਣੇ ਤੇ ਆਇਆ ਤਾਂ ਬਲਕੀਸ ਦੇ ਹੁਸਨ, ਸਲੀਕੇ ਤੇ ਸ਼ਰਮ ਨੂੰ ਵੇਖਕੇ ਹੱਕਾ ਬੱਕਾ ਰਹਿ ਗਿਆ। ਹਾਜੀ ਸਾਹਬ ਨੇ ਉਹ ਨੂੰ ਬਲਕੀਸ ਦੀ ਬਿਪਤਾ ਬਾਰੇ ਦੱਸਿਆ ਅਤੇ ਉਸ ਕੋਲੋਂ ਕੋਈ ਗੱਲ ਛੁਪਾ ਕੇ ਨਹੀਂ ਰੱਖੀ। ਉਹ ਦੂਜੇ ਦਿਨ ਫੇਰ ਆਇਆ ਤੇ ਤੀਜੇ ਦਿਨ ਫੇਰ। ਫਿਰ ਦਿਨ ਵਿੱਚ ਦੋ ਵਾਰੀ ਆਉਣ ਲੱਗਾ ਤੇ ਅਖੀਰ ਵਿੱਚ ਮਹੀਨਾ ਵੀ ਨਾ ਲੰਘਿਆ ਕਿ ਉਨ੍ਹਾਂ ਦੋਵਾਂ ਦੀ ਸ਼ਾਦੀ ਹੋ ਗਈ।

ਅਨਵਰ ਅਤੇ ਬਲਕੀਸ ਦੀ ਅੱਛੀ ਨਿਭਣ ਲੱਗੀ। ਉਹ ਦੋਵੇਂ ਅਕਸਰ ਹਾਜੀ ਸਾਹਬ ਨੂੰ ਮਿਲਣ ਆਇਆ ਕਰਦੇ । ਅਨਵਰ ਆਪਣੀ ਪਤਨੀ ਨੂੰ ਮੁਹੱਬਤ ਦੀ ਹੱਦ ਤੱਕ ਚਾਹੁੰਦਾ ਸੀ। ਏਧਰ ਬਲਕੀਸ ਵੀ ਦਿਲ ਜਾਨ ਤੋਂ ਉਸ ਤੇ ਕੁਰਬਾਨ ਸੀ। ਇਹਦੇ ਨਾਲ ਹੀ ਉਹ ਹਾਜੀ ਸਾਹਬ ਨਾਲ ਵੀ ਅਜਿਹਾ ਮੋਹ ਕਰਨ ਲੱਗ ਪਈ ਜਿਵੇਂ ਕਿ ਉਹ ਸੱਚਮੁੱਚ ਹੀ ਉਸ ਦੇ ਪਿਓ ਹੋਣ ਤੇ ਫਿਰ ਉਹੀ ਤਾਂ ਸਨ ਜਿਨ੍ਹਾਂ ਦੀ ਬਦੌਲਤ ਉਹ ਗੁਮਰਾਹੀ ਦੇ ਖੂਹ ਵਿੱਚੋਂ ਨਿਕਲੀ ਸੀ।

ਜਦੋਂ ਇੱਕ ਸਾਲ ਬੀਤ ਗਿਆ ਤਾਂ ਅਨਵਰ ਦੀ ਬਦਲੀ ਕਿਸੇ ਹੋਰ ਸ਼ਹਿਰ ਵਿੱਚ ਹੋ ਗਈ। ਹਾਜੀ ਸਾਹਬ ਪਤੀ ਪਤਨੀ ਦੋਵਾਂ ਨੂੰ ਸਟੇਸ਼ਨ ਤੇ ਵਿਦਾਅ ਕਰਨ ਆਏ ਤਾਂ ਵਿਛੋੜੇ ਦੀ ਪੀੜ ਨਾਲ ਰੋਂਦੀ ਬਲਕੀਸ ਦੇ ਹਟਕੋਰੇ ਬੱਝ ਗਏ। ਹਾਜੀ ਸਾਹਬ ਨੇ ਬੜੀਆਂ ਤਸੱਲੀਆਂ ਦੇ ਕੇ ਉਹ ਨੂੰ ਵਿਦਾਅ ਕੀਤਾ।

ਉਹ ਨਿਯਮਿਤ ਤੌਰ ਤੇ ਹਾਜੀ ਸਾਹਬ ਨੂੰ ਪੱਤਰ ਲਿਖਦੀ ਜਿਸ ਵਿੱਚ ਉਸ ਦੀ ਤੇ ਅਨਵਰ ਦੀ ਸੁੱਖ ਸਾਂਦ ਅਤੇ ਘਰ ਦੇ ਹੋਰ ਹਾਲਾਤ ਦਾ ਵੇਰਵਾ ਲਿਖਿਆ ਹੁੰਦਾ। ਉਸ ਦੇ ਉਨ੍ਹਾਂ ਪੱਤਰਾਂ ਵਿੱਚ ਇੱਕ ਬੁਲਬੁਲ ਵਰਗੀ ਚਹਿਚਹਾਟ ਸੀ। ਇਨ੍ਹਾਂ ਪੱਤਰਾਂ ਦਾ ਸਿਲਸਿਲਾ ਕੋਈ ਦੋ ਸਾਲ ਤੱਕ ਜਾਰੀ ਰਹਿਆ। ਇਸ ਤੋਂ ਬਾਅਦ ਜੋ ਪੱਤਰ ਆਏ ਉਨ੍ਹਾਂ ਦਾ ਲਹਿਜਾ ਅਚਾਨਕ ਗੰਭੀਰ ਹੋ ਗਿਆ। ਹਾਜੀ ਸਾਹਬ ਨੂੰ ਇਸ ਤਬਦੀਲੀ ਦਾ ਕਾਰਣ ਬਲਕੀਸ ਦੀ ਵਧਦੀ ਹੋਈ ਉਮਰ ਜਾਪਿਆ। ਆਖਰਕਾਰ ਤੀਜੇ ਸਾਲ ਇੱਕ ਪੱਤਰ ਆਇਆ ਜਿਸ ਨੂੰ ਪੜ੍ਹ ਕੇ ਉਹ ਹੱਕੇ ਬੱਕੇ ਰਹਿ ਗਏ। ਲਿਖਿਆ ਸੀ–

"ਅੱਬਾ ਜਾਨ! ਤਸਲੀਮ – ਮੈਨੂੰ ਅਫਸੋਸ ਹੈ ਕਿ ਇਹ ਪੱਤਰ ਪੜ੍ਹ ਕੇ ਆਪ ਨੂੰ ਸਦਮਾ ਪਹੁੰਚੇਗਾ। ਮੈਂ ਲੰਮੇ ਅਰਸੇ ਤੱਕ ਇਸ ਮਾਮਲੇ ਨੂੰ ਤੁਹਾਡੇ ਕੋਲੋਂ ਛੁਪਾ ਕੇ ਰੱਖਿਆ ਹੈ ਤਾਂਕਿ ਤੁਹਾਨੂੰ ਦੁੱਖ ਨਾ ਪਹੁੰਚੇ। ਪਰ ਹੁਣ ਗੱਲ ਹੱਦ ਤੋਂ ਲੰਘ ਗਈ ਹੈ ਕਿ ਇਸ ਨੂੰ ਛੁਪਾਣਾ ਸੰਭਵ ਨਹੀਂ ਤੇ ਮੈਂ ਸਮਝਦੀ ਹਾਂ ਕਿ ਇਸ ਵਿੱਚ ਮੇਰੇ ਪਤੀ ਅਨਵਰ ਦਾ ਕੋਈ ਕਸੂਰ ਨਹੀਂ। ਇਸ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਹੈ ਜੋ ਹਰ ਰੋਜ਼ ਆ ਕੇ ਉਨ੍ਹਾਂ ਦੇ ਕੰਨ ਭਰਦੇ ਹਨ। ਉਨ੍ਹਾਂ ਲੋਕਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਮੇਰੀ ਪਿਛਲੀ ਜ਼ਿੰਦਗੀ ਦੇ ਹਾਲਾਤ ਦਾ ਪਤਾ ਲੱਗ ਗਿਆ ਹੈ ਤੇ ਮੇਰੇ ਨਾਲ ਸਖਤ ਨਫਤਰ ਕਰਨ ਲੱਗ ਪਏ ਹਨ ਤੇ ਮੂੰਹ ਤੇ ਹੀ ਮੈਨੂੰ ਤਾਅਨੇ ਵੀ ਦਿੰਦੇ ਨੇ ਕਿਉਂਕਿ ਬਦਕਿਸਮਤੀ ਨਾਲ ਇਸ ਅਰਸੇ ਦੌਰਾਨ ਮੇਰਾ ਕੋਈ ਬੱਚਾ ਵੀ ਨਹੀਂ ਹੋਇਆ ਜੋ ਅਨਵਰ ਨੂੰ ਮੇਰੇ ਨਜ਼ਦੀਕ ਕਰ ਦਿੰਦਾ। ਇਸ ਲਈ ਇਹ ਲੋਕ ਇਸੇ ਕੋਸ਼ਿਸ਼ ਵਿੱਚ ਹਨ ਕਿ ਅਨਵਰ ਮੀਆਂ ਤੋਂ ਮੈਨੂੰ ਤਲਾਕ ਦਿਵਾ ਦੇਣ। ਮੈਂ ਉਹ ਲੜਕੀ ਵੀ ਵੇਖੀ ਹੈ ਜਿਸ ਨੂੰ ਉਹ ਇਸ ਦੇ ਨਾਲ ਮੜ੍ਹਨਾ ਚਾਹੁੰਦੇ ਨੇ। ਵਿਚਾਰੀ ਅੱਛੀ ਸ਼ਰੀਫ ਲੜਕੀ ਹੈ, ਸ਼ਕਲ ਸੂਰਤ ਵੀ ਬੁਰੀ ਨਹੀਂ ਹੈ। ਇਸ ਲਈ ਮੇਰੀ ਆਪ ਜੀ ਨੂੰ ਬੇਨਤੀ ਹੈ ਕਿ ਇਸ ਤੋਂ ਪਹਿਲਾਂ ਕਿ ਇਹ ਲੋਕ ਮੈਨੂੰ ਧੱਕੇ ਦੇਕੇ ਨਿਕਾਲ ਦੇਣ ਤੁਸੀਂ ਖੁਦ ਆਵੋ ਤੇ ਤਲਾਕ ਦਿਲਵਾ ਕੇ ਮੈਨੂੰ ਲੈ ਜਾਵੋ।

ਆਪ ਦੀ ਪਿਆਰੀ ਬੇਟੀ,

ਬਲਕੀਸ

ਇਸ ਪੱਤਰ ਦੀ ਇਬਾਰਤ ਨੇ ਹਾਜੀ ਸਾਹਬ ਨੂੰ ਬਹੁਤ ਬੇਚੈਨ ਕਰ ਦਿੱਤਾ। ਉਹ ਰਾਤ ਭਰ ਬਿਸਤਰ ਤੇ ਕਰਵਟਾਂ ਬਦਲਦੇ ਰਹੇ। ਸਵੇਰ ਹੋਈ ਤਾਂ ਸਟੇਸ਼ਨ ਪਹੁੰਚੇ ਅਤੇ ਪਹਿਲੀ ਗੱਡੀ ਉਸ ਸ਼ਹਿਰ ਲਈ ਚੱਲ ਪਏ ਜਿੱਥੇ ਅਨਵਰ ਨੌਕਰੀ ਕਰਦਾ ਸੀ। ਰਾਤ ਭਰ ਉਹ ਗ਼ਮ ਤੇ ਗੁੱਸੇ ਨਾਲ ਉਬਲਦੇ ਰਹੇ। ਉਨ੍ਹਾਂ ਦਾ ਦਿਲ ਚਾਹੁੰਦਾ ਸੀ ਕਿ ਉਹ ਜਾਂਦੇ ਹੀ ਅਨਵਰ ਦਾ ਮੂੰਹ ਨੋਚ ਲੈਣ। ਸਾਰਾ ਰਸਤਾ ਉਹ ਕੁਰਾਨ ਸ਼ਰੀਫ ਦੀਆਂ ਆਇਤਾਂ ਪੜ੍ਹ ਪੜ੍ਹ ਕੇ ਆਪਣਾ ਗੁੱਸਾ ਠੰਢਾ ਕਰਦੇ ਰਹੇ। ਆਪਸੀ ਮੇਲ ਮਿਲਾਪ ਦਾ ਹੁਣ ਸਵਾਲ ਹੀ ਪੈਦਾ



ਨਹੀਂ ਸੀ ਹੁੰਦਾ ਕਿਉਂਕਿ ਜਦੋਂ ਦਿਲਾਂ ਵਿੱਚ ਫਰਕ ਪੈ ਜਾਵੇ ਤਾਂ ਜ਼ਿੰਦਗੀ ਦਾ ਸੁਆਦ ਗਵਾਚ ਜਾਂਦਾ ਹੈ। ਹੁਣ ਉਨ੍ਹਾਂ ਦੀ ਕੋਸ਼ਿਸ਼ ਸੀ ਕਿ ਉਹ ਅਨਵਰ ਤੋਂ ਮਿਹਰ ਦਾ ਹੱਕ ਪ੍ਰਾਪਤ ਕਰਨ ਅਤੇ ਸਾਰੇ ਗਹਿਣੇ ਤੇ ਕੱਪੜੇ ਵੀ ਜੋ ਉਸਨੇ ਬਲਕੀਸ ਲਈ ਬਣਵਾਏ ਸਨ ਪ੍ਰਾਪਤ ਕਰਨ।

ਅਨਵਰ ਅਤੇ ਉਸ ਦੇ ਰਿਸ਼ਤੇਦਾਰਾਂ ਨੇ ਜ਼ਿਆਦਾ ਵਿਰੋਧ ਨਾ ਕੀਤਾ। ਅਨਵਰ ਨੂੰ ਇਹ ਆਸ ਨਹੀਂ ਸੀ ਕਿ ਇੰਨੀ ਜਲਦੀ ਉਸ ਦਾ ਬਲਕੀਸ ਤੋਂ ਪਿੱਛਾ ਛੁਟ ਜਾਵੇਗਾ ਅਤੇ ਉਸ ਨੂੰ ਕੁੱਝ ਅਫਸੋਸ ਵੀ ਹੋਇਆ ਕਿਉਂਕਿ ਉਸ ਦੇ ਦਿਲ ਵਿੱਚ ਅਜੇ ਬਲਕੀਸ ਲਈ ਕੁੱਝ ਮੁਹੱਬਤ ਬਾਕੀ ਸੀ। ਪਰ ਹੁਣ ਕੀ ਹੋ ਸਕਦਾ ਸੀ। ਹਾਜੀ ਸਾਹਬ ਨੇ ਬਲਕੀਸ ਨੂੰ ਨਾਲ ਲਿਆ, ਦੋ ਤਾਂਗਿਆਂ ਵਿੱਚ ਸਾਮਾਨ ਲੱਦਿਆ, ਉਸੇ ਦਿਨ ਸਟੇਸ਼ਨ ਪਹੁੰਚੇ ਤੇ ਦੂਜੇ ਦਿਨ ਘਰ ਆ ਗਏ।

ਬਲਕੀਸ ਹੁਣ ਫਿਰ ਹਾਜੀ ਸਾਹਬ ਕੋਲ ਰਹਿਣ ਲੱਗ ਪਈ। ਹਾਜੀ ਸਾਹਬ ਨੂੰ ਹੁਣ ਫਿਰ ਉਸ ਦੇ ਰਿਸ਼ਤੇ ਦੀ ਚਿੰਤਾ ਹੋ ਗਈ ਅਤੇ ਅਜੇ ਤਿੰਨ ਮਹੀਨੇ ਵੀ ਨਹੀਂ ਸਨ ਗੁਜ਼ਰੇ ਕਿ ਉਨ੍ਹਾਂ ਨੇ ਉਸ ਲਈ ਇੱਕ ਹੋਰ ਪਤੀ ਲੱਭ ਲਿਆ। ਇਸ ਵਾਰ ਜੋ ਆਦਮੀ ਚੁਣਿਆ ਉਹ ਨਾ ਤਾਂ ਅਨਵਰ ਦੀ ਤਰ੍ਹਾਂ ਘੱਟ ਉਮਰ ਦਾ ਸੀ, ਨਾ ਉਹ ਪੜ੍ਹਿਆ ਲਿਖਿਆ ਸੀ ਅਤੇ ਨਾ ਹੀ ਉਸ ਦਾ ਸੰਬੰਧ ਕਿਸੇ ਉੱਚੇ ਘਰਾਣੇ ਨਾਲ ਸੀ। ਉਹ ਮੇਵੇ ਦਾ ਕਾਰੋਬਾਰ ਕਰਦਾ ਸੀ। ਆਏ ਦਿਨ ਦੂਜੇ ਦੇਸ ਤੋਂ ਮੇਵਿਆਂ ਦੀ ਭਰੀਆਂ ਗੱਡੀਆਂ ਉਸ ਦੇ ਘਰ ਆਉਂਦੀਆਂ ਰਹਿੰਦੀਆਂ ਸਨ। ਸ਼ਹਿਰ ਦੇ ਮੇਵੇ ਦੇ ਵਪਾਰੀਆਂ ਵਿੱਚ ਉਸ ਦੀ ਬੜੀ ਇੱਜ਼ਤ ਸੀ।

ਇਹ ਮੇਵਿਆਂ ਦਾ ਵਪਾਰੀ, ਜਿਸ ਦਾ ਨਾਮ ਰਬਾਨੀ ਸੀ, ਰੰਡਾ ਸੀ ਅਤੇ ਕਿਸੇ ਨੇਕ ਵਿਧਵਾ ਨਾਲ ਨਿਕਾਹ ਕਰਨਾ ਚਾਹੁੰਦਾ ਸੀ। ਹਾਜੀ ਸਾਹਬ ਨੇ ਹੱਕ ਮਿਹਰ ਦੇ ਰੂਪ ਵਿੱਚ ਪੰਜ ਹਜ਼ਾਰ ਰੁਪਏ ਨਕਦ ਅਤੇ ਇੱਕ ਮਕਾਨ ਬਲਕੀਸ ਦੇ ਨਾਮ ਲਿਖਵਾਉਣ ਦੀ ਸ਼ਰਤ ਰੱਖੀ ਜਿਸ ਨੂੰ ਉਸ ਨੇ ਬਿਨਾਂ ਕਿਸੇ ਹੀਲ ਹੁੱਜਤ ਦੇ ਮੰਨ ਲਿਆ। ਅਸਲ ਵਿੱਚ ਇਹ ਮੇਵਿਆਂ ਦਾ ਵਪਾਰੀ ਬਹਾਰ ਦੇ ਪੁਰਾਣੇ ਪਰ ਅਸਫਲ ਪ੍ਰੇਮੀਆਂ ਵਿੱਚੋਂ ਸੀ। ਜਦੋਂ ਬਹਾਰ ਬਾਜ਼ਾਰ ਵਿੱਚੋਂ ਗੁੰਮ ਹੋ ਗਈ ਤਾਂ ਉਹ ਸਖਤ ਪ੍ਰੇਸ਼ਾਨ ਹੋ ਗਿਆ ਸੀ। ਫਿਰ ਕੁੱਝ ਦਿਨ ਬਾਅਦ ਉਸ ਨੂੰ ਪਤਾ ਲੱਗਾ ਕਿ ਹਾਜੀ ਸਾਹਬ ਨੇ ਉਸਨੂੰ ਕਿਸੇ ਇੰਜੀਨੀਅਰ ਨਾਲ ਵਿਆਹ ਦਿੱਤਾ ਹੈ ਤਾਂ ਉਹ ਇੱਕ ਠੰਢਾ ਹਉਕਾ ਲੈ ਕੇ ਰਹਿ ਗਿਆ ਸੀ। ਹੁਣ ਜਦੋਂ ਉਸ ਨੂੰ ਉਹਦੇ ਤਲਾਕ ਬਾਰੇ ਪਤਾ ਲੱਗਾ ਤਾਂ ਉਸ ਦੇ ਦਿਲ ਵਿੱਚ ਫੇਰ ਬਹਾਰ ਦੀ ਖਾਹਿਸ਼ ਪੈਦਾ ਹੋ ਗਈ ਅਤੇ ਉਸ ਨੇ ਜਲਦੀ ਮਿੰਨਤ ਖੁਸ਼ਾਮਦ ਕਰਕੇ ਹਾਜੀ ਸਾਹਬ ਨੂੰ ਇਸ ਰਿਸ਼ਤੇ ਲਈ ਰਜ਼ਾਮੰਦ ਕਰ ਲਿਆ। ਲੇਕਿਨ ਹਾਜੀ ਸਾਹਬ ਨੇ ਜਦੋਂ ਤੱਕ ਹੱਕ ਮਿਹਰ ਵਸੂਲ ਨਾ ਕਰ ਲਿਆ ਉਦੋਂ ਤੱਕ ਮੇਵਿਆਂ ਦੇ ਵਪਾਰੀ ਨੂੰ ਬਲਕੀਸ ਦੀ ਸ਼ਕਲ ਤੱਕ ਨਾ ਤੱਕਣ ਦਿੱਤੀ।

ਬਲਕੀਸ ਨੇ ਇੱਕ ਸ਼ਰਧਾਵਾਨ ਬੇਟੀ ਦੀ ਤਰ੍ਹਾਂ ਹਾਜੀ ਸਾਹਬ ਵੱਲੋਂ ਤਜਵੀਜ਼ ਕੀਤੇ ਰਿਸ਼ਤੇ ਨੂੰ ਸਬਰ ਸ਼ੁਕਰ ਨਾਲ ਮਨਜ਼ੂਰ ਕਰ ਲਿਆ ਅਤੇ ਦੋਵਾਂ ਦੀ ਅੱਛੀ ਨਿਭਣ ਲੱਗੀ। ਇੱਥੋਂ ਤੱਕ ਕਿ ਇੱਕ ਸਾਲ ਹੱਸ ਖੇਡ ਕੇ ਗੁਜ਼ਰ ਗਿਆ। ਪਰ ਇਹ ਮੇਵਾ ਵਪਾਰੀ ਸੁਭਾਅ ਤੋਂ ਅੱਯਾਸ਼ ਸੀ। ਸ਼ਾਦੀ ਤੋਂ ਪਿੱਛੋਂ ਕੁੱਝ ਅਰਸੇ ਤੱਕ ਤਾਂ ਉਹ ਉਹਦੇ ਨਾਲ ਇੱਜ਼ਤ

ਨਾਲ ਪੇਸ਼ ਆਉਂਦਾ ਰਿਹਾ। ਲੇਕਿਨ ਛੇਤੀ ਹੀ ਉਸ ਦੇ ਵਿਵਹਾਰ ਵਿੱਚ ਤਬਦੀਲੀ ਆ ਗਈ ਅਤੇ ਉਹ ਉਸ ਨਾਲ ਅਜਿਹਾ ਵਿਵਹਾਰ ਕਰਨ ਲੱਗ ਪਿਆ ਮਾਨੋ ਉਹ ਉਸ ਦੀ ਰਖੇਲ ਹੋਵੇ। ਉਹ ਜ਼ਿੱਦ ਕਰਦਾ ਸੀ ਕਿ ਬਲਕੀਸ ਰਾਤ ਭਰ ਉਹ ਦੇ ਨਾਲ ਜਾਗੇ ਅਤੇ ਸ਼ਰਾਬ ਪੀਣ ਵਿੱਚ ਸ਼ਾਮਲ ਹੋਵੇ। ਫਿਰ ਉਹ ਇਹ ਵੀ ਆਸ ਰੱਖਦਾ ਸੀ ਕਿ ਆਏ ਦਿਨ ਦੋਸਤਾਂ ਦੀਆਂ ਦਾਅਵਤਾਂ ਹੋਣ ਅਤੇ ਬਲਕੀਸ ਸਾਕੀ ਦੀਆਂ ਸੇਵਾਵਾਂ ਨਿਭਾਵੇ ਤੇ ਉਹ ਮਾਣ ਨਾਲ ਆਪਣੇ ਦੋਸਤਾਂ ਨੂੰ ਕਹਿ ਸਕੇ–

"ਇਹੀ ਸੀ ਉਹ ਲਾਲ ਜਿਸ ਦੀ ਇੱਕ ਝਲਕ ਵੇਖਣ ਨੂੰ ਦੁਨੀਆ ਤਰਸਦੀ ਸੀ ਤੇ ਮੈਂ ਹੁਣ ਇਕੱਲਾ ਉਸ ਦੀ ਕਿਸਮਤ ਦਾ ਮਾਲਕ ਹਾਂ।"

ਲੇਕਿਨ ਬਲਕੀਸ ਨੇ ਉਹਦੀਆਂ ਇਨ੍ਹਾਂ ਇੱਛਾਵਾਂ ਨੂੰ ਸਖਤੀ ਨਾਲ ਠੁਕਰਾ ਦਿੱਤਾ । ਉਹ ਉਸ ਦੇ ਦੋਸਤਾਂ ਦੀਆਂ ਖਾਣ ਪੀਣ ਅਤੇ ਸ਼ਰਾਬ ਦੀਆਂ ਮਹਿਫਲਾਂ ਤੋਂ ਤਾਂ ਰੋਕ ਟੋਕ ਨਾ ਕਰਦੀ ਪਰ ਆਪ ਕਦੇ ਉਨ੍ਹਾਂ ਦੇ ਸਾਹਮਣੇ ਨਾ ਆਉਂਦੀ।

ਹੌਲੀ ਹੌਲੀ ਮੇਵਾ ਵਪਾਰੀ ਦਾ ਦਿਲ ਘਰ ਤੋਂ ਉਚਾਟ ਰਹਿਣ ਲੱਗ ਪਿਆ ਤੇ ਇਹ ਮਹਿਫਲਾਂ ਹੁਣ ਹੋਰਾਂ ਦੇ ਘਰ ਜੁੜਨ ਲੱਗ ਪਈਆਂ। ਪਤੀ ਪਤਨੀ ਦੇ ਸੰਬੰਧਾਂ ਵਿੱਚ ਕੜਵਾਹਟ ਆਉਣ ਲੱਗ ਪਈ। ਕਈ ਵਾਰ ਗਾਲੀ ਗਲੋਚ ਦੀ ਨੌਬਤ ਵੀ ਆ ਜਾਂਦੀ। ਆਖਰਕਾਰ ਇੱਕ ਦਿਨ ਮੇਵਾ ਵਪਾਰੀ ਨੇ ਸ਼ਰਾਬ ਦੇ ਨਸ਼ੇ ਵਿੱਚ ਬਲਕੀਸ ਨੂੰ ਇੰਨਾ ਮਾਰਿਆ ਕਿ ਉਹ ਕਈ ਦਿਨ ਬਿਸਤਰ ਤੋਂ ਨਾ ਉੱਠ ਸਕੀ।

ਹਾਜੀ ਸਾਹਬ ਨੂੰ ਪਤੀ ਪਤਨੀ ਦੀ ਅਣਬਣ ਬਾਰੇ ਜਾਣਕਾਰੀ ਸੀ। ਲੇਕਿਨ ਜਦੋਂ ਉਨ੍ਹਾਂ ਨੂੰ ਇਸ ਮਾਰਕੁੱਟ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਉਹ ਉਸੇ ਵੇਲੇ ਮੇਵਾ ਵਪਾਰੀ ਦੇ ਘਰ ਪੁੱਜੇ ਅਤੇ ਬਲਕੀਸ ਨੂੰ ਆਪਣੇ ਨਾਲ ਲੈ ਆਏ। ਮੇਵਾ ਵਪਾਰੀ ਨੇ ਮੁਆਫੀ ਮੰਗੀ, ਮਿੰਨਤ ਖੁਸ਼ਾਮਦ ਕੀਤੀ ਪਰ ਹਾਜੀ ਸਾਹਬ ਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਨੇ ਕਿਹਾ –

"ਜੇਕਰ ਤੂੰ ਤੁਰੰਤ ਤਲਾਕ ਨਾ ਦਿੱਤਾ ਤਾਂ ਮੈਂ ਤੇਰੇ ਵਿਰੁੱਧ ਕਾਨੂੰਨੀ ਕਾਰਵਾਈ ਕਰਾਂਗਾ।" ਮੇਵਾ ਵਪਾਰੀ ਹਾਜੀ ਸਾਹਬ ਦੇ ਅਸਰ ਰਸੂਖ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੁਕੱਦਮੇਬਾਜ਼ੀ ਤੋਂ ਡਰਦਾ ਹੋਇਆ ਮਜਬੂਰ ਹੋ ਕੇ ਤਲਾਕ ਦੇਣ ਲਈ ਤਿਆਰ ਹੋ ਗਿਆ। ਇਸ ਬਾਰ ਬਲਕੀਸ ਸਾਲ ਭਰ ਹਾਜੀ ਸਾਹਬ ਦੇ ਘਰ ਰਹੀ। ਜਦੋਂ ਹਾਜੀ ਸਾਹਬ ਉਸ ਦੇ ਰਿਸ਼ਤੇ ਦੀ ਗੱਲ ਕਰਦੇ ਤਾਂ ਉਹ ਖਿਝ ਕੇ ਕਹਿੰਦੀ –

"ਅੱਬਾ ਜਾਨ ਆਪ ਨੂੰ ਮੇਰੀ ਚਿੰਤਾ ਕਿਉਂ ਰਹਿੰਦੀ ਹੈ, ਕੀ ਮੈਂ ਤੁਹਾਡੇ ਉੱਤੇ ਭਾਰ ਹਾਂ ?"

ਲੇਕਿਨ ਇੱਕ ਦੂਰ-ਅੰਦੇਸ਼ ਪਿਤਾ ਦੀ ਤਰ੍ਹਾਂ ਹਾਜੀ ਸਾਹਬ ਨਹੀਂ ਚਾਹੁੰਦੇ ਸਨ ਕਿ ਬਲਕੀਸ ਜ਼ਿਆਦਾ ਅਰਸੇ ਤੱਕ ਘਰ ਬੈਠੇ। ਇਸ ਤੋਂ ਇਲਾਵਾ ਇਸ ਦਾ ਮਤਲਬ ਇਹ ਹੋਣਾ ਸੀ ਕਿ ਉਹ ਆਪਣੇ ਸੁਧਾਰ ਦੇ ਕੰਮ ਵਿੱਚ ਅਸਫਲ ਰਹੇ। ਉਨ੍ਹਾਂ ਦੀਆਂ ਯੋਜਨਾਵਾਂ ਵਿਵਹਾਰਕ ਸਿੱਧ ਨਹੀਂ ਹੋਈਆਂ। ਲੇਕਿਨ ਇੱਕ ਵਾਰ ਜਿੱਤ ਪ੍ਰਾਪਤ ਕਰਕੇ ਉਹ ਕਿਸੇ ਤਰ੍ਹਾਂ ਵੀ ਹਾਰ ਲਈ ਤਿਆਰ ਨਹੀਂ ਸਨ। ਇਸ ਲਈ ਉਨ੍ਹਾਂ ਨੂੰ ਫੇਰ ਉਸ ਦੀ ਸ਼ਾਦੀ ਦੀ ਚਿੰਤਾ ਹੋ ਗਈ ਤੇ ਬਲਕੀਸ ਕੁੱਝ ਹਾਜੀ ਸਾਹਬ ਦੇ ਕਹਿਣ ਕਰਕੇ ਕੁੱਝ ਆਪਣੇ ਭਵਿੱਖ ਦੀ ਚਿੰਤਾ ਦੇ ਖਿਆਲ ਨਾਲ ਤੀਜੀ ਵਾਰ ਸ਼ਾਦੀ ਲਈ ਸਹਿਮਤ ਹੋ ਗਈ।



ਇਸ ਬਾਰ ਹਾਜੀ ਸਾਹਬ ਨੇ ਪਤੀ ਦੀ ਚੋਣ ਵਿੱਚ ਬਹੁਤ ਹੀ ਚੌਕਸੀ ਅਤੇ ਸਾਵਧਾਨੀ ਵਰਤੀ ਅਤੇ ਕਈ ਮਹੀਨਿਆਂ ਤੱਕ ਉਹਦੇ ਸੁਭਾਅ ਅਤੇ ਚਾਲ ਚਲਣ ਬਾਰੇ ਪੁੱਛ ਪੜਤਾਲ ਕਰਦੇ ਰਹੇ।

ਇਹ ਇੱਕ ਨੌਜਵਾਨ ਵਿਅਕਤੀ ਸੀ ਜੋ ਕਿਸੇ ਦਫਤਰ ਵਿੱਚ ਮਾਮੂਲੀ ਕਲਰਕ ਸੀ। ਬਹੁਤ ਘੱਟ ਬੋਲਣ ਵਾਲਾ, ਭੋਲਾ ਭਾਲਾ ਅਤੇ ਨੈਣ ਨਕਸ਼ ਵੀ ਸੁਹਣੇ ਸਨ। ਭਾਵੇਂ ਹੱਥਾਂ ਪੈਰਾਂ ਤੋਂ ਜ਼ਰਾ ਪਤਲਾ ਸੀ। ਸਾਰਾ ਦਫਤਰ ਉਸ ਦੇ ਸਾਦਾ ਸੁਭਾਅ ਅਤੇ ਆਗਿਆਕਾਰੀ ਨੂੰ ਮੰਨਦਾ ਸੀ। ਅਜਿਹੇ ਦਾਮਾਦ ਨੂੰ ਪਾ ਕੇ ਹਾਜੀ ਸਾਹਬ ਬਿਲਕੁਲ ਸੰਤੁਸ਼ਟ ਹੋ ਗਏ ਤੇ ਬਲਕੀਸ ਨੇ ਵੀ ਉਹਨੂੰ ਖੁਸ਼ੀ ਖੁਸ਼ੀ ਕਬੂਲ ਕਰ ਲਿਆ। ਭਾਵੇਂ ਇਸ ਗੱਲ ਦੀ ਜ਼ਰਾ ਚੁਭਣ ਸੀ ਕਿ ਉਹ ਉਮਰ ਵਿੱਚ ਉਸ ਨਾਲੋਂ ਪੰਜ ਸਾਲ ਵੱਡਾ ਹੈ।

ਇਸ ਵਾਰੀ ਹਾਜੀ ਸਾਹਬ ਨੇ ਉੱਚੇ ਖਾਨਦਾਨ ਅਤੇ ਰੁਪਏ ਪੈਸੇ ਦਾ ਲਾਲਚ ਨਹੀਂ ਕੀਤਾ ਬਲਕਿ ਜਾਣਬੁੱਝ ਕੇ ਗਰੀਬ ਪਤੀ ਦੀ ਚੋਣ ਕੀਤੀ ਸੀ ਤੇ ਫੇਰ ਰੁਪਏ ਦੀ ਜ਼ਰੂਰਤ ਵੀ ਕੀ ਸੀ ਕਿਉਂਕਿ ਪਿਛਲੀ ਮਿਹਰ ਦੀ ਰਕਮ, ਘਰ ਦਾ ਸਾਮਾਨ ਤੇ ਗਹਿਣਾ ਗੱਟਾ ਪਹਿਲਾਂ ਹੀ ਹੈ ਸੀ। ਉਸ ਕਲਰਕ ਦਾ ਨਾਮ ਮੁਨੀਰ ਸੀ। ਉਹਦਾ ਅੱਗੇ ਪਿੱਛੇ ਕੋਈ ਨਹੀਂ ਸੀ। ਛੋਟੀ ਉਮਰ ਵਿੱਚ ਮਾਂ ਬਾਪ ਦਾ ਸਾਇਆ ਸਿਰ ਤੋਂ ਉੱਠ ਗਿਆ ਸੀ। ਕੁੱਝ ਦੂਰ ਦੇ ਰਿਸ਼ਤੇਦਾਰ ਸਨ ਲੇਕਿਨ ਉਹ ਉਸ ਦੇ ਖਰਚ ਦਾ ਭਾਰ ਉਠਾਉਣ ਲਈ ਤਿਆਰ ਨਹੀਂ ਸਨ ਇਸ ਲਈ ਉਸ ਦਾ ਪਾਲਣ ਪੋਸ਼ਣ ਯਤੀਮਖਾਨੇ ਵਿੱਚ ਹੋਇਆ।

ਬਲਕੀਸ ਤੇ ਮੁਨੀਰ ਖੁਸ਼ਹਾਲ ਅਤੇ ਸੁਖੀ ਜੀਵਨ ਬਸਰ ਕਰਨ ਲੱਗੇ। ਹੌਲੀ ਹੌਲੀ ਦੋਵੇਂ ਪਿਆਰ ਦੇ ਬੰਧਨ 'ਚ ਇੱਕ ਦੂਜੇ ਨੂੰ ਜਕੜੇ ਲਿਆ। ਬਲਕੀਸ ਨੂੰ ਇੰਝ ਜਾਪਿਆ ਕਿ ਜੋ ਖੁਸ਼ੀ ਅਨਵਰ ਤੋਂ ਅਲੱਗ ਹੋਣ ਤੇ ਉਹਦੇ ਕੋਲੋਂ ਖੁਸ ਗਈ ਸੀ ਉਹ ਉਹਨੂੰ ਵਾਪਸ ਮਿਲ ਗਈ ਹੈ। ਦੂਜੇ ਪਾਸੇ ਮੁਨੀਰ ਵੀ ਅੱਠੋ ਪਹਿਰ ਉਸ ਦੇ ਸਾਹਾਂ ਦਾ ਦੀਵਾਨਾ ਸੀ। ਉਹ ਇਹੋ ਜਿਹਾ ਪਰਹੇਜ਼ਗਾਰ ਨੌਜਵਾਨ ਸੀ ਕਿ ਕਿਸੇ ਪ੍ਰਕਾਰ ਦੇ ਨਸ਼ੇ ਵਗੈਰਾ ਦੀ ਜਾਂ ਹੋਰ ਕੋਈ ਬੁਰੀ ਆਦਤ ਉਸ ਨੂੰ ਨਹੀਂ ਸੀ। ਦਫਤਰੋਂ ਛੁੱਟੀ ਕਰਕੇ ਸਿੱਧਾ ਘਰ ਜਾਂਦਾ ਤੇ ਫਿਰ ਪਤਨੀ ਦੇ ਨੇੜੇ ਜਾਕੇ ਅਜਿਹਾ ਗਵਾਚਦਾ ਕਿ ਦੂਜੇ ਦਿਨ ਦਫਤਰ ਜਾਣ ਵੇਲੇ ਹੀ ਘਰੋਂ ਨਿਕਲਦਾ।

ਦਿਨ ਪਿੱਛੋਂ ਦਿਨ ਬੀਤਦੇ ਗਏ, ਫਿਰ ਹਫਤੇ ਮਹੀਨੇ ਤੇ ਫਿਰ ਸਾਲ । ਦੋਵਾਂ ਦਾ ਪਿਆਰ ਵਧਦਾ ਹੀ ਚਲਾ ਗਿਆ। ਹੁਣ ਹਾਜੀ ਸਾਹਬ ਵੀ ਬਹੁਤ ਕਮਜ਼ੋਰ ਹੋ ਗਏ। ਪ੍ਰਚਾਰ ਤੇ ਨਸੀਹਤ ਦਾ ਉਹ ਪਹਿਲਾਂ ਵਾਲਾ ਜੋਸ਼ ਤੇ ਉਤਸ਼ਾਹ ਉਨ੍ਹਾਂ ਵਿੱਚ ਨਹੀਂ ਰਿਹਾ ਸੀ। ਘਰੋਂ ਬਾਹਰ ਘੱਟ ਹੀ ਨਿਕਲਦੇ। ਪਰ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਸੀ ਕਿ ਆਖਰਕਾਰ ਉਨ੍ਹਾਂ ਦੀ ਮਿਹਨਤ ਰਾਸ ਆ ਗਈ।

ਇਸ ਤਰ੍ਹਾਂ ਪੰਜ ਵਰ੍ਹੇ ਬੀਤ ਗਏ। ਇਸ ਦੌਰਾਨ ਮੁਨੀਰ ਨੂੰ ਨੌਕਰੀ ਦੇ ਸਿਲਸਿਲੇ ਵਿੱਚ ਬਦਲ ਕੇ ਕਈ ਥਾਵਾਂ ਤੇ ਜਾਣਾ ਪਿਆ। ਲੇਕਿਨ ਉਹ ਜਿੱਥੇ ਵੀ ਜਾਂਦੇ ਬਲਕੀਸ ਹਾਜੀ ਸਾਹਬ ਨੂੰ ਆਪਣੀ ਰਾਜੀ ਖੁਸ਼ੀ ਦੀ ਸੂਚਨਾ ਭੇਜਦੀ ਰਹਿੰਦੀ।

ਇੱਕ ਦਿਨ ਹਾਜੀ ਸਾਹਬ ਨੂੰ ਇੱਕ ਪੱਤਰ ਮਿਲਿਆ ਜਿਸ ਨੂੰ ਪੜ੍ਹਕੇ ਅਚਾਨਕ ਇੱਕ ਵਾਰੀ ਫੇਰ ਦੁਨੀਆ ਉਨ੍ਹਾਂ ਦੀਆਂ ਅੱਖਾਂ ਅੱਗੇ ਹਨੇਰੀ ਹੋ ਗਈ। ਗੱਲ ਇਹ ਸੀ ਕਿ

ਮੁਨੀਰ ਦੀ ਸਿਹਤ ਪਿਛਲੇ ਸਾਲ ਤੋਂ ਹੌਲੀ ਹੌਲੀ ਡਿੱਗਣੀ ਸ਼ੁਰੂ ਹੋ ਗਈ ਸੀ। ਮੁਨੀਰ ਦਾ ਹਰ ਸਮੇਂ ਘਰ ਲੇਟਿਆ ਰਹਿਣਾ ਅਤੇ ਖੇਡ ਮਨੋਰੰਜਨ ਵਿੱਚ ਹਿੱਸਾ ਨਾ ਲੈਣਾ ਉਹਦੀ ਤੰਦਰੁਸਤੀ ਲਈ ਨੁਕਸਾਨਦੇਹ ਸਾਬਤ ਹੋਇਆ ਤੇ ਉਹਨੂੰ ਹਲਕਾ ਹਲਕਾ ਬੁਖ਼ਾਰ ਰਹਿਣ ਲੱਗ ਪਿਆ। ਕਦੇ ਕਦੇ ਖਾਂਸੀ ਵੀ ਉੱਠਣ ਲੱਗੀ ਸੀ । ਡਾਕਟਰਾਂ ਦੀ ਰਾਏ ਸੀ ਕਿ ਇਹ ਤਪਦਿਕ ਦੀ ਸ਼ੁਰੂਆਤ ਦੇ ਲੱਛਣ ਹਨ ਅਤੇ ਉਨ੍ਹਾਂ ਨੇ ਸਲਾਹ ਦਿੱਤੀ ਕਿ ਦਫਤਰ ਤੋਂ ਲੰਮੀ ਛੁੱਟੀ ਲੈ ਲਈ ਜਾਵੇ ਅਤੇ ਉਸਨੂੰ ਕਿਸੇ ਸਿਹਤ-ਵਰਧਕ ਪਹਾੜੀ ਸਥਾਨ ਤੇ ਰੱਖਿਆ ਜਾਵੇ। ਪੱਤਰ ਦੀਆਂ ਅਖੀਰੀ ਲਾਈਨਾਂ ਸਨ

"ਲੇਕਿਨ ਮੇਰੇ ਪਿਆਰੇ ਅੱਬਾ ਜਾਨ ਤੁਸੀਂ ਇਸ ਖ਼ਬਰ ਨਾਲ ਜ਼ਿਆਦਾ ਪ੍ਰੇਸ਼ਾਨ ਨਾ ਹੋਣਾ। ਡਾਕਟਰ ਨੇ ਕਿਹਾ ਹੈ ਕਿ ਮੁਨੀਰ ਸਾਲ ਭਰ ਨਿਯਮਿਤ ਇਲਾਜ ਕਰਵਾਉਣ ਨਾਲ ਤੰਦਰੁਸਤ ਹੋ ਜਾਵੇਗਾ। ਮੈਂ ਆਪ ਉਨ੍ਹਾਂ ਦੀ ਵੇਖਭਾਲ ਕਰਾਂਗੀ। ਅੱਲਾ ਨੇ ਚਾਹਿਆ ਤਾਂ ਉਹ ਜ਼ਰੂਰ ਸਿਹਤਯਾਬ ਹੋ ਜਾਣਗੇ। ਪਰ ਇਹਦੇ ਵਿੱਚ ਤਿੰਨ ਚਾਰ ਸੌ ਰੁਪਏ ਮਹੀਨੇ ਦਾ ਖਰਚਾ ਆਵੇਗਾ। ਸੋ ਇਹਦਾ ਤੁਸੀਂ ਫਿਕਰ ਨਾ ਕਰੋ। ਉਹ ਜੋ ਮੇਰੇ ਨਾਮ ਦਾ ਮਕਾਨ ਹੈ ਉਸ ਨੂੰ ਵੇਚ ਦੇਵੋ। ਆਖਰਕਾਰ ਜਾਇਦਾਦ ਇਹੋ ਜਿਹੇ ਮੁਸ਼ਕਿਲ ਦੇ ਸਮਿਆਂ ਲਈ ਹੀ ਤਾਂ ਹੁੰਦੀ ਹੈ। ਜੀਅ ਨਾਲ ਹੀ ਜਹਾਨ ਹੈ। ਆਸ ਹੈ ਤੁਸੀਂ ਸਾਰੀਆਂ ਗੱਲਾਂ ਦਾ ਉਤਰ ਵੇਰਵੇ ਸਹਿਤ ਭੇਜੋਗੇ ਜਾਂ ਆਪ ਆਵੋਗੇ।

ਤੁਹਾਡੇ ਦਰਸ਼ਨਾਂ ਦੀ ਤਾਂਘ ਵਿੱਚ,

—ਬਲਕੀਸ

ਇਸ ਪੱਤਰ ਨੂੰ ਪੜ੍ਹਕੇ ਹਾਜੀ ਸਾਹਬ ਗੁੰਮਸੁੰਮ ਰਹਿ ਗਏ। ਅਚਾਨਕ ਦਿਲ ਵਿੱਚ ਇਸ ਤਰ੍ਹਾਂ ਕਮਜ਼ੋਰੀ ਮਹਿਸੂਸ ਹੋਈ ਜਿਵੇਂ ਉਨ੍ਹਾਂ ਦਾ ਆਖਰੀ ਸਮਾਂ ਆ ਪਹੁੰਚਿਆ ਹੋਵੇ। ਦੋ ਦਿਨ ਤੱਕ ਉਹ ਘਰੋਂ ਬਾਹਰ ਨਾ ਨਿਕਲੇ। ਤੀਜੇ ਦਿਨ ਜਦੋਂ ਕੁੱਝ ਤਬੀਅਤ ਸੰਭਲੀ ਤਾਂ ਉਹ ਲਾਠੀ ਦਾ ਸਹਾਰਾ ਲੈਕੇ ਉੱਠੇ ਤੇ ਜਾਇਦਾਦ ਵੇਚਣ ਦੇ ਮੰਤਵ ਨਾਲ ਦਲਾਲ ਲੱਭਣ ਲਈ ਨਿਕਲ ਪਏ। ਘਰੋਂ ਬਾਹਰ ਪੈਰ ਪੁੱਟਿਆ ਸੀ ਕਿ ਇੱਕ ਤਾਂਗਾ ਉਨ੍ਹਾਂ ਦੇ ਘਰ ਦੇ ਬੂਹੇ ਦੇ ਸਾਹਮਣੇ ਆ ਕੇ ਰੁਕਿਆ। ਉਸ ਵਿੱਚ ਇੱਕ ਔਰਤ ਬੁਰਕਾ ਪਹਿਨ ਕੇ ਬੈਠੀ ਹੋਈ ਸੀ। ਨਾਲ ਕੁੱਝ ਸਾਮਾਨ ਸੀ, ਦੋ ਤਿੰਨ ਟਰੰਕ, ਇੱਕ ਅਟੈਚੀ ਕੇਸ।

ਹਾਜੀ ਸਾਹਬ ਰੁਕ ਗਏ । ਉਨ੍ਹਾਂ ਦੀ ਸੂਰਤ ਵੇਖ ਕੇ ਉਸ ਔਰਤ ਨੇ ਚਿਹਰੇ ਤੋਂ ਪਰਦਾ ਉਠਾ ਦਿੱਤਾ। ਉਸ ਦੀ ਉਮਰ ਤੀਹ ਪੈਂਤੀ ਸਾਲ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੋਵੇਗੀ। ਲੇਕਿਨ ਉਸ ਦੇ ਰੂਪ ਵਿੱਚ ਅਜੇ ਤੱਕ ਲੋਹੜੇ ਦੀ ਤਾਜ਼ਗੀ ਸੀ।

"ਮੈਂ ਬਹਾਰ ਦੀ ਭੈਣ ਹਾਂ" – ਉਹਨੇ ਬੜੇ ਆਦਰ ਨਾਲ ਕਹਿਣਾ ਸ਼ੁਰੂ ਕੀਤਾ। "ਦਸ ਸਾਲ ਪਹਿਲਾਂ ਜਿਸ ਤਰ੍ਹਾਂ ਮੇਰੀ ਭੈਣ ਨੂੰ ਧਰਮ ਤੇ ਪਰਲੋਕ ਦਾ ਰਸਤੇ ਵਿਖਾਇਆ ਸੀ, ਉਸੇ ਤਰ੍ਹਾਂ ਮੇਰੇ ਉੱਤੇ ਵੀ ਮਿਹਰ ਦੀ ਨਿਗ੍ਹਾ ਹੋ ਜਾਵੇ।"



# ਨਰ-ਨਾਰੀ

**—ਇੰਤਜ਼ਾਰ ਹੁਸੈਨ**

*(7-12-1923 – 2-2-2016)*

ਮਦਨ ਸੁੰਦਰੀ ਕਿੰਨੀ ਖ਼ੁਸ਼ ਸੀ ਕਿ ਦੇਵੀ ਨੇ ਉਸਦੀ ਸੁਣ ਲਈ। ਨਹੀਂ ਤਾਂ ਉਹ ਭਰਾ ਤੇ ਪਤੀ ਦੋਹਾਂ ਨੂੰ ਗੁਆ ਬੈਠੀ ਸੀ। ਭਰਾ ਜਦੋਂ ਪੂਰਾ ਹੋਣ ਲੱਗਾ ਤਾਂ ਉਹ ਉਹਦੇ ਤੋਂ ਵਾਰੀ ਜਾਂਦੀ ਰਹੀ। ਗੋਪੀ ਨੇ ਵੀ ਮਦਨ ਸੁੰਦਰੀ ਦੇ ਸਿਰ 'ਤੇ ਹੱਥ ਫੇਰਿਆ, ਆਸ਼ੀਰਵਾਦ ਦਿੱਤਾ ਤੇ ਚਲਾ ਗਿਆ।

ਗੋਪੀ ਦੇ ਤੁਰ ਜਾਣ ਮਗਰੋਂ ਮਦਨ ਸੁੰਦਰੀ ਦੇਵੀ ਦੇ ਗੁਣ ਗਾਂਦੀ ਰਹੀ। ਧਾਵਲ ਉਸਦੀ ਹਾਂ ਵਿਚ ਹਾਂ ਮਿਲਾਂਦਾ ਰਿਹਾ। ਦੋਵਾਂ ਨੇ ਮਿਲ ਕੇ ਦੇਵੀ ਦੀ ਮਹਿਮਾ ਗਾਈ ਕਿ ਬ੍ਰਹਮਾ, ਵਿਸ਼ਨੂੰ ਤੇ ਇੰਦਰ ਸਭ ਉਸਦੀ ਸੇਵਾ ਵਿਚ ਲੱਗੇ ਰਹਿੰਦੇ ਹਨ ਤੇ ਉਹ ਵੀ ਆਪਣੇ ਭਗਤਾਂ 'ਤੇ ਅਪਾਰ ਕਿਰਪਾ ਕਰਦੀ ਹੈ। ਜਦੋਂ ਕਿਸੇ ਭਗਤ 'ਤੇ ਮੁਸੀਬਤ ਪੈਂਦੀ ਹੈ ਤਾਂ ਉਹ ਤੁਰੰਤ ਉਥੇ ਪਹੁੰਚ ਕੇ ਉਸ ਨੂੰ ਮੁਸੀਬਤ ਵਿਚੋਂ ਕੱਢਦੀ ਹੈ।

ਬਸ ਇਨ੍ਹਾਂ ਹੀ ਗੱਲਾਂ ਵਿਚ ਦਿਨ ਬੀਤ ਗਿਆ। ਰਾਤ ਹੋਈ ਤੇ ਦਿਨ ਭਰ ਦੀ ਥੱਕੀ-ਹਾਰੀ ਮਦਨ ਸੁੰਦਰੀ ਸੌਣ ਲਈ ਧਾਵਲ ਦੇ ਨਾਲ ਸੌਂ ਜਾਵੇਗੀ। ਅੱਜ ਜਿੱਦਾਂ ਉਸਨੂੰ ਗੁਆ ਕੇ ਹਾਸਲ ਕੀਤਾ ਸੀ, ਕਿੰਨੀਆਂ ਚਾਹਤਾਂ ਨਾਲ ਉਹ ਉਹਦੇ ਕੋਲ ਆਈ ਸੀ ਪਰ ਉਸਨੂੰ ਇਨ੍ਹਾਂ ਬਾਹਾਂ ਵਿਚ ਸੁੱਖ ਨਾ ਮਿਲਿਆ। ਇਹ ਜਿਸਮ ਉਸਨੂੰ ਅਣਜਾਣ ਲੱਗਣ ਲੱਗ ਪਿਆ ਸੀ। ਉਹ ਹੈਰਾਨ ਸੀ ਕਿ ਅੱਜ ਧਾਵਲ ਦੇ ਜਿਸਮ ਨੂੰ ਕੀ ਹੋ ਗਿਆ ਹੈ। ਇਸ ਜਿਸਮ ਨੂੰ ਤਾਂ ਉਸ ਦਾ ਆਪਣਾ ਜਿਸਮ ਚੰਗੀ ਤਰ੍ਹਾਂ ਪਛਾਣਦਾ ਸੀ। ਜਦੋਂ ਦੋਵੇਂ ਜਿਸਮ ਮਿਲਦੇ ਤਾਂ ਇਵੇਂ ਘੁਲ-ਮਿਲ ਜਾਂਦੇ ਜਿੱਦਾਂ ਜਨਮ-ਜਨਮ ਤੋਂ ਇਕ-ਦੂਜੇ ਨੂੰ ਜਾਣਦੇ ਹੋਣ। ਉਹਦਾ ਹੱਥ ਪੂਰੀ ਤਰ੍ਹਾਂ ਗੁੰਦਵੇਂ ਜਿਸਮ ਦੇ ਵਿਚਕਾਰ ਜਾਂਦਾ ਜਿੱਦਾਂ ਉਸਦੇ ਸਭ ਭੇਤਾਂ ਨੂੰ ਉਸਨੇ ਜਾਣ ਰੱਖਿਆ ਹੋਵੇ। ਉਹਦੇ ਬਿਜਲੀ ਭਰੇ ਹੱਥਾਂ ਦੇ ਛੂਹੇ ਜਾਣ ਨਾਲ ਅੰਗ-ਅੰਗ ਵਿਚ ਲਹਿਰ ਦੌੜ ਜਾਂਦੀ ਤੇ ਪੂਰਾ ਜਿਸਮ ਜਾਗ ਜਾਂਦਾ। ਪਰ ਅੱਜ ਤਾਂ ਇੰਝ ਲੱਗ ਰਿਹਾ ਸੀ ਜਿੱਦਾਂ ਉਹ ਜਿਸਮ ਇਕ-ਦੂਜੇ ਨੂੰ ਜਾਣਦੇ ਹੀ ਨਾ ਹੋਣ ਤੇ ਇਕ ਉਹ ਹੱਥ ਜਿਵੇਂ ਪਹਿਲੀ ਵਾਰ ਉਸਦੇ ਵਿਚਕਾਰ ਉਤਰਿਆ ਹੋਵੇ। ਮਦਨ ਸੁੰਦਰੀ ਦੁਚਿੱਤੀ ਵਿਚ ਪੈ ਗਈ। ਕੀ ਇਹ ਉਹੀ ਜਿਸਮ ਨਹੀਂ ਜਿਸ ਨਾਲ ਉਹ ਰੋਜ਼ ਰਾਤ ਨੂੰ ਲੱਗ ਕੇ ਸੌਂਦੀ ਸੀ। ਫਿਰ ਬੇਕਾਬੂ ਹੋ ਕੇ ਬੋਲੀ, "ਇਹ ਤੂੰ ਨ੍ਹੀਂ" ਤੇ ਉਹ ਧਾਵਲ ਦੀਆਂ ਬਾਹਾਂ 'ਚੋਂ ਨਿਕਲ ਕੇ ਉੱਠ ਬੈਠੀ।

ਧਾਵਲ ਹੈਰਾਨ ਸੀ ਕਿ ਮਦਨ ਸੁੰਦਰੀ ਨੂੰ ਕੀ ਹੋ ਗਿਆ ਹੈ।

"ਕੀ ਕਹਿ ਰਹੀ ਏਂ ਤੂੰ, ਇਹ ਮੈਂ ਨਹੀਂ ਆਂ?"

"ਨਹੀਂ, ਇਹ ਤੂੰ ਨਹੀਂ," ਜ਼ਬਾਨ ਇਕ ਵਾਰ ਖੁੱਲ੍ਹੀ ਤਾਂ ਖੁੱਲ੍ਹ ਗਈ।

"ਸੁੰਦਰੀ, ਹੋਸ਼ 'ਚ ਆ। ਮੈਂ ਜੇਕਰ ਮੈਂ ਨਹੀਂ ਤਾਂ ਮੈਂ ਫੇਰ ਕੌਣ ਆਂ?" ਇਹ ਕਹਿੰਦੇ ਹੋਏ ਧਾਵਲ ਦੀਵਾ ਹੱਥ ਵਿਚ ਲੈ ਕੇ ਮਦਨ ਸੁੰਦਰੀ ਦੇ ਕੋਲ ਬੈਠ ਕੇ ਕਹਿਣ ਲੱਗਿਆ, "ਲੈ ਦੇਖ! ਬੋਲ, ਕੀ ਮੈਂ ਇਹ ਨਹੀਂ ਹਾਂ?"

ਮਦਨ ਸੁੰਦਰੀ ਨੇ ਦੀਵੇ ਦੀ ਲੋਅ ਵਿਚ ਦੇਖਿਆ ਤੇ ਇੰਝ ਬੋਲੀ ਜਿੱਦਾਂ ਆਪਣੇ ਕਹੇ ਬੋਲਾਂ ਤੇ ਸ਼ਰਮਿੰਦਾ ਹੋਵੇ, "ਹੈ ਤਾਂ ਇਹ ਤੂੰ ਹੀ।"

"ਚੰਗੀ ਤਰ੍ਹਾਂ ਦੇਖ ਲੈ, ਫੇਰ ਬਾਅਦ 'ਚ ਕਿਸੇ ਸ਼ੱਕ 'ਚ ਨਾ ਪੈ ਜਾਵੀਂ।" ਧਾਵਲ ਵੀ ਉਸਨੂੰ ਸ਼ਰਮਿੰਦਾ ਕਰਨ 'ਤੇ ਉਤਾਰੂ ਸੀ।

ਉਹ ਸ਼ਰਮਿੰਦੀ ਹੋ ਗਈ। "ਹੈ ਤਾਂ ਤੂੰ ਉਹੀ," ਕਹਿੰਦੇ-ਕਹਿੰਦੇ ਉਸਦੀ ਨਜ਼ਰ ਧਾਵਲ ਦੇ ਹੱਥਾਂ 'ਤੇ ਜਾ ਪਹੁੰਚੀ ਤੇ ਹੌਲੀ ਜਿਹੀ ਬੋਲੀ, "ਪਰ ਹੱਥ ਨ੍ਹੀਂ?"

"ਇਨ੍ਹਾਂ ਹੱਥਾਂ ਨੂੰ ਕੀ ਹੋਇਆ?"

ਮਦਨ ਸੁੰਦਰੀ ਧਾਵਲ ਦੀ ਗੱਲ ਅਣਸੁਣੀ ਕਰ ਉਨ੍ਹਾਂ ਬਾਹਵਾਂ ਨੂੰ ਤੱਕਦੀ ਰਹੀ-"ਧਾਵਲ ਇਹ ਹੱਥ ਤੇਰੇ ਨਹੀਂ ਨੇਂ।"

"ਫਿਰ ਕਿਸਦੇ ਨੇਂ?" ਉਸਨੇ ਸੜ ਕੇ ਕਿਹਾ।

ਇਹੀ ਤਾਂ ਉਸ ਸੋਚ ਰਹੀ ਸੀ ਕਿ ਹੱਥ ਕਿਸ ਦੇ ਹਨ। ਇਹ ਹੱਥ ਅਣਜਾਣੇ ਨਹੀਂ, ਪਰ ਧਾਵਲ ਦੇ ਵੀ ਨਹੀਂ। ਫਿਰ ਕਿਸ ਦੇ ਹਨ? ਉਸੇ ਪਲ ਗੋਪੀ ਦਾ ਪਰਛਾਵਾਂ ਉਸਦੀਆਂ ਨਜ਼ਰਾਂ ਸਾਹਮਣੇ ਆ ਗਿਆ।

"ਗੋਪੀ ਦੇ ਹੱਥ!" ਅਚਾਨਕ ਉਹਦੇ ਮੂੰਹੋਂ ਨਿਕਲਿਆ ਤੇ ਉਹ ਸੁੰਨ ਹੋ ਗਈ।

ਉਸਨੂੰ ਸਭ ਯਾਦ ਆ ਗਿਆ। ਹਾਲ ਇਹ ਹੋ ਗਿਆ ਕਿ ਕੱਟੋ ਤਾਂ ਜਿਸਮ ਵਿਚ ਖ਼ੂਨ ਨਹੀਂ। ਉਹ ਗੁੰਮ-ਸੁੰਮ ਹੋ ਗਈ। ਫਿਰ ਇੰਜ ਬੋਲਣ ਲੱਗੀ, ਜਿਵੇਂ ਕੋਈ ਜੁਰਮ ਕਬੂਲ ਕਰ ਰਹੀ ਹੋਵੇ-"ਸਵਾਮੀ, ਮੈਥੋਂ ਭੁੱਲ ਹੋ ਗਈ।"

"ਭੁੱਲ, ਕਾਹਦੀ ਭੁੱਲ?"

"ਭਾਰੀ ਭੁੱਲ।" ਤੇ ਉਹਦੇ ਚਿਹਰੇ ਦੀਆਂ ਹਵਾਈਆਂ ਉੱਡ ਗਈਆਂ ਸਨ।

"ਪਤਾ ਤਾਂ ਲੱਗੇ ਕੀ ਭੁੱਲ ਹੋ ਗਈ ਤੈਥੋਂ?"

"ਸਿਰ-ਧੜ ਦਾ ਘਪਲਾ ਹੋ ਗਿਆ।"

ਧਾਵਲ ਬੋਲਿਆ, "ਨੀ ਭਾਗਵਾਨੇ! ਤੂੰ ਕਿਹੋ ਜਿਹੀਆਂ ਬਹਿਕੀਆਂ ਗੱਲਾਂ ਕਰ ਰਹੀ ਏਂ?"

ਮਦਨ ਸੁੰਦਰੀ ਰੋ ਪਈ-"ਸਵਾਮੀ, ਤੁਸੀਂ ਮੈਨੂੰ ਭਾਗਵਾਨ ਕਹਿੰਦੇ ਹੋ? ਮੇਰੇ ਨਾਲੋਂ ਵੱਧ ਮਾੜੀ ਕਿਸਮਤ ਕਿਸਦੀ ਹੋਵੇਗੀ? ਇਕ ਮੁਸੀਬਤ 'ਚੋਂ ਨਿਕਲੀ ਤੇ ਦੂਜੀ ਮੁਸੀਬਤ 'ਚ ਪੈ ਗਈ। ਫੁੱਟ ਜਾਣ ਇਹ ਅੱਖਾਂ ਜਿਨ੍ਹਾਂ ਨੇ ਪਹਿਲਾਂ ਧਰਮ-ਪਤੀ ਤੇ ਫੇਰ ਪਿਆਰੇ ਭਰਾ ਦੇ ਸਿਰ-ਧੜ ਕਟਵਾ ਦਿੱਤੇ। ਹੁਣ ਇਹੀ ਅੱਖਾਂ ਸਿਰ-ਧੜ ਦਾ ਘਪਲਾ ਦੇਖ ਰਹੀਆਂ ਨੇਂ। ਟੁੱਟ ਜਾਣ ਇਹ ਹੱਥ ਜਿਨ੍ਹਾਂ ਕਾਰਣ ਇਹ ਘਪਲਾ ਹੋਇਆ।"



ਧਾਵਲ ਦੇ ਹਵਾਸ ਗੁੰਮ ਹੋਣ ਲੱਗੇ। ਕਿਤੇ ਮਦਨ ਸੁੰਦਰੀ ਦਾ ਦਿਮਾਗ ਤਾਂ ਨਹੀਂ ਫਿਰ ਗਿਆ। ਬੋਲਿਆ, "ਸਿਰ ਤਾਂ ਮੇਰਾ ਕੱਟਿਆ ਸੀ, ਪਰ ਮੈਨੂੰ ਲੱਗਦੈ ਕਿ ਸਿਰ ਤੇਰਾ ਫਿਰ ਗਿਆ ਏ। ਸਿੱਧੀ ਗੱਲ ਕਰ; ਨ੍ਹੀਂ ਤਾਂ ਮੈਂ ਸੱਚਮੁੱਚ ਇਹੀ ਸਮਝਾਂਗਾ ਕਿ ਤੇਰੀ ਮੱਤ ਮਾਰੀ ਗਈ ਏ।"

"ਮੇਰੀ ਮੱਤ ਹੀ ਤਾਂ ਮਾਰੀ ਗਈ ਸੀ। ਉਹ ਇਹ," ਕਹਿੰਦੇ-ਕਹਿੰਦੇ ਸਾਰਾ ਦ੍ਰਿਸ਼ ਉਸ ਦੀਆਂ ਅੱਖਾਂ ਸਾਹਮਣੇ ਘੁੰਮ ਗਿਆ।

ਉਹ ਦ੍ਰਿਸ਼ !

ਮੰਦਰ ਦੇ ਵਿਹੜੇ 'ਚ ਦੇਵੀ ਦੀ ਮੂਰਤ ਦੇ ਸਾਹਮਣੇ ਗੋਪੀ ਤੇ ਧਾਵਲ ਖ਼ੂਨ ਵਿਚ ਲਥਪਥ ਪਏ ਹਨ। ਦੋਵਾਂ ਦੇ ਸਿਰ ਵੱਖ, ਧੜ ਵੱਖ। ਉਹਦੀ ਸੁੱਧ-ਬੁੱਧ ਮਾਰੀ ਗਈ। ਕੁਝ ਸਮਝ ਵਿਚ ਨਹੀਂ ਆਇਆ ਕਿ ਇਹ ਹੋਇਆ ਕੀ। ਉਹ ਸਿਰ ਪਿਟਣ ਲਗੀ, ਵਾਲ ਨੋਚਣ ਲਗੀ। ਪਲਾਂ ਵਿਚ ਅੱਖਾਂ ਵਿਚ ਹੰਝੂਆਂ ਦੀ ਗੰਗਾ ਵਹਿ ਤੁਰੀ। ਰੋਂਦੇ-ਰੋਂਦੇ ਸਾਹਮਣੇ ਜੋ ਨਜ਼ਰ ਆਇਆ ਉਹ ਇਹ ਕਿ ਖ਼ੂਨ ਵਿਚ ਭਿੱਜੀ ਤਲਵਾਰ ਪਈ ਸੀ। ਖ਼ੂਨ ਨਾਲ ਭਿੱਜੀ ਉਸ ਤਲਵਾਰ ਨੂੰ ਦੇਖ ਕੇ ਉਸਦੇ ਦਿਮਾਗ ਵਿਚ ਕੁਝ ਹੋਰ ਹੀ ਆਇਆ। ਮਾੜੀ ਕਿਸਮਤ ਕਿ ਸਵਾਮੀ ਅਤੇ ਭਰਾ ਦੋਵੇਂ ਜਾਨ ਤੋਂ ਗਏ। ਉਹ ਹੁਣ ਜੀਅ ਕੇ ਕੀ ਕਰੇਗੀ? ਜਿਸ ਤਲਵਾਰ ਨੇ ਉਨ੍ਹਾਂ ਦਾ ਕੰਮ ਖ਼ਤਮ ਕੀਤਾ, ਕਿਉਂ ਨਾ ਉਸੇ ਤਲਵਾਰ ਨਾਲ ਆਪਣਾ ਸਿਰ ਕੱਟੇ ਤੇ ਉਨ੍ਹਾਂ 'ਤੇ ਵਾਰ ਦੇਵੇ। ਇਹ ਸੋਚ ਕੇ ਉਸਨੇ ਖ਼ੂਨ ਨਾਲ ਭਿੱਜੀ ਉਹੀ ਤਲਵਾਰ ਚੁੱਕੀ ਤੇ ਆਪਣੀ ਗਰਦਨ 'ਤੇ ਮਾਰਨ ਲਗੀ ਕਿ ਦੇਵੀ ਦੀ ਮੂਰਤੀ 'ਚੋਂ ਆਵਾਜ਼ ਆਈ, "ਹੇ ਨਾਰੀ! ਤਲਵਾਰ ਸੁੱਟ ਦੇ। ਤੂੰ ਸੱਚੀ ਔਰਤ ਤੇ ਸੱਚੀ ਭੈਣ ਸਾਬਤ ਹੋਈ ਏਂ। ਮੈਂ ਤੇਰੇ ਤੋਂ ਖ਼ੁਸ਼ ਆਂ। ਤੇਰੇ ਪਤੀ ਤੇ ਭਰਾ ਨੂੰ ਜੀਵਨ ਦਾਨ ਦੇਂਦੀ ਹਾਂ। ਤੂੰ ਐਦਾਂ ਕਰ ਕਿ ਮੁੰਡੇ ਨੂੰ ਰੁੰਡ ਨਾਲ ਮਿਲਾ ਦੇ, ਦੋਵੇਂ ਜੀਅ ਉੱਠਣਗੇ।"

ਦੇਵੀ ਦੀ ਆਵਾਜ਼ ਸੁਣ ਕੇ ਖ਼ੁਸ਼ੀ ਨਾਲ ਉਸ ਦੇ ਹੱਥ-ਪੈਰ ਫੁਲ ਗਏ। ਇਸੇ 'ਚ ਗੜਬੜ ਹੋ ਗਈ। ਮਤ ਪਹਿਲਾਂ ਗ਼ਮ ਨਾਲ ਮਾਰੀ ਗਈ ਸੀ, ਹੁਣ ਖ਼ੁਸ਼ੀ ਨਾਲ ਮਾਰੀ ਗਈ।

ਉਹ ਧਾਵਲ ਨੂੰ ਕਹਿਣ ਲਗੀ, "ਸਵਾਮੀ, ਮੇਰੀ ਮੱਤ ਸੱਚਮੁੱਚ ਮਾਰੀ ਗਈ ਸੀ। ਅਜਿਹੀ ਗੜਬੜੀ ਕੀਤੀ ਕਿ ਭਰਾ ਦੇ ਧੜ 'ਤੇ ਤੁਹਾਡਾ ਸਿਰ ਲਟਕਾ ਦਿੱਤਾ ਤੇ ਤੁਹਾਡੇ ਧੜ ਨਾਲ ਭਰਾ ਦਾ ਸਿਰ ਚਿਪਕਾ ਦਿੱਤਾ। ਫੇਰ ਜਦੋਂ ਮੈਨੂੰ ਸੁਧ ਆਈ ਤਾਂ ਮੈਂ ਸਿਰ ਪਿਟਣ ਲੱਗੀ ਕਿ ਮੈਂ ਇਹ ਕੀ ਕਰ ਬੈਠੀ ਆਂ। ਗ਼ਲਤ ਨੂੰ ਸਹੀ ਕਰਨ ਲੱਗੀ, ਸਿਰ ਧੜ ਨੂੰ ਫੇਰ ਜੋੜਣ ਲਈ ਉੱਠੀ ਹੀ ਸਾਂ ਕਿ ਦੋਵੇਂ ਜੀ ਉੱਠ ਖੜੇ ਹੋਏ। ਮਰਿਆਂ ਨੂੰ ਜ਼ਿੰਦਾ ਦੇਖ ਕੇ ਮੈਂ ਖ਼ੁਸ਼ੀ ਨਾਲ ਇਵੇਂ ਝੱਲੀ ਹੋਈ ਕਿ ਮੈਂ ਗ਼ਲਤੀ ਠੀਕ ਕਰਨੀ ਭੁੱਲ ਗਈ। ਪਤਾ ਜਾ ਕੇ ਹੁਣ ਲੱਗਾ ਕਿ ਗੜਬੜੀ ਹੋ ਗਈ। ਭਰਾ ਤੇ ਪਤੀ ਦਾ ਘਾਲ-ਮਾਲ ਹੋ ਗਿਆ ਏ।"

ਧਾਵਲ ਨੇ ਉਸਦੀ ਗੱਲ ਨੂੰ ਹਾਸੇ ਵਿਚ ਉਡਾਉਣਾ ਚਾਹਿਆ, "ਚੱਲ, ਇਹ ਤਾਂ ਚੰਗਾ ਹੀ ਹੋਇਆ ਕਿ ਭਰਾ ਤੇ ਪਤੀ ਦਾ ਘਾਲ-ਮਾਲ ਹੋ ਗਿਆ।"

ਉਹ ਤੜਫ਼ ਕੇ ਕਹਿਣ ਲੱਗੀ, "ਮੇਰੀ ਚਿੰਤਾ ਹੁਣ ਇਹ ਵੇ ਕਿ ਹੁਣ ਮੈਂ ਭੈਣ ਕਿਸ ਦੀ ਆਂ, ਤੇ ਪਤਨੀ ਕਿਸ ਦੀ?"

ਇਹ ਸੁਣ ਕੇ ਧਾਵਲ ਹੜਬੜਾ ਗਿਆ। ਸੋਚ ਵਿਚ ਪੈ ਗਿਆ। ਛੇਤੀ ਹੀ ਉਸ ਨੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦਿੱਤਾ, ਤੇ ਕਹਿਣ ਲੱਗਾ, "ਨੀਂ ਸੁੰਦਰੀਏ! ਇਹ ਫ਼ੈਸਲਾ ਕਰਨਾ ਕਿਹੜਾ ਮੁਸ਼ਕਿਲ ਗੱਲ ਏ। ਨਦੀਆਂ 'ਚੋਂ ਉਤਮ ਗੰਗਾ ਨਦੀ ਤੇ ਪਰਬਤਾਂ 'ਚ ਉਤਮ ਸਮੇਰ ਪਰਬਤ। ਅੰਗਾਂ 'ਚ ਉਤਮ ਮਸਤਕ। ਧੜ ਦਾ ਕੀ, ਉਹ ਤਾਂ ਸਭ ਦੇ ਇਕ ਬਰਾਬਰ ਹੁੰਦੇ ਨੇਂ। ਮਨੁੱਖ ਤਾਂ ਆਪਣੇ ਦਿਮਾਗ਼ ਤੋਂ ਪਛਾਣਿਆ ਜਾਂਦਾ ਹੈ। ਸੋ, ਤੂੰ ਧੜ 'ਤੇ ਨਾ ਜਾਹ, ਮੱਥੇ ਨੂੰ ਦੇਖ ਕਿ ਇਹ ਮੇਰਾ।"

ਮਦਨ ਸੁੰਦਰੀ ਨਿਰ-ਉਤਰ ਹੋ ਗਈ। ਦਿਲ ਵਿਚ ਕਿਹਾ ਕਿ ਧਾਵਲ ਠੀਕ ਆਕਦਾ ਏ, ਧੜ ਦੇ ਨਾ ਨੱਕ-ਕੰਨ ਹਨ, ਨਾ ਮੂੰਹ-ਮੱਥਾ, ਕੁਝ ਵੀ ਨਹੀਂ ਹੁੰਦਾ। ਉਹ ਤਾਂ ਬਸ ਧੜ ਹੁੰਦਾ ਹੈ। ਉਸਨੇ ਧਾਵਲ ਦੇ ਮੱਥੇ ਨੂੰ ਦੇਖਿਆ ਅਤੇ ਸਭ ਕੁਝ ਭੁੱਲ ਗਈ।

ਉਹ ਦੋਵੇਂ ਦੂਰੀ ਤੋਂ ਬਾਅਦ ਜਿਵੇਂ ਬਹੁਤ ਨੇੜੇ-ਨੇੜੇ ਆ ਗਏ ਹੋਣ। ਇੰਜ ਮਿਲੇ ਜਿਵੇਂ ਇਕ-ਦੂਜੇ ਵਿਚ ਘੁਲ ਜਾਣਗੇ। ਪਰ ਜਦੋਂ ਫਿਰ ਧਾਵਲ ਦਾ ਹੱਥ ਮਦਨ ਸੁੰਦਰੀ ਦੇ ਹੱਥ ਵਿਚ ਆਇਆ ਤਾਂ ਉਹ ਭੜਕ ਪਈ। ਧਾਵਲ ਦੀਆਂ ਬਾਹਾਂ ਵਿਚੋਂ ਤੜਫ਼ ਕੇ ਨਿਕਲ ਗਈ।

"ਸੁੰਦਰੀ, ਹੁਣ ਤੈਨੂੰ ਕੀ ਹੋਇਆ?"

"ਸ਼ਰਮ ਆ ਰਹੀ ਏ।"

"ਆਪਣੇ ਪਤੀ ਤੋਂ?"

"ਨਹੀਂ, ਪਤੀ ਤੋਂ ਨਹੀਂ।"

"ਫੇਰ ਕਿਸ ਤੋਂ? "

ਸੰਗਦੇ-ਸੰਗਦੇ ਕਹਿਣ ਲੱਗੀ, "ਧੜ ਤੋਂ।"

"ਹੇ ਮੇਰੀ ਪਤਨੀ!" ਉਹ ਪ੍ਰੇਸ਼ਾਨ ਹੋ ਕੇ ਬੋਲਿਆ, "ਕੀ ਤੂੰ ਫੇਰ ਮੇਰਾ ਸਿਰ ਤੇ ਧੜ ਅਲਗ-ਅਲਗ ਦੇਖਣਾ ਚਾਹੁੰਦੀ ਏਂ? ਇਹ ਸਮਝ ਲੈ, ਜਿਸਦਾ ਸਿਰ ਉਸੇ ਦਾ ਧੜ। ਸੋ, ਸਿਰ ਵੀ ਮੈਂ ਹਾਂ, ਧੜ ਵੀ ਮੈਂ ਹਾਂ।"

ਜਦੋਂ ਧਾਵਲ ਨੇ ਸਿਰ ਤੇ ਧੜ ਦੇ ਅਲਗ-ਅਲਗ ਹੋਣ ਦੀ ਗੱਲ ਕੀਤੀ ਤਾਂ ਮਦਨ ਸੁੰਦਰੀ ਬਹੁਤ ਦੁਖੀ ਹੋਈ। ਇਕ ਵਾਰ ਉਹਦੀਆਂ ਅੱਖਾਂ ਸਾਹਮਣੇ ਉਹੀ ਦ੍ਰਿਸ਼ ਫੇਰ ਆ ਗਿਆ ਜਦੋਂ ਧੜ ਵੱਖ ਤੇ ਸਿਰ ਵੱਖ ਪਿਆ ਸੀ।

"ਨਹੀਂ-ਨਹੀਂ, ਅਜਿਹੀ ਗੱਲ ਮੂੰਹੋਂ ਨਾ ਕੱਢੋ।" ਉਸਨੇ ਤੜਫ਼ ਕੇ ਕਿਹਾ।

ਉਸਨੇ ਮਨ ਹੀ ਮਨ ਤੈਅ ਕਰ ਲਿਆ ਕਿ ਉਹ ਇਸ ਸਿਰ ਤੇ ਧੜ ਨੂੰ ਇਕ ਸਮਝੇਗੀ ਪਰ ਇਹ ਸਭ ਕੁਝ ਕਹਿਣ ਤੋਂ ਬਾਅਦ ਧਾਵਲ ਦੁਚਿਤੀ ਵਿਚ ਪੈ ਗਿਆ। ਆਪਣੇ ਅੰਗ-ਅੰਗ ਨੂੰ ਦੇਖਿਆ। ਇਕ, ਦੋ ਵਾਰ, ਵਾਰ-ਵਾਰ। ਹੇ ਰਾਮ, ਕੀ ਇਹ ਮੈਂ ਹੀ ਹਾਂ?

ਫੇਰ ਵਹਿਮ ਦੀ ਲਹਿਰ ਉੱਠੀ। ਕੀ ਇਹ ਮੈਂ ਹੀ ਹਾਂ ਜਾਂ ਕੋਈ ਦੂਜਾ? ਜਾਂ ਮੈਂ ਕਿਸੇ ਦੂਜੇ ਵਿਚ ਜੁੜਿਆ ਹੋਇਆ ਹਾਂ? ਹੁਣ ਇਹ ਜੋ ਮੈਂ ਹਾਂ ਸਾਰਾ ਨਹੀਂ ਆਂ। ਅੱਧਾ ਤਿੱਤਰ, ਅੱਧਾ ਬਟੇਰ। ਨਹੀਂ, ਇਹ ਗੱਲ ਨਹੀਂ। ਅਜਿਹਾ ਕਿਵੇਂ ਹੋ ਸਕਦਾ ਹੈ? ਮਦਨ ਸੁੰਦਰੀ ਨੇ ਜੋ ਕਿਹਾ, ਕੀ ਮੰਨ ਲਵਾਂ? ਮਦਨ ਸੁੰਦਰੀ ਨੇ ਤਾਂ ਆਪਣੇ ਦੋ ਪਿਆਰਿਆਂ ਦੇ



ਸਿਰ ਤੇ ਧੜ ਵੱਖ-ਵੱਖ ਪਏ ਦੇਖੇ, ਜਿਸ ਕਰਕੇ ਉਸਦਾ ਦਿਮਾਗ਼ ਹਿੱਲ ਗਿਆ, ਪਰ ਹੇ ਧਾਵਲ, ਤੈਨੂੰ ਕੀ ਹੋਇਆ?

ਥੋੜ੍ਹੀ ਦੇਰ ਮਗਰੋਂ ਉਹਨੂੰ ਖ਼ਿਆਲ ਆਇਆ ਕਿ ਅਣਹੋਣੀ ਗੱਲ ਤਾਂ ਇਹ ਕਿ ਬੰਦੇ ਦਾ ਸਿਰ ਤੇ ਧੜ ਵੱਖ-ਵੱਖ ਹੋ ਜਾਣ, ਫੇਰ ਜੁੜ ਜਾਣ ਤੇ ਬੰਦਾ ਉੱਠ ਖੜ੍ਹਾ ਹੋਵੇ। ਹੁਣ ਤੀਕ ਉਸਨੇ ਇਸ ਅਣਹੋਣੀ ਗੱਲ ਤੇ ਧਿਆਨ ਹੀ ਨਹੀਂ ਸੀ ਦਿੱਤਾ। ਉਹ ਤਾਂ ਇੰਜ ਉੱਠ ਖੜ੍ਹਾ ਹੋਇਆ ਸੀ ਤੇ ਮੰਦਰ 'ਚੋਂ ਇੰਝ ਨਿਕਲ ਆਇਆ ਜਿਵੇਂ ਕੁਝ ਹੋਇਆ ਹੀ ਨਹੀਂ ਸੀ। ਇਹ ਸਭ ਸੋਚ ਕੇ ਉਹ ਹੈਰਾਨ ਹੋ ਗਿਆ। ਆਪਣੇ ਆਪ ਨੂੰ ਕਹਿਣ ਲੱਗਾ ਕਿ ਮੈਂ ਤਾਂ ਆਪਣੇ ਆਪ ਨੂੰ ਏਦਾਂ ਤਲਵਾਰ ਮਾਰੀ ਸੀ ਕਿ ਸਿਰ ਛੱਲੀ ਵਾਂਗੂ ਉੱਡ ਕੇ ਦੂਰ ਜਾ ਪਿਆ ਸੀ। ਗਰਦਨ ਨਾਲ ਉਹ ਚਿਪਕਿਆ ਕਿਵੇਂ ਤੇ ਦੁਬਾਰਾ ਸਾਹ ਕਿਵੇਂ ਆਇਆ ਤੇ ਫੇਰ ਮੈਂ ਇੰਝ ਉੱਠ ਖੜ੍ਹਾ ਹੋਇਆ ਜਿਵੇਂ ਬੰਦਾ ਡਿੱਗ ਕੇ ਕੱਪੜੇ ਝਾੜਦਾ ਉੱਠ ਖੜ੍ਹਾ ਹੋਵੇ। ਇਹ ਸਭ ਸੋਚ ਕੇ ਧਾਵਲ ਏਨਾ ਹੈਰਾਨ ਹੋਇਆ ਕਿ ਸੁੰਨ ਹੋ ਗਿਆ। ਫੇਰ ਉਸਨੇ ਸੋਚਿਆ ਕਿ ਮਦਨ ਸੁੰਦਰੀ ਨੇ ਆ ਕੇ ਦੇਵੀ ਅੱਗੇ ਅਰਦਾਸ ਕੀਤੀ ਸੀ ਤੇ ਦੇਵੀ ਵਿਚ ਬਹੁਤ ਸ਼ਕਤੀ ਹੈ। ਅਣਹੋਣੀ ਨੂੰ ਹੋਣੀ ਕਰਨਾ ਉਸਦੇ ਖੱਬੇ ਹੱਥ ਦਾ ਕੰਮ ਹੈ। ਉਸਨੇ ਸੋਚਿਆ ਕਿ ਜੇਕਰ ਇਕ ਇਹ ਕੰਮ ਹੋ ਸਕਦਾ ਤਾਂ ਦੂਜਾ ਕੰਮ ਵੀ ਹੋ ਸਕਦਾ ਸੀ। ਇਸ ਦੂਜੇ ਕੰਮ 'ਤੇ ਵੀ ਉਸਨੂੰ ਹੈਰਾਨੀ ਹੋਈ। ਪਹਿਲਾਂ ਉਹ ਇਸ ਗੱਲ ਨੂੰ ਹਾਸੇ ਵਿਚ ਉਡਾਂਦਾ-ਅੱਛਾ, ਮੇਰੇ ਨਾਲ ਦੂਜੇ ਦਾ ਧੜ ਜੁੜ ਗਿਆ। ਪਰ ਕਿਵੇਂ ਜੁੜਿਆ, ਮਦਨ ਸੁੰਦਰੀ ਤੋਂ ਹੀ ਪਤਾ ਲੱਗਾ, ਇਹ ਇੰਝ ਹੋਇਆ। ਇਕ ਕੰਮ ਦੇਵੀ ਦੀ ਦਇਆ ਨਾਲ ਹੋਇਆ, ਦੂਜਾ ਆਪਣੀ ਭੁੱਲ-ਚੁੱਕ ਕਰਕੇ ਹੋਇਆ। ਦੇਵੀ ਦੇ ਭੇਤ ਉਹੀ ਜਾਣੇ, ਜੋ ਹੋਣੀ ਹੁੰਦੀ ਉਹ ਹੋ ਕੇ ਰਹਿੰਦੀ ਹੈ, ਚਾਹੇ ਅਣਹੋਣੀ ਹੋਵੇ।

ਉਸਨੇ ਫੇਰ ਆਪਣੇ ਜਿਸਮ 'ਤੇ ਨਜ਼ਰ ਸੁੱਟੀ। ਇਕ ਵਾਰ, ਦੋ ਵਾਰ, ਵਾਰ-ਵਾਰ ਉਸਨੇ ਆਪਣੇ ਅੰਗ-ਅੰਗ ਨੂੰ ਦੇਖਿਆ ਤੇ ਹੈਰਾਨ ਹੋਇਆ ਕਿ ਅੱਛਾ, ਇਹ ਕਿਸੇ ਹੋਰ ਦੇ ਹਨ ਜਿਹੜੇ ਮੇਰੇ ਵਿਚ ਜੁੜੇ ਹਨ।

ਧਾਵਲ ਦੀ ਹੈਰਾਨੀ ਘੱਟ ਹੁੰਦੀ ਗਈ, ਪਰ ਦੁੱਖ ਵਧਦਾ ਗਿਆ। ਉਹ ਇਹ ਸੋਚ ਕੇ ਦੁੱਖੀ ਹੋਣ ਲੱਗਾ ਕਿ ਉਸਦਾ ਆਪਾ ਉਸਦਾ ਨਹੀਂ। ਉਸਨੇ ਫੇਰ ਆਪਣੇ ਆਪ ਤੇ ਨਜ਼ਰ ਮਾਰੀ। ਇਕ ਵਾਰ, ਦੋ ਵਾਰ। ਉਸਨੂੰ ਅਹਿਸਾਸ ਹੋਣਾ ਸ਼ੁਰੂ ਹੋਇਆ ਕਿ ਸੱਚ ਤਾਂ ਇਹ ਹੈ ਕਿ ਗਰਦਨ ਦੇ ਹੇਠ ਤਾਂ ਬਹੁਤ ਕੁਝ ਹੁੰਦਾ ਹੈ। ਇਕ ਰੰਗ-ਬਰੰਗ ਦੁਨੀਆਂ, ਇਕ ਪੂਰੀ ਸ੍ਰਿਸ਼ਟੀ ਜਿਹੜੀ ਉਸ ਕੋਲੋਂ ਨਿਕਲ ਗਈ ਹੈ। ਮੇਰਾ ਲੈ ਦੇ ਕੇ ਇਕ ਹੀ ਸਿਰ ਹੈ, ਬਾਕੀ ਤਾਂ ਸਭ ਅੰਗ ਬਿਗਾਨੇ ਹਨ। ਡੀਲ-ਡੋਲ, ਇਹ ਤਾਂ ਮੈਂ ਹਾਂ ਹੀ ਨਹੀਂ। ਇਹ ਸੋਚ ਕੇ ਉਸਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ।

ਰਾਤ ਪਈ ਤੇ ਜਦੋਂ ਮਦਨ ਸੁੰਦਰੀ ਉਸਦੇ ਕੋਲ ਆਈ ਤੇ ਅੰਗ ਲੱਗੀ ਤਾਂ ਉਹ ਬੁੜਬੁੜਾਇਆ, "ਸੁੰਦਰੀ ਪਰ੍ਹੇ ਰਹਿ ਮੈਥੋਂ, ਇਹ ਮੈਂ ਨਈਂ ਆਂ।"

ਮਦਨ ਸੁੰਦਰੀ ਦੁੱਖੀ ਹੋਈ ਕਿ ਧਾਵਲ ਨੇ ਉਹਨੂੰ ਠੁਕਰਾ ਦਿੱਤਾ ਹੈ। ਸੰਭਲੀ ਤੇ ਕਹਿਣ ਲੱਗੀ, "ਸਵਾਮੀ! ਇਸਦਾ ਮਤਲਬ ਕੀ ਹੈ, ਤੁਸੀਂ, ਕਿਵੇਂ ਨਹੀਂ ਹੋ?"

ਉਹ ਬੋਲਿਆ, "ਸੁੰਦਰੀ! ਸਿਰ, ਧੜ ਦੇ ਘਪਲੇ ਤੋਂ ਬਾਅਦ ਮੈਂ ਰਹਿ ਹੀ ਕਿੰਨਾ ਗਿਆ ਹਾਂ? ਲੱਗਦਾ ਹੈ ਮੈਂ ਹਾਂ ਹੀ ਨਹੀਂ!"

"ਨਹੀਂ, ਸਵਾਮੀ ਤੁਸੀਂ ਹੋ।"

"ਭਾਗਵਾਨੇ! ਮੈਂ ਬਸ ਸਿਰ ਹਾਂ ਤੇ ਸਿਰ ਦੇ ਹੇਠਾਂ ਤਾਂ ਤੇਰਾ ਗੋਪੀ?"

ਮਦਨ ਸੁੰਦਰੀ ਨੇ ਬਿਜਲੀ ਦੀ ਫ਼ੁਰਤੀ ਨਾਲ ਹੱਥ ਉਸਦੇ ਮੂੰਹ 'ਤੇ ਰੱਖ ਦਿੱਤਾ। ਏਨੇ ਜ਼ੋਰ ਨਾਲ ਘੁੱਟਿਆ ਕਿ ਧਾਵਲ ਦਾ ਸਾਹ ਰੁਕਣ ਲਗਾ।

ਦੋਵਾਂ ਨੂੰ ਜਿਵੇਂ ਸੱਪ ਸੁੰਘ ਗਿਆ ਹੋਵੇ।

ਦੇਰ ਬਾਅਦ ਮਦਨ ਸੁੰਦਰੀ ਨੇ ਜ਼ਬਾਨ ਖੋਲ੍ਹੀ, "ਸਵਾਮੀ, ਤੁਸੀਂ ਮੈਨੂੰ ਦੱਸਿਆ ਤੇ ਮੈਨੂੰ ਪਤਾ ਲੱਗਿਆ ਕਿ ਨਦੀਆਂ 'ਚੋਂ ਉਤਮ ਗੰਗਾ, ਪਰਬਤਾਂ 'ਚੋਂ ਉਤਮ ਸੁਮੇਰ ਪਰਬਤ, ਅੰਗਾਂ 'ਚੋਂ ਉਤਮ ਸਿਰ, ਧੜ ਦਾ ਕੀ ਉਹ ਤਾਂ ਸਭ ਦੇ ਇਕੋ ਜਿਹੇ ਹੁੰਦੇ ਨੇਂ। ਮਨੁੱਖ ਸਿਰ ਨਾਲ ਜਾਣਿਆ-ਪਛਾਣਿਆ ਜਾਂਦਾ ਹੈ। ਜਿਸਦਾ ਸਿਰ ਉਸਦਾ ਧੜ। ਤਾਂ ਮੈਂ ਤੁਹਾਡਾ ਸਿਰ ਦੇਖਿਆ ਤੇ ਚੋਟੀ ਤੋਂ ਅੱਡੀ ਤੱਕ ਤੁਹਾਨੂੰ ਇਕ ਜਾਣਿਆ ਤੇ ਆਪਣਾ ਸਵਾਮੀ ਮੰਨਿਆ। ਪਰ ਤੁਸੀਂ ਹੁਣ ਫਿਰ ਰਹੇ ਹੋ।"

ਧਾਵਲ ਸ਼ਰਮਿੰਦਾ ਹੋਇਆ। ਉਸ ਤੋਂ ਕੋਈ ਜਵਾਬ ਨਾ ਦੇ ਹੋਇਆ। ਦਿਲ ਵਿਚ ਕਿਹਾ ਕਿ ਮਦਨ ਸੁੰਦਰੀ ਸੱਚ ਕਹਿੰਦੀ ਹੈ। ਮੈਂ ਹੀ ਤਾਂ ਇਸਨੂੰ ਇਹ ਗੱਲ ਦੱਸੀ ਸੀ। ਇਸਨੂੰ ਦੱਸ ਕੇ ਮੈਂ ਆਪ ਭੁੱਲ ਗਿਆ। ਇਸਨੇ ਮੈਨੂੰ ਯਾਦ ਕਰਵਾ ਦਿੱਤਾ ਕਿ ਅੰਗਾਂ ਵਿਚ ਉਤਮ ਤਾਂ ਸਿਰ ਹੀ ਹੁੰਦਾ ਹੈ। ਫੇਰ ਸਿਰ ਹੇਠ ਜਿੰਨਾ ਕੁਝ ਹੈ ਉਹ ਵੀ ਮੇਰਾ ਹੀ ਹੋਇਆ। ਚੋਟੀ ਤੋਂ ਅੱਡੀ ਤੱਕ ਮੈਂ ਹੀ ਮੈਂ ਹਾਂ। ਕੋਈ ਦੂਜਾ ਮੇਰੇ ਵਿਚਕਾਰ ਨਹੀਂ।

ਧਾਵਲ ਆਪਣੇ ਕਹੇ ਨੂੰ ਜ਼ਿਆਦਾ ਦਿਨ ਨਿਭਾ ਨਾ ਸਕਿਆ। ਜ਼ਬਾਨ ਤੋਂ ਲੱਖ ਕੁਝ ਕਹਿੰਦਾ, ਅੰਦਰ ਤਾਂ ਚੋਰ ਬੈਠਾ ਹੋਇਆ ਸੀ। ਬਸ ਇਕ ਛਿਲਤਰ ਜਿਹੀ ਚੁਭਦੀ ਰਹਿੰਦੀ ਕਿ ਇਹ ਤਨ ਕਿਸੇ ਹੋਰ ਦਾ, ਮੇਰਾ ਨਹੀਂ। ਸਿਰ ਆਪਣਾ, ਧੜ ਬਿਗਾਨਾ। ਉਸਨੂੰ ਆਪਣਾ ਪੂਰਾ ਸਰੀਰ ਅਣ-ਮੇਲ ਜੋੜ ਦਿਖਾਈ ਦਿੰਦਾ। ਜਦੋਂ ਰਾਤ ਪਏ ਮਦਨ ਸੁੰਦਰੀ ਉਸਦੇ ਨਾਲ ਆਰਾਮ ਕਰਦੀ ਤਾਂ ਉਹ ਦੁਚਿੱਤੀ ਵਿਚ ਪੈ ਜਾਂਦਾ ਕਿ ਸੁੰਦਰੀ ਦੇ ਤਨ ਨਾਲ ਉਹਦਾ ਆਪਣਾ ਨਹੀਂ ਕੋਈ ਹੋਰ ਤਨ ਮਿਲਾਪ ਕਰ ਰਿਹਾ ਹੈ। ਕਿੰਨੀ ਵਾਰ ਉਸਦੇ ਮਨ ਵਿਚ ਆਇਆ ਕਿ ਇਸ ਪੂਰੇ ਧੜ ਨੂੰ ਆਪਣੇ ਆਪ ਨਾਲੋਂ ਤੋੜ ਕੇ ਮੋਢੇ 'ਤੇ ਲੱਦ ਕੇ ਲੈ ਜਾਵੇ ਤੇ ਗੋਪੀ ਦੇ ਸਿਰ 'ਤੇ ਦੇ ਮਾਰੇ, ਕਿ ਲੈ ਆਪਣਾ ਧੜ, ਮੇਰਾ ਧੜ ਮੈਨੂੰ ਦੇ ਦੇ। ਪਰ ਉਹ ਧੜ ਤਾਂ ਉਸਦੇ ਨਾਲ ਜੁੜ ਚੁੱਕਾ ਸੀ। ਉਸਨੂੰ ਵੱਖ ਕਰਨ ਦੀ ਤਰਕੀਬ, ਉਸਦੀ ਸਮਝ ਵਿਚ ਨਹੀਂ ਸੀ ਆ ਰਹੀ।

ਉਸਨੂੰ ਕਦੇ-ਕਦੇ ਇੰਝ ਲੱਗਦਾ ਜਿਵੇਂ ਉਸਦਾ ਸਿਰ ਅਲਗ ਪਿਆ ਹੈ। ਉਸਨੂੰ ਉਹ ਰਾਜਕੁਮਾਰੀ ਯਾਦ ਆ ਜਾਂਦੀ ਜਿਹੜੀ ਇਕ ਦੁਸ਼ਟ ਰਾਖ਼ਸ਼ ਦੀ ਕੈਦ ਵਿਚ ਸੀ। ਰਾਖ਼ਸ਼ ਰੋਜ਼ ਸਵੇਰ ਹੋਣ 'ਤੇ ਸਿਰਹਾਣੇ ਦੀਆਂ ਛੜਾਂ ਪੁਆਂਦੀ ਰੱਖਦਾ, ਪੁਆਂਦੀ ਦੀਆਂ ਛੜਾਂ ਸਿਰਹਾਣੇ ਰੱਖਦਾ, ਫੇਰ ਰਾਜਕੁਮਾਰੀ ਦੀ ਧੌਣ 'ਤੇ ਮਾਰਦਾ ਤੇ ਉਸਦਾ ਸਿਰ ਛਿੱਕੇ ਤੇ ਰੱਖ ਕੇ ਬਾਹਰ ਨਿਕਲ ਜਾਂਦਾ। ਸਾਰਾ ਦਿਨ ਰਾਜਕੁਮਾਰੀ ਦੇ ਧੜ 'ਚੋਂ ਬੂੰਦ-ਬੂੰਦ ਖ਼ੂਨ ਟਪਕਦਾ ਰਹਿੰਦਾ। ਸ਼ਾਮ ਪਏ ਰਾਖ਼ਸ਼ ਚੀਕਦਾ-ਦਹਾੜਦਾ ਆਉਂਦਾ। ਪੁਆਂਦੀ ਦੀਆਂ ਛੜਾਂ ਸਿਰਹਾਣੇ



ਰੱਖਦਾ, ਸਿਰਹਾਣੇ ਦੀਆਂ ਛੜਾਂ ਪੁਆਂਦੀ ਰੱਖਦਾ। ਫੇਰ ਛਿੱਕੇ 'ਚੋਂ ਸਿਰ ਉਤਾਰ ਕੇ ਧੜ ਨਾਲ ਜੋੜਦਾ ਤੇ ਰਾਜਕੁਮਾਰੀ ਜਿਊਂਦੀ ਹੋ ਜਾਂਦੀ। ਰਾਜਕੁਮਾਰੀ ਕਿੰਨੇ ਦੁੱਖ ਵਿਚ ਸੀ ਕਿ ਰੋਜ਼ ਸਵੇਰ ਵੇਲੇ ਉਸਦਾ ਸਿਰ ਧੜ ਤੋਂ ਕੱਟਿਆ ਜਾਂਦਾ। ਰੋਜ਼ ਸ਼ਾਮ ਨੂੰ ਸਿਰ ਧੜ ਨਾਲ ਜੋੜਿਆ ਜਾਂਦਾ ਪਰ ਧਾਵਲ ਸੋਚਦਾ ਕਿ ਰਾਜਕੁਮਾਰੀ ਨੂੰ ਇਕ ਸੁੱਖ ਸੀ ਕਿ ਸਿਰ ਵੀ ਆਪਣਾ ਸੀ ਤੇ ਧੜ ਵੀ ਆਪਣਾ ਸੀ।

ਧਾਵਲ ਦਾ ਦੁੱਖ ਵਧਦਾ ਗਿਆ। ਮਦਨ ਸੁੰਦਰੀ ਨੇ ਤਾਂ ਇਹ ਸੋਚਿਆ ਸੀ ਕਿ ਕੁਝ ਦਿਨ ਲੰਘ ਜਾਣਗੇ ਤਾਂ ਗੱਲ ਆਈ-ਗਈ ਹੋ ਜਾਵੇਗੀ, ਭੁੱਲੀ-ਭੁਲਾਈ ਕਹਾਣੀ ਬਣ ਜਾਵੇਗੀ। ਪਰ ਹੋਇਆ ਇਹ ਕਿ ਧਾਵਲ ਦੀ ਦੁਚਿੱਤੀ ਵਧਦੀ ਗਈ। ਮਦਨ ਸੁੰਦਰੀ ਨੂੰ ਦੇਖਦਾ ਤੇ ਸੋਚਦਾ ਕਿ ਉਹ ਪੂਰੀ ਤੇ ਮੈਂ ਅੱਧਾ। ਅੱਧੇ ਤੋਂ ਵੀ ਘੱਟ। ਏਸੇ ਸਵਾਲ ਨੇ ਉਸਨੂੰ ਆਪਣੇ ਘੇਰੇ ਵਿਚ ਲੈ ਲਿਆ ਕਿ ਪਰਾਏ ਧੜ ਨਾਲ ਜੁੜ ਕੇ ਮੈਂ ਕੌਣ ਬਣ ਜਾਂਦਾ ਹਾਂ ਤੇ ਮਦਨ ਸੁੰਦਰੀ ਕੌਣ? ਉਸਨੂੰ ਲੱਗਾ ਕਿ ਉਸਦੇ ਤੇ ਮਦਨ ਸੁੰਦਰੀ ਦੇ ਵਿਚਕਾਰ ਜੋ ਰਿਸ਼ਤਾ ਹੈ, ਉਸ ਵਿਚ ਸਿਰ-ਧੜ ਦੇ ਘਪਲੇ ਨਾਲ ਕੁਝ ਗੁੱਥੀ ਜਿਹੀ ਪੈ ਗਈ ਹੈ।

ਦਿਨ ਬੀਤਦੇ ਗਏ ਤੇ ਧਾਵਲ ਤੋਂ ਗੁੱਥੀ ਨਾ ਸੁਲਝੀ। ਆਖ਼ਿਰ ਉਹ ਮਦਨ ਸੁੰਦਰੀ ਨੂੰ ਨਾਲ ਲੈ ਕੇ ਨਗਰ ਤੋਂ ਬਾਹਰ ਟੁਰ ਗਿਆ। ਜੰਗਲਾਂ ਦੀ ਖ਼ਾਕ ਛਾਣਦਾ ਫਿਰਿਆ। ਚਲਦੇ-ਚਲਦੇ ਜੰਗਲ ਵਿਚ ਜਾ ਪਹੁੰਚਿਆ, ਉਥੇ ਦੇਵਾਨੰਦ ਰਿਸ਼ੀ ਵਾਸ ਕਰਦੇ ਸਨ, ਉਨ੍ਹਾਂ ਦੇ ਚਰਣ ਛੂਹੇ ਤੇ ਬੇਨਤੀ ਕੀਤੀ, "ਮਹਾਰਾਜ! ਤੁਸੀਂ ਮਹਾਂ-ਗਿਆਨੀ ਹੋ। ਤੁਸੀਂ ਸ੍ਰਿਸ਼ਟੀ ਦੇ ਕਿੰਨੇ ਭੇਤ ਪਾਏ, ਜੀਵਨ ਦੀਆ ਕਿੰਨੀਆਂ ਗੁੱਥੀਆਂ ਸੁਲਝਾਈਆਂ, ਇਕ ਗੁੱਥੀ ਮੇਰੀ ਵੀ ਸੁਝਾ ਦਿਓ।"

ਦੇਵਾਨੰਦ ਰਿਸ਼ੀ ਨੇ ਦੋਵਾਂ ਨੂੰ ਗ਼ੌਰ ਨਾਲ ਦੇਖਿਆ ਤੇ ਫੇਰ ਕਿਹਾ, "ਬੱਚਾ, ਕੀ ਗੁੱਥੀ ਲੈ ਕੇ ਆਏ ਹੋ?"

"ਗੁੱਥੀ ਇਹ ਕਿ ਮੈਂ ਕੌਣ ਹਾਂ ਤੇ ਮਦਨ ਸੁੰਦਰੀ ਕੌਣ?" ਤੇ ਧਾਵਲ ਨੇ ਆਪਣੀ ਸਾਰੀ ਕਹਾਣੀ ਕਹਿ ਸੁਣਾਈ।

ਰਿਸ਼ੀ ਨੇ ਧਾਵਲ ਨੂੰ ਘੂਰ ਕੇ ਦੇਖਿਆ। ਕਹਿਣ ਲੱਗੇ, "ਮੂਰਖ਼! ਕਿਸ ਦੁਚਿੱਤੀ 'ਚ ਪੈ ਗਿਐਂ। ਸੌ ਗੱਲਾਂ ਦੀ ਇਕ ਗੱਲ-ਤੂੰ ਨਰ ਤੇ ਮਦਨ ਸੁੰਦਰੀ ਨਾਰੀ। ਜਾਹ ਆਪਣਾ ਕੰਮ ਕਰ।"

ਜਿਵੇਂ ਧਾਵਲ ਦੀਆਂ ਅੱਖਾਂ 'ਤੇ ਪਰਦਾ ਪੈ ਗਿਆ ਸੀ, ਉਸੇ ਤਰ੍ਹਾਂ ਇਕੋ ਦਮ ਉੱਠ ਪਿਆ। ਰਿਸ਼ੀ ਦੇ ਪੈਰੀਂ ਹੱਥ ਲਾਇਆ ਤੇ ਮਦਨ ਸੁੰਦਰੀ ਦਾ ਹੱਥ ਫੜ ਕੇ ਵਾਪਸ ਆ ਗਿਆ।

ਜੰਗਲ ਵਿਚੋਂ ਲੰਘਦੇ-ਲੰਘਦੇ ਧਾਵਲ ਨੇ ਮਦਨ ਸੁੰਦਰੀ ਨੂੰ ਇੰਝ ਦੇਖਿਆ ਜਿਵੇਂ ਯੁਗਾਂ ਪਹਿਲਾਂ ਪ੍ਰਜਾਪਤੀ ਨੇ ਊਸ਼ਾ ਨੂੰ ਦੇਖਿਆ ਸੀ ਤੇ ਮਦਨ ਸੁੰਦਰੀ ਨੇ ਧਾਵਲ ਨੂੰ ਉਨ੍ਹਾਂ ਹੀ ਲਾਲਸਾ ਭਰੀਆਂ ਨਜ਼ਰਾਂ ਨਾਲ ਤੱਕਿਆ ਜਿਵੇਂ ਊਸ਼ਾ ਪ੍ਰਜਾਪਤੀ ਦੀਆਂ ਅੱਖਾਂ ਵਿਚ ਲਾਲਸਾ ਦੇਖ ਕੇ ਭੜਕੀ ਸੀ। ਭੜਕ ਕੇ ਭੱਜੀ ਤੇ ਫੇਰ ਹਾਰ ਗਈ ਸੀ।

# ਅਸ਼ਰਫ਼ ਸਟੀਲ ਮਾਰਟ

## ਅਸ਼ਫ਼ਾਕ ਅਹਿਮਦ

**(22-08-1925 ਤੋਂ 07-09-2004)**

ਮੈਨੂੰ ਪਤਾ ਨਹੀਂ, ਤੁਹਾਡਾ ਤਰੀਕਾ ਕੀ ਏ ਤੇ ਤੁਸੀਂ ਕਿਹੜੇ ਧਾਰਮਿਕ ਵਿਸ਼ਵਾਸ ਨਾਲ ਜੁੜੇ ਹੋਏ ਹੋ, ਪਰ ਅੱਜ ਮੈਂ ਤੁਹਾਨੂੰ ਧੱਕੇ ਨਾਲ ਦਾਤਾ ਦਰਬਾਰ ਲੈ ਕੇ ਜਾਵਾਂਗਾ, ਜਿੱਥੇ ਮਜ਼ਾਰ ਦੇ ਛੱਜੇ 'ਤੇ ਸਫ਼ੈਦ ਸੰਗਮਰਮਰ 'ਚ ਲਿਖਿਆ ਹੇ :

**ਗੰਜੇ ਬਖ਼ਸ਼ ਫੈਜ਼ੇ-ਆਲਮ ਮਜ਼ਹਰ ਨੂਰੇ ਖ਼ੁਦਾ**
**ਨਾਕਿਸਾਂ ਰਾ ਪੀਰ-ਕਾਮਿਲ ਕਾਹਿਲਾਂ ਰਾ ਰਹਿਨੁਮਾ**

(ਸਾਰੀ ਦੁਨੀਆ ਲਈ ਬਖਸ਼ਿਸ਼ਾਂ ਦਾ ਖ਼ਜ਼ਾਨਾ, ਕੁਲ ਆਲਮ ਤੇ ਬਖਸ਼ਿਸ਼ ਕਰਨ ਵਾਲਾ ਰੱਬੀ ਨੂਰ ਦਾ ਸੋਮਾ ਏ, ਨਿਕੰਮਿਆਂ ਦਾ ਪੀਰ ਏ, ਤੇ ਸੁਸਤੀ ਦੇ ਮਾਰਿਆਂ ਨੂੰ ਰਾਹ ਦੱਸਣ ਵਾਲਾ।)

ਪਰ ਮੈਂ ਤੁਹਾਨੂੰ ਦਰਬਾਰ ਦੇ ਅੰਦਰ ਲੈ ਕੇ ਨਹੀਂ ਜਾਵਾਂਗਾ। ਮੈਨੂੰ ਤੁਹਾਡੇ ਤਰੀਕੇ ਦਾ ਸਤਿਕਾਰ ਤੇ ਤੁਹਾਡੇ ਧਾਰਮਿਕ ਵਿਸ਼ਵਾਸ ਦਾ ਖ਼ਿਆਲ ਏ। ਅਸੀਂ ਬਾਹਰ-ਬਾਹਰ ਈ ਰਹਾਂਗੇ ਤੇ ਆਲੇ-ਦੁਆਲੇ ਦੀਆਂ ਗਲੀਆਂ ਤੇ ਬਜ਼ਾਰਾਂ ਦਾ ਚੱਕਰ ਲਾ ਕੇ ਪਰਤ ਆਵਾਂਗੇ।

ਉਹ ਜਿਹੜੀ ਦਾਤਾ ਸਾਹਿਬ ਦੇ ਮਜ਼ਾਰ ਦੀ ਇਕ ਪਿਛਲੀ ਸੜਕ ਏ ਨਾ, ਜੀਹਦੇ 'ਤੇ ਅਨਮੇਲ ਉੱਘੜ-ਦੁੱਗੜ ਦੁਕਾਨਾਂ 'ਤੇ ਵਿੰਗੇ-ਟੇਢੇ ਜਿਹੇ ਘਰ ਹਨ ਤੇ ਜਿਹਦੇ ਅੰਦਰ ਪਿਛਲੇ ਪਾਸਿਓਂ ਕਈ ਗਲੀਆਂ ਆਉਂਦੀਆਂ ਨੇ ਤੇ ਬਹੁਤ ਸਾਰੀਆਂ ਗਲੀਆਂ ਅੰਦਰ ਵੱਲ ਜਾ ਕੇ ਹਨੇਰੇ ਵਿਚ ਗੁਆਚ ਜਾਂਦੀਆਂ ਨੇ, ਉੱਥੇ ਲੋਹੇ ਦੀਆਂ ਬਹੁਤ ਸਾਰੀਆਂ ਦੁਕਾਨਾਂ ਨੇ। ਉਹ ਤਾਜ਼ਾ ਢਲੀਆਂ ਹੋਈਆਂ ਲੋਹੇ ਦੀਆਂ ਚੀਜ਼ਾਂ ਦਾ ਕਬਾੜ ਤੇ ਜੰਗਾਲ ਲੱਗੇ ਹੋਏ ਲੋਹੇ ਦੀਆਂ ਵਸਤਾਂ ਤੇ ਵਲਾਇਤੀ ਲੋਹੇ ਦੇ ਯਾਦਗਾਰੀ ਟੋਟਿਆਂ ਦੀਆਂ, ਲੋਹੇ ਦੇ ਭਾਂਡਿਆਂ ਤੇ ਰੋਜ਼ ਦੀਆਂ ਲੋੜਾਂ ਦੇ ਜ਼ਰੂਰੀ ਸਾਮਾਨ ਦੀਆਂ ਦੁਕਾਨਾਂ ਨੇ। ਉਨ੍ਹਾਂ ਦੇ ਸਾਹਮਣੇ ਗਿੱਲੀ, ਕੱਚੀ, ਬੋਅ ਮਾਰਦੀ, ਮੰਦ-ਭਾਗੀ ਭੋਇੰ ਦੇ ਟੋਟੇ 'ਤੇ ਟੀਨ ਦਾ ਡੱਬਾ ਲਈ ਕਾਲੀ ਦਾੜ੍ਹੀ ਵਾਲਾ ਇਕ ਮੰਗਤਾ ਬੈਠਾ ਹੁੰਦਾ ਏ। ਜਿਹੜਾ ਆਪਣੇ ਸਾਹਮਣੇ 'ਅਸ਼ਰਫ਼ ਸਟੀਲ ਮਾਰਟ' ਦੇ ਬੋਰਡ ਨੂੰ ਨੀਝ ਲਾ ਕੇ ਵੇਖਿਆ ਕਰਦਾ ਏ ਤੇ ਜੀਹਦੀਆਂ ਨਜ਼ਰਾਂ ਸਾਰਾ ਦਿਨ ਬੋਰਡ 'ਤੇ ਟਿਕੀਆਂ ਰਹਿੰਦੀਆਂ ਨੇ।

ਕੋਲ, ਦ੍ਰਾਵਿੜ, ਭੀਲ, ਦਾਰੀ ਸਿੰਧ ਦੀ ਵਾਦੀ ਦੇ ਅਸਲੀ ਵਸਨੀਕ ਸਨ ਪਰ ਆਰੀਆ ਨੇ ਉਨ੍ਹਾਂ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਏਸ ਇਲਾਕੇ ਤੋਂ ਬਹੁਤ ਦੂਰ ਭਜਾ ਦਿੱਤਾ



ਤੇ ਕੁਝ ਸਿਹਤਮੰਦ ਮਰਦਾਂ ਤੇ ਔਰਤਾਂ ਨੂੰ ਗੁਲਾਮ ਬਣਾ ਕੇ ਆਪਣੀ ਟਹਿਲ ਸੇਵਾ ਲਈ ਇੱਥੇ ਹੀ ਰੱਖ ਲਿਆ ਸੀ। ਅਸਲ 'ਚ ਹਰ ਇਕ ਭਗੌੜੇ ਦੀ ਮੰਜ਼ਲ ਉਹਦੀ ਸਰੀਰਕ ਸ਼ਕਤੀ ਦੀ ਬਜਾਏ ਉਹਦਾ ਅੰਦਰਲਾ ਡਰ ਨਿਸ਼ਚਿਤ ਕਰਦਾ ਏ। ਏਸ ਲਈ ਬਹੁਤ ਸਾਰੇ ਭਗੌੜੇ ਬਹੁਤੀ ਦੂਰ ਤਕ ਨਹੀਂ ਭੱਜ ਸਕਦੇ।

ਦ੍ਰਾਵਿੜ ਭੱਜ ਕੇ ਹਿੰਦੋਸਤਾਨ ਦੇ ਅੰਦਰ ਦੂਰ ਤਕ ਚਲੇ ਗਏ। ਭੀਲ ਰਣ-ਕੱਛ ਦੇ ਇਲਾਕੇ ਵਿਚ ਜਾ ਲੁਕੇ ਤੇ ਕੋਲ ਉੱਤਰੀ ਇਲਾਕਿਆਂ 'ਚੋਂ ਭੱਜ ਕੇ ਹੇਠਾਂ ਸਿੰਧ ਦੇ ਹੇਠਲੇ ਟਿੱਬਿਆਂ ਦੇ ਓਹਲੇ ਜਾ ਲੁਕੇ। ਕੋਲ ਲੋਕ ਰੇਤਲੇ ਇਲਾਕੇ ਵਿਚ ਰੁੱਖਾਂ ਦੀ ਛਿੱਲੜ, ਛੱਪਰ, ਪੀਲੂ ਦੇ ਫਲ ਤੇ ਹਿਰਨਾਂ, ਖਰਗੋਸ਼ਾਂ, ਗੋਹਾਂ ਤੇ ਰੜ੍ਹ ਦਾ ਮਾਸ ਖਾ ਕੇ ਆਪਣੀ ਨਸਲ ਵਧਾਉਂਦੇ ਰਹੇ ਤੇ ਰਾਜ ਕਰਨ ਵਾਲਿਆਂ ਨੂੰ ਸੇਵਾਦਾਰ ਦੇਂਦੇ ਰਹੇ।

ਫੇਰ ਜਦੋਂ ਰਾਜਾ ਦਾਹਿਰਾ ਦਾ ਪਰਿਵਾਰ ਸਿੰਧ ਦੀ ਧਰਤੀ ਦਾ ਹਾਕਮ ਬਣਿਆ ਤਾਂ ਉਹਨੇ ਕੋਲੀਆਂ ਨੂੰ ਲੁਕਵੀਆਂ ਥਾਵਾਂ 'ਚੋਂ ਕੱਢ ਕੇ ਆਪਣੀ ਸੇਵਾ ਦੇ ਕੰਮ ਲਾ ਲਿਆ। ਮਰਦਾਂ ਨੂੰ ਤੇਲ ਮਾਲਿਸ਼ ਕਰਵਾ ਕੇ ਤੇ ਹਲਾਂ ਅੱਗੇ ਜੋੜ ਕੇ ਖੇਤਾਂ ਵਿਚ ਕੰਮ ਕਰਨ ਲਾ ਦਿੱਤਾ। ਤੀਵੀਆਂ ਨੂੰ ਨੁਹਾ-ਧੁਆ ਕੇ ਉੱਚੀ ਜਾਤ ਦੇ ਜੁਆਨਾਂ ਦੀ ਬਾਡੀ-ਟਾਕ 'ਤੇ ਲਾ ਦਿੱਤਾ। ਉਸ ਵੇਲੇ ਗੁਲਾਮ ਖਰੀਦਣ ਤੇ ਵੇਚਣ ਵਾਸਤੇ ਬਾਕਾਇਦਾ ਮੰਡੀਆਂ ਨਹੀਂ ਸਨ ਹੁੰਦੀਆਂ। ਗੁਲਾਮ ਖਰੀਦਣ ਵੇਲੇ ਉਹਦਾ ਮੂੰਹ ਅੱਡ ਕੇ ਦੰਦ ਵੀ ਨਹੀਂ ਵੇਖੇ ਜਾਂਦੇ ਸਨ। ਲੌਂਡੀ ਰੱਖਣ ਵਾਸਤੇ ਉਹਦਾ ਸਰੀਰ ਵੀ ਨਹੀਂ ਸੀ ਟੋਹਿਆ ਜਾਂਦਾ। ਬਸ ਰਾਹ ਜਾਂਦਿਆਂ ਕਿਸੇ ਚੰਗੇ ਖਾਂਦੇ-ਪੀਂਦੇ ਘੋੜ-ਸਵਾਰ ਨੂੰ ਕੋਈ ਕੋਲੀ ਮਰਦ ਜਾਂ ਕੋਲੀ ਜ਼ਨਾਨੀ ਪਸੰਦ ਆ ਜਾਂਦੀ ਸੀ, ਉਹ ਉਸ ਨੂੰ ਇਸ਼ਾਰਾ ਕਰਕੇ ਆਪਣੇ ਘੋੜੇ ਦੇ ਪਿੱਛੇ ਟੋਰ ਲੈਂਦਾ ਸੀ ਤੇ ਘਰ ਲਿਜਾ ਕੇ ਪੈਰਾਂ 'ਚ ਕੜਾ ਪਾ ਦੇਂਦਾ ਸੀ। ਤਿੰਨ ਦਿਨਾਂ ਮਗਰੋਂ ਸੂਰਜ ਛਿਪਣ ਤੋਂ ਪਹਿਲਾਂ ਉਹਦੇ ਮੱਥੇ 'ਤੇ ਮਾਲਕ ਦਾ ਨਾਂ ਦਾਗ਼ ਦਿੱਤਾ ਜਾਂਦਾ ਸੀ ਤੇ ਮਾਸ ਦੇ ਸੜਨ ਦੀ ਕਬਾਬ ਵਰਗੀ ਖ਼ੁਸ਼ਬੋ ਤੋਂ ਮੁਹੱਲੇ ਦੇ ਲੋਕਾਂ ਨੂੰ ਪਤਾ ਲੱਗ ਜਾਂਦਾ ਸੀ ਕਿ ਸਾਡੇ ਗੁਆਂਢ ਵਿਚ ਕਿਸੇ ਨਵੇਂ ਸੇਵਾਦਾਰ ਨੂੰ ਰੱਚ ਲਿਆ ਗਿਆ ਏ।

ਇਹ ਜਿਹੜਾ ਲੋਹੇ ਦੀ ਹੱਟੀ ਦੇ ਸਾਹਮਣੇ ਗਿੱਲੀ ਭੋਇੰ 'ਤੇ ਮੰਗਤਾ ਅਸ਼ਰਫ਼ ਬੈਠਾ ਹੁੰਦਾ ਏ, ਇਹ ਵੀ ਸਿੰਧ ਦੇ ਕੋਲ ਘਰਾਣੇ ਦਾ ਪੁੱਤਰ ਏ। ਏਸ ਦੇ ਪੁਰਖਿਆਂ ਨੇ ਰਾਜਾ ਦਾਹਿਰ ਦੇ ਪਿਤਾ ਦੇ ਜ਼ਮਾਨੇ ਵਿਚ ਬੜੇ ਮਜ਼ੇ ਕੀਤੇ ਨੇ। ਉਹ ਰਾਜਕੁਮਾਰਾਂ ਦੇ ਥੱਕੇ-ਟੁੱਟੇ ਘੋੜਿਆਂ ਦੀਆਂ ਆਪਣੀਆਂ ਜੀਭਾਂ ਨਾਲ ਮਾਲਿਸ਼ ਕਰਦੇ ਹੁੰਦੇ ਸੀ। ਉਨ੍ਹਾਂ ਨੂੰ ਚੱਟ-ਚੱਟ ਕੇ ਹੌਲੇ ਫੁੱਲ ਕਰ ਦੇਂਦੇ ਸੀ। ਇੰਨੇ ਹੌਲੇ ਕਿ ਜੇਕਰ ਉਨ੍ਹਾਂ ਨੂੰ ਅਚਾਨਕ ਵੀਹ ਕੋਹ ਦਾ ਪੈਂਡਾ ਹੋਰ ਕਰਨਾ ਪੈ ਜਾਏ ਤਾਂ ਉਨ੍ਹਾਂ ਦੇ ਸੁਮਾਂ 'ਤੇ ਕੋਈ ਭਾਰ ਨਾ ਪਵੇ ਤੇ ਉਹ ਖ਼ੁਸ਼-ਖ਼ੁਸ਼ ਭੱਜਦੇ ਜਾਣ।

ਅਸ਼ਰਫ਼ ਦਾ ਸੁਕੜ ਦਾਦਾ, ਉਹਦਾ ਨਿੱਕਾ ਭਰਾ ਤੇ ਨਿੱਕੇ ਭਰਾ ਦਾ ਸਾਲਾ ਕੱਛ ਦੇ ਇਲਾਕੇ 'ਚੋਂ ਸਿਰਾਂ 'ਤੇ ਘਾਹ ਦੀਆਂ ਪੰਡਾਂ ਚੁੱਕੀ ਓਸ ਭੀਲ ਘਰਾਣੇ ਦੀਆਂ ਗੱਲਾਂ ਕਰਦੇ ਆ ਰਹੇ ਸਨ, ਜਿਨ੍ਹਾਂ ਵਿਚੋਂ ਕੁਝ ਕਾਠੀਆਵਾੜ ਵਿਚ ਕਰਤਬ ਦਿਖਾਉਂਦੇ ਸਨ ਤੇ ਕੁਝ ਥਾਰ ਦੇ ਸ਼ਹਿਰੀ ਇਲਾਕੇ ਵਿਚ ਤਮਾਸ਼ਾ ਦਿਖਾਉਣ ਆਏ ਹੋਏ ਸਨ। ਨਿੱਕੇ ਸੁਕੜ ਦਾਦੇ ਦੇ ਸਾਲੇ ਦੀ ਮੰਗੇਤਰ ਦਾ ਪਿਓ ਨਟ ਭੀਲਾਂ ਦੇ ਕਿੱਸੇ ਕਹਾਣੀਆਂ ਸੁਣਾਉਣ ਲਈ

ਏਨੀ ਦੂਰੋਂ ਆਇਆ ਸੀ। ਉਹਨੇ ਰਿਸ਼ਤੇ ਦੀ ਗੱਲ ਤਾਂ ਘੱਟ ਈ ਕੀਤੀ ਸੀ ਪਰ ਨੱਟ ਬਾਜ਼ੀਗਰਾਂ ਦੇ ਹੁਨਰਾਂ ਦਾ ਜ਼ਿਕਰ ਕੁਝ ਏਨੇ ਵਿਸਥਾਰ ਨਾਲ ਕੀਤਾ ਕਿ ਉਨ੍ਹਾਂ ਲੋਕਾਂ ਨੂੰ ਵੀ ਨਟਾਂ ਦੇ ਸਾਰੇ ਆਈਟਮ ਜ਼ਬਾਨੀ ਚੇਤੇ ਹੋ ਗਏ ਸਨ। ਜਿਸ ਵੇਲੇ ਇਹ ਤਿੰਨੇ ਪੰਡਾਂ ਚੁੱਕੀ ਭੀਲ ਕਰਤਬਾਂ ਦਾ ਜ਼ਿਕਰ ਕਰਦੇ ਹੱਸਦੇ-ਖੇਡਦੇ ਆ ਰਹੇ ਸਨ, ਐਨ ਉਸ ਵੇਲੇ ਭੈਰੋ ਮੱਠ ਦੇ ਚਾਰ ਬ੍ਰਾਹਮਣ ਜੰਗਲ 'ਚ ਝਾੜੇ ਬਹਿ ਕੇ, ਸਿੰਧ ਦਰਿਆ ਵਿਚ ਇਸ਼ਨਾਨ ਕਰਕੇ ਖ਼ਾਲੀ ਕਮੰਡਲ ਤੇ ਤਾਮਲੋਟੇ ਹੱਥਾਂ 'ਚ ਲਮਕਾਈ ਵਾਪਸ ਆ ਰਹੇ ਸਨ। ਨਿੱਕੇ ਤਿੰਨ ਬ੍ਰਾਹਮਣ ਚੁੱਪ ਸਨ ਤੇ ਵੱਡਾ ਬ੍ਰਾਹਮਣ ਇਕੱਲਾ ਗਾਇਤਰੀ ਮੰਤਰ ਦਾ ਉਚਾਰਨ ਕਰ ਰਿਹਾ ਸੀ ਓਮ ਭੂਰਬਵੈ ਸਵੈ...।

ਤਿੰਨੋਂ ਨਿੱਕੇ ਬ੍ਰਾਹਮਣ ਉਹਦੇ ਪਿੱਛੇ 'ਅਦ੍ਰਿਸ਼ ਅਦ੍ਰਿਸ਼ ਸਤਮੇਵ ਹੈ, ਸੱਤ ਹੈ' ਕਹਿੰਦੇ ਹੋਏ ਟੁਰੀ ਆ ਰਹੇ ਸਨ। ਪੰਡਾਂ ਚੁੱਕੀ ਆ ਰਹੇ ਤਿੰਨਾਂ ਭੀਲਾਂ ਦੇ ਰੁਕੇ ਹੋਏ ਸਾਹਾਂ ਦੇ ਕਾਰਨ ਵਾਤਾਵਰਣ ਬਹੁਤ ਹੀ ਖ਼ਾਮੋਸ਼ ਹੋ ਗਿਆ ਸੀ। ਏਸ ਖ਼ਾਮੋਸ਼ੀ ਵਿਚ ਗਾਇਤਰੀ ਮੰਤਰ ਦੀ ਗੂੰਜ ਆਪਣੇ ਆਪ ਵਧਦੀ ਜਾ ਰਹੀ ਸੀ।

ਅਚਾਨਕ ਅਸ਼ਰਫ਼ ਦੇ ਨਿੱਕੇ ਸਕੜ ਦਾਦਾ ਦੇ ਸਿਰ ਤੋਂ ਘਾਹ ਦੀ ਪੰਡ ਡਿੱਗ ਪਈ ਤੇ ਏਸ ਭਾਰੀ ਸਰਸਰਾਹਟ ਨਾਲ ਝੂਲਦੇ ਕਮੰਡਲਾਂ ਵਾਲੇ ਬ੍ਰਾਹਮਣ ਰੁਕ ਗਏ। ਉਨ੍ਹਾਂ ਨੇ ਤਿੰਨਾਂ ਸ਼ੂਦਰਾਂ ਨੂੰ ਧੋਣੋਂ ਫੜ ਲਿਆ ਤੇ ਉਨ੍ਹਾਂ ਦੇ ਸਿਰ ਹਿਲਾ ਕੇ ਪੁੱਛਿਆ, "ਤੁਸੀਂ ਸ਼ਲੋਕ ਸੁਣੇ ?"

ਸ਼ੂਦਰਾਂ ਨੇ ਹੱਥ ਜੋੜ ਕੇ ਕਿਹਾ, "ਸੁਣੇ ਜ਼ਰੂਰ ਭਗਵਾਨ, ਪਰ ਕੁਝ ਪਤਾ ਨਹੀਂ ਲੱਗਿਆ। ਇਹ ਸਾਡੀ ਬੋਲੀ ਨਾਲੋਂ ਵੱਖਰੇ ਸਨ।"

"ਤੁਹਾਡੇ ਕੰਨਾਂ ਵਿਚ ਬੋਲ ਤਾਂ ਪਏ ?" ਗਠੇ ਹੋਏ ਸਰੀਰ ਵਾਲੇ ਬ੍ਰਾਹਮਣ ਨੇ ਇਕ ਸ਼ੂਦਰ ਦਾ ਗਲ਼ਾ ਘੁੱਟ ਕੇ ਕਿਹਾ, "ਇਹ ਪਵਿੱਤਰ ਬੋਲ ਦੇਵਤਿਆਂ ਦੇ ਅੱਖਰ ਤੇ ਭਗਵਾਨ ਦਾ ਸਿਮਰਨ ਤੁਹਾਡੇ ਕੰਨਾਂ 'ਚ ਗਿਆ ਕਿ ਨਹੀਂ ਗਿਆ ?"

ਤਿੰਨੇ ਕੋਲ ਹੱਥ ਜੋੜੀ ਚੁੱਪ ਖਲੋਤੇ ਸਨ ਤੇ ਉਨ੍ਹਾਂ ਦੇ ਸਿਰਾਂ ਤੋਂ ਡਿੱਗੀਆਂ ਘਾਹ ਦੀਆਂ ਪੰਡਾਂ ਉਨ੍ਹਾਂ ਦੇ ਖੱਬੇ ਸੱਜੇ ਹਵਾ 'ਚ ਹੌਲੀ-ਹੌਲੀ ਸਰਸਰਾ ਰਹੀਆਂ ਸਨ।

ਚਾਰੇ ਬ੍ਰਾਹਮਣ ਉਨ੍ਹਾਂ ਨੂੰ ਆਪਣੇ ਨਾਲ ਭੈਰੋਂ ਮੱਠ ਵਿਚ ਲੈ ਗਏ ਅਤੇ ਗੁਰੂ ਦੇ ਸਾਹਮਣੇ ਪੇਸ਼ ਕਰ ਦਿੱਤਾ। ਉਸ ਨੇ ਉਨ੍ਹਾਂ ਤਿੰਨਾਂ ਨੂੰ ਸਿਰ ਤੋਂ ਪੈਰਾਂ ਤਾਈਂ ਗਹੁ ਨਾਲ ਵੇਖਿਆ ਤੇ ਸ਼ਾਂਤ ਹੋ ਕੇ ਹੌਲੀ ਜਿਹੀ ਕਿਹਾ, "ਇਨ੍ਹਾਂ ਨੂੰ ਭੋਜਨ ਕਰਾਓ। ਹੁਣ ਇਹ ਭਗਵਾਨ ਸਰੂਪ ਹਨ।"

ਉਸ ਸਥਾਨ ਦਾ ਗੁਰੂ ਬੜਾ ਭੱਦਰ ਪੁਰਸ਼, ਦੇਵਤਾ ਸਮਾਨ ਇਕ ਸੁੰਦਰ ਪੁਰਸ਼ ਸੀ ਤੇ ਭਗਵੇਂ ਵਸਤਰਾਂ 'ਚ ਉਹ ਭਗਵਾਨ ਦਾ ਰੂਪ ਨਜ਼ਰ ਆਉਂਦਾ ਸੀ। ਉਹਦੇ ਰੋਮ-ਰੋਮ ਵਿਚ ਸੰਧੂਰ ਦੀ ਰਚਨਾ ਸੀ।

ਜਦੋਂ ਤਿੰਨੋਂ ਕੋਲ ਭੋਜਨ ਕਰਕੇ ਆ ਗਏ ਤੇ ਗੁਰੂ ਦੇ ਅੱਗੇ ਹੱਥ ਜੋੜ ਕੇ ਖਲੋ ਗਏ ਤਾਂ ਗੁਰੂ ਨੇ ਹੱਥ ਦੇ ਇਸ਼ਾਰੇ ਨਾਲ ਸੁਨਹਿਰੇ ਵਾਲਾਂ ਵਾਲੇ ਚੇਲੇ ਤੋਂ ਛੇ ਪੋਟਲੀਆਂ ਮੰਗਵਾਈਆਂ ਜਿਨ੍ਹਾਂ ਵਿਚ ਕਲਮੀ ਸ਼ੋਰਾ-ਨੌਸ਼ਾਦਰ ਤੇ ਗੂੰਦ ਕਤੀਰਾ ਕੁੱਟ-ਕੁੱਟ ਕੇ ਭਰਿਆ ਹੋਇਆ ਸੀ।



ਸ਼ਕਤੀਸ਼ਾਲੀ ਬ੍ਰਾਹਮਣਾਂ ਨੇ ਚੀਕਾਂ ਮਾਰਦੇ, ਵੈਣ ਪਾਉਂਦੇ, ਰੋਂਦੇ-ਕੁਰਲਾਉਂਦੇ ਕੋਲ ਜੁਆਨਾਂ ਨੂੰ ਭੋਇੰ 'ਤੇ ਲਿਟਾਇਆ। ਉਨ੍ਹਾਂ ਦੇ ਮੂੰਹ ਵਿਚ, ਗਲ਼ਾਂ ਦੇ ਅੰਦਰ ਵਿਚ ਇਕ-ਇਕ ਪੋਟਲੀ ਧੱਕ ਦਿੱਤੀ ਤੇ ਫੇਰ ਉਨ੍ਹਾਂ ਦੇ ਕੰਨਾਂ ਵਿਚ ਪੰਘਰਿਆ ਹੋਇਆ ਸਿੱਕਾ ਪਾ ਦਿੱਤਾ। ਉਹ ਤਿੰਨੋਂ ਜ਼ਰਾ ਜਿੰਨੇ ਤੜਫੇ ਤੇ ਫੇਰ ਬੇਹੋਸ਼ ਹੋ ਗਏ।

ਗਲ਼ਾਂ ਦੇ ਅੰਦਰ ਕਲਮੀ ਸ਼ੋਰੇ ਤੇ ਨੌਸ਼ਾਦਰ ਦੀਆਂ ਪੋਟਲੀਆਂ ਨੇ ਪੰਘਰੇ ਹੋਏ ਸਿੱਕੇ ਨੂੰ ਛੇਤੀ ਠੰਢਾ ਕਰ ਦਿੱਤਾ ਤੇ ਉਹ ਅੰਦਰਲੀਆਂ ਰਗਾਂ ਨੂੰ ਚੀਰ ਕੇ ਹਲਕ 'ਚ ਜਾ ਉੱਤਰਿਆ। ਦੂਜੇ ਇਲਾਕਿਆਂ ਦੇ ਬ੍ਰਾਹਮਣ ਆਪਣਾ ਕੋਈ ਅਸਮਾਨੀ ਸ਼ਬਦ ਜਾਂ ਦੈਵੀ ਮੰਤਰ ਸ਼ੂਦਰ ਦੇ ਕੰਨੀਂ ਪੈਣ 'ਤੇ ਉਸੇ ਵੇਲੇ ਪੰਘਰਿਆ ਹੋਇਆ ਸਿੱਕਾ ਪਾ ਕੇ ਉਨ੍ਹਾਂ ਨੂੰ ਸਾੜ ਦੇਂਦੇ ਸਨ, ਪਰ ਭੈਰਵ ਮੱਠ ਦਾ ਇਹ ਗੁਰੂ ਬੜਾ ਭੱਦਰ ਪੁਰਸ਼ ਬਹੁਤਾ ਈ ਰਹਿਮ-ਦਿਲ ਇਨਸਾਨ ਸੀ। ਉਸ ਨੇ ਪੁਰਾਣੇ ਵੈਦਕ ਗ੍ਰੰਥਾਂ ਦੀ ਪੁਣ-ਛਾਣ ਕਰਕੇ ਠੰਢੇ ਮਾਲ ਦੀਆਂ ਅਜਿਹੀਆਂ ਪੋਟਲੀਆਂ ਬਣਾਈਆਂ ਸਨ, ਜਿਹੜੀਆਂ ਮੁਲਜ਼ਮ ਨੂੰ ਨਿਸ਼ਚਿਤ ਸਜ਼ਾ ਦੇਣ ਦੇ ਮਗਰੋਂ ਕੰਨਾਂ ਤੋਂ ਅੱਗੇ ਪਿਘਲੇ ਸੀਸੇ ਦੇ ਅਮਲ ਨੂੰ ਰੋਕ ਦੇਂਦੀਆਂ ਸਨ।

ਉਸ ਜ਼ਮਾਨੇ 'ਚ ਵੀ ਕੁਝ ਅਜਿਹੇ ਦਯਾਵਾਨ ਲੋਕ ਮੌਜੂਦ ਸਨ, ਜਿਨ੍ਹਾਂ ਕਰਕੇ ਇਹ ਸੰਸਾਰ ਉਦੋਂ ਵੀ ਕਾਇਮ ਸੀ। ਇਸ ਦੁਨੀਆ ਵਿਚ ਸਭ ਤੋਂ ਵੱਡੀ ਆਕੜ ਗਿਆਨ ਦੀ ਆਕੜ ਹੁੰਦੀ ਏ। ਵਿਦਵਾਨ ਤੇ ਗਿਆਨੀ ਬੰਦਾ ਗਿਆਨੀ ਲੋਕਾਂ ਨੂੰ ਸਿਰਫ ਡੰਗਰ ਈ ਨਹੀਂ ਸਮਝਦਾ, ਸਗੋਂ ਹਰ ਵੇਲੇ ਉਨ੍ਹਾਂ ਨੂੰ ਆਪਣੇ ਗਿਆਨ ਤੇ ਅਗਿਆਨ ਦੇ ਭੈਅ ਨਾਲ ਡਰਾਉਂਦਾ ਵੀ ਰਹਿੰਦਾ ਏ। ਉਹ ਆਪਣੇ ਗਿਆਨ ਦੇ ਘੁਮੰਡ ਦਾ ਬਾਜ਼ ਆਪਣੀ ਮਜ਼ਬੂਤ ਕਲਾਈ 'ਤੇ ਬਿਠਾ ਕੇ ਸਾਰਾ ਦਿਨ ਬਾਜ਼ਾਰ ਵਿਚ ਘੁੰਮਦਾ ਏ ਤੇ ਹਰੇਕ ਨੂੰ ਡਰਾ ਧਮਕਾ ਕੇ ਰੱਖਦਾ ਏ। ਏਸ ਜ਼ਾਲਮ, ਨਿਰਦਈ ਤੇ ਬੇਦਰਦ ਦੀ ਸਭ ਤੋਂ ਵੱਡੀ ਖ਼ਰਾਬੀ ਇਹ ਹੁੰਦੀ ਏ ਕਿ ਜੇਕਰ ਕੋਈ ਉਹਦੇ ਫਲਦਾਰ ਇਲਮੀ ਅਹਾਤੇ 'ਚੋਂ ਇਕ ਬੇਰ ਵੀ ਤੋੜਨਾ ਚਾਹੇ ਤਾਂ ਉਸ 'ਤੇ ਆਪਣੇ ਘੁਮੰਡ ਦੇ ਕੁੱਤੇ ਛੱਡ ਦੇਂਦਾ ਏ। ਇਹ ਆਪਣੇ ਕੈਦੀਆਂ ਨੂੰ ਚੰਗੇ ਗੁਲਾਮ ਬਣ ਕੇ ਰਹਿਣ ਦਾ ਗਿਆਨ ਦੇਂਦਾ ਹੀ ਏ ਪਰ ਉਨ੍ਹਾਂ ਨੂੰ ਇੱਜ਼ਤ ਨਾਲ ਜਿਊਣ ਦੇ ਗੁਰ ਤੋਂ ਜਾਣੂ ਨਹੀਂ ਹੋਣ ਦੇਂਦਾ। ਜ਼ਮਾਨਾ ਬੀਤਦਾ ਰਹਿੰਦਾ ਏ ਤੇ ਆਪਣੇ-ਆਪਣੇ ਦੌਰ ਦਾ ਹਰ ਗਿਆਨੀ ਬ੍ਰਾਹਮਣ ਆਪਣੇ ਦੌਰ ਦੇ ਸ਼ੂਦਰ ਦੇ ਕੰਨ ਪੰਘਰੇ ਹੋਏ ਸਿੱਕਾ ਨਾਲ ਭਰੀ ਜਾਂਦਾ ਏ।

ਜਦੋਂ ਇਹ ਤਿੰਨੋਂ ਖਰਾਬ ਤੇ ਖਸਤਾ-ਹਾਲ ਆਪਣੇ ਕੋਲ ਬਜ਼ੁਰਗ ਸਿੰਧ ਦਰਿਆ ਦੇ ਕੰਡੇ ਸੰਘਣੇ ਜੰਗਲ ਵਿਚ ਜੰਗਲੀ ਜਾਨਵਰਾਂ ਦੀ ਖੁਰਾਕ ਬਣਨ ਲਈ ਨਿਕਲ ਗਏ ਤਾਂ ਉਨ੍ਹਾਂ ਦੀ ਔਲਾਦ ਰਤਨਾਤ ਵਿਚ ਰਹਿ ਗਈ, ਜਿਹੜੀ ਅੱਜ ਸ਼ਿਕਾਰਪੁਰ ਤੋਂ ਵੀਹ ਕੋਹ ਦੂਰ ਏ।

ਕਈ ਸਾਲਾਂ ਮਗਰੋਂ ਜਦੋਂ ਮੁਹੰਮਦ ਬਿਨ ਕਾਮਿਸ ਨੇ ਦਾਹਿਰ ਦੇ ਨਾਲ ਜੰਗ ਕੀਤੀ ਤਾਂ ਦਾਹਿਰ ਦਾ ਸਾਰਾ ਇਲਾਕਾ ਈ ਨਹੀਂ ਸਗੋਂ ਉਸ ਦੇ ਆਲੇ-ਦੁਆਲੇ ਦਾ ਹੋਰ ਬਹੁਤ ਸਾਰਾ ਇਲਾਕਾ ਮੁਹੰਮਦ ਬਿਨ ਕਾਸਿਮ ਦੇ ਕਬਜ਼ੇ 'ਚ ਆ ਗਿਆ। ਕੋਲ ਖ਼ਾਨਦਾਨਾਂ ਦੇ ਨਾਲ ਕੁਝ ਭੀਲ, ਦ੍ਰਾਵੜ ਤੇ ਉਨ੍ਹਾਂ ਦੇ ਨਾਲ ਬਹੁਤ ਸਾਰੇ ਖੱਤਰੀ ਤੇ ਵੈਸ਼ ਵੀ ਬਸਰਾ ਤੇ ਬਗਦਾਦ ਦੀਆਂ ਗੁਲਾਮਾਂ ਦੀਆਂ ਮੰਡਲੀਆਂ ਵਿਚ ਪਹੁੰਚ ਗਏ। ਦਾਹਿਰ ਦੇ ਜ਼ਮਾਨੇ ਵਿਚ

ਲੌਂਡੀਆਂ ਤੇ ਗੁਲਾਮਾਂ 'ਤੇ ਮੁਫਤ ਕਬਜ਼ੇ ਕੀਤੇ ਜਾਂਦੇ ਸਨ। ਹਿਜਾਜ਼ ਦੇ ਕਾਲ ਵਿਚ ਇਨ੍ਹਾਂ ਦਾ ਮੁੱਲ ਤਾਰਨਾ ਸ਼ੁਰੂ ਹੋ ਗਿਆ ਤੇ ਉਨ੍ਹਾਂ ਦੇ ਘਰਵਾਲਿਆਂ ਨੂੰ ਇਕ-ਦੋ ਦੁਹੈਲ ਬੱਕਰੀ ਜਾਂ ਇਕ ਗਾਂ, ਸੁਰਗਾਬੀ ਦੇ ਮੁੱਲ ਦੇ ਬਰਾਬਰ ਕੁਝ ਦਿਰਹਮ (ਸਾਢੇ ਤਿੰਨ ਮਾਸ਼ੇ ਦਾ ਸਿੱਕਾ) ਵੀ ਮਿਲਣ ਲੱਗ ਪਏ। ਘਰ ਦੇ ਲੋਕ ਖ਼ੁਸ਼ ਹੋ ਗਏ ਤੇ ਬਹੁਤਿਆਂ ਨੇ ਆਪਣੇ ਪੁੱਤਰ, ਪੋਤਰੇ ਤੇ ਭਾਈ-ਭਤੀਜੇ ਵੇਚ ਕੇ ਅਮੀਰ ਬ੍ਰਾਹਮਣਾਂ ਕੋਲ ਜ਼ਮੀਨ ਦੇ ਨਿੱਕੇ-ਨਿੱਕੇ ਟੋਟੇ ਵੀ ਖ਼ਰੀਦ ਲਏ ਤੇ ਉਨ੍ਹਾਂ 'ਤੇ ਝੁੱਗੀਆਂ ਪਾ ਕੇ ਉੱਥੇ ਵੱਸ ਵੀ ਗਏ।

ਇਹ ਜਿਹੜੀ ਲੋਹੇ ਦੀ ਵੱਡੀ ਦੁਕਾਨ ਦੇ ਸਾਹਮਣੇ ਗਿੱਲੀ ਮਿੱਟੀ 'ਤੇ ਇਕ ਮੰਗਤਾ ਬੈਠਾ ਹੁੰਦਾ ਏ, ਉਸ ਦਾ ਸੱਕੜ ਦਾਦਾ ਵੀ ਆਪਣੇ ਚਾਚਿਆਂ ਰਾਹੀਂ ਵਿਕ ਕੇ ਬਸਰਾ ਪਹੁੰਚ ਗਿਆ ਸੀ। ਬਸਰਾ ਪਹੁੰਚ ਕੇ ਉਹਨੇ ਦੂਰੋਂ-ਦੂਰੋਂ ਆਏ ਗੁਲਾਮਾਂ ਵਿਚ ਬੜਾ ਨਾਂ ਪੈਦਾ ਕਰ ਲਿਆ ਤੇ ਥੋੜ੍ਹੇ ਈ ਚਿਰ ਵਿਚ ਉਹ ਬੜੀ ਵਧੀਆ ਅਰਬੀ ਭਾਸ਼ਾ ਸਿੱਖ ਗਿਆ। ਚੰਗੀ ਭਾਸ਼ਾ ਸਿੱਖਣ ਤੇ ਗੁਲਾਮ ਵੇਚਣ ਵਾਲੇ ਨੇ ਉਹਨੂੰ ਅੱਗੇ ਵੇਚਣ ਦੀ ਥਾਂ ਆਪਣੇ ਕੋਲ ਹੀ ਰੱਖ ਲਿਆ।

ਅਸ਼ਰਫ਼ ਦਾ ਸੱਕੜ ਦਾਦਾ ਕਾਲੇ ਰੰਗ ਦਾ ਸੋਹਣਾ, ਉੱਚੇ-ਲੰਮੇ ਕੱਦ ਦਾ ਇਕ ਤਗੜਾ ਗੁਲਾਮ ਸੀ। ਉਹਦੇ ਟੁਰਨ ਦਾ ਅੰਦਾਜ਼ ਬਸਰੇ ਦੇ ਦੂਜੇ ਲੋਕਾਂ ਨਾਲੋਂ ਵੱਖਰਾ ਸੀ। ਉਹਦੇ ਵਿਦੇਸ਼ੀ ਉਚਾਰਣ ਵਿਚ ਕੁਝ ਸ਼ਬਦਾਂ ਦਾ ਉਚਾਰਣ ਬਹੁਤ ਹੀ ਚੰਗਾ ਲੱਗਦਾ ਸੀ। ਸਰਦਾਰਾਂ ਦੀਆਂ ਜੁਆਨ ਪਤਨੀਆਂ ਉਸ ਕੋਲੋਂ ਅਰਬੀ ਭਾਸ਼ਾ ਦੇ ਸ਼ੇਅਰ ਬੜੇ ਚਾਅ ਨਾਲ ਸੁਣਦੀਆਂ ਹੁੰਦੀਆਂ ਸਨ, ਜਿਨ੍ਹਾਂ ਵਿਚ ਇਹ ਸ਼ਬਦ ਬਹੁਤ ਆਉਂਦੇ ਸਨ।

ਪਰ ਇਕ ਰਾਤ ਨੂੰ ਜਦੋਂ ਉਹ ਆਪਣੇ ਮਾਲਕ ਦੀ ਗੁਪਤ ਆਤਮ-ਕਥਾ ਦੀ ਹੱਥ-ਲਿਖਤ ਵੇਖ ਰਿਹਾ ਸੀ ਤੇ ਉਹਦੇ ਵਿਚ ਹੱਥ ਦੀਆਂ ਬਣੀਆਂ ਹੋਈਆਂ ਨੰਗੀਆਂ ਤਸਵੀਰਾਂ ਨੂੰ ਵੇਖ ਕੇ ਆਨੰਦ ਮਾਣ ਰਿਹਾ ਸੀ ਤਾਂ ਉੱਤੋਂ ਉਹਦਾ ਮਾਲਕ ਆ ਗਿਆ। ਕਿਤਾਬ ਉਹਦੇ ਹੱਥੋਂ ਛੁੱਟ ਕੇ ਭੋਇੰ 'ਤੇ ਡਿੱਗ ਪਈ ਤੇ ਉਹ ਪੱਤੇ ਵਾਂਗ ਥਰ-ਥਰ ਕੰਬਣ ਲੱਗਿਆ। ਮਾਲਿਕ ਨੇ ਉਹਦਾ ਮੋਢਾ ਪਲੋਸਿਆ ਤੇ ਦਇਆ ਭਰੀ ਨਜ਼ਰ ਨਾਲ ਉਹਦੇ ਵੱਲ ਤੱਕਿਆ ਤੇ ਕਿਹਾ, "ਆਪਣੀ ਹਿੰਦਵੀ, ਅਰਬੀ ਭਾਸ਼ਾ ਵਿਚ ਮੈਨੂੰ ਮੇਰੇ ਖਰੜੇ ਦਾ ਕੁਝ ਭਾਗ ਪੜ੍ਹ ਕੇ ਸੁਣਾ ਤੇ ਮੇਰੇ ਮਨ ਨੂੰ ਖ਼ੁਸ਼ ਕਰ।"

ਇਸ ਭਿੱਖ ਮੰਗਤੇ ਦੇ ਸੱਕੜ ਦਾਦੇ ਨੇ 63 ਸਫ਼ੇ ਤੋਂ ਲੈ ਕੇ 82 ਸਫ਼ੇ ਤਕ ਆਪਣੇ ਮਾਲਿਕ ਦੀ ਆਤਮਕਥਾ ਬੜੀ ਮਿੱਠੀ ਆਵਾਜ਼ 'ਚ ਪੜ੍ਹ ਕੇ ਸੁਣਾਈ ਤੇ ਸੋਨੇ ਦੇ ਪੰਜ਼ੀ ਦਿਰਹਮ, ਰੇਸ਼ਮ ਦੀ ਗੁਲ-ਰੰਗੀ ਥੈਲੀ 'ਚ ਇਨਾਮ ਦੇ ਰੂਪ ਵਿਚ ਪ੍ਰਾਪਤ ਕੀਤੇ।

ਅਗਲੇ ਦਿਨ ਸਵੇਰੇ ਜ਼ੈਤੂਨ, ਸ਼ਹਿਦ, ਦਹੀ ਤੇ ਅੰਜੀਰ ਦੇ ਨਾਸ਼ਤੇ ਮਗਰੋਂ ਉਹਦੇ ਮਾਲਿਕ ਨੇ ਇਕ ਚਮਕੀਲੇ ਖੰਜਰ ਨਾਲ ਭਿੱਖ ਮੰਗੇ ਅਸ਼ਰਫ਼ ਦੇ ਸੱਕੜ ਦਾਦੇ ਦੀ ਜ਼ੁਬਾਨ ਕੱਟ ਦਿੱਤੀ। ਹਿੰਦਵੀ ਲਹਿਜੇ 'ਚ ਖ਼ੂਬਸੂਰਤ ਅਰਬੀ ਬੋਲਣ ਵਾਲਾ ਕੋਲੀ ਗੁਲਾਮ ਸਦਾ ਵਾਸਤੇ ਖ਼ਾਮੋਸ਼ ਹੋ ਗਿਆ।

ਗਿਆਨਵਾਨਾਂ ਦੇ ਹੰਕਾਰ ਦੇ ਕਈ ਰੂਪ ਹੁੰਦੇ ਨੇ। ਉਹ ਜਿਨ੍ਹਾਂ ਬੇਜ਼ੁਬਾਨਾਂ ਨੂੰ ਪਸੰਦ ਵੀ ਕਰਦੇ ਨੇ, ਉਨ੍ਹਾਂ ਦੀ ਮੁਥਾਜੀ 'ਤੇ ਆਪਣੇ ਘੁਮੰਡ ਦਾ ਤੰਗ ਕੱਸ ਕੇ ਉਨ੍ਹਾਂ ਦੇ ਵਜੂਦ 'ਚ ਤੂੜੀ ਭਰ ਦੇਂਦੇ ਨੇ। ਫੇਰ ਉਨ੍ਹਾਂ ਨੂੰ ਆਪਣੇ ਮਹੱਲ ਦੇ ਇਕ ਖੂੰਜੇ ਵਿਚ ਖੜ੍ਹਾ



ਕਰਕੇ ਉਨ੍ਹਾਂ ਦੇ ਦੁਆਲੇ ਨਿੱਜੀ ਅਜਾਇਬ ਘਰ ਦੀ ਨੀਂਹ ਰੱਖ ਦੇਂਦੇ ਨੇ। ਅਜਿਹੇ ਲੋਕ ਸਰੀਰਕ ਗਿਆਨ ਦੇ ਨਾਲ-ਨਾਲ ਧਰਮ-ਗਿਆਨ ਦੇ ਵੀ ਮਾਹਰ ਹੁੰਦੇ ਨੇ ਤੇ ਇਤਿਹਾਸਕਾਰ ਆਪਣੀਆਂ ਲਿਖਤਾਂ ਤੇ ਭਾਸ਼ਣਾਂ ਵਿਚ ਉਨ੍ਹਾਂ ਦੇ ਹਵਾਲੇ ਦੇਂਦੇ ਹਨ ਤੇ ਆਪਣੀਆਂ ਪੁਸਤਕਾਂ ਵਿਚ ਉਨ੍ਹਾਂ ਦਾ ਜ਼ਿਕਰ ਮੋਟੇ ਅੱਖਰਾਂ ਵਿਚ ਕਰਦੇ ਨੇ।

ਗੁਲਾਮ ਵਿਕਰੇਤਿਆਂ ਦੇ ਮਾਲਕ ਅਲੱਤੰਜਾਰ ਨੇ ਬੜੀ ਦਿਆਲਤਾ ਨਾਲ ਅਸ਼ਰਫ਼ ਦੇ ਗੂੰਗੇ ਸੱਕੜ ਦਾਦੇ ਨੂੰ ਵਾਪਸ ਰਤਨਾਤ ਭੇਜ ਦਿੱਤਾ ਤੇ ਉਹ ਆਪਣੇ ਜੀਵਨ ਦੇ ਬਾਕੀ ਦਿਨ ਪਿੰਡ ਦੀਆਂ ਗਲੀਆਂ 'ਚ ਇਕਤਾਰਾ ਵਜਾ-ਵਜਾ ਕੇ ਆਪਣੀ ਲੰਮੀ ਉਮਰ ਖ਼ਾਮੋਸ਼ੀ ਨਾਲ ਗੁਜ਼ਾਰ ਗਿਆ।

ਪਰ ਤੁਸੀਂ ਏਸ ਕੋਲ ਪਰਿਵਾਰ ਦੀ ਤਾਰੀਖੀ ਦਾਸਤਾਨ ਕਿੱਥੋਂ ਤਕ ਸੁਣੋਗੇ ਤੇ ਕੋਲ, ਦ੍ਰਾਵਿੜਾਂ, ਭੀਲਾਂ ਤੇ ਸ਼ੂਦਰਾਂ ਦੀਆਂ ਜੀਵਨੀਆਂ ਵਿਚ ਕਿੱਥੋਂ ਤਕ ਮੇਰਾ ਸਾਥ ਦਿਓਗੇ ? ਤੁਸੀਂ ਇਕ ਸਿੱਧੀ ਜਿਹੀ ਗੱਲ ਸੁਣ ਲਓ ਕਿ ਭਿਖ ਮੰਗੇ ਅਸ਼ਰਫ਼ ਦਾ ਪੜਦਾਦਾ ਮੌਲਵੀ ਰਹਮਤੁੱਲਾਹ ਦੇ ਹੱਥੋਂ ਮੁਸਲਮਾਨ ਹੋ ਕੇ ਆਪਣੀ ਬਰਾਦਰੀ ਨਾਲੋਂ ਵੱਖਰਾ ਹੋ ਗਿਆ। ਉਹ ਆਪ ਵੱਖਰਾ ਹੋਇਆ ਜਾਂ ਉਹਦੀ ਬਰਾਦਰੀ ਨੇ ਉਹਨੂੰ ਧੱਕੇ ਦੇ ਕੇ ਆਪਣੇ ਹਲਕੇ 'ਚੋਂ ਬਾਹਰ ਕੱਢ ਦਿੱਤਾ, ਏਸ ਦੀ ਇਤਿਹਾਸਕ ਗੁਆਹੀ ਕਿਸੇ ਕਿਤਾਬ ਵਿਚ ਨਹੀਂ ਮਿਲਦੀ ਪਰ ਉਹ ਆਪਣੇ ਘਰੋਂ, ਆਪਣੇ ਪਿੰਡੋਂ, ਆਪਣੇ ਇਲਾਕੇ ਤੋਂ ਵੱਖਰਾ ਹੋ ਕੇ ਥਾਰ ਪਾਰ ਕਰਕੇ ਰੇਗਿਸਤਾਨ ਵਿਚ ਠਾਕਰਾਂ ਦੀਆਂ ਭੇਡਾਂ ਬੱਕਰੀਆਂ ਚਾਰਨ ਲੱਗ ਪਿਆ ਪਰ ਜਦੋਂ ਉਸ ਦੀ ਪਤਨੀ ਨੂੰ ਏਸ ਗੱਲ ਦਾ ਪਤਾ ਲੱਗਾ ਕਿ ਉਹ ਇਕ ਸਾਹਨੀ ਔਰਤ ਨਾਲ ਰਲ ਕੇ ਸਾਹਨੇ ਫੜਦਾ ਏ ਤੇ ਦੋਵੇਂ ਸਾਹਨਿਆਂ ਦੇ ਤੇਲ ਦੀਆਂ ਕੁੱਪੀਆਂ ਭਰ ਕੇ ਸਰਦਾਰਾਂ ਵਿਚ ਵੰਡਦੇ ਨੇ ਤਾਂ ਉਹ ਆਪਣੇ ਦੋਵੇਂ ਬੱਚੇ ਨਾਲ ਲੈ ਕੇ ਥਾਰ ਪਾਰ ਕਰ ਕੇ ਉੱਥੇ ਪਹੁੰਚ ਗਈ ਤੇ ਉਸ ਸਾਹਨੀ ਨੂੰ ਗੁੱਤੋਂ ਫੜ ਕੇ ਬਾਬੇ ਦੇ ਘਰੋਂ ਕੱਢ ਦਿੱਤਾ।

ਇਹ ਜਿਹੜਾ ਅਸ਼ਰਫ਼ ਏ ਨਾ, ਜਿਹੜਾ ਦਾਤਾ ਦਰਬਾਰ ਦੇ ਪਿੱਛੇ ਸਿੱਲੀ ਜ਼ਮੀਨ 'ਤੇ ਡਾਲਡੇ ਦਾ ਡੱਬਾ ਸਾਹਮਣੇ ਰੱਖ ਕੇ ਲੋਹੇ ਦੀ ਦੁਕਾਨ ਦੇ ਸਾਈਨ ਬੋਰਡ 'ਤੇ ਨਜ਼ਰਾਂ ਗੱਡ ਕੇ ਭੀਖ ਮੰਗਿਆ ਕਰਦਾ ਏ, ਇਹ ਉਸ ਬਾਬੇ ਦੇ ਜਿਗਰ ਦਾ ਖ਼ਾਸ ਟੋਟਾ ਏ ਜਿਸ ਨੇ ਇਕ ਸੌ ਤੀਹ ਸਾਲਾਂ ਦੀ ਉਮਰ ਭੋਗ ਕੇ ਝੁੰਡੂ ਦੇ ਏਸ ਸੰਘਣੇ ਰੁੱਖ ਹੇਠਾਂ ਜਾਨ ਦਿੱਤੀ ਸੀ ਤੇ ਅਸ਼ਰਫ਼ ਨੂੰ ਤਿੰਨ ਦਿਨਾਂ ਦਾ ਛੱਡ ਕੇ ਮੋਇਆ ਸੀ।

ਅਸ਼ਰਫ਼ ਵੀ ਘੁੰਮਦਾ-ਘੁੰਮਾਂਦਾ, ਕਲੀਨਰੀ ਕਰਦਾ ਤੇ ਡਰਾਈਵਰੀ ਦੇ ਸ਼ੌਕ 'ਚ ਲਾਹੌਰ ਆ ਗਿਆ ਤੇ ਆਪਣੇ ਵੱਡੇ ਅਫਸਰ ਦੇ ਅਡੀਸ਼ਨਲ ਆਫੀਸਰ ਦੇ, ਅਸਿਸਟੈਂਟ ਆਫੀਸਰ ਦੇ ਘਰ 20 ਰੁਪਏ ਮਹੀਨੇ ਦੇ ਰੋਟੀ-ਕੱਪੜੇ 'ਤੇ ਨੌਕਰੀ ਕਰ ਲਈ।

ਇਹ ਅਫਸਰ ਲਾਹੌਰ ਸ਼ਹਿਰ ਤੋਂ ਬਹੁਤ ਦੂਰ ਸਰਕੜਿਆਂ ਦੇ ਸਮੁੰਦਰ 'ਤੇ ਨਆਉਂ ਗੁਫਾਵਾਂ ਤੋਂ ਬੱਲਮਾਂ ਵਾਲੇ ਲੁਟੇਰਿਆਂ ਨੂੰ ਕੱਢ ਕੇ ਇਕ ਖ਼ੂਬਸੂਰਤ ਤੇ ਮਾਡਰਨ ਬਸਤੀ ਵਸਾ ਰਹੇ ਸਨ, ਜਿਸ ਦਾ ਨਾਂ ਉਨ੍ਹਾਂ ਨੇ ਗੁਲਬਰਗ ਰੱਖਿਆ ਸੀ।

ਉਨ੍ਹਾਂ ਤਿੰਨਾਂ ਅਫਸਰਾਂ ਕੋਲ ਆਪਣੀਆਂ-ਆਪਣੀਆਂ ਗੱਡੀਆਂ ਤੋਂ ਇਲਾਵਾ ਬਹੁਤ ਸਾਰੀਆਂ ਸਰਕਾਰੀ ਮੋਟਰਾਂ ਵੀ ਸਨ। ਅਸ਼ਰਫ਼ ਨੂੰ ਪੱਕਾ ਵਿਸ਼ਵਾਸ ਸੀ ਕਿ ਉਹ ਮੌਕਾ ਪਾ ਕੇ ਤੇ ਮਿੰਨਤ ਤਰਲਾ ਕਰਕੇ ਡਰਾਈਵਰਾਂ ਤੋਂ ਡਰਾਈਵਰੀ ਸਿੱਖ ਲਏਗਾ ਤੇ ਫਿਰ ਪੱਕਾ

ਲਾਈਸੈਂਸ ਬਣਾ ਕੇ ਟਰੱਕ ਚਲਾਇਆ ਕਰੇਗਾ। ਉਹਦੇ ਸਾਹਬ ਨੂੰ ਅਸ਼ਰਫ਼ ਦੀ ਇਹ ਤਰਕੀਬ ਪਸੰਦ ਨਹੀਂ ਸੀ, ਕਿਉਂਕਿ ਏਸ ਤਰ੍ਹਾਂ ਇਕ ਚੰਗੇ ਨੌਕਰ ਦਾ ਹੱਥੋਂ ਨਿੱਕਲ ਜਾਣ ਦਾ ਡਰ ਸੀ, ਏਸ ਲਈ ਉਹਨੇ ਡਰਾਈਵਰਾਂ ਨੂੰ ਮਨ੍ਹਾ ਕਰ ਦਿੱਤਾ ਕਿ ਅਸ਼ਰਫ਼ ਨੂੰ ਮੋਟਰਾਂ ਦੇ ਲਾਗੇ ਨਾ ਆਉਣ ਦਿਆ ਕਰਨ ਤੇ ਏਸ ਵੇਲੇ ਉਹਨੂੰ ਡਰਾਈਵਰੀ ਸਿੱਖਣ ਤੋਂ ਦੂਰ ਰੱਖਣ। ਉਨ੍ਹਾਂ ਨੇ ਕਿਹਾ ਕਿ ਜਦੋਂ ਸਹੀ ਸਮਾਂ ਆਵੇਗਾ ਤਾਂ ਉਹ ਆਪ ਅਸ਼ਰਫ਼ ਨੂੰ ਡਰਾਈਵਰੀ ਸਿਖਾ ਦੇਣਗੇ ਤੇ ਉਸ ਨੂੰ ਗੁਲਬਰਗ ਯੋਜਨਾ ਵਿਚ ਸਰਕਾਰੀ ਨੌਕਰੀ ਦੁਆ ਦੇਣਗੇ।

ਓਸ ਅਫਸਰ ਦਾ ਨਾਂ ਸਲਾਹੁੱਦੀਨ ਸੀ। ਉਹ ਰਿਸ਼ਵਤ ਲੈਣ ਵਾਲੀ ਸੀਟ 'ਤੇ ਹੁੰਦਾ ਹੋਇਆ ਵੀ ਓਨੀ ਰਿਸ਼ਵਤ ਨਹੀਂ ਸੀ ਲੈਂਦਾ, ਜਿਹੜੀ ਉਸ ਦੇ ਹੱਕ ਤੋਂ ਬਹੁਤੀ ਹੋਵੇ।

ਸਲਾਹੁੱਦੀਨ ਦਾ ਪੁੱਤ ਸੁਹੇਲ ਇਕ ਮੋਟੇ ਦਿਮਾਗ਼ ਦਾ ਲਾਪਰਵਾਹ ਤੇ ਮੋਟਾ ਬੱਚਾ ਸੀ, ਜੀਹਨੂੰ ਭਵਿੱਖ ਵਿਚ ਸੌਖ ਦੇਣ ਲਈ ਚੰਗੇ ਜਿਹੇ ਕਾਲਜ ਵਿਚ ਦਾਖ਼ਲ ਕਰਵਾ ਦਿੱਤਾ ਗਿਆ ਸੀ। ਏਸ ਬੱਚੇ ਨੂੰ ਬਾਕਾਇਦਗੀ ਨਾਲ ਕਾਲਜ ਲੈ ਜਾਣ ਲਈ ਛੁੱਟੀ ਹੋਣ ਤਕ ਉਹਦੀਆਂ ਲੋੜਾਂ ਦਾ ਧਿਆਨ ਰੱਖਣ ਵਾਸਤੇ ਅਸ਼ਰਫ਼ ਦੀ ਹਰ ਵੇਲੇ ਡਿਊਟੀ ਲਗਾ ਦਿੱਤੀ ਗਈ ਸੀ। ਅਸ਼ਰਫ਼ ਕਾਲਜ ਦੇ ਲਾਨ ਵਿਚ ਬੈਠਾ ਤੋਤੇ, ਚਿੜੀਆਂ, ਕਾਟੋਆਂ ਤੇ ਜੰਗਲੀ ਨਿਓਲੇ ਵੇਖ-ਵੇਖ ਕੇ ਜਦੋਂ ਬਿਲਕੁਲ ਹੀ ਬੋਰ ਹੋ ਗਿਆ ਤਾਂ ਉਹਨੇ ਵੀ ਨਿੱਕੇ ਸਾਹਬ ਵਾਂਗ ਵਿੱਦਿਆ ਪ੍ਰਾਪਤ ਕਰਨ ਦਾ ਮਨ ਬਣ ਲਿਆ ਤੇ ਉਹ ਬਾਜ਼ਾਰੋਂ ਅੰਗਰੇਜ਼ੀ ਦੀ ਇਕ ਪੁਸਤਕ ਲੈ ਆਇਆ।

ਚਿੰਗਮ ਚਬਾਉਣ ਵਾਲੇ ਮੋਟੇ-ਮੋਟੇ ਮੁੰਡੇ ਜਦੋਂ ਡਰਿਲ ਕਰਨ ਤੇ ਆਪਣਾ ਵਿਹਲਾ ਸਮਾਂ ਗੁਜ਼ਾਰਨ ਲਈ ਗਰਾਊਂਡ ਵਿਚ ਆਉਂਦੇ ਤਾਂ ਅਸ਼ਰਫ਼ ਉਨ੍ਹਾਂ ਕੋਲੋਂ ਸਬਕ ਲੈ ਕੇ ਅੱਖਰਾਂ ਦੀਆਂ ਸ਼ਕਲਾਂ ਬਣਾਉਣ ਲੱਗਾ। ਅੱਖਰਾਂ ਦੀਆਂ ਸ਼ਕਲਾਂ ਚੇਤੇ ਕਰਦਾ ਤੇ ਉੱਥੋਂ ਦੇ ਤਿੰਨ ਦਿਆਲੂ ਅਧਿਆਪਕਾਂ ਤੋਂ ਹਰ ਰੋਜ਼ ਪਾਠ ਪੜ੍ਹਦਾ-ਪੜ੍ਹਦਾ ਸਿੰਧ ਘਾਟੀ ਦੇ ਇਕ ਪੁਰਾਣੇ ਘਰਾਣੇ ਦਾ ਪੁੱਤ ਚੋਰੀ-ਚੋਰੀ ਮੈਟ੍ਰਿਕ ਦੇ ਦਰਜੇ ਤਕ ਪਹੁੰਚ ਗਿਆ।

ਸਾਹਬ ਤੋਂ ਇਕ ਮਹੀਨੇ ਦੀ ਛੁੱਟੀ ਲੈ ਕੇ ਇਹ ਸਾਰਾ ਸਮਾਂ ਰਸੋਈਏ ਦੇ ਸਹੁਰੇ ਦੇ ਘਰ ਰਹਿ ਕੇ ਅਸ਼ਰਫ਼ ਨੇ ਪ੍ਰਾਈਵੇਟ ਤੌਰ 'ਤੇ ਦਸਵੀਂ ਦੀ ਪ੍ਰੀਖਿਆ ਦੇ ਦਿੱਤੀ। ਪਰ ਉਸ ਵਿਚਾਰੇ ਗਰੀਬ ਤੇ ਬੇਸਹਾਰਾ ਅਸ਼ਰਫ਼ ਦੀ ਬਦਕਿਸਮਤੀ ਵੇਖੋ ਕਿ ਉਹ ਹਿਸਾਬ ਵਿਚ ਹੁਸ਼ਿਆਰ ਹੋਣ ਕਰਕੇ ਪੰਜਾਬ ਵਿਚ ਤੀਜੇ ਨੰਬਰ 'ਤੇ ਆ ਕੇ ਆਪਣੀ ਨੌਕਰੀ ਗੁਆ ਬੈਠਾ।

ਉਹ ਟਿਕਟ ਜਿੰਨੀ ਨਿੱਕੀ ਜਿਹੀ ਤਸਵੀਰ ਜਿਹੜੀ ਅੰਗਰੇਜ਼ੀ ਦੀ ਅਖ਼ਬਾਰ 'ਚ ਛਪੀ ਸੀ, ਵੇਖ ਕੇ ਬੇਗਮ ਸਾਹਿਬਾਂ ਨੂੰ ਇੰਨਾ ਗੁੱਸਾ ਆਇਆ ਕਿ ਉਹਦੇ ਦੋਹੱਥੜ ਨਾਲ ਸਲਾਹੁੱਦੀਨ ਦੀ ਸੇਫਟੀ ਪਟੱਕ ਕਰਕੇ ਸਾਹਮਣੇ ਸਿੰਕ ਵਿਚ ਡਿੱਗ ਪਈ ਤੇ ਉਹਦੇ ਚਿਹਰੇ 'ਤੇ ਦੋ ਟੱਕ ਲੱਗ ਗਏ।

ਬੇਗਮ ਸਾਹਿਬਾਂ ਉੱਚੀ-ਉੱਚੀ ਚੀਕ ਕੇ ਇਕੋ ਈ ਗੱਲ ਕਹਿ ਰਹੀ ਸੀ, "ਇਸ ਹਰਾਮਜ਼ਾਦੇ ਨੂੰ ਬੇਬੀ ਲੁਕ-ਆ-ਟਰ ਕਰਨ ਲਈ ਭੇਜਿਆ ਸੀ ਕਿ ਨਵਾਬਜ਼ਾਦੇ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਕਾਲਜ ਵਿਚ ਦਾਖ਼ਲ ਕਰਵਾਇਆ ਸੀ?" ਬੇਗਮ ਸਾਹਿਬਾਂ ਇੰਨੀ ਗੁੱਸੇ ਵਿਚ ਸੀ ਕਿ ਉਹ 'ਹਰਾਮਜ਼ਾਦੇ' ਤੇ 'ਨਵਾਬਜ਼ਾਦੇ' ਨੂੰ ਇਕੋ ਜਿਹਾ ਸਮਝ ਕੇ ਵਾਰ-ਵਾਰ ਇਸਤੇਮਾਲ ਕਰ ਰਹੀ ਸੀ। ਸਮਾਂ ਗੁਜ਼ਰਨ ਦੇ ਨਾਲ-ਨਾਲ ਉਹਦੇ 'ਚ ਗੁੱਸਾ ਘਟਣ



ਦੀ ਬਜਾਏ ਹੋਰ ਵਧਦਾ ਜਾ ਰਿਹਾ ਸੀ। ਸਾਹਬ ਨੇ ਆਪਣੀ ਪਤਨੀ ਨੂੰ ਏਸ ਤਰ੍ਹਾਂ ਦੁੱਖ ਨਾਲ ਰੋਂਦਿਆਂ ਕਦੀ ਨਹੀਂ ਸੀ ਵੇਖਿਆ।

ਇਸ ਦੇ ਬਾਵਜੂਦ ਉਸ ਵੇਲੇ ਸਾਰੇ ਪੜ੍ਹੇ-ਲਿਖੇ ਤੇ ਹਾਰੇ ਹੋਏ ਲੋਕ ਵਿਦਿਅਕ-ਧਨ ਨੂੰ ਜਨ-ਸਾਧਾਰਨ ਤਕ ਪਹੁੰਚਾਣ ਤੇ ਰੱਬ ਵੱਲੋਂ ਦਿੱਤੇ ਗਏ ਦੇਸ਼ (ਪਾਕਿਸਤਾਨੀ) ਦੇ ਹਰ ਵਿਅਕਤੀ ਨੂੰ ਸਿੱਖਿਆ ਦੇ ਗਹਿਣੇ ਨਾਲ ਸਜਾਉਣ ਦੇ ਇੱਛੁਕ ਸਨ ਪਰ ਏਸ ਸਿੱਖਿਆ ਦੇ ਗੁਰ ਸਿਖਾਉਣਾ ਨਹੀਂ ਸੀ। ਬੜੇ-ਬੜੇ ਵਿਦਵਾਨ, ਮੌਲਵੀ-ਮੁੱਲਾ, ਗਿਆਨਵਾਨ ਲੋਕ ਦੇਸ਼ ਵਿਚ ਸਿੱਖਿਆ ਨੂੰ ਫੈਲਾਉਣ ਲਈ ਪਾਣੀ ਬਿਨਾਂ ਮੱਛੀ ਵਾਂਗ ਤੜਫ ਰਹੇ ਸਨ, ਪਰ ਉਹ ਸਿੱਖਿਆ ਦੀਆਂ ਦੋ ਧਾਰਾਵਾਂ ਨੂੰ ਵੱਖ-ਵੱਖ ਲੈ ਕੇ ਚੱਲਣ ਦੇ ਇੱਛੁਕ ਸਨ। ਬ੍ਰਾਹਮਣਜ਼ਾਦਿਆਂ (ਉੱਚੇ ਲੋਕਾਂ) ਵਾਸਤੇ ਸਿੱਖਿਆ ਦਾ ਪ੍ਰਬੰਧ ਵੱਖਰਾ ਹੋਵੇ ਤੇ ਗਰੀਬ ਲੋਕਾਂ ਲਈ ਆਮ ਸਿੱਖਿਆ ਦਾ ਬੰਦੋਬਸਤ ਹੋਵੇ ਤਾਂ ਜੋ ਇਕ ਦੂਜੇ ਨਾਲ ਰਲ-ਮਿਲ ਨਾ ਸਕਣ ਤੇ ਉਨ੍ਹਾਂ ਦੇ ਵਿਚਕਾਰ ਪੁਰਾਣੇ ਜ਼ਮਾਨੇ ਦਾ ਮੇਲ-ਮਿਲਾਪ ਤੇ ਪ੍ਰੇਮ ਕਾਇਮ ਰਹੇ।

ਸਿੰਧ ਘਾਟੀ ਦੀ ਕੋਲ ਡਾਈਨੇਸਿਟੀ ਦੇ ਇਕ ਵਿਅਕਤੀ ਮੁਹੰਮਦ ਅਸ਼ਰਫ਼ ਦੇ ਕੰਨਾਂ ਵਿਚ ਜਦੋਂ ਗਣਿਤ ਦੇ ਫਾਰਮੂਲੇ, ਜੁਮੈਟਰੀ ਤੇ ਬੀਜ ਗਣਿਤ (ਅਲਜਬਰੇ) ਦੇ ਫਾਰਮੂਲੇ ਬਹੁਤੇ ਡੂੰਘੇ ਉਤਰ ਗਏ ਤਾਂ ਆਪਣੇ ਖਾਨਦਾਨ ਨੂੰ ਹਮੇਸ਼ਾ ਲਈ ਸ਼ਾਂਤੀ ਪ੍ਰਦਾਨ ਕਰਨ ਵਾਸਤੇ ਸਲਾਹੁੱਦੀਨ ਸਾਹਬ ਨੇ ਅਸ਼ਰਫ਼ 'ਤੇ ਚੋਰੀ ਦਾ ਮੁਕੱਦਮਾ ਬਣਵਾ ਕੇ ਉਹਨੂੰ ਕੈਦ ਕਰਵਾ ਦਿੱਤਾ।

ਲਿਖਾਈ ਚੰਗੀ ਹੋਣ ਕਰਕੇ ਅਸ਼ਰਫ਼ ਨੂੰ ਜੇਲ੍ਹ ਦੇ ਦਫਤਰ ਵਿਚ ਮੁਲਾਕਾਤੀਆਂ ਦੇ ਰਜਿਸਟਰ ਦੀ ਦੇਖ ਭਾਲ ਦੇ ਕੰਮ ਲੱਗਾ ਦਿੱਤਾ ਗਿਆ। ਉਹਨੂੰ ਪੜ੍ਹਨ-ਲਿਖਣ ਲਈ ਕਾਫੀ ਵਕਤ, ਬਹੁਤ ਸਾਰੀ ਸਟੇਸ਼ਨਰੀ ਤੇ 24 ਘੰਟੇ ਚੱਲਣ ਵਾਲਾ ਛੱਤ ਦਾ ਪੱਖਾ ਵੀ ਮੁਫਤ ਮਿਲ ਗਿਆ।

ਦੋ ਸਾਲ ਦੀ ਬਾਮੁਸ਼ੱਕਤ ਕੈਦ ਸੀ ਤੇ ਦੋ ਸਾਲਾਂ ਵਿਚ ਅਸ਼ਰਫ਼ ਫਰਸਟ ਕਲਾਸ ਐੱਫ.ਏ. (+2) ਤਾਂ ਕਰ ਗਿਆ ਪਰ ਏਸ ਵਾਰ ਉਹਦੀ ਪੋਜ਼ੀਸ਼ਨ ਨੂੰ ਬੜਾ ਧੱਕਾ ਲੱਗਾ ਤੇ ਯੂਨੀਵਰਸਿਟੀ ਵਿਚ ਉਹਦਾ ਪੰਜਵਾਂ ਨੰਬਰ ਆਇਆ।

ਇਲਮ ਦੀ ਆਕੜ ਬੜੀ ਜ਼ਾਲਮ ਆਕੜ ਹੁੰਦੀ ਏ। ਇਹ ਇਲਮ ਦੇ ਪਰਦੇ 'ਚ ਬੇਇਲਮ ਤੇ ਮਾਸੂਮ ਰੂਹਾਂ 'ਤੇ ਬੜੇ ਭਿਆਨਕ ਹਮਲੇ ਕਰਦੀ ਏ। ਗਿਆਨ ਤੇ ਜਾਣਕਾਰੀ ਦੀ ਪ੍ਰਾਪਤੀ ਆਪਣੇ ਨਜ਼ਦੀਕੀ ਲੋਕਾਂ ਨੂੰ ਭੈ-ਭੀਤ ਕਰਨ ਤੇ ਉਨ੍ਹਾਂ ਦੇ ਵਹਿਮਾਂ ਵਿਚ ਵਾਧਾ ਕਰਨ ਲਈ ਕੀਤੀ ਜਾਂਦੀ ਏ। ਇਕ ਜਾਣਕਾਰ ਇਕ ਅਣਜਾਣ ਤੋਂ ਸਿਰਫ ਏਸ ਲਈ ਉੱਚਾ, ਵਧੀਆ ਤੇ ਸੁਪੀਰੀਅਰ ਹੁੰਦਾ ਏ ਕਿ ਉਸ ਨੇ ਵਾਕਫੀਅਤਾਂ, ਜਾਣਕਾਰੀਆਂ, ਖ਼ਬਰਾਂ, ਗੁਣਾਂ ਦੇ ਬਹੁਤ ਸਾਰੇ ਖ਼ਜ਼ਾਨੇ ਆਪਣੇ ਅਕਲ ਦੀ ਪਟਾਰੀ ਵਿਚ ਇਕੱਠੇ ਕੀਤੇ ਹੋਏ ਹਨ। ਉਹ ਜਿਸ ਬਸਤੀ, ਆਬਾਦੀ ਤੇ ਨਗਰੀ ਵਿਚ ਵੀ ਜਾਂਦਾ ਏ, ਆਪਣੀ ਪਿਟਾਰੀ ਖੋਲ੍ਹੇ ਬਿਨਾਂ ਉੱਥੋਂ ਦੇ ਲੋਕਾਂ ਨੂੰ ਸੀਸ ਨਿਵਾਉਣ ਤੇ ਆਪਣੇ ਅੱਗੇ ਝੁਕਣ ਲਈ ਮਜਬੂਰ ਕਰ ਦੇਂਦਾ ਏ। ਡਾਕਟਰ, ਵਕੀਲ, ਮੁੱਲਾ, ਉਪਦੇਸ਼ਕ, ਸਿਆਸਤਦਾਨ, ਗਿਆਨਵਾਨ, ਵਕਤਾ, ਪੱਤਰਕਾਰ, ਪ੍ਰਤੀਨਿਧ ਆਪਣੇ ਗਿਆਨ ਤੇ ਆਪਣੀ ਜਾਣਕਾਰੀ ਦੇ ਪੰਘਰੇ ਹੋਏ

ਸੀਸੇ ਨੂੰ ਨਾ ਜਾਣਨ ਵਾਲੇ (ਅਗਿਆਨੀ) ਲੋਕਾਂ ਦੇ ਕੰਨਾਂ ਵਿਚ ਪਾ ਕੇ ਉਨ੍ਹਾਂ ਨੂੰ ਸਦਾ ਵਾਸਤੇ ਗੂੰਗੇ ਤੇ ਹਮੇਸ਼ਾ ਲਈ ਦੁੱਖੀ ਕਰ ਦੇਂਦੇ ਹਨ। ਗਿਆਨਵਾਨ ਇਹ ਨਹੀਂ ਚਾਹੁੰਦਾ ਕਿ ਉਸ ਦੇ ਗਿਆਨ ਦਾ ਕੌੜ ਕਿਸੇ ਹੋਰ ਕੋਲ ਜਾਏ ਤੇ ਉਸ ਦੀ ਪਟਾਰੀ ਖ਼ਾਲੀ ਕਰ ਜਾਵੇ। ਉਹ ਇਹ ਜ਼ਰੂਰ ਚਾਹੁੰਦਾ ਏ ਕਿ ਉਸ ਦੇ ਗਿਆਨ ਦਾ ਕਾਲਾ ਨਾਗ ਹਰ ਬੇਇਲਮ ਨੂੰ ਡੰਗ ਮਾਰ ਕੇ ਵਾਪਸ ਉਹਦੇ ਕੋਲ ਆ ਜਾਏ ਤਾਂ ਜੋ ਉਹ ਅਗਲੇ ਅਪਰੇਸ਼ਨ ਦੀ ਤਿਆਰੀ ਕਰ ਸਕੇ। ਸੱਚ ਤਾਂ ਇਹ ਏ ਕਿ ਗਿਆਨਵਾਨ ਅਗਿਆਨੀ ਨੂੰ ਸ਼ਰਮਿੰਦਗੀ, ਬੇਚਾਰਗੀ, ਨੀਵੇਂਪਣ ਤੋਂ ਸਿਵਾ ਹੋਰ ਕੁਝ ਨਹੀਂ ਦੇ ਸਕਦਾ।

ਅਸ਼ਰਫ਼ ਨੇ ਮਿਹਨਤ ਕਰਕੇ ਏ.ਬੀ. ਕੋਰਸ ਮੈਥੇਮੈਟ੍ਰਿਕ ਵਾਲਾ ਬੀ.ਏ. ਤਾਂ ਕਰ ਲਿਆ ਪਰ ਇਨ੍ਹਾਂ ਦੋ ਸਾਲਾਂ 'ਚ ਉਹਨੇ ਧੱਕੇ ਬਹੁਤ ਖਾਧੇ। ਨੌਕਰੀਆਂ ਬਹੁਤ ਬਦਲੀਆਂ, ਮਾਰਾਂ ਵੀ ਖਾਧੀਆਂ ਤੇ ਜਲੀਲ ਵੀ ਕਾਫੀ ਹੋਇਆ। ਪਰ ਇੰਨਾ ਕੁਝ ਕਰ ਚੁੱਕਣ ਦੇ ਬਾਅਦ ਉਹਨੂੰ ਸ਼ਾਂਤੀ ਤੇ ਆਰਾਮ ਦੀਆਂ ਘੜੀਆਂ ਫੇਰ ਵੀ ਨਸੀਬ ਨਾ ਹੋ ਸਕੀਆਂ। ਬੜੀ ਕਠਿਨਾਈ ਤੋਂ ਮਗਰੋਂ ਇਕ ਨੌਕਰੀ ਮਿਲੀ, ਉਹ ਵੀ ਡਰਾਈਵਰੀ ਦੀ। ਡਰਾਈਵਰੀ ਵੀ ਲੈਂਡ ਕਰੋਜ਼ਰ ਦੀ ਤੇ ਲੈਂਡ ਕਰੋਜ਼ਰ ਵੀ ਲਾਹੌਰ ਦੀ ਨਹੀਂ, ਥਲ ਡਿਵੈਲਪਮੈਂਟ ਅਥਾਰਟੀ ਦੀ ਜਿੱਥੇ ਰੇਤ ਹੀ ਰੇਤ ਸੀ, ਜਿੱਥੇ ਇਕ ਨਵੀਂ ਦੁਨੀਆ ਆਬਾਦ ਹੋਣ ਦਾ ਵੱਡਾ ਸਾਰਾ ਵਾਅਦਾ ਪਲ ਕੇ ਜੁਆਨ ਹੋ ਰਿਹਾ ਸੀ।

ਅਸ਼ਰਫ਼ ਦਾ ਸਾਹਬ ਬਿੱਲ ਡਾਲਟਨ, ਇਕ ਅਮਰੀਕੀ ਗੋਰਾ ਸੀ। ਬਿਲ ਨੇ ਹੁਣੇ ਜਿਹੇ ਈ ਆਪਣੀ ਪਤਨੀ ਨੂੰ ਤਲਾਕ ਦਿੱਤਾ ਸੀ ਤੇ ਉਸ ਦੀ ਜੁਦਾਈ ਦੇ ਭਾਰ ਨੂੰ ਲਾਹੁਣ ਲਈ ਪਾਕਿਸਤਾਨ ਆ ਗਿਆ ਸੀ, ਕਿਉਂਕਿ ਇੱਥੇ ਅਮਰੀਕੀ ਮਾਹਰਾਂ ਨੂੰ ਬਹੁਤ ਹੀ ਜ਼ਿਆਦਾ ਤਨਖ਼ਾਹ ਮਿਲਦੀ ਸੀ। ਡਾਲਟਨ ਵੀ ਆਪਣੇ ਸਾਥੀ ਅਮਰੀਕੀ ਮਾਹਰਾਂ ਵਾਂਗ ਆਲਸੀ-ਮੂਰਖ ਸੀ ਤੇ ਏਸੇ ਲਈ ਉਹਨੂੰ ਕਿਸਮਤ 'ਚ ਬਹੁਤਾ ਵਿਸ਼ਵਾਸ ਸੀ। ਉਸ ਦਾ ਵਿਚਾਰ ਸੀ ਕਿ ਜੇਕਰ ਕਿਸਮਤ ਦਾ ਸਾਥ ਏ ਤਾਂ ਰਾਹ ਭੁੱਲਿਆ ਹੋਇਆ ਇਨਸਾਨ ਅਮਰੀਕਾ ਵਰਗਾ ਵੱਡਾ ਦੇਸ਼ ਖੋਜ ਸਕਦਾ ਏ।

ਬਿਲ ਡਾਲਟਨ ਖੇਤੀਬਾੜੀ ਵਿਭਾਗ, ਖੇਤੀਬਾੜੀ ਯੂਨੀਵਰਸਿਟੀ ਤੇ ਲਾਹੌਰ ਮੈਕਰੀਫ੍ਰੀਏਟ ਵਿਚ ਘੁੰਮ ਫਿਰ ਕੇ 'ਕੁਝ' ਕਰਦਾ ਸੀ ਤੇ ਮੀਟਿੰਗਾਂ ਈ ਮੀਟਿੰਗਾਂ ਅਟੈਂਡ ਕਰਦਾ ਸੀ। ਅਸ਼ਰਫ਼ ਜਿਹੜਾ ਬਾਹਰ ਮੋਟਰ 'ਚ ਬਹਿ ਕੇ ਆਪਣੇ ਸਾਹਿਬ ਦੀ ਵੀ ਉਡੀਕ ਕਰਦਾ ਸੀ, ਇਹ ਬਿਲਕੁਲ ਨਹੀਂ ਸੀ ਜਾਣਦਾ ਕਿ ਡਾਲਟਨ ਕੀ ਕਰਦਾ ਏ ? ਖ਼ੁਦ ਡਾਲਟਨ ਨੂੰ ਵੀ ਆਪ ਚੰਗੀ ਤਰ੍ਹਾਂ ਪਤਾ ਨਹੀਂ ਸੀ ਕਿ ਉਹ ਕੀ ਕਰਦਾ ਏ ਤੇ ਉਹਦੇ ਜ਼ੁੰਮੇ ਕੀ ਕੰਮ ਏ ? ਬਸ ਕੁਝ ਹੋ ਰਿਹਾ ਸੀ ਤੇ ਇਹ ਹੋਣਾ 'ਥਲ ਡਿਵੈਲਪਮੈਂਟ ਅਥਾਰਟੀ' ਨਾਲ ਸੰਬੰਧਤ ਸੀ, ਜੀਹਦੇ ਬਾਰੇ 'ਚ ਉਹ ਵੀ ਕੁਝ ਜਾਣਦੇ ਸਨ, ਜਿਨ੍ਹਾਂ ਦੇ ਉੱਥੇ ਜ਼ਮੀਨਾਂ ਦੇ ਢੇਰ ਲਗਾਉਣੇ ਸ਼ੁਰੂ ਕਰ ਦਿੱਤੇ ਸਨ।

ਇਕ ਦਿਨ ਜਦੋਂ ਡਾਲਟਨ ਆਪਣੀ ਕਿਸੇ ਮੀਟਿੰਗ ਤੋਂ ਉਮੀਦ ਦੇ ਉਲਟ ਛੇਤੀ ਪਰਤ ਆਇਆ ਤਾਂ ਉਸ ਨੇ ਅਸ਼ਰਫ਼ ਨੂੰ ਆਪਣੀ ਸੀਟ ਦੇ ਨਾਲ ਵਾਲੀ ਸੀਟ 'ਤੇ ਸਾਹਮਣੇ ਦੇ ਡੇਸ ਬੋਰਡ 'ਤੇ ਬਹੁਤ ਸਾਰੇ ਕਾਗ਼ਜ਼ ਤੇ ਨਕਸ਼ੇ ਖੋਲ੍ਹ ਦੇ ਵੇਖਦਿਆਂ ਵੇਖਿਆ। ਅਸ਼ਰਫ਼ ਛੇਤੀ-ਛੇਤੀ ਉਨ੍ਹਾਂ ਨੂੰ ਸਮੇਟਨ ਦੀ ਕੋਸ਼ਿਸ਼ ਕੀਤੀ ਤਾਂ ਡਾਲਟਨ ਨੇ ਮੁਸਕਰਾ ਕੇ ਕਿਹਾ, "ਇਹ ਸਭ ਕੀ ਏ ਅਸ਼ਰਫ਼ ?"



ਤਾਂ ਅਸ਼ਰਫ਼ ਨੇ ਕਾਗ਼ਜ਼ 'ਕੱਠੇ ਕਰਦਿਆਂ ਕਿਹਾ, "ਇਹ ਨਿਊਕਲੀਅਰ ਫਿਜ਼ਕਸ ਦਾ ਰੀਡਿੰਗ ਮੈਟਰੀਅਲ ਏ ਸਰ।"

"ਪਰ ਤੇਰਾ ਏਸ ਨਾਲ ਕੀ ਵਾਸਤਾ ?" ਡਾਲਟਨ ਨੇ ਹੈਰਾਨ ਹੋ ਕੇ ਪੁੱਛਿਆ।

ਅਸ਼ਰਫ਼ ਨੇ ਸਾਹਿਬ ਦੀ ਸੀਟ 'ਤੇ ਕੱਪੜਾ ਫੇਰਦਿਆਂ ਕਿਹਾ, "ਇਹ ਗਣਿਤ ਏ ਸਰ ਤੇ ਜਿਸ ਤਰ੍ਹਾਂ ਫਿਜ਼ਿਕਸ ਦੀ ਜਾਨ ਗਣਿਤ ਏਂ, ਉਸੇ ਤਰ੍ਹਾਂ ਮੇਰੀ ਜਾਨ ਵੀ ਗਣਿਤ ਦੇ ਹੀਰਾਮਨ ਤੋਤੇ ਵਿਚ ਏ। ਮੈਂ ਏਸ ਦਾ ਆਸ਼ਿਕ ਹਾਂ।"

"ਤੂੰ ਕਿਸੇ ਬੁੜੀ ਨਾਲ ਪ੍ਰੇਮ ਕੀਤਾ ?" ਡਾਲਟਨ ਨੇ ਬੈਠਦਿਆਂ ਹੋਇਆਂ ਪੁੱਛਿਆ, "ਸਿਰਫ਼ ਗਣਿਤ ਨਾਲ ਈ ਕੋਰਟਸ਼ਿਪ ਕਰਦਾ ਰਿਹਾ ਏਂ ?"

ਅਸ਼ਰਫ ਨੇ ਸਿਰ ਝੁਕਾ ਕੇ ਚਾਬੀ ਘੁਮਾਈ ਅਤੇ ਲੈਂਡ ਕਰੇਜ਼ਰ ਸਟਾਰਟ ਕਰ ਦਿੱਤੀ।

ਏਨੇ ਚੰਗੇ ਡਰਾਈਵਰ, ਅਜਿਹੇ ਚੰਗੇ ਸਾਥੀ ਤੇ ਅਜਿਹੇ ਸੂਝਵਾਨ ਵਰਕਰ ਨੂੰ ਇੰਨੇ ਸਸਤੇ ਭਾਅ ਛੱਡਣਾ ਡਾਲਟਨ ਲਈ ਬਹੁਤ ਮੁਸ਼ਕਿਲ ਸੀ ਪਰ ਹਿੰਮਤ ਕਰਕੇ ਉਹਨੇ ਇਹ ਫੈਸਲਾ ਕਰ ਈ ਲਿਆ। ਅਮਰੀਕਨ ਲੋਕ ਏਸ ਪ੍ਰਕਾਰ ਦੇ ਫੈਸਲੇ ਆਸਾਨੀ ਨਾਲ ਕਰ ਲਿਆ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਸੁਭਾਅ ਦੇ ਤਾਣੇ-ਪੇਟੇ ਵਿਚ ਆਜ਼ਾਦੀ, ਲੋਕਰਾਜ, ਮਨੁੱਖੀ ਹੱਕਾਂ ਤੇ ਵਿਅਕਤੀਗਤ ਵਿਚਾਰਾਂ ਦੇ ਪ੍ਰਗਟਾ ਦੇ ਬੁਨਿਆਦੀ ਤਕਾਜ਼ੇ ਤੇ ਉਨ੍ਹਾਂ ਦੀਆਂ ਤੰਦਾਂ ਜ਼ਰੂਰ ਸ਼ਾਮਲ ਹੁੰਦੇ ਹਨ। ਉਸ ਨੇ ਅਸ਼ਰਫ਼ ਨੂੰ ਆਪਣੇ ਖਰਚ 'ਤੇ ਆਪਣੀ ਸਾਬਕਾ ਪਤਨੀ ਕੋਲ ਇਕ ਸਿਫਾਰਸ਼ੀ ਪੱਤਰ ਦੇ ਕੇ ਭੇਜ ਦਿੱਤਾ ਕਿ ਉਹ ਇਹਨੂੰ ਕਿਸੇ ਚੰਗੀ ਯੂਨੀਵਰਸਿਟੀ ਵਿਚ ਦਾਖਲਾ ਲੈ ਦੇਵੇ ਤੇ ਏਸ ਦੇ ਖਰਚ-ਪੱਠੇ ਵਾਸਤੇ ਕੋਈ ਅਜਿਹੀ ਨੌਕਰੀ ਲੱਭ ਦੇਵੇ, ਜੀਹਦੇ ਨਾਲ ਏਸ ਦੇ ਸਮੇਂ ਦੀ ਹਾਨੀ ਨਾ ਹੋਵੇ।

ਡੋਰੋਥੀ ਰਹਿੰਦੀ ਤਾਂ ਰੋਜਸਟਰ ਵਿਚ ਸੀ ਪਰ ਉਸ ਨੇ ਆਪਣੇ ਸੋਲਿਸਟਰ ਦੇ ਰਾਹੀਂ ਅਸ਼ਰਫ਼ ਦੇ ਦਾਖ਼ਲੇ ਦਾ ਇੰਤਜ਼ਾਮ ਨਿਊਯਾਰਕ ਯੂਨੀਵਰਸਿਟੀ ਵਿਚ ਕਰਵਾ ਦਿੱਤਾ। ਇੰਟਰਵਿਊ ਦੇ ਦੌਰਾਨ ਨਿਊਯਾਰਕ ਯੂਨੀਵਰਸਿਟੀ ਦੇ ਬੋਰਡ ਨੇ ਮਹਿਸੂਸ ਕੀਤਾ ਕਿ ਅਸ਼ਰਫ਼ ਉਨ੍ਹਾਂ ਕੋਲ ਠੀਕ ਨਹੀਂ ਰਹੇਗਾ, ਏਸ ਨੂੰ ਐੱਮ.ਆਈ.ਟੀ. ਵਿਚ ਦਾਖਲਾ ਮਿਲਣਾ ਚਾਹੀਦਾ ਏ। ਏਸ ਲਈ ਇਕ ਹਫਤੇ ਦੇ ਵਿਚ-ਵਿਚ ਉਹਦਾ ਬੋਰੀਆ-ਬਿਸਤਰਾ ਬੋਸਟਨ ਵਿਚ ਗੋਲ ਕਰ ਦਿੱਤਾ ਗਿਆ ਤੇ ਪੰਜ ਘੰਟੇ ਦੀ ਲਿਖਤੀ ਤੇ ਜ਼ੁਬਾਨੀ ਇੰਟਰਵਿਊ ਤੋਂ ਮਗਰੋਂ ਉਹਨੂੰ ਉਸੇ ਐੱਮ.ਆਈ.ਟੀ. ਵਿਚ ਦਾਖਲਾ ਮਿਲ ਗਿਆ।

ਪ੍ਰੋਫੈਸਰ ਮੇਨਗਨ ਬੇਨੇ ਡਿਕਟ ਦੇ ਕੋਲ ਇਕ ਮਿਲੀਅਨ ਡਾਲਰ ਨਿਊਕਲੀਅਰ ਪ੍ਰਾਜੈਕਟ ਸੀ, ਜੀਹਦੇ 'ਤੇ ਤਿੰਨ ਸਿਆਣੇ ਨੌਜੁਆਨ ਬੜੇ ਚਿਰ ਤੋਂ ਕੰਮ ਕਰ ਰਹੇ ਸਨ। ਪ੍ਰੋਫੈਸਰ ਬੇਨੇ ਡਿਕਟ ਨੇ ਅਸ਼ਰਫ਼ ਨੂੰ ਵੀ ਉਨ੍ਹਾਂ ਦੇ ਨਾਲ ਸ਼ਾਮਲ ਕਰ ਦਿੱਤਾ ਤਾਂ ਕਿ ਖੋਜ ਦੇ ਮੁੱਢਲੇ ਅਸੂਲਾਂ ਤੋਂ ਜਾਣੂ ਹੋ ਕੇ ਅਗਲੇ ਸਾਲ ਉਹ ਵੀ ਇਕ ਆਰ.ਏ. ਦੀ ਹੈਸੀਅਤ ਨਾਲ ਏਸ ਪ੍ਰੋਜੈਕਟ ਦੇ ਨਾਲ ਜੁੜ ਗਏ ।

ਉਸ ਜ਼ਮਾਨੇ 'ਚ ਵੱਡੇ ਆਕਾਰ ਅਤੇ ਭੱਦੇ ਜਿਹੇ ਕੰਪਿਊਟਰ ਬੜੀ ਦੇਰ ਬਾਅਦ ਇਕਵੇਸ਼ਨਜ਼ ਹੱਲ ਕਰਿਆ ਕਰਦੇ ਸਨ ਤੇ ਫਿਰ ਉਨ੍ਹਾਂ ਦੀ ਪੜਤਾਲ ਲਈ ਉਨ੍ਹਾਂ ਨੂੰ ਦੁਬਾਰਾ ਕੰਪਿਊਟਰ ਵਿਚ ਫੀਡ ਕਰਨਾ ਪੈਂਦਾ ਸੀ। ਕੁਝ ਦਿਨ ਤਕ ਤਾਂ ਅਸ਼ਰਫ਼ ਨੇ ਇਹ

ਤਮਾਸ਼ਾ ਵੇਖਿਆ, ਫੇਰ ਕੱਚੀ ਪੈਂਸਿਲ ਨਾਲ ਕੋਰੇ ਕਾਗ਼ਜ਼ 'ਤੇ ਇਕਵੀਸ਼ਨਜ਼ ਲਿਖ ਕੇ ਸਿੱਧੇ ਈ ਜਵਾਬ ਕੱਢਣੇ ਸ਼ੁਰੂ ਕਰ ਦਿੱਤੇ। ਉਸ ਜ਼ਮਾਨੇ ਵਿਚ ਪੰਜੀਆਂ ਤਕ ਦੇ ਪਹਾੜੇ ਤਾਂ ਬਹੁਤ ਸਾਰੇ ਲੋਕਾਂ ਨੂੰ ਚੇਤੇ ਸਨ ਪਰ ਉੱਚੇ, ਡੌਂਡੇ ਤੇ ਪੌਂਚੇ ਦਾ ਸੌ ਤਕ ਦਾ ਪਹਾੜਾ ਸਿਰ-ਅਸ਼ਰਫ਼ ਨੂੰ ਈ ਆਉਂਦਾ ਸੀ । ਏਸ ਤੋਂ ਇਲਾਵਾ ਜੋੜ, ਘਟਾਓ, ਪ੍ਰਤੀਸ਼ਤ ਦੀ ਗਣਨਾ ਉਹਦੀਆਂ ਨਜ਼ਰਾਂ 'ਚ ਜਗਦੇ-ਬੁਝਦੇ ਬਲਬਾਂ ਵਾਂਗ ਘੁੰਮ ਜਾਂਦੀ ਸੀ ਤੇ ਉਹਦੇ ਮੱਥੇ ਦੀ ਪੱਟੀ ਦੇ ਅੰਦਰ ਪ੍ਰਸ਼ਨ ਦਾ ਉੱਤਰ ਕੰਪਿਊਟਰ ਦੀ ਸਕਰੀਨ ਤੋਂ ਪਹਿਲਾਂ ਈ ਚਮਕ ਪੈਂਦਾ ਸੀ । ਉਹਦੇ ਸਾਥੀ ਹੈਰਾਨ ਸੀ। ਪ੍ਰੋਫੈਸਰ ਅਚੰਭਿਤ ਤੇ ਨਿਊਕਲੀਅਰ ਫਿਜ਼ਿਕਸ ਵਿਭਾਗ ਦੇ ਸਾਰੇ ਅਧਿਆਪਕ ਚਿੰਤਤ ਸੀ ਕਿ ਏਸ ਵਿਦੇਸ਼ੀ ਨੂੰ ਇੰਨਾ ਜ਼ਹੀਨ ਬੁੱਧੀਮਾਨ ਨਹੀਂ ਹੋਣਾ ਚਾਹੀਦਾ।

ਜਦੋਂ ਉਹ ਇਕ ਰਿਸਰਚ ਅਸਿਸਟੈਂਟ ਦੀ ਹੈਸੀਅਤ 'ਚ ਏਸ ਪ੍ਰੋਜੈਕਟ 'ਤੇ ਕੰਮ ਕਰ ਰਿਹਾ ਸੀ ਤਾਂ ਉਹਨੇ ਆਪਣੀ ਡਾਕਟਰੇਟ ਲਈ 'ਨਿਊਟ੍ਰੋਨ ਦੇ ਫੈਲਾਵ ਤੇ ਸੁਕੜਨ ਦੀ ਪੂਰਵ ਘੋਸ਼ਣਾ' ਦਾ ਵਿਸ਼ਾ ਚੁਣਿਆ। ਉਹਦਾ ਇਹ ਵਿਸ਼ਾ ਮੰਜ਼ੂਰ ਕਰਨ ਵਾਸਤੇ ਚਾਰ ਪ੍ਰੋਫੈਸਰਾਂ ਦਾ ਇਕ ਬੋਰਡ ਬੈਠਾ, ਜੀਹਦੇ ਵਿਚ ਬੇਨੇ ਡਿਕਟ ਵੀ ਸ਼ਾਮਲ ਸੀ। ਉਨ੍ਹਾਂ ਬੜੇ ਧਿਆਨ ਨਾਲ ਅਸ਼ਰਫ਼ ਦੀਆਂ ਦਲੀਲਾਂ ਸੁਣੀਆਂ। ਖ਼ਾਸ ਕਰਕੇ ਗਤੀਸ਼ੀਲਤਾ ਦੇ ਦੂਜੇ ਫਾਰਮੂਲੇ ਬਾਰੇ 'ਚ ਜੀਹਦੇ ਵਿਚ ਉਹਦੇ ਫਾਰਮੂਲੇ ਦੇ ਅੰਤ ਤੋਂ ਪਿਛਲੇ ਪੈਰੀਂ ਸ਼ੁਰੂਆਤ ਤਕ ਪਹੁੰਚਣ ਲਈ ਆਪਣੀ ਇਕ ਧਾਰਨਾ ਤੈਅ ਕੀਤੀ ਸੀ। ਬੋਰਡ ਦੇ ਚਾਰੇ ਪ੍ਰੋਫੈਸਰ ਕਦਮ-ਬ-ਕਦਮ ਅਸ਼ਰਫ਼ ਦੀਆਂ ਦਲੀਲਾਂ ਦੇ ਨਾਲ ਚੱਲਦੇ ਗਏ ਪਰ ਐਨ ਵਿਚਕਾਰ ਪਹੁੰਚ ਕੇ ਉਹ ਆਪ ਹੀ ਕਨਫਿਊਜ਼ ਹੋ ਗਿਆ ਤੇ ਆਪਣੀਆਂ ਦਲੀਲਾਂ ਤੋਂ ਉੱਖੜ ਗਿਆ। ਪ੍ਰੋਫੈਸਰਾਂ ਦਾ ਬੋਰਡ ਉਹਨੂੰ ਹੱਲਾਸ਼ੇਰੀ ਦੇਂਦਾ ਹੋਇਆ ਟੁਰ ਗਿਆ।

ਫੇਰ ਉਹਨੇ ਇਕ ਹੋਰ ਪ੍ਰੀਲ ਨੂੰ ਪਾਸ ਕਰਨ ਦਾ ਜਤਨ ਕੀਤਾ ਜਿਹੜਾ ਮਾਡਰਨ ਫਿਜ਼ਿਕਸ ਨਾਲ ਸੰਬੰਧਤ ਸੀ ਪਰ ਉਹਦੇ ਵਿਚ ਵੀ ਉਹ ਇਕ ਗਰੀਬ ਦੇਸ਼ ਦਾ ਕਾਲਾ ਵਿਦਿਆਰਥੀ ਹੋਣ ਕਰਕੇ ਮਰ ਖਪ ਗਿਆ ਤੇ ਹੀਣ-ਭਾਵਨਾ ਕਰਕੇ ਉਹ ਸਭ ਕੁਝ ਦੱਸ ਨਾ ਸਕਿਆ, ਜਿਸ ਦੀ ਉਹਨੂੰ ਪੂਰੀ-ਪੂਰੀ ਜਾਣਕਾਰੀ ਸੀ ।

ਬੋਰਡ ਨੇ ਸਹਿਮਤੀ ਨਾਲ ਉਹਨੂੰ ਦੋ ਵਾਰੀ ਅਸਫਲ ਹੋਣ ਕਰਕੇ ਐੱਮ.ਆਈ.ਟੀ. ਤੋਂ ਖਾਰਜ ਕਰ ਦਿੱਤਾ ।

ਪ੍ਰੋਫੈਸਰ ਆਰ.ਟੀ. ਸਰਬਰ ਨੂੰ ਅਜਿਹੇ ਜ਼ਹੀਨ ਨੌਜੁਆਨ ਦੇ ਏਸ ਤਰ੍ਹਾਂ ਅਸਫਲ ਹੋਣ ਤੇ ਥੀਉਰਟਿਕਲ ਫਿਜ਼ਿਕਸ ਦੇ ਜਾਦੂਗਰ ਨੂੰ ਏਸ ਦਰਦਨਾਕ ਅੰਦਾਜ਼ 'ਚ ਫੇਲ੍ਹ ਹੋਣ ਦਾ ਬੜਾ ਦੁੱਖ ਹੋਇਆ। ਏਸ ਲਈ ਉਹਨੇ ਲੋਸ ਅਲਮੋਸ ਸਾਇੰਟੀਫਿਕ ਲਾਇਬ੍ਰੇਰੀ ਦੇ ਥਿਊਰਟੀਕਲ ਡਿਵੀਜ਼ਨ ਦੇ ਇੰਚਾਰਜ਼ ਕਾਰਸਨ ਮਾਰਕ ਨੂੰ ਫੋਨ ਕੀਤਾ ਕਿ ਇਕ ਤੋਹਫਾ ਘੱਲ ਰਿਹਾ ਹਾਂ, ਅਜਮਾਉਗੇ ਤਾਂ ਮੈਨੂੰ ਚੇਤੇ ਕਰੋਗੇ ।

ਕਾਰਸਨ ਨੇ ਕਿਹਾ, "ਛੇਤੀ ਘੱਲ ਦਿਓ ।"

ਇਸ ਤਰ੍ਹਾਂ ਅਸ਼ਰਫ਼ ਬੋਸਟਨ ਤੋਂ ਨਿਊ ਮੈਕਸੀਕੋ ਪਹੁੰਚ ਗਿਆ । ਨਿਊ ਮੈਕਸੀਕੋ ਦੀ ਆਟੋਮਿਕ ਲੈਬਾਰਟੀ 'ਚ ਜਿਸ ਡੈਸਕ 'ਤੇ ਅਸ਼ਰਫ਼ ਨੂੰ ਕੰਮ ਵਾਸਤੇ ਬਿਠਾਇਆ ਗਿਆ, ਉਹ ਉਸ ਲਈ ਬੜੀ ਹੈਰਾਨੀ ਭਰੀ ਗੱਲ ਸੀ ਤੇ ਉਹਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ



ਰਹਿ ਗਿਆ । ਅਸ਼ਰਫ਼ ਦੇ ਸਾਹਮਣੇ ਯੂਰੇਨੀਅਮ ਤੇ ਪਲੋਟੋਨੀਅਮ ਬੰਬਾਂ ਦੀ ਇਕ ਅਜਿਹੀ ਅਧੂਰੀ ਡਰਾਇੰਗ ਸੀ ਜਿਸ 'ਤੇ ਅਜੇ ਬਹੁਤ ਸਾਰਾ ਕੰਮ ਹੋਣਾ ਜ਼ਰੂਰੀ ਸੀ ਤੇ ਉਸ ਨੂੰ ਮੁਕੰਮਲ ਕਰਨ ਵਾਸਤੇ ਦੂਜੇ ਸ਼ਹਿਰਾਂ ਨਾਲ ਅਜੇ ਵਿਚਾਰ-ਵਟਾਂਦਰਾ ਹੋਣਾ ਹੋਰ ਵੀ ਜ਼ਰੂਰੀ ਸੀ ਤੇ ਵਾਰ-ਵਾਰ ਏਸ ਦੀ ਲੋੜ ਸੀ।

ਇੱਥੇ ਅਸ਼ਰਫ਼ ਦੇ ਕੰਮ ਕਰਨ 'ਤੇ ਕੋਈ ਪਾਬੰਦੀ ਨਹੀਂ ਸੀ । ਉਹਨੂੰ ਆਪਣੇ ਵੇਲੇ ਦੇ ਸੁਪਰ ਕੰਪਿਊਟਰ ਨੂੰ ਅਪਰੇਟ ਕਰਨ ਦੀ ਵੀ ਪੂਰੀ ਆਗਿਆ ਸੀ। ਕਦੀ-ਕਦੀ ਉਹ ਲੈਬਾਰਟੀ ਦੇ ਉਨ੍ਹਾਂ ਵਿਭਾਗਾਂ ਵਿਚ ਵੀ ਚਲਾ ਜਾਂਦਾ ਸੀ ਜਿੱਥੇ ਬੰਬਾਂ ਦੀ ਬਨਾਵਟ ਦਾ ਕੰਮ ਹੁੰਦਾ ਸੀ। ਉਹ ਬਿਨਾਂ ਰੋਕ-ਟੋਕ ਦੇ ਵਰਕਸ਼ਾਪਾਂ ਦੇ ਅੰਦਰ ਪਹੁੰਚ ਜਾਂਦਾ ਤੇ ਜਿੱਥੇ ਉਹਦੀ ਸਲਾਹ ਪੁੱਛੀ ਜਾਂਦੀ । ਉਹ ਆਪਣੇ ਅੰਦਾਜ਼ੇ ਅਨੁਸਾਰ ਸਲਾਹ ਵੀ ਦੇ ਦੇਂਦਾ ਤੇ ਫਿਰ ਘਰ ਆ ਕੇ ਆਪਣੀ ਸਲਾਹ ਦੇ ਵੱਖ-ਵੱਖ ਪੱਖਾਂ 'ਤੇ ਵਿਚਾਰ ਵੀ ਕਰਦਾ। ਭਾਵੇਂ ਮੁੱਢਲੇ ਤੌਰ 'ਤੇ ਉਹਦੀ ਸਭ ਤੋਂ ਵੱਡੀ ਲੋੜ ਇਕ ਨਿੱਕਾ ਕੈਲਕੁਲੇਟਰ, ਇਕ ਸਾਈਡ ਰੂਲ, ਕੁਝ ਪੈਂਸਿਲਾਂ, ਬਹੁਤ ਸਾਰੇ ਚਿੱਟੇ ਕਾਗ਼ਜ਼ ਤੇ ਨੀਲੀਆਂ ਲਕੀਰਾਂ ਵਾਲੇ ਗਰਾਫ਼ ਪੇਪਰ ਸੀ ਪਰ ਉਹ ਐਟਮੀ ਸਮੱਗਰੀ ਦੇ ਕੈਮੀਕਲ ਤੱਤਾਂ ਤੇ ਉਨ੍ਹਾਂ ਦੀ ਪ੍ਰਤੀਕ੍ਰਿਆਵਾਂ 'ਤੇ ਵੀ ਗੌਰ ਕਰਦਾ ਰਹਿੰਦਾ ਸੀ।

ਅਸ਼ਰਫ਼ ਦਾ ਖ਼ਿਆਲ ਸੀ ਕਿ ਜਿਹੜੇ ਦੋ ਬੰਬ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਸੁੱਟੇ ਗਏ ਸਨ, ਉਹ ਬਹੁਤ ਹੀ ਭੱਦੇ, ਜ਼ਿਆਦਾ ਭਾਰੇ ਤੇ ਸ਼ੁਰੂਆਤੀ ਕਿਸਮ ਦੇ ਸਨ। ਅਜਿਹੇ ਬੰਬ ਹੁਣ ਕਿਸੇ ਵੀ ਘਰ ਦੀ ਗੈਰਜ ਵਿਚ ਆਸਾਨੀ ਨਾਲ ਬਣਾਏ ਜਾ ਸਕਦੇ ਹਨ ਤੇ ਉਨ੍ਹਾਂ ਨੂੰ ਓਵੇਂ ਹੀ ਪੇਡੂ ਤਰੀਕੇ ਨਾਲ ਬੜੀ ਆਸਾਨੀ ਨਾਲ ਸੁੱਟਿਆ ਜਾ ਸਕਦਾ ਏ ਪਰ ਇੰਨੇ ਸਾਲ ਗੁਜ਼ਰ ਜਾਣ ਦੇ ਬਾਅਦ ਭੱਦੇ ਜਿਹੇ ਆਕਾਰ ਨੂੰ ਪਾਉਣਾ ਵੀ ਜ਼ਰੂਰੀ ਸੀ ਤੇ ਉਨ੍ਹਾਂ ਦੀ ਸ਼ਕਤੀ ਵਿਚ ਵਾਧਾ ਕਰਨਾ ਵੀ ਲਾਜ਼ਮੀ ਸੀ। ਅਸ਼ਰਫ਼ ਦਾ ਅੰਦਾਜ਼ਾ ਸੀ ਕਿ ਯੂਰੇਨੀਅਮ 235 ਦੀ ਬਜਾਏ ਅਜਿਹੇ ਬੰਬਾਂ ਵਿਚ ਪਲੋਟੋਨਿਜ਼ਮ ਦੀ ਵਰਤੋਂ ਜ਼ਿਆਦਾ ਲਾਭਦਾਇਕ ਸਿੱਧ ਹੋ ਸਕਦੀ ਸੀ। ਯੂਰੇਕਿਯਾਮ ਦਾ ਬੰਬ ਤਿਆਰ ਕਰਨ ਵਿਚ ਇਕ ਲੰਮਾ ਬਖੇੜਾ ਸੀ, ਏਸ 'ਚ ਅਜਿਹੀ ਨਾ ਬੁੱਝੀ ਜਾਣ ਵਾਲੀ ਗੁੰਝਲ ਸੀ, ਜਿਸ ਦਾ ਹੱਲ ਲੱਭਣਾ ਸੌਖਾ ਨਹੀਂ ਸੀ।

ਅਸ਼ਰਫ਼ ਨੇ ਆਪਣੀ ਇਕ ਡਰਾਇੰਗ ਮੇਜ਼ 'ਤੇ ਰੱਖ ਕੇ ਸਿਰ ਉੱਪਰ ਚੁੱਕੇ ਬਿਨਾਂ ਵਿਸ਼ਵਾਸ ਨਾਲ ਕਿਹਾ, "ਅਸੀਂ ਪਲੋਟੋਨੀਅਮ ਨਾਈਟ੍ਰੇਟ ਵਿਚ ਐਕਜ਼ਾਲਿਕ ਐਸਿਡ ਸ਼ਾਮਲ ਕਰਕੇ ਉਸ ਤੋਂ ਪਲੋਟੋਨਿਆਸ ਆਕਜ਼ਲੇਟ ਕਰਿਸਟਲ ਪ੍ਰਾਪਤ ਕਰ ਸਕਦੇ ਹਾਂ।"

ਕਾਰਸਨ ਮਾਹਕ ਦੇਰ ਤਕ ਡਰਾਇੰਗ ਨੂੰ ਵੇਖਦਾ ਰਿਹਾ, ਉਸ ਦੇ ਅੰਦਰ ਕੀਮਿਆਈ ਐਕੀਵਸ਼ੰਜ਼ ਜ਼ਿਆਦਾ ਸਨ ਤੇ ਭੱਠੀ ਦੇ ਨਕਸ਼ੇ ਕੁਝ ਬੇਧਿਆਨੀ ਨਾਲ ਬਣੇ ਸਨ। ਥੋੜ੍ਹੀ ਦੇਰ ਤਕ ਉਹ ਨਕਸ਼ੇ 'ਤੇ ਤਰਤੀਬ ਨਾਲ ਉਂਗਲੀ ਫੇਰਦਾ ਰਿਹਾ ਤੇ ਫੇਰ ਉਸ ਨੇ ਅੱਖਾਂ ਬੰਦ ਕਰ ਲਈਆਂ। ਅਸ਼ਰਫ਼ ਉਤਸੁਕ ਨਜ਼ਰਾਂ ਨਾਲ ਉਸ ਵੱਲ ਵੇਖਦਾ ਰਿਹਾ ਤੇ ਉਹਦੇ ਉੱਤਰ ਦੀ ਉਡੀਕ ਕਰਦਾ ਰਿਹਾ।

ਕਾਰਸਨ ਨੇ ਪੂਰੀਆਂ ਅੱਖਾਂ ਖੋਲ੍ਹ ਕੇ ਅਸ਼ਰਫ਼ ਵੱਲ ਬੜੇ ਧਿਆਨ ਨਾਲ ਤੱਕਿਆ ਤੇ ਕਿਹਾ, "ਇਸ ਕਿਰਿਆ ਤੋਂ ਮਗਰੋਂ ਕਰਿਸਟਲ ਦੇ ਆਲੇ-ਦੁਆਲੇ ਜਿਹੜਾ ਪਾਣੀ ਪੈਦਾ ਹੋ ਜਾਏਗਾ...ਬਹੁਤ ਮਾਤਰਾ ਵਿਚ ਉਹ ?"

"ਉਸ ਤੋਂ ਅਸੀਂ ਬੜੀ ਆਸਾਨੀ ਨਾਲ ਛੁਟਕਾਰਾ ਪਾ ਸਕਦੇ ਹਾਂ," ਅਸ਼ਰਫ਼ ਨੇ

ਵਿਸ਼ਵਾਸ ਭਰੇ ਲਹਿਜੇ 'ਚ ਕਿਹਾ, "ਉੱਥੇ ਪੁਰਾਣੇ ਘਰੇਲੂ ਤਰੀਕੇ ਨਾਲ, ਪਾਣੀ ਨੂੰ ਗਰਮ ਕਰਕੇ ਤੇ ਉਹਦੀ ਭਾਫ ਉਡਾ ਕੇ।"

"ਫੇਰ ?" ਕਾਰਸਨ ਨੇ ਡਰਾਇੰਗ 'ਤੇ ਝੁਕ ਕੇ ਕਿਹਾ, "ਫੇਰ... ?"

"ਫੇਰ ਸਾਡੇ ਹੱਥ ਇਕ ਟਿਕੀ ਆ ਜਾਏਗੀ। ਐਨੀ ਹਾਇਡਰਸ ਪਲੋਟੋਨੀਅਮ ਆਕਜਲੇਟ ਦੀ ਡਲੀ। ਏਸ ਨੂੰ ਅਸੀਂ ਹਾਈਡ੍ਰੋਜਨ ਫਲੋਰਾਈਡ ਗੈਸ ਦੀ ਸਖ਼ਤ ਧੂਨੀ ਦੇ ਕੇ ਹੋਰ ਵੀ ਖ਼ੁਸ਼ਕ ਕਰ ਲਵਾਂਗੇ । ਬਿਲਕੁਲ ਡਰਾਈ। ਸੌ ਪ੍ਰਤੀਸ਼ਤ ਖ਼ੁਸ਼ਕ।"

ਕਾਰਸਨ ਮਾਰਕ ਬੜੀ ਕਠਿਨਾਈ ਨਾਲ ਅਸ਼ਰਫ਼ ਦੇ ਉੱਤਰ ਦੀ ਪ੍ਰਾਪਤੀ ਨਾਲ ਚੱਲਦਾ ਸੀ ਤੇ ਵਾਰ-ਵਾਰ ਉਸ ਤੋਂ ਹਾਰ ਕੇ ਗੁੰਮ ਹੋ ਜਾਂਦਾ ਸੀ। ਉਹਨੇ ਆਪਣੇ ਨਕਲੀ ਦੰਦਾਂ ਦੀ ਬੀੜ ਨੂੰ ਜੀਭ ਦੀ ਨੋਕ ਨਾਲ ਬਾਹਰ ਕੱਢ ਕੇ ਕਿਹਾ, "ਪਲੋਟੋਨੀਅਮ ਆਕਜ਼ਲੇਟ ਦੇ ਢੇਲੇ ਨੂੰ ਸੌ ਪ੍ਰਤੀਸ਼ਤ ਖ਼ੁਸ਼ਕ ਕਰਨਾ ਤਾਂ ਅਸੰਭਵ ਏ।"

"ਮੇਰੇ ਹਿਸਾਬ ਨਾਲ ਤਾਂ ਇਹ ਬਿਲਕੁਲ ਸੰਭਵ ਏ ਸਰ।" ਅਸ਼ਰਫ਼ ਨੇ ਵਿਸ਼ਵਾਸ ਨਾਲ ਕਿਹਾ, "ਥਿਊਰੀ ਵਿਚ ਤਾਂ ਸੌ ਪ੍ਰਤੀਸ਼ਤ ਠੀਕ ਨਜ਼ਰ ਆਉਂਦਾ ਏ। ਬਾਕੀ ਅਸੀਂ ਪ੍ਰਯੋਗ ਕਰਕੇ ਵੇਖ ਲਵਾਂਗੇ।"

"ਕਿਹੜੀ ਥਿਊਰੀ, ਕਹੀ ਥਿਊਰੀ ? ਕਿਸ ਬੁਨਿਆਦ ਦੀ ਥਿਊਰੀ ?" ਕਾਰਸਨ ਸਕਤੇ ਦੀ ਹਾਲਤ ਵਿਚ ਅਸ਼ਰਫ਼ ਦੇ ਸਾਹਮਣੇ ਬੈਠਾ ਸੀ ।

ਅਸ਼ਰਫ ਨੂੰ ਉਹਦੀ (ਕਾਰਸਨ) ਦੀ ਹਾਰ ਨੇ ਸ਼ਕਤੀ ਦਿੱਤੀ ਤੇ ਉਹ ਕਹਿਣ ਲੱਗਾ, "ਸੁਣ ਕਾਰਸਨ! ਇਕ ਮੂੰਹ ਬੰਦ ਏਅਰ ਟਾਈਟ ਡੱਬੇ ਵਿਚ ਅਸੀਂ ਹਾਇਡਰੋ ਫਲੋਰਿਕ ਐਸਿਡ ਨੂੰ ਗਰਮ ਕਰਕੇ ਇਕ ਨਲ ਦੇ ਰਾਹੀਂ ਉਹਦੀ ਗੈਸ ਪ੍ਰਾਪਤ ਕਰਾਂਗੇ ਤੇ ਫੇਰ ਉਸ ਗੈਸ ਨੂੰ ਉਸ ਮੂੰਹ-ਬੰਦ ਕੁਠਾਲੀ ਵਿਚ ਦਾਖਲ ਕਰਦੇ ਜਾਵਾਂਗੇ, ਜੀਹਦੇ ਵਿਚ ਪਲੋਟੋਨੀਅਮ ਆਕਜ਼ਲੇਟ ਦੀ ਡਲੀ ਵੀ ਰੱਖੀ ਹੋਵੇਗੀ।"

"ਇਕ ਮਿੰਟ ਰੁਕ," ਕਾਰਸਨ ਨੇ ਕਾਹਲ ਨਾਲ ਕਿਹਾ। "ਤੂੰ ਇਹ ਚਾਹੁੰਦਾ ਏਂ ਕਿ ਸਾਡੀ ਕਾਸਟ ਕੀਤੀ ਹੋਈ ਪਲੋਟੋਨੀਅਮ ਆਕਜ਼ਲੇਟ ਦੀ ਡਲੀ 'ਤੇ ਹਾਇਡਰੋ ਫਲੋਰਕ ਐਸਿਡ ਗੈਸ ਨੂੰ ਰਸ਼ ਕੀਤਾ ਜਾਏ।"

"ਬਿਲਕੁਲ ਇਹ ਈ ਚਾਹੁੰਦਾ ਹਾਂ," ਅਸ਼ਰਫ਼ ਨੇ ਕਿਹਾ, "ਬਿਲਕੁਲ ਇਹ ਹੀ।"

"ਫੇਰ ?" ਕਾਰਸਨ ਨੇ ਸਵਾਲੀਆ ਨਜ਼ਰਾਂ ਨਾਲ ਪੁੱਛਿਆ।

"ਫੇਰ ਇਹ ਕਿ ਮੇਰੇ ਅਨੁਮਾਨ ਨਾਲ ਤੇ ਮੇਰੇ ਹਿਸਾਬ ਨਾਲ (ਤੇ ਮੈਨੂੰ ਵਿਸ਼ਵਾਸ ਏ ਕਿ ਮੇਰਾ ਹਿਸਾਬ ਗ਼ਲਤ ਨਹੀਂ ਹੋ ਸਕਦਾ ।) ਜੇਕਰ ਅਸੀਂ ਏਸ ਬੰਦ ਕੁਠਾਲੀ 500 ਡਿਗਰੀ ਸੈਂਟੀਗ੍ਰੇਡ ਤਕ ਗਰਮੀ 'ਤੇ ਆਉਂਦੇ ਤਾਂ ਏਸ ਨਾਲ ਪਲੋਟੋਨੀਅਮ ਫਲੋਰਾਈਡ ਪ੍ਰਾਪਤ ਹੋ ਜਾਏਗਾ।"

"ਫੇਰ ?"

"ਫੇਰ ਅਸੀਂ ਇਹ ਅਮਲ ਵਾਰ-ਵਾਰ ਕਰਕੇ ਪਲੋਟੋਨੀਅਮ ਫਲੋਰਾਇਡ ਦੀਆਂ ਫੇਰੀਆਂ ਜਮ੍ਹਾਂ ਕਰ ਲਵਾਂਗੇ।"

"ਮੰਨ ਲਓ।" ਕਾਰਸਨ ਨੇ ਸੋਚਦਿਆਂ ਹੋਇਆਂ ਕਿਹਾ, "ਜੇਕਰ ਅਸੀਂ ਇਹ ਸਟਾਕ ਤਿਆਰ ਵੀ ਕਰ ਲਿਆ...ਫੇਰ ?"



"ਫੇਰ ਸਾਨੂੰ ਥੋੜ੍ਹੀ ਜਹੀ ਕੈਲਸ਼ੀਅਮ ਦੀ ਜ਼ਰੂਰਤ ਹੋਵੇਗੀ । ਕਿਸੇ ਵੀ ਧਾਤ ਦੀ ਕੈਲਸ਼ੀਅਮ । ਏਸ ਕੈਲਸ਼ੀਅਮ ਵਿਚ ਕ੍ਰਿਸਟਲ ਆਇਓਡੀਨ ਮਿਲਾ ਕੇ, 170 ਗ੍ਰਾਮ ਕੈਲਸ਼ੀਅਮ ਤੇ 50 ਗ੍ਰਾਮ ਕ੍ਰਿਸਟਲ ਆਇਓਡੀਨ ਤੇ ਏਸ ਸਾਰੇ ਨੂੰ 500 ਗ੍ਰਾਮ ਪਲੋਟੋਨੀਅਮ ਫਲੋਰਾਈਡ ਦੀ ਡੇਰੀ ਨਾਲ ਮਿਲਾ ਕੇ ਇਕ ਮਜ਼ਬੂਤ ਫੌਲਾਦੀ ਕੁਠਾਲੀ ਵਿਚ ਪਾ ਦਿਆਂਗੇ ।"

"ਫੇਰ ਇਕ ਹੋਰ ਕੁਠਾਲੀ ?" ਕਾਰਸਨ ਨੇ ਗੱਲ ਟੋਕ ਕੇ ਕਿਹਾ।

"ਜੀ ਇਕ ਹੋਰ ਕੁਠਾਲੀ। ਲੋਹੇ ਦੀ ਤੇ ਮੂੰਹ-ਬੰਦ ਚੂੜੀਆਂ ਵਾਲੀ। ਜੇਕਰ ਅਸੀਂ ਏਸ ਵਿਚ ਇਹ ਸਾਰਾ ਮਵਾਦ ਪਾ ਕੇ ਉੱਤੋਂ ਆਰਗੋਨ ਗੈਸ ਦੀ ਮੋਟੀ ਪਰਤ ਛੱਡ ਦਿਆਂਗੇ ਤੇ ਇਕ ਕੁਠਾਲੀ ਨੂੰ ਘੁੱਟ ਕੇ ਬੰਦ ਕਰਕੇ ਉਹਨੂੰ ਕਿਸੇ ਇੰਡਕਸ਼ਨ ਭੱਠੀ ਵਿਚ 750 ਡਿਗਰੀ ਸੈਂਟੀਗ੍ਰੇਡ ਦੀ ਹਰਾਰਤ ਦਿਆਂਗੇ ਤਾਂ ਕੁਠਾਲੀ ਦੇ ਅੰਦਰਲਾ ਘੋਲ ਆਪਣੇ ਆਪ 1600 ਡਿਗਰੀ ਤਕ ਪਹੁੰਚ ਜਾਵੇਗਾ ।"

"ਆਪਣੇ ਆਪ ?" ਕਾਰਸਨ ਨੇ ਹੈਰਾਨ ਹੋ ਕੇ ਪੁੱਛਿਆ।

"ਆਪਣੇ ਆਪ...ਆਪਣੀ ਪ੍ਰਤੀਕ੍ਰਿਆ ਨਾਲ...ਆਪਣੇ ਅੰਦਰਲੇ ਦਬਾਅ ਨਾਲ...ਪਰ ਇਹ ਪ੍ਰੈਸ਼ਰ ਬਹੁਤਾ ਚਿਰ ਨਹੀਂ ਰਹੇਗਾ । ਦਸ ਮਿੰਟਾਂ ਦੇ ਅੰਦਰ-ਅੰਦਰ ਆਪ ਈ 800 ਡਿਗਰੀ ਤਕ ਪਹੁੰਚ ਜਾਏਗਾ ।"

"ਇਹ ਕਿਸ ਨੇ ਕਿਹਾ ?" ਕਾਰਸਨ ਖਿਝ ਕੇ ਬੋਲਿਆ।

"ਇਹ ਮੈਨੂੰ ਮੇਰੀ ਕੈਲਕੁਲੇਸ਼ਨ ਨੇ ਕਿਹਾ। ਮੇਰੀ ਗਿਣਤੀ ਤੇ ਮੇਰੇ ਹਿਸਾਬ ਨੇ ਸੋਚਿਆ ਏ। ਮੇਰਾ ਹੋਰ ਸਭ ਕੁਝ ਗ਼ਲਤ ਹੋ ਸਕਦਾ ਏ। ਮੇਰੀ ਕਲਪਨਾ, ਮੇਰੀ ਧਾਰਨਾ, ਮੇਰਾ ਅੰਦਾਜ਼ਾ ਪਰ ਮੈਥੇਮੈਟਿਕਸ ਦੇ ਏਕਵੇਸ਼ਨ ਮੈਨੂੰ ਕਦੀ ਧੋਖਾ ਨਹੀਂ ਦੇਣਗੇ।"

"ਫੇਰ।" ਕਾਰਸਨ ਨੇ ਬੇਚੈਨੀ ਨਾਲ ਪੁੱਛਿਆ, "ਫੇਰ...।"

"ਅੱਠ ਸੌ ਡਿਗਰੀ ਟੈਂਪਰੇਚਰ ਹੋ ਜਾਣ 'ਤੇ ਏਸ ਕੁਠਾਲੀ ਨੂੰ ਇੰਡਕਸ਼ਨ ਭੱਠੀ 'ਚੋਂ ਕੱਢ ਲਓ । ਠੰਢਾ ਹੋਣ 'ਤੇ ਢੱਕਣ ਖੋਲ੍ਹ ਦੇ ਵੇਖੋ, ਅੰਦਰ ਧਾਤੀ ਪਲੋਟੋਨੀਅਮ ਤਿਆਰ ਮਿਲੇਗਾ ਪਰ ਥੋੜ੍ਹੀ ਜਹੀ ਕੈਲਸ਼ੀਅਮ ਆਇਓਡੀਨ ਦੀ ਗੰਦਗੀ ਨਾਲ।"

"ਤੇ ਏਸ ਗੰਦਗੀ ਨੂੰ ਕੌਣ ਦੂਰ ਕਰੇਗਾ ?"

"ਨਾਇਟ੍ਰਿਕ ਐਸਿਡ ! ਨਾਇਟ੍ਰਿਕ ਐਸਿਡ ਦੇ ਘੋਲ ਨਾਲ ਆਇਓਡੀਨ ਦੀਆਂ ਪਾਪੜੀਆਂ ਵੀ ਘੁਲ ਜਾਣਗੀਆਂ ਤੇ ਕੈਲਸ਼ੀਅਮ ਫਲੋਰਾਇਡ ਦੇ ਸਾਲਟ ਵੀ ਪੂਰੀ ਤਰ੍ਹਾਂ ਮਿਟ ਜਾਣਗੇ...ਹੁਣ ਤੁਹਾਡੇ ਹੱਥਾਂ ਵਿਚ ਖਾਲਸ ਪਲੋਟੋਨੀਅਮ ਹੋਵੇਗਾ।"

"ਕੀ ਉਹਨੂੰ ਹੱਥ ਲਗਾ ਸਕਾਂਗੇ ?" ਕਾਰਸਨ ਨੇ ਛੇਤੀ ਨਾਲ ਪੁੱਛਿਆ।

"ਹਾਂ, ਬੜੀ ਆਸਾਨੀ ਨਾਲ।" ਅਸ਼ਰਫ਼ ਨੇ ਕਿਹਾ, "ਸਿਰਫ਼ ਅਲਫਾ ਡੀਕੇਅ ਦੇ ਕਾਰਨ ਇਹ ਡਲੀ ਥੋੜ੍ਹੀ ਜਹੀ ਗਰਮ ਜ਼ਰੂਰ ਹੋਵੇਗੀ । ਪਰ ਖ਼ਤਰਨਾਕ ਹੱਦ ਤਕ ਨਹੀਂ...ਨੰਗੇ ਹੱਥ ਨਾਲ ਫੜੀ ਵੀ ਜਾ ਸਕੇਗੀ ਤੇ ਜੇਬ ਵਿਚ ਵੀ ਪਾਈ ਜਾ ਸਕੇਗੀ ।"

ਬੜੀ ਦੇਰ ਤਕ ਖ਼ਾਮੋਸ਼ੀ ਰਹੀ। ਕਾਰਸਨ ਸ਼ਿਗਾਰ ਪੀਂਦਾ ਰਿਹਾ ਤੇ ਕਲਾਕ ਦਾ ਪੈਂਡੂਲਮ ਉਸੇ ਰਫਤਾਰ ਨਾਲ ਹਿੱਲਦਾ ਰਿਹਾ।

ਫੇਰ ਅਸ਼ਰਫ਼ ਨੇ ਕਿਹਾ, "ਇਸ ਪਲੋਟੋਨੀਅਮ ਨਾਲ ਤੁਸੀਂ ਬੜੀ ਆਸਾਨੀ

ਨਾਲ ਇਕ ਬੰਬ ਬਣਾ ਸਕੋਗੇ, ਜਿਹੜਾ ਬਹੁਤ ਸ਼ਕਤੀਸ਼ਾਲੀ ਤਾਂ ਨਹੀਂ ਹੋਵੇਗਾ ਪਰ ਨਾਗਾਸਾਕੀ ਵਾਲੇ ਮੋਟੇ ਬੰਬ ਤੋਂ ਕਈ ਗੁਣਾ ਤਾਕਤਵਰ ਹੋਵੇਗਾ...ਮੁਸ਼ਕਿਲ ਨਾਲ ਇਕ ਕਿੱਲੋ ਟਨ ਦਾ ਦਸਵਾਂ ਹਿੱਸਾ ਪਰ ਉਸ ਨਾਲ ਤੁਸੀਂ 35 ਤੋਂ 50 ਹਜ਼ਾਰ ਲੋਕਾਂ ਦੀ ਵੱਸੋਂ ਨੂੰ ਆਸਾਨੀ ਨਾਲ ਮਲੀਆਮੇਟ ਕਰ ਸਕੋਗੇ ।"

ਉਨ੍ਹਾਂ ਦਿਨਾਂ ਵਿਚ ਉਸੇ ਲੈਬਾਰਟੀ ਦੇ ਲੇਖਾ ਵਿਭਾਗ ਦੀ ਇਕ ਕੁੜੀ ਸਮਾਂਤਾ ਅਸ਼ਰਫ਼ ਨਾਲ ਬਹੁਤ ਘੁਲ-ਮਿਲ ਗਈ ਸੀ ।ਅਸ਼ਰਫ਼ ਤਾਂ ਘੁਲਣ-ਮਿਲਣ ਤੋਂ ਅਣਜਾਣ ਸੀ ਪਰ ਸਮਾਂਤਾ ਏਸ ਕੰਮ ਤੋਂ ਚੰਗੀ ਤਰ੍ਹਾਂ ਜਾਣੂ ਸੀ । ਉਹਨੇ ਅਸ਼ਰਫ਼ ਨੂੰ ਮਗਰ ਲਗਾ ਲਿਆ ਸੀ ਤੇ ਉਹ ਉਹਦੇ ਵਿਭਾਗ ਵਿਚ ਵੀ ਆਉਣ-ਜਾਣ ਲੱਗ ਪਿਆ ਸੀ ਤੇ ਉਹ ਵੀ ਉਹਦੇ ਵਿਭਾਗ 'ਚ ਆਉਣ-ਜਾਣ ਲੱਗੀ ਸੀ। ਭਾਵੇਂ ਅਸ਼ਰਫ਼ ਘਰ ਵਿਚ ਵੀ ਆਪਣੀ ਏਕਵੇਸ਼ਨ ਵਿਚ ਉਲਝਿਆ ਰਹਿੰਦਾ ਸੀ ਪਰ ਉਹਨੂੰ ਸਮਾਂਤਾ ਦਾ ਵੇਲੇ ਕੁਵੇਲੇ ਆਉਣਾ ਵੀ ਬੁਰਾ ਨਹੀਂ ਸੀ ਲੱਗਦਾ।

ਜਦੋਂ ਨਿਓ-ਹੈਵਨ ਦੇ ਦੋ ਯਹੂਦੀ ਪ੍ਰੋਫ਼ੈਸਰਾਂ ਨੇ ਅਸ਼ਰਫ਼ ਦੇ ਫਾਰਮੂਲੇ 'ਤੇ ਅਮਲੀ ਕੰਮ ਕਰਕੇ ਉਸ ਦੇ ਪ੍ਰਣਾਮ ਵੇਖੇ ਤਾਂ ਉਹ ਆਪਣੇ 82 ਸ਼ੇਲਟਨ ਸਟਰੀਟ ਦੇ ਦਫ਼ਤਰ 'ਚੋਂ ਨਿਕਲ ਕੇ ਸਿੱਧੇ ਏਅਰਪੋਰਟ ਪਹੁੰਚੇ ਤੇ ਚਾਰ ਘੰਟਿਆਂ ਦੇ ਇੰਤਜ਼ਾਰ ਤੋਂ ਮਗਰੋਂ ਅਗਲੀ ਕੁਨੇਕਟਿੰਗ ਫਲਾਈਟ ਫੜ ਕੇ ਨਿਊ ਮੈਕਸੀਕੋ ਪਹੁੰਚ ਗਏ । ਜਦੋਂ ਉਨ੍ਹਾਂ ਨੇ ਕਾਰਸਨ ਨੂੰ ਅਸ਼ਰਫ਼ ਦੇ ਫਾਰਮੂਲੇ ਦੇ ਨਤੀਜਿਆਂ ਦੀ ਜਾਣਕਾਰੀ ਦਿੱਤੀ ਤਾਂ ਬੰਦ ਦਰਵਾਜ਼ਿਆਂ ਦੇ ਅੰਦਰ ਤੁਰੰਤ ਇਕ ਮੀਟਿੰਗ ਸ਼ੁਰੂ ਹੋ ਗਈ। ਅਸ਼ਰਫ਼ ਉਸ ਵੇਲੇ ਸਮਾਂਤਾ ਨਾਲ ਇਕ ਅਪਵਿੱਤਰ ਸੈਂਡਵਿਚ ਦੇ ਨਾਲ ਕਾਲੀ ਕੌਫੀ ਪੀ ਰਿਹਾ ਸੀ । ਉਹ ਆਪਣੇ ਦਫ਼ਤਰ ਵਿਚ ਉਸ ਕਮਰੇ ਤੋਂ ਮਸਾਂ 20 ਗਜ ਦੂਰ ਹੋਵੇਗਾ ਜਿੱਥੇ ਇਹ ਮੀਟਿੰਗ ਹੋ ਰਹੀ ਸੀ। ਏਸ ਮੀਟਿੰਗ ਵਿਚ ਉਨ੍ਹਾਂ ਦੋ ਯਹੂਦੀ ਪ੍ਰੋਫ਼ੈਸਰਾਂ ਤੋਂ ਇਲਾਵਾ ਛੇ ਤਿੰਨ ਲੋਸ ਐੱਲ-ਮੋਮ ਆਟੋਮੈਟਿਕ ਐਨਰਜ਼ੀ ਦੇ ਉੱਚ ਪੱਧਰੀ ਅਫ਼ਸਰ ਵੀ ਸਨ । ਇਹ ਪੰਜੇ ਜਣੇ ਤਕਰੀਬਨ ਇਕੋ ਜਿਹੇ ਕੱਦ ਅਤੇ ਇਕੋ ਜਿਹੀਆਂ ਸ਼ਕਲਾਂ ਦੇ ਸਨ । ਉਨ੍ਹਾਂ 'ਚੋਂ ਜਿਹੜਾ ਸਭ ਤੋਂ ਛੋਟੇ ਕੱਦ ਦਾ ਸੀ, ਉਹ ਵੀ ਪੰਜ ਫੁੱਟ ਸਾਢੇ ਸੱਤ ਇੰਚ ਦਾ ਸੀ ਤੇ ਉਸ ਦੀਆਂ ਅੱਖਾਂ ਚੀਜ਼ ਵਹੁਟੀ ਵਾਂਗ ਲਾਲ ਸੀ।

ਇਹ ਪੰਜੇ ਜਣੇ ਛੇਵੀਂ ਮੰਜ਼ਲ 'ਤੇ ਧੁੱਪ ਵੱਲ ਮੂੰਹ ਕਰਕੇ ਬੈਠੇ ਸਨ ਤੇ ਉਨ੍ਹਾਂ ਦੇ ਗੰਜੇ ਸਿਰ, ਗੋਲ ਮੋਢੇ, ਮੋਟੇ ਢਿੱਡ ਤੇ ਲਲਈ (ਸੁਰਖ਼) ਰੰਗ ਪੁਰੋਹਿਤਾਂ ਨਾਲ ਬਹੁਤ ਮਿਲਦੇ ਹਨ। ਏਸ ਤਰ੍ਹਾਂ ਲੱਗਦਾ ਸੀ ਜਿਵੇਂ ਵੈਦਿਕ ਦੌਰ ਦੇ ਬ੍ਰਾਹਮਣ ਹੋਣ ਜਿਹੜੇ ਆਪਣੀ ਭਾਸ਼ਾ ਭੁੱਲ ਕੇ ਅੰਗਰੇਜ਼ੀ ਵਿਚ ਗੱਲਬਾਤ ਕਰ ਰਹੇ ਹੋਣ।

ਦੋ ਘੰਟਿਆਂ ਦੀ ਦਲੀਲਬਾਜ਼ੀ ਤੋਂ ਮਗਰੋਂ ਇਹ ਗਰੁੱਪ ਏਸ ਨਤੀਜੇ 'ਤੇ ਪਹੁੰਚਿਆ ਕਿਉਂਕਿ ਅਸ਼ਰਫ਼ ਨੂੰ 'ਉਹ ਦੈਵਿਕ ਗਿਆਨ' ਪ੍ਰਾਪਤ ਹੋ ਗਿਆ ਏ, ਜਿਸ 'ਤੇ ਸਵਾਇ ਉੱਚ-ਜਾਤੀ ਦੇ ਹੋਰ ਕਿਸੇ ਦਾ ਹੱਕ ਨਹੀਂ, ਏਸ ਲਈ ਛੇਤੀ ਹੀ ਉਹਨੂੰ ਡਿਸਪੋਜ਼ਡ ਆਫ਼ ਕਰ ਦੇਣਾ ਚਾਹੀਦਾ ਏ । ਚਾਰ ਮਾਹਰ ਏਸ ਹੱਕ ਵਿਚ ਸੀ ਕਿ ਕਿਸੇ ਕਿਰਾਏ ਦੇ ਕਾਤਲ ਨੂੰ ਕਹਿ ਕੇ ਉਹਨੂੰ ਬੜੀ ਆਸਾਨੀ ਨਾਲ ਟਿਕਾਣੇ ਲਾਇਆ ਜਾ ਸਕਦਾ ਏ ਤੇ ਜਿਸ ਤਰ੍ਹਾਂ ਵਾਸ਼ਿੰਗਟਨ ਡੀ. ਸੀ. ਵਿਚ ਹਰ ਸਾਲ ਹਜ਼ਾਰਾਂ ਕਤਲ ਬੇਨਾਮੀ ਦੇ ਹੁੰਦੇ ਹਨ,



ਏਸ ਨੂੰ ਵੀ ਉਨ੍ਹਾਂ ਦੇ ਖਾਤੇ ਵਿਚ ਪਾਇਆ ਜਾ ਸਕਦਾ ਏ ਪਰ ਪੰਜਵਾਂ ਨਹੀਂ ਸੀ ਮੰਨਦਾ ਕਿ ਏਸ ਸਾਧਾਰਨ ਜਿਹੇ ਕਤਲ ਦੇ ਅਜੀਬ ਨਤੀਜੇ ਵੀ ਹੋ ਸਕਦੇ ਹਨ ਤੇ ਏਸ ਦਾ ਪ੍ਰਤੀਕਰਮ ਬੜਾ ਗੰਭੀਰ ਵੀ ਹੋ ਸਕਦਾ ਏ। ਫੇਰ ਅਜਿਹੀ ਮੂਰਖਤਾ ਕਿਉਂ ਕੀਤੀ ਜਾਵੇ, ਜਿਸ ਦਾ ਨਤੀਜਾ ਉਲਟਾ ਹੋਵੇ ਤੇ ਪੂਰਾ ਅਮਰੀਕਾ ਬਦਨਾਮ ਵੀ ਹੋ ਜਾਏ ਭਾਵੇਂ ਥੋੜ੍ਹ-ਚਿਰ ਨਹੀਂ ਕਿਉਂ ਨਾ ਹੋਵੇ ।

ਉਨ੍ਹਾਂ ਨੇ ਆਪਣੀ ਅਗਲੇ ਦਿਨ ਦੀ ਮੀਟਿੰਗ ਵਿਚ ਇਹ ਗੰਭੀਰ ਮਾਮਲਾ ਸੀ.ਆਈ.ਏ. ਦੇ ਸਪੁਰਦ ਕਰਨ ਦਾ ਨਿਸ਼ਚਾ ਕਰ ਲਿਆ ਤੇ ਏਸ ਦੀ ਦੋ ਸਫ਼ਿਆਂ ਦੀ ਤਫਸੀਲੀ ਚਿੱਠੀ ਵੀ ਡ੍ਰਾਫਟ ਕਰ ਲਈ ਜਿਸ ਦੇ ਚਹੁੰਆਂ ਜਾਂ ਪੰਜਾਂ ਖੂੰਜਿਆਂ 'ਤੇ (ਖੁਫੀਆ) ਲਾਲ ਹਾਸ਼ੀਏ ਵਾਲੀਆਂ ਮੁਹਾਰਾਂ ਲੱਗੀਆਂ ਸਨ।

ਸੀ.ਆਈ.ਏ. ਅਜਿਹੇ ਕਈ ਦੇਸ਼ਾਂ ਦੇ ਕਹਿੰਦੇ-ਕਹਾਉਂਦੇ ਲੀਡਰਾਂ ਨੂੰ ਵੀ ਟਿਕਾਣੇ ਲਾਉਣ ਵਿਚ ਸਫ਼ਲ ਹੋ ਚੁੱਕੀ ਸੀ, ਜਿਨ੍ਹਾਂ 'ਤੇ ਉਨ੍ਹਾਂ ਦੇ ਦੇਸ਼ਵਾਸੀ ਆਪਣੀ ਜਾਨ ਵਾਰਦੇ ਸੀ ਤੇ ਜਿਨ੍ਹਾਂ ਨੂੰ ਹਰਮਨਪਿਆਰੇ ਲੀਡਰ ਹੋਣ ਦਾ ਮਾਣ ਸੀ । ਕਮੇਟੀ ਦਾ ਇਹ ਫੈਸਲਾ ਬੜਾ ਸਹੀ ਸੀ ਪਰੰਤੂ ਪੰਜਵਾਂ ਮੈਂਬਰ ਏਸ ਦੇ ਵੀ ਵਿਰੁੱਧ ਸੀ। ਉਹ ਦੁਨੀਆ ਭਰ ਵਿਚ ਬਦਨਾਮ ਸੀ.ਆਈ.ਏ. ਨੂੰ ਹੋਰ ਬਦਨਾਮ ਹੋਣ ਤੋਂ ਬਚਾਉਣਾ ਚਾਹੁੰਦਾ ਸੀ ਤੇ ਆਪਣੇ ਦੇਸ਼ ਦੀ ਸਾਖ ਦਾ ਇਮਾਨਤਦਾਰ ਹੋ ਕੇ ਰਹਿਣਾ ਚਾਹੁੰਦਾ ਸੀ। ਹੁਣ ਇਹ ਮਸਲਾ ਤੀਜੇ ਦਿਨ 'ਤੇ ਪੈ ਗਿਆ ।

ਸਮਾਂਤਾ ਨੇ ਰਿਪੋਰਟ ਦਿੱਤੀ ਸੀ ਕਿ ਅਸ਼ਰਫ਼ ਬੜਾ ਹੀ ਚੌਕੰਨਾ ਹੋ ਗਿਆ ਏ ਭਾਵੇਂ ਉਹਨੂੰ ਏਸ ਹਕੀਕਤ ਦਾ ਉੱਕਾ ਪਤਾ ਨਹੀਂ ਸੀ, ਉਹ ਕਿਉਂ ਚੌਕੰਨਾ ਹੋ ਗਿਆ ਏ। ਸਮਾਂਤਾ ਦਾ ਖ਼ਿਆਲ ਸੀ ਕਿ ਪੂਰਬ ਦੇ ਲੋਕਾਂ ਦੀ ਛੇਵੀਂ ਹਿਸ ਤੋਂ ਇਲਾਵਾ ਇਕ ਸਤਵੀਂ ਇੰਦਰੀ ਵੀ ਹੁੰਦੀ ਏ, ਜੀਹਦਾ ਸਿਗਨਲ ਬੜੇ ਜ਼ੋਰ ਨਾਲ ਆਉਂਦਾ ਏ ਪਰ ਉਸ ਨੂੰ ਡੀ-ਕੋਡ ਬਹੁਤ ਔਖਾ ਹੁੰਦਾ ਏ ।

ਅਸ਼ਰਫ਼ ਨੂੰ ਕਈ ਦਿਨਾਂ ਤੋਂ ਸਿਗਨਲ ਆ ਰਿਹਾ ਸੀ ਪਰ ਉਹ ਉਹਨੂੰ ਡੀ-ਕੋਡ ਕਰਨ ਲਈ ਕੁਝ ਨਹੀਂ ਸੀ ਕਰ ਸਕਦਾ ਤੇ ਨੀਂਦ ਦੀਆਂ ਗੋਲੀਆਂ ਖਾ ਕੇ ਸੌਂਦਾ ਸੀ।

ਉਹ ਪੰਜਵਾਂ ਆਦਮੀ ਤੇ ਉਸ ਦੀ ਤਜਵੀਜ਼ ਤੋਂ ਮੂੰਹ ਬੰਦ ਹੋ ਜਾਣ ਵਾਲੇ ਦੋਵੇਂ ਯਹੂਦੀ ਪ੍ਰੋਫ਼ੈਸਰ ਆਪਣੇ ਪ੍ਰੋਜੈਕਟ ਦਾ ਨਿਰੀਖਣ ਕਰਾਉਣ ਵਾਸਤੇ ਅਸ਼ਰਫ਼ ਨੂੰ ਜਨਰਲ ਆਟੋਮੈਟਿਕ, ਸਾਨ ਡਿਆਗੋ ਲੈ ਆਏ ਤੇ ਉਸ ਨੂੰ ਮੈਡੀਕਲ ਨਿਰੀਖਣ ਲਈ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ । ਜਿਹੜਾ ਭੋਜਨ ਉਹਨੂੰ ਹਸਪਤਾਲ ਵਿਚ ਮਿਲਦਾ ਰਿਹਾ, ਉਸ ਨਾਲ ਫਾਇਦਾ ਹੋਣ ਦੀ ਬਜਾਏ ਮੇਦੇ (ਪੇਟ ਦਾ ਇਕ ਹਿੱਸਾ) ਦੀ ਅੰਦਰਲੀ ਸੋਜ ਵਿਚ ਵਾਧਾ ਹੁੰਦਾ ਗਿਆ। ਸਖ਼ਤ ਦਰਦ ਹੋਣ ਦੇ ਕਾਰਨ ਅਸ਼ਰਫ਼ ਦਾ ਇਕ ਨਿਊਰੋ-ਫਿਜੀਸ਼ਨ ਤੋਂ ਚੈੱਕਅਪ ਕਰਾਇਆ ਗਿਆ, ਜੀਹਨੇ ਤਿੰਨ ਦਿਨ ਕਈ ਪ੍ਰਕਾਰ ਦੀਆਂ ਦਵਾਈਆਂ ਤੇ ਟੀਕੇ ਲਾਉਣ ਤੋਂ ਮਗਰੋਂ ਓਹੀ ਨਿਊਰੋ-ਸਰਜਨ ਦਾ ਕੇਸ ਦੱਸ ਕੇ ਰੋਗੀ ਉਹਦੇ ਹਵਾਲੇ ਕਰ ਦਿੱਤਾ ।

ਦੋਵੇਂ ਯਹੂਦੀ ਪ੍ਰੋਫ਼ੈਸਰਾਂ ਨੇ ਪਹਿਲਾਂ ਤੋਂ ਸੂਚਿਤ ਨਿਊਰੋ ਸਰਜਨ ਨੂੰ ਹੋਰ ਵੇਰਵੇ ਦੇਂਦੇ ਹੋਏ ਕਿਹਾ ਕਿ ਅਸ਼ਰਫ਼ ਇਕ ਪਾਕਿਸਤਾਨੀ ਏ ਤੇ ਉਹਨੇ ਇੱਥੇ ਆ ਕੇ ਬਹੁਤ ਸਾਰੀ

ਨਿਊਕਲੀਅਰ ਜਾਣਕਾਰੀ ਪ੍ਰਾਪਤ ਕਰ ਲਈ ਏ। ਜੇਕਰ ਇਹ ਏਸ ਪਵਿੱਤਰ ਜਾਣਕਾਰੀ ਨਾਲ ਤੀਜੀ ਦੁਨੀਆ 'ਚ ਵਾਪਸ ਪਹੁੰਚ ਗਿਆ ਤਾਂ ਵਿਕਸ਼ਿਤ ਦੇਸ਼ਾਂ ਦਾ ਭੇਤ ਨੀਚ ਤੇ ਕਮਜਾਤ ਦੁਨੀਆ ਵਿਚ ਪਹੁੰਚ ਜਾਏਗਾ ਤੇ ਨੀਚ ਤੇ ਭੈੜੇ ਅਸਲੇ ਦੇ ਲੋਕ ਏਸ ਇਲਮ ਨੂੰ ਜਾਣ ਲੈਣਗੇ, ਜਿਹੜਾ ਕੇਵਲ ਗਾਡਜ਼, ਡੇ ਗਾਡਜ਼ ਤੇ ਸੁਪਰ ਹਿਊਮਨ ਬੀਇੰਗਜ਼ ਲਈ ਰਿਜ਼ਰਵ ਏ। ਅਸੀਂ ਏਸ ਨੂੰ ਜਿਉਂਦਾ ਵੀ ਰੱਖਣਾ ਚਾਹੁੰਦੇ ਹਾਂ ਕਿਉਂਕਿ ਇਹ ਏਸ ਦਾ 'ਹਿਊਮਨ ਰਾਈਟ' ਏ ਤੇ ਏਸ ਕੋਲੋਂ ਉਹ ਇਲਮ ਵੀ ਵਾਪਸ ਲੈ ਲੈਣਾ ਚਾਹੁੰਦੇ ਹਾਂ, ਜਿਹੜਾ ਸਾਡੀ ਵਿਰਾਸਤ ਏ ਤੇ ਜਿਹੜਾ ਸਾਡੀ ਬੇਧਿਆਨੀ ਕਰਕੇ ਏਸ ਨੇ ਪ੍ਰਾਪਤ ਕਰ ਲਿਆ ਏ।

ਨਿਊਰੋ-ਸਰਜਨ ਨੇ ਇਹ ਗੱਲ ਸੁਣ ਕੇ ਸਿਰ ਖੁਰਕਿਆ ਤੇ ਫੇਰ ਦੋਹਾਂ ਪ੍ਰੋਫੈਸਰਾਂ ਵੱਲ ਗਹੁ ਨਾਲ ਵੇਖਿਆ ਤੇ ਸਿਰ ਹਿਲਾ ਕੇ ਆਖਣ ਲੱਗਾ, "ਮੈਂ ਸਮਝ ਗਿਆ, ਬਿਲਕੁਲ ਸਮਝ ਗਿਆ...ਇਸ ਪ੍ਰੇਸ਼ਾਨੀ ਵਿਚ ਮੈਂ ਵੀ ਤੁਹਾਡੇ ਨਾਲ ਸਹਿਮਤ ਹਾਂ ।"

ਉਹਨੇ ਅਸ਼ਰਫ਼ ਨੂੰ ਡੀਪ ਸਿਲਪ ਦੀ ਇਕ ਨੀਲੀ ਗੋਲੀ ਦਿੱਤੀ ਤੇ ਫਿਰ ਉਹਦੀਆਂ ਪਲਕਾਂ ਖੋਲ੍ਹ ਕੇ ਚੜ੍ਹੀਆਂ ਹੋਈਆਂ ਪੁਤਲੀਆਂ ਨੂੰ ਧਿਆਨ ਨਾਲ ਵੇਖਿਆ। ਅਸ਼ਰਫ਼ 'ਤੇ ਬੇਹੋਸ਼ੀ ਦੀ ਨੀਂਦ ਦਾ ਅਸਰ ਸੀ । ਨਿਊਰੋ ਸਰਜਨ ਨੇ ਕੰਪਨੀ 'ਤੇ ਪੈਂਸਲ ਦੇ ਸਾਈਜ਼ ਦੀ ਗੋਲ ਟਿੱਕੀ ਕੱਟ ਕੇ ਲੇਜ਼ਰ ਦੀ ਬਰੀਕ ਨਾਲੀ ਉਸ ਸੁਰਾਖ਼ 'ਤੇ ਰੱਖ ਕੇ ਘਨੋੜਾ ਦੱਬ ਦਿੱਤਾ। ਇਕ ਸਕਿੰਟ ਦੇ ਹਜ਼ਾਰਵੇਂ ਹਿੱਸੇ ਵਿਚ ਅਸ਼ਰਫ਼ ਦੇ ਦਿਮਾਗ਼ ਦੀ ਯਾਦਦਾਸ਼ਤ ਵਾਲਾ ਭਾਗ ਮਿੱਟੀ ਬਣ ਕੇ ਕੇਰੀ-ਕੇਰੀ ਵਾਂਗ ਸਖ਼ਤ ਹੋ ਗਿਆ।

ਡਾਕਟਰ ਨੇ ਖੋਪੜੀ ਦੀ ਗੱਲ ਕੱਟੀ ਹੋਈ ਟਿੱਕੀ ਵਾਪਸ ਸੁਰਾਖ਼ 'ਚ ਫਿਟ ਕਰਕੇ ਤੇ ਟੇਪ ਲਗਾ ਦਿੱਤੀ ਤੇ ਤਿੰਨੇ ਜਣੇ ਮਰੀਜ਼ ਦੇ ਕਮਰੇ 'ਚੋਂ ਬਾਹਰ ਨਿਕਲ ਗਏ।

ਜਦੋਂ ਅਸ਼ਰਫ਼ ਗੂੜ੍ਹੀ ਨੀਂਦ 'ਚੋਂ ਜਾਗਿਆ ਤਾਂ ਉਹਨੂੰ ਬੜੀ ਭੁੱਖ ਲੱਗੀ ਹੋਈ ਸੀ ਪਰ ਉਹਨੂੰ ਚੇਤੇ ਨਹੀਂ ਸੀ ਆ ਰਿਹਾ ਕਿ ਭੁੱਖ ਕੀ ਹੁੰਦੀ ਏ ਤੇ ਏਸ ਵੇਲੇ ਉਹ ਪਹਿਲਾਂ ਕੀ ਕਰਦਾ ਰਿਹਾ ਏ ? ਫੇਰ ਉਸ ਨੇ ਕਮਰੇ ਨੂੰ, ਉਹਦੀਆਂ ਬਾਰੀਆਂ ਨੂੰ, ਬਾਰੀਆਂ ਦੇ ਪਰਦਿਆਂ ਨੂੰ ਧਿਆਨ ਨਾਲ ਵੇਖਿਆ ਤੇ ਹੈਰਾਨ ਜਿਹਾ ਹੋਣ ਲੱਗਾ ਕਿ ਇਹ ਸਾਰੀਆਂ ਕੀ ਚੀਜ਼ਾਂ ਹਨ ? ਤੇ ਇੱਥੇ ਕੀ ਕਰ ਰਹੀਆਂ ਹਨ ਤੇ ਇਨ੍ਹਾਂ ਨੂੰ ਏਸ ਤਰ੍ਹਾਂ ਕੀਹਨੇ ਬਣਾ ਦਿੱਤਾ ਏ ? ਉਹਨੇ ਆਪਣਾ ਹੱਥ ਚੁੱਕ ਕੇ ਵੇਖਿਆ ਤਾਂ ਉਹਨੂੰ ਚੇਤੇ ਆਇਆ ਕਿ ਇਹ ਉਹਦਾ ਹੱਥ ਏ । ਫੇਰ ਉਹਨੇ ਆਪਣੇ ਸਿਰ 'ਤੇ ਹੱਥ ਫੇਰਿਆ ਤਾਂ ਉਹਨੂੰ ਮਹਿਸੂਸ ਹੋਇਆ ਕਿ ਇਹ ਉਸ ਦਾ ਸਿਰ ਏ । ਕੰਨਪਟੀ ਦੇ ਉੱਤੇ ਇਕ ਨਿੱਕੀ ਜਿਹੀ ਚੇਪੀ ਲੱਗੀ ਸੀ ਪਰ ਅਸ਼ਰਫ਼ ਨੂੰ ਉਹਦਾ ਕੋਈ ਅਹਿਸਾਸ ਨਾ ਹੋਇਆ । ਹੌਲੀ-ਹੌਲੀ ਉਹਨੇ ਆਪਣਾ ਅੰਗ-ਅੰਗ ਪਛਾਣ ਲਿਆ ਪਰ ਉਹਨੂੰ ਇਹ ਨਾ ਪਤਾ ਲੱਗ ਸਕਿਆ ਕਿ ਉਹ ਆਪ ਕੌਣ ਏ ਤੇ ਇਹ ਕਿਹੜੀ ਥਾਂ ਏ, ਜਿੱਥੇ ਉਹ ਲੇਟਿਆ ਹੋਇਆ ਏ ?

ਇਲਮ ਦੀ ਹੈਂਕੜ ਵੀ ਅਜੀਬ ਹੈਂਕੜ ਏ । ਘੋੜਸਵਾਰ ਕੋਲ ਘੋੜਾ ਭਜਾਉਣ ਦਾ ਇਲਮ ਹੁੰਦਾ ਏ ਤਾਂ ਉਹ ਉਹਨੂੰ ਛਾਂਟਾ ਬਣਾ ਕੇ ਵਰਤਦਾ ਏ। ਮਹਾਵਤ ਆਪਣਾ ਇਲਮ ਅੰਕੁਸ਼ ਰਾਹੀਂ ਦੱਸਦਾ ਏ। ਬੁੱਧੀਮਾਨ, ਆਲਮ, ਚਿੰਤਕ, ਗਿਆਨੀ, ਵਿਦਵਾਨ ਬੰਦਾ ਆਪਣੇ ਇਲਮ ਦੀ ਸ਼ਕਤੀ ਨਾਲ ਲੋਕਾਂ ਦੇ ਅੰਦਰ ਵੜ ਜਾਂਦਾ ਏ ਤੇ ਉਨ੍ਹਾਂ ਦੀ



ਬੇਪਰਦਗੀ ਦਾ ਨਜ਼ਾਰਾ ਕਰਕੇ ਉੱਚਾ ਹੋ ਜਾਂਦਾ ਏ। ਇਲਮ ਵਾਲਾ ਤੁਹਾਨੂੰ ਕੁਝ ਦੇਂਦਾ ਨਹੀਂ, ਤੁਹਾਡੇ ਅਪਮਾਨ ਨੂੰ ਵੇਖ ਕੇ ਤੁਹਾਨੂੰ ਸ਼ਰਮਿੰਦਗੀ ਦਾ ਪ੍ਰਮਾਣ-ਪੱਤਰ ਦੇ ਜਾਂਦਾ ਏ। ਤੁਸੀਂ ਉਹਦੇ ਗਿਆਨ 'ਚੋਂ ਹਿੱਸਾ ਨਹੀਂ ਵੰਡਾ ਸਕਦੇ, ਜਿਹੜਾ ਵੀ ਗਿਆਨ ਏ, ਉਹਦਾ ਏ ਜੋ ਲਾਭਦਾਇਕ ਏ। ਪਰ ਉਹ ਇਲਮ ਜਿਹੜਾ ਪੁਰਾਣੀ ਗੁਰਬਾਣੀ ਦੀ ਤਰ੍ਹਾਂ ਢਿੱਲਾ ਹੋ ਜਾਂਦਾ ਏ, ਉਹ ਜ਼ਰੂਰ ਹੇਠਲੇ ਵਰਗ ਨੂੰ ਦੇ ਦਿੱਤਾ ਜਾਂਦਾ ਏ । ਜਿਵੇਂ ਪੁਰਾਣੇ ਲੀੜੇ ਬੜੀ ਮੁਹੱਬਤ ਨਾਲ ਖਾਨਦਾਨੀ ਨੌਕਰਾਂ ਨੂੰ ਦੇ ਦਿੱਤੇ ਜਾਂਦੇ ਹਨ ਤਾਂ ਬਸ ਇਕ ਅਨਪੜ੍ਹ ਹਨ ਜਿਹੜੇ ਆਪਣਾ ਸਭ ਕੁਝ ਬਿਨਾਂ ਕਿਸੇ ਭੇਦਭਾਵ ਦੇ ਸਾਰਿਆਂ ਨੂੰ ਦੇ ਦੇਂਦੇ ਹਨ ਤੇ ਉਹਦੀ ਕੋਈ ਕੀਮਤ ਨਹੀਂ ਮੰਨਦੇ । ਆਪਣਾ ਸਾਰਾ ਵਜੂਦ ਪੂਰੇ ਦਾ ਪੂਰਾ ਵਜੂਦ ਲੋਕਾ ਨੂੰ ਦੇ ਦੇਂਦੇ ਹਨ ਤੇ ਉਸ ਵਿਚੋਂ ਰਿਤੱਕਰ ਗਿਆਨ ਦੀਆਂ ਨਹਿਰਾਂ ਅਨਾਦੀ ਕਾਲ ਤਕ ਵਗਦੀਆਂ ਰਹਿੰਦੀਆਂ ਹਨ ਪਰ ਸਾਡੇ ਗਿਆਨ ਦਾ ਹੰਕਾਰ ਤਾਂ ਬੜਾ ਟੇਢਾ ਏ। ਇਹ ਹੰਕਾਰ ਬੰਦੇ ਨੂੰ ਬੰਦਾ ਨਹੀਂ ਸਮਝਦਾ ਪਰ ਉਸ ਕੋਲੋਂ 'ਡੇ' ਜ਼ਰੂਰ ਮਨਾਉਂਦਾ ਏ।

ਇਕ ਝਾਉਂ-ਮਾਊਂ ਮੂਰਖ, ਪਾਗਲ, ਅਸ਼ਰਫ਼ ਨੂੰ ਲੱਕੜੀ ਤੇ ਪਲਾਸਟਿਕ ਦੇ ਇਕ ਡੱਬੇ ਵਿਚ ਬਿਠਾ ਕੇ ਕੋਈ ਦੋ-ਢਾਈ ਸੌ ਪ੍ਰੋਫੈਸਰ, ਸਕਾਲਰ ਤੇ ਵਿਗਿਆਨਕ ਉਸ ਨੂੰ ਨਿਊਯਾਰਕ ਦੇ ਹਵਾਈ ਅੱਡੇ 'ਤੇ ਜਹਾਜ਼ 'ਤੇ ਚੜ੍ਹਾਉਣ ਆਏ। ਜਦੋਂ ਜਹਾਜ਼ ਟੈਕਸੀ ਕਰ ਰਿਹਾ ਸੀ ਤਾਂ ਉਨ੍ਹਾਂ ਸਾਰਿਆਂ ਨੇ ਲੰਮੇ ਵਰਾਂਡੇ 'ਚੋਂ ਆਪਣੇ ਹੱਥ ਹਵਾ ਵਿਚ ਲਹਿਰਾ ਕੇ ਅਸ਼ਰਫ਼ ਨੂੰ ਅਲਵਿਦਾ ਕਹੀ ਪਰ ਜਹਾਜ਼ ਦੇ ਅੰਦਰ ਬੈਠੇ ਹੋਏ ਅਸ਼ਰਫ਼ ਨੂੰ ਕੁਝ ਵੀ ਪਤਾ ਨਹੀਂ ਸੀ ਕਿ ਇਹ ਸਭ ਕੁਝ ਕੀ ਏ ਤੇ ਉਹ ਕੀ ਏ ? ਉਹਨੂੰ ਸਿਰਫ਼ ਇਹ ਈ ਅਨੁਮਾਨ ਸੀ ਕਿ ਉਸ ਦੇ ਆਲੇ-ਦੁਆਲੇ ਦੀ ਹਰ ਸ਼ੈਅ ਮਰ ਚੁੱਕੀ ਏ। ਇਕ ਸਿਰਫ਼ ਉਹ ਜਿਉਂਦਾ ਏ ਤੇ ਅਮਰ ਏ । ਏਸ ਭਰਪੂਰ ਦੁਨੀਆ ਵਿਚ ਹਰ ਚੀਜ਼ ਦੇ ਫਨਾ ਹੋ ਚੁੱਕਣ ਦਾ ਖ਼ਿਆਲ ਉਹਨੂੰ ਹੋਰ ਵੀ ਡਰਾ ਰਿਹਾ ਏ ਤੇ ਇਕੱਲਾ ਹੋਣ ਦੇ ਅਹਿਸਾਸ ਨੇ ਉਹਦੇ ਅੰਦਰ ਇਕ ਕੰਪਨ ਪੈਦਾ ਕਰ ਦਿੱਤਾ ਸੀ, ਜੀਹਦੇ ਕਰਕੇ ਉਹ ਲਗਾਤਾਰ ਕੰਬ ਰਿਹਾ ਸੀ। ਵੇਖੋ ਸਵੇਰੇ-ਸਵੇਰੇ ਫੇਰ ਆ ਕੇ ਬੈਠ ਗਿਆ, ਹਰਾਮਜ਼ਾਦਾ ।

# ਅੰਤਰ ਹੋਤ ਉਦਾਸੀ

—ਬਾਨੋ ਕੁਦਸੀਆ

*(28-11-1928)*

ਇਹ ਪਹਿਲੀ ਵਾਰੀ ਸੀ—

ਇਸ ਤੋਂ ਮਗਰੋਂ ਦੋ ਵਾਰੀ ਹੋਰ ਇਵੇਂ ਹੋਇਆ—ਬਿਲਕੁਲ ਇਵੇਂ ਈ।

ਜਦੋਂ ਮੇਰਾ ਖੱਬਾ ਪੈਰ ਬਾਂਸ ਦੀ ਪੌੜੀ ਦੇ ਆਖ਼ਰੀ ਡੰਡੇ 'ਤੇ ਸੀ ਤੇ ਮੇਰਾ ਸੱਜਾ ਪੈਰ ਵਿਹੜੇ ਦੀ ਕੱਚੀ ਮਿੱਟੀ ਤੋਂ ਛੇ ਇੰਚ ਉੱਚਾ ਸੀ ਤਾਂ ਪਿੱਛੋਂ ਮਾਂ ਨੇ ਮੇਰੇ ਵਾਲ ਇੰਜ ਫੜੇ ਜਿਵੇਂ ਨਵੇਂ-ਨਵੇਂ ਚੂਚੇ 'ਤੇ ਇੱਲ੍ਹ ਝਪਟਦੀ ਏ। ਮੇਰਾ ਸੰਤੁਲਨ ਕੁਝ ਇੰਜ ਵਿਗੜਿਆ ਕਿ ਮੈਂ ਕੱਪੜਿਆਂ ਵਾਲੀ ਗੰਢੜੀ ਵਾਂਗ ਧੈਂ ਦੇਣੇ ਕੱਚੀ ਜ਼ਮੀਨ 'ਤੇ ਜਾ ਡਿੱਗੀ। ਮਾਂ ਨੂੰ ਮੈਨੂੰ ਧੱਕਾ ਦੇਣ ਜਾਂ ਧੱਫਾ ਮਾਰਨ ਦੀ ਮੋਹਲਤ ਈ ਨਾ ਮਿਲੀ ਕਿਉਂਕਿ ਜਦੋਂ ਇਨਸਾਨ ਕਿਸੇ ਤੋਂ ਵਿਛੜ ਕੇ ਆ ਰਿਹਾ ਹੋਵੇ ਤਾਂ ਉਸ 'ਚ ਏਨੀ ਜਾਨ ਈ ਕਿੱਥੇ ਹੁੰਦੀ ਏ, ਮੈਨੂੰ ਇਕ ਫੂਕ ਵੀ ਚਾਰੇ-ਖਾਨੇ ਚਿੱਤ ਕਰ ਸਕਦੀ ਸੀ। ਮਾਂ ਨੇ ਤਾਂ ਫੇਰ ਹੁਝਕਾ ਮਾਰ ਕੇ ਮੇਰੇ ਵਾਲ ਝੰਜੋੜੇ ਸਨ।

"ਬੋਲ, ਬੋਲ ਏਸ ਤਿੱਖੜ ਦੁਪਹਿਰ 'ਚ ਤੂੰ ਕਿੱਥੋਂ ਆਈ ਐਂ ? ਆਵਾਰਾ, ਲਾਅਣਤੀਏ ਕਿੱਥੇ ਗਈ ਸੀ ਤੂੰ ਐਸ ਵੇਲੇ ? ਬੋਲ—ਗਰਮੀ ਐਨੀ ਕਿ ਛਾਂ 'ਚ ਵੀ ਧਰਤੀ ਪਾਟ ਜਾਏ ਤੇ ਤੂੰ ਸਿਖ਼ਰ ਕੋਠੇ 'ਤੇ ਕੀ ਕਰ ਰਹੀ ਸੀ ? ਨਾਖ਼ਸਮੀਏਂ ?"

ਮੈਂ ਚੁੱਪ ਰਹੀ।

"ਬੋਲ ਕੌਣ ਐਂ ਉੱਪਰ ? ਉੱਪਰ ਨਾ ਕੋਈ ਕਮਰਾ, ਨਾ ਟੱਟੀ...ਫੇਰ ਉੱਪਰ ਕੀ ਲੈਣ ਗਈ ਸੀ ਤੂੰ ? ਜਿਸ ਯਾਰ ਹਮਾਇਤੀ ਨੂੰ ਮਿਲਣ ਗਈ ਸੀ ਉਸਦਾ ਮੈਂ ਲਹੂ ਪੀ ਜਾਵਾਂਗੀ। ਦੱਸ ਉਸਦਾ ਨਾਂ ?"

ਮੈਂ ਹੋਰ ਵੀ ਗੂੰਗੀ ਹੋ ਗਈ।

ਮੇਰਾ ਲੱਬਾ ਵੀ ਬੜਾ ਚੁੱਪੂ ਆਦਮੀ ਸੀ। ਪਰ ਉਸਦੀ ਚੁੱਪ, ਉਸਦਾ ਗੂੰਗਾਪਨ, ਉਸਦੇ ਮੌਨ ਵਰਤ ਸਭ ਮਾਂ ਨੂੰ ਸਤਾਉਣ ਵਾਸਤੇ ਹੁੰਦੇ ਸੀ। ਉਸਨੂੰ ਮਾਂ ਨੂੰ ਤੜਫਾਉਣ 'ਚ ਬੜਾ ਮਜ਼ਾ ਆਉਂਦਾ ਸੀ। ਉਹ ਆਪਣੀਆਂ ਵੱਡੀਆਂ-ਵੱਡੀਆਂ ਮੁੱਛਾਂ ਹੇਠ ਮੁਸਕੁਰਾਉਂਦਾ ਰਹਿੰਦਾ ਪਰ ਮਾਂ ਦੀ ਕਿਸੇ ਗੱਲ ਦਾ ਜਵਾਬ ਨਾ ਦਿੰਦਾ। ਉਹ ਉਸ ਕਚਹਿਰੀ 'ਚ ਆਪਣੀ ਸਫ਼ਾਈ ਦੇ ਲਈ ਕਦੀ ਵੀ ਇਕ ਸ਼ਬਦ ਮੂੰਹੋਂ ਨਾ ਕੱਢਦਾ। ਇਸ ਚੁੱਪ ਵਿਚ ਲੱਬਾ ਦੀ ਸਾਰੀ ਇੱਜ਼ਤ ਤੇ ਜ਼ਿੰਦਗੀ ਭਰ ਦੀ ਜਿੱਤ ਸੰਭਲੀ ਹੋਈ ਸੀ। ਜਦੋਂ ਮਾਂ ਬੋਲ-ਬੋਲ ਕੇ ਹੰਭ



ਜਾਂਦੀ—ਤਾਅਨੇ, ਬਦਦੁਆਵਾਂ, ਸਿਲਵਤਾਂ, ਮਿਹਣੇ, ਸਿਸਕੀਆਂ ਸਭ ਵਾਰੀ ਨਾਲ ਆਪਣੀ ਵਾਰੀ ਲੈ ਹਟਦੀਆਂ ਤਾਂ ਮਾਂ ਕੰਧ ਨਾਲ ਖੜ੍ਹੀ ਮੰਜੀ ਵਿਹੜੇ 'ਚ ਡਾਹੁੰਦੀ ਤੇ ਉਸ 'ਤੇ ਮੂਧੇ ਮੂੰਹ ਪੈ ਜਾਂਦੀ। ਉਦੋਂ ਬਾਸੀ ਰੋਟੀ ਵਾਂਗ ਉਸਦੇ ਚਿਹਰੇ 'ਤੇ ਅਣਗਿਣਤ ਵੱਟ ਤੇ ਝੁਰੜੀਆਂ ਨਜ਼ਰ ਆਉਣ ਲੱਗਦੀਆਂ। ਮੈਨੂੰ ਮਾਂ 'ਤੇ ਬੜਾ ਤਰਸ ਆਉਂਦਾ। ਪਰ ਲੱਬਾ ਵੱਖਰੀ ਕਿਸਮ ਦਾ ਆਦਮੀ ਸੀ। ਔਰਤ, ਮਰਦ ਦੀ ਖੇਡ 'ਚ ਜਦੋਂ ਉਹ ਜਿੱਤ ਜਾਂਦਾ ਤਾਂ ਫੇਰ ਚਾਰਖਾਨਾਂ ਖੇਸ ਮੋਢੇ 'ਤੇ ਸੁੱਟ ਕੇ ਇੰਜ ਨਿਕਲ ਜਾਂਦਾ ਜਿਵੇਂ ਪਹਿਲਵਾਨ ਅਖਾੜੇ 'ਚੋਂ ਕੁਸ਼ਤੀ ਜਿੱਤ ਕੇ ਜਾਂਦੇ ਨੇ। ਮਾਂ ਮੇਰੇ ਤੇ ਲੱਬਾ ਦੇ ਦਰਮਿਆਨ ਲਗਾਤਾਰ, ਵਾਰ-ਵਾਰ, ਟਕਰਾਉਣ ਵਾਲੀ ਗੇਂਦ ਸੀ। ਗੇਂਦ ਕੰਧ ਨਾਲ ਟਕਰਾਉਂਦੀ ਤਾਂ ਟੱਪਾ ਖਾ ਕੇ ਲੱਬਾ ਵੱਲ ਜਾਂਦੀ। ਉੱਥੇ ਪੱਥਰ ਨਾਲ ਸਿਰ ਮਾਰ ਕੇ ਫੇਰ ਬੁੜ੍ਹਕਦੀ ਤੇ ਮੇਰੇ ਵੱਲ ਆ ਜਾਂਦੀ। ਮਾਂ ਦੀ ਸਾਰੀ ਉਮਰ ਇਸੇ ਦੌੜ ਤੇ ਪ੍ਰੇਸ਼ਾਨੀ 'ਚ ਲੰਘ ਗਈ ਤੇ ਸਾਰੀ ਉਮਰ ਉਸਨੂੰ ਪਤਾ ਨਾ ਲੱਗਿਆ ਕਿ ਇਹ ਖੇਡ ਸਿਰਫ਼ ਉਸਨੂੰ ਥਕਾਉਣ ਵਾਲੀ ਏ।

ਵੱਡੀ ਰਾਤ ਨੂੰ ਜਦੋਂ ਲੱਬਾ ਘਰ ਆਉਂਦਾ ਤਾਂ ਮਾਂ ਅਜਿਹੀ ਨੀਂਦ ਸੁੱਤੀ ਹੁੰਦੀ ਜਿਹੜੀ ਜੱਚਾ ਨੂੰ ਬੱਚਾ ਪੈਦਾ ਕਰਨ ਪਿੱਛੋਂ ਨਸੀਬ ਹੁੰਦੀ ਏ। ਮੈਂ ਕੁੰਡਾ ਖੋਲ੍ਹਦੀ, ਲੱਬਾ ਮੋਹ ਨਾਲ ਮੇਰੇ ਸਿਰ 'ਤੇ ਹੱਥ ਫੇਰਦਾ ਤੇ ਚੁੱਪਚਾਪ ਅੰਦਰ ਆ ਜਾਂਦਾ। ਲੱਬਾ ਦੀ ਹਰ ਗੱਲ ਬਿਨਾਂ ਕਹੇ ਮੈਨੂੰ ਸਮਝ ਆਉਂਦੀ ਸੀ ਤੇ ਮਾਂ ਦੀਆਂ ਗੱਲਾਂ ਅਜਿਹੀਆਂ ਹੁੰਦੀਆਂ ਸਨ ਕਿ ਜਿਵੇਂ ਗੁੰਨ੍ਹੇ ਆਟੇ ਦੀ ਭਰੀ ਪਰਾਤ 'ਤੇ ਮੱਖੀਆਂ ਈ ਮੱਖੀਆਂ ਭਿਣਭਿਣਾ ਰਹੀਆਂ ਹੋਣ। ਮੇਰੇ ਪੱਲੇ ਕਦੀ ਕੁਝ ਨਾ ਪੈਂਦਾ।

ਲੱਬਾ ਬੜਾ ਚੁੱਪੂ ਆਦਮੀ ਸੀ ਪਰ ਲੱਬਾ ਦੀ ਚੁੱਪ 'ਚ ਵੀ ਇਕ ਚਾਲ ਸੀ।

ਮੈਂ ਲੱਬਾ ਵਾਂਗ ਚੁੱਪੂ ਨਈਂ। ਮੇਰੀ ਚੁੱਪ ਹਵੇਲੀ ਦੇ ਮੁੱਖ ਦਰਵਾਜ਼ੇ 'ਚ ਪੈਰਾਂ ਕੋਲ ਡਿੱਗੇ ਉਸ ਜ਼ਿੰਦਰੇ ਵਰਗੀ ਏ ਜਿਸਨੂੰ ਪਿਛਲੀ ਰਾਤ ਚੋਰ ਦਰਵਾਜ਼ੇ ਦੇ ਕੁੰਡੇ ਨਾਲੋਂ ਲਾਹ ਕੇ ਸੁੱਟ ਗਏ ਹੋਣ। ਅਜਿਹਾ ਜ਼ਿੰਦਰਾ ਬੜਾ ਕੁਛ ਕਹਿੰਦਾ ਏ ਪਰ ਕੋਈ ਤਫ਼ਸੀਲ ਬਿਆਨ ਕਰਨ ਤੋਂ ਵਾਂਝਾ ਰਹਿੰਦਾ ਏ। ਉਹ ਸਾਰੀ ਵਾਰਦਾਤ ਜਾਣਦਾ ਹੁੰਦਾ ਏ ਪਰ ਆਪਣੀ ਸਫ਼ਾਈ ਵਿਚ ਕੁਛ ਨਈਂ ਕਹਿ ਸਕਦਾ। ਹਿਫ਼ਾਜਤ ਨਾ ਕਰ ਸਕਣ ਦਾ ਦੁੱਖ, ਆਪਣੇ ਹੇਜ ਦਾ ਅਹਿਸਾਸ, ਆਪਣੇ ਮਾਲਕ ਨਾਲ ਡਾਢੀ ਦਗ਼ਾਬਾਜ਼ੀ ਦਾ ਹੈਰਾਨੀ ਭਰਿਆ ਸਪੱਸ਼ਟ ਐਲਾਨ, ਉਸਨੂੰ ਗੁੰਮਸੁੰਮ ਕਰ ਦਿੰਦਾ ਏ। ਮੇਰੀ ਤੇ ਲੱਬਾ ਦੀ ਚੁੱਪ 'ਚ ਬੜਾ ਫ਼ਰਕ ਏ। ਲੱਬਾ ਉਹਨਾਂ ਉੱਚੇ ਪਹਾੜਾਂ ਵਾਂਗ ਚੁੱਪ ਸੀ ਜਿਹਨਾਂ ਦੇ ਪੈਰਾਂ 'ਚ ਲਹਿਰਾਂ ਸ਼ੋਰ ਮਚਾ ਰਹੀਆਂ ਹੁੰਦੀਆਂ ਨੇ। ਮੇਰੀ ਚੁੱਪ ਉਸ ਲਾਵੇ ਵਰਗੀ ਸੀ ਜਿਹੜਾ ਜ਼ਮੀਨ ਅੰਦਰ ਉੱਬਲਦਾ, ਰਿੱਝਦਾ, ਸੜਦਾ, ਵਹਿੰਦਾ ਕਿਤੇ ਦਾ ਕਿਤੇ ਟੁਰ ਜਾਂਦਾ ਏ।

"ਬੋਲ, ਚੁੱਪ ਕਿਓਂ ਖੜ੍ਹੀ ਐਂ ਆਪਣੇ ਕੁੱਪਤੇ ਪਿਓ ਵਾਂਗ ? ਬੋਲ ਕਿਸ ਯਾਰ ਦੀ ਬੁੱਕਲ ਨਿੱਘੀ ਕਰਕੇ ਆਈ ਐਂ ਨਾਮੁਰਾਦੇ ?" ਉਸ ਮੁਸੀਬਤ ਹੱਥੋਂ ਤੰਗ ਲੱਬਾ ਨੇ ਕੁਝ ਸਾਲ ਪਹਿਲਾਂ ਬੜੀ ਲੰਮੀ ਚੁੱਪ ਧਾਰ ਲਈ ਸੀ। ਉਹ ਸਫ਼ਾਈ ਪੇਸ਼ ਕਰਨ ਦੇ ਝੰਜਟ ਤੋਂ ਸੁਰਖ਼ਰੂ ਹੋ ਕੇ ਲੰਮੀ ਤਾਨ ਕੇ ਸੌਂ ਗਿਆ ਸੀ। ਮੈਂ ਮਾਂ ਨੂੰ ਕੀ ਦੱਸਦੀ ? ਕਿੱਥੋਂ ਸ਼ੁਰੂ ਕਰਦੀ ? ਤੇ ਕਿੱਥੇ ਜਾ ਕੇ ਮੁਕਾਉਂਦੀ ?

"ਕੁੱਤੀਏ, ਸਾਡਾ ਕੋਠਾ ਸਾਰੇ ਮਹੱਲੇ ਤੋਂ ਨੀਵਾਂ ਐ। ਕਿਸ-ਕਿਸ ਨੇ ਤੈਨੂੰ ਆਉਂਦੇ-ਜਾਂਦੇ ਨਾ ਦੇਖਿਆ ਹੋਊ, ਬੋਲ? ਕਦੋਂ ਦਾ ਇਹ ਸਿਲਸਿਲਾ ਚੱਲ ਰਿਹੈ? ਕਿਹੜਾ ਮਹੀਨਾ ਲੱਗਿਐ? ਦੱਸ ਜਲਦੀ, ਕੋਈ ਡਾਕਟਰ, ਦਾਈ ਤਾਂ ਕਰ ਮਰਾਂ ਇੱਜ਼ਤ ਗੰਵਾਣ ਤੋਂ ਪਹਿਲਾਂ।"

ਯਕਦਮ ਅੱਥਰੂ ਮੇਰੀਆਂ ਅੱਖਾਂ 'ਚੋਂ ਵਹਿਣ ਲੱਗੇ।

ਹੁਣੇ ਥੋੜ੍ਹੀ ਦੇਰ ਪਹਿਲਾਂ ਉਸ ਨੇ ਵੀ ਮੇਰੀ ਗੁੱਤ ਫੜ ਕੇ ਇਹੀ ਕਿਹਾ ਸੀ। ਮੈਂ ਅੰਮਾ ਨੂੰ ਕੀ ਦੱਸਦੀ ਕਿ ਹੁਣੇ-ਹੁਣੇ ਮੈਂ ਉਸਦੇ ਮੂੰਹੋਂ ਵੀ ਇਹੀ ਸੁਣ ਕੇ ਆਈ ਆਂ। "ਬੋਲ ਦੱਸਦੀ ਕਿਉਂ ਨਈਂ, ਰੋਈ ਕਿਉਂ ਜਾਨੀਂ ਐਂ। ਕਿਸੇ ਡਾਕਟਰਨੀ ਦੀ ਲੋੜ ਐ ਤਾਂ ਖ਼ਰਚ ਮੈਂ ਕਰਾਂਗਾ। ਬੋਲ ਰੋਈ ਕਿਉਂ ਜਾਨੀਂ ਐਂ, ਕੁਛ ਦੱਸਦੀ ਕਿਉਂ ਨਈਂ?" ਨਾ ਮੈਂ ਉਸਨੂੰ ਕੁਛ ਦੱਸ ਸਕੀ, ਨਾ ਲੱਬਾ ਨੂੰ। ਬਚਪਨ ਤੋਂ ਮੈਨੂੰ ਇੰਜ ਲੱਗਦਾ ਏ ਕਿ ਜੇ ਮੈਂ ਕਿਸੇ ਨੂੰ ਕੁਛ ਕਿਹਾ ਤਾਂ ਸਮਝੇਗਾ ਨਈਂ। ਉਲਟਾ ਨਾ ਸਮਝ ਕੇ ਮੇਰਾ ਦੁਸ਼ਮਣ ਬਣ ਜਾਏਗਾ।

ਮੈਂ ਕੱਚੀ ਮਿੱਟੀ ਤੋਂ ਉੱਠੀ ਤੇ ਅੰਦਰ ਗੁਸਲਖ਼ਾਨੇ 'ਚ ਚਲੀ ਗਈ।

ਮਾਂ ਕੁਛ ਚਿਰ ਦਰਵਾਜ਼ਾ ਖੜਕਾਉਂਦੀ ਰਹੀ। ਫੇਰ ਤਾਅਨੇ, ਸਿਲਵਤਾਂ, ਬਦਦੁਆਵਾਂ ਜਾਰੀ ਹੋਈਆਂ। ਉਹਨਾਂ ਦਾ ਸਟਾਕ ਖ਼ਤਮ ਹੋ ਗਿਆ ਤਾਂ ਉਹ ਦੇਰ ਤਕ ਦਰਵਾਜ਼ੇ ਨਾਲ ਲੱਗ ਕੇ ਰੋਂਦੀ ਰਹੀ। ਫੇਰ ਉਸਨੇ ਆਪਣੀ ਪੁਰਾਣੀ ਤਕਨੀਕ ਇਸਤੇਮਾਲ ਕੀਤੀ। ਵਿਹੜੇ 'ਚ ਮੰਜੀ 'ਤੇ ਲੇਟ ਗਈ ਤੇ ਮੇਰੇ ਜੰਮਣ ਤੋਂ ਲੈ ਕੇ ਅੱਜ ਤਕ ਦੀਆਂ ਸਾਰੀਆਂ ਘਟਨਾਵਾਂ ਉੱਚੀ-ਉੱਚੀ ਦੁਹਰਾਉਣ ਲੱਗੀ। ਮੇਰਾ ਹਮਲ ਉਸ 'ਤੇ ਕੇਡਾ ਭਾਰੀ ਸੀ? ਮੇਰੇ ਜੰਮਣ 'ਤੇ ਉਸਨੇ ਕਿੰਨੀ ਤਕਲੀਫ਼ ਝੱਲੀ ਕੀਤੀ ਸੀ। ਫੇਰ ਕਿਵੇਂ ਮੇਰੇ ਖ਼ਸਰਾ ਨਿਕਲ ਆਇਆ ਤੇ ਉਹਨੇ ਪੂਰੇ ਉੱਨੀ ਦਿਨ ਮੈਨੂੰ ਗੋਦੀਓਂ ਨਈਂ ਸੀ ਲਾਹਿਆ ਤੇ ਮੰਜੇ 'ਤੇ ਬੈਠੀ ਜਾਂ ਲੇਟੀ ਰਹੀ ਸੀ। ਮੈਨੂੰ ਪਾਲਨ ਤੇ ਵੱਡੀ ਕਰਨ 'ਚ ਉਸਨੂੰ ਜੋ-ਜੋ ਮੁਸ਼ਕਲਾਂ, ਔਕੜਾਂ ਝੱਲਨੀਆਂ ਪਈਆਂ, ਜੋ-ਜੋ ਕੁਰਬਾਨੀਆਂ ਦੇਣੀਆਂ ਪਈਆਂ ਉਹਨਾਂ ਦਾ ਅੱਖੀਂ ਡਿੱਠਾ ਹਾਲ ਬਿਆਨ ਕਰਦਿਆਂ-ਕਰਦਿਆਂ ਸ਼ਾਮ ਲੱਥ ਆਈ।

ਜਦੋਂ ਮੈਂ ਬਾਹਰ ਨਿਕਲੀ ਤਾਂ ਮਾਂ ਦੀ ਸਾਰੀ ਗੈਸ-ਭੜਾਸ ਨਿਕਲ ਚੁੱਕੀ ਸੀ। ਉਹ ਕਿਸੇ ਛੋਟੇ ਮਾਸੂਮ ਬਾਲ ਵਾਂਗ, ਉਲਾਣੀ ਮੰਜੀ 'ਤੇ ਘੂਕ ਸੁੱਤੀ ਪਈ ਸੀ ਤੇ ਉਸਦੀ ਖੱਬੀ ਗੱਲ੍ਹ 'ਤੇ ਵਾਣ ਦੀਆਂ ਰੱਸੀਆਂ ਦਾ ਜਾਲ ਜਿਹਾ ਬਣਿਆ ਹੋਇਆ ਸੀ। ਸ਼ਾਮ ਨੂੰ ਨਿੰਮ ਦੇ ਰੁੱਖ 'ਤੇ ਅਣਗਿਣਤ ਚਿੜੀਆਂ ਚਹਿਚਹਾ ਰਹੀਆਂ ਸਨ ਪਰ ਮਾਂ ਨੂੰ ਉਹਨਾਂ ਦੇ ਰੌਲੇ ਦੀ ਸੁੱਧ ਨਈਂ ਸੀ। ਉਦੋਂ ਜੇ ਮੈਂ ਕਿਸੇ ਨਾਲ ਭੱਜ ਜਾਂਦੀ ਤਾਂ ਵੀ ਮਾਂ ਨੂੰ ਪਤਾ ਨਈਂ ਸੀ ਲੱਗਣਾ।

ਪਰ ਮੈਂ ਭੱਜਦੀ ਕਿਸ ਦੇ ਨਾਲ? ਜਿਹਨਾਂ ਔਰਤਾਂ ਨੂੰ ਮਰਦ ਭਜਾ ਲੈ ਜਾਂਦੇ ਨੇ ਖ਼ੁਦਾ ਜਾਣੇ ਉਹ ਕਿਹੋ-ਜਿਹੀਆਂ ਹੁੰਦੀਆਂ ਨੇ? ਸਾਡੇ ਵਰਗੀਆਂ ਕੁੜੀਆਂ ਨਾਲ ਤਾਂ ਕੋਈ ਭਜਾ ਲੈ ਕੇ ਜਾਣ ਦਾ ਵਾਅਦਾ ਵੀ ਨਈਂ ਕਰਦਾ!

ਮੈਂ ਚੁੱਪਚਾਪ ਮੰਜੀ ਦੇ ਪਾਵੇ ਨਾਲ ਸਿਰ ਜੋੜ ਕੇ ਬੈਠ ਗਈ। ਮਾਂ ਦੇ ਸਿਵਾਏ ਇਸ ਦੁਨੀਆ 'ਚ ਮੇਰਾ ਸੀ ਵੀ ਕੌਣ। ਲੱਬਾ ਦਾ ਵੀ ਸਿਵਾਏ ਮਾਂ ਦੇ ਦੁਨੀਆ 'ਚ ਹੋਰ ਕੋਈ ਨਈਂ ਸੀ। ਉਹ ਲੱਖ ਵਾਰੀ ਘਰੋਂ ਗਿਆ ਤੇ ਫੇਰ ਇਸ ਲਈ ਪਰਤ ਆਇਆ ਕਿ



ਉਸ ਖੋਟੇ ਸਿੱਕੇ ਨੂੰ ਸੰਭਾਲ ਕੇ ਰੱਖਣ ਵਾਲੀ ਇਕੋ ਤਿਜੋਰੀ ਸੀ। ਮੇਰਾ ਲੱਬਾ ਏਨਾ ਨਿਖੱਟੂ ਸੀ ਕਿ ਮੂੰਹ 'ਤੇ ਭਿਣਕਣ ਵਾਲੀਆਂ ਮੱਖੀਆਂ ਵੀ ਆਖ਼ਰ ਆਪੇ ਉਸਨੂੰ ਛੱਡ ਜਾਂਦੀਆਂ। ਉਹ ਬੜਾ ਘੱਟ ਖਾਂਦਾ ਸੀ ਕਿਉਂਕਿ ਉਸਨੂੰ ਬੁਰਕੀਆਂ ਤੋੜਨ 'ਚ ਵੀ ਥਕੇਵਾਂ ਹੋ ਜਾਂਦਾ ਸੀ। ਅੱਧੇ ਪਿੰਡੇ ਤੋਂ ਵੱਧ ਕਦੇ ਇਕੋ ਵਾਰ ਸਾਬਨ ਨਈਂ ਸੀ ਲਾ ਸਕਦਾ। ਇਸ ਲਈ ਉਹ ਨਹਾਉਣ ਤੋਂ ਜੀਅ ਚੁਰਾਉਂਦਾ। ਸਰਦੀਆਂ 'ਚ ਬਿਨਾਂ ਰਜਾਈ ਦੇ ਪਿਆ ਰਹਿੰਦਾ। ਗਰਮੀਆਂ 'ਚ ਪਸੀਨੇ ਨਾਲ ਨਹਾਇਆ ਰਹਿੰਦਾ ਪਰ ਪੱਖਾ ਕਦੇ ਨਈਂ ਸੀ ਝੱਲਦਾ। ਲੱਬਾ ਉਸ ਘੁੱਤੀ ਵਰਗਾ ਸੀ ਜਿਹੜੀ ਬੱਚੇ ਗੁੱਲੀ ਡੰਡਾ ਖੇਡਣ ਵੇਲੇ ਪੁੱਟ ਲੈਂਦੇ ਨੇ। ਕਦੀ-ਕਦੀ ਬਰਸਾਤੀ ਪਾਣੀ ਉਸ 'ਚ ਆਪਣੇ-ਆਪ ਭਰ ਜਾਂਦਾ ਏ ਵਰਨਾ ਵਧੇਰੇ ਉਮਰ ਉਸਦੀ ਖੁੱਲ੍ਹੇ ਮੂੰਹ ਈ ਬੀਤਦੀ ਏ।

ਮਾਂ ਨੇ ਸਾਰੀ ਉਮਰ ਲੱਬਾ ਦਾ ਸਾਥ ਦਿੱਤਾ। ਬੋਲ ਕੇ, ਤਾਅਨੇ ਦੇ ਕੇ, ਅੱਕ-ਖਿਝ ਕੇ, ਰੋ-ਧੋ ਕੇ ਦਿੱਤਾ, ਪਰ ਦਿੱਤਾ।

ਦੋਵਾਂ ਪੱਕੀਆਂ ਕੰਧਾਂ ਨਾਲ ਸਿਰ ਮਾਰ-ਮਾਰ ਕੇ ਮਾਂ ਬੁੱਢੀ ਹੋ ਗਈ। ਉਸ ਬੁੱਢੀ ਅੜੀਲ, ਢੀਠ ਜਾਨ ਨੂੰ ਮੈਂ ਕੀ ਦੱਸਦੀ—ਕਿੱਥੋਂ ਗੱਲ ਸ਼ੁਰੂ ਕਰਦੀ ਤੇ ਕਿੱਥੇ ਜਾ ਕੇ ਖ਼ਤਮ ਕਰਦੀ?

ਸਾਡੇ ਘਰ ਉਸ ਚੀਜ਼ ਦੀ ਥੁੜੋਂ ਸੀ ਜਿਸ ਨਾਲ ਜ਼ਿੰਦਗੀ ਪ੍ਰਵਾਨ ਚੜ੍ਹਦੀ ਏ, ਖ਼ੁਸ਼ਹਾਲ ਹੁੰਦੀ ਏ। ਦੌਲਤ, ਸ਼ਰਾਫ਼ਤ, ਮੁਹੱਬਤ ਇਹਨਾਂ ਚੀਜ਼ਾਂ ਦਾ ਹਮੇਸ਼ਾ ਘਾਟਾ-ਟੋਟਾ ਰਿਹਾ। ਸਾਨੂੰ ਹਰ ਚੀਜ਼ ਇੰਜ ਮਿਲੀ ਕਿ ਸਾਹ ਵਗਦੇ ਰਹਿਣ ਪਰ ਉਹਨਾਂ ਦੇ ਆਸਾਰ ਖੁੱਲ੍ਹ ਕੇ ਜ਼ਾਹਰ ਨਾ ਹੋਣ। ਜਦੋਂ ਮੈਂ ਤਿੰਨ ਸਾਲ ਦੀ ਹੋਈ ਉਦੋਂ ਦੀ ਮਾਂ ਇਕ ਨੇੜੇ ਦੀ ਫ਼ੈਕਟਰੀ 'ਚ ਕੰਮ ਕਰਨ ਜਾਣ ਲੱਗੀ ਸੀ। ਲੱਬਾ ਤੇ ਮੈਂ ਘਰ ਰਹਿਣ ਲੱਗੇ ਸਾਂ। ਅਸੀਂ ਦੋਵੇਂ ਆਪਣੀ ਆਪਣੀ ਚੁੱਪ ਦੇ ਕਿਲੇ 'ਚ ਬੰਦ ਸਾਰਾ ਦਿਨ ਕੋਲੋ ਕੋਲ ਬੈਠੇ ਰਹਿੰਦੇ ਹੋਏ ਵੀ ਬੜੀ ਦੂਰ-ਦੂਰ ਰਹਿੰਦੇ। ਲੱਬਾ ਜਦੋਂ ਘਰ ਹੁੰਦਾ ਤਾਂ ਇੰਜ ਲੱਗਦਾ ਜਿਵੇਂ ਕਿਧਰੇ ਬਾਹਰ ਗਿਆ ਹੋਇਆ ਏ ਤੇ ਜਦੋਂ ਬਾਹਰ ਹੁੰਦਾ ਤਾਂ ਲੱਗਦਾ ਕਿ ਏਧਰ-ਉੱਧਰ ਈ ਕਿਤੇ ਹੋਣਾ ਏ!

ਕੁਛ ਅਰਸਾ ਮੈਂ ਸਕੂਲ ਜਾਂਦੀ ਰਹੀ, ਫੇਰ ਇਹ ਸਿਲਸਿਲਾ ਖ਼ਰਚਾ ਵੱਧ ਹੋਣ ਕਰਕੇ ਬੰਦ ਹੋ ਗਿਆ। ਇਹ ਵੀ ਚੰਗਾ ਹੋਇਆ ਕਿਉਂਕਿ ਸਕੂਲ ਮੈਨੂੰ ਚਿੱਤੋਂ ਬੁਰਾ ਲੱਗਦਾ ਸੀ। ਉੱਥੇ ਸਾਰੀਆਂ ਕੁੜੀਆਂ ਬੜੀਆਂ ਖ਼ੁਸ਼-ਖ਼ੁਸ਼ ਆਉਂਦੀਆਂ ਸੀ। ਉਹਨਾਂ ਕੋਲ ਕਰਨ ਤੇ ਦੱਸਣ ਲਈ ਐਨੀਆਂ ਸਾਰੀਆਂ ਗੱਲਾਂ ਹੁੰਦੀਆਂ ਸੀ ਕਿ ਉਹ ਮਾਸਟਰਨੀ ਦੇ ਪੜ੍ਹਾਉਣ ਵੇਲੇ ਵੀ ਪਰਚੀਆਂ ਤੇ ਸੁਨੇਹੇ ਲਿਖ-ਲਿਖ ਇਕ ਦੂਜੀ ਤਕ ਪਹੁੰਚਾਉਂਦੀਆਂ ਰਹਿੰਦੀਆਂ। ਮੈਨੂੰ ਮੇਰੀ ਕਲਾਸ ਦੀਆਂ ਕੁੜੀਆਂ 'ਬਿੱਲ ਬਤੌਰੀ ਨਾਸਾਂ ਚੌੜੀ' ਕਹਿ ਕੇ ਛੇੜਦੀਆਂ ਸੀ ਪਰ ਮੈਂ ਉਹਨਾਂ ਨੂੰ ਕਦੀ ਪਲਟ ਕੇ ਕੁਝ ਨਈਂ ਸੀ ਕਹਿੰਦੀ। ਪਰ ਉਹਨਾਂ ਦੀ ਛੇੜ-ਛਾੜ ਉਹਨਾਂ ਤਾਅਨਿਆਂ-ਮਿਹਣਿਆਂ ਦੇ ਮੁਕਾਬਲੇ ਫੁੱਲਾਂ ਦੀ ਸੋਟੀ ਸੀ ਜਿਸ ਨੂੰ ਮੇਰਾ ਦਿਲ ਖ਼ੁਸ਼ੀ-ਖ਼ੁਸ਼ੀ ਬਰਦਾਸ਼ਤ ਕਰ ਲੈਂਦਾ। ਸਕੂਲ 'ਚੋਂ ਹਟ ਕੇ ਮੇਰੀ ਜ਼ਿੰਦਗੀ ਫੇਰ ਖੂਹ ਦੀ ਮਾਲ੍ਹ ਬਣ ਗਈ। ਹਰ ਵੇਲੇ ਉਹੀ ਸਵੇਰੇ-ਸ਼ਾਮ, ਚੂਲੀ ਕੁ ਪਾਣੀ, ਚਾਲ੍ਹੇ ਵਰਗੀ ਜ਼ਿੰਦਗੀ। ਕੋਈ ਨਵੀਂ ਗੱਲ ਨਈਂ, ਕੋਈ ਨਵੇਂਕਲਾਪਨ ਨਈਂ।

ਫੇਰ ਲੱਬਾ ਮਰ ਗਿਆ।

ਉਸ ਰਾਤ ਵੀ ਉਸਨੇ ਚਾਰਖ਼ਾਨਾ ਖੇਸ ਲਿਆ ਹੋਇਆ ਸੀ ਤੇ ਆਪਣੀ ਚੁੱਪ ਦੇ ਪੰਘੂੜੇ 'ਚ ਪਿਆ ਪਿਆ ਹਮੇਸ਼ਾ ਲਈ ਚੁੱਪ ਹੋ ਗਿਆ ਸੀ। ਮਾਂ ਦੰਗ ਰਹਿ ਗਈ ਸੀ—ਨਾ ਉਸਨੇ ਉੱਚੀ-ਉੱਚੀ ਵੈਣ ਪਾਏ, ਨਾ ਕੰਧਾਂ ਨਾਲ ਟੱਕਰਾਂ ਮਾਰੀਆਂ। ਬਸ ਰੜੀ ਜ਼ਮੀਨ 'ਤੇ ਬੈਠੀ ਡੌਰਿਆਂ ਵਾਂਗ ਦੇਖਦੀ ਰਹੀ। ਨਾ ਕੋਈ ਸਾਡਾ ਰਿਸ਼ਤੇਦਾਰ ਆਇਆ, ਨਾ ਕੁਰਾਨ ਖ਼ਤਮ ਹੋਏ, ਨਾ ਗੁਠਲੀਆਂ ਪੜ੍ਹੀਆਂ ਗਈਆਂ—ਬਸ ਮਹੱਲੇ ਵਾਲਿਆਂ ਨੇ ਚੰਦਾ 'ਕੱਠਾ ਕਰਕੇ ਮਾਂ ਦੇ ਸਿਰ ਦਾ ਬੋਝ ਲਾਹ ਦਿੱਤਾ ਤੇ ਤੀਜੇ ਤੋਂ ਬਾਅਦ ਮਾਂ ਫੇਰ ਫ਼ੈਕਟਰੀ ਜਾਣ ਲੱਗ ਪਈ।

ਹੁਣ ਲੱਬਾ ਹਰ ਵੇਲੇ ਘਰ ਰਹਿੰਦਾ।

ਉਸੇ ਲੱਬਾ ਤੋਂ ਡਰ ਕੇ ਮੈਂ ਕੋਠੇ 'ਤੇ ਚੜ੍ਹ ਜਾਂਦੀ। ਸਾਡੇ ਘਰ ਦੀ ਛੱਤ ਦੇ ਉੱਚੇ-ਉੱਚੇ ਬਨੇਰੇ ਨਈਂ ਸਨ। ਬਸ ਛੋਟੀਆਂ ਵੱਟਾਂ ਸਨ ਜਿਹਨਾਂ ਦੀ ਸੁੱਕੀ ਮਿੱਟੀ 'ਚੋਂ ਘੁੰਡੀਆਂ ਦੇ ਡੱਕਰੇ ਚਮਕਦੇ ਰਹਿੰਦੇ ਨੇ। ਇਸ ਬਨੇਰੇ 'ਤੇ ਬੈਠੀ ਨੂੰ ਮੈਨੂੰ ਮੋੜ ਤੋਂ ਆਉਂਦੀ ਹੋਈ ਮਾਂ ਦਿਖਾਈ ਦਿੰਦੀ ਤਾਂ ਮੈਂ ਹੇਠਾਂ ਉੱਤਰ ਜਾਂਦੀ। ਮਹੱਲੇ 'ਚ ਬੜੀਆਂ ਕੁੜੀਆਂ ਸਨ ਪਰ ਮੇਰੀ ਚੁੱਪ ਦਾ ਬੂਹਾ ਖੜਕਾ-ਖੜਕਾ ਸਾਰੀਆਂ ਅੱਕ ਗਈਆਂ ਸਨ। ਹੁਣ ਮੈਂ ਸੀ, ਕੋਠੜੀ ਦਾ ਬਨੇਰਾ, ਆਸਮਾਨ 'ਤੇ ਉੱਡਣ ਵਾਲੀਆਂ ਇੱਲ੍ਹਾਂ, ਮਹੱਲੇ ਦੇ ਕਬੂਤਰ ਤੇ ਸ਼ਾਮ ਨੂੰ ਵਾਪਸ ਆਉਣ ਵਾਲੇ ਕਾਂਵਾਂ ਦੀਆਂ ਕਤਾਰਾਂ।

ਇਕ ਦਿਨ ਛੋਟੇ ਕੋਠੇ ਤੋਂ ਮੈਨੂੰ ਸੀਟੀ ਦੀ ਆਵਾਜ਼ ਸੁਣਾਈ ਦਿੱਤੀ। ਉਦੋਂ ਮੈਨੂੰ ਪਤਾ ਨਈਂ ਸੀ ਕਿ ਸੀਟੀ ਵਜਾਉਣ ਵਾਲਾ ਕਦੇਰ ਖੋਖੇ ਵਾਲਾ ਏ। ਉਦੋਂ ਮੈਨੂੰ ਇਹ ਵੀ ਪਤਾ ਨਈਂ ਸੀ ਕਿ ਕਦੇਰ ਦੇ ਪੰਜ ਬੱਚੇ ਨੇ ਤੇ ਉਸਦੀ ਬੀਵੀ ਮੁਹੱਲੇ ਦੀ ਸਭ ਤੋਂ ਖ਼ੂਬਸੂਰਤ ਔਰਤ ਏ। ਮੈਨੂੰ ਤਾਂ ਸਿਰਫ਼ ਏਨਾ ਦਿਖਾਈ ਦੇ ਰਿਹਾ ਸੀ ਕਿ ਕਦੇਰ ਦਾ ਪੱਕਾ ਘਰ ਸਾਰੇ ਮੁਹੱਲੇ 'ਚੋਂ ਸੋਹਣਾ ਤੇ ਉੱਚਾ ਸੀ। ਉਸ ਦੀਆਂ ਖਿੜਕੀਆਂ 'ਚ ਪਰਦੇ ਲੱਗੇ ਹੋਏ ਸਨ ਤੇ ਉਸ ਦੀਆਂ ਕੰਧਾਂ 'ਚ ਜਾਲੀਆਂ ਬਣੀਆਂ ਹੋਈਆਂ ਸਨ। ਸਭ ਤੋਂ ਉੱਪਰ ਇਕ ਹਵਾਦਾਰ ਕਮਰਾ ਸੀ ਜਿਸ ਦੀਆਂ ਖਿੜਕੀਆਂ 'ਤੇ ਹਲਕਾ ਫ਼ਿਰੋਜ਼ੀ, ਹਲਕਾ ਹਰਾ ਤਾਜ਼ਾ ਰੰਗ ਕੀਤਾ ਹੋਇਆ ਸੀ।

ਇਹੀ ਕਮਰਾ ਮੇਰਾ ਪਹਿਲਾ ਘਰ ਬਣਿਆ। ਇਸੇ ਕਮਰੇ 'ਚ ਪਹਿਲੀ ਵਾਰ ਕਦੇਰ ਨੇ ਮੈਨੂੰ ਆਪਣੇ ਖੋਖੇ 'ਚੋਂ ਲਿਆ ਕੇ ਠੰਢਾ ਕੋਕਾ ਕੋਲਾ ਪਿਆਇਆ। ਪਲਾਸਟਿਕ ਦੀ ਕਲਿੱਪ, ਨਕਲੀ ਹਾਰ, ਕੱਚ ਦੀਆਂ ਚੂੜੀਆਂ ਤੇ ਨੱਕ 'ਚ ਪਾਉਣ ਵਾਲਾ ਬੜਾ ਚਮਕਦਾਰ ਪਰ ਛੋਟਾ ਕੋਕਾ ਦਿੱਤਾ। ਕਦੇਰ ਦੀ ਹਰ ਗੱਲ ਆਪਣੇ ਖੋਖੇ ਵਰਗੀ ਸੀ। ਉਹ ਘੱਟ ਮੁੱਲ 'ਚ ਵੱਧ ਮਾਲਾ ਖ਼ਰੀਦਣ ਦਾ ਆਦੀ ਸੀ। ਉਸਦੇ ਉੱਥੇ ਉਧਾਰ ਕਤਈ ਬੰਦ ਸੀ ਤੇ ਉਹ ਕਿਸੇ ਗਾਹਕ ਨੂੰ ਵੀ ਨਾਰਾਜ਼ਗੀ ਦਾ ਮੌਕਾ ਨਈਂ ਸੀ ਦਿੰਦਾ।

ਪਤਾ ਨਈਂ ਮੈਂ ਲੱਬਾ ਦੇ ਡਰ ਕਰਕੇ ਉੱਥੇ ਜਾਂਦੀ ਸੀ ?

ਪਤਾ ਨਈਂ ਜਵਾਨੀ 'ਚ ਤਨਹਾਈ ਦਾ ਸੱਪ ਕਿਉਂ ਅਜਿਹੀਆਂ ਖੁੱਡਾਂ 'ਚ ਲੈ ਵੜਦਾ ਏ ?

ਖ਼ੁਦਾ ਜਾਣੇ ਸਿਰੀ, ਖਰੌੜੇ ਜੀਅ ਭਰ ਕੇ ਕੁਛ ਖਾਣ, ਕੁਛ ਹੱਸ ਲੈਣ, ਕੁਛ ਵੇਲਾ ਝੋਲੀ ਭਰ ਕੇ ਬਿਤਾ ਲੈਣ ਦੀ ਖ਼ਾਹਸ਼ ਮੈਨੂੰ ਉੱਥੇ ਖਿੱਚ ਕੇ ਲੈ ਜਾਂਦੀ ਸੀ। ਲਗਭਗ



ਕਦੇ-ਕਦੇ ਕੋਈ ਕਾਰਨ ਵੀ ਨਈਂ ਹੁੰਦਾ ਸੀ। ਬਸ ਉਂਜ ਈ ਇਨਸਾਨ ਜ਼ਿੰਦਗੀ ਦੇ ਪਹੀਏ 'ਚ ਰੇਸ਼ਮ ਦੇ ਧਾਗੇ ਵਾਂਗ ਉਲਝਦਾ ਚਲਾ ਜਾਂਦਾ ਏ। ਕਦੇਰ ਨੂੰ ਆਪਣੇ ਖ਼ਾਨਦਾਨ ਨਾਲ ਬੜਾ ਮੋਹ ਸੀ। ਉਹ ਮਾਸੀਆਂ, ਭੂਆ-ਫੁੱਫੜਾਂ, ਹਾਣੀਆਂ ਦੀਆਂ ਗੱਲਾਂ ਕਰਦਾ ਨਈਂ ਸੀ ਥੱਕਦਾ ਹੁੰਦਾ। ਉਸਨੂੰ ਆਪਣੀ ਬੀਵੀ ਨਾਲ ਵੀ ਬੜੀ ਮੁਹੱਬਤ ਸੀ ਕਿਉਂਕਿ ਉਸਦੀ ਬੀਵੀ ਉਸਦੇ ਖ਼ਾਨਦਾਨ ਦਾ ਇਕ ਅਹਿਮ ਹਿੱਸਾ ਸੀ। ਉਹ ਮਿਲਣ ਵੇਲੇ ਵੀ ਉਸ ਦਾ ਨਾਂ ਲੈ-ਲੈ ਕੇ ਮੇਰੇ ਨਾਲ ਲਿਪਟਦਾ ਰਹਿੰਦਾ। ਉਸ ਦੀ ਮੁਹੱਬਤ ਭੁੱਖੇ ਦੀ ਭੁੱਖ ਵਰਗੀ ਸੀ ਜਿਸ ਨਾਲ ਮੇਰੇ ਖ਼ੂਨ ਦਾ ਇਕ ਤੁਬਕਾ ਵੀ ਨਾ ਸੜਦਾ ਬਲਕਿ ਉਸਦਾ ਦਬਾ ਵਧਦਾ, ਵਧਦਾ ਤੇ ਵਧਦਾ ਈ ਜਾਂਦਾ।

ਆਪਣੇ ਬੱਚਿਆਂ ਦੀਆਂ ਗੱਲਾਂ ਕਰਕੇ ਕਦੇਰ ਨੂੰ ਬੜੀ ਖ਼ੁਸ਼ੀ ਮਿਲਦੀ ਸੀ। ਆਪਣੀਆਂ ਖ਼ਾਨਦਾਨੀ ਰਵਾਇਤਾਂ, ਆਪਣੀ ਮੁਹੱਲੇਦਾਰੀ ਦੀ ਪੜਤ ਤੇ ਬਰਾਦਰੀ ਦੀ ਇੱਜ਼ਤ 'ਤੇ ਉਸਨੂੰ ਬੜਾ ਮਾਣ ਸੀ। ਕਦੇਰ ਦਰਅਸਲ ਬਗ਼ਾਵਤ ਤੋਂ ਵਾਕਿਫ਼ ਨਈਂ ਸੀ। ਉਸਦੀ ਸਾਰੀ ਜ਼ਿੰਦਗੀ ਈ ਸਮਾਜ ਦੇ ਪੈਮਾਨੇ 'ਚ ਨਾਪ ਤੋਲ ਕੇ ਬੀਤੀ ਸੀ। ਉਹ ਏਨੀ ਛੋਟੀ ਉਮਰ ਤੋਂ ਖੋਖੇ ਦੇ ਧੰਦੇ 'ਚ ਪੈ ਗਿਆ ਸੀ ਕਿ ਹੁਣ ਉਸਦੀ ਆਪਣੀ ਜ਼ਿੰਦਗੀ ਖੋਖੇ ਦੇ ਇਲਾਵਾ ਕੁਛ ਵੀ ਨਈਂ ਸੀ। ਇਹਨਾਂ ਸਾਰੇ ਅਸੂਲਾਂ-ਬੰਦਿਸ਼ਾਂ ਦੇ ਬਾਵਜੂਦ ਉਹ ਮੈਨੂੰ ਬੜੇ ਭਰੋਸੇ ਨਾਲ ਮਿਲਦਾ ਸੀ। ਉਹ ਬੜੇ ਹਿਸਾਬ ਨਾਲ ਆਪਣੇ ਖੋਖੇ 'ਚੋਂ ਅਜਿਹੀਆਂ ਚੀਜ਼ਾਂ ਮੇਰੇ ਲਈ ਲਿਆਉਂਦਾ ਜਿਹੜੀਆਂ ਉਸਦੇ ਬਾਲ-ਬੱਚਿਆਂ ਦੇ ਹੱਕ 'ਤੇ ਭਾਰੂ ਨਾ ਹੁੰਦੀਆਂ। ਉਹ ਆਪਣੀ ਜ਼ਿੰਦਗੀ ਦੀਆਂ ਲੱਜਤਾਂ ਇੰਜ ਇਕੱਠੀਆਂ ਕਰਦਾ ਸੀ ਜਿਵੇਂ ਕੋਈ ਸਿਆਣੀ ਸੁਆਣੀ ਹਿਸਾਬ ਨਾਲ ਪਾਨ ਲਾ ਰਹੀ ਹੋਵੇ। ਬਰਾਬਰ ਦਾ ਚੂਨਾ, ਬਰਾਬਰ ਦਾ ਕੱਥਾ, ਇਕ ਚੂੰਢੀ ਜਰਦਾ। ਉਸਦੀ ਜਜ਼ਬਾਤੀ ਜ਼ਿੰਦਗੀ ਵੀ ਇਕ ਖਾਸ ਲੀਹੇ 'ਤੇ ਚੱਲਦੀ ਸੀ। ਨਾ ਏਥੇ ਕੋਈ ਉਧਾਰ ਸੀ, ਨਾ ਫ਼ਜ਼ੂਲ ਖ਼ਰਚੀ। ਉਹ ਜੋ ਕੁਛ ਮੈਨੂੰ ਦਿੰਦਾ ਫ਼ੌਰਨ ਉਸਦੀ ਕੀਮਤ ਵਸੂਲ ਕਰ ਲੈਂਦਾ।

ਪਰ ਮੇਰੀ ਬੋਲ-ਬੁਲਾਰੇ ਵਾਲੀ ਮਾਂ ਇਹ ਸਭ ਕੁਛ ਕਿੰਜ ਸਮਝ ਸਕਦੀ ਸੀ ?

ਜਦੋਂ ਵੱਡੀ ਸ਼ਾਮ ਢਲੇ ਉਸਦੀ ਅੱਖ ਖੁੱਲ੍ਹੀ ਤਾਂ ਉਹ ਮੇਰੇ ਵੱਲ ਦੇਖਦੀ ਰਹਿ ਗਈ। ਮੈਂ ਸਮਝੀ ਡੂੰਘੇ ਗ਼ਮ ਸਦਕਾ ਉਸਦੇ ਦਿਮਾਗ਼ ਨੂੰ ਧੱਕਾ ਲੱਗਾ ਏ। ਪਰ ਫੇਰ ਉਹ ਮੇਰੇ ਮੋਢੇ 'ਤੇ ਹੱਥ ਮਾਰ ਕੇ ਬੋਲੀ, "ਬੋਲ ਬਦਬਖ਼ਤੇ ਕਿਹੜਾ ਮਹੀਨਾ ਚੜ੍ਹਿਆ ਐ ਤੈਨੂੰ ? ਬੋਲ ਮਰ ?" ਮੈਂ ਉਸਨੂੰ ਕਿੰਜ ਸਮਝਾਉਂਦੀ ਕਿ ਅਜਿਹੇ ਲੇਖਾਦਾਰਾਂ ਨਾਲ ਮਹੀਨੇ ਨਈਂ ਚੜ੍ਹਦੇ ਹੁੰਦੇ। ਅਜਿਹੇ ਲੋਕਾਂ ਨਾਲ ਨਾ ਕਦੇ ਨਫ਼ਾ ਹੁੰਦਾ ਏ, ਨਾ ਨੁਕਸਾਨ। ਜ਼ਿੰਦਗੀ ਦਾ ਇਹ ਖਾਤਾ ਸਿਰਫ਼ ਅਜਿਹੇ ਅੰਕਾਂ ਨਾਲ ਭਰ ਜਾਂਦਾ ਏ ਜੀਹਨੂੰ ਕੋਈ ਪੜ੍ਹ ਨਈਂ ਸਕਦਾ।

"ਬੋਲ ਫੇਰ ਮਿਲੇਂਗੀ ਤੂੰ ਉਸਨੂੰ—ਬੋਲ ?"

ਪੂਰੇ ਹੱਥ ਦਾ ਇਕ ਥੱਪੜ ਪਿਆ ਤੇ ਮੇਰੀ ਸਾਰੀ ਦੇਹ ਨੂੰ ਬਿਜਲੀ ਦਾ ਝਟਕਾ ਜਿਹਾ ਲੱਗਾ। ਮੈਂ ਮਾਂ ਨੂੰ ਕੀ ਦੱਸਦੀ ਕਿ ਮੈਨੂੰ ਕਦੇਰ ਨੂੰ ਮਿਲਣ ਦਾ ਕੋਈ ਅਜਿਹਾ ਸ਼ੌਕ ਵੀ ਨਈਂ ਸੀ। ਇਹ ਗੱਲ ਜੇ ਮੈਂ ਕਦੇਰ ਜਾਂ ਮਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਸੱਚੀ-ਮੁੱਚੀ ਉਹ ਦੋਵੇਂ ਮੈਨੂੰ ਜਾਨੋਂ ਮਾਰ ਦਿੰਦੇ।

"ਬੋਲ ਕੁੱਤੀਏ, ਹਰਾਮਖ਼ੋਰੇ! ਮਿਲੇਂਗੀ ਤੂੰ ਉਸਨੂੰ ?"

ਮੈਂ ਮਾਂ ਦੇ ਪੈਰ ਫੜ ਲਏ। ਆਪਣੇ ਦੁੱਖ ਕਰਕੇ ਨਈਂ। ਮੈਨੂੰ ਆਪਣਾ ਕੋਈ ਦੁੱਖ ਨਈਂ ਸੀ। ਪਰ ਮੈਂ ਉਸਨੂੰ ਇੰਜ ਹਲਕਾਨ ਹੁੰਦਿਆਂ ਨਈਂ ਦੇਖ ਸਕਦੀ ਸੀ। ਜੇ ਉਹ ਮੈਨੂੰ ਮਾਰਦੀ ਰਹਿੰਦੀ ਤਾਂ ਸ਼ਾਇਦ ਮੇਰੇ 'ਤੇ ਕੋਈ ਅਸਰ ਨਾ ਹੁੰਦਾ। ਪਰ ਹੁਣ ਉਹ ਆਪਣੇ ਮੂੰਹ 'ਤੇ ਚਪੇੜਾਂ ਮਾਰ ਰਹੀ ਸੀ। ਉਸਨੂੰ ਇੰਜ ਆਪਣੇ ਆਪ ਤੋਂ ਬਦਲਾ ਲੈਂਦਿਆਂ ਦੇਖ ਕੇ ਮੈਨੂੰ ਬੜੀ ਤਕਲੀਫ਼ ਹੁੰਦੀ ਸੀ।

ਮੈਂ ਬੜੀਆਂ ਸਹੁੰਆਂ ਖਾਧੀਆਂ ਕਿ ਫੇਰ ਕਦੇਰ ਨੂੰ ਨਈਂ ਮਿਲਾਂਗੀ। ਕੁਰਾਨ ਚੁੱਕਿਆ। ਉਸ ਪਿੱਛੋਂ ਮੈਂ ਕਦੇ ਕਦੇਰ ਦੇ ਕੋਠੇ 'ਤੇ ਨਈਂ ਗਈ। ਪਰ ਮਾਂ ਕਿਉਂਕਿ ਸਾਰਾ ਦਿਨ ਫ਼ੈਕਟਰੀ 'ਚ ਈ ਕੰਮ ਕਰਦੀ ਸੀ ਇਸ ਲਈ ਉਸਨੂੰ ਕਦੀ ਯਕੀਨ ਨਾ ਆ ਸਕਿਆ ਕਿ ਮੇਰਾ ਵਾਅਦਾ ਸੱਚਾ ਸੀ। ਉਹ ਮੇਰੇ ਪ੍ਰਤੀ ਡਾਢੀ ਸਖ਼ਤ ਹੋ ਗਈ ਸੀ। ਜਦੋਂ ਮੈਂ ਸੌਂ ਜਾਂਦੀ ਉਹ ਚੋਰੀ-ਚੋਰੀ ਆ ਕੇ ਮੇਰੀ ਕਮੀਜ਼ ਮੇਰੇ ਢਿੱਡ ਤੋਂ ਚੁੱਕਦੀ ਤੇ ਬੜੇ ਪੋਲੇ-ਪੋਲੇ ਹੱਥ ਨਾਲ ਮੇਰੇ ਢਿੱਡ ਦੀ ਟੋਹ ਲੈਂਦੀ। ਉਸਨੂੰ ਪੂਰਾ ਸ਼ੱਕ ਸੀ ਕਿ ਇਹ ਅੰਦਰੇ-ਅੰਦਰ ਵਧ ਰਿਹਾ ਏ। ਕਦੀ-ਕਦੀ ਰਾਤ ਦੇ ਪਿਛਲੇ ਪਹਿਰ ਉਹ ਮੇਰੇ ਸਿਰਹਾਣੇ ਬੈਠ ਕੇ ਹੌਲੀ-ਹੌਲੀ ਰੋਣ ਲੱਗਦੀ। ਜਿਵੇਂ ਬਿੱਲੀਆਂ ਮਸਤੀ 'ਚ ਆ ਕੇ ਰੋਂਦੀਆਂ ਨੇ।

ਕਦੇਰ ਨੇ ਮੇਰੇ ਖਾਤੇ ਨੂੰ ਫੇਰ ਕਦੀ ਨਾ ਖੋਲ੍ਹਿਆ।

ਨਾ ਮੈਂ ਕਦੀ ਉਸਦੇ ਕੋਠੇ 'ਤੇ ਗਈ। ਡੁੱਬੀ ਰਕਮ 'ਤੇ ਉਹ ਜ਼ਿਆਦਾ ਵਕਤ ਜਾਇਆ ਕਰਨ ਦਾ ਆਦੀ ਨਈਂ ਸੀ।

ਏਨੇ ਸਾਰੇ ਮੇਲ ਦੇ ਬਾਵਜੂਦ ਨਾ ਕੋਈ ਨਫ਼ਾ ਹੋਇਆ, ਨਾ ਨੁਕਸਾਨ। ਜ਼ਿੰਦਗੀ ਚੂਲੀ-ਚੂਲੀ ਪਾਣੀ 'ਤੇ ਲੰਘਦੀ ਰਹੀ। ਨਾ ਕੋਈ ਹੜ੍ਹ ਆਇਆ, ਨਾ ਸੋਕੇ ਦਾ ਅਹਿਸਾਸ ਹੋਇਆ। ਬਸ ਸਿਰਫ਼ ਸਾਹਾਂ ਦੀ ਡੋਰ ਨਈਂ ਟੁੱਟੀ।

ਫੇਰ ਇਕ ਦਿਨ ਫ਼ੈਕਟਰੀ 'ਚੋਂ ਮਾਂ ਬੜੀ ਖ਼ੁਸ਼ ਵਾਪਸ ਆਈ। ਉਸਦੇ ਹੱਥ 'ਚ ਮਠਿਆਈ ਦਾ ਵੱਡਾ ਸਾਰਾ ਡੱਬਾ ਸੀ।

"ਲੈ ਖਾਹ ਹਾਜਰਾ, ਖਾਹ—ਤੇਰੇ ਨਸੀਬ ਖੁੱਲ੍ਹ ਗਏ। ਆ ਚੰਦਰੀਏ ਮਠਿਆਈ ਖਾਹ। ਤੇਰੀ ਗੱਲ ਪੱਕੀ ਕਰਕੇ ਆਈ ਆਂ ਬਾਦਾਮੀ ਬਾਗ 'ਚ।"

ਗੱਲ ਪੱਕੀ ਕਰਨ ਦਾ ਸ਼ੌਕ ਮੇਰੇ ਦਿਲ 'ਚ ਕਦੇਰ ਨੇ ਪਾਇਆ ਸੀ। ਉਹ ਏਨੀ ਪ੍ਰੀਤ ਨਾਲ ਆਪਣੀ ਬੀਵੀ ਦੀਆਂ ਗੱਲਾਂ ਕਰਦਾ ਸੀ ਕਿ ਮੇਰਾ ਦਿਲ ਵੀ ਕਰਦਾ ਸੀ ਕਿ ਕੋਈ ਮੇਰੇ ਬਾਰੇ ਵੀ ਅਜਿਹੀਆਂ ਈ ਗੱਲਾਂ ਕਰੇ। ਮੇਰਾ ਖ਼ਿਆਲ ਸੀ ਕਿ ਇਕ ਦਿਨ ਮੈਨੂੰ ਦੇਖਣ ਵਾਲੀਆਂ ਆਉਣਗੀਆਂ। ਫੇਰ ਇਕ ਸਿਹਰੇ ਵਾਲਾ ਮੂੰਹ ਤੇ ਰੁਮਾਲ ਰੱਖੀ ਆਏਗਾ। ਮੈਂ ਉਸਦੇ ਚਮਕਦਾਰ ਬੂਟਾਂ ਨੂੰ ਦੇਖਦੀ ਘਰੋਂ ਵਿਦਾਅ ਹੋਵਾਂਗੀ। ਮੈਨੂੰ ਜੰਗਲ ਦੇ ਉਸ ਪਾਰ ਜਾਣ ਦਾ ਬੜਾ ਸ਼ੌਕ ਸੀ।

"ਆ, ਮੂੰਹ ਲਪੇਟ ਕੇ ਨਾ ਪਈ ਰਿਹਾ ਕਰ। ਤੇਰਾ ਇੰਤਜ਼ਾਮ ਤਾਂ ਅੱਲਾ ਨੇ ਖ਼ੁਦ ਕੀਤੈ। ਮਨੇਜਰ ਸਾ'ਬ ਦੀ ਬੀਵੀ ਖ਼ੁਦ ਮੇਰੇ ਕੋਲ ਆਈ ਸੀ।"

"ਸੁਣ ਰਹੀ ਐਂ ਹਾਜਰਾ—ਨਾਜ਼ਾਂ ਪੱਟੀਏ—ਸੁਣ ਰਹੀ ਐਂ।"

"ਫੇਰ ਖ਼ੁਸ਼ ਕਿਓਂ ਨਈਂ ਹੁੰਦੀ?"

"ਖ਼ੁਸ਼ ਹੋ ਰਹੀ ਆਂ ਮਾਂ!"



ਮਾਂ ਅਛੋਪਲੇ ਈ ਮੇਰੇ ਕੋਲ ਆ ਕੇ ਬੈਠ ਗਈ ਤੇ ਬੈਠੀ ਹੋਈ ਆਵਾਜ਼ 'ਚ ਬੋਲੀ, "ਮਨੇਜਰ ਦੀ ਬੀਵੀ ਬੋਲੀ ਮੇਰੀ ਭੈਣ ਦਾ ਮੁੰਡਾ ਐ। ਪੜ੍ਹਿਆ ਲਿਖਿਆ ਤਾਂ ਨਈਂ, ਪਰ ਜਾਇਦਾਦ ਦਾ 'ਕੱਲਾ ਵਾਰਸ ਐ। ਅਸੀਂ ਤਾਂ ਜਾਇਦਾਦ ਦਾ ਸ਼ਬਦ ਵੀ ਮੂੰਹੋਂ ਨਈਂ ਕੱਢ ਸਕਦੇ—ਤੂੰ ਜਾਇਦਾਦ ਵਾਲੀ ਹੋ ਜਾਏਂਗੀ। ਮੈਂ ਖ਼ੁਦ ਬਾਦਾਮੀ ਬਾਗ ਗਈ ਸੀ ਮਨੇਜਰ ਸਾ'ਬ ਦੀ ਕਾਰ 'ਚ, ਘਰ ਦੇਖ ਕੇ ਆ ਰਹੀ ਆਂ। ਪਹਿਲੀ ਹਵੇਲੀ ਐ ਦੋ ਮੰਜਿਲਾਂ। ਪੱਖੇ, ਰੇਡੀਓ, ਟੈਲੀਵੀਜਨ, ਕਾਲੀਨ, ਸਭ ਕੁਛ ਐ ਘਰੇ। ਲੈ ਲੱਡੂ ਖਾਹ। ਉੱਪਰ ਆਲੀ ਮੰਜਿਲ 'ਚ ਮੁੰਡਾ ਰਹਿੰਦਾ ਐ। ਵੱਡਾ ਘਰ ਏ, ਸਾਰੀ ਉਮਰ ਰੇਸ਼ਮ ਪਾਵੇਂਗੀ। ਇਸ ਕੱਚੇ ਕੋਠੇ ਦੇ ਨਰਕ 'ਚੋਂ ਬਚੀ ਰਹੇਂਗੀ।"

"ਖ਼ੁਸ਼ ਹੋ ਜਾ। ਜਿਸਦਾ ਕੋਈ ਸੁਧਾਰ ਕਰਨ ਵਾਲਾ ਨਾ ਹੋਏ, ਰੱਬ ਉਸਦੇ ਕੰਮ ਕਰਦੈ। ਰੱਜ ਖਾਵੀਂ, ਰੱਜ ਸੌਂਵੀਂ।"

ਬੜੀ ਦੇਰ ਬਾਅਦ ਮੈਂ ਪੁੱਛਿਆ, "ਤੇ ਉਹ...ਉਹ ਕੇਹਾ ਏ?"

"ਜਿਹਾ ਘਰ ਹੁੰਦਾ ਐ ਤੇਹੇ ਈ ਲੋਕ ਹੁੰਦੇ ਐ ਉਸ 'ਚ ਰਹਿਣ ਵਾਲੇ। ਇਹੋ-ਜਿਹੇ ਘਰਾਂ 'ਚ ਕੋਈ ਐਰੇ-ਗੈਰੇ ਥੋੜ੍ਹਾ ਈ ਰਹਿੰਦੇ ਐ।"

"ਕੈਸੀ ਸ਼ਕਲ ਐ ਉਸਦੀ?"

"ਮਾਂ ਖ਼ੂਬਸੂਰਤ ਐ ਤਾਂ ਪੁੱਤ ਵੀ ਖ਼ੂਬਸੂਰਤ ਹੋਏਗਾ। ਗੋਰੀ-ਚਿੱਟੀ, ਵੱਡਾ ਸਾਰਾ ਕੋਕਾ ਨੱਕ 'ਚ, ਬਾਹਵਾਂ ਚੂੜੀਆਂ ਨਾਲ ਭਰੀਆਂ ਹੋਈਆਂ। ਬੜੀਆਂ ਪਿਆਰੀਆਂ ਗੱਲਾਂ ਕਰਦੀ ਐ ਹਾਜਰਾ। ਬੜੀਆਂ ਪਿਆਰੀਆਂ ਗੱਲਾਂ—ਬੈਠੋ ਭੈਣ ਜੀ, ਖਾਓ ਭੈਣ ਜੀ, ਇਹ ਗੱਦੀ ਪਿੱਠ ਪਿੱਛੇ ਰੱਖ ਲਓ। ਠੰਢਾ ਪੀਓਂਗੇ ਕਿ ਗਰਮ? ਮੇਰਾ ਤਾਂ ਜੀਅ ਉੱਥੋਂ ਆਉਣ ਨੂੰ ਨਈਂ ਸੀ ਕਰ ਰਿਹਾ, ਸੱਚੀਂ ਹਾਜਰਾ।"

ਮੈਂ ਚੁੱਪ ਰਹੀ।

"ਬਾਦਾਮੀ ਬਾਗ ਵਾਲੀ ਕਹਿ ਰਹੀ ਸੀ ਹਾਜਰਾ! ਭੈਣ ਜੀ ਸਾਨੂੰ ਸਿਰਫ਼ ਕੁੜੀ ਚਾਹੀਦੀ ਐ ਜਿਹੜੀ ਸਾਡੇ ਗੁੱਡੂ ਨੂੰ ਖ਼ੁਸ਼ ਰੱਖੇ, ਉਸ ਨਾਲ ਹਮਦਰਦੀ ਕਰੇ, ਉਸਦਾ ਦਿਲ ਲਾਏ। ਸਾਨੂੰ ਕਿਸੇ ਚੀਜ਼ ਦੀ ਤਮਾ ਨਈਂ। ਅਸੀਂ ਕੁਸ਼ ਨਈਂ ਚਾਹੁੰਦੇ। ਅੱਲਾ ਦਾ ਦਿੱਤਾ ਹੋਇਆ ਬੜਾ ਕੁਛ ਐ। ਜੇ ਸਾਨੂੰ ਲਾਲਚ ਹੁੰਦਾ ਤਾਂ ਅਸੀਂ ਅਮੀਰਾਂ ਦੀ ਕੁੜੀ ਕਦੋਂ ਦੀ ਲੈ ਆਉਂਦੇ। ਸਾਨੂੰ ਤਾਂ ਇਹ ਪਤੈ ਗਰੀਬਾਂ 'ਚ ਗ਼ੈਰਤ ਹੁੰਦੀ ਐ, ਮੁਹੱਬਤ ਹੁੰਦੀ ਐ, ਸ਼ਰਾਫ਼ਤ ਹੁੰਦੀ ਐ।"

ਮੈਂ ਅੰਦਰੇ-ਅੰਦਰ ਹੱਸ ਪਈ। ਬਾਦਾਮੀ ਬਾਗ ਵਾਲੀ ਨਈਂ ਜਾਣਦੀ ਸੀ ਕਿ ਇਹਨਾਂ ਤਿੰਨਾਂ ਚੀਜ਼ਾਂ ਦੀ ਘਾਟ ਕਰਕੇ ਈ ਗਰੀਬੀ ਪੈਦਾ ਹੁੰਦੀ ਏ। ਦੌਲਤ ਦੀ ਕਮੀ ਈ ਤਾਂ ਗਰੀਬੀ ਨੂੰ ਸਦਾ ਬਹਾਰ ਬਣਾਉਂਦੀ ਏ। ਅਸਲੀ ਬਹਾਰ ਤਾਂ ਉਹਨਾਂ ਤਿੰਨਾਂ ਸ਼ੈਵਾਂ ਦੇ ਹੋਣ ਨਾਲ ਈ ਹੁੰਦੀ ਏ।

"ਲੈ ਮੋਈਏ ਖਾਹ...ਅਸਲੀ ਮੋਤੀ ਚੂਰ ਦੇ ਲੱਡੂ ਐ, ਲੈ ਖਾਹ।"

ਅੰਮਾ ਉਸ ਦਿਨ ਬੜੀ ਖ਼ੁਸ਼ ਸੀ। ਉਹ ਚੁੱਲ੍ਹਾ ਚੌਂਕਾ ਕਰਦੀ ਹੋਈ ਵੀ ਕੁਛ ਗੁਣਗੁਣਾਉਂਦੀ ਰਹੀ। ਫੇਰ ਮੁਹੱਲੇ ਵਾਲਿਆਂ ਨੂੰ ਇਹ ਖ਼ਬਰ ਸੁਣਾਉਣ ਚਲੀ ਗਈ। ਵਾਪਸ ਆਈ ਤਾਂ ਉਸਦਾ ਚਿਹਰਾ ਦਗ-ਦਗ ਕਰ ਰਿਹਾ ਸੀ। ਮੈਂ ਮਾਂ ਨੂੰ ਏਨੀ ਖ਼ੁਸ਼ ਕਦੇ

ਨਈਂ ਸੀ ਦੇਖਿਆ। ਨਿਕਾਹ ਤੋਂ ਇਕ ਰਾਤ ਪਹਿਲਾਂ ਤਕ ਮਾਂ ਇਸੇ ਤਰ੍ਹਾਂ ਹੱਸਦੀ ਗੁਣਗੁਣਾਉਂਦੀ ਰਹੀ। ਸ਼ਾਦੀ ਤੋਂ ਇਕ ਦਿਨ ਪਹਿਲਾਂ ਜਦੋਂ ਸ਼ਾਮ ਨੂੰ ਬਾਦਾਮੀ ਬਾਗ ਤੋਂ ਵਾਪਸ ਆਈ ਤਾਂ ਉਸਦਾ ਚਿਹਰਾ ਬੁਝਿਆ ਹੋਇਆ ਸੀ ਤੇ ਉਹ ਚੁੱਪ-ਚੁੱਪ ਸੀ। ਮੁਸ਼ਕਲ ਨਾਲ ਉਹ ਸੂਟਕੇਸ ਲਿਆ ਕੇ ਵਿਹੜੇ 'ਚ ਰੱਖਿਆ ਜਿਸ 'ਚ ਕੱਪੜੇ ਤੇ ਜ਼ੇਵਰ ਸਨ। ਉਸ ਪਿੱਛੋਂ ਉਹ ਬਿਨਾਂ ਮੈਨੂੰ ਆਵਾਜ਼ ਦਿੱਤਿਆਂ ਅੰਦਰ ਗੁਸਲਖ਼ਾਨੇ 'ਚ ਚਲੀ ਗਈ। ਨਾ ਉਸਨੇ ਸੂਟਕੇਸ ਖੋਲ੍ਹ ਕੇ ਮੈਨੂੰ ਕੱਪੜੇ, ਜ਼ੇਵਰ ਦਿਖਾਏ, ਨਾ ਮੂੰਹੋਂ ਕੁਛ ਬੋਲੀ। ਉਸ ਰਾਤ ਪਿੱਛੋਂ ਮੇਰੀ ਮਾਂ ਨੇ ਮੇਰੇ ਨਾਲ ਕੋਈ ਗੱਲ ਨਾ ਕੀਤੀ।

ਅੱਧੀ ਰਾਤ ਨੂੰ ਮੈਂ ਉਸ ਦੀਆਂ ਸਿਸਕੀਆਂ ਦੀ ਆਵਾਜ਼ ਸੁਣ ਕੇ ਜਾਗ ਗਈ। ਉਹ ਸੂਟਕੇਸ ਖੋਲ੍ਹੀ ਬੈਠੀ, ਕੱਪੜਿਆਂ ਨੂੰ ਗ਼ੌਰ ਨਾਲ ਦੇਖ ਰਹੀ ਸੀ।

"ਕੀ ਹੋਇਆ ਮਾਂ ?"

"ਕੁਸ਼ ਨਈਂ, ਤੂੰ ਸੌਂ ਜਾ।"

"ਫੇਰ ਤੂੰ ਰੋ ਕਿਓਂ ਰਹੀ ਐਂ ?"

"ਕੁਸ਼ ਨਈਂ।"

ਮਾਂ ਨੇ ਮੈਨੂੰ ਜੱਫੀ ਪਾ ਲਈ। ਉਸਦੇ ਤਾਅਨੇ-ਮਿਹਣੇ, ਬਦਦੁਆਵਾਂ ਹਮੇਸ਼ਾ ਮੈਨੂੰ ਮੇਰੀ ਹੋਂਦ ਦਾ ਅਹਿਸਾਸ ਕਰਵਾਉਂਦੀਆਂ ਸਨ—ਅੱਜ ਮੈਨੂੰ ਇੰਜ ਲੱਗਿਆ ਜਿਵੇਂ ਜਾਨ, ਜਿਸਮ ਦਾ ਸਾਥ ਛੱਡ ਰਹੀ ਹੋਏ। ਮੇਰਾ ਖ਼ਿਆਲ ਸੀ ਕਿ ਉਸਨੂੰ ਮੇਰੇ ਵਿੱਛਣ ਦਾ ਦੁੱਖ ਏ, ਪਰ ਮੇਰਾ ਆਪਣਾ ਦਿਲ ਹਰ ਕਿਸਮ ਦੇ ਜਜ਼ਬੇ ਤੋਂ ਖ਼ਾਲੀ ਸੀ। ਇੱਥੇ ਨਾ ਕਿਸੇ ਨੂੰ ਮਿਲਣ ਦੀ ਖ਼ਾਹਸ਼ ਸੀ, ਨਾ ਕਿਸੇ ਤੋਂ ਵਿੱਛੜਣ ਦਾ ਰੰਜ। ਮੇਰੀ ਜ਼ਿੰਦਗੀ ਦੇ ਮਹੀਨੇ ਤੇ ਸਾਲ ਤਾਂ ਇੰਜ ਬੀਤੇ ਸਨ ਜਿਵੇਂ ਕਿਸੇ ਗੋਦਾਮ 'ਚ ਨਵੇਂ ਸਾਲ ਦਾ ਕਲੰਡਰ ਪੁਰਾਣੇ ਸਾਲ ਨਾਲ ਜਾ ਮਿਲੇ।

ਮਾਂ ਸਵੇਰ ਤਕ ਮੇਰੇ ਨਾਲ ਲਿਪਟੀ ਰਹੀ ਤੇ ਰੋਂਦੀ ਰਹੀ ਤੇ ਜਦੋਂ ਮੇਰੀ ਸ਼ਾਦੀ ਦਾ ਦਿਨ ਚੜ੍ਹਿਆ ਤੇ ਉਸਦੀ ਪਹਿਲੀ ਸਫ਼ੇਦੀ ਉੱਘੜਣ ਲੱਗੀ ਤਾਂ ਮਾਂ ਬੋਲੀ, "ਦੇਖ ਹਾਜਰਾ! ਨਸੀਬਾਂ ਨਾਲ ਨਾ ਝਗੜੀਂ। ਔਰਤ ਦੀ ਸਾਰੀ ਜ਼ਿੰਦਗੀ ਨਸੀਬਾਂ ਅਨੁਸਾਰ ਬੀਤਦੀ ਐ। ਮੈਨੂੰ ਦੇਖ! ਤੇਰਾਂ ਵਰ੍ਹਿਆਂ ਦੀ ਵਿਆਹੀ ਆਈ ਸੀ। ਸ਼ੌਹਰ ਦੀ ਕਮਾਈ ਦਾ ਨਿੱਕਾ ਪੈਸਾ ਨਈਂ ਮਿਲਿਆ। ਇਕ ਦਿਨ ਵੀ ਇਸ ਘਰ ਦੇ ਮਾਲਕ ਨੇ ਮੈਨੂੰ ਰੱਤੀ ਭਰ ਪਿਆਰ ਨਈਂ ਦਿੱਤਾ। ਪਰ ਰਾਣੀਏ, ਮੈਂ ਨਸੀਬ ਨਾਲ ਝਗੜਾ ਨਈਂ ਕੀਤਾ। ਜੇ ਮੇਰੇ ਕਰਮ ਚੰਗੇ ਹੁੰਦੇ ਤਾਂ ਸਭ ਕੁਸ਼ ਮਿਲ ਜਾਂਦਾ, ਹੱਥ ਪੈਰ ਮਾਰੇ ਬਗ਼ੈਰ ਮਿਲ ਜਾਂਦਾ। ਸੁਣਦੀ ਐਂ ਕਿ ਨਈਂ! ਕਿਸੇ ਨੂੰ ਅੱਲਾ ਦੌਲਤ ਦਿੰਦਾ ਐ ਤਾਂ ਔਲਾਦ ਨਈਂ ਦਿੰਦਾ, ਔਲਾਦ ਹੁੰਦੀ ਐ ਤਾਂ ਸਿਹਤ ਨਈਂ ਮਿਲਦੀ। ਓਨੇ ਤਾਰੇ ਅੱਲਾ ਨੇ ਬਣਾਏ ਜਿੰਨੇ ਗਮ ਬਣਾਏ ਐ। ਸਾਰੇ ਆਪੋ-ਆਪਣੇ ਤਾਰੇ ਦਾ ਗਮ ਸਹਿਣ ਨੂੰ ਆਏ ਐ, ਏਸ ਜਹਾਨ 'ਚ।" ਪਹਿਲੀ ਵਾਰੀ ਮੈਨੂੰ ਸ਼ੱਕ ਪਿਆ ਜਿਵੇਂ ਮਾਂ ਮੈਥੋਂ ਕੁਛ ਲੁਕਾ ਰਹੀ ਏ। ਮੇਰੇ ਨਾਲ ਝੂਠ ਬੋਲ ਰਹੀ ਏ। ਕਿਉਂਕਿ ਉਸਦੀ ਤਾਂ ਇਹ ਆਦਤ ਨਈਂ ਸੀ।

"ਕੀ ਗੱਲ ਐ ਮਾਂ ?"



"ਕੋਈ ਗੱਲ ਨਈਂ। ਹਰ ਮਾਂ ਧੀ ਨੂੰ ਕੁਸ਼ ਨਾ ਕੁਸ਼ ਦਿੰਦੀ ਐ। ਮੈਂ ਤੈਨੂੰ ਦਹੇਜ਼ ਤਾਂ ਦੇ ਨਈਂ ਸਕਦੀ—ਦਲਾਸਾ ਵੀ ਦੇ ਕੇ ਵਿਦਾ ਨਾ ਕਰਾਂ...!"

ਮੇਰਾ ਰੋਣ ਨਿਕਲ ਗਿਆ ਤੇ ਮੈਂ ਮਾਂ ਨੂੰ ਜੱਫੀ ਪਾ ਲਈ।

"ਜਦੋਂ ਮੈਂ ਏਥੋਂ ਫੈਕਟਰੀ ਜਾਂਦੀ ਆਂ ਤਾਂ ਰਸਤੇ 'ਚ ਕਈ ਮੇਨ ਹੋਲ ਖੁੱਲ੍ਹੇ ਦਿੱਸਦੇ ਐ। ਹਨੇਰੀਆਂ ਰਾਤਾਂ 'ਚ ਉਹਨਾਂ 'ਚ ਰਾਹੀ-ਪਾਂਧੀ ਡਿੱਗ ਵੀ ਪੈਂਦੇ ਐ। ਹਾਜਰਾ! ਇੰਜ ਸਮਝ ਲੈ ਸੋਹਣੀਏ, ਪਿਆਰੇ ਰੱਬ ਨੇ ਹਰ ਚੌੜਾਈ ਦੇ , ਹਰ ਡੂੰਘਾਈ ਦੇ ਮੇਨ ਹੋਲ ਬਣਾਏ, ਵਿਛਾਏ ਹੋਏ ਐ ਆਪਣੀ ਦੁਨੀਆਂ 'ਚ। ਆਖ਼ਰ ਆਦਮੀ ਕਦੋਂ ਤਕ ਬਚੂਗਾ ? ਬੰਦਾ, ਇਨਸਾਨ ਐ। ਲੰਮੀ ਕਾਲੀ ਜ਼ਿੰਦਗੀ ਐ, ਕਿਸੇ ਨਾ ਕਿਸੇ ਖੱਡੇ 'ਚ ਤਾਂ ਡਿੱਗੂਗਾ ਈ।"

"ਤੂੰ ਮੈਨੂੰ ਸਾਫ਼-ਸਾਫ਼ ਕਿਓਂ ਨਈਂ ਦੱਸਦੀ...ਕੀ ਗੱਲ ਐ ? ਹੋਇਆ ਕੀ ਐ ?"

"ਕੋਈ ਗੱਲ ਨਈਂ, ਕੁਸ਼ ਨਈਂ ਹੋਇਆ। ਨਵਾਂ ਘਰ ਹੋਊਗਾ, ਨਵੇਂ ਲੋਕ ਹੋਣਗੇ। ਉੱਥੇ ਤੇਰੀ ਮਾਂ ਨਈਂ ਹੋਣੀ ਪਰ ਗਰੀਬੀ ਵੀ ਨਈਂ ਹੋਣੀ। ਹਰ ਜਗ੍ਹਾ ਦਾ ਆਪਣਾ ਸੁੱਖ ਐ, ਆਪਣਾ ਦੁੱਖ ਐ। ਜਿਹੜੀ ਕੁੜੀ ਮੇਲੇ ਦੇ ਸੁੱਖ ਯਾਦ ਕਰਦੀ ਰਹਿੰਦੀ ਐ, ਆਪਣੇ ਸਹੁਰੀਂ ਜਾ ਕੇ ਖ਼ੁਸ਼ ਨਈਂ ਰਹਿ ਸਕਦੀ।"

"ਤੈਨੂੰ ਕਿਸੇ ਨੇ ਕੁਛ ਕਿਹਾ ਐ ਮਾਂ ? ਦੱਸ, ਤੂੰ ਦੱਸਦੀ ਕਿਓਂ ਨਈਂ ?"

ਮੇਰੀ ਮਾਂ ਚੁੱਪ ਰਹੀ। ਉਸਦੀ ਚੁੱਪ ਮੇਰੀ ਤੇ ਲੱਬਾ ਦੀ ਚੁੱਪ ਨਾਲੋਂ ਵੀ ਅਟੱਲ ਸੀ ਕਿਉਂਕਿ ਸ਼ਾਦੀ ਦੀ ਦੂਜੀ ਰਾਤ ਮੇਰੀ ਮਾਂ ਚੁੱਪਚਾਪ ਇਸ ਦੁਨੀਆਂ 'ਚੋਂ ਤੁਰ ਗਈ। ਮੇਰੇ ਸਹੁਰਿਆਂ ਨੇ ਖ਼ਾਮੋਸ਼ੀ ਨਾਲ ਉਸਨੂੰ ਮਿੱਟੀ ਦੇ ਹਵਾਲੇ ਕਰ ਦਿੱਤਾ ਤੇ ਮੈਨੂੰ ਨਾ ਦੱਸਿਆ। ਮੈਨੂੰ ਦੋ ਸਦਮੇ ਇਕੋ ਵੇਲੇ ਨਈਂ ਦੇਣਾ ਚਾਹੁੰਦੇ ਸੀ ਉਹ।

ਜਿਵੇਂ ਸਤਮਾਹੇਂ ਬੱਚੇ ਨੂੰ ਨਕਲੀ ਨਿੱਘ 'ਚ ਰੱਖ ਕੇ ਉਸਨੂੰ ਦੁਨੀਆਂ 'ਚ ਰਹਿਣ ਦੇ ਕਾਬਿਲ ਬਣਾਉਂਦੇ ਨੇ, ਉਸੇ ਤਰ੍ਹਾਂ ਮੇਰੇ ਸਹੁਰੇ ਘਰ ਵਾਲਿਆਂ ਨੇ ਮੈਨੂੰ ਬੜੇ ਸੁੱਖ, ਆਰਾਮ ਤੇ ਬੜੀ ਚਾਪਲੂਸੀ ਰੂਪੀ ਰੂੰ 'ਚ ਬਚਾ-ਬਚਾ ਕੇ ਕਈ ਦਿਨ ਰੱਖਿਆ ਤਾਂ ਕਿ ਗੁੱਡੂ ਤੋਂ ਬੜਾ ਪਹਿਲਾਂ ਮੈਂ ਉਸ ਘਰ ਦੀ ਦੌਲਤ ਭਰੀ ਜ਼ਿੰਦਗੀ ਦੀ ਆਦੀ ਹੋ ਜਾਵਾਂ। ਜਿੰਨੇ ਦਿਨ ਘਰੇ ਮਹਿਮਾਨ ਰਹੇ, ਇਹੀ ਸੁਣਨ 'ਚ ਆਇਆ ਕਿ ਗੁੱਡੂ ਬਿਮਾਰ ਏ ਤੇ ਹੇਠਲੀ ਮੰਜ਼ਿਲ 'ਤੇ ਆਪਣੀ ਮਾਂ ਦੇ ਕਮਰੇ 'ਚ ਏ। ਕਈ ਵਾਰੀ ਜੀਅ 'ਚ ਆਇਆ ਕਿ ਇਕ ਨਜ਼ਰ ਗੁੱਡੂ ਨੂੰ ਦੇਖ ਆਵਾਂ। ਉਸਦੀ ਸੇਵਾ, ਸੰਭਾਲ ਕਰਾਂ। ਪਰ ਦੂਜੀ ਮੰਜ਼ਿਲ ਤੋਂ ਹੇਠਾਂ ਜਾਣ ਦੀ ਹਿੰਮਤ ਨਾ ਪਈ।

ਮੇਰੀ ਸੱਸ ਮੇਰੀ ਮਾਂ ਦੀ ਪੁੱਠ ਸੀ। ਗੋਰੀ-ਗੋਰੀ, ਗੋਲ-ਗੋਲ, ਚੁੱਪ-ਚੁੱਪ ਜਿਹੀ। ਬੜੀ ਨਰਮ, ਬੜੀ ਬਰਦਾਸ਼ਤ ਵਾਲੀ। ਕਦੀ-ਕਦੀ ਮੈਨੂੰ ਲੱਗਦਾ ਜਿਵੇਂ ਉਹ ਇਸ ਦੁਨੀਆਂ ਦਾ ਜੀਵ ਨਈਂ ਏਂ। ਉਸ ਦੀਆਂ ਅੱਖਾਂ 'ਚ ਏਨਾ ਦੁੱਖ ਹੁੰਦਾ ਕਿ ਮੈਨੂੰ ਉਸ ਤੋਂ ਭੈਅ ਆਉਣ ਲੱਗਦਾ। ਮਾਂ ਦੀ ਮੌਤ ਪਿੱਛੋਂ ਸਭ ਤੋਂ ਪਹਿਲਾਂ ਮੇਰੀ ਸੱਸ ਨੇ ਮੇਰਾ ਦਿਲ ਜਿੱਤ ਲਿਆ। ਜਦੋਂ ਉਹ ਚੁੱਪਚਾਪ ਬੈਠੀ ਹੁੰਦੀ ਤਾਂ ਮੈਨੂੰ ਬੜਾ ਦੁੱਖ ਹੁੰਦਾ, ਜਿਵੇਂ ਮਾਂ ਨੂੰ ਦੇਖ ਕੇ ਹੁੰਦਾ ਸੀ।

ਜਿਸ ਰਾਤ ਪਹਿਲੀ ਵਾਰੀ ਮੈਂ ਗੁੱਡੂ ਨੂੰ ਮਿਲੀ, ਦੇਰ ਤਕ ਸੱਸ ਮੇਰੇ ਕੋਲ ਬੈਠੀ ਰਹੀ। ਉਸਦਾ ਹੱਥ ਮੇਰੇ ਗੋਢੇ 'ਤੇ ਸੀ ਤੇ ਉਹ ਵਾਰੀ-ਵਾਰੀ ਉਸਨੂੰ ਥਾਪੜ ਰਹੀ ਸੀ। ਉਹ

ਜਿਸ ਗੱਲ ਦਾ ਸਿਰਾ ਫੜਦੀ, ਵਿਚਾਲੇ ਈ ਛੱਡ ਕੇ ਚੁੱਪਚਾਪ ਮੇਰੇ ਮੂੰਹ ਵੱਲ ਤੱਕਣ ਲੱਗਦੀ।

"ਗੁੱਡੂ ਸਾਹਬ ਦਾ ਹੁਣ ਕੀ ਹਾਲ ਐ ਜੀ ?"

"ਠੀਕ ਏ ਹੁਣ ਤਾਂ, ਅੱਜ ਆਏਗਾ ਤੇਰੇ ਕੋਲ।"

ਅਣ ਦੇਖੇ ਲਾੜੇ ਦੀ ਤਾਂਘ ਚੜ੍ਹਦੇ ਸੂਰਜ ਵਾਂਗ ਮੇਰੇ ਦਿਲ 'ਚ ਉੱਗ ਪਈ।

"ਕਦੀ-ਕਦੀ ਜਿਹੜੀ ਤਸਵੀਰ ਔਰਤ ਆਪਣੇ ਲਾੜੇ ਦੀ ਬਣਾਉਂਦੀ ਏ ਹਾਜਰਾ ! ਲਾੜਾ ਉਸ ਨਾਲੋਂ ਵੱਖਰਾ ਹੁੰਦਾ ਏ। ਪਰ ਸਾਰੀ ਚੀਜ਼ ਔਰਤ ਦਾ ਜਜ਼ਬਾ ਏ। ਘਰ ਔਰਤ ਬਣਾਉਂਦੀ ਏ, ਬੱਚੇ ਔਰਤ ਪੈਦਾ ਕਰਦੀ ਏ। ਮਰਦ ਤਾਂ ਵੈਸੇ ਵੀ ਘਰ ਦੇ ਬਾਹਰ ਲੱਗੀ ਤਖ਼ਤੀ ਹੁੰਦਾ ਏ।"

ਮੇਰਾ ਦਿਲ ਪਹਿਲੀ ਵਾਰੀ ਡਰਿਆ ਪਰ ਫੇਰ ਮੈਂ ਸੋਚਿਆ ਸ਼ਾਇਦ ਗੁੱਡੂ ਬਦਸੂਰਤ ਹੋਏ ਏਸੇ ਲਈ ਭੂਮਿਕਾ ਬੰਨ੍ਹੀ ਜਾ ਰਹੀ ਏ। ਸ਼ਾਇਦ ਏਸੇ ਲਈ ਉਸਨੂੰ ਮੇਰੇ ਕੋਲ ਆਉਣ ਵੀ ਨਈਂ ਦਿੱਤਾ ਗਿਆ। ਪਰ ਮੇਰੀ ਸੱਸ ਨੂੰ ਸ਼ਾਇਦ ਪਤਾ ਨਈਂ ਸੀ ਕਿ ਏਨੇ ਦਿਨ ਸਹੁਰੇ ਘਰ ਰਹਿ ਕੇ ਮੈਂ ਪ੍ਰੇਸ਼ਾਨ ਹੋ ਗਈ ਸੀ। ਹੁਣ ਮੈਨੂੰ ਚੰਗੇ, ਮਾੜੇ ਬੰਦੇ ਦੀ ਪਛਾਣ ਨਈਂ ਸੀ ਰਹੀ। ਮੈਨੂੰ ਆਪਣਾ ਸ਼ੌਹਰ ਚਾਹੀਦਾ ਸੀ।

ਬੜੀ ਦੇਰ ਤਕ ਸੱਸ ਉਂਜ ਈ ਬੇਮਤਲਬ ਮੇਰੇ ਕੋਲ ਚੁੱਪਚਾਪ ਬੈਠੀ ਰਹੀ। ਫੇਰ ਜਦੋਂ ਉਹ ਅੱਧੀ ਅੰਦਰ ਤੇ ਅੱਧੀ ਦਹਿਲੀਜ਼ ਤੋਂ ਬਾਹਰ ਸੀ, ਉਦੋਂ ਉਹ ਬੋਲੀ, "ਸੁਣ ਹਾਜਰਾ ! ਅਸੀਂ ਸਾਰੇ ਜਣੇ ਤੇਰੀ ਬੜੀ ਕਦਰ ਕਰਾਂਗੇ, ਸਿਰਫ਼ ਤੂੰ ਗੁੱਡੂ ਦੀ ਕਦਰ ਕਰੀਂ। ਉਹ ਸਾਡਾ ਇਕੱਲੌਤਾ ਪੁੱਤਰ ਏ, ਪੰਜ ਭੈਣਾਂ ਦਾ ਇਕੱਲਾ ਭਰਾ। ਦੇਖ ਬੇਟਾ ! ਜੋ ਕੁਛ ਉਹ ਤੈਨੂੰ ਨਾ ਦੇ ਸਕੇ ਤੂੰ ਸਾਥੋਂ ਮੰਗੀ। ਮੇਰੇ ਕੋਲ ਗੁੱਡੂ ਨਾਲੋਂ ਕੀਮਤੀ ਹੋਰ ਕੋਈ ਚੀਜ਼ ਨਈਂ ਏਂ।"

ਮੈਂ ਆਪਣੀ ਸੱਸ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ।

ਪਰ ਉਹ ਤਾਂ ਜਿਵੇਂ ਆਪਣੇ ਦਿਲ ਦੀ ਭੱਠੀ ਨੂੰ ਹੰਝੂਆਂ ਤੇ ਗੱਲਾਂ ਨਾਲ ਠੰਢਾ ਕਰ ਰਹੀ ਸੀ, "ਮੇਰੇ ਰਿਸ਼ਤੇਦਾਰਾਂ 'ਚ ਕੁੜੀਆਂ ਦਾ ਅਕਾਲ ਨਈਂ ਏਂ—ਪਰ ਮੈਂ ਗਰੀਬ ਘਰ ਦੀ ਕੁੜੀ ਇਸ ਲਈ ਲਈ ਏ ਕਿ ਗਰੀਬਾਂ 'ਚ ਹਮਦਰਦੀ ਹੁੰਦੀ ਏ, ਉਹ ਮੁਹੱਬਤ ਕਰਨਾ ਜਾਣਦੇ ਨੇ। ਹੁਣ ਗੁੱਡੂ ਜਿਹਾ ਵੀ ਏ ਤੇਰਾ ਏ ਹਾਜਰਾ। ਜਿਹਾ ਵੀ ਏ, ਸਿਰਫ਼ ਤੇਰਾ ਏ !"

ਮੇਰੀ ਸੱਸ ਕਾਹਲ ਨਾਲ ਚਲੀ ਗਈ।

ਉਸਦੀ ਗੱਲ ਠੀਕ ਸੀ ਕਿ ਗੁੱਡੂ ਸਿਰਫ਼ ਮੇਰਾ ਸੀ ਪਰ ਅਫ਼ਸੋਸ ਮੈਂ ਉਸਦੀ ਏਨੀ ਵੀ ਨਾ ਹੋ ਸਕਦੀ ਜਿੰਨੀ ਕਿ ਕਦੇਰ ਸੀ !

ਰਾਤ ਦੇ ਪਿਛਲੇ ਪਹਿਰ ਗੁੱਡੂ ਕਮਰੇ 'ਚ ਆਇਆ। ਪਹਿਲਾਂ ਬਾਹਰ ਕੁਛ ਖ਼ੁਸਰ-ਫੁਸਰ ਹੁੰਦੀ ਰਹੀ। ਫੇਰ ਗੁੱਡੂ ਅੰਦਰ ਆਇਆ। ਉਹ ਅੰਦਰ ਆਉਂਦਾ ਈ ਮੈਨੂੰ ਇੰਜ ਚਿੰਬੜ ਗਿਆ ਜਿਵੇਂ ਰਿੱਛ ਰੁੱਖ ਨੂੰ ਜੱਫੀ ਪਾਉਂਦਾ ਏ। ਉਸਦੇ ਪਿੱਛੇ ਮੇਰੀ ਸੱਸ ਤੇ ਵੱਡੀਆਂ ਦੋ ਨਣਦਾਂ ਖੜ੍ਹੀਆਂ ਸੀ।



"ਅੰਮਾ ਮੇਰੀ ਵਹੁਟੀ...ਮੇਰੀ ਬੀਵੀ...ਮੇਰੀ ਅੰਮਾ ਜੀ ਪਾਰੀ-ਪਾਰੀ-ਪਾਰੀ ਵਹੁਟੀ ਜੀ।"

ਮੇਰੀ ਸੱਸ ਤੇ ਨਣਦਾਂ ਨੇ ਕਾਹਲ ਨਾਲ ਉਸਨੂੰ ਮੇਰੇ ਨਾਲੋਂ ਵੱਖ ਕਰ ਦਿੱਤਾ।

"ਕੀ ਕਰ ਰਿਹਾ ਏਂ ਗੁੱਡੂ ?"

"ਦੇਖੀਂ ਵਹੁਟੀ ਜੀ ! ਇਹ ਮੈਨੂੰ, ਇਹ ਮੈਨੂੰ, ਤੇਰੇ ਕੋਲ ਨ੍ਹੀਂ ਆਉਣ ਦਿੰਦੀਆਂ ਸੀ। ਕਹਿੰਦੀਆਂ ਸੀ ਵਹੁਟੀ ਭੱਜ ਜਾਊਗੀ। ਤੂੰ ਭੱਜ ਜਾਏਂਗੀ ? ਦੱਸ ਮੈਂ ਕੋਈ ਬੁਰਾ ਆਂ। ਮੈਂ ਆਪਣਾ 'ਕੈਦਾ' ਲਿਆ ਕੇ ਤੈਨੂੰ ਸੁਣਾਵਾਂ ? ਕਿੱਥੇ ਐ ਮੇਰਾ ਕੈਦਾ ? ਲਿਆਓ, ਲਿਆਉਂਦੇ ਕਿਓਂ ਨਈਂ ? ਮੈਂ ਵਹੁਟੀ ਨੂੰ ਪੜ੍ਹ ਕੇ ਸੁਣਾਵਾਂਗਾ !"

ਮੇਰੀ ਸੱਸ ਨੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਰੋਣ ਲੱਗ ਪਿਆ।

"ਸਾਰੇ ਮੇਰੇ ਨਾਲ ਬੁਰਾ ਸਲੂਕ ਕਰਦੇ ਐ, ਫੇਰ ਕਹਿੰਦੇ ਐ ਅਸੀਂ ਤੇਰਾ ਭਲਾ ਕਰ ਰਹੇ ਆਂ। ਮੈਂ ਕਿਉਂ ਚੁੱਪ ਰਹਾਂ ਵੱਡੀ ਆਪਾ—ਤੂੰ ਚੁੱਪ ਹੋ ਜਾ, ਤੂੰ ਦਫ਼ਾ ਹੋ ਜਾ। ਮੇਰੀ ਵਹੁਟੀ ਐ, ਮੈਂ ਇਸ ਨਾਲ ਬੋਲੂੰਗਾ, ਬੋਲੂੰਗਾ, ਹਾਂ ਬੋਲੂੰਗਾ।"

ਢਿੱਲੀ ਮੱਛਰਦਾਨੀ ਕਦੇ-ਕਦੇ ਬਾਂਸਾਂ ਨਾਲ ਬੰਨ੍ਹ ਕੇ ਲਾਉਣੀ ਬੜੀ ਮੁਸ਼ਕਲ ਹੁੰਦੀ ਏ। ਇਕ ਸਿਰੇ 'ਤੇ ਡੰਡਿਆਂ ਦਾ ਕਰਾਸ ਠੀਕ ਕਰੋ ਤਾਂ ਦੂਜੇ ਸਿਰੇ ਦੇ ਡੰਡੇ ਸਰਕ ਕੇ ਪਾਵਿਆਂ 'ਚੋਂ ਨਿਕਲ ਜਾਂਦੇ ਨੇ। ਬਿਲਕੁਲ ਇਵੇਂ ਈ ਮੇਰੀ ਸੱਸ ਤੇ ਨਣਦਾਂ ਤਿੰਨੇ ਤੰਬੂ ਤਾਣ ਕੇ ਗੁੱਡੂ ਨੂੰ ਇਨਸਾਨ ਦੇ ਰੂਪ 'ਚ ਪੇਸ਼ ਕਰ ਰਹੀਆਂ ਸੀ। ਕੁਛ ਚਿਰ ਬਾਅਦ ਉਹ ਢਿੱਲੀ ਮੱਛਰਦਾਨੀ ਮੇਰੇ 'ਤੇ ਤਾਣ ਕੇ ਹੇਠਾਂ ਚਲੀਆਂ ਗਈਆਂ। ਉਹਨਾਂ ਦਾ ਖ਼ਿਆਲ ਸੀ ਖ਼ਤਰੇ ਵੱਲੋਂ ਅੱਖਾਂ ਮੀਚਦਿਆਂ ਈ ਖ਼ਤਰਾ ਟਲ ਜਾਏਗਾ।

ਇਹ ਸ਼ੁਰੂਆਤ ਸੀ—

ਮੇਨ ਹੋਲ 'ਚ ਡਿੱਗਣ ਦੀ ਸ਼ੁਰੂਆਤ !

ਇਕ ਨੀਮ ਪਾਗਲ ਸ਼ੌਹਰ ਨਾਲ ਜ਼ਿੰਦਗੀ ਦੀ ਸ਼ੁਰੂਆਤ। ਮੈਂ ਏਨੀ ਉਮਰ ਬਿਨਾਂ ਚੰਗਾ ਖਾਧੇ-ਪੀਤੇ ਬਿਤਾਈ ਸੀ ਕਿ ਜੇ ਗੁੱਡੂ ਆਮ ਸਿਧਰਾ ਜਾਂ ਝੱਲਾ ਹੁੰਦਾ ਤਾਂ ਮੈਂ ਆਪਣੀ ਕਿਸਮਤ ਮੰਨ ਕੇ ਐਸ਼ੋ-ਅਰਾਮ ਦੀ ਜ਼ਿੰਦਗੀ 'ਚ ਡੁੱਬ ਜਾਂਦੀ। ਪਰ ਗੁੱਡੂ ਦੀਵਾਨਾ ਹੋਣ ਦੇ ਨਾਲ-ਨਾਲ ਆਸ਼ਕ-ਮਿਜਾਜ਼ ਵੀ ਸੀ।

ਉਸਨੂੰ ਜੱਫੀਆਂ ਪਾਉਣ, ਚੁੰਮਣ ਤੇ ਚੂੰਢੀ-ਚਪਟੇ ਦਾ ਬੜਾ ਸ਼ੌਕ ਸੀ। ਉਸਦਾ ਜੀਅ ਚਾਹੁੰਦਾ ਕਿ ਮੈਂ ਸਾਰਾ-ਸਾਰਾ ਦਿਨ ਉਸਦੇ ਨਾਲ ਪਲੰਘ 'ਤੇ ਪਈ ਰਹਾਂ। ਉਹ ਨਾਸ਼ਤੇ ਦੀ ਮੇਜ਼ ਤੋਂ ਮੇਰਾ ਹੱਥ ਫੜ ਕੇ ਘਸੀਟਣ ਲੱਗਦਾ—

"ਗੁੱਡੂ ਨਾਸ਼ਤਾ ਕਰਨ ਦੇ ਹਾਜਰਾ ਨੂੰ !"

"ਇਕ ਗੱਲ ਐ ਅੰਮੀ, ਮੇਰੀ ਪਾਰੀ ਅੰਮੀ, ਪ੍ਰਾਈਵੇਟ ਗੱਲ—ਕਮਰੇ 'ਚ ਕਰਨ ਵਾਲੀ।"

"ਟੋਸਟ ਤਾਂ ਖਾ ਲੈਣ ਦੇ ਵਿਚਾਰੀ ਨੂੰ।" ਮੇਰੀ ਵੱਡੀ ਨਣਦ ਕਹਿੰਦੀ।

ਫੇਰ ਉਹ ਮੇਰੇ ਕੰਨ ਨਾਲ ਮੂੰਹ ਜੋੜ ਕੇ ਇਕ-ਅੱਧੀ ਅਜਿਹੀ ਗੱਲ ਕਹਿੰਦਾ ਜਿਹੜੀ ਸਾਰਿਆਂ ਨੂੰ ਸੁਣ ਜਾਂਦੀ ਤੇ ਜਿਸ ਦਾ ਸੰਬੰਧ ਜਿਸਮ ਦੇ ਅਜਿਹੇ ਹਿੱਸਿਆਂ ਨਾਲ ਹੁੰਦਾ ਜਿਹਨਾਂ ਦਾ ਜ਼ਿਕਰ ਆਮ ਤੌਰ 'ਤੇ ਲੋਕੀ ਨਈਂ ਕਰਦੇ।

"ਉੱਠ ਨਾ ਜ਼ਰੂਰੀ ਕੰਮ ਐ।"

"ਤੂੰ ਚੱਲ, ਹੁਣੇ ਆਉਂਦੀ ਐ ਹੁਣੇ।"

ਉਹ ਮੇਰਾ ਦੁਪੱਟਾ ਫੜ ਕੇ ਖਿੱਚਣਾ ਸ਼ੁਰੂ ਕਰ ਦਿੰਦਾ, "ਜਲਦੀ ਚੱਲ, ਜਲਦੀ ਚੱਲ।"

ਕਮਰੇ 'ਚ ਪਹੁੰਚ ਕੇ ਮੇਰਾ ਖਿਝਣਾ-ਬੋਲਣਾ, ਉਸਨੂੰ ਪਰ੍ਹੇ-ਪਰ੍ਹੇ ਕਰਨਾ ਸਭ ਬੇਕਾਰ ਸੀ। ਉਹ ਬਾਂਦਰ ਵਾਂਗ ਬੁੜ੍ਹਕ-ਬੁੜ੍ਹਕ ਕੇ ਮੈਨੂੰ ਚੁੰਮਣ ਲੱਗਦਾ। ਮੈਂ ਕੱਪੜੇ ਗਹਿਣੇ ਲਾਹੁਣ ਤੋਂ ਮਨ੍ਹਾਂ ਕਰਦੀ ਤਾਂ ਬਾਲਾਂ ਵਾਂਗ ਫੁੱਟ-ਫੁੱਟ ਕੇ ਰੋਣ ਲੱਗ ਪੈਂਦਾ। ਅਜਿਹੇ ਪਲਾਂ 'ਚ ਗੁੱਡੂ ਮੇਰੇ 'ਤੇ ਹਾਵੀ ਹੋ ਜਾਂਦਾ—ਕਿਉਂਕਿ ਉਸ ਸੁਨਹਿਰੇ ਵਾਲਾਂ ਵਾਲੇ ਦੀਵਾਨੇ ਨੂੰ ਦੇਖ ਕੇ ਪਤਾ ਨਈਂ ਕਿਉਂ ਮੇਰੇ ਅੰਦਰ ਰਹਿਮ ਤੇ ਦੁੱਖ ਦੀ ਇਕ ਪੀੜ ਉੱਠਣ ਲੱਗਦੀ ਤੇ ਮੇਰਾ ਜੀਅ ਉਸਨੂੰ ਗੋਦੀ ਚੁੱਕ ਲੈਣ ਨੂੰ ਕਰਦਾ।

ਅਜੀਬ ਜਿਹੇ ਦਿਨ ਸਨ, ਅਜੀਬ ਜਿਹੀਆਂ ਰਾਤਾਂ। ਤੇਜ਼ ਬੁਖ਼ਾਰ 'ਚ ਆਉਣ ਵਾਲੇ ਸੁਪਨਿਆਂ ਵਾਂਗ ਉਹਨਾਂ ਦਾ ਮੂੰਹ ਸਿਰ ਕੁਛ ਵੀ ਨਈਂ ਸੀ ਹੁੰਦਾ। ਪਤਾ ਨਈਂ ਦਿਨੇ ਸੂਰਜ ਨਿਕਲਦਾ ਵੀ ਸੀ ਜਾਂ ਨਈ, ਰੱਬ ਜਾਣੇ ਰਾਤਾਂ ਨੂੰ ਹਨੇਰਾ ਵੀ ਹੁੰਦਾ ਸੀ ਕਿ ਨਈਂ। ਮੇਰੀ ਸੱਸ ਮੇਰੀ ਆਓ-ਭਗਤ 'ਚ ਲੱਗੀ ਰਹਿੰਦੀ ਸੀ, ਨਵੇਂ-ਨਵੇਂ ਜ਼ੇਵਰ, ਸੋਹਣੇ ਸੋਹਣੇ ਕੱਪੜੇ ਆਉਂਦੇ ਰਹਿੰਦੇ ਸਨ। ਮੇਰੀਆਂ ਨਣਦਾਂ ਮੈਥੋਂ ਸ਼ਰਮਿੰਦਾ-ਸ਼ਰਮਿੰਦਾ, ਪਰ੍ਹੇ-ਪਰ੍ਹੇ ਰਹਿੰਦੀਆਂ ਸੀ। ਮੇਰਾ ਸਹੁਰਾ ਕਦੀ-ਕਦੀ ਮੈਨੂੰ ਕੋਲ ਬਿਠਾ ਕੇ ਜ਼ਿੰਦਗੀ ਦੀ ਊਚ-ਨੀਚ ਸਮਝਾਉਂਦਾ ਰਹਿੰਦਾ ਸੀ।

ਗੁੱਡੂ 'ਤੇ ਕਦੀ-ਕਦੀ ਸਿਆਣੇਪਨ ਦੇ ਦੌਰੇ ਪੈਂਦੇ ਤਾਂ ਮੈਨੂੰ ਬੜੀਆਂ ਉਮੀਦਾਂ ਬੱਝਦੀਆਂ—ਸ਼ਾਇਦ ਕੋਈ ਕਰਿਸ਼ਮਾ, ਕੋਈ ਕਰਾਮਾਤ ਹੋ ਜਾਏ। ਅਜਿਹੇ ਦਿਨਾਂ 'ਚ ਕੋਈ ਗੁੱਡੂ ਨੂੰ ਪਛਾਣ ਈ ਨਈਂ ਸੀ ਸਕਦਾ। ਉਹ ਸਿਰ 'ਤੇ ਟੋਪੀ ਲੈ ਕੇ, ਬਾਹਾਂ 'ਤੇ ਜਾਏ ਨਮਾਜ਼ ਲਟਕਾ ਕੇ ਮੇਰੇ ਕੋਲ ਆਉਂਦਾ ਤੇ ਬੜੀ ਮਿੱਠੀ ਮੁਸਕੁਰਾਹਟ ਨਾਲ ਕਹਿੰਦਾ, "ਦੇਖ ਹਾਜਰਾ! ਮੈਂ ਮਸਜਿਦ 'ਚ ਅਸ਼ਾ ਦੀ ਨਮਾਜ ਪੜ੍ਹਨ ਜਾ ਰਿਹਾਂ, ਤੂੰ ਖਾਣਾ ਖਾ ਕੇ ਸੌਂ ਜਾਵੀਂ, ਬੈਠੀ ਉਡੀਕਦੀ ਨਾ ਰਹੀਂ।"

ਪੰਜ ਭੈਣਾਂ ਦੇ ਇਕਲੌਤੇ ਭਰਾ ਦੀ ਏਨੀ ਸਿਆਣੀ ਗੱਲ ਸੁਣ ਕੇ ਮੇਰੀ ਸੱਸ ਦਾ ਤਨ ਮਨ ਠਰ ਜਾਂਦਾ, "ਸੌਂ ਜਾਏਗੀ, ਸੌਂ ਜਾਏਗੀ—ਤੂੰ ਫ਼ਿਕਰ ਨਾ ਕਰ। ਤੂੰ ਆਰਾਮ ਨਾਲ ਨਮਾਜ਼ ਪੜ੍ਹਨ ਜਾਹ।"

ਵਾਪਸੀ 'ਤੇ ਉਹ ਸਾਰਿਆਂ ਨੂੰ ਸਲਾਮ ਕਰਕੇ ਆਪਣੇ ਕਮਰੇ 'ਚ ਆਉਂਦਾ। ਬੜੀ ਦੇਰ ਤਕ ਉਹ ਇਕ ਸਭਿਅ ਆਦਮੀ ਵਾਂਗ ਦੰਦ ਸਾਫ਼ ਕਰਦਾ ਰਹਿੰਦਾ। ਫੇਰ ਸੋਫ਼ੇ 'ਤੇ ਬੈਠ ਕੇ ਬੈੱਡਲੈਂਪ ਦੀ ਰੋਸ਼ਨੀ 'ਚ ਉਹ ਕਿਤਾਬਾਂ ਦੇਖਦਾ ਰਹਿੰਦਾ ਜਿਹਨਾਂ ਨੂੰ ਪੜ੍ਹਨਾ ਉਸ ਲਈ ਮੁਸ਼ਕਲ ਸੀ। ਡੂੰਘੀ ਰਾਤ ਹੋਏ ਪਲੰਘ 'ਤੇ ਆਉਂਦਾ ਤੇ ਮੇਰੇ ਵੱਲ ਪਿੱਠ ਕਰਕੇ ਸੌਂ ਜਾਂਦਾ। ਅਕਲਮੰਦ ਹੁੰਦਿਆਂ ਈ ਉਸਨੂੰ ਮੇਰੇ ਤਾਈਂ ਕੋਈ ਗਰਜ ਨਾ ਰਹਿੰਦੀ।

ਅਜਿਹੇ ਦਿਨਾਂ 'ਚ ਉਹ ਬੜੇ ਸਲੀਕੇ ਨਾਲ ਮੇਰੇ ਸਹੁਰੇ ਨਾਲ ਫ਼ੈਕਟਰੀ ਜਾਣ ਲੱਗਦਾ। ਵਾਪਸੀ 'ਤੇ ਚੁੱਪਚਾਪ ਖਾਣਾ ਖਾਂਦਾ, ਫ਼ੈਕਟਰੀ ਦੇ ਮਸਲਿਆਂ ਬਾਰੇ ਗੱਲਬਾਤ ਕਰਦਾ ਤੇ ਫੇਰ ਮੈਨੂੰ ਮਿਲੇ ਬਗ਼ੈਰ ਸਿਨਮਾ ਦੇਖਣ ਚਲਾ ਜਾਂਦਾ।



ਓਹਨੀਂ ਦਿਨੀਂ ਮੇਰੀ ਸੱਸ ਧਰਤੀ ਤੋਂ ਦੋ-ਦੋ ਗਿੱਠ ਉੱਚੀ ਤੁਰਦੀ ਲੱਗਦੀ।

"ਅਸੀਂ ਸਾਰਾ ਕੁਛ ਗੁੱਡੂ ਦੇ ਨਾਂ ਕਰਵਾ ਦਿੱਤਾ ਏ ਹਾਜਰਾ! ਕੋਠੀ, ਪਲਾਟ, ਫ਼ੈਕਟਰੀ ਸਭ ਕੁਛ। ਇਹ ਸਭ ਤਾਂ ਆਪੋ-ਆਪਣੇ ਘਰੀਂ ਚਲੀਆਂ ਜਾਣਗੀਆਂ। ਸਭ ਕੁਛ ਤੇਰਾ ਏ, ਤੇਰਾ ਤੇ ਗੁੱਡੂ ਦਾ।"

ਇਹ ਦਿਨ ਬੜੇ ਸ਼ਾਂਤਮਈ ਹੁੰਦੇ।

ਜੇ ਮੈਂ ਗਲਤੀ ਨਾਲ ਕਿਸੇ ਦੇ ਸਾਹਮਣੇ ਹੱਥ ਵੀ ਲਾ ਲੈਂਦੀ ਤਾਂ ਉਹ ਤ੍ਰਬਕ ਜਾਂਦਾ ਤੇ ਧੀਮੀ ਆਵਾਜ਼ 'ਚ ਕਹਿੰਦਾ, "ਕੀ ਕਰਦੀ ਪਈ ਏਂ ਹਾਜਰਾ! ਕਿਸੇ ਦਾ ਲਿਹਾਜ ਵੀ ਨਈਂ ਤੈਨੂੰ, ਮੇਰੀਆਂ ਜਵਾਨ ਭੈਣਾਂ ਦੇਖ ਰਹੀਐਂ।"

ਪਰ ਇਹ ਦਿਨ ਬਹੁਤੇ ਨਈਂ ਸੀ ਹੁੰਦੇ। ਅਜ਼ਲੀ ਦਰਦ ਵਾਂਗ ਕਿਸੇ ਸਵੇਰ ਉੱਠਦਾ ਈ ਗੁੱਡੂ ਆਪਣਾ ਚੋਲਾ ਲਾਹ ਕੇ ਅਸਲੀ ਰੂਪ 'ਚ ਆ ਜਾਂਦਾ। ਜਦੋਂ ਗੁੱਡੂ ਠੀਕ ਹੁੰਦਾ ਤਾਂ ਉਹਨੀਂ ਦਿਨੀਂ ਸਹੁਰੇ-ਘਰ 'ਚ ਉੱਪਰ ਹੇਠਾਂ ਹਾਸਿਆਂ ਦੇ ਠਹਾਕੇ ਗੂੰਜਦੇ ਰਹਿੰਦੇ। ਮੇਰੀਆਂ ਨਣਦਾਂ ਦੇ ਰਿਸ਼ਤਿਆਂ ਦੀਆਂ ਗੱਲਾਂ ਹੁੰਦੀਆਂ। ਸਾਰਾ ਘਰ ਮੈਟਨੀ ਸ਼ੋ ਦੇਖਣ ਜਾਂਦਾ, ਰਿਸ਼ਤੇਦਾਰਾਂ ਨੂੰ ਪਾਰਟੀਆਂ ਹੁੰਦੀਆਂ। ਮੇਰੇ ਸੱਸ ਖਿੜੇ ਮੱਥੇ ਮੈਨੂੰ ਸਭ ਨਾਲ ਮਿਲਾਉਂਦੀ ਤੇ ਉੱਚੀ ਆਵਾਜ਼ 'ਚ ਕਹਿੰਦੀ, "ਮੇਰੀ ਹਾਜਰਾ ਦਾ ਜਾਦੂ ਦੇਖਿਆ ਭੈਣ ਜੀ? ਜਿਹੜਾ ਕੰਮ ਡਾਕਟਰ ਨਾ ਕਰ ਸਕੇ, ਮੇਰੀ ਬਹੂ ਨੇ ਕਰ ਦਿਖਾਇਆ। ਦਸ ਸਾਲਾਂ ਦੀ ਸੁਰਤ ਮਾਰੀ ਗਈ ਏ ਗੁੱਡੂ ਦੀ, ਹੁਣ ਦੇਖ ਲਓ ਚੰਗਾ ਭਲਾ, ਹੋਸ਼ਮੰਦ ਹੋ ਗਿਐ। ਹਾਜਰਾ ਨੇ ਉਸਨੂੰ ਜ਼ਿੰਦਗੀ ਦਿੱਤੀ ਏ। ਹਾਜਰਾ ਨੇ ਉਸਨੂੰ ਇਨਸਾਨ ਬਣਾ ਦਿੱਤਾ ਏ।"

ਮੈਨੂੰ ਆਪਣੀ ਸਾਰੀ ਦੀ ਸਾਰੀ ਖੁੱਲ੍ਹਦਿਲੀ 'ਤੇ ਬੜੀ ਸ਼ਰਮ ਆਉਂਦੀ। ਉਹ ਮਾਂ ਸੀ ਤੇ ਇਸ ਲਈ ਉਸਦਾ ਜਜ਼ਬਾ ਸੱਚਾ ਸੀ ਤੇ ਮੈਂ ਔਰਤ ਸੀ ਤੇ ਕਿਉਂਕਿ ਮੇਰੀਆਂ ਜ਼ਰੂਰਤਾਂ ਅਧੂਰੀਆਂ ਸਨ ਇਸ ਲਈ ਜੋ ਕੁਛ ਵੀ ਮੈਂ ਜਾਹਰ ਕਰਦੀ ਸੀ, ਅੰਦਰ ਮਹਿਸੂਸ ਕਰਨ ਤੋਂ ਸੱਖਣੀ ਸੀ।

ਜੇ ਮੇਰੀ ਸੱਸ ਦਾ ਵੱਸ ਚੱਲਦਾ ਤਾਂ ਉਹ ਖ਼ੁਦ ਗੁੱਡੂ ਦੀ ਬੀਵੀ ਬਣ ਜਾਂਦੀ ਤੇ ਸਾਰੀ ਉਮਰ ਉਸਨੂੰ ਆਪਣੇ ਖੰਭਾਂ ਹੇਠ ਇੰਜ ਲੁਕਾਈ ਰੱਖਦੀ ਜਿਵੇਂ ਬਤਖ਼ 'ਸੋਂ-ਸੋਂ' ਕਰਦੀ ਆਪਣੇ ਆਂਡਿਆਂ ਨੂੰ ਸਾਂਭਦੀ ਏ। ਕਦੀ-ਕਦੀ ਗੁੱਡੂ ਪਲੰਘ 'ਤੇ ਪਿਸ਼ਾਬ ਕਰ ਦਿੰਦਾ ਤਾਂ ਚੋਰੀ-ਚੋਰੀ ਖ਼ੁਦ ਈ ਚਾਦਰਾਂ ਗੱਦੇ ਧੋ ਦਿੰਦੀ। ਮੇਰੇ 'ਤੇ ਗੁੱਡੂ ਦੀ ਦੇਖ-ਭਾਲ ਦਾ ਕੋਈ ਬੋਝ ਨਈਂ ਸੀ। ਮੈਂ ਆਪਣੀ ਸੱਸ ਨੂੰ ਦੇਖ ਕੇ ਸੋਚਦੀ ਰਹਿੰਦੀ ਕਿ ਕੀ ਇਕ ਇਨਸਾਨ ਦੀਆਂ ਏਨੀਆਂ ਸਾਰੀਆਂ ਕਮਜ਼ੋਰੀਆਂ 'ਤੇ ਕੋਈ ਏਨੀ ਸਫ਼ਾਈ ਨਾਲ ਪਰਦਾ ਪਾ ਸਕਦਾ ਏ? ਏਨੀ ਵੱਡੀ ਕੁਤਾਹੀ ਦੇ ਬਾਵਜੂਦ ਉਸਨੂੰ ਇਸ ਤਰ੍ਹਾਂ ਜਿੰਦ-ਜਾਨ ਨਾਲ ਕਬੂਲ ਕਰ ਸਕਦਾ ਏ? ਕਦੀ-ਕਦੀ ਮੈਨੂੰ ਲੱਗਦਾ ਏ ਜਿਵੇਂ ਅੱਲਾ ਮੀਆਂ ਵੀ ਆਪਣੇ ਜੀਵਾਂ ਨੂੰ ਇਸੇ ਲਈ ਮੌਤ ਦੇ ਪਰਦੇ ਪਿੱਛੇ ਲੁਕਾਅ ਲੈਂਦਾ ਏ ਕਿ ਅਬਲੀਸ ਉਸ ਦੀਆਂ ਕੁਤਾਹੀਆਂ ਦਾ ਮਖ਼ੌਲ ਨਾ ਉਡਾਏ।

ਆਪਣੀ ਸੱਸ ਦੇ ਸਾਹਮਣੇ ਮੈਨੂੰ ਆਪਣਾ ਵਜੂਦ ਇਕ ਚੋਰ ਵਰਗਾ ਲੱਗਦਾ ਸੀ। ਉਸ ਘਰ ਦੇ ਸਾਰੇ ਸੁੱਖ, ਸਾਰੇ ਆਰਾਮ, ਸਾਰੇ ਚਾਅ-ਚੋਚਲੇ ਬੇਕਾਰ ਗਏ। ਮੈਂ ਗੁੱਡੂ

ਲਈ ਆਪਣੇ ਦਿਲ 'ਚ ਜਗ੍ਹਾ ਨਾ ਬਣਾ ਸਕੀ। ਮੈਂ ਕੋਸ਼ਿਸ਼ ਕਰਦੀ ਸੀ, ਪਰ ਜਿੱਥੇ ਸਿਓਣ ਦੀ ਲੋੜ ਹੋਵੇ ਉੱਥੇ ਟਾਂਕਿਆਂ-ਤੋਪਿਆਂ ਨਾਲ ਕੰਮ ਨਈਂ ਚੱਲਦਾ। ਜਿੱਥੇ ਤਨ, ਮਨ, ਧਨ ਨਾਲ ਤਪੱਸਿਆ ਦੀ ਲੋੜ ਹੋਵੇ ਉੱਥੇ ਮੌਕੇ-ਬੇਮੌਕੇ ਦੀ ਚੁੰਮਾ ਚੱਟੀ ਨਾਲ ਡੰਗ ਨਈਂ ਸਰਦਾ।

ਰੱਬ ਜਾਣੇ ਇਹ ਗੁੱਡੂ ਕਰਕੇ ਹੋਇਆ?

ਰੱਬ ਜਾਣੇ ਮਾਂ ਦੀ ਮੌਤ ਪਿੱਛੋਂ ਮੇਰਾ ਅੰਦਰ ਖਾਲੀ ਪਿੰਜਰੇ ਵਰਗਾ ਹੋ ਗਿਆ ਸੀ!

ਜਾਂ ਅੱਲਾ ਦੀ ਮਰਜ਼ੀ ਸੀ!

ਜ਼ਿੰਦਗੀ ਕਦੀ ਸਿੱਧਾ ਰਸਤਾ ਨਈਂ ਫੜਦੀ। ਉਸਨੂੰ ਤੰਗ ਪਗਡੰਡੀ, ਬੰਜਰ ਰਸਤੇ, ਪਥਰੀਲੇ, ਖੰਘਰਾਂ ਵਾਲੇ ਰਾਹਾਂ ਤੋਂ ਲੰਘਣ ਦਾ ਬੜਾ ਸ਼ੌਕ ਏ। ਚਾਰਾਗਾਹਾਂ 'ਚ ਤੁਰਨ ਵਾਲੇ ਜਾਣ-ਬੁੱਝ ਕੇ ਕੰਡਿਆਂ ਨਾਲ ਉਲਝਦੇ ਨੇ। ਅਮੀਰਾਂ ਦੀ ਜ਼ਿੰਦਗੀ 'ਚ ਹਮੇਸ਼ਾ ਡਾਕਟਰ, ਦੁੱਖ ਤੇ ਵੱਡੇ-ਵੱਡੇ ਨਾਸੂਰ ਹੁੰਦੇ ਨੇ।

**ਇ**ਹ ਦੂਜੀ ਵਾਰੀ ਸੀ!

ਜਦੋਂ ਮੇਰਾ ਖੱਬਾ ਪੈਰ ਆਖ਼ਰੀ ਪੌੜੀ 'ਤੇ ਤੇ ਸੱਜਾ ਪੈਰ ਸੰਗਮਰਮਰ ਦੇ ਫ਼ਰਸ਼ ਤੋਂ ਛੇ ਇੰਚ ਉੱਚਾ ਸੀ, ਮੇਰੀ ਸੱਸ ਨੇ ਪਿੱਛੋਂ ਮੇਰੇ ਵਾਲ ਫੜ ਲਏ। ਜਿਹੜਾ ਇਨਸਾਨ ਗੁਨਾਹ ਦੇ ਅਹਿਸਾਸ ਕਰਕੇ ਮੇਰੇ ਵਾਂਗ ਦੱਬਿਆ ਹੋਇਆ ਹੋਏ ਉਹ ਤਾਂ ਆਪਣੇ ਪੈਰਾਂ 'ਤੇ ਮੁਸ਼ਕਲ ਨਾਲ ਈ ਖੜ੍ਹਾ ਹੋ ਸਕਦਾ ਏ। ਉਸਨੂੰ ਡੇਗਣ ਲਈ ਮਾਰ-ਕੁੱਟ, ਧੌਲ-ਧੱਫ਼ੇ ਦੀ ਲੋੜ ਨਈਂ ਹੁੰਦੀ।

"ਬੋਲ, ਅਹਿ ਅੱਧੀ ਰਾਤ ਨੂੰ ਤੂੰ ਕਿੱਥੋਂ ਆਈ ਏਂ ਹਰਾਮਜ਼ਾਦੀਏ?"

ਮੇਰਾ ਸਿਰ ਪੱਕੇ ਫ਼ਰਸ਼ ਨਾਲ ਖ਼ੁੱਦੋ ਵਾਂਗ ਜਾ ਵੱਜਿਆ।

"ਉੱਤੇ ਨਾ ਕਮਰਾ, ਨਾ ਟੱਟੀ, ਸਿਰਫ਼ ਬਰਸਾਤੀ। ਐਨੀ ਰਾਤ ਗਏ ਤੂੰ ਕੀ ਕਰਨ ਗਈ ਸੀ ਉੱਥੇ?...ਨਾ ਮੁਰਾਦੇ ਬੋਲ!"

ਮੇਰਾ ਦਿਮਾਗ, ਰੂਹ ਤੇ ਵਜੂਦ ਸਭ ਪੱਥਰ ਦੇ ਹੋ ਚੁੱਕੇ ਸੀ।

"ਬੋਲ ਕੌਣ ਸੀ ਉਹ? ਕੌਣ ਏ ਉਹ ਸਾਡੀ ਇੱਜ਼ਤ ਨਾਲ ਖੇਡਣ ਵਾਲਾ?"

ਮੇਰੀ ਸੱਸ ਤੀਜੀ ਮੰਜ਼ਿਲ 'ਤੇ ਜਾਣ ਵਾਲੀਆਂ ਪੌੜੀਆਂ 'ਤੇ ਬੈਠੀ ਰੋ ਰਹੀ ਸੀ ਤੇ ਉੱਪਰ ਬਰਸਾਤੀ 'ਚ ਕੰਬਲ ਲਪੇਟੀ, ਦਸੰਬਰ ਦੀਆਂ ਸਰਦੀਆਂ 'ਚ ਮੇਰਾ ਸਹੁਰਾ ਕੰਬ ਰਿਹਾ ਸੀ। ਮੈਂ ਆਪਣੀ ਸੱਸ ਨੂੰ ਕੀ ਦੱਸਦੀ ਕਿ ਮੈਂ ਉਸਦੀ ਇੱਜ਼ਤ ਨਾਲ ਖੇਡਣ ਵਾਲੀ ਨਈਂ, ਮੈਂ ਤਾਂ ਉਹਦੀ ਇੱਜ਼ਤ ਬਣਾਉਣ ਵਾਲੀ ਆਂ ਪਰ ਕੁਛ ਗੱਲਾਂ ਜਦੋਂ ਬੁੱਲ੍ਹਾਂ 'ਤੇ ਆਉਂਦੀਆਂ ਨੇ ਤਾਂ ਅਜੀਬ ਕਿਸਮ ਦਾ ਝੂਠ ਲੱਗਦੀਆਂ ਨੇ।

"ਕੌਣ ਸੀ ਉੱਪਰ? ਕੌਣ ਏ ਸਾਡੇ ਘਰ 'ਚ ਸੰਨ੍ਹ ਲਾਉਣ ਵਾਲਾ? ਮੁਰਦਾਰੇ, ਹਰਾਮਖ਼ੋਰੇ, ਅਹਿਸਾਨ ਫ਼ਰਾਮੋਸ਼ੇ ਕੁਛ ਤਾਂ ਬੋਲ!"

ਮੈਂ ਠੰਢੇ ਫਰਸ਼ 'ਤੇ ਚਿੱਤ ਪਈ ਸੀ ਤੇ ਸੋਚ ਰਹੀ ਸੀ ਕਿ ਆਪਣੀ ਸੱਸ ਨੂੰ ਕੀ ਦੱਸਾਂ...ਕਿੱਥੋਂ ਸ਼ੁਰੂ ਕਰਾਂ ਤੇ ਕਿੱਥੇ ਜਾ ਕੇ ਖ਼ਤਮ ਕਰਾਂ? ਕੀ ਉਹ ਏਨੀਆਂ ਸਾਰੀਆਂ ਉਲਝਣ ਭਰੀਆਂ ਗੱਲਾਂ ਨੂੰ ਸਮਝ ਵੀ ਸਕੇਗੀ?



"ਸੁਣ ਹਾਜਰਾ! ਜਾਂ ਤਾਂ ਉਸਦਾ ਨਾਂ ਦੱਸ ਦੇ ਸਿੱਧੀ ਤਰ੍ਹਾਂ ਜਾਂ ਫੇਰ ਮੈਂ ਤੈਨੂੰ ਖੜ੍ਹੀ-ਖੜ੍ਹੀ ਤਲਾਕ ਦੁਆ ਦਿਆਂਗੀ।"

ਮੈਨੂੰ ਆਪਣੀ ਸੱਸ ਨਾਲ ਪਿਆਰ ਹੋ ਗਿਆ ਸੀ, ਮੈਂ ਉਸਨੂੰ ਸਿੱਧੀ ਤਰ੍ਹਾਂ ਕਿਵੇਂ ਕਿਸੇ ਦਾ ਨਾਂ ਦੱਸ ਸਕਦੀ ਸੀ?

"ਹਾਜਰਾ! ਮੈਂ ਤੇਰੀ ਖਾਤਰ ਕੀ ਨਈਂ ਕੀਤਾ ਤੇ ਤੂੰ ਮੈਨੂੰ ਇਹ ਬਦਲਾ ਦਿੱਤਾ ਕਲਮੂੰਹੀਏਂ? ਬੋਲ, ਦੱਸ ਉਸਦਾ ਨਾਂ। ਦੇਖ ਮੈਂ ਅੱਜ ਤਕ ਕਿਸੇ 'ਤੇ ਹੱਥ ਨਈਂ ਚੁੱਕਿਆ ਪਰ...ਪਰ ਬੋਲ ਹਾਜਰਾ, ਦੱਸ ਉੱਪਰ ਕੌਣ ਸੀ?"

ਮੈਂ ਆਪਣੀ ਸੱਸ ਨੂੰ ਕੀ ਦੱਸਦੀ ਕਿ ਮੈਂ ਵੀ ਉਸ ਦੀਆਂ ਖ਼ਿਦਮਤਾਂ ਬਦਲੇ ਏਨੀ ਵੱਡੀ ਗੁਨਾਹ ਦੀ ਪੰਡ ਸਿਰ 'ਤੇ ਚੁੱਕ ਲਈ ਸੀ। ਇਹ ਪੰਡ ਬਾਜ਼ਾਰ ਦੀਆਂ ਉਹਨਾਂ ਪੰਡਾਂ ਵਰਗੀ ਸੀ ਜਿਹਨਾਂ 'ਚ ਪੁਰਾਣੇ ਬਦਬੂਦਾਰ ਇਸਤੇਮਾਲ ਕੀਤੇ ਹੋਏ ਸਾਹਬਾਂ ਦੇ ਕੱਪੜੇ ਆਉਂਦੇ ਨੇ।

ਸਰਦੀਆਂ ਸ਼ੁਰੂ ਹੋਈਆਂ ਸਨ ਜਦੋਂ ਇਕ ਦਿਨ ਮੇਰਾ ਸਹੁਰਾ ਮੇਰੇ ਕੋਲ ਆਇਆ। ਉਸ ਦਿਨ ਘਰ ਦੇ ਸਾਰੇ ਜੀਅ ਗੁੱਡੂ ਨੂੰ ਲੈ ਕੇ ਇਕ ਮਜ਼ਾਰ 'ਤੇ ਦੇਗ ਚੜ੍ਹਾਉਣ ਗਏ ਹੋਏ ਸਨ। ਮੈਨੂੰ ਬੁਖ਼ਾਰ ਸੀ ਇਸ ਲਈ ਮੈਂ ਉਹਨਾਂ ਨਾਲ ਨਈਂ ਸੀ ਜਾ ਸਕੀ। ਹੌਲੀ-ਜਿਹੇ ਮੇਰਾ ਬੂਹਾ ਖੜਕਿਆ ਜਿਵੇਂ ਕੋਈ ਚਿੜੀ ਆ ਕੇ ਵਾਰੀ-ਵਾਰੀ ਰਸਤਾ ਲੱਭਣ ਲਈ ਉਸ ਨਾਲ ਟਕਰਾ ਰਹੀ ਹੋਵੇ।

ਬੜੀ ਦੇਰ ਬਾਅਦ ਇਕ ਮੁਰਦਲੀ ਜਿਹੀ ਆਵਾਜ਼ ਆਈ, "ਹਾਜਰਾ!"

ਮੈਂ ਦਰਵਾਜ਼ਾ ਖੋਲ੍ਹਿਆ ਤਾਂ ਮੇਰਾ ਸਹੁਰਾ ਖੜ੍ਹਾ ਸੀ।

"ਕੀ ਹਾਲ ਏ ਹੁਣ?"

"ਠੀਕ ਐ ਜੀ!"

ਜਦੋਂ ਮੈਂ ਵਾਪਸ ਮੁੜਨ ਲੱਗੀ ਤਾਂ ਉਸਨੇ ਮੇਰੀ ਬਾਂਹ ਫੜ ਕੇ ਬੜੀ ਨਰਮੀ ਨਾਲ ਕਿਹਾ, "ਡਾਕਟਰ ਸਾਹਬ ਆਏ ਸੀ?"

"ਆਏ ਸੀ ਜੀ!"

ਬੜੀ ਦੇਰ ਤਕ ਉਹ ਮੇਰੇ ਪਲੰਘ ਕੋਲ ਸੋਫ਼ੇ 'ਤੇ ਬੈਠ ਕੇ ਦੁਵਾਈਆਂ ਦੇ ਪੈਂਫਲੇਟ ਪੜ੍ਹਦਾ ਰਿਹਾ। ਸ਼ਾਇਦ ਉਹ ਆਪਣੇ ਅੰਦਰੇ-ਅੰਦਰ ਕੁਛ ਕਹਿਣ ਲਈ ਭੂਮਿਕਾ ਤਿਆਰ ਕਰ ਰਿਹਾ ਸੀ। ਜਦੋਂ ਮੈਂ ਥੱਕ ਕੇ ਉਸ ਵੱਲ ਪਿੱਠ ਕਰ ਲਈ ਤਾਂ ਉਹ ਖੰਘੂਰਾ ਜਿਹਾ ਮਾਰ ਕੇ ਗਲ਼ਾ ਸਾਫ਼ ਕਰਦਿਆਂ ਬੋਲਿਆ—

"ਤੇਰੇ ਨਾਲ ਇਕ ਗੱਲ ਕਰਨੀ ਏ ਹਾਜਰਾ! ਪਤਾ ਨਈਂ ਤੂੰ ਮੇਰੀ ਗੱਲ ਨੂੰ ਕਿਸ ਤਰ੍ਹਾਂ ਸਮਝੇਂ?"

"ਜੀ ਫ਼ਰਮਾਓ?"

"ਗੁੱਡੂ ਮੇਰਾ ਇਕਲੌਤਾ ਬੇਟਾ ਏ ਤੇ ਮੇਰੀ ਸਾਰੀ ਜਾਇਦਾਦ ਉਸਦੇ ਨਾਂ ਏ।"

"ਅੱਲਾ ਨੇ ਚਾਹਿਆ ਤਾਂ ਗੁੱਡੂ ਸਾਹਬ ਠੀਕ ਹੋ ਜਾਣਗੇ ਜੀ। ਅੰਮੀ ਜੀ ਏਸੇ ਮੁਰਾਦ ਨਾਲ ਦੇਗ ਚੜ੍ਹਾਉਣ ਗਏ ਨੇ।"

"ਠੀਕ ਐ, ਪਰ ਇਸ ਨਾਲ ਕੀ ਹੋਣੈ? ਅਮਰੀਕਾ ਤਕ ਤਾਂ ਮੈਂ ਫਿਰ ਆਇਆਂ। ਹਾਂ, ਇਕ ਹੱਲ ਏ।"

ਕਿਹੜਾ ਹੱਲ ? ਉਸਦੀ ਉਡੀਕ 'ਚ ਮੈਂ ਕਾਫੀ ਦੇਰ ਤਕ ਉਹਨਾਂ ਵੱਲ ਦੇਖਦੀ ਰਹੀ।

ਫੇਰ ਯਕਦਮ ਮੇਰੇ ਸਹੁਰੇ ਦੀਆਂ ਅੱਖਾਂ 'ਚੋਂ ਅੱਥਰੂ ਵਹਿਣ ਲੱਗੇ, ਤ੍ਰਿਪ-ਤ੍ਰਿਪ।

"ਗੁੱਡੂ ਦੇ ਜੇ ਬੱਚਾ ਹੋ ਜਾਏ ਤਾਂ ਮੇਰੀ ਇੱਜ਼ਤ ਬਚ ਸਕਦੀ ਏ। ਇਸ ਘਰ ਦਾ ਬੂਟਾ ਜ਼ਰੂਰ ਲੱਗ ਜਾਣਾ ਚਾਹੀਦਾ ਏ।"

ਮੈਨੂੰ ਇਹ ਪਤਾ ਨਈਂ ਸੀ ਕਿ ਕਿਵੇਂ ਲੱਗਣਾ ਚਾਹੀਦਾ ਏ ਤੇ ਬੂਟਾ ਲੱਗਣ ਨਾਲ ਕਿਸੇ ਨੂੰ ਕੀ ਫ਼ਾਇਦਾ ਹੁੰਦਾ ਏ। ਪਰ ਮੈਨੂੰ ਆਪਣੇ ਬੁੱਢੇ ਸਹੁਰੇ 'ਤੇ ਤਰਸ ਆ ਰਿਹਾ ਸੀ।

"ਮੈਨੂੰ ਬਚਾਅ ਲੈ, ਮੇਰੇ ਘਰ ਦੀ ਖ਼ੁਸ਼ੀ ਨੂੰ ਬਚਾਅ ਲੈ। ਇਸ ਘਰ ਦੀ ਇੱਜ਼ਤ, ਖ਼ੁਸ਼ੀ, ਨਾਂ ਸਭ ਕੁਛ ਤੇਰੇ ਹੱਥ 'ਚ ਐ ਹਾਜਰਾ!"

ਮੇਰੀ ਸੱਸ ਤੀਜੀ ਮੰਜ਼ਿਲ ਨੂੰ ਜਾਣ ਵਾਲੀਆਂ ਪੌੜੀਆਂ 'ਤੇ ਬੈਠੀ ਆਪਣੇ ਅਹਿਸਾਨਾਂ ਦੀ ਲਿਸਟ ਗਿਣਵਾ ਰਹੀ ਸੀ ਜਿਹੜੇ ਥੋੜ੍ਹੇ ਜਿਹੇ ਅਰਸੇ 'ਚ ਉਸਨੇ ਮੇਰੇ 'ਤੇ ਕੀਤੇ ਸੀ। ਬਾਜ਼ਾਰੋਂ ਸ਼ੌਪਿੰਗ, ਹੋਟਲਾਂ ਦੇ ਡਿਨਰ, ਫ਼ਿਲਮਾਂ ਦੇ ਨਾਂ ਵਾਰੀ-ਵਾਰੀ ਉਸਦੀ ਜ਼ਬਾਨ 'ਤੇ ਆ ਰਹੇ ਸਨ। ਦੂਰ ਕਿਧਰੇ ਇਕ ਮੁਰਗਾ ਸਵੇਰ ਹੋਣ ਦੀ ਸੂਚਕ ਆਪਣੀ ਘੱਗੀ ਆਵਾਜ਼ 'ਚ ਆਜ਼ਾਨ ਦੇ ਰਿਹਾ ਸੀ। ਮੈਨੂੰ ਆਪਣੀ ਸੱਸ ਦਾ ਵਜੂਦ ਟੱਪੇ ਖਾਂਦੀ ਗੇਂਦ ਵਾਂਗ ਨਜ਼ਰ ਆ ਰਿਹਾ ਸੀ—ਉਹ ਵੀ ਆਪਣੇ ਦੀਵਾਨੇ ਪੁੱਤਰ ਦੇ ਮੋਹ ਨਾਲ ਟਕਰਾ-ਟਕਰਾ ਕੇ ਜ਼ਖ਼ਮੀ ਹੋ ਚੁੱਕੀ ਸੀ। ਉਦੋਂ ਪਤਾ ਨਈਂ ਕਿਉਂ ਮੈਨੂੰ ਆਪਣੀ ਮਾਂ ਬੜੀ ਯਾਦ ਆ ਰਹੀ ਸੀ!

"ਬੋਲ ਹਾਜਰਾ! ਦੱਸ ਦੇ ਖ਼ੁਦਾ ਦਾ ਵਾਸਤਾ ਈ ਕੌਣ ਸੀ ਉਹ ? ਇਕ ਵਾਰੀ ਉਸਦਾ ਨਾਂ ਦੱਸ ਦੇ। ਮੈਂ ਉਸਦਾ ਲਹੂ ਪੀ ਜਾਵਾਂਗੀ। ਮੇਰੇ ਗੁੱਡੂ ਦੀਆਂ ਖ਼ੁਸ਼ੀਆਂ 'ਤੇ ਡਾਕਾ ਮਾਰਨ ਵਾਲਾ ਮੇਰੇ ਹੱਥੋਂ ਬਚ ਨਈਂ ਸਕਦਾ।"

ਮੈਂ ਆਪਣੀ ਸੱਸ ਨੂੰ ਕੀ ਦੱਸਦੀ ਕਿ ਮੈਂ ਵੀ ਹੱਡ-ਮਾਸ ਦੀ ਬਣੀ ਹੋਈ ਸਾਧਾਰਣ ਸ਼ੈਅ ਆਂ। ਮੇਰੇ 'ਤੇ ਡਾਕਾ ਮਾਰਨ ਵਾਲੇ ਨੇ ਜਜ਼ਬਾਤਾਂ ਦੀ ਰੇਸ਼ਮੀ ਕਮੰਦ ਦਾ ਇਸਤੇਮਾਲ ਕੀਤਾ ਸੀ। ਮੈਂ ਆਪਣੀ ਸੱਸ ਨੂੰ ਸਮਝਾ ਨਈਂ ਸਕਦੀ ਸੀ ਕਿ ਜਿਹੜਾ ਰਿਸ਼ਤਾ ਇੱਜ਼ਤ ਬਚਾਉਣ ਤੋਂ ਸ਼ੁਰੂ ਹੋਇਆ ਸੀ ਉਹ ਹਮਲ ਠਹਿਰ ਜਾਣ ਤੋਂ ਬੜੀ ਬਾਅਦ ਤਕ ਕਿਉਂ ਜਾਰੀ ਰਿਹਾ। ਕਈ ਗੱਲਾਂ ਇਤਿਹਾਸਕ ਘਟਨਾਵਾਂ ਵਰਗੀਆਂ ਹੁੰਦੀਆਂ ਨੇ। ਉਹਨਾਂ ਲਈ ਕਈ ਦਲੀਲਾਂ ਤੇ ਕਈ ਥਿਓਰੀਆਂ ਤਾਂ ਹੋ ਸਕਦੀਆਂ ਨੇ, ਪਰ ਸੱਚਾਈ ਤੇ ਅਸਲੀਅਤ ਤਕ ਪਹੁੰਚਣਾ ਲਗਭਗ ਅਸੰਭਵ ਹੁੰਦਾ ਏ।

"ਦੱਸ ਹਾਜਰਾ! ਮੈਂ ਆਖ਼ਰੀ ਵਾਰ ਪੁੱਛ ਰਹੀ ਆਂ, ਆਖ਼ਰੀ ਵਾਰੀ, ਦੱਸ ਸਾਡੀਆਂ ਖ਼ੁਸ਼ੀਆਂ ਨਾਲ ਖੇਡਣ ਵਾਲਾ ਕੌਣ ਐ ?"

ਮੇਰੀ ਸੱਸ ਵਿਚਾਰੀ, ਮਮਤਾ ਦੀ ਮਾਰੀ ਭਲ਼ਾਂ ਕਿੰਜ ਸਮਝ ਸਕਦੀ ਸੀ ਕਿ ਜਦੋਂ ਦੀ ਦੁਨੀਆ ਬਣੀ ਏ, ਇਕੋ ਖੇਡ ਇਨਸਾਨ ਦੀ ਸੱਚੀ ਤੇ ਅਸਲੀ ਖੇਡ ਰਹੀ ਏ। ਜੇ ਲੋਕਾਂ ਨੇ ਇਸ ਖੇਡ ਦੇ ਨਾਲ ਇੱਜ਼ਤ ਨੂੰ ਨਾ ਨੱਥੀ ਕੀਤੀ ਹੁੰਦਾ ਤਾਂ ਬਨੀ ਨੋਅ ਹੱਸਦੇ ਖੇਡਦੇ ਬੜੀ ਦੂਰ ਨਿਕਲ ਜਾਂਦੇ। ਹੁਣ ਤਾਂ ਬੱਧੇ-ਰੁੱਧੇ, ਥੋਪੇ-ਠੋਸੇ ਅਸੂਲਾਂ ਤੋਂ ਕੋਈ ਰੱਤੀ ਭਰ



ਭਟਕਿਆ ਨਈਂ ਕਿ ਇੱਜ਼ਤ ਦੇ ਲਾਲੇ ਪੈ ਜਾਂਦੇ ਐ। ਖ਼ੁਦਾ ਜਾਣੇ ਪਹਿਲ ਕਿਸ ਕਾਫ਼ਰ ਇਸ਼ਕ ਨੇ ਕੀਤੀ ਤੇ ਪੂਰੀ ਨਸਲ ਦੀ ਖੇਡ ਦੇ ਗਲ਼ 'ਚ ਇੱਜ਼ਤ ਦੇ ਜਾਦੂਈ ਤਸੱਵਰ ਦਾ ਤਾਵੀਜ਼ ਬੰਨ੍ਹ ਦਿੱਤਾ ਗਿਆ। ਪਤਾ ਨਈਂ ਕਿਸ ਸਦੀ 'ਚ ਕਿਸੇ ਨਵੀਂ ਸੋਚ ਵਾਲੇ ਨੇ ਇਸ਼ਕ-ਹਕੀਕੀ, ਇਸ਼ਕ-ਮਿਜਾਜ਼ੀ ਤੇ ਜਿਸਮਾਨੀ ਸੰਬੰਧਾਂ ਨੂੰ ਰਲਗਡ ਕਰਕੇ ਹਦੀਸ-ਇਸ਼ਕ ਤਿਆਰ ਕੀਤੀ। ਹੁਣ ਤਾਂ ਇੱਜ਼ਤ, ਆਜਾਏ ਜਿਨਸ (ਦਿਲ, ਜਿਗਰ, ਦਿਮਾਗ਼) ਤੇ ਮੁਹੱਬਤ ਵਗ਼ੈਰਾ ਅਜਿਹੇ ਅਜੀਬ ਕਿਸਮ ਦੇ ਤਿਕੋਣ ਬਣ ਗਏ ਨੇ ਜਿਹਨਾਂ ਦੀ ਹਰੇਕ ਨੁੱਕਰ ਸਲੀਬ ਵਾਂਗ ਏ ਤੇ ਹਰ ਸਿਰਾ ਕਿਆਮਤ ਤੋਂ ਵੀ ਲੰਬਾ ਬਣ ਗਿਆ ਏ।

"ਹਾਜਰਾ! ਮੈਂ ਆਖ਼ਰੀ ਵਾਰ ਪੁੱਛ ਰਹੀ ਆਂ ਤੇਰੇ ਢਿੱਡ 'ਚ ਕਿਸ ਦਾ ਹਮਲ ਏ ?"

ਮੇਰੇ ਜੀਅ 'ਚ ਆਈ ਚੀਕ ਕੇ ਕਹਾਂ, ਅੱਜ ਤਕ ਕਿਸੇ ਨੂੰ ਵੀ ਮੇਰੇ ਹਮਲ ਦੀ ਖ਼ੁਸ਼ੀ ਨਈਂ ਹੋਈ ਜੋ ਵੀ ਏ ਇਹੀ ਜਾਣਨਾ ਚਾਹੁੰਦਾ ਏ ਕਿ ਹਮਲ ਕਿਸ ਦਾ ਏ ? ਕੀ ਹਮਲ ਦੀ ਆਪਣੇ-ਆਪ 'ਚ ਕੋਈ ਹੈਸੀਅਤ ਨਈਂ ਹੁੰਦੀ ? ਕੀ ਉਸੇ ਹਮਲ ਦੀ ਖ਼ੁਸ਼ੀ ਮਨਾਈ ਜਾ ਸਕਦੀ ਏ ਜਿਹੜਾ ਜਾਇਜ਼ ਬੱਧੇ-ਰੁੱਧੇ ਅਸੂਲਾਂ ਅਨੁਸਾਰ ਹੁੰਦਾ ਏ ? ਜੇ ਕੁਦਰਤ ਦਾ ਮੰਸ਼ਾ ਵੀ ਇਹੋ ਹੁੰਦਾ ਤਾਂ ਔਰਤ ਨੂੰ ਆਪਣੀ ਨਾਜਾਇਜ਼ ਉਲਾਦ ਨਾਲ ਕਦੀ ਪਿਆਰ ਨਾ ਹੁੰਦਾ!

"ਬੋਲ ਹਾਜਰਾ ਕੌਣ ਏ ਉਹ ? ਜੇ ਤੂੰ ਦੱਸ ਦਏਂਗੀ ਤਾਂ ਸਹੁੰ ਏ ਰੱਬ ਦੀ ਕਿ ਮੈਂ ਹਰਾਮ ਦੀ ਉਲਾਦ ਨੂੰ ਵੀ ਆਪਣਾ ਕਹਾਂਗੀ, ਪਰ ਜੇ ਤੂੰ ਨਾ ਦੱਸਿਆ ਤਾਂ...ਤਾਂ...ਤਾਂ ਤੈਨੂੰ ਤਲਾਕ ਦੁਆ ਦਿਆਂਗੀ।"

ਫੇਰ ਮੈਂ ਆਪਣੀ ਸੱਸ ਨੂੰ ਦੱਸਣਾ ਚਾਹੁੰਦੀ ਸੀ ਪਰ ਮੈਨੂੰ ਉਸ ਔਰਤ ਨਾਲ ਪਿਆਰ ਸੀ, ਉਸਦੇ ਦੁੱਖ ਨਾਲ ਡਾਢੀ ਹਮਦਰਦੀ ਸੀ। ਮੈਂ ਇਕ ਵਾਕ ਨਾਲ ਉਸਦਾ ਦੋਹਰਾ ਨੁਕਸਾਨ ਨਈਂ ਸੀ ਕਰ ਸਕਦੀ।

ਮੈਂ ਆਪਣੇ ਘਰ ਆ ਗਈ, ਚੁੱਪਚਾਪ!

ਏਥੇ ਹਰ ਵੇਲੇ ਮੇਰਾ ਲੱਬਾ ਰਹਿੰਦਾ ਸੀ। ਬੋਲਣ, ਝਿੜਕਣ ਤੇ ਅਹਿਸਾਨ ਜਤਾਉਣ ਵਾਲੀ ਮਾਂ ਪਤਾ ਨਈਂ ਕਿੱਥੇ ਚਲੀ ਗਈ ਸੀ ?

**ਤੇ** ਅੱਜ ਅਚਾਨਕ ਬਾਈ ਵਰ੍ਹੇ ਬੀਤ ਜਾਣ ਪਿੱਛੋਂ—

ਇਹ ਤੀਜੀ ਵਾਰੀ ਸੀ!

ਜਿਸ ਵੇਲੇ ਮੇਰਾ ਸੱਜਾ ਪੈਰ ਪੌੜੀ ਦੀ ਆਖ਼ਰੀ ਟੇਕ 'ਤੇ ਸੀ ਤੇ ਮੇਰਾ ਖੱਬਾ ਪੈਰ ਜ਼ਮੀਨ ਤੋਂ ਸਵਾ ਛੇ ਇੰਚ ਉੱਚਾ ਸੀ, ਕਿਸੇ ਨੇ ਪਿੱਛੋਂ ਮੇਰਾ ਚੂੰਡਾ ਫੜ ਲਿਆ। ਮੇਰਾ ਜਿਸਮ ਤਾਂ ਪਹਿਲਾਂ ਈ ਪੌੜੀਆਂ ਉੱਤਰਣ ਕਰਕੇ ਹਫ਼ਿਆ ਹੋਇਆ ਸੀ, ਉਸਨੂੰ ਜ਼ਮੀਨ 'ਤੇ ਡਿੱਗਦਿਆਂ ਦੇਰ ਨਾ ਲੱਗੀ। ਮੈਨੂੰ ਇੰਜ ਲੱਗਿਆ ਜਿਵੇਂ ਡਿੱਗਦਿਆਂ ਈ ਮੇਰੀ ਪੁੜਪੁੜੀ 'ਚੋਂ ਖ਼ੂਨ ਦੀ ਪਤਲੀ ਜਿਹੀ ਧਾਰ ਨਿਕਲਣ ਲੱਗ ਪਈ ਏ।

"ਐਸ ਵੇਲੇ ਅੱਧੀ ਰਾਤ ਨੂੰ ਤੂੰ ਕਿੱਥੋਂ ਆਈ ਐਂ ? ਬੋਲ, ਦੱਸ ਤੇ ਦੂਜੀ ਮੰਜ਼ਿਲ 'ਤੇ ਤੇਰਾ ਕੀ ਕੰਮ ਸੀ ਐਸ ਵੇਲੇ ?"

ਮੈਂ ਚੁੱਪ ਰਹੀ।

ਜਵਾਨ ਪੁੱਤਰ ਨੂੰ ਮੈਂ ਕੀ ਦੱਸਦੀ ਕਿ ਪੁੱਤਰਾਂ ਨੂੰ ਪਾਲਨ ਲਈ ਮਾਂਵਾਂ ਨੂੰ ਕੀ ਕੁਛ ਕਰਨਾ ਪੈਂਦਾ ਏ।

"ਮੈਂ ਏਧਰੋਂ-ਉੱਧਰੋਂ ਬੜੀਆਂ ਗੱਲਾਂ ਸੁਣੀਐਂ। ਤੇਰਾ ਕੀ ਰਿਸ਼ਤਾ ਏ ਮਾਲਕ ਮਕਾਨ ਨਾਲ ? ਬੋਲ ? ਸ਼ੇਖ਼ ਸਾਹਬ ਨਾਲ ਤੇਰਾ ਕੀ ਰਿਸ਼ਤਾ ਏ ?"

ਮੈਂ ਚੁੱਪ ਰਹੀ।

ਮੈਂ ਉਸਨੂੰ ਕੀ ਦੱਸਦੀ ਕਿ ਸ਼ੇਖ਼ ਸਾਹਬ ਪਾਲਨਹਾਰ ਸਨ। ਉਹਨਾਂ ਵਰ੍ਹਿਆਂ ਤਕ ਸਾਡਾ ਸਾਥ ਦਿੱਤਾ ਸੀ। ਕਿਰਾਏ ਦੇ ਪੈਸੇ ਵੀ ਨਈਂ ਸੀ ਲਏ ਤੇ ਇਸ ਦੇ ਇਲਾਵਾ ਹਰ ਤਰ੍ਹਾਂ ਦੀ ਮਦਦ ਕੀਤੀ ਸੀ।

"ਮੈਂ...ਮੈਂ ਤੈਨੂੰ ਕੀ ਸਮਝਦਾ ਸੀ ਮਾਂ...ਮੈਂ, ਮੈਂ ਸਮਝਦਾ ਸੀ ਤੂੰ ਜੰਨਤ ਦੀ ਹੂਰ ਏਂ, ਫ਼ਰਿਸ਼ਤਾ ਏਂ, ਮੈਂ ਸਮਝਦਾ ਸੀ ਕਿ...ਕਿ ਕੀ ਹੋਇਆ ਮੇਰਾ ਪਿਓ ਦੀਵਾਨਾ ਸੀ, ਪਾਗਲ ਸੀ...ਮੇਰੀ ਮਾਂ ਤਾਂ...।"

ਜਵਾਨ ਆਦਮੀ ਦੇ ਹੰਝੂ ਬਿਨਾਂ ਕਾਰਨ ਉਸ ਦੀਆਂ ਅੱਖਾਂ 'ਚੋਂ ਵਹਿ ਰਹੇ ਸੀ। ਉਹ ਬਚਪਨ ਤੋਂ ਅੱਜ ਤਕ ਦੀਆਂ ਸਾਰੀਆਂ ਥੁੜਾਂ ਨੂੰ ਵਹਾਅ ਰਿਹਾ ਸੀ। ਪਿਓ ਦੇ ਘਰ ਨਾਲੋਂ ਟੁੱਟੀ ਹੋਈ ਹਰ ਆਸ ਉਸਨੂੰ ਡੰਗ ਰਹੀ ਸੀ। ਉਹ ਆਪਣੇ-ਆਪ ਨਾਲ ਝਗੜ ਰਿਹਾ ਸੀ, ਦੁਨੀਆ ਨਾਲ ਝਗੜ ਰਿਹਾ ਸੀ।

"ਬੋਲ ਕੌਣ ਸੀ ਉੱਪਰ ? ਬੋਲ ਮਾਂ ਸ਼ੇਖ਼ ਸਾਹਬ ਨਾਲ ਤੇਰਾ ਕੀ ਨਾਤਾ ਏ ?"

ਪਹਿਲੀ ਵਾਰੀ ਮੇਰੀ ਜ਼ਬਾਨ ਖੁੱਲ੍ਹੀ। ਚੁੱਪ ਦੀ ਡੂੰਘੀ ਗੁਫ਼ਾ 'ਚੋਂ ਆਵਾਜ਼ ਆਈ, "ਮੇਰਾ ਕਿਸੇ ਨਾਲ ਕਦੇ ਵੀ ਕੋਈ ਨਾਤਾ ਨਈਂ ਰਿਹਾ ਪੁੱਤਰਾ!"

ਮੇਰਾ ਕਿਸੇ ਨਾਲ ਕਦੇ ਵੀ ਕੋਈ ਨਾਤਾ ਨਈਂ ਰਿਹਾ।



# ਇੱਕੀਵੀਂ ਸਦੀ ਦੀ ਪਹਿਲੀ ਕਹਾਣੀ

**—ਮਸਊਦ ਅਸ਼ਅਰ**

*(10-02-1931)*

"ਅਮਰੀਕਾ ਔਨ ਲਾਈਨ ਤੇ ਟਾਈਮ ਵਰਨਰ ਇਕ ਹੋ ਗਏ ਨੇ ਤੇ ਉਹਨਾਂ ਨੇ ਈ. ਐਮ. ਆਈ. ਵੀ ਖਰੀਦ ਲਿਆ ਏ। ਬੀਚਮ ਵੈਲਕਮ ਤੇ ਗਲੈਸਕੋ ਵੀ ਆਪਸ ਵਿਚ ਮਿਲ ਗਏ ਨੇ। ਬਿਲ ਗੇਟਸ ਨੇ ਐਮ. ਡੀ. ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਏ। ਟੈਡ ਟਰਨਰ ਤੇ ਜੇਨ ਫੌਂਡਾ ਦੀ ਅਲਹਿਦਗੀ ਹੋ ਗਈ ਏ ਤੇ ਚਾਰਲੀ ਬਰਾਊਨ ਮਰ ਗਿਆ ਏ।"

ਅਹਿਮਦ ਨੇ ਇਕੋ ਸਾਹੇ ਇਹ ਸਾਰੀਆਂ ਖ਼ਬਰਾਂ ਸੁਣਾ ਦਿੱਤੀਆਂ, ਫਿਰ ਬੋਲਿਆ,

"ਹੁਣ ਤੁਸੀਂ ਵਧੀਆ, ਸਵਾਦੀ ਜਿਹੀ ਚਾਹ ਬਣਾ ਦਿਓ ਕਿਉਂਕਿ ਇਕ ਮਿੰਟ ਵਿਚ ਤੁਹਾਡੀ ਜਾਣਕਾਰੀ ਵਿਚ ਏਨਾ ਵਾਧਾ ਕੀਤਾ ਏ ਕਿ ਸਾਰਾ ਦਿਨ ਅਖ਼ਬਾਰਾਂ ਪੜ੍ਹਦੇ ਰਹਿੰਦੇ ਤਾਂ ਵੀ ਇਹਨਾਂ ਗੱਲਾਂ ਦਾ ਪਤਾ ਨਾ ਚਲਦਾ। ਜੇ ਤੁਹਾਨੂੰ ਇਹਨਾਂ ਗੱਲਾਂ ਦਾ ਪਤਾ ਨਾ ਚਲਦਾ ਤਾ ਇਸ ਨਵੀਂ ਸਦੀ ਦੀਆਂ ਅਹਿਮ ਘਟਨਾਵਾਂ ਦੀ ਜਾਣਕਾਰੀ ਤੋਂ ਵਾਂਝੇ ਰਹਿ ਜਾਂਦੇ। ਜੇ ਇਸ ਜਾਣਕਾਰੀ ਤੋਂ ਅਣਜਾਣ ਰਹਿ ਜਾਂਦੇ ਤਾਂ ਆਪਣੇ ਵਿਆਹ ਦੇ ਮੌਕਿਆਂ ਤੋਂ ਵਿਰਵੇ ਰਹਿ ਜਾਂਦੇ ਕਿਉਂਕਿ ਇਹ ਇਨਫੌਰਮੇਸ਼ਨ ਟੈਕਨੌਲੌਜੀ ਦਾ ਜ਼ਮਾਨਾ ਏ। ਅੱਜ ਕੱਲ੍ਹ ਵਿਆਹ ਇੰਟਰਨੈਟ 'ਤੇ ਹੀ ਹੋ ਰਹੇ ਨੇ। ਯਕੀਨ ਨਹੀਂ ਤਾਂ ਵਸ਼ਿੰਗਟਨ ਵਾਲੇ ਆਪਣੇ ਕਜ਼ਨ ਤੋਂ ਪੁੱਛ ਲੈਣਾ ਕਿ ਉਸ ਨੇ ਅਮਰੀਕਾ ਬੈਠੇ ਨੇ ਅਸਟਰੇਲੀਅਨ ਕੁੜੀ ਨਾਲ ਵਿਆਹ ਕਿਵੇਂ ਕਰਾ ਲਿਆ!"

ਹੁਣ ਏਮਨ ਦੀ ਵਾਰੀ ਸੀ, ਉਸ ਨੇ ਕਿਹਾ, "ਏਨੀ ਤਕਲੀਫ ਲਈ ਸ਼ੁਕਰੀਆ ਪਰ ਇਹ ਸਾਰੀਆਂ ਗੱਲਾਂ ਦਾ ਸਾਨੂੰ ਪਹਿਲਾਂ ਹੀ ਪਤਾ ਏ ਕਿਉਂਕਿ ਸਾਨੂੰ ਵੀ ਇੰਟਰਨੈੱਟ ਦੇਖਣਾ ਆਉਂਦਾ ਏ। ਇਹ ਗੱਲ ਹੋਰ ਏ ਕਿ ਤੁਹਾਡੇ ਵਾਂਗ ਸਾਨੂੰ ਇੰਟਰਨੈੱਟ ਦਾ ਨਸ਼ਾ ਨਹੀਂ ਏ ਕਿ ਸਵੇਰ ਤੋਂ ਲੈ ਕੇ ਬੀਤੀ ਰਾਤ ਤਕ ਕੰਪਿਊਟਰ ਮੂਹਰੇ ਬਹਿ ਕੇ ਅੱਖਾਂ ਹੀ ਖਰਾਬ ਕਰਦੇ ਰਹੀਏ। ਦੂਜੀ ਗੱਲ ਇਹ ਕਿ ਇਹਨਾਂ ਘਟਨਾਵਾਂ ਬਾਰੇ ਪਤਾ ਹੋਣ ਜਾਂ ਨਾ ਹੋਣ ਨਾਲ ਸਾਡੀ ਸਿਹਤ ਉਪਰ ਕੋਈ ਅਸਰ ਨਹੀਂ ਪੈਣ ਲੱਗਾ ਤੇ ਨਾ ਹੀ ਸਾਡੀ ਕੌਮ ਦਾ ਕੋਈ ਵਾਲ ਵਿੰਗਾ ਹੋਵੇਗਾ। ਅਸੀਂ ਜਿਹੋ ਜਿਹੇ ਹਾਂ ਉਹੋ ਜਿਹੇ ਹੀ ਰਹਾਂਗੇ। ਵਿਆਹ ਕਰੋ ਤੁਸੀਂ ਤੇ ਤੁਹਾਡੇ ਕੁਝ ਲੱਗਦੇ ਹੋਰ! ਸਾਡਾ ਵਿਆਹ ਵਿਊਹ ਦਾ ਕੋਈ ਇਰਾਦਾ ਨਹੀਂ। ਹੁਣ ਰਹੀ ਚਾਹ ਦੀ ਗੱਲ, ਪਹਿਲੀ ਗੱਲ ਤਾਂ ਅਸੀਂ ਤੁਹਾਡੇ ਲਈ ਬਣਾਵਾਂਗੇ ਹੀ ਨਹੀਂ, ਦੂਜੇ ਇਸ

ਘਰ ਵਿਚ ਹਰ ਕੰਮ ਦਾ ਇਕ ਵਕਤ ਤੈਅ ਏ। ਚਾਹ ਤੀਜੇ ਪਹਿਰ ਪੰਜ ਵਜੇ ਮਿਲਦੀ ਏ, ਰਾਤ ਦੇ ਦਸ ਵਜੇ ਨਹੀਂ। ਇਸ ਵੇਲੇ ਸਿਰਫ ਦੁੱਧ ਮਿਲਦਾ ਏ, ਉਹ ਵੀ ਸਿਰਫ ਤੁਹਾਨੂੰ ਕਿਉਂਕਿ ਤੁਸੀਂ ਦਾਦੀ ਜਾਨ ਦੇ ਲਾਡਲੇ ਓ। ਤੁਹਾਡੇ ਲਈ ਦੁੱਧ ਜ਼ਰੂਰੀ ਏ ਕਿਉਂਕਿ ਤੁਸੀਂ ਮੁੰਡੇ ਓ। ਸਾਡੇ ਲਈ ਦੁੱਧ ਜ਼ਰੂਰੀ ਨਹੀਂ, ਅਸੀਂ ਕੁੜੀ ਹਾਂ। ਜਾਓ, ਦਾਦੀ ਜਾਨ ਤੁਹਾਡੇ ਲਈ ਗਰਮਾ-ਗਰਮ ਦੁੱਧ ਲਈ ਬੈਠੇ ਹੋਣਗੇ। ਜਲਦੀ ਜਾਓ ਨਹੀਂ ਤਾਂ ਉਹ ਖੁਦ ਇਥੇ ਆ ਜਾਣਗੇ।"

ਉਹਨਾਂ ਲਈ ਇਹ ਇਕ ਖੇਡ ਸੀ ਜੋ ਮੂੰਹੋਂ-ਮੂੰਹ ਵਧੀਆ ਜ਼ਬਾਨਬਾਜ਼ੀ ਕਰਦਿਆਂ ਉਹ ਖੇਡਿਆ ਕਰਦੇ ਸਨ। ਕਿਉਂਕਿ ਦਾਦੀ ਨੇ ਸਾਰੀ ਉਮਰ ਉਹਨਾਂ ਦੀ ਜ਼ਬਾਨ ਵਧੀਆ ਬਣਾਉਣ ਲਈ ਕਹਾਣੀਆਂ ਸੁਣਾਈਆਂ ਸਨ ਤੇ ਆਪ ਵੀ ਸਾਰੀ ਉਮਰ ਜ਼ਬਾਨ ਹੀ ਪੜ੍ਹਾਈ ਸੀ। ਉਹ ਕਿਹਾ ਕਰਦੀ ਸੀ ਕਿ ਤੁਸੀਂ ਸਕੂਲਾਂ, ਕਾਲਜਾਂ ਵਿਚ ਤਾਂ ਇਹ ਜ਼ਬਾਨ ਪੜ੍ਹਦੇ ਨਹੀਂ, ਕਹਾਣੀਆਂ ਰਾਹੀਂ ਹੀ ਸਿੱਖ ਜਾਓਗੇ, ਇਵੇਂ ਤੁਹਾਡੇ ਇਖਲਾਕ ਤੇ ਅਦਬੋ-ਅਦਾਬ ਸੁਧਰਨਗੇ। ਤੁਹਾਨੂੰ ਆਪਣੇ ਰਸਮੋ-ਰਿਵਾਜ ਦਾ ਵੀ ਪਤਾ ਚੱਲੇਗਾ ਤੇ ਤੁਹਾਡੀ ਬੋਲ-ਬਾਣੀ ਵੀ ਸਹੀ ਹੋ ਜਾਵੇਗੀ। ਦਾਦੀ ਦੇ ਸਾਹਮਣੇ ਉਹ ਇਸ ਜ਼ਬਾਨ ਦਾ ਮਜ਼ਾਕ ਨਹੀਂ ਸਨ ਉੜਾ ਸਕਦੇ ਪਰ ਜਦ ਉਹ ਇਕੱਲੇ ਹੁੰਦੇ ਤਾਂ ਇਸੇ ਜ਼ਬਾਨ ਵਿਚ ਗੱਲਾਂ ਕਰਦੇ, ਇਹ ਜ਼ੁਬਾਨ ਉਹਨਾਂ ਨੂੰ ਮਜ਼ਾਕ ਹੀ ਤਾਂ ਲੱਗਦੀ ਸੀ ਨਾ।

"ਪਰ ਇਹ ਚਾਰਲੀ ਬਰਾਊਨ ਕੌਣ ਸੀ ?" ਏਮਨ ਨੇ ਝੁੰਜਲਾ ਕੇ ਕਿਹਾ।

"ਦੇਖੋ ਨਾ, ਹੁਣੇ ਤੁਸੀਂ ਕਹਿ ਰਹੇ ਸਾਓ ਕਿ ਹਮੇਂ ਸਭ ਮਾਲੂਮ ਹੈ ਤੇ ਹੁਣ ਪੁੱਛ ਰਹੇ ਹੋ ਕਿ ਚਾਰਲੀ ਬਰਾਊਨ ਕੌਣ ਸੀ। ਫਿਰ ਪੁੱਛੋਗੇ ਕਿ ਟੈਡ ਟਰਨਰ ਕੌਣ ਏ ਤੇ ਜੇਨ ਫੌਂਡਾ ਕੀ ਵੇਚਦੀ ਏ!"

"ਖੈਰ, ਟੈਡ ਟਰਨਰ ਨੂੰ ਮੈਂ ਜਾਣਦੀ ਹਾਂ, ਉਹੀ ਬਦਸ਼ਕਲ, ਚਿੱਟੇ ਵਾਲਾਂ ਵਾਲਾ ਬੁੱਢਾ, ਜਿਹਦਾ ਏਨੀ ਖੂਬਸੂਰਤ ਜੇਨ ਫੌਂਡਾ ਨਾਲ ਵਿਆਹ ਹੋਇਆ ਏ।"

"ਓ ਹੋ, ਜੇਨ ਫੌਂਡਾ ਨੂੰ ਤਾਂ ਤੁਸੀਂ ਇਸ ਕਰਕੇ ਵੀ ਜਾਣਦੇ ਓ ਕਿ ਅੰਮੀਂ ਨੇ ਤੁਹਾਨੂੰ ਉਸ ਦੀ ਵੀਡਿਓ ਜਿਉਂ ਲਿਆ ਕੇ ਦਿੱਤੀ ਸੀ ਜਿਸ ਨੂੰ ਦੇਖ-ਦੇਖ ਕੇ ਤੁਸੀਂ ਪਤਲੇ-ਦੁਬਲੇ ਹੋਣ ਲਈ ਵਰਜਿਸ਼ ਕਰਦੇ ਓ।"

"ਪਰ ਅਸੀਂ ਸ਼ਰਮਿੰਦਾ ਹਾਂ ਕਿ ਸਾਨੂੰ ਚਾਰਲੀ ਬਰਾਊਨ ਬਾਰੇ ਕੁਝ ਨਹੀਂ ਪਤਾ।"

"ਸੱਚ ਦੱਸੀਏ!" ਹੁਣ ਅਹਿਮਦ ਵੀ ਸ਼ਰਮਿੰਦਾ ਹੋ ਰਿਹਾ ਸੀ, "ਏਨਾ ਤਾਂ ਸਾਨੂੰ ਪਤਾ ਏ ਕਿ ਚਾਰਲੀ ਬਰਾਊਨ ਇਕ ਕਾਰਟੂਨ ਕਰੈਕਟਰ ਏ ਪਰ ਇਹ ਸਮਝ ਨਹੀਂ ਆ ਰਹੀ ਕਿ ਉਹਦੇ ਬੰਦ ਹੋ ਜਾਣ 'ਤੇ ਏਨਾ ਰੋਣਾ-ਪਿੱਟਣਾ ਕਿਉਂ ਪਿਆ ਹੋਇਆ ਏ। ਅਸੀਂ ਇਹਦੇ ਬਾਰੇ ਇੰਟਰਨੈੱਟ 'ਤੇ ਦੇਖ ਹੀ ਰਹੇ ਸਾਂ ਕਿ ਤੁਸੀਂ ਆ ਟੱਪਕੇ, ਹੁਣ ਤਾਂ ਸਾਡਾ ਵਕਤ ਖਰਾਬ ਹੋ ਚੁੱਕਿਆ ਏ।"

"ਚਲੋ, ਅੰਮੀਂ ਤੋਂ ਪੁੱਛਾਂਗੇ।"

"ਅੰਮੀਂ ਤੋਂ ਨਹੀਂ, ਅੱਬੂ ਤੋਂ। ਅੰਮੀਂ ਇਹਨਾਂ ਗੱਲਾਂ ਦਾ ਧਿਆਨ ਨਹੀਂ ਰੱਖਦੀ। ਉਹ ਆਪਣਾ ਸਬਜੈਕਟ ਪੜ੍ਹਨਾ ਹੀ ਜਾਣਦੀ ਏ, ਹੋਰਨਾਂ ਗੱਲਾਂ ਵਿਚ ਵਕਤ ਖਰਾਬ ਨਹੀਂ ਕਰਦੀ। ਹਾਂ, ਅੱਬੂ ਨੂੰ ਪਤਾ ਹੋਵੇਗਾ। ਇਹ ਉਹਨਾਂ ਦੇ ਵੇਲਿਆਂ ਦਾ ਕਾਰਟੂਨ ਹੀ ਏ।"



ਰਾਤ ਦੇ ਦਸ ਵੱਜ ਚੁੱਕੇ ਸਨ ਤੇ ਇੰਟਰਨੈੱਟ ਤੋਂ ਉਹਨਾਂ ਦੋਨਾਂ ਦਾ ਸਮਾਂ ਖਤਮ ਹੋ ਚੁੱਕਿਆ ਸੀ। ਉਹਨਾਂ ਦੋਨਾਂ ਨੂੰ ਰਾਤ ਦੇ ਨੌਂ ਤੋਂ ਦਸ ਵਜੇ ਤਕ ਹੀ ਇੰਟਰਨੈੱਟ ਖੋਹਲਣ ਦੀ ਇਜਾਜ਼ਤ ਸੀ। ਅੱਧਾ ਘੰਟਾ ਏਮਨ ਦਾ, ਅੱਧਾ ਘੰਟਾ ਅਹਿਮਦ ਦਾ। ਵੈਸੇ ਉਹਨਾਂ ਨੂੰ ਇਜਾਜ਼ਤ ਸੀ ਕਿ ਜਦ ਵੀ ਚਾਹੁਣ ਆਪਣੇ ਹੋਮ-ਵਰਕ ਤੇ ਪਰੋਜੈਕਟ ਲਈ ਕੰਪਿਊਟਰ ਦੀ ਵਰਤੋਂ ਕਰਨ। ਸੀ. ਡੀ. ਲਾ ਕੇ ਗਾਣੇ ਦੇਖਣ-ਸੁਣਨ ਜਾਂ ਫਿਰ ਹਰਕੂਲੀਸ ਵਰਗੀਆਂ ਗੇਮਾਂ ਲਾ ਕੇ ਦਿਮਾਗ ਦੀ ਕਸਰਤ ਕਰਨ ਕਿਉਂਕਿ ਦਿਮਾਗ ਨੂੰ ਤੇਜ਼ ਕਰਨ ਲਈ ਅਜਿਹੀਆਂ ਗੇਮਾਂ ਬਹੁਤ ਜ਼ਰੂਰੀ ਹਨ। ਟੋਫੇਲ ਤੇ ਸੈੱਟ ਦੇ ਇਮਤਿਹਾਨਾਂ ਵਿਚ ਹਾਜ਼ਰ-ਦਿਮਾਗੀ ਤੇ ਦਿਮਾਗ-ਤੇਜ਼ੀ ਬਹੁਤ ਕੰਮ ਆਉਂਦੀ ਹੈ। ਤੇ ਉਹਨਾਂ ਦੋਨਾਂ ਨੇ ਇਮਤਿਹਾਨ ਦੇਣ ਲਈ ਅਮਰੀਕਾ ਜਾਣਾ ਸੀ। ਪਰ ਇੰਟਰਨੈੱਟ ਰਾਤ ਦੇ ਨੌਂ ਵਜੇ ਤੋਂ ਪਹਿਲਾਂ ਨਹੀਂ ਸੀ ਖੁੱਲ੍ਹ ਸਕਦਾ। ਘਰ ਵਿਚ ਇਕ ਹੀ ਟੈਲੀਫੋਨ ਸੀ ਜਿਸ ਉਪਰ ਅੰਮੀਂ, ਅੱਬੂ ਤੇ ਦਾਦੀ ਦੇ ਫੋਨ ਆਉਂਦੇ ਸਨ। ਮੋਬਾਈਲ ਅੱਬੂ ਕੋਲ ਰਹਿੰਦਾ ਸੀ ਜੋ ਕਿ ਅਕਸਰ ਬਾਹਰ ਦੀ ਨੱਠ-ਭੱਜ ਵਿਚ ਹੀ ਲੱਗੇ ਰਹਿੰਦੇ। ਦਸ ਵਜੇ ਤੋਂ ਬਾਅਦ ਕੋਈ ਵੀ ਇੰਟਰਨੈੱਟ ਨਹੀਂ ਸੀ ਖੋਹਲ ਸਕਦਾ। ਦਸ ਵਜੇ ਤੋਂ ਬਾਰਾਂ, ਸਾਢੇ-ਬਾਰਾਂ ਤਕ ਅੱਬੂ ਦਾ ਸਮਾਂ ਹੁੰਦਾ ਸੀ। ਅੰਮੀਂ ਨੂੰ ਸ਼ੁਰੂ ਤੋਂ ਹੀ ਇਸ ਵਿਚ ਖਾਸ ਦਿਲਚਸਪੀ ਨਹੀਂ ਸੀ ਬਲਕਿ ਉਸ ਨੂੰ ਤਾਂ ਕਿਤਾਬਾਂ ਤੋਂ ਹੀ ਵਿਹਲ ਨਹੀਂ ਸੀ ਮਿਲਦੀ ਕਿ ਉਹ ਕੰਪਿਊਟਰ ਖੋਹਲ ਕੇ ਬਹਿੰਦੀ। ਇਸ ਲਈ ਕੰਪਿਊਟਰ ਸਿਖਿਆ ਹੀ ਨਹੀਂ ਸੀ। ਉਸ ਨੇ ਤਾਂ ਕੋਈ ਈਮੇਲ ਵੀ ਭੇਜਣੀ ਹੁੰਦੀ ਤਾਂ ਉਹਨਾਂ ਦੋਨਾਂ ਤੋਂ ਹੀ ਭਿਜਵਾਉਂਦੀ। ਉਹ ਬੋਲਦੀ ਜਾਂਦੀ ਤੇ ਉਹਨਾਂ ਦੋਨਾਂ ਵਿਚੋਂ ਕੋਈ ਕੰਪੋਜ਼ ਕਰਦਾ ਜਾਂਦਾ। ਵੈਸੇ ਅੰਮੀਂ ਨੂੰ ਇਸ ਦੀ ਲੋੜ ਵੀ ਉਦੋਂ ਹੀ ਹੁੰਦੀ ਜਦੋਂ ਅੱਬੂ ਸ਼ਹਿਰ ਤੋਂ ਬਾਹਰ ਹੁੰਦੇ। ਅੱਬੂ ਘਰ ਹੁੰਦੇ ਤਾਂ ਉਹੀ ਅੰਮੀਂ ਦੀਆਂ ਈਮੇਲਾਂ ਕਰਦੇ। ਦਾਦੀ ਨੂੰ ਵੀ ਸ਼ੌਂਕ ਜਾਗਿਆ ਸੀ ਕੰਪਿਊਟਰ ਸਿੱਖਣ ਦਾ ਪਰ ਉਹ ਛੇਤੀ ਹੀ ਬੋਰ ਹੋ ਕੇ ਛੱਡ ਗਈ ਸੀ। ਅੱਬੂ ਰਾਤ ਨੂੰ ਠੀਕ ਦਸ ਵਜੇ ਇੰਟਰਨੈੱਟ 'ਤੇ ਬੈਠਦੇ, ਜਿਵੇਂ ਕੋਈ ਬਹੁਤ ਜ਼ਰੂਰੀ ਕੰਮ ਕਰ ਰਹੇ ਹੋਣ। ਆਮ ਤੌਰ 'ਤੇ ਉਹ ਇਕੱਲੇ ਹੀ ਹੁੰਦੇ ਪਰ ਕਦੇ ਕਦੇ ਉਹ ਅੰਮੀਂ ਨੂੰ ਵੀ ਬੁਲਾ ਲੈਂਦੇ ਤੇ ਫਿਰ ਉਹਨਾਂ ਦੇ ਹੱਸਣ ਦੀਆਂ ਆਵਾਜ਼ਾਂ ਦੂਜੇ ਕਮਰੇ ਵਿਚ ਸੁਣਾਈ ਦੇਣ ਲੱਗਦੀਆਂ ਸਨ।

"ਅੱਬੂ, ਚਾਰਲੀ ਬਰਾਊਨ ਮਰ ਗਿਆ!" ਅਹਿਮਦ ਨੇ ਬਿਨਾਂ ਕਿਸੇ ਭੂਮਿਕਾ ਕਿਹਾ। ਉਸ ਦਾ ਖਿਆਲ ਸੀ ਕਿ ਇਹ ਖ਼ਬਰ ਸੁਣ ਕੇ ਅੱਬੂ ਨੂੰ ਵੀ ਉਹੋ ਜਿਹਾ ਸਦਮਾ ਲੱਗੇਗਾ ਜਿਸ ਨੂੰ ਦੁਨੀਆਂ ਭਰ ਵਿਚ ਮਹਿਸੂਸ ਕੀਤਾ ਜਾ ਰਿਹਾ ਸੀ। ਇਹ ਦੂਜੀ ਸ਼ਾਮ ਦੀ ਗੱਲ ਹੈ। ਅੱਬੂ ਉਦੋਂ ਬਾਹਰੋਂ ਆਏ ਸਨ ਤੇ ਬੇਵਕਤੀ ਚਾਹ ਪੀ ਰਹੇ ਸਨ। ਅੰਮੀਂ ਦੇ ਹਿਸਾਬ ਨਾਲ ਛੇ ਵਜੇ ਚਾਹ ਨਹੀਂ ਸੀ ਪੀਤੀ ਜਾ ਸਕਦੀ। ਦਾਦੀ ਤੇ ਅੰਮੀ ਨਾਲ ਹੀ ਬੈਠੀਆਂ ਸਨ। ਸਾਹਮਣੇ ਟੀ. ਵੀ. ਚੱਲ ਰਿਹਾ ਸੀ, ਜਿਸ ਨੂੰ ਕੋਈ ਵੀ ਨਹੀਂ ਸੀ ਦੇਖ ਰਿਹਾ।

"ਕੌਣ ਮਰ ਗਿਆ ?" ਅੱਬੂ ਥਾਵੇਂ ਦਾਦੀ ਨੇ ਸਵਾਲ ਕੀਤਾ। ਕਿਸੇ ਦੇ ਜੰਮਣ-ਮਰਨ ਦੀ ਸਭ ਤੋਂ ਵੱਧ ਫਿਕਰ ਉਸੇ ਨੂੰ ਹੁੰਦੀ ਸੀ।

"ਚਾਰਲੀ ਬਰਾਊਨ। ਤੁਸੀਂ ਜਾਣਦੇ ਹੋ ਉਸ ਨੂੰ ?" ਅਹਿਮਦ ਨੇ ਦਾਦੀ ਨਾਲ ਮਜ਼ਾਕ ਕੀਤਾ। ਦਾਦੀ ਅਖ਼ਬਾਰ ਪੜ੍ਹਦੀ ਸੀ। ਅੰਗਰੇਜ਼ੀ ਅਖ਼ਬਾਰ ਉਪਰ ਵੀ ਸਰਸਰੀ ਨਜ਼ਰ ਮਾਰ ਲਿਆ ਕਰਦੀ ਸੀ।

"ਤੇਰਾ ਦੋਸਤ ਸੀ ਕੋਈ ?" ਦਾਦੀ ਦੀ ਬਹਿਸ ਜਾਰੀ ਸੀ। ਅੱਬੂ ਨੂੰ ਹਾਲੇ ਵੀ ਗੱਲ ਕਰਨ ਦਾ ਮੌਕਾ ਨਹੀਂ ਸੀ ਮਿਲਿਆ।

"ਹਾਂ, ਮੇਰਾ ਦੋਸਤ ਸੀ।" ਉਸ ਨੇ ਦਾਦੀ ਨੂੰ ਛੇੜਿਆ।

"ਤੂੰ ਫਿਰ ਉਹੀ ਭਾਸ਼ਾ ਵਰਤੀ!" ਦਾਦੀ ਨੇ ਜ਼ਬਾਨ ਦੀ ਗਲਤੀ ਫੜਦਿਆਂ ਕਿਹਾ, "ਕਿੰਨੀ ਵਾਰ ਸਮਝਾਇਆ ਕਿ 'ਹਾਂ' ਨਹੀਂ 'ਜੀ' ਕਹਿੰਦੇ ਨੇ ਪਰ ਤੁਹਾਡੀ ਸਮਝ ਵਿਚ ਆਉਂਦਾ ਹੀ ਨਹੀਂ।"

"ਦਾਦੀ ਜਾਨ, ਇਹ ਬਾਹਰ ਦੇ ਟੀ. ਵੀ. ਚੈਨਲ ਦੇਖਦਾ ਏ ਨਾ, ਇਸੇ ਲਈ ਇਸ ਦੀ ਜ਼ਬਾਨ ਖਰਾਬ ਹੋ ਗਈ ਏ।" ਏਮਨ ਨੇ ਟੋਣਾ ਲਾਉਣਾ ਜ਼ਰੂਰੀ ਸਮਝਿਆ। ਅੱਬੂ ਤੇ ਅੰਮੀਂ ਚੁੱਪ ਬੈਠੇ ਮੁਸਕਰਾ ਰਹੇ ਸਨ। ਅਜਿਹੇ ਮੌਕੇ 'ਤੇ ਦੋਵੇਂ ਸਦਾ ਹੱਸਦੇ ਰਹਿੰਦੇ ਸਨ।

"ਤੇਰੀ ਜ਼ਬਾਨ ਕਿਹੜੀ ਚੰਗੀ ਏ! ਤੂੰ ਵੀ ਤਾਂ ਕਹਿੰਦੀ ਏਂ ਭਾਈ ਤੁਸੀਂ ਕੀ ਖਾਓਗੇ, ਤੁਸੀਂ ਕਿੱਥੇ ਜਾਓਗੇ!" ਦਾਦੀ ਨੇ ਏਮਨ ਨੂੰ ਵੀ ਡਾਂਟ ਦਿੱਤਾ।

"ਤੁਹਾਡੀ ਜ਼ਬਾਨ ਵਿਚ ਸ਼ਾਇਦ ਇਸ ਨੂੰ ਸ਼ੁਤਰ ਗੁਰਬਾ ਕਹਿੰਦੇ ਨੇ।" ਅੱਬੂ ਨੇ ਆਪਣੀ ਮਾਂ ਨਾਲ ਮਜ਼ਾਕ ਕੀਤਾ। ਉਹਨਾਂ ਨੇ ਵੀ ਉਰਦੂ ਆਪਣੀ ਮਾਂ ਤੋਂ ਹੀ ਪੜ੍ਹੀ ਸੀ।

"ਤੂੰ ਵੀ ਰਹਿਣ ਦੇ। ਇਹ ਸਭ ਤੁਹਾਡੇ ਦੋਨਾਂ ਦਾ ਹੀ ਕਸੂਰ ਏ। ਤੁਸੀਂ ਆਪ ਅਜਿਹੀ ਜ਼ਬਾਨ ਹੀ ਬੋਲਦੇ ਹੋ!" ਦਾਦੀ ਗੁੱਸੇ ਜਿਹੇ ਵਿਚ ਸੀ, "ਕਿਸੇ ਨੂੰ ਵੀ ਜ਼ਬਾਨ ਦੀ ਪੁਖਤਗੀ ਦਾ ਖਿਆਲ ਨਹੀਂ ਰਿਹਾ।"

"ਅੰਮਾਂ, ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਓ!" ਹੁਣ ਅੰਮੀਂ ਦੀ ਵਾਰੀ ਸੀ ਬੋਲਣ ਦੀ, "ਅੱਜ ਕੱਲ੍ਹ ਲੋਕ ਆਪਣੀ ਸਿਹਤ ਦਾ ਧਿਆਨ ਨਹੀਂ ਰੱਖਦੇ, ਜ਼ੁਬਾਨ ਦਾ ਕੀ ਰੱਖਣਗੇ।"

ਅੰਮੀਂ ਨੇ ਗੱਲ ਮਜ਼ਾਕ ਵਿਚ ਕਹੀ ਸੀ ਪਰ ਦਾਦੀ ਇਸ ਵੇਲੇ ਮਜ਼ਾਕ ਦੇ ਮੂਡ ਵਿਚ ਨਹੀਂ ਸੀ,

"ਲਓ ਜੀ, ਦੇਖ ਲਓ ਆਪੇ! ਜਦੋਂ ਵੱਡੇ ਹੀ ਬੱਚਿਆਂ ਸਾਹਮਣੇ ਏਹੋ ਜਿਹੀਆਂ ਗੱਲਾਂ ਕਰਨਗੇ ਤਾਂ ਬੱਚੇ ਤਾਂ ਸ਼ੇਰ ਬਣਨਗੇ ਹੀ। ਅਸੀਂ ਇਹ ਨਹੀਂ ਕਹਿੰਦੇ ਕਿ ਨਵੀਆਂ ਗੱਲਾਂ ਨਾ ਸਿੱਖਣ ਪਰ ਛੋਟੇ ਵੱਡੇ ਦੀ ਤਮੀਜ਼ ਤਾਂ ਰੱਖਣ।" ਜਿਵੇਂ ਦਾਦੀ ਆਪਣੇ ਆਪ ਨਾਲ ਗੱਲਾਂ ਕਰ ਰਹੀ ਹੋਵੇ, "ਬਾਜੀ, ਆਪਾ ਤਾਂ ਹੁਣ ਖਤਮ ਹੀ ਹੋ ਗਏ, ਛੋਟਾ ਭਰਾ ਵੱਡੀ ਭੈਣ ਦਾ ਨਾਂ ਲੈਂਦਾ ਏ।"

"ਅੰਮਾਂ, ਹੁਣ ਤਾਂ ਇਹੀ ਹੋਏਗਾ," ਅੰਮੀਂ ਨੇ ਡਰਦੇ ਬੁੱਲ੍ਹਾਂ ਵਿਚੋਂ ਆਖਿਆ, "ਹੁਣ ਜ਼ਮਾਨਾ ਹੀ ਅਜਿਹਾ ਏ।"

"ਕੱਲ੍ਹ ਨੂੰ ਮਾਂਪਿਓ ਦਾ ਨਾਂ ਵੀ ਲਿਆ ਜਾਣ ਲੱਗੇਗਾ!"

"ਅੰਮਾਂ, ਤੁਸੀਂ ਅਮਰੀਕਨ ਫਿਲਮਾਂ ਨਹੀਂ ਦੇਖਦੇ ਨਾ, ਤੇ ਟੀ. ਵੀ. ਦੇ ਪ੍ਰੋਗਰਾਮ ਵੀ ਨਹੀਂ ਦੇਖਦੇ। ਇਹ ਕੰਮ ਤਾਂ ਉਥੇ ਇਕ ਜ਼ਮਾਨੇ ਤੋਂ ਸ਼ੁਰੂ ਹੋ ਚੁੱਕਿਆ ਏ।" ਅੱਬੂ ਆਪਣੀ ਪਤਨੀ ਦਾ ਸਾਥ ਦੇ ਰਹੇ ਸਨ।

"ਮੇਰੀ ਸਮਝ ਵਿਚ ਤਾਂ ਅੱਜ ਕੱਲ੍ਹ ਦੇ ਮਾਂਪਿਓ ਹੀ ਨਹੀਂ ਆਉਂਦੇ," ਦਾਦੀ ਨੇ ਜਿਵੇਂ ਉਹਨਾਂ ਦੀ ਗੱਲ ਸੁਣੀ ਨਹੀਂ ਸੀ, "ਬੱਚਿਆਂ ਨੂੰ ਕੁਝ ਨਾ ਕਹੋ, ਨਾ ਕੁਝ ਸਿਖਾਓ।



ਉਹ ਜੋ ਕਰਦੇ ਨੇ, ਕਰਨ ਦਿਓ। ਉਹਨਾਂ ਲਈ ਤਾਂ ਸਭ ਕੁਝ ਬੱਚੇ ਹੀ ਨੇ। ਉੱਠਦੇ ਬੱਚੇ, ਬੈਠਦੇ ਬੱਚੇ। ਨਾ ਦਿਨ ਨੂੰ ਚੈਨ, ਨਾ ਰਾਤ ਨੂੰ ਆਰਾਮ। ਬੱਚੇ ਲਈ ਆਹ ਲਿਆਉਣਾ ਏ, ਓਹ ਲਿਆਉਣਾ ਏ, ਬੱਚੇ ਆਹ ਮੰਗ ਰਹੇ ਨੇ, ਬੱਚੇ ਓਹ ਮੰਗ ਰਹੇ ਨੇ। ਬੱਚੇ ਇਸ ਸਕੂਲ ਵਿਚ ਪੜ੍ਹ ਰਹੇ ਨੇ, ਬੱਚੇ ਓਸ ਸਕੂਲ ਵਿਚ ਪੜ੍ਹ ਰਹੇ ਨੇ। ਫਲਾਨਾ ਸਕੂਲ ਚੰਗਾ ਏ, ਫਲਾਨਾ ਸਕੂਲ ਚੰਗਾ ਨਹੀਂ ਏ। ਇਹ ਤਾਂ ਜਿਵੇਂ ਬੱਚੇ ਨਹੀਂ, ਮਾਂ ਪਿਓ ਹੀ ਪੜ੍ਹ ਰਹੇ ਹੋਣ। ਅਸੀਂ ਵੀ ਬੱਚੇ ਪਾਲ਼ੇ ਨੇ। ਅਸੀਂ ਤੁਹਾਨੂੰ ਲਿਖਾਇਆ-ਪੜ੍ਹਾਇਆ ਏ। ਤੂੰ ਸੀ. ਏ. ਕੀਤੀ ਤੇ ਛੋਟੇ ਨੂੰ ਡਾਕਟਰ ਬਣਾਇਆ। ਉਹਨੇ ਤਾਂ ਇੰਗਲੈਂਡ ਤੋਂ ਐਫ. ਆਰ. ਸੀ. ਵੀ ਕੀਤਾ। ਤੁਹਾਡੀ ਵੱਡੀ ਭੈਣ ਨੂੰ ਡਾਕਟਰ ਬਣਾਇਆ, ਦੂਜੀ ਨੇ ਇੰਗਲਿਸ਼ ਦੀ ਐੱਮ. ਏ. ਕੀਤੀ। ਅਸੀਂ ਆਪ ਵੀ ਪੜ੍ਹੇ ਤੇ ਉਸ ਵਕਤ ਪੜ੍ਹੇ ਜਦੋਂ ਤੁਸੀਂ ਚਾਰੋਂ ਵੱਡੇ ਹੋ ਰਹੇ ਸੀ ਪਰ ਐਸਾ ਨਹੀਂ ਹੋਇਆ ਕਿ ਬੱਚਿਆਂ ਨੂੰ ਸਿਰ 'ਤੇ ਸਵਾਰ ਕਰ ਲਿਆ। ਦੋਨੋਂ ਮੀਆਂ-ਬੀਵੀ ਦਿਨ ਰਾਤ ਕਮਾਈ ਕਰਨ ਵਿਚ ਲੱਗੇ ਨੇ। ਨਾ ਦਿਨੇ ਚੈਨ, ਨਾ ਰਾਤੀਂ ਆਰਾਮ। ਸਾਰੀ ਕਮਾਈ ਕਿੱਥੇ ਜਾ ਰਹੀ ਏ ? ਬੱਚਿਆਂ 'ਤੇ! ਸਾਰਾ ਵਕਤ ਕਿੱਥੇ ਖਰਾਬ ਹੋ ਰਿਹਾ ਏ ? ਬੱਚਿਆਂ 'ਤੇ!" ਦਾਦੀ ਦਾ ਗੁੱਸਾ ਵੱਧਦਾ ਜਾ ਰਿਹਾ ਸੀ।

ਉਹ ਦੋਵੇਂ ਪਤੀ-ਪਤਨੀ ਜਾਣਦੇ ਸਨ ਕਿ ਦਾਦੀ ਨੂੰ ਗੁੱਸਾ ਕਿਉਂ ਆ ਰਿਹਾ ਸੀ। ਉਸ ਨੂੰ ਇਸ ਗੱਲ ਦੀ ਤਕਲੀਫ ਸੀ ਕਿ ਉਸ ਦੇ ਪੁੱਤਰ ਕੋਲ ਆਰਾਮ ਕਰਨ ਲਈ ਜ਼ਰਾ ਵੀ ਵਕਤ ਨਹੀਂ ਸੀ। ਸਵੇਰੇ ਨਿਕਲਦਾ ਤੇ ਗਈ ਰਾਤ ਘਰ ਵੜਦਾ। ਨੂੰਹ ਹੈ, ਬੱਚਿਆਂ ਨੂੰ ਸਕੂਲ ਛੱਡਣ ਤੇ ਲੈਣ ਵਿਚ ਹੀ ਰੁਝੀ ਰਹਿੰਦੀ ਹੈ, ਜਾਂ ਫਿਰ ਬੱਚਿਆਂ ਨੂੰ ਪੜ੍ਹਾਉਣ ਵਿਚ। ਘਰ ਵਿਚ ਹਰ ਵੇਲੇ ਪੜ੍ਹਾਈ ਤੋਂ ਬਿਨਾਂ ਕੋਈ ਹੋਰ ਗੱਲ ਹੀ ਨਹੀਂ ਹੁੰਦੀ।

"ਬੱਚੇ ਤੁਹਾਡਾ ਭਵਿੱਖ ਨੇ।" ਅੱਬੂ ਨੇ ਡਰਦੇ ਡਰਦੇ ਕਿਹਾ।

"ਬੱਚੇ ਸਾਡਾ ਵੀ ਤਾਂ ਭਵਿੱਖ ਸਨ!" ਦਾਦੀ ਨੇ ਉਸੇ ਲਹਿਜ਼ੇ ਵਿਚ ਆਖਿਆ।

"ਇਸੇ ਲਈ ਦੇਖ ਰਹੇ ਹੋ ਆਪਣਾ ਭਵਿੱਖ!" ਅੱਬੂ ਮਜ਼ਾਕ ਕਰਨ ਦਾ ਮੌਕਾ ਨਹੀਂ ਸਨ ਗਵਾਉਂਦੇ। ਕਹਿਣ ਨੂੰ ਤਾਂ ਉਹਨਾਂ ਕਹਿ ਦਿੱਤਾ ਪਰ ਫੌਰਨ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਤੇ ਉਹ ਉਲਟਾ ਅਹਿਮਦ ਨੂੰ ਡਾਂਟਣ ਲੱਗੇ, "ਦਾਦੀ ਜਾਨ ਤੋਂ ਮੁਆਫੀ ਮੰਗੋ, ਬਦਤਮੀਜ਼ੀਆਂ ਕਰਨ ਲੱਗੇ ਹੋ। ਦੇਖੋ, ਦਾਦੀ ਜਾਨ ਨਾਰਾਜ਼ ਹੋ ਗਏ ਨੇ।"

"ਸੌਰੀ ਦਾਦੀ ਜਾਨ, ਮੁੜ ਕੇ ਅਸੀਂ ਬਦਤਮੀਜ਼ੀ ਨਹੀਂ ਕਰਾਂਗੇ, ਅੱਲਾਹ ਦਾ ਵਾਅਦਾ!" ਆਖਦਿਆਂ ਉਸ ਨੇ ਗਰਦਣ ਦੀ ਚਮੜੀ ਦੀ ਚੂੰਢੀ ਭਰੀ ਤੇ ਦਾਦੀ ਦੇ ਗਲ਼ ਨਾਲ ਚੁੰਬੜ ਕੇ ਘੁੰਮਣ ਲੱਗਾ। ਅੰਮੀਂ ਨੇ ਇਸ਼ਾਰਾ ਕੀਤਾ ਤਾਂ ਏਮਨ ਵੀ ਬੋਲੀ, "ਹਮਾਰੀ ਦਾਦੀ ਜਾਨ, ਜਾਨ ਸੇ ਪਿਆਰੀ ਦਾਦੀ ਜਾਨ! ਤੁਸੀਂ ਤਾਂ ਨਾਰਾਜ਼ ਹੀ ਹੋ ਗਏ!"

"ਚਲੋ ਠੀਕ ਏ, ਮੈਨੂੰ ਛੱਡੋ।" ਦਾਦੀ ਨੇ ਆਪਣੇ ਗਲ਼ ਨਾਲ ਗੁਥਮ-ਗੁਥਾ ਹੁੰਦੇ ਪੋਤੇ-ਪੋਤੀ ਨੂੰ ਹਟਾਇਆ ਤੇ ਹੱਸ ਕੇ ਉਹਨਾਂ ਦੇ ਚੁਪੇੜਾਂ ਜਿਹੀਆਂ ਮਾਰੀਆਂ ਤੇ ਬੋਲੀ, "ਇਹ ਦੱਸ ਕਿ ਅੱਲਾਹ ਦਾ ਵਾਅਦਾ ਕੀ ਹੁੰਦਾ ਏ ਤੇ ਤੂੰ ਆਪਣੀ ਗਰਦਣ ਦੀ ਚੂੰਢੀ ਕਿਉਂ ਭਰੀ ?"

ਸਵਾਲ ਉਸ ਨੇ ਬੱਚਿਆਂ ਨੂੰ ਕੀਤਾ ਪਰ ਦੇਖ ਰਹੀ ਸੀ ਬੱਚਿਆਂ ਦੇ ਅੱਬੂ-ਅੰਮੀਂ ਵੱਲ। ਉਹਨੇ ਕਈ ਵਾਰ ਬੱਚਿਆਂ ਨੂੰ ਪਹਿਲਾਂ ਵੀ ਇਵੇਂ ਕਰਦਿਆਂ ਦੇਖਿਆ ਸੀ ਪਰ ਉਹ

ਚੁੱਪ ਰਹਿੰਦੀ ਕਿ ਅੱਜ ਕੱਲ੍ਹ ਦੇ ਬੱਚੇ ਇਵੇਂ ਹੀ ਕਰਦੇ ਹਨ। ਫਿਰ ਉਸ ਨੇ ਹਿੰਦੁਸਤਾਨੀ ਫਿਲਮਾਂ ਤੇ ਟੀ. ਵੀ. ਪ੍ਰੋਗਰਾਮਾਂ ਵਿਚ ਵੀ ਇਹੋ ਕੁਝ ਦੇਖਿਆ ਸੀ ਪਰ ਅੱਜ ਉਹਨਾਂ ਦੇ ਅੱਬੂ-ਅੰਮੀਂ ਵੀ ਹਾਜ਼ਰ ਸਨ ਇਸ ਲਈ ਉਹ ਗੱਲ ਕਰਨਾ ਚਾਹੁੰਦੀ ਸੀ ਤੇ ਉਹਨਾਂ ਨੂੰ ਅਹਿਸਾਸ ਕਰਾਉਣਾ ਚਾਹੁੰਦੀ ਸੀ ਕਿ ਆਖਿਰ ਸਾਡੇ ਬੱਚੇ ਦੂਜਿਆਂ ਦੀ ਨਕਲ ਕਰਨ ਵਿਚ ਕਿੱਥੋਂ ਤੀਕ ਜਾਣਗੇ।

"ਅੰਮਾਂ, ਤੁਸੀਂ ਜਾਣਦੇ ਹੀ ਹੋ ਕਿ 'ਅੱਲਾਹ ਦਾ ਵਾਅਦਾ' ਅੰਗਰੇਜ਼ੀ ਦਾ ਤਰਜਮਾ ਏ ਤੇ ਗਰਦਨ ਦੀ ਇਵੇਂ ਚੂੰਢ੍ਹੀ ਭਰਨਾ ਵੀ।" ਅੱਬੂ ਨੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਵੀ ਨਹੀਂ ਸੀ ਪਤਾ ਕਿ ਇਵੇਂ ਗਰਦਣ ਦੀ ਚੂੰਢ੍ਹੀ ਕਿਉਂ ਭਰੀ ਜਾਂਦੀ ਹੈ। ਇਸ ਗੱਲ ਦਾ ਖੁਦ ਬੱਚਿਆਂ ਨੂੰ ਵੀ ਨਹੀਂ ਸੀ ਪਤਾ। ਉਹਨਾਂ ਨੇ ਤਾਂ ਸਕੂਲ ਵਿਚ ਦੂਜਿਆਂ ਨੂੰ ਇਵੇਂ ਕਰਦਿਆਂ ਦੇਖਿਆ ਸੀ ਜਾਂ ਫਿਰ ਹਿੰਦੁਸਤਾਨੀ ਫਿਲਮਾਂ ਜਾਂ ਟੀ.ਵੀ. ਪ੍ਰੋਗਰਾਮਾਂ ਵਿਚ।

"ਅਸੀਂ ਗਰਦਣ ਨੂੰ ਹੱਥ ਲਗਾਂਦੇ ਸੀ ਤਾਂ ਫਿਰ ਬਾਅਦ ਵਿਚ ਫੂਕਾਂ ਮਾਰਦੇ ਸੀ।" ਹੁਣ ਦਾਦੀ ਗੁੱਸੇ ਵਿਚ ਨਹੀਂ ਸੀ ਦੱਸ ਰਹੀ, "ਗਰਦਣ ਨੂੰ ਹੱਥ ਲਾਉਣਾ ਬਦਸ਼ਗਨੀ ਸਮਝਿਆ ਜਾਂਦਾ ਸੀ ਕਿ ਖੁਦਾ ਨਾ ਕਰੇ ਸਾਡੀ ਗਰਦਣ ਨੂੰ ਕੁਝ ਹੋ ਨਾ ਜਾਵੇ। ਸਾਡੇ ਬਜ਼ੁਰਗ ਕਿਸੇ ਨੂੰ ਇਹ ਪਤਾ ਚੱਲ ਜਾਵੇ ਕਿ ਫਲਾਨੇ ਬੰਦੇ ਦੇ ਜਿਸਮ ਦੇ ਫਲਾਨੇ ਹਿੱਸੇ ਵਿਚ ਜ਼ਖ਼ਮ ਏ ਤਾਂ ਆਪਣੇ ਜਿਸਮ ਦੇ ਉਸੇ ਹਿੱਸੇ 'ਤੇ ਹੱਥ ਰੱਖ ਕੇ ਕਹਿੰਦੇ ਸਨ, ਦਸਤਮ ਖੈਰ!"

ਇਵੇਂ ਕਈ ਵਾਰ ਦਾਦੀ ਪੁਰਾਣੀਆਂ ਕਹਾਣੀਆਂ ਸੁਣਾਉਣ ਲੱਗਦੀ ਸੀ। ਬੱਚੇ ਵੀ ਉਸ ਦੀਆਂ ਕਹਾਣੀਆਂ ਨੂੰ ਧਿਆਨ ਨਾਲ ਸੁਣਦੇ ਸਨ। ਉਹ ਜਾਣਦੇ ਸਨ ਕਿ ਇਹ ਕਹਾਣੀਆਂ ਸਿਰਫ ਸੁਣਨ ਲਈ ਹਨ, ਅਮਲ ਕਰਨ ਲਈ ਨਹੀਂ। ਦਾਦੀ ਪੁਰਾਣੀਆਂ ਗੱਲਾਂ ਕਰਕੇ ਆਪਣੇ ਆਪ ਨੂੰ ਬੱਚਿਆਂ ਤੋਂ ਵਖਰਿਆਉਣਾ ਨਹੀਂ ਸੀ ਚਾਹੁੰਦੀ। ਉਸ ਤਾਂ ਸਗੋਂ ਖੁਦ ਉਹਨਾਂ ਦੇ ਨਾਲ ਚੱਲਣਾ ਹੁੰਦਾ ਸੀ। ਉਹ ਹਰ ਨਵੀਂ ਗੱਲ ਸਿੱਖਣਾ ਚਾਹੁੰਦੀ ਸੀ ਤਾਂ ਜੋ ਘਰ ਵਿਚ ਕੋਈ ਵੀ ਨਵੀਂ ਗੱਲ ਹੋਵੇ ਤਾਂ ਉਹ ਉਸ ਵਿਚ ਬਰਾਬਰ ਸ਼ਾਮਲ ਹੋਵੇ, ਕਿਤੇ ਉਹ ਘਰ ਦੀ ਫਾਲਤੂ ਚੀਜ਼ ਨਾ ਬਣ ਕੇ ਰਹਿ ਜਾਵੇ। ਪਰ ਉਸ ਦੇ ਦਿਲ ਦੇ ਕਿਸੇ ਕੋਨੇ ਵਿਚ ਇਹ ਜ਼ਰੂਰ ਸੀ ਕਿ ਇਹ ਸਾਰਾ-ਕੁਝ ਏਨਾ ਨਵਾਂ ਕਿਉਂ ਹੈ, ਇਹ ਸਾਰਾ-ਕੁਝ ਏਨਾ ਅਣਜਾਣਿਆਂ ਕਿਉਂ ਹੈ। ਕੁਝ ਤਾਂ ਜਾਣ-ਪੱਛਾਣ ਵਾਲੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ।

"ਉਹ ਹੋ, ਮੈਂ ਤਾਂ ਭੁੱਲ ਹੀ ਗਈ!" ਅੰਮੀਂ ਇਕ ਦਮ ਛਾਲ ਮਾਰ ਕੇ ਉੱਠਦੀ ਬੋਲੀ, "ਹਾਲੇ ਤੀਕ ਤਾਂ ਮੈਂ ਪੰਪਕਿਨ ਦਾ ਇੰਤਜ਼ਾਮ ਵੀ ਨਹੀਂ ਕੀਤਾ। ਏਮਨ, ਤੂੰ ਜ਼ਰਾ ਸਮਨ ਨੂੰ ਫੋਨ ਕਰ, ਉਹਨੂੰ ਕਹਿ ਕਿ ਬਾਜ਼ਾਰ ਤੋਂ ਪੰਪਕਿਨ ਖਰੀਦ ਲਿਆਵੇ।"

ਏਮਨ ਉੱਠ ਕੇ ਜਾਣ ਲੱਗੀ ਤਾਂ ਅੰਮੀਂ ਨੇ ਫਿਰ ਕਿਹਾ, "ਹੋਰ ਸੁਣ, ਉਹਨੂੰ ਕਹਿਣਾ ਕਿ ਮੇਰੇ ਪਾਸ ਵਕਤ ਨਹੀਂ ਏ, ਉਹ ਖੁਦ ਹੀ ਲੈਂਟਰਨ ਬਣਾ ਲਵੇ, ਪਰਸੋਂ ਸਕੂਲ ਵਿਚ ਹੈਲੋਂਵਿਨ ਏ ਤੇ ਪੰਪਕਿਨ ਦਾ ਇੰਤਜ਼ਾਮ ਹਾਲੇ ਤੀਕ ਨਹੀਂ ਹੋਇਆ!"

ਪੰਪਕਿਨ ਤੋਂ ਦਾਦੀ ਦਾ ਦਿਲ ਕੀਤਾ ਕਿ ਨੂੰਹ ਨੂੰ ਚੇਤੇ ਕਰਾਵੇ ਕਿ ਅਸੀਂ ਇਹਨੂੰ ਹਲਵਾ-ਕੱਦੂ ਕਹਿੰਦੇ ਹਾਂ ਪਰ ਉਹ ਚੁੱਪ ਰਹੀ। ਹੁਣ ਤਾਂ ਉਹਨਾਂ ਦੇ ਘਰਾਂ ਵਿਚ ਹਲਵਾ-ਕੱਦੂ ਬਣਾਉਣ ਦਾ ਰਿਵਾਜ ਹੀ ਖਤਮ ਹੋ ਗਿਆ ਹੈ।



"ਮਿਸਜ਼ ਸ਼ੇਰ ਵੀ ਤਾਂ ਸਾਰੇ ਕੰਮ ਮੇਰੇ ਉਪਰ ਹੀ ਸੁੱਟ ਦਿੰਦੀ ਏ," ਅੰਮੀ ਦੀ ਗੱਲ ਹਾਲੇ ਖਤਮ ਨਹੀਂ ਸੀ ਹੋਈ। ਹੁਣ ਉਹ ਆਪਣੀ ਪ੍ਰਿੰਸੀਪਲ ਉਪਰ ਨਾਰਾਜ਼ ਹੋ ਰਹੀ ਸੀ, "...ਤੇ ਤੂੰ ਜਾਹ ਤੇ ਭੈਣ ਜੀ ਨੂੰ ਕਹਿ ਕਿ ਉਹ ਕੱਪੜੇ ਚੁੱਕੀ ਲਿਆਵੇ ਜਿਹੜੇ ਕੌਸਟਚੂਮ ਬਣਾਉਣ ਲਈ ਰੱਖੇ ਨੇ।" ਇਹ ਗੱਲ ਉਸ ਨੇ ਬੇਟੇ ਨੂੰ ਕਹੀ ਜੋ ਹਾਲੇ ਤੀਕ ਆਪਣੇ ਅੱਬੂ ਵੱਲੋਂ ਆਪਣੇ ਸਵਾਲ ਦਾ ਜਵਾਬ ਉਡੀਕ ਰਿਹਾ ਸੀ। ਉਹ ਬੁਰਾ ਜਿਹਾ ਮੂੰਹ ਬਣਾਉਂਦਾ ਉੱਠ ਤੁਰਿਆ।

"ਇਹ 'ਹੈਲੋਂਵਿਨ ਡੇ', 'ਮਦਰਜ਼ ਡੇ', 'ਫਾਦਰਜ਼ ਡੇ' ਬਣਾਉਣ ਦਾ ਰਿਵਾਜ ਤਾਂ ਵੱਧਦਾ ਹੀ ਜਾ ਰਿਹਾ ਏ!" ਇਹ ਗੱਲ ਅੱਬੂ ਨੇ ਕਹੀ ਜੋ ਆਪਣੇ ਆਪ ਨੂੰ ਨਵੇਂ ਜ਼ਮਾਨੇ ਦੇ ਆਦਮੀ ਕਹਿੰਦੇ ਸਨ।

"ਜਦ ਸਕੂਲਾਂ ਦੇ ਕੋਰਸ ਇੰਗਲੈਂਡ ਤੇ ਅਮਰੀਕਾ ਤੋਂ ਬਣ ਕੇ ਆਉਣਗੇ ਤਾਂ ਇਹੋ ਕੁਝ ਹੋਏਗਾ।" ਦਾਦੀ ਨੇ ਆਪਣੀ ਰਾਏ ਦਿੱਤੀ।

"ਨਹੀਂ ਅੰਮਾਂ, ਇਹ ਸਾਡਾ ਹੀ ਕਾਰਨਾਮਾ ਏ। ਮਾਰਕਿਟ ਇਕੋਨੌਮੀ ਜ਼ਿੰਦਾਬਾਦ! ਅਸੀਂ ਟੀ. ਵੀ. 'ਤੇ ਇਹਨਾਂ ਤਿਓਹਾਰਾਂ ਦੇ ਤਮਾਸ਼ੇ ਦਿਖਾਵਾਂਗੇ ਤੇ ਰੰਗ-ਬਰੰਗੇ ਕਾਰਡ ਛਾਪ ਕੇ ਬਾਜ਼ਾਰ ਭਰ ਦੇਵਾਂਗੇ ਤਾਂ ਫਿਰ ਇਹੋ ਕੁਝ ਹੋਵੇਗਾ।" ਅੱਬੂ ਗੰਭੀਰ ਹੋਣ ਲੱਗੇ ਸਨ।

"ਦੁਨੀਆਂ ਵਿਚ ਰਹਿਣਾ ਏ ਤਾਂ ਦੁਨੀਆਂ ਦੇ ਨਾਲ ਨਾਲ ਚੱਲਣਾ ਪਵੇਗਾ।" ਅੰਮੀਂ ਨੇ ਟੀ. ਵੀ. ਦਾ ਚੈਨਲ ਬਦਲਦਿਆਂ ਜਵਾਬ ਦਿੱਤਾ। ਦਾਦੀ ਨੇ ਟੀ. ਵੀ. 'ਤੇ ਨਜ਼ਰ ਮਾਰੀ ਤੇ ਉਸ ਵਿਚ ਗਵਾਚ ਗਈ। 'ਸਟਿੰਗ' ਦਾ ਨਵਾਂ ਗਾਣਾ 'ਡੈਜ਼ਰਟ ਰੋਜ਼' ਚੱਲ ਰਿਹਾ ਸੀ। ਅਰਬੀ ਧੁੰਨ ਤੇ ਪੱਛਮੀ ਸੰਗੀਤ ਦਾ ਮਿਲਾਪ ਉਸ ਨੂੰ ਬਹੁਤ ਚੰਗਾ ਲੱਗਾ। ਇਹਦੇ ਵਿਚ ਆਪਣਾਪਨ ਵੀ ਸੀ ਤੇ ਨਵਾਂਪਨ ਵੀ।

"ਹੁਣ ਤਾਂ 'ਵੈਲਨਟਾਈਨ ਡੇ' ਵੀ ਮਨਾਇਆ ਜਾਣ ਲੱਗਾ ਏ!" ਅੱਬੂ ਬਹੁਤ ਜ਼ਿਆਦਾ ਗੰਭੀਰ ਹੋ ਰਹੇ ਸਨ।

"ਹਾਂ, ਹੁਣ ਤਾਂ ਸਕੂਲਾਂ ਦੇ ਬੱਚੇ ਇਹ ਦਿਨ ਵੀ ਮੰਨਾਉਂਦੇ ਨੇ। ਬੜੇ ਹੰਗਾਮੇ ਹੁੰਦੇ ਨੇ। ਦਿਲ ਦੀ ਤਸਵੀਰ ਬਣੇ ਕਾਰਡ, ਸੁਰਖ ਗੁਲਾਬ ਤੇ ਕੇਕ-ਮਠਿਆਈਆਂ ਭੇਜੀਆਂ ਜਾਂਦੀਆਂ ਨੇ ਇਕ ਦੂਜੇ ਨੂੰ।" ਅੰਮੀ ਨੇ ਕਾਲੇ ਕੱਪੜੇ ਚੁੱਕਦਿਆਂ ਕਿਹਾ ਜਿਹਨਾਂ ਨੂੰ ਅਹਿਮਦ ਨੇ ਉਸ ਦੇ ਮੂਹਰੇ ਲਿਆ ਰੱਖਿਆ ਸੀ।

"ਪਰ ਇਹਦੇ ਵਿਚ ਮਾੜੀ ਗੱਲ ਵੀ ਕਿਹੜੀ ਏ?" ਅੱਬੂ ਨੇ ਖਸਿਆਨਾ ਜਿਹਾ ਹਾਸਾ ਹੱਸਿਆ ਤੇ ਫਿਰ ਕਿਹਾ, "ਬਹੁਤ ਮੁਸ਼ਕਲ ਹੋ ਗਿਆ ਏ ਵਕਤ ਦਾ ਸਾਥ ਦੇਣਾ!"

"ਇਹ ਤੂੰ ਕਹਿ ਰਿਹਾ ਏਂ?" ਦਾਦੀ ਨੇ ਆਪਣੇ ਪੁੱਤਰ ਵੱਲ ਦੇਖਿਆ। ਇਹ ਸੁਣ ਕੇ ਜਿਵੇਂ ਉਸ ਨੂੰ ਸਦਮਾ ਲੱਗਿਆ ਹੋਵੇ।

"ਜੀ ਅੰਮਾਂ! ਅਸੀਂ ਬੁੱਢੇ ਹੋ ਗਏ ਹਾਂ।" ਪੁੱਤਰ ਦੇ ਗੱਲ ਕਰਨ ਦੇ ਲਹਿਜ਼ੇ ਨੇ ਮਾਂ ਦਾ ਦਿਲ ਹੀ ਤੋੜ ਦਿੱਤਾ।

ਦਾਦੀ ਨੇ ਠੰਢੀ ਹੋ ਚੁੱਕੀ ਚਾਹ ਦਾ ਇਕ ਵੱਡਾ ਘੁੱਟ ਭਰਿਆ, ਪਹਿਲਾਂ ਉਸ ਨੇ

ਨੂੰਹ ਵੱਲ ਦੇਖਿਆ ਤੇ ਫਿਰ ਪੁੱਤਰ ਵੱਲ ਤੇ ਫਿਰ ਜਿਵੇਂ ਚੁੱਪ ਤੋੜਨ ਲਈ ਕਹਿ ਦਿੱਤਾ ਹੋਵੇ, "ਹਾਂ, ਸਾਡੇ ਆਪਣੇ ਤਿਓਹਾਰ ਤਾਂ ਜਿਵੇਂ ਹੁਣ ਖਤਮ ਹੀ ਹੋ ਗਏ ਹੋਣ।"

"ਅੰਮਾਂ, ਸਾਡੇ ਏਹੋ ਜਿਹੇ ਕਿਹੜੇ ਤਿਓਹਾਰ ਹੁੰਦੇ ਸਨ ਜਿਹਨਾਂ ਵਿਚ ਬੱਚੇ ਚਾਮਲ ਚਾਮਲ ਕੇ ਦੀਵਾਨੇ ਹੁੰਦੇ ਹਿੱਸਾ ਲੈਣ! ਹੁਣ ਤਾਂ ਈਦ-ਬਕਰੀਦ 'ਤੇ ਵੀ ਮੇਲੇ ਨਹੀਂ ਲੱਗਦੇ।" ਪੁੱਤਰ ਜਵਾਬ ਦਿੰਦਾ ਜਿਵੇਂ ਆਪਣੇ ਆਪ ਨਾਲ ਲੜ ਰਿਹਾ ਸੀ। ਨੂੰਹ ਭੂਤਾਂ-ਚੁੜੇਲਾਂ ਦੇ ਕੌਸਟਚੂਮ ਬਣਾਉਣ ਵਿਚ ਮਸਰੂਫ ਸੀ।

"ਸਾਡੇ ਤਿਓਹਾਰਾਂ ਦਾ ਵਾਹ ਸਾਡੇ ਮਜ਼ਹਬ ਨਾਲ ਏ।" ਦਾਦੀ ਨੇ ਸਮਝਾਇਆ।

"ਇਹਨਾਂ ਤਿਓਹਾਰਾਂ ਦਾ ਵਾਹ ਵੀ ਮਜ਼ਹਬ ਨਾਲ ਹੀ ਏ।" ਪੁੱਤਰ ਨੇ ਆਪਣੀ ਮਾਂ ਵਾਲੇ ਅੰਦਾਜ਼ ਵਿਚ ਕਿਹਾ।

"ਪਰ ਕਿਸੇ ਹੋਰ ਮਜ਼ਹਬ ਨਾਲ।" ਦਾਦੀ ਨੇ ਡੂੰਘਾ ਸਾਹ ਲਿਆ ਤੇ ਮੁੜ ਟੀ. ਵੀ. ਦੇਖਣਾ ਸ਼ੁਰੂ ਕਰ ਦਿੱਤਾ। ਉਹ ਗੱਲ ਨੂੰ ਹੋਰ ਅੱਗੇ ਨਹੀਂ ਸੀ ਵਧਾਉਣਾ ਚਾਹੁੰਦੀ। ਫਿਰ ਬਹਿਸ ਲੰਮੀ ਹੋ ਜਾਣੀ ਸੀ। ਬਹਿਸਾਂ ਕਰਨੀਆਂ ਉਸ ਨੇ ਹੁਣ ਛੱਡ ਦਿੱਤੀਆਂ ਸਨ। ਹੁਣ ਉਹ ਸਿਰਫ ਆਪਣੇ ਆਪ ਨਾਲ ਬਹਿਸ ਕਰਦੀ।

"ਅੱਬੂ, ਤੁਸੀਂ ਦੱਸਿਆ ਨਹੀਂ ਕਿ ਚਾਰਲੀ ਬਰਾਊਨ 'ਤੇ ਲੋਕ ਏਨਾ ਅਫਸੋਸ ਕਿਉਂ ਕਰ ਰਹੇ ਨੇ?" ਹੁਣ ਏਮਨ ਨੇ ਚੁੱਪ ਦੀ ਵੱਡੀ ਹੁੰਦੀ ਕੰਧ ਨੂੰ ਤੋੜਿਆ।

"ਇਸ ਲਈ ਅਫਸੋਸ ਕਰ ਰਹੇ ਨੇ ਕਿ ਚਾਰਲੀ ਬਰਾਊਨ ਅਜਿਹਾ ਕਰੈਕਟਰ ਸੀ ਜਿਸ ਨੂੰ ਲੂਸੀ ਹਰ ਵੇਲੇ ਮੂਰਖ ਬਣਾਉਂਦੀ ਰਹਿੰਦੀ ਸੀ। ਚਾਰਲੀ ਮਰਦ ਸੀ ਤੇ ਲੂਸੀ ਔਰਤ ਤੇ ਕਾਰਟੂਨ ਬਣਾਉਣ ਵਾਲਾ ਵੀ ਮਰਦ ਸੀ।" ਅੰਮੀ ਨੇ ਮਹੌਲ ਦੀ ਉਦਾਸੀ ਦੂਰ ਕਰਨ ਲਈ ਅੱਬੂ ਨੂੰ ਛੇੜਿਆ।

"ਮਾਸ਼ਾ ਅੱਲਾਹ! ਮਾਸ਼ਾ ਅੱਲਾਹ! ...ਇਹ ਹੋਈ ਨਾ ਫੈਮਿਨਿਸਟ ਇੰਟਰਪ੍ਰੈਟੇਸ਼ਨ! ਵਾਹ, ਵਾਹ!" ਅੱਬੂ ਨੇ ਤਾੜੀ ਵਜਾਈ। ਹੁਣ ਮਹੌਲ ਖੁਸ਼ਗਵਾਰ ਹੋ ਗਿਆ ਸੀ। ਅੱਬੂ ਨੇ ਫਿਰ ਕਿਹਾ, " 'ਸ਼ੁਲਜ਼' ਵੀ ਆਪਣੇ ਕਾਰਟੂਨ ਦੀ ਇਹ ਇੰਟਰਪ੍ਰੈਟੇਸ਼ਨ ਸੁਣਦਾ ਤਾਂ ਖੁਸ਼ ਹੋ ਜਾਂਦਾ। ਮਰ ਗਿਆ ਵਿਚਾਰਾ! ਪਰ ਤੁਸੀਂ ਕਿਉਂ ਫਿਕਰ ਕਰਦੇ ਹੋ? ਔਰਤਾਂ ਨੂੰ ਖੁਸ਼ ਕਰਨ ਲਈ ਉਹਨਾਂ ਨੇ 'ਜੌਨੀ ਬਰਾਵੋ' ਵੀ ਬਣਾ ਦਿੱਤਾ ਏ। ਉਹੀ ਹਾਥੀ ਤੇ ਗੈਂਡੇ ਦੇ ਤਨ ਤੇ ਜੋਸ਼ ਵਾਲਾ ਮਰਦ ਜੋ ਹਰ ਵਾਰ ਔਰਤ ਤੋਂ ਮਾਰ ਖਾ ਜਾਂਦਾ ਏ। ਤੇ ਇਹ ਕਾਰਟੂਨ ਬਣਾਉਣ ਵਾਲਾ ਵੀ ਮਰਦ ਏ।" ਹੁਣ ਅੱਬੂ ਦੇ ਨਾਲ ਨਾਲ ਅੰਮੀਂ ਵੀ ਹੱਸੀ ਤੇ ਦਾਦੀ ਵੀ ਕਿਉਂਕਿ ਉਹ ਵੀ ਇਹ ਕਾਰਟੂਨ ਦੇਖਦੀ ਸੀ।

ਪਰ ਏਮਨ ਤੇ ਅਹਿਮਦ ਨੂੰ ਆਪਣੇ ਸਵਾਲ ਦਾ ਜਵਾਬ ਹਾਲੇ ਵੀ ਨਹੀਂ ਸੀ ਮਿਲਿਆ। ਉਹਨਾਂ ਨੇ ਇਤਰਾਜ਼ ਕਰਦਿਆਂ ਕਿਹਾ, "ਤੁਸੀਂ ਤਾਂ ਮਜ਼ਾਕ ਕਰ ਰਹੇ ਓ!"

"ਬੇਟੇ, ਗੱਲ ਇਹ ਵੇ ਕਿ ਅਸੀਂ ਸਾਹਮਣੇ ਦੀਆਂ ਚੀਜ਼ਾਂ ਨੂੰ ਦੇਖਦੇ ਉਹਨਾਂ ਦੇ ਆਦੀ ਹੋ ਜਾਂਦੇ ਹਾਂ। ਚੰਗੀਆਂ ਹੋਣ ਤਾਂ ਉਹਨਾਂ ਨੂੰ ਪਸੰਦ ਕਰਨ ਲੱਗਦੇ ਹਾਂ ਤੇ ਜੇ ਉਹ ਸਾਡੇ ਸਾਹਮਣਿਓਂ ਹਟ ਜਾਣ, ਖਤਮ ਹੋ ਜਾਣ ਤਾਂ ਸਾਨੂੰ ਸਦਮਾ ਲੱਗਦਾ ਏ।" ਅੱਬੂ ਸੰਜੀਦਾ ਹੋ ਗਏ ਸਨ।



"ਐਡਾ ਵੀ ਕੀ ਸਦਮਾ ਕਰਨਾ?" ਏਮਨਾ ਨੂੰ ਇਹ ਦਲੀਲ ਜਚੀ ਨਹੀਂ ਸੀ।

ਸਾਡੀ ਪਸੰਦ ਦੀਆਂ ਚੀਜ਼ਾਂ, ਸਾਡੀਆਂ ਆਪਣੀਆਂ ਚੀਜ਼ਾਂ ਸਾਡੇ ਸਾਹਮਣਿਓਂ ਹਟ ਜਾਣ ਜਾਂ ਖਤਮ ਹੋ ਜਾਣ ਤਾਂ ਸਾਨੂੰ ਦੁੱਖ-ਸਦਮਾ ਲੱਗਦਾ ਹੈ? ਦਾਦੀ ਨੇ ਸੋਚਿਆ। ਉਸ ਦੇ ਪੋਤਾ-ਪੋਤੀ ਜਦ ਉਸ ਨੂੰ ਕਹਿੰਦੇ, 'ਦਾਦੀ ਜਾਨ, ਤੁਸੀਂ ਤੀਹ-ਚਾਲੀ ਸਾਲ ਪਹਿਲਾਂ ਐੱਮ. ਏ. ਕੀਤੀ ਸੀ, ਹੁਣ ਜ਼ਮਾਨਾ ਬਦਲ ਗਿਆ ਏ' ਤਾਂ ਉਸ ਨੂੰ ਇਹ ਸੁਣ ਕੇ ਸਦਮਾ ਨਹੀਂ ਸੀ ਹੁੰਦਾ। ਉਹ ਬੱਚੇ ਉਸ ਨੂੰ ਕਹਿੰਦੇ, 'ਤੁਹਾਡੀਆਂ ਕਹਾਣੀਆਂ ਵਾਂਗ ਹੁਣ ਹਾਤਿਮ ਗਾਇਬ ਰਹਿ ਕੇ ਦੂਰੋਂ ਕਿਧਰੋਂ ਸੱਦਾ ਨਹੀਂ ਦਿੰਦੇ, ਹੁਣ ਕੰਪਿਊਟਰ, ਇੰਟਰਨੈੱਟ ਰਾਹੀਂ ਆਵਾਜ਼ਾਂ ਲਗਾਉਂਦੇ ਨੇ। ਹੁਣ ਤੁਸੀਂ ਆਪਣੀ ਕੁਰਸੀ 'ਤੇ ਬਹਿ ਕੇ ਜਾਨ-ਜਹਾਨ ਨਾਲ ਗੱਲਾਂ ਕਰ ਲੈਂਦੇ ਹੋ। ਹੁਣ ਤੁਸੀਂ ਫੋਲਡਰ ਵਰਗਾ ਕੰਪਿਊਟਰ ਖੋਹਲੋਗੇ ਤੇ ਕਿਤਾਬ ਪੜ੍ਹਨ ਲੱਗੋਂਗੇ। ਇਕ ਸੀ. ਡੀ. ਵਿਚ ਵੀਹ-ਪੱਚੀ ਕਿਤਾਬਾਂ ਆ ਜਾਂਦੀਆਂ ਨੇ।' ਤਾਂ ਬਦਲੇ ਵਿਚ ਉਹ ਕਹਿੰਦੀ, 'ਬੇਟਾ, ਅਸੀਂ ਵੀ ਪੁਰਾਣੇ ਨਹੀਂ ਹਾਂ। ਅਸੀਂ ਆਪਣੇ ਸਾਹਮਣੇ ਚੀਜ਼ਾਂ ਨੂੰ ਬਦਲਦੇ ਦੇਖਿਆ ਹੈ। ਅਸੀਂ ਗਵਾਹ ਹਾਂ ਉਸ ਵਕਤ ਦੇ ਜੋ ਤਬਦੀਲ ਹੋਇਆ ਹੈ ਤੇ ਤਬਦੀਲ ਹੋ ਰਿਹਾ ਹੈ। ਸਾਡੀਆਂ ਅੱਖਾਂ ਖੁੱਲ੍ਹੀਆਂ ਹਨ।' ਪਰ ਇਸ ਦੇ ਨਾਲ ਹੀ ਦਿਲ ਦੀ ਕੋਈ ਇਕ ਧੜਕਣ ਘੱਟ ਹੋਣ ਲੱਗਦੀ ਸੀ।

ਪੁਰਾਣਾ ਕੀ ਹੈ ਤੇ ਨਵਾਂ ਕੀ? ਨਵਾਂ ਕਦੋਂ ਪੁਰਾਣਾ ਬਣਦਾ ਹੈ ਤੇ ਪੁਰਾਣਾ ਕਦੋਂ ਨਵਾਂ? ਵਕਤ ਨੂੰ ਵੰਡਿਆ ਕਿਵੇਂ ਜਾਂਦਾ ਹੈ? ਉਹ ਕੌਣ ਸੀ ਜਿਸ ਨੇ ਰੇਤ-ਘੜੀ ਦੇਖ ਕੇ ਰੌਲ਼ਾ ਪਾ ਦਿੱਤਾ ਸੀ ਕਿ ਤੁਸੀਂ ਮੇਰੇ ਵਕਤ ਨੂੰ ਪਲਾਂ ਵਿਚ ਕਿਉਂ ਤਕਸੀਮ ਕਰ ਰਹੇ ਹੋ? ਦਾਦੀ ਉਸ ਜ਼ਮਾਨੇ ਨੂੰ ਵੀ ਨਹੀਂ ਸੀ ਭੁੱਲੀ ਜਦ ਉਹ ਵਕਤ ਦੀ ਲਗਾਤਾਰਤਾ ਦੀ ਆਦੀ ਸੀ। ਵਕਤ ਉਸ ਲਈ ਸਿੱਧੀ ਲਕੀਰ ਵਾਂਗ ਸੀ। ਉਹ ਲਕੀਰ ਜਿਹੜੀ ਕਿਤੇ ਵੀ ਸੱਜੇ-ਖੱਬੇ ਨਹੀਂ ਸੀ ਮੁੜਦੀ। ਫਿਰ ਵਿਆਹ ਨੇ ਉਹ ਲਕੀਰ ਤੋੜ ਦਿੱਤੀ। ਵਿਆਹ ਹੋਇਆ ਤਾਂ ਉਸ ਨੇ ਨਵਾਂ ਘਰ ਤੇ ਨਵਾਂ ਵਕਤ ਦੇਖਿਆ। ਹੁਣ ਵਕਤ ਉਹ ਨਹੀਂ ਸੀ ਜਿਸ ਦੀ ਉਹ ਆਦੀ ਸੀ। ਜਿਸ ਘਰ ਵਿਚੋਂ ਉਹ ਆਈ ਸੀ ਉਥੇ ਇਖਲਾਕ, ਅਦਬ, ਰਸਮੋਂ-ਰਿਵਾਜ ਸਭ ਇਸਲਾਮਿਕ ਮਜ਼ਹਬ ਅਨੁਸਾਰ ਸਨ ਪਰ ਆਮ ਜ਼ਿੰਦਗੀ ਵਿਚ ਮਜ਼ਹਬ ਕੋਈ ਹੋਰ ਚੀਜ਼ ਨਹੀਂ ਸੀ। ਇਹ ਰੋਜ਼ਾਨਾ ਜ਼ਿੰਦਗੀ ਦਾ ਹੀ ਇਕ ਹਿੱਸਾ ਸੀ ਜੋ ਨਜ਼ਰ ਆਉਂਦਾ ਵੀ ਸੀ ਤੇ ਨਹੀਂ ਵੀ ਸੀ ਆਉਂਦਾ। ਰਸਮਾਂ-ਰਿਵਾਜਾਂ ਦੇ ਨਾਲ ਹੀ ਮਜ਼ਹਬੀ ਫਰਜ਼ ਵੀ ਅਦਾ ਕੀਤੇ ਜਾਂਦੇ ਸਨ, ਜਿਵੇਂ ਖਾਣਾ-ਪੀਣਾ, ਸੌਣਾ-ਜਾਗਣਾ, ਉੱਠਣਾ-ਬੈਠਣਾ ਵਰਗੀਆਂ ਚੀਜ਼ਾਂ ਹੁੰਦੀਆਂ ਹਨ। ਇਹ ਮੌਜੂਦ ਤਾਂ ਹੁੰਦੀਆਂ ਹਨ ਪਰ ਨਜ਼ਰ ਨਹੀਂ ਆਉਂਦੀਆਂ। ਇਹ ਸਾਡੇ ਜਿਸਮ ਤੇ ਰੂਹ ਦਾ ਹਿੱਸਾ ਹੁੰਦੀਆਂ ਹਨ। ਜਿਸ ਘਰ ਵਿਚ ਉਹ ਵਿਆਹ ਕੇ ਆਈ ਸੀ ਉਥੇ ਇਸ ਗੱਲ ਤੋਂ ਥੋੜ੍ਹੀ ਦੂਰੀ ਨਜ਼ਰ ਆਈ। ਉਥੇ ਚੀਜ਼ਾਂ ਕੁਝ ਹੋਰ ਹੋਰ ਨਜ਼ਰ ਆ ਰਹੀਆਂ ਸਨ ਪਰ ਏਨੀਆਂ ਵੀ ਹੋਰ ਨਹੀਂ ਕਿ ਪੱਛਾਣੀਆਂ ਨਾ ਜਾ ਸਕਣ। ਹਾਂ, ਉਹ ਆਦਮੀ ਜਿਸ ਨਾਲ ਉਸ ਦਾ ਵਿਆਹ ਹੋਇਆ ਸੀ ਬਿਲਕੁਲ ਓਪਰਾ ਸੀ। ਉਹ ਵਕਤ ਦੀ ਨਿਰੰਤਰਤਾ ਤੋੜ ਕੇ ਇਕ ਨਵੀਂ ਨਿਰੰਤਰਤਾ ਸਿਰਜਣੀ ਚਾਹੁੰਦਾ ਸੀ। ਉਸ ਨੂੰ ਸਿੱਧੀ ਲਕੀਰ ਪਸੰਦ ਨਹੀਂ ਸੀ। ਉਹ ਜ਼ਮਾਨੇ ਨੂੰ ਬਦਲ ਦੇਣਾ ਚਾਹੁੰਦਾ ਸੀ। ਇਸ ਲਈ ਉਸ ਆਦਮੀ ਨੇ ਉਸ ਨੂੰ ਖੁਸ਼ ਵੀ ਬਹੁਤ ਰੱਖਿਆ ਤੇ ਪਰੇਸ਼ਾਨ ਵੀ ਬਹੁਤ।

ਉਹ ਆਦਮੀ ਉਸ ਨੂੰ ਟੁੱਟ ਕੇ ਪਿਆਰ ਕਰਦਾ ਸੀ। ਉਹ ਵੀ ਉਸ ਨੂੰ ਪਿਆਰ ਕਰਦੀ ਸੀ, ਅਜਿਹਾ ਪਿਆਰ ਕਿ ਜਿਹੜਾ ਉਸ ਨੇ ਪਹਿਲੀ ਵਾਰ ਦੇਖਿਆ ਸੀ। ਉਹ ਪਿਆਰ ਜੋ ਭੈਣਾਂ-ਭਰਾਵਾਂ, ਮਾਂ-ਪਿਓ ਦੇ ਪਿਆਰ ਤੋਂ ਵੱਖਰਾ ਹੁੰਦਾ ਹੈ। ਇਹ ਪਿਆਰ ਉਸ ਲਈ ਨਵੀਂ ਦੁਨੀਆਂ ਸੀ ਤੇ ਵਕਤ ਦਾ ਨਵਾਂ ਸਿਲਸਿਲਾ। ਉਸ ਲਈ ਤਾਂ ਇਹੋ ਪਿਆਰ ਸੀ ਸਭ ਕੁਝ ਪਰ ਉਸ ਨਵੇਂ ਆਦਮੀ ਨੂੰ ਆਪਣੇ ਪਿਆਰ ਲਈ ਨਵੀਂ ਦੁਨੀਆਂ ਚਾਹੀਦੀ ਸੀ। ਉਹ ਨਵੀਂ ਦੁਨੀਆਂ ਵਸਾਉਣੀ ਚਾਹੁੰਦਾ ਸੀ। ਉਹ ਨਵਾਂ ਜ਼ਮਾਨਾ ਲਿਆਉਣਾ ਚਾਹੁੰਦਾ ਸੀ। 'ਬਸ ਥੋੜ੍ਹੇ ਦਿਨਾਂ ਦੀ ਹੀ ਗੱਲ ਹੈ ਫਿਰ ਸਭ ਕੁਝ ਬਦਲ ਜਾਵੇਗਾ ਤੇ ਅਸੀਂ ਸਭ ਨਾਲ ਰਲ-ਮਿਲ ਕੇ ਖ਼ੁਸ਼ੀ-ਖ਼ੁਸ਼ੀ ਜ਼ਿੰਦਗੀ ਬਿਤਾਵਾਂਗੇ', ਇਹ ਕਹਿ ਕੇ ਉਹ ਗਾਇਬ ਹੋ ਜਾਂਦਾ ਸੀ। ਕਦੇ ਕਦੇ ਤਾਂ ਮਹੀਨਿਆਂ ਦੇ ਮਹੀਨੇ ਗਾਇਬ ਰਹਿੰਦਾ। ਦੂਰੋਂ ਕਿਸੇ ਸ਼ਹਿਰੋਂ ਚਿੱਠੀ ਆਉਂਦੀ ਕਿ ਮੈਂ ਠੀਕ-ਠਾਕ ਹਾਂ, ਫਿਕਰ ਨਾ ਕਰਨਾ, ਮੈਂ ਜਲਦੀ ਆ ਜਾਵਾਂਗਾ। ਕਦੇ ਛੁਪਦਾ-ਛੁਪਾਉਂਦਾ ਘਰ ਆਉਂਦਾ ਤੇ ਕਹਿੰਦਾ, "ਮੈਂ ਅੱਜ ਕੱਲ੍ਹ ਅੰਡਰ ਗਰਾਉਂਡ ਹਾਂ, ਕਿਸੇ ਨੂੰ ਮੇਰੇ ਆਉਣ ਬਾਰੇ ਖ਼ਬਰ ਨਾ ਕਰਨਾ।" ਤੇ ਫਿਰ ਇਵੇਂ ਹੀ ਚਲੇ ਜਾਂਦਾ ਜਿਵੇਂ ਆਇਆ ਸੀ।

ਵੱਡੇ ਸਾਂਝੇ ਘਰਾਂ ਵਿਚ ਜਿਥੇ ਮਾਂਪਿਓ, ਚਾਚੇ-ਭਤੀਜੇ ਇਕੱਠੇ ਰਹਿੰਦੇ ਹੋਣ ਉਥੇ ਇਕ ਬੰਦੇ ਦੇ ਘਰੋਂ ਘੱਟ ਹੋ ਜਾਣਾ ਕੋਈ ਫਿਕਰ ਵਾਲੀ ਗੱਲ ਨਹੀਂ ਸੀ। ਉਸ ਦੇ ਗਾਇਬ ਰਹਿਣ ਦਾ ਫਿਕਰ ਤਾਂ ਕੀ ਕਰਨਾ ਸਗੋਂ ਉਸ ਨੂੰ ਨੌਲ਼ਿਆ ਜਾਂਦਾ ਕਿ ਇਹ ਚੰਗੀ ਸਿਆਸਤ ਹੈ, ਅੱਛਾ ਨਜ਼ਰੀਆ ਹੈ ਕਿ ਬੀਵੀ-ਬੱਚਿਆਂ ਦੀ ਕੋਈ ਪ੍ਰਵਾਹ ਹੀ ਨਹੀਂ ਹੈ। ਭੱਜਿਆ ਫਿਰਦਾ ਹੈ, ਇਕ ਸ਼ਹਿਰ ਤੋਂ ਦੂਜੇ ਸ਼ਹਿਰ ਤੇ ਇਕ ਜੇਲ੍ਹ ਤੋਂ ਦੂਜੀ ਜੇਲ੍ਹ। ਹਾਂ, ਉਸ ਨੂੰ ਵੀ ਪਹਿਲਾਂ-ਪਹਿਲ ਬਹੁਤ ਮਹਿਸੂਸ ਹੋਇਆ। ਲੁਕ-ਲੁਕ ਕੇ ਉਹ ਬਹੁਤ ਰੋਈ ਪਰ ਫਿਰ ਉਸ ਨੇ ਹਾਲਾਤ ਨਾਲ ਸਮਝੌਤਾ ਕਰ ਲਿਆ। ਉਸ ਨੂੰ ਉਸ ਆਦਮੀ ਦੇ ਅਟੁੱਟ ਪਿਆਰ 'ਤੇ ਪੂਰਾ ਭਰੋਸਾ ਸੀ।

ਫਿਰ ਵਕਤ ਦੀ ਇਕ ਹੋਰ ਕੜੀ ਟੁੱਟੀ। ਅਚਾਨਕ ਉਹ ਪੁਰਾਣੀ ਜਗ੍ਹਾ ਤੋਂ ਉਖੜੇ ਤੇ ਨਵੀਂ ਜਗ੍ਹਾ ਆ ਗਏ। ਨਵੀਂ ਜਗ੍ਹਾ, ਨਵਾਂ ਘਰ, ਨਵਾਂ ਮੁਲਕ। ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਜਿਥੇ ਉਹਨਾਂ ਦੇ ਪੁਸ਼ਤਾਂ ਤੋਂ ਪੈਰ ਜੰਮੇ ਹੋਏ ਹਨ ਤੇ ਜਿਥੇ ਬਾਪ-ਦਾਦਾ ਤੇ ਪੜਦਾਦਿਆਂ ਦੀਆਂ ਕਬਰਾਂ ਹਨ, ਉਥੋਂ ਉਹ ਉਖੜ ਵੀ ਸਕਦੇ ਹਨ। ਐਸੇ ਉਖੜੇ ਕਿ ਘਰ ਬਦਲ ਗਿਆ, ਜ਼ਮਾਨਾ ਬਦਲ ਗਿਆ। ਇਥੋਂ ਤੀਕ ਕਿ ਨਵੇਂ ਮੁਲਕ ਤੇ ਨਵੇਂ ਘਰ ਵਿਚ ਆ ਕੇ ਉਹ ਆਦਮੀ ਵੀ ਬਦਲ ਗਿਆ। ਉਹ ਆਦਮੀ ਜੋ ਆਪਣੇ ਆਪ ਨੂੰ ਨਵਾਂ ਆਦਮੀ ਕਹਿੰਦਾ ਸੀ, ਨਵੇਂ ਘਰ ਵਿਚ ਆ ਕੇ ਉਸ ਨੂੰ ਆਪਣੇ ਪੁਰਾਣੇ ਹੋਣ ਦਾ ਅਹਿਸਾਸ ਹੋਣ ਲੱਗਿਆ। ਉਸ ਨੂੰ ਲੱਗਿਆ ਕਿ ਹੁਣ ਤੀਕ ਉਹ ਜ਼ਮਾਨੇ ਨੂੰ ਦਿੰਦਾ ਹੀ ਰਿਹਾ ਹੈ ਪਰ ਜ਼ਮਾਨੇ ਨੇ ਉਸ ਨੂੰ ਕੁਝ ਨਹੀਂ ਦਿੱਤਾ ਬਲਕਿ ਉਹ ਜ਼ਮਾਨੇ ਨਾਲ ਨੱਥੀ ਹੋ ਗਿਆ ਹੈ। ਪਰ ਇਹ ਸਭ ਇਕਦਮ ਨਹੀਂ ਹੋਇਆ। ਇਹ ਤਬਦੀਲੀ ਅੱਖ ਦੇ ਫੋਰ ਵਿਚ ਨਹੀਂ ਆਈ। ਇਸ ਨੂੰ ਵਕਤ ਲੱਗਿਆ ਪਰ ਦਾਦੀ ਨੇ ਉਸ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਸੀ।

ਵਿਆਹ ਹੋਇਆ ਤਾਂ ਉਹ ਮੈਟ੍ਰਿਕ ਪਾਸ ਸੀ। ਜਿਸ ਭਰੇ-ਪੂਰੇ ਟੱਬਰ ਵਿਚ ਵਿਆਹ



ਕੇ ਆਈ ਸੀ ਉਥੇ ਕਿਸੇ ਨੇ ਉਸ ਨੂੰ ਇਹ ਮਹਿਸੂਸ ਨਹੀਂ ਸੀ ਹੋਣ ਦਿੱਤਾ ਕਿ ਜਿਉਂਦੇ ਰਹਿਣ ਲਈ ਪੈਸੇ-ਰੁਪਏ ਦੀ ਵੀ ਲੋੜ ਹੁੰਦੀ ਹੈ। ਨਵੇਂ ਘਰ, ਨਵੀਂ ਜਗ੍ਹਾ ਤੇ ਨਵੇਂ ਵਕਤ ਨੇ ਉਸ ਨੂੰ ਯਾਦ ਕਰਾ ਦਿੱਤਾ ਕਿ ਜਿਉਂਦੇ ਰਹਿਣ ਲਈ ਕੁਝ ਕਰਨਾ ਪੈਂਦਾ ਹੈ। ਹਾਲੇ ਉਹ ਆਦਮੀ ਨਵੇਂ ਵਕਤ ਨਾਲ ਨਵਾਂ ਨਹੀਂ ਸੀ ਹੋਇਆ। ਉਸੇ ਤਰ੍ਹਾਂ ਸ਼ਹਿਰ-ਸ਼ਹਿਰ, ਪਿੰਡ-ਪਿੰਡ ਭੱਜਿਆ ਫਿਰਦਾ ਸੀ। ਹੁਣ ਦਾਦੀ ਨੇ ਇੰਟਰ ਕੀਤਾ, ਬੀ. ਏ. ਕੀਤਾ ਤੇ ਫਿਰ ਐੱਮ. ਏ. ਕਰ ਲਿਆ ਤੇ ਨੌਕਰੀ ਕਰ ਲਈ। ਹੁਣ ਉਹ ਪੜ੍ਹਾ ਰਹੀ ਸੀ, ਦੂਜੇ ਬੱਚਿਆਂ ਨੂੰ ਵੀ ਤੇ ਆਪਣਿਆਂ ਨੂੰ ਵੀ। ਸੱਸ-ਸਹੁਰਾ ਜਿਉਂਦੇ ਸਨ। ਉਹਨਾਂ ਨੇ ਹਰ ਕੰਮ ਵਿਚ ਉਸ ਦੀ ਮੱਦਦ ਕੀਤੀ। ਫਿਰ ਏਧਰ ਸੁਹਰੇ ਨੇ ਅੱਖਾਂ ਮੀਟੀਆਂ ਤੇ ਉਹ ਬੰਦਾ ਘਰ ਵਾਪਸ ਆ ਗਿਆ। ਹੁਣ ਉਹ ਵਕਤ ਅਨੁਸਾਰ ਨਵਾਂ ਬਣ ਚੁੱਕਿਆ ਸੀ ਤੇ ਦੋਵਾਂ ਹੱਥਾਂ ਨਾਲ ਵਕਤ ਨੂੰ ਨਿਚੋੜ ਰਿਹਾ ਸੀ।...

ਹੁਣ ਦਾਦੀ ਨੂੰ ਆਪਣਾ ਦੂਜਾ ਪੁੱਤਰ ਯਾਦ ਆਉਣ ਲੱਗਿਆ। ਡਾਕਟਰ ਪੁੱਤਰ। ਵਕਤ ਉਸ ਦਾ ਵੀ ਬਦਲਿਆ ਸੀ ਪਰ ਕਿਹੋ ਜਿਹਾ ? ਉਹ ਨਵਾਂ ਹੋਇਆ ਸੀ ਜਾਂ ਪੁਰਾਣਾ, ਉਸ ਦੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ।

"ਮੈਂ ਤੈਨੂੰ ਕਿਹਾ ਸੀ ਕਿ ਮੁੜਦੇ ਸਮੇਂ ਆਪਣੇ ਭਰਾ ਦੇ ਘਰ ਹੁੰਦਾ ਆਵੀਂ, ਤੂੰ ਗਿਆ ਸੀ ?" ਦਾਦੀ ਨੇ ਪੁੱਤਰ ਨੂੰ ਸ਼ਿਕਾਇਤ ਕੀਤੀ। ਉਸ ਨੂੰ ਪਤਾ ਸੀ ਕਿ ਰੁਝੇਵਿਆਂ ਕਾਰਨ ਉਹ ਆਪਣੇ ਛੋਟੇ ਭਰਾ ਦੇ ਘਰ ਜਾਣਾ ਭੁੱਲ ਗਿਆ ਹੋਵੇਗਾ।

"ਅੰਮਾਂ, ਕੀ ਕਰਦਾ ਉਥੇ ਜਾ ਕੇ ? ਕੱਲ੍ਹ ਹੀ ਤਾਂ ਗਿਆ ਸੀ, ਤੇ ਤੁਸੀਂ ਵੀ ਤਾਂ ਫੋਨ ਕੀਤਾ ਸੀ। ਤੁਸੀਂ ਜਾਣਦੇ ਹੀ ਹੋ ਕਿ ਉਹ ਹੁਣ ਇਸਲਾਮ ਦੇ ਪ੍ਰਚਾਰ ਲਈ ਬਾਹਰ ਚਲੇ ਜਾਂਦਾ ਏ ਤੇ ਕਈ ਕਈ ਮਹੀਨੇ ਮੁੜਦਾ ਨਹੀਂ।" ਪੁੱਤਰ ਦੇ ਸਹਿਜ ਵਿਚ ਤਲਖੀ ਵੀ ਸੀ।

"ਮੈਂ ਕਿਹਾ ਸੀ ਕਿ ਮੈਨੂੰ ਛੱਡ ਆਓ ਓਧਰ ਪਰ ਤੁਹਾਨੂੰ ਦੋਵਾਂ ਨੂੰ ਵਿਹਲ ਮਿਲੇ ਤਾਂ ਹੀ ਮੇਰੀ ਸੁਣੋਂ। ਉਸ ਦਾ ਬੱਚਾ ਬਿਮਾਰ ਏ ਤੇ ਉਹ ਘਰੋਂ ਗਾਇਬ ਏ !" ਦਾਦੀ ਨੂੰ ਫਿਰ ਗੁੱਸਾ ਆ ਗਿਆ।

"ਅੰਮਾਂ, ਮੈਂ ਤਾਂ ਦੱਸਣਾ ਹੀ ਭੁੱਲ ਗਈ," ਕੋਲੋਂ ਨੂੰਹ ਕਾਹਲੀ ਨਾਲ ਬੋਲੀ, "ਦੁਪਹਿਰੇ ਸਕੂਲੋਂ ਮੁੜਦੀ ਮੈਂ ਗਈ ਸੀ, ਬੱਚਾ ਹੁਣ ਠੀਕ ਏ।"

"ਅੱਛਾ, ਤੁਸੀਂ ਨਾ ਲੈ ਕੇ ਜਾਓ, ਮੈਂ ਆਪ ਹੀ ਚਲੇ ਜਾਵਾਂਗੀ।" ਦਾਦੀ ਨੇ ਜਿਵੇਂ ਨੂੰਹ ਦੀ ਗੱਲ ਸੁਣੀ ਹੀ ਨਾ ਹੋਵੇ। ਉਹ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰ ਰਹੀ ਸੀ। ਬੇਵੱਸ ਤੇ ਬੇਕਾਰ। ਉਸ ਨੂੰ ਆਪਣੀ ਬੇਵੱਸੀ ਉਪਰ ਗੁੱਸਾ ਵੀ ਆ ਰਿਹਾ ਸੀ, "ਇਕ ਤਾਂ ਉਸ ਨੇ ਘਰ ਬਣਾਇਆ ਏ ਅੱਲਾ ਮੀਆਂ ਦੇ ਗਵਾਂਢ ! ਰਿਕਸ਼ਾ-ਟੈਕਸੀ ਵਿਚ ਉਥੇ ਜਾਂਦਿਆਂ ਹੀ ਡਰ ਲੱਗਦਾ ਏ।"

"ਅੰਮਾਂ, ਮੈਨੂੰ ਤਾਂ ਉਸ ਦੀ ਨੌਕਰੀ ਦਾ ਫਿਕਰ ਏ। ਹਸਪਤਾਲ ਤੋਂ ਏਨੀ ਏਨੀ ਦੇਰ ਗੈਰਹਾਜ਼ਰ ਰਹਿੰਦਾ ਏ, ਕਦ ਤਕ ਬਰਦਾਸ਼ਤ ਕੀਤਾ ਜਾਂਦਾ ਰਹੇਗਾ ? ਕੱਢ ਦੇਣਗੇ। ਫਿਰ ਉਸ ਦੀ ਪ੍ਰਾਈਵੇਟ ਪ੍ਰੈਕਟਿਸ ਵੀ ਤਾਂ ਖਰਾਬ ਹੋ ਰਹੀ ਏ। ਡਾਕਟਰ ਹਾਜ਼ਰ ਨਹੀਂ ਹੋਵੇਗਾ ਤਾਂ ਮਰੀਜ਼ ਕਿਵੇਂ ਆਉਣਗੇ ?"

ਉਸ ਦਾ ਵੱਡਾ ਪੁੱਤਰ ਬੋਲ ਰਿਹਾ ਸੀ ਪਰ ਉਹ ਉਸ ਦੀ ਗੱਲ ਨਹੀਂ ਸੀ ਸੁਣ ਰਹੀ। ਉਸ ਵਿਚ ਸੁਣਨ ਦੀ ਹਿੰਮਤ ਨਹੀਂ ਸੀ। ਹੁਣ ਉਹ ਕਿਤੇ ਹੋਰ ਪੁੱਜ ਚੁੱਕੀ ਸੀ।

ਇਹ ਕਿਸ ਨੇ ਵਕਤ ਨੂੰ ਤਕਸੀਮ ਕਰ ਦਿੱਤਾ? ਉਹ ਤਾਂ ਸਮਝ ਰਹੀ ਸੀ ਕਿ ਉਹਦੇ ਤੇ ਉਹਦੇ ਬੱਚਿਆਂ ਲਈ ਵਕਤ ਦੀ ਲਕੀਰ ਫਿਰ ਸਿੱਧੀ ਹੋ ਗਈ ਸੀ। ਇਹ ਤਾਂ ਨਵਾਂ ਵਕਤ ਹੈ ਤੇ ਨਵੀਂ ਨਿਰੰਤਰਤਾ। ਉਹਨੇ ਅੱਖਾਂ ਬੰਦ ਕਰ ਲਈਆਂ। ਮਗਰਬ ਦੀ ਨਵਾਜ਼ ਦਾ ਵਕਤ ਹੋ ਰਿਹਾ ਸੀ। ਉਹ ਉੱਠੀ ਤੇ ਆਪਣੇ ਕਮਰੇ ਵਿਚ ਚਲੇ ਗਈ।

ਅੰਮੀਂ ਨੇ ਅਹਿਮਦ ਤੇ ਏਮਨ ਵੱਲ ਦੇਖਿਆ ਤੇ ਕਿਹਾ, "ਤੁਸੀਂ ਕੀ ਕਰ ਰਹੇ ਓ? ਜਾ ਕੇ ਆਪਣਾ ਆਪਣਾ ਕੰਮ ਕਰੋ।"

ਅੰਮੀਂ ਨੇ ਦੋਨਾਂ ਦੇ ਜਾਣ ਦੀ ਉਡੀਕ ਕੀਤੀ ਤੇ ਫਿਰ ਅੱਬੂ ਵੱਲ ਝਾਕਦੀ ਹੋਈ ਹੌਲੇ ਜਿਹੇ ਬੋਲੀ, "ਮੈਂ ਅੰਮਾਂ ਸਾਹਮਣੇ ਨਹੀਂ ਸੀ ਦੱਸਣਾ ਚਾਹੁੰਦੀ, ਬਾਜੀ ਦਾ ਫੋਨ ਆਇਆ ਸੀ, ਪੇਸ਼ਾਵਰ ਤੋਂ।"

"ਇਵੇਂ ਕਿਉਂ ਗੱਲ ਕਰ ਰਹੇ ਓ? ਉਸ ਦਾ ਫੋਨ ਤਾਂ ਆਉਂਦਾ ਹੀ ਰਹਿੰਦਾ ਏ।" ਅੱਬੂ ਨੇ ਘਬਰਾ ਕੇ ਪੁੱਛਿਆ।

"ਅਰਸ਼ਦ ਜਹਾਦ 'ਤੇ ਚਲੇ ਗਿਆ ਏ!" ਅੰਮੀਂ ਉਸ ਕਮਰੇ ਵੱਲ ਦੇਖ ਰਹੀ ਸੀ ਜਿਥੇ ਹੁਣੇ ਹੁਣੇ ਦਾਦੀ ਗਈ ਸੀ।

ਅਰਸ਼ਦ ਦਾਦੀ ਦਾ ਦੋਹਤਰਾ ਸੀ, ਉਸ ਦੀ ਸਭ ਤੋਂ ਵੱਡੀ ਧੀ ਦਾ ਪੁੱਤਰ।



# ਇਕ ਹੋਰ ਟੋਭਾ ਟੇਕ ਸਿੰਘ

**—ਅਸਗਰ ਨਦੀਮ ਸੱਯਦ**

*(14-05-1949)*

ਅਜੀਬ ਲੀਲ੍ਹਾ ਹੈ ਭਗਵਾਨ!

ਓਧਰ ਪਾਕਿਸਤਾਨ ਤੋਂ ਵਾਘਾ ਬਾਰਡਰ ਰਾਹੀਂ ਤੁਸੀਂ ਦਾਖ਼ਲ ਹੁੰਦੇ ਓ ਤੇ ਅਟਾਰੀ ਵਿਚ ਪਹੁੰਚ ਜਾਂਦੇ ਓ। ਦੋਵੇਂ ਪਾਸੇ ਦੇ ਵੀ.ਆਈ.ਪੀ. ਇਕੋ-ਜਿਹਾ ਪ੍ਰੋਟੋਕੋਲ ਲੈ ਕੇ, ਹਿੱਕਾਂ ਫੁਲਾ ਕੇ, ਵੜ ਜਾਂਦੇ ਨੇ। ਦੋਵਾਂ ਮੁਲਕਾਂ ਦੇ ਅਫ਼ਸਰ ਮਨ ਦੇ ਅੰਦਰ-ਖ਼ਾਤੇ ਕੁਝ ਸਮਝਦੇ ਨੇ—ਉਹਨਾਂ ਦੇ ਅੰਦਰ-ਮਨ ਵੀ ਹੁੰਦੇ ਨੇ! ਮੈਂ ਜਦੋਂ ਦੋ ਮੁਲਕਾਂ ਦੀ ਸਰਹੱਦ ਵਿਚਕਾਰ 'ਨੋ ਮੈਨ ਲੈਂਡ' 'ਤੇ ਆ ਕੇ ਰੁਕਿਆ ਤਾਂ ਏਧਰ-ਉੱਧਰ ਦੇਖਿਆ ਕਿ ਅਸੀਂ ਇਹ ਖ਼ੂਨ ਦਾ ਦਰਿਆ ਪਾਰ ਕਰਕੇ ਪਾਕਿਸਤਾਨ ਬਣਾਇਆ ਸੀ। ਹੁਣ ਉੱਥੇ ਖ਼ੂਨ ਦਾ ਇਕ ਟੇਪਾ ਵੀ ਨਈਂ ਸੀ—ਸ਼ਾਇਦ ਏਨੀਆਂ ਬਰਸਾਤਾਂ ਨੇ ਉਹ ਧੋ ਦਿੱਤੇ ਨੇ। ਮੈਂ ਕੁਝ ਛਿਣ ਉੱਥੇ ਖੜ੍ਹਾ ਰਿਹਾ...ਤੇ ਅਚਾਨਕ ਮੈਨੂੰ ਖ਼ਿਆਲ ਆਇਆ ਕਿ ਚੰਗੀ-ਖ਼ਾਸੀ, ਖੁੱਲ੍ਹੀ-ਡੁੱਲ੍ਹੀ ਜਗ੍ਹਾ ਏ, ਮੈਂ ਉੱਥੇ ਆਪਣਾ ਬਿਸਤਰਾ ਵਿਛਾਵਾਂ ਤੇ ਰਹਿਣ ਲੱਗ ਪਵਾਂ—ਏਸ ਲਈ ਕਿ 'ਨਾ ਮੈਂ ਪਾਕਿਸਤਾਨ ਵਿਚ ਹਾਂ, ਨਾ ਹਿੰਦੁਸਤਾਨ ਵਿਚ। ਇਹ ਜਗ੍ਹਾ ਕਿਸੇ ਹੋਰ ਦੀ ਨਈਂ, ਅੱਲ੍ਹਾ ਦੀ ਜ਼ਮੀਨ ਏਂ। ਜਿਸ 'ਤੇ ਕਿਸੇ ਵੀ ਮੁਲਕ ਦਾ ਕਾਨੂੰਨ ਨਾ ਲਾਗੂ ਏ ਤੇ ਨਾ ਚੱਲ ਸਕਦਾ ਏ। ਏਨੀ ਜ਼ਮੀਨ ਤਾਂ ਹੈ ਈ ਕਿ ਮੈਂ ਖੇਤੀਬਾੜੀ ਕਰ ਸਕਾਂ ਤੇ ਆਪਣਾ ਢਿੱਡ ਪਾਲ ਸਕਾਂ। ਮੀਂਹ ਤਾਂ ਪੈਂਦੇ ਈ ਨੇ।' ਅਚਾਨਕ ਮੈਨੂੰ 'ਟੋਭਾ ਟੇਕ ਸਿੰਘ' ਯਾਦ ਆ ਗਿਆ—ਮੈਨੂੰ ਮਹਿਸੂਸ ਹੋਇਆ ਕਿ ਕਿਤੇ ਮੈਂ ਉਹੀ ਤਾਂ ਨਈਂ! ਸ਼ਾਇਦ ਟੋਭਾ ਟੇਕ ਸਿੰਘ ਨੇ ਮੇਰੇ ਵਿਚ ਦੂਜਾ ਜਨਮ ਲਿਆ ਹੋਵੇ ਤੇ ਇਹ ਉਸਦਾ ਸੁਪਨਾ ਹੋਵੇ। ਅਚਾਨਕ ਮੈਨੂੰ ਹਿੰਦੁਸਤਾਨ ਵਾਲੇ ਸਕਿਓਰਟੀ ਅਫ਼ਸਰ ਨੇ ਘੂਰ ਕੇ ਦੇਖਿਆ ਤੇ ਮੇਰੇ ਕੋਲ ਆ ਗਿਆ। ਮੈਂ ਕਿਹਾ, "ਤੁਸੀਂ ਸਆਦਤ ਹਸਨ ਮੰਟੋ ਨੂੰ ਜਾਣਦੇ ਓ?"

ਉਸਨੇ ਨਾਂਹ ਵਿਚ ਸਿਰ ਹਿਲਾ ਦਿੱਤਾ। ਮੈਂ ਦੱਸਿਆ ਕਿ ਉਹ ਕਹਾਣੀਕਾਰ ਸੀ।

"ਅੱਛਾ ਫੇਰ?"

"ਫੇਰ ਕੁਛ ਵੀ ਨਈਂ। ਉਸਦਾ ਇਕ ਪਾਤਰ ਸੀ, ਟੋਭਾ ਟੇਕ ਸਿੰਘ ਜਾਂ ਸ਼ਾਇਦ ਉਹ ਖ਼ੁਦ ਈ ਸੀ। ਉਹ ਇਸ ਜਗ੍ਹਾ, ਜਿੱਥੇ ਮੈਂ ਖੜ੍ਹਾਂ, ਆ ਕੇ ਅਟਕ ਗਿਆ ਸੀ ਤੇ ਡਿੱਗ ਕੇ ਮਰ ਗਿਆ ਸੀ।"

"ਕਦੋਂ ਦੀ ਗੱਲ ਏ ?"

"ਇਹ ਨਈਂ ਪਤਾ—ਕਿਉਂਜੋ ਉਸ ਘਟਨਾ ਦੀ ਕਿਸੇ ਪੁਲਿਸ ਸਟੇਸ਼ਨ 'ਚ ਰਿਪੋਰਟ ਨਈਂ ਦਰਜ ਹੋਈ।"

"ਤਾਂ ਫੇਰ ਸਾਹਬ ਏਨਾ ਸੋਚਣ ਵਾਲੀ ਗੱਲ ਕਿਹੜੀ ਏ—ਤੁਹਾਡਾ ਕੁਛ ਲੱਗਦਾ ਸੀ ਕਿ ਉਹ... ?"

"ਹਾਂ, ਉਹ ਸਾਡਾ ਸਾਰਿਆਂ ਦਾ ਕੁਛ ਨਾ ਕੁਛ ਲੱਗਦਾ ਸੀ।"

"ਤਾਂ ਫੇਰ ਤੁਸੀਂ ਅੱਗੇ ਵਧੋ, ਸਾਡੀ ਨੌਕਰੀ ਨੂੰ ਕਿਓਂ ਖ਼ਤਰੇ 'ਚ ਪਾਂਦੇ ਪਏ ਓ।"

**ਸ**ਰਦਾਰ ਹਰਨੇਕ ਸਿੰਘ ਘੜੋਵਾਂ ਮੈਨੂੰ ਲੈਣ ਆਏ ਹੋਏ ਸਨ। ਮੈਂ ਗੁਰੂ ਨਾਨਕ ਯੂਨੀਵਰਸਿਟੀ ਵਿਚ ਲੈਕਚਰ ਦੇਣਾ ਸੀ ਤੇ ਕੁਝ ਦੋਸਤਾਂ ਨੂੰ ਮਿਲਣਾ ਸੀ...ਤੇ ਇਕ ਇਮਾਨਤ ਟੋਭਾ ਟੇਕ ਸਿੰਘ ਦੀ ਧੀ ਨੂੰ ਪਹੁੰਚਾਉਣੀ ਸੀ। ਉਸਦਾ ਜੋ ਵੀ ਨਾਂ ਹੋਏਗਾ ਦੱਸਾਂਗਾ ਕਿਉਂਕਿ ਪਾਕਿਸਤਾਨ ਦੇ ਸਰਕਾਰੀ ਖਾਤਿਆਂ ਵਿਚ ਉਸਦੇ ਕਈ ਨਾਂ ਸਨ। ਤੁਸੀਂ ਇਉਂ ਸਮਝ ਲਓ ਕਿ ਟੋਭਾ ਟੇਕ ਸਿੰਘ ਇਕ ਨਈਂ ਇਕ ਨਾਲੋਂ ਵੱਧ ਵੀ ਹੋ ਸਕਦੇ ਨੇ। ਮੇਰੇ ਕੋਲ ਬਹੁਤ ਵੱਡੀ ਇਮਾਨਤ ਸੀ...ਤੇ ਅਟਾਰੀ ਤੋਂ ਨਿਕਲਦਿਆਂ ਈ ਗੱਡੀ ਪੰਜ ਤੋਂ ਸੱਤ ਮਿੰਟਾਂ ਵਿਚ ਇਕ ਖ਼ੂਬਸੂਰਤ ਕਾਲੋਨੀ ਵਿਚ ਦਾਖ਼ਲ ਹੋ ਗਈ। ਹਰਨੇਕ ਸਿੰਘ ਨੇ ਕਿਹਾ, "ਆਓ ਜੀ ਘਰ ਆ ਗਿਆ ਏ।" ਮੈਂ ਹੈਰਾਨ ਕਿ 'ਮੈਂ ਆਪਣੇ ਘਰ ਡਿਫ਼ੈਂਸ ਕਲੋਨੀ 'ਚੋਂ ਨਿਕਲਿਆ ਤੇ ਵੀਹ ਮਿੰਟਾਂ ਵਿਚ ਹਰਨੇਕ ਸਿੰਘ ਦੇ ਘਰ ਪਹੁੰਚ ਗਿਆ। ਏਨਾ ਸਮਾਂ ਤਾਂ ਡਿਫ਼ੈਂਸ ਕਲੋਨੀ ਦੇ ਇਕ ਬਲਾਕ ਤੋਂ ਦੂਜੇ ਬਲਾਕ ਵਿਚ ਜਾਣ 'ਤੇ ਲੱਗ ਜਾਂਦਾ ਏ।' ਮੈਂ ਨਾਸ਼ਤਾ ਕਰਦਾ ਹੋਇਆ ਹੈਰਾਨ ਸੀ ਤੇ ਸੋਚ ਰਿਹਾ ਸੀ ਕਿ ਜੇ ਯੂਰਪ ਵਾਂਗ ਇੱਥੇ ਵੀ ਸਰਹੱਦਾਂ ਬਸ ਨਾਂ ਦੀਆਂ ਹੋਣ ਤੇ ਦੋਵਾਂ ਪਾਸਿਆਂ ਦੀਆਂ ਗੱਡੀਆਂ ਬਗ਼ੈਰ-ਸ਼ਨਾਖ਼ਤ ਆ-ਜਾ ਸਕਣ ਹੋਣ ਤਾਂ ਮੈਂ ਦਿਨ ਵਿਚ ਦੋ ਚੱਕਰ ਹਰਨੇਕ ਸਿੰਘ ਦੇ ਘਰ ਦੇ ਲਾ ਸਕਦਾ ਹਾਂ। ਪਰ ਦੋਵੇਂ-ਪਾਸੇ ਜਜ਼ਬਾਤ ਦੀ ਖੇਤੀ ਨੇ ਖ਼ਾਸੀ ਤਰੱਕੀ ਕਰ ਲਈ ਸੀ ਤੇ ਨਫ਼ਰਤ ਦੀਆਂ ਮੰਡੀਆਂ ਨਗਦ ਭੁਗਤਾਨ 'ਤੇ ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਕਰ ਰਹੀਆਂ ਸਨ। ਅਚਾਨਕ ਕੋਈ ਬਾਹਰ ਆਇਆ ਤਾਂ ਹਰਨੇਕ ਸਿੰਘ ਨੇ ਮੈਨੂੰ ਦੱਸਿਆ ਕਿ 'ਬਾਹਰ, ਦਾਰੂ ਸਿੰਘ ਆਇਆ ਏ।'

"ਦਾਰੂ ਸਿੰਘ...ਕੀ ਮਤਲਬ ? ਉਸਦਾ ਅਸਲੀ ਨਾਂ ਏਂ ?"

"ਨਈਂ, ਪਤਾ ਨਈਂ ਅਸਲੀ ਨਾਂ ਕੀ ਏ...ਸਾਰੇ ਉਸਨੂੰ ਦਾਰੂ ਸਿੰਘ ਕਹਿੰਦੇ ਨੇ ਬਸ।"

"ਮੈਨੂੰ ਮਿਲਣ ਆਇਆ ਏ ?"

"ਕਿਉਂਕਿ ਤੁਸੀਂ ਈ ਅੱਜ ਇਸ ਕਹਾਣੀ ਨੂੰ ਖ਼ਤਮ ਕਰ ਸਕਦੇ ਓ। ਨਈਂ ਤਾਂ ਇਹ ਚਲਦੀ ਰਹੇਗੀ।"

"ਕਹਾਣੀ ਕੀ ਏ ?"

"ਉਹ ਖ਼ੁਦ ਦੱਸੇਗਾ।"



ਇਕ ਦਾਰੂ ਸਿੰਘ ਭਲਾਂ ਕੀਕਣ ਆਪਣੀ ਕਹਾਣੀ ਸੁਣਾਏਗਾ। ਉਹ ਕਹਾਣੀ ਦੌਰਾਨ ਕਈ ਵਾਰੀ ਡਿੱਗੇਗਾ। ਕਈ ਵਾਰੀ ਭੁੱਲੇਗਾ। ਕਈ ਵਾਰੀ ਲੜਖੜਾਏਗਾ।

"ਉਸਦੀ ਇਕ ਕਹਾਣੀ ਏ, ਜਿਹੜੀ ਅਸੀਂ ਸੁਣਦੇ ਆ ਰਹੇ ਆਂ।"

"ਦਾਰੂ ਸਿੰਘ ਦਾਰੂ ਪੀਂਦਾ ਏ ?"

"ਨਈਂ, ਦਾਰੂ ਉਸਨੂੰ ਪੀਂਦੀ ਏ।"

ਹੁਣ ਇੰਤਜ਼ਾਰ ਹੁਸੈਨ ਵਾਂਗ ਮੇਰਾ ਮੱਥਾ ਵੀ ਠਣਕਿਆ। ਵੈਸੇ ਮੇਰਾ ਮੱਥਾ ਜ਼ਰਾ ਤੰਗ-ਜਿਹਾ ਏ। ਜਦੋਂ ਠਣਕਦਾ ਏ ਤਾਂ ਮੈਨੂੰ ਬੜੀ ਤਕਲੀਫ਼ ਹੁੰਦੀ ਏ। ਫੇਰ ਵੀ ਮੈਂ ਕਿਹਾ, "ਉਸਨੂੰ ਲੈ ਆਓ।"

ਦਾਰੂ ਸਿੰਘ ਦੇ ਵਾਲ ਉਪਰੋਂ-ਹੇਠੋਂ ਦਵਿੰਦਰ ਸਤਿਆਰਥੀ ਵਾਂਗ ਬੇਰੋਕ-ਟੋਕ ਵਧੇ ਹੋਏ ਸਨ। ਹੁਣ ਜੇ ਕੋਈ ਦਵਿੰਦਰ ਸਤਿਆਰਥੀ ਨੂੰ ਨਈਂ ਜਾਣਦਾ ਤਾਂ ਉਹ ਇਹ ਕਹਾਣੀ ਨਾ ਪੜ੍ਹੇ ਕਿਉਂਕਿ ਦਵਿੰਤਰ ਸਤਿਆਰਥੀ ਲਾਹੌਰ ਵਿਚ ਬੜਾ ਘੁੰਮਿਆ ਫਿਰਿਆ ਏ—ਟੀ. ਹਾਊਸ ਤੋਂ ਲੈ ਕੇ ਉਰਦੂ ਬਾਜ਼ਾਰ ਤਕ ਉਸਦੇ ਬੜੇ ਕਿੱਸੇ ਮਸ਼ਹੂਰ ਨੇ। ਮੇਰੇ ਦੋਸਤ ਏ, ਹਮੀਦ ਨੇ ਤਾਂ ਉਸਨੂੰ ਦਾੜ੍ਹੀ ਤੇ ਕੇਸ ਰਹਿਤ ਵੀ ਦੇਖਿਆ ਏ ਤੇ ਇਸ ਬਾਰੇ ਲਿਖਿਆ ਏ ਕਿ 'ਇਕ ਦਿਨ ਮੈਂ ਉਰਦੂ ਬਾਜ਼ਾਰ 'ਚੋਂ ਲੰਘਿਆ ਤਾਂ ਦੇਖਿਆ ਕਿ ਦਵਿੰਦਰ ਸਤਿਆਰਥੀ ਪਬਲੀਸ਼ਰ ਦੇ ਦਫ਼ਤਰ ਵਿਚ ਬੈਠਾ ਸੀ। ਮੈਂ ਗਿਆ ਤਾਂ ਪਬਲੀਸ਼ਰ ਨੇ ਚਾਹ ਦੀਆਂ ਚੁਸਕਦੀਆਂ ਲੈਂਦਿਆਂ ਹੋਇਆਂ ਕਿਹਾ ਕਿ ਇਸ ਨੂੰ ਪਛਾਣਦੇ ਓ ? ਮੈਂ ਚਾਹ ਨਾਲ ਅਜਿਹਾ ਸਲੂਕ ਕਦੀ ਬਰਦਾਸ਼ਤ ਨਈਂ ਕਰ ਸਕਦਾ ਕਿ ਮੈਂ ਸੀਲੋਂਟ ਤੇ ਬਰਮਾ ਤੇ ਸਾਊਥ ਇੰਡੀਆ ਦੀ ਚਾਹ ਦੇ ਸਵਾਦ ਨੂੰ ਆਪਣੇ ਅੰਦਰ ਲਈ ਫਿਰਦਾ ਹਾਂ। ਮੈਂ ਬੇਦਿਲੀ ਨਾਲ ਪਬਲੀਸ਼ਰ ਨੂੰ ਪੁੱਛਿਆ ਕਿ 'ਕੌਣ ਏਂ ?' ਪਬਲੀਸ਼ਰ ਨੇ ਦੱਸਿਆ ਕਿ 'ਇਹ ਦਵਿੰਦਰ ਸਤਿਆਰਥੀ ਏ।'

"ਅੱਛਾ ਤਾਂ ਉਹ ਸਿਰਫ਼ ਦਾੜ੍ਹੀ ਮੁੱਛਾਂ ਸਨ...ਅੰਦਰੋਂ ਤਾਂ ਘੋਨਾਂ ਵੱਛਾ ਨਿਕਲ ਆਇਆ ਏ।"

ਖ਼ੈਰ, ਦਾਰੂ ਸਿੰਘ ਸਾਹਮਣੇ ਆਇਆ। ਮੈਂ ਪ੍ਰੇਸ਼ਾਨ ਕਿ ਇਹ, ਅੰਮ੍ਰਿਤਸਰ ਵਿਚ, ਮੇਰਾ ਕੋਈ ਪ੍ਰਸ਼ੰਸਕ ਏ ਜਾਂ ਕੋਈ ਮੁਖ਼ਬਰ ਏ। ਯਾ ਅੱਲ੍ਹਾ ਕਿਆ ਮਾਜਰਾ ਏ। ਦਾਰੂ ਸਿੰਘ ਸਿਰ ਤੋਂ ਪੈਰਾਂ ਤਕ ਦਾੜ੍ਹੀ ਦੇ ਵਾਲਾਂ ਵਿਚ ਰਚਿਆ ਵੱਸਿਆ ਸੀ ਜਿਸ ਕਰਕੇ ਉਸਨੂੰ ਦਵਿੰਦਰ ਸਤਿਆਰੀ ਨਾਲ ਮੇਲਿਆ ਗਿਆ ਸੀ। ਮੈਂ ਮੇਜ਼ਬਾਨ ਨੂੰ ਪੁੱਛਿਆ, "ਇਸਨੂੰ ਮੇਰੇ ਤਾਈਂ ਕੀ ਕੰਮ ਏਂ ?" ਤਾਂ ਉਸਨੇ ਇਕ ਕਹਾਣੀ ਸ਼ੁਰੂ ਕਰ ਦਿੱਤੀ। ਮੈਂ ਕਿਹਾ, "ਕਿੱਸੇ ਸੁਨਣਾਂ-ਸੁਨਾਉਣਾਂ ਅੱਜ ਦੇ ਜ਼ਮਾਨੇ 'ਚ ਵਾਜਬ ਨਈਂ, ਕਿਉਂਜੋ ਕਿਸੇ ਕੋਲ ਵੀ ਵਕਤ ਨਈਂ।" ਦਾਰੂ ਸਿੰਘ ਖ਼ੁਦ ਬੋਲਿਆ—

"ਆਪਾਂ ਦਾ ਨਾਂ ਦਾਰੂ ਸਿੰਘ ਸੀ—ਠੀਕ। ਫੇਰ ਆਪਾਂ ਨੂੰ ਆਪਣੀ ਸਟੋਰੀ ਦਾ ਸਟਾਰਟ ਮਿਲਿਆ...ਮਤਲਬ ਆਪਾਂ ਦੀ ਵੀ ਤੇ ਸਟੋਰੀ ਹੋ ਸਕਦੀ ਏ ਕਿ ਨਈਂ ?"

"ਬਿਲਕੁਲ ਹੋ ਸਕਦੀ ਏ।"

"ਹਾਂ ਤੇ ਸਟੋਰੀ ਸਟਾਰਟ ਹੁੰਦੀ ਏ—1947 ਵਿਚ ਹਿੰਦੁਸਤਾਨ ਦੀ ਵੰਡੀ ਪੈ ਗਈ। ਮੇਰੀ ਮਾਂ ਤੇ ਬਾਪੂ ਮੁਲਤਾਨ ਵਿਚ ਮੁਹੱਲਾ ਟਿੱਬੀ ਸ਼ੇਰ ਖ਼ਾਂ ਵਿਚ ਰਹਿੰਦੇ ਸਨ। ਬਾਪੂ

ਦਾ ਨਾਂ ਸੀ ਹਰਨਾਮ ਸਿੰਘ। ਮਾਤਾ ਦਾ ਨਾਂ ਪ੍ਰੀਤ ਕੌਰ ਸੀ। ਉਹ ਮੁਹੱਲਾ ਹਿੰਦੂਆਂ ਦਾ ਸੀ। ਸਿੱਖ ਟਾਂਵਾਂ-ਟਾਂਵਾਂ ਕੰਮ-ਕਾਰ ਲਈ ਓਥੇ ਆਬਾਦ ਸੀ।"

ਮੈਂ ਉਸਨੂੰ ਟੋਕਿਆ, "ਰੁਕਣਾ, ਰੁਕਣਾ ਜ਼ਰਾ। ਤੁਹਾਨੂੰ ਕਿਸ ਨੇ ਦੱਸਿਆ ਭਲਾਂ ਮੇਰਾ ਜਨਮ ਮੁਹੱਲਾ ਟਿੱਬੀ ਸ਼ੇਰ ਖ਼ਾਂ ਮੁਲਤਾਨ ਵਿਚ ਹੋਇਆ ਸੀ ?"

"ਲਓ ਜੀ ਤੇ ਫੇਰ ਹੱਥ ਸੁੱਟੋ। ਲੋਕ ਐਵੇਂ ਈ ਸਾਨੂੰ ਦਾਰੂ ਸਿੰਘ ਕਹਿਦੇ ਨੇ। ਮੈਂ ਤਾਂ ਸਾਧੂ ਸੰਤ ਆਂ। ਕਿਵੇਂ ਮੈਨੂੰ ਪਛਾਣ ਹੋਈ। ਇਕ ਵਾਰੀ ਫੇਰ ਹੱਥ ਸੁੱਟੋ।"

"ਖ਼ੈਰ ਤੁਸੀਂ ਗੱਲ ਪੂਰੀ ਕਰੋ।"

"ਲਓ ਜੀ, ਮੈਂ ਅੱਪੜ ਗਿਆ ਜਿੱਥੇ ਜਾਣਾ ਸੀ—ਮੇਰੇ ਬਾਪੂ ਨੂੰ ਮੁਸਲਮਾਨ ਕੁੜੀ ਨਾਲ ਇਸ਼ਕ ਹੋ ਗਿਆ। ਜਦੋਂ ਮੈਂ ਮਾਂ ਦੇ ਢਿੱਡ 'ਚ ਪਿਆ...ਬਾਪੂ ਨੇ ਕੇਸ ਸਾਫ਼ ਕਰਾਏ, ਮੁਸਲਾ ਬਣ ਕੇ ਓਸ ਕੁੜੀ ਨਾਲ ਨਿਕਾਹ ਪੜ੍ਹਾ ਬੈਠਾ।"

"ਦਾਰੂ ਸਿੰਘ, ਤੁਹਾਡੀ ਪੈਦਾਇਸ਼ ਬਾਡਰੋਂ ਏਸ ਪਾਰ ਪਾਕਿਸਤਾਨ ਬਣਨ ਤੋਂ ਬਾਅਦ ਹੋਈ ?"

"ਨਾ-ਨਾ ਮਹਾਰਾਜ! ਆਪਾਂ ਦੀ ਪੈਦਾਇਸ਼ ਪਾਕਿਸਤਾਨ ਬਣਨ ਤੋਂ ਬਾਅਦ ਨਈਂ ਹੋਈ, ਹਿੰਦੁਸਤਾਨ ਦੇ ਵੰਡੀ ਤੋਂ ਬਾਅਦ ਹੋਈ।"

"ਕੀ ਇਹ ਇਕੋ ਗੱਲ ਨਈਂ, ਸਰਦਾਰ ਜੀ ?" ਮੈਂ ਕਿਹਾ।

"ਸਾਡੇ ਲਈ ਪਾਕਿਸਤਾਨ ਦੀ ਵੰਡੀ ਤੇ ਵੰਡਾਰਾ ਅਸਲ ਹਾਦਸਾ ਏ...ਹੱਥ ਸੁੱਟੋ।"

"ਅੱਛਾ ਫੇਰ ਅਸਲ ਗੱਲ ਦੱਸੋ—ਫੇਰ ਕੀ ਹੋਇਆ ? ਬਾਪੂ ਮਿਲਿਆ ਕਿ ਨਈਂ ?"

"ਬਾਪੂ ਨੂੰ ਮੈਂ ਨਈਂ ਦੇਖਿਆ—ਮੈਂ ਏਸ ਉਮਰ ਨੂੰ ਅੱਪੜ ਗਿਆ।"

"ਸਰਦਾਰ ਜੀ ਤੁਸੀਂ ਪਾਕਿਸਤਾਨ ਦੀ ਉਮਰ ਬਰਾਬਰ ਹੋ ਗਏ ਓ।"

"ਨਾ-ਨਾ ਮਹਾਰਾਜ! ਪਾਕਿਸਤਾਨ ਮੇਰੀ ਉਮਰ ਦੇ ਬਰਾਬਰ ਦਾ ਏ, ਮੈਂ ਨਈਂ।"

"ਚਲੋ ਇੰਜ ਈ ਸਹੀ—ਫੇਰ ਮੈਂ ਕੀ ਕਰ ਸਕਦਾ ਆਂ ਤੁਹਾਡੇ ਲਈ ?"

ਹਰਨੇਕ ਸਿੰਘ ਘੜੋਵਾਂ ਨੇ ਦੱਸਿਆ ਕਿ "ਜਦੋਂ ਉਸਨੂੰ ਪਤਾ ਲੱਗਿਆ ਕਿ ਉਸਦੇ ਪਿਓ ਨੇ ਮਜ਼ਹਬ ਤੇ ਉਸਦੀ ਮਾਂ ਨੂੰ ਛੱਡਿਆ ਤਾਂ ਉਸਦਾ ਦਿਮਾਗ਼ ਭੌਂ ਗਿਆ। ਜਦੋਂ ਦੀ ਉਸਨੇ ਸੁਰਤ ਸੰਭਾਲੀ ਏ ਦਿਨੇ ਇਹ ਪਾਕਿਸਤਾਨ ਵੱਲ ਮੂੰਹ ਕਰਕੇ ਪਿਓ ਨੂੰ ਗਾਲ੍ਹਾਂ ਕੱਢਦਾ ਏ ਤੇ ਫੇਰ ਰਾਤ ਨੂੰ ਦਾਰੂ ਪੀ ਕੇ ਸਰਹੱਦ 'ਤੇ ਆ ਜਾਂਦਾ ਏ। ਜਿਉਂ ਈ ਰਾਤ ਦੇ ਬਾਰ੍ਹਾਂ ਵੱਜਦੇ ਨੇ ਇਹ ਖ਼ਾਲੀ ਬੋਤਲ ਸਰਹੱਦ ਵੱਲ ਵਗਾਹ ਮਾਰਦਾ ਏ ਤੇ ਪਿਓ ਦੀ ਐਸੀ-ਤੈਸੀ ਫੇਰ ਦਿੰਦਾ ਏ। ਪਾਕਿਸਤਾਨ ਤੋਂ ਆਉਣ ਵਾਲੇ ਕਲਾਕਾਰਾਂ ਤੇ ਅਦੀਬਾਂ ਨੂੰ ਪੁੱਛਦਾ ਏ ਕਿ ਉਸਦਾ ਬਾਪੂ ਕਿੱਥੇ ਐ ? ਅੱਜ ਇਸ ਨੇ ਤੁਹਾਨੂੰ ਘੇਰ ਲਿਆ ਏ।"

"ਓਹ ਗੱਲ ਵੀ ਤਾਂ ਦੱਸੋ...ਆਪਾਂ, ਆਪਣੀ ਗੱਡੀ ਅਟਾਰੀ ਦੇ ਬਾਡਰ ਤੋਂ ਲੰਘਾ ਕੇ ਪਾਕਿਸਤਾਨ ਦੇ ਬਾਡਰ ਦੇ ਫਾਟਕ ਨੂੰ ਜਾ ਮਾਰੀ—ਤੇ ਆਪਾਂ ਟੁੰਨ ਫੜੇ ਗਏ।"

"ਹਾਂ-ਹਾਂ, ਇਹ ਘਟਨਾ ਤਾਂ ਹੁਣੇ ਹੋਈ ਏ। ਸਾਰੇ ਮੀਡੀਆ ਤੇ ਆਈ ਸੀ। ਤਾਂ ਉਹ ਦਾਰੂ ਸਿੰਘ ਤੁਸੀਂ ਸੀ ?"

"ਤੇ ਹੋਰ ਕੌਣ ਹੋ ਸਕਦਾ ਏ ? ਉਹ ਤਾਂ ਵਾਹਗੁਰੂ ਦੀ ਮਿਹਰ ਹੋ ਗਈ ਜੋ ਬਾਡਰ



ਸਕਿਓਰਟੀ ਆਲੇ ਮੈਨੂੰ ਚੰਗੀ ਤਰ੍ਹਾਂ ਜਾਣਦੇ ਸੀ। ਆਪਾਂ ਫ਼ੇਮਸ ਜੋ ਹੋ ਗਏ ਆਂ!"

"ਫ਼ੇਮਸ ਹੋਣ ਕਾਰਨ ਨਈਂ ਛੱਡਿਆ। ਟੰਨ-ਖਿਡਾਰੀ ਏਧਰ ਬੜਾ ਗੰਦ ਪਾਉਂਦੇ ਨੇ ਤੇ ਭਾਰਤ ਸਰਕਾਰ ਨੂੰ ਇਹ ਗੰਦ ਸਾਫ਼ ਕਰਨਾ ਪੈਂਦਾ ਏ।" ਹਰਨੇਕ ਸਿੰਘ ਨੇ ਗੱਲ ਨੂੰ ਛੋਟੀ ਕਰ ਦਿੱਤਾ।

"ਨਾ ਸਰਦਾਰ ਜੀ, ਸਾਰੇ ਲੋਕ ਗੰਦ ਪਾਉਂਦੇ ਨੇ...ਜਦੋਂ ਮਿਲ-ਮਿਲਾ ਕੇ ਗੰਦ ਵਿਚ ਆਪਣਾ ਹਿੱਸਾ ਪਾਉਂਦੇ ਨੇ ਓਹ ਤਾਂ ਯਾਦ ਨਈਂ ਰਹਿੰਦਾ ਤੁਹਾਨੂੰ—ਸਹੁਰੀ ਦਿਓ, ਇਕ ਦਾਰੂ ਸਿੰਘ ਪ੍ਰਾਬਲਮ ਹੋ ਗਿਆ ਏ।" ਦਾਰੂ ਸਿੰਘ ਨੇ ਟੋਕਿਆ।

"ਓਇ ਹੋਸ਼ ਕਰ, ਸਟਾਪ ਲਾ ਹੁਣ।"

"ਨਈਂ, ਤੇ ਦਾਰੂ ਸਿੰਘ ਤੁਸੀਂ ਹੁਣ ਚਾਹੁੰਦੇ ਕੀ ਓ ? ਮੈਂ ਪਾਕਿਸਤਾਨ ਤੋਂ ਆਇਆ ਆਂ ਤੇ ਮੇਰਾ ਜਨਮ ਓਸੇ ਮੁਹੱਲੇ 'ਚ ਹੋਇਆ ਏ ਜਿੱਥੇ ਤੁਹਾਡਾ ਪਿਓ ਰਹਿੰਦਾ ਸੀ, ਤੁਹਾਡੀ ਮਾਤਾ ਦੇ ਨਾਲ।"

"ਮਾਤਾ ਦੀ ਡੈੱਥ ਹੋਈ ਤਾਂ ਮੈਂ ਸਹੁੰ ਚੁੱਕੀ—ਬਾਪੂ ਨੂੰ ਮਾਫ਼ ਨਈਂ ਕਰਾਂਗਾ। ਮਰਡਰ ਕਰਾਂਗਾ। ਮੈਂ ਬਾਪੂ ਦਾ ਮਰਡਰ ਡੇਲੀ ਕਰਦਾਂ—ਡੇਲੀ ਰਾਤ ਦੇ ਬਾਰ੍ਹਾਂ ਵਜੇ ਮੈਂ ਬਾਪੂ ਦਾ ਮਰਡਰ ਕਰਦਾਂ...ਕਦੀ ਕਿਰਪਾਨ ਨਾਲ, ਕਦੀ ਆਪਣੀ ਗੱਡੀ ਹੇਠ ਓਹਨੂੰ ਹਿੱਟ ਕਰਕੇ, ਕਦੀ ਓਹਦੀ ਧੌਣ ਨੂੰ ਹੱਥਾਂ ਵਿਚ ਘੁੱਟ ਕੇ, ਕਦੀ ਫ਼ਾਇਰ ਮਾਰ ਕੇ, ਕਦੀ ਤੇ ਮੈਂ ਓਹਦਾ ਮਰਡਰ ਦੰਦਾਂ ਨਾਲ ਚੱਬ-ਚਿੱਥ ਕੇ ਕਰਦਾਂ। ਤੁਸੀਂ ਅਹਿ ਕਹਾਣੀ ਖ਼ਤਮ ਕਰ ਸਕਦੇ ਓ...ਦੱਸੋ ਮੇਰਾ ਬਾਪੂ ਜਿਊਂਦਾ ਏ ? ਕਿੱਥੇ ਈ ?"

ਮੈਂ ਮਾਹੌਲ ਦੇਖਿਆ। ਸਾਰੀ ਗੱਲ ਮੇਰੀ ਸਮਝ ਵਿਚ ਆ ਚੁੱਕੀ ਸੀ—ਦਾਰੂ ਸਿੰਘ ਦਾ ਮਸਲਾ ਵੀ ਬਹੁਤ ਵੱਡਾ ਮਸਲਾ ਬਣ ਗਿਆ ਸੀ—ਰਾਜਨੀਤਕ ਮਸਲੇ ਵਾਂਗ ਕਿ ਵੰਡ ਪਿੱਛੋਂ ਜਿਹੜੇ ਮਸਲੇ ਹੁਣ ਤਕ ਟਾਲੇ ਜਾਣ ਦਾ ਸ਼ਿਕਾਰ ਹੁੰਦੇ ਆ ਰਹੇ ਸਨ, ਹੁਣ ਉਹਨਾਂ ਸਾਰਿਆਂ ਵਿਚ ਦਾਰੂ ਸਿੰਘ ਦਾ ਮਸਲਾ ਵੀ ਸ਼ਾਮਲ ਹੋ ਗਿਆ ਸੀ। ਘੱਟੋ-ਘੱਟ ਮੇਰੀ ਜ਼ਿੰਮੇਵਾਰੀ ਹੁਣ ਇਹ ਬਣ ਗਈ ਸੀ ਕਿ ਜੇ ਮੈਂ ਉਹਨਾਂ ਮਸਲਿਆਂ ਵਿਚੋਂ ਇਕ ਮਸਲਾ ਹੱਲ ਕਰ ਸਕਦਾ ਹਾਂ ਤਾਂ ਜ਼ਰੂਰ ਕਰਾਂ। ਤੇ ਮੈਂ ਇਹ ਮਸਲਾ ਹੱਲ ਕਰ ਸਕਦਾ ਸੀ। ਫ਼ਲੈਸ਼ ਬੈਕ ਵਿਚ ਕਹਾਣੀ ਗਈ ਤਾਂ ਮੈਂ ਦੇਖਿਆ ਕਿ ਮੈਂ ਨਾਨਕੇ ਘਰ ਮਹੱਲਾ ਟਿੱਬੀ ਸ਼ੇਰ ਖ਼ਾਂ ਵਿਚ ਹਾਂ ਤੇ ਘਰ ਵਿਚ ਇਕ ਪਾਤਰ ਦਾ ਨਾਂ ਸ਼ਾਮ ਤੋਂ ਜ਼ਰਾ ਪਹਿਲਾਂ ਗੂੰਜਦਾ ਸੀ 'ਨਾਮਾਂ'।

ਮੈਨੂੰ ਉਸ ਪਾਤਰ ਵਿਚ ਬੇਹੱਦ ਦਿਲਚਸਪੀ ਹੁੰਦੀ ਸੀ ਕਿਉਂਕਿ ਉਹ ਸ਼ਾਮ ਹੁੰਦਿਆਂ ਹੀ ਨਾਨੇ ਦੇ ਘਰ ਦੇ ਐਨ ਸਾਹਮਣੇ, ਇਕ ਘਰ ਦੇ ਚਬੂਤਰੇ 'ਤੇ ਆ ਹਾਜ਼ਰ ਹੁੰਦਾ ਸੀ। ਸਾਰਾ ਦਿਨ ਮੈਨੂੰ ਕਦੀ ਉਹ ਕਿਤੇ ਨਈਂ ਸੀ ਦਿੱਸਦਾ। ਸ਼ਾਮ ਵੇਲੇ ਉਹ ਉਸ ਚਬੂਤਰੇ 'ਤੇ ਆਪਣਾ ਜਿਸਤੀ ਦੇਗਚਾ ਲਾਉਂਦਾ ਸੀ ਜਿਸ ਵਿਚ ਮਸਰਾਂ ਦੀ ਦਾਲ ਹੁੰਦੀ ਸੀ। ਉਹ ਚਿੱਟਾ ਚਾਦਰਾ, ਚਿੱਟੀ ਕਮੀਜ਼ ਤੇ ਚਿੱਟੀ ਪੱਗ ਬੰਨ੍ਹਦਾ ਸੀ ਜਿਹੜੀ ਜ਼ਰਾ ਢਿੱਲੀ-ਜਿਹੀ ਹੁੰਦੀ ਸੀ। ਉਸਦੀਆਂ ਮੁੱਛਾਂ ਵੱਡੀਆਂ ਸਨ। ਨਾਮਾਂ ਸਾਡੇ ਮੁਹੱਲੇ ਦਾ ਪ੍ਰਸਿੱਧ ਪਾਤਰ ਸੀ ਕਿ ਸ਼ਾਮ ਹੁੰਦਿਆਂ ਈ ਹਰੇਕ ਘਰ ਵਿਚੋਂ ਕੌਲੀਆਂ-ਕੌਲੇ ਲੈ ਕੇ ਬਾਲ ਤੇ ਵੱਡੇ ਨਿਕਲ ਆਉਂਦੇ ਤੇ ਉਹ ਆਪਣੇ ਵੱਡੇ ਸਾਰੇ ਚਮਚੇ ਨਾਲ ਸਭ ਦੀਆਂ ਕੌਲੀਆਂ

ਤੇ ਕੌਲੇ ਭਰਦਾ ਰਹਿੰਦਾ ਸੀ। ਉਸ ਦਾਲ ਦੀ ਲੱਜਤ ਤੇ ਖ਼ੁਸ਼ਬੂ ਨਾਲ ਸਾਰਾ ਮੁਹੱਲਾ ਮਹਿਕ ਜਾਂਦਾ। ਹਰ ਰਾਤ ਘਰਾਂ ਵਿਚ ਖਾਣਾ ਨਈਂ ਸੀ ਬਣਦਾ। ਨਾਨਾ ਹਰ ਘਰ ਵਿਚ ਖਾਣਾ ਪਹੁੰਚਾਉਂਦੇ ਸਨ। ਇਕ ਘੰਟੇ ਵਿਚ ਉਹ ਵਿਹਲਾ ਹੋ ਜਾਂਦਾ ਸੀ ਤੇ ਫੇਰ ਗ਼ਾਇਬ ਵੀ ਹੋ ਜਾਂਦਾ ਸੀ। ਕਿਸੇ ਨੇ ਨਈਂ ਦੇਖਿਆ ਕਿ ਉਹ ਦਿਨ ਦੇ ਬਾਈ ਘੰਟੇ ਕਿੱਥੇ ਹੁੰਦਾ ਏ ?

ਮੈਂ ਆਪਣੀ ਨਾਨੀ ਨੂੰ ਪੁੱਛਿਆ ਕਿ 'ਇਹ ਨਾਮਾਂ ਕੌਣ ਏਂ ?' ਤਾਂ ਨਾਨੀ ਨੇ ਕਹਾਣੀ ਸੁਣਾਈ ਕਿ 'ਇਹ ਨਾਮਾਂ ਨਈਂ ਹਰਨਾਮ ਸਿੰਘ ਏ। ਇੱਧਰ ਇਸਦਾ ਖ਼ਾਨਦਾਨ ਸੀ। ਇਸਨੂੰ ਚੁਗ਼ਤਾਈਆਂ ਦੀ ਕੁੜੀ ਨਾਲ ਇਸ਼ਕ ਹੋ ਗਿਆ ਜਿਹੜੀ ਸਾਹਮਣੇ ਵਾਲੇ ਚੁਬਾਰੇ ਵਿਚ ਰਹਿੰਦੀ ਸੀ, ਹੁਣ ਮੈਂ ਏਨਾ ਤਾਂ ਬੇਵਕੂਫ਼ ਨਈਂ ਸੀ ਕਿ ਚੁਗ਼ਤਾਈਆਂ ਦੇ ਖ਼ਾਨਦਾਨ ਨੂੰ ਨਾ ਜਾਣਦਾ ਹੁੰਦਾ। ਉਸ ਖ਼ਾਨਦਾਨ ਦੇ ਨੈਣ-ਨਕਸ਼ ਹਾਲੀਵੁੱਡ ਨੂੰ ਮਾਤ ਪਾ ਸਕਦੇ ਸਨ।' 'ਤਾਂ ਫੇਰ ਨਾਨੀ ਅੰਮਾਂ, ਕੀ ਹੋਇਆ ?' ਤੇ ਨਾਨੀ ਨੇ ਮੈਨੂੰ ਉਸ ਸ਼ਹਿਜ਼ਾਦੀ ਦੀ ਕਹਾਣੀ ਸੁਣਾਈ ਜਿਹੜੀ ਰਾਤ ਨੂੰ ਨੀਂਦ ਵਿਚ ਸੁੱਤੀ ਹੋਈ ਸੀ ਤੇ ਜਿਸ 'ਤੇ ਦਿਓ ਆਸ਼ਕ ਹੋ ਗਿਆ ਸੀ। ਤੇ ਮੈਂ ਉਸੇ ਨੂੰ ਸਵਾਲ ਕਰ ਦਿੱਤਾ ਕਿ 'ਨਾਨੀ ਅੰਮਾਂ ਉਹ ਸ਼ਹਿਜ਼ਾਦੀ ਕਿਸ ਕਮਰੇ ਵਿਚ ਸੁੱਤੀ ਹੋਈ ਸੀ ?' ਨਾਨੀ ਨੇ ਨਾਰਾਜ਼ ਹੁੰਦਿਆਂ ਕਿਹਾ ਕਿ 'ਸ਼ਹਿਜ਼ਾਦੀ ਭਾਵੇਂ ਕਿਤੇ ਵੀ ਸੰਵੇ ਦਿਓ ਨੇ ਆਸ਼ਕ ਹੋਣਾ ਈ ਹੁੰਦਾ ਏ।' ਤਾਂ ਅਜਿਹਾ ਈ ਕੁਝ ਮਾਮਲਾ ਟਿੱਬੀ ਸ਼ੇਰ ਖ਼ਾਂ ਵਿਚ ਹੋਇਆ ਸੀ ਕਿ ਹਰਨਾਮ ਸਿੰਘ ਆਸ਼ਕ ਹੋ ਗਿਆ, ਨੀਂਦ ਵਿਚ ਸੁੱਤੀ ਚੁਗ਼ਤਾਈ ਖ਼ਾਨਦਾਨ ਦੀ ਕੁੜੀ 'ਤੇ। ਪਰ ਕਿਵੇਂ ਓਥੇ ਪਹੁੰਚਿਆ ਇਹ ਸਿਰਫ਼ ਇਕ ਸੰਯੋਗ ਸੀ। ਖ਼ੈਰ, ਫ਼ਜ਼ੂਲ ਕਿਸਮ ਦੀ ਬਹਿਸ-ਬਾਜ਼ੀ ਨੂੰ ਛੱਡਦੇ ਹਾਂ। ਬਸ ਫੇਰ ਕੀ ਹੋਣਾ ਸੀ। ਏਧਰ ਹਰਨਾਮ ਸਿੰਘ ਵੀ ਕੱਦ ਦਾ ਉੱਚਾ, ਨੱਕ ਨਕਸ਼ੇ ਦਾ ਸੋਹਣਾ ਸਰਦਾਰ ਸੀ। ਕੁੜੀ ਵੀ ਕੈਦੀ ਸ਼ਹਿਜ਼ਾਦੀ ਸੀ। ਇਸ਼ਕ ਦਾ ਜਵਾਬ ਇਸ਼ਕ ਵਿਚ ਦੇ ਦਿੱਤਾ। ਪਰ ਕੁੜੀ ਸਿਆਣੀ ਸੀ, ਸ਼ਰਤ ਰੱਖ ਦਿੱਤੀ। ਕੇਸ ਕਟਵਾ ਕੇ ਇਸਲਾਮ ਕਬੂਲ ਕਰ ਲਓ। ਹਰਨਾਮ ਸਿੰਘ ਨੇ ਜਦੋਂ ਚੁਗ਼ਤਾਈਆਂ ਦੀ ਕੁੜੀ ਨੂੰ 'ਰਸਨਾਂ' ਨਾਲ ਗੱਲ ਕਰਦਿਆਂ ਦੇਖਿਆ ਤੇ ਡਿਓਢੀ ਦੇ ਹਨੇਰੇ ਵਿਚ ਜਵਾਨ ਦੇਹ ਨੂੰ ਬਾਂਹਵਾਂ ਵਿਚ ਭਰ ਕੇ ਦੇਖ ਲਿਆ ਕਿ ਇਸ ਕਿਆਮਤ ਨਾਲ ਕਿਆਮਤ ਦੇ ਦਿਨ ਉਠਾਏ ਜਾਣ ਵਿਚ ਕੋਈ ਹਰਜ ਨਈਂ ਹੈ...ਤਾਂ ਇਲਾਕੇ ਦੀ ਮਸਜਿਦ ਵਿਚ ਪਹੁੰਚ ਗਿਆ। ਮੌਲਵੀ ਮੁਹੰਮਦ ਰਮਜਾਨ ਨੇ ਦੇਖਿਆ ਪਾਕਿਸਤਾਨ ਬਣਨ ਵਾਲਾ ਏ, ਪਾਕਿਸਤਾਨ ਦੀ ਬਰਕਤ ਨਾਲ ਜੇ ਇਕ ਸਿੱਖ ਉਸਦੇ ਹੱਥੋਂ ਮੁਸਲਮਾਨ ਬਣਨ ਵਾਲਾ ਏ ਤਾਂ ਇਹ ਪਾਕਿਸਤਾਨ ਦੇ ਨਜ਼ਰੀਏ ਲਈ ਮਜਬੂਤ ਨੀਂਹ ਹੋ ਸਕਦੀ ਏ। ਉਸਨੇ ਤਾਰੀਖ਼ ਵਿਚ ਨਾਂ ਲਿਖਿਆ ਤੇ ਹਰਨਾਮ ਸਿੰਘ, ਨਾਮਾਂ ਬਣ ਗਿਆ।

"ਤੁਸੀਂ ਮੇਰੇ ਬਾਪੂ ਨੂੰ ਦੇਖਿਆ ਏ...ਓਹਨੇ ਤੇ ਕਦੇ ਦਾਲ ਨਈਂ ਸੀ ਬਣਾਈ। ਮਾਤਾ ਕਹਿੰਦੀ ਸੀ, ਓਹ ਤੇ ਸੂਤਰ ਮੰਡੀ ਦੁਕਾਨ ਕਰਦਾ ਸੀ।"

"ਦਾਰੂ ਸਿੰਘ, ਮੈਂ ਤੇ ਬਸ ਨਿੱਕੇ ਹੁੰਦਿਆਂ ਉਸਨੂੰ ਦੇਖਿਆ ਏ। ਫੇਰ ਮੈਂ ਨਾਨੇ ਦੇ ਘਰੋਂ ਸ਼ਿਫ਼ਟ ਹੋ ਗਿਆ ਸਾਂ।"

"ਤੇ ਕਹਾਣੀ ਕਿਵੇਂ ਮੁੱਕੇਗੀ ?"

"ਹਾਂ ਤਾਂ ਗ਼ੌਰ ਨਾਲ ਸੁਣੋ...ਜਦੋਂ ਤੁਹਾਡੇ ਬਾਪੂ ਨੇ ਆਪਣਾ ਧਰਮ ਛੱਡਿਆ



ਤਾਂ ਪਾਕਿਸਤਾਨ ਬਣਨ ਵਾਲਾ ਸੀ। ਫੇਰ ਕੀ ਹੋਇਆ ਕਿ ਉਸਨੇ ਚੁਗ਼ਤਾਈਆਂ ਦੀ ਕੁੜੀ ਨੂੰ ਬਕੋਏ ਵਿਚ ਘਰੋਂ ਕੱਢਿਆ ਤੇ ਨਿਕਾਹ ਦੇ ਲਈ ਲੈ ਗਿਆ, ਕਿਸੇ ਮਸਜਿਦ ਵਿਚ। ਉਸ ਮਸਜਿਦ 'ਤੇ ਹਿੰਦੂਆਂ ਦਾ ਹਮਲਾ ਹੋ ਗਿਆ। ਮੁਸ਼ਕਲ ਨਾਲ ਹਰਨਾਮ ਸਿੰਘ ਨੇ ਮਹਿਬੂਬਾ ਦੀ ਜਾਨ ਬਚਾਈ। ਪਰ ਫੇਰ ਕੀ ਹੋਇਆ ?..."

"ਓ-ਜੀ ਬੋਲੋ ਨਾ ਕਾਹਦੇ ਲਈ ਸਸਪੈਂਸ ਮਾਰ ਰਹੇ ਓ।"

"ਫੇਰ ਉਹ ਲੈ ਕੇ ਨਿਕਲਿਆ ਮਹਿਬੂਬਾ ਨੂੰ, ਪਰ ਚੁਗ਼ਤਾਈਆਂ ਦਾ ਖ਼ਾਨਦਾਨੀ ਖ਼ੂਨ ਕੰਮ ਕਰ ਚੁੱਕਿਆ ਸੀ। ਉਹ ਕੁਹਾੜੀਆਂ, ਗੰਡਾਸਿਆਂ ਨਾਲ ਨਈਂ, ਅੰਗਰੇਜ਼ੀ ਪਸਤੌਲਾਂ ਤੇ ਬੰਦੂਕਾਂ ਨਾਲ ਆਪਣੀ ਕੁੜੀ ਬਚਾਉਣ ਦੇ ਲਈ ਨਿਕਲ ਪਏ ਤੇ ਉਹਨਾਂ ਨੇ ਹਰਨਾਮ ਸਿੰਘ ਨੂੰ ਆ ਘੇਰਿਆ।"

"ਕਿਉਂਕਿ ਹਰਨਾਮ ਸਿੰਘ ਨੇ ਮੁਸਲਮਾਨ ਬਣ ਕੇ ਨਿਕਾਹ ਕਰ ਲਿਆ ਸੀ ਇਸ ਲਈ ਚੁਗ਼ਤਾਈਆਂ ਨੇ ਹਰਨਾਮ ਸਿੰਘ ਨੂੰ ਕਤਲ ਨਈਂ ਕੀਤਾ। ਉਸਨੂੰ ਇਸ ਸ਼ਰਤ 'ਤੇ ਬਖ਼ਸ਼ ਦਿੱਤਾ ਕਿ ਉਹ ਤਲਾਕਨਾਮੇ 'ਤੇ ਦਸਖ਼ਤ ਕਰ ਦਏ। ਹਰਨਾਮ ਸਿੰਘ ਨੇ ਮਹਿਬੂਬਾ ਵੱਲ ਦੇਖਿਆ ਜਿਸ ਨੇ ਨੀਂਵੀਂ ਪਾਈ ਹੋਈ ਸੀ। ਹਰਨਾਮ ਸਿੰਘ ਸਮਝ ਗਿਆ ਤੇ ਤਲਾਕਨਾਮੇ 'ਤੇ ਦਸਖ਼ਤ ਕਰ ਦਿੱਤੇ ਤੇ ਇਸ ਪਿੱਛੋਂ ਪਤਾ ਨਈਂ ਉਹ ਕੁੜੀ ਤੇ ਉਸਦਾ ਖ਼ਾਨਦਾਨ ਕਿੱਥੇ ਗਿਆ। ਹਰਨਾਮ ਸਿੰਘ ਹੁਣ ਮੁਸਲਮਾਨ ਬਣ ਚੁੱਕਿਆ ਸੀ। ਉਹ ਪਿੱਛੇ ਨਈਂ ਜਾ ਸਕਦਾ। ਉਸਨੂੰ ਇਕ ਮੁਸਲਮਾਨ ਖ਼ਾਨਦਾਨ ਨੇ ਪਨਾਹ ਦੇ ਦਿੱਤੀ। ਉਸਨੇ ਸ਼ਾਦੀ ਨਈਂ ਕੀਤੀ। ਬਸ ਦਾਲ ਦਾ ਦੇਗ਼ਚਾ ਲੈ ਕੇ ਆ ਜਾਂਦਾ ਤੇ ਫੇਰ ਗ਼ਾਇਬ ਹੋ ਜਾਂਦਾ। ਤੇ ਫੇਰ ਮਰ ਗਿਆ।"

ਦਾਰੂ ਸਿੰਘ ਨੇ ਕਹਾਣੀ ਸੁਣੀ, ਉਸਦੀ ਕਹਾਣੀ ਮੁਕੰਮਲ ਹੋ ਚੁੱਕੀ ਸੀ।

"ਬਾਪੂ ਨੂੰ ਰੋਜ਼ ਕਤਲ ਹੋਣ ਦਾ ਸ਼ੌਕ ਸੀ। ਆਪਾਂ ਨੂੰ ਸੁਫ਼ਨੇ ਵਿਚ ਆ ਕੇ ਦੱਸ ਜਾਂਦਾ, ਮੈਂ ਨਈਂ ਰਿਹਾ, ਤਾਂ ਆਪਾਂ ਰੋਜ਼ ਰਾਤ ਨੂੰ ਮਰਡਰ ਦਾ ਸ਼ੋਅ ਨਾ ਕਰਦੇ। ਚਲੋ ਜੀ ਨਾਟਕ ਵੀ ਐਂਡ ਹੋ ਗਿਆ। ਆਪਾਂ ਹੁਣ ਕੋਈ ਹੋਰ ਮਜਮਾਂ ਜਾ ਕੇ ਲਾਉਣੇ ਆਂ। ਵਾਹ ਬਾਪੂ, ਦਗ਼ਾ ਦੇ ਗਿਓਂ! ਬੇਵਫ਼ਾਈ ਕਰ ਲਈ! ਚੰਗਾ ਨਈਂ ਕੀਤਾ। ਅਹਿ ਨਾਟਕ ਰੋਜ਼ ਰਾਤ ਨੂੰ ਆਪਾਂ ਨੂੰ ਅਨਰਜੀ ਦੇ ਰਿਹਾ ਸੀ। ਟੁੱਟ ਗਈ ਤੜਕ ਕਰਕੇ। ਓ ਬਾਊ ਚਾ, ਸਾਡੇ ਤੇ ਸਾਹ ਈ ਮੁੱਕ ਗਏ। ਨਈਂ ਹੁਣ ਜਿਊਣ ਦਾ ਸਵਾਦ ਨਈਂ ਆਉਣਾਂ। ਚੱਲ ਦਾਰੂ ਸਿਆਂ ਓਥੇ ਚੱਲੀਏ, ਜਿੱਥੇ ਬਾਪੂ ਨਾ ਬਾਪੂ ਦੀ ਜਾਤ ਹੋਏ।"

ਦਾਰੂ ਸਿੰਘ ਨੀਂਵੀਂ ਪਾ ਕੇ ਨਿਕਲ ਗਿਆ।

ਅਗਲੇ ਦਿਨ ਮੈਂ ਗੁਰੂ ਨਾਨਕ ਯੂਨੀਵਰਸਿਟੀ ਵਿਚ ਲੈਕਚਰ ਦਿੱਤਾ। ਸਵਾਲ ਜਵਾਬ ਹੋਏ। ਜ਼ਿਆਦਾ ਸਵਾਲ ਵੰਡਾਰੇ ਬਾਰੇ ਈ ਹੋਏ...ਤੇ ਉਸ ਵਹਿਸ਼ਤ ਤੇ ਬਰਬਰੀਅਤ 'ਤੇ ਹੋਏ ਜਿਹੜੀ ਸਆਦਤ ਹਸਨ ਮੰਟੋ ਨੇ ਕਹਾਣੀਆਂ ਰਾਹੀਂ ਜਾਹਰ ਕੀਤੀ ਸੀ। ਮੈਂ ਕਿਹਾ ਕਿ ਆਪਣੇ ਬਜ਼ੁਰਗਾਂ ਨੂੰ ਕਿਉਂ ਨਈਂ ਪੁੱਛਿਆ ਕਿ ਇਕ ਹੋਰ ਜਲਿਆਂ ਵਾਲਾ ਇਸ ਪਹਿਲੋਂ ਤੋਂ ਸਰਾਪੀ ਹੋਈ ਜ਼ਮੀਨ 'ਤੇ ਕਿਉਂ ਹੋਣ ਦਿੱਤਾ ? ਕੀ ਇਕ ਖ਼ੂਨੀ-ਸਾਕਾ ਧਰਤੀ ਦੀ ਪਿਆਸ ਬੁਝਾਉਣ ਲਈ ਕਾਫੀ ਨਈਂ ਸੀ ? ਪਰ ਉਹ ਤਾਂ ਨਹੀਂ ਬੋਲੇ ਇਕ ਖ਼ੂਬਸੂਰਤ ਬੈਰਿਸਟਰ ਸੁੱਖੀ ਸਿੰਘ ਐਡਵੋਕੇਟ ਸਾਹਮਣੇ ਆਇਆ। ਹਾਈ ਕੋਰਟ ਵਿਚ ਪ੍ਰੈਕਟਿਸ

ਕਰਦਾ ਸੀ। ਬੜਾ ਨਾਂ ਸੀ ਉਸਦਾ, ਪੰਜਾਬ ਤੇ ਦਿੱਲੀ ਵਿਚ। ਸੁਖੀ ਸਿੰਘ ਨੇ ਮੈਥੋਂ ਸਮਾਂ ਮੰਗਿਆ ਕਿ ਉਹ ਮੈਨੂੰ ਖਾਣੇ ਦੇ ਸੱਦੇ ਦੇ ਨਾਲ-ਨਾਲ ਇਕ ਬੜੇ ਜ਼ਰੂਰੀ ਮਸਲੇ ਦੇ ਨਿਪਟਾਰੇ ਲਈ ਗੱਲਬਾਤ ਦਾ ਸੱਦਾ ਦੇਣ ਆਇਆ ਏ ਤੇ ਉਸਦੇ ਮੁਤਾਬਿਕ ਸਿਰਫ਼ ਮੈਂ ਈ ਉਸ ਮਸਲੇ ਦਾ ਨਿਬੇੜਾ ਕਰ ਸਕਦਾ ਸੀ। ਮੇਰਾ ਮੱਥਾ ਠਣਕਿਆ ਕਿ ਮਸੀਂ ਦਾਰੂ ਸਿੰਘ ਤੋਂ ਛੁੱਟਿਆ ਆਂ ਕਿ ਇਹ ਸੁਖੀ ਸਿੰਘ ਆ ਗਿਆ ਏ। ਮੈਂ ਸੱਦਾ ਕਬੂਲ ਕਰ ਲਿਆ। ਸੁਖੀ ਸਿੰਘ ਬੜਾ ਪੈਸੇ ਵਾਲਾ ਬੈਰਿਸਟਰ ਏ। ਪਰ ਪਹਿਲਾਂ ਇਕ ਗੱਲ ਜਿਹੜੀ ਮੈਂ ਭੁੱਲ ਨਾ ਜਾਵਾਂ, ਉਹ ਦੱਸਣਾ ਜ਼ਰੂਰੀ ਏ ਕਿ ਮੈਂ ਯੂਨੀਵਰਸਿਟੀ ਵਿਚ ਸਵਾਲ-ਜਵਾਬ ਦੇ ਸੈਸ਼ਨ ਵਿਚ ਦੱਸਿਆ ਕਿ ਤੁਹਾਨੂੰ ਪੰਜਾਬ ਵਾਲਿਆਂ ਨੂੰ ਪਤਾ ਈ ਨਈਂ ਏ ਕਿ ਤੁਸਾਂ ਵੰਡਾਰੇ ਵਿਚ ਕਿਹੜਾ-ਕਿਹੜਾ ਖਜ਼ਾਨਾ ਪਾਕਿਸਤਾਨ ਦੇ ਹਵਾਲੇ ਕਰ ਦਿੱਤਾ ਏ? ਜਦੋਂ ਮੈਂ ਦੱਸਿਆ ਕਿ ਸਿਰਫ਼ ਪੰਜਾਬ ਨੇ ਕਿਹੜਾ ਖਜ਼ਾਨਾ ਸਾਡੀ ਝੋਲੀ ਵਿਚ ਪਾਇਆ ਏ ਤਾਂ ਉਹਨਾਂ ਨੂੰ ਕੁਝ ਪਤਾ ਈ ਨਈਂ ਸੀ। ਮੈਂ ਦੱਸਿਆ ਕਿ ਅਸੀਂ ਜਿਹੜੇ ਹੀਰੇ ਇੱਥੋਂ ਲੈ ਗਏ ਆਂ ਉਹ ਖ਼ਵਾਜਾ ਖ਼ੁਰਸ਼ੀਦ ਨੂਰ, ਸੈਫ਼ਉਲਦੀਨ ਸੈਫ਼, ਏ. ਹਮੀਦ, ਅਸ਼ਫ਼ਾਕ ਅਹਿਮਦ, ਨਾਸਰ ਕਾਜਮੀ, ਹਫ਼ੀਜ ਹੋਸ਼ਿਆਰਪੁਰੀ, ਸ਼ਹਿਜ਼ਾਦ ਅਹਿਮਦ, ਮੁਜੱਫ਼ਰ ਅਲੀ ਸੱਯਦ, ਸਆਦਤ ਹਸਨ ਮੰਟੋ, ਬਾਰੀ ਅਲੀਗ, ਹਫ਼ੀਜ ਜਲੰਧਰੀ, ਉਸਤਾਦ ਇਮਾਨਤ ਅਲੀ, ਉਸਤਾਦ ਫ਼ਤਿਹ ਅਲੀ ਖ਼ਾਨ ਫ਼ੈਮਲੀ, ਤਫ਼ੀਲ ਨਿਆਜ਼ੀ, ਏ. ਹਮੀਦ ਸੰਗੀਤਕਾਰ, ਜਫ਼ਰ ਅਲੀ ਕਸ਼ਮੀਰੀ, ਉਸਤਾਦ ਸਲਾਮਤ ਅਲੀ ਖ਼ਾਨ ਫ਼ੈਮਲੀ ਤੇ ਹੋਰ ਵੀ ਨਾਂ ਸਨ। ਸੁਣਨ ਵਾਲੇ ਮੈਨੂੰ ਹੈਰਾਨ ਹੋਏ ਦੇਖਦੇ ਰਹੇ ਜਿਵੇਂ ਉਹਨਾਂ ਨੂੰ ਸੱਪ ਸੁੰਘ ਗਿਆ ਹੋਏ। ਫੇਰ ਉਹਨਾਂ ਵਿਚੋਂ ਇਕ ਸੱਜਣ ਉੱਠੇ ਤੇ ਉਹਨਾਂ ਨੇ ਜਵਾਬ ਦਿੱਤਾ ਕਿ ਜਿਹੜਾ ਖਜ਼ਾਨਾ ਅਸੀਂ ਵੰਡਾਰੇ ਵਿਚ ਉਧਰੋਂ ਲੈ ਆਏ ਆਂ, ਉਹ ਵੀ ਬੜਾ ਕੀਮਤੀ ਏ। ਉਹਨਾਂ ਨੇ ਜਦੋਂ ਦੱਸਿਆ ਕਿ ਕਾਮਨੀ ਕੌਸ਼ਲ, ਬਲਰਾਜ ਸਾਹਨੀ, ਬੀ.ਆਰ. ਚੋਪੜਾ, ਯਸ਼ਪਾਲ, ਖ਼ੁਸ਼ਵੰਤ ਸਿੰਘ, ਦੇਵਾ ਨੰਦ, ਧਰਮਿੰਦਰ, ਰਾਜੇਸ਼ ਖੰਨਾ, ਗੋਪੀ ਚੰਦ ਨਾਰੰਗ ਤੇ...ਮੈਂ ਰੋਕ ਦਿੱਤਾ ਕਿ ਇਸ ਤਰ੍ਹਾਂ ਤਾਂ ਦੋਵਾਂ ਪਾਸਿਆਂ ਦੇ ਗੁੱਝੇ ਭੇਤ ਖੁੱਲ੍ਹ ਜਾਣਗੇ ਤੇ ਪਾਕਿਸਤਾਨ ਤੇ ਹਿੰਦੁਸਤਾਨ ਦੇ ਰਿਸਰਚ ਸਕੌਲਰਾਂ ਲਈ ਨਵਾਂ ਮੈਦਾਨ ਵਿਛ ਜਾਏਗਾ। ਇਕ ਨੇ ਸਵਾਲ ਕਰ ਦਿੱਤਾ ਕਿ ਕਰਤੁਲਐਨ ਹੈਦਰ, ਵੱਡੇ ਗੁਲਾਮ ਅਲੀ ਖ਼ਾਂ ਤੇ ਅਬਿਦ ਅਲੀ, ਸਾਹਿਰ ਲੁਧਿਆਣਵੀ ਪਾਕਿਸਤਾਨ ਛੱਡ ਕੇ ਕਿਉਂ ਆਏ? ਤਾਂ ਮੈਂ ਕਿਹਾ ਇਹ ਨਾਂ ਬੜੇ ਥੋੜ੍ਹੇ ਨੇ, ਹੋਰ ਵੀ ਲੋਕ ਸਨ ਜਿਹੜੇ ਪਾਕਿਸਤਾਨ ਗਏ ਪਰ ਮੁੜ ਕੇ ਵਾਪਸ ਆ ਗਏ ਸਨ ਤੇ ਜੇ ਮੌਕਾ ਹੁੰਦਾ ਤਾਂ ਬੇਸ਼ੁਮਾਰ ਹੋਰ ਵੀ ਸ਼ਾਮਿਲ-ਸਫ਼ਰ ਹੋ ਜਾਂਦੇ।

ਸੁਖੀ ਸਿੰਘ ਮੈਨੂੰ ਆਪਣੀ ਦਾਅਵਤ ਵਿਚ ਲੈ ਗਿਆ। ਜਿੱਥੇ ਬਾਰ ਬੀ ਕਿਊ ਵਿਚ ਫ਼ਿਸ਼ ਟਿੱਕਾ, ਚਿਕਨ ਟਿੱਕਾ, ਕਬਾਬ ਤੇ ਇਸ ਤਰ੍ਹਾਂ ਦੇ ਬੇਸ਼ੁਮਾਰ ਖਾਣੇ ਮੌਜੂਦ ਸਨ। ਓਥੇ ਵੱਡੇ-ਵੱਡੇ ਜੱਜ, ਵਕੀਲ, ਸਥਾਨਕ ਆਰਟਿਸਟ, ਸ਼ਾਇਰ, ਲੇਖਕ ਤੇ ਪੱਤਰਕਾਰ ਲੋਕ ਤੇ ਇੰਟਰਵਿਊ ਲੈਣ ਵਾਲੇ ਮੌਜੂਦ ਸਨ। ਕੁਝ ਕੈਮਰੇ ਵੀ ਲਾਏ ਹੋਏ ਸਨ। ਮੈਂ ਸੁਖੀ ਸਿੰਘ ਤੋਂ ਮੁਆਫ਼ੀ ਮੰਗੀ ਕਿ ਮੈਂ ਲੋਕਲ ਮੀਡੀਆ ਟ੍ਰੈਂਡ ਨੂੰ ਜਾਣਦਾ ਹਾਂ। ਪਾਰਟੀ ਤੋਂ ਬਾਅਦ ਸੁਖੀ ਸਿੰਘ ਮੈਨੂੰ ਆਪਣੀ ਕੋਠੀ ਦੇ ਪਿਛਲੇ ਹਿੱਸੇ ਦੇ ਇਕ ਕਮਰੇ ਵਿਚ ਲੈ ਗਏ ਜਿੱਥੇ ਉਹਨਾਂ ਦੇ ਦਾਦਾ ਜੀ ਸੌ ਸਾਲ ਦੀ ਉਮਰ ਨੂੰ ਹੱਥ ਲਾ ਰਹੇ ਸਨ। ਉਹ ਮੰਜੇ 'ਤੇ



ਗਠੜੀ-ਜਿਹੀ ਬਣੇ ਪਏ ਸਨ। ਸੁਖੀ ਸਿੰਘ ਨੇ ਬੱਤੀ ਜਗਾਈ ਤਾਂ ਉਹਨਾਂ ਦੇ ਜਿਸਮ ਵਿਚ ਹਰਕਤ ਹੋਈ। ਸੁਖੀ ਸਿੰਘ ਉਹਨਾਂ ਦੇ ਨੇੜੇ ਗਿਆ ਤੇ ਕਿਹਾ, "ਦਾਦੂ ਪਾਕਿਸਤਾਨੋਂ ਪ੍ਰਾਹੁਣੇ ਆਏ ਨੇ।" ਉਹ ਬਿਜਲੀ ਵਾਂਗ ਉੱਠ ਕੇ ਬੈਠੇ ਹੋ ਗਏ। ਮੇਰਾ ਹੱਥ ਫੜ ਕੇ ਕਹਿਣ ਲੱਗੇ, "ਇਕ ਗੱਲ ਕਹਿਣ ਨੂੰ ਮੈਂ ਸਾਹ ਰੋਕੇ ਹੋਏ ਨੇ। ਮੇਰੇ ਪਿੰਡੋਂ ਮੈਂ ਵੰਡਾਰੇ ਦੇ ਸਮੇਂ ਸਾਰੇ ਮੁਸਲਮਾਨ ਆਪਣੇ ਹੱਥੀਂ ਟਰੇਨ ਤੇ ਬੈਠਾਏ ਸੀ। ਬਾਅਦ ਵਿਚ ਟਰੇਨ ਨਾਲ ਕੀ ਬਣੀ? ਇਹਦੀ ਜ਼ਿੰਮੇਦਾਰੀ ਮੇਰੀ ਨਈਂ ਸੀ।" ਮੈਨੂੰ ਮੰਟੋ ਦੀ ਕਹਾਣੀ 'ਗੁਰਮਖ ਸਿੰਘ ਦੀ ਵਸੀਹਤ' ਯਾਦ ਆ ਗਈ ਪਰ ਮੈਂ ਚੁੱਪ ਰਿਹਾ। ਉਹਨਾਂ ਮੇਰਾ ਹੱਥ ਘੁੱਟ ਕੇ ਫੜਦਿਆਂ ਹੋਇਆਂ ਫੇਰ ਕਿਹਾ—

"ਮੈਂ ਏਸ ਲਈ ਜਿਊਂਦਾ ਆਂ ਜੋ ਕਿਸੇ ਪਾਕਿਸਤਾਨੀ ਨੂੰ ਦੱਸ ਸਕਾਂ ਪਈ ਮੇਰੇ ਪਿੰਡ ਵਿਚ ਕਿਸੇ ਮੁਸਲਮਾਨ ਦਾ ਕਤਲ ਨਈਂ ਹੋਇਆ। ਇਕ ਕੁੜੀ ਡਰਦੀ ਮਾਰੀ ਪਾਥੀਆਂ ਵਾਲੇ ਗਹੀਰੇ ਵਿਚ ਲੁਕ ਗਈ ਸੀ। ਕਈ ਦਿਨ ਉਹ ਸਭ ਤੋਂ ਲੁਕੀ ਰਹੀ। ਜਦੋਂ ਅਮਨ-ਚੈਨ ਹੋਇਆ ਤਾਂ ਓਹਦਾ ਘਰ ਦਾ ਕੋਈ ਨਾ ਮਿਲਿਆ। ਪਿੰਡ ਵਾਲਿਆਂ ਓਹਦੀ ਮਰਜ਼ੀ ਪੁੱਛੀ, ਉਹ ਬੋਲੀ ਓਹ ਏਥੇ ਰਹੇਗੀ। ਕਿਸੇ ਨੇ ਓਹਨੂੰ ਧਰਮ ਛੱਡਣ ਦੀ ਗੱਲ ਨਾ ਕੀਤੀ। ਮਗਰੋਂ ਅਹਿ ਹੋਇਆ ਜੋ ਓਹਨੂੰ ਸਰਦਾਰ ਅਮਰੀਕ ਸਿੰਘ ਦੇ ਗੱਭਰੂ ਪੁੱਤਰ ਹਰਮੀਤ ਨਾਲ ਪਿਆਰ ਹੋ ਗਿਆ ਤੇ ਓਹਦਾ ਵਿਆਹ ਓਹਦੇ ਨਾਲ ਹੋ ਗਿਆ। ਓਹਨੇ ਧਰਮ ਨਈਂ ਬਦਲਿਆ ਸੀ। ਪੰਜ ਵਕਤ ਨਮਾਜ਼ ਪੜ੍ਹਦੀ ਸੀ। ਚਾਰ ਜੀਅ ਓਹਨੇ ਜੰਮੇ। ਹੱਡ-ਕਾਠ ਦੀ ਪੱਕੀ ਸੀ। ਵਰ੍ਹਾ ਪਹਿਲਾਂ ਓਹਦਾ ਸਵਰਗ ਓਹਨੂੰ ਮਿਲ ਗਿਆ। ਤੁਸੀਂ ਚਾਹੋ ਤਾਂ ਓਹਦੀਆਂ ਕੁੜੀਆਂ ਨਾਲ ਮਿਲ ਸਕਦੇ ਓ, ਮੁੰਡੇ ਤਾਂ ਟਰਾਂਟੋ ਅੱਪੜ ਗਏ ਨੇ।"

ਮੈਂ ਚੁੱਪ ਰਿਹਾ ਤੇ ਸੁਖੀ ਸਿੰਘ ਨੂੰ ਇਸ਼ਾਰਾ ਕੀਤਾ ਕਿ ਚੱਲੀਏ। ਉਸਨੇ ਦਾਦਾ ਜੀ ਨੂੰ ਕਿਹਾ—

"ਦਾਦੂ, ਇਹ ਪਾਕਿਸਤਾਨੀ ਸਭ ਕੁਛ ਸਮਝ ਗਿਆ ਏ, ਹੁਣ ਜਾਵੇ?"

"ਹਾਂ, ਇਕ ਗੱਲ ਪੁੱਛਣੀ ਬਾਕੀ ਏ। ਏਹਨੂੰ ਪੁੱਛ ਏਹਨੇ ਮੇਰਾ ਇਤਬਾਰ ਕੀਤਾ ਏ ਜਾਂ ਨਈਂ?"

"ਮੈਨੂੰ ਪੂਰਾ ਇਤਬਾਰ ਹੋ ਗਿਆ ਏ ਦਾਦਾ ਜੀ। ਤੁਸੀਂ ਜੋ ਕਿਹਾ ਏ ਮੇਰੇ ਦਿਲ ਵਿਚ ਵੱਸ ਗਿਆ ਏ।"

"ਚੰਗਾ ਫੇਰ ਰੱਬ ਰਾਖਾ। ਹੁਣ ਮੈਂ ਆਖ਼ਰੀ ਸਾਹ ਲੈ ਸਕਾਂਗਾ।"

ਤੇ ਉਸਨੇ ਆਖ਼ਰੀ ਸਾਹ ਲਿਆ ਤੇ ਉਹ ਜਿਵੇਂ ਗਠੜੀ ਬਣਿਆ ਪਿਆ ਸੀ—ਓਵੇਂ ਗਠੜੀ ਵਿਚ ਹੀ ਠੰਢਾ ਹੋ ਗਿਆ ਤੇ ਅਗਲੇ ਦਿਨ ਮੈਨੂੰ ਉਸਦੇ ਅੰਤਮ ਸੰਸਕਾਰ ਵਿਚ ਜਾਣਾ ਪਿਆ। ਸੁਖੀ ਸਿੰਘ ਸ਼ਾਂਤ ਹੋ ਚੁੱਕਿਆ ਸੀ। ਉਹਦਾ ਕਈ ਸਾਲਾਂ ਦਾ ਬੋਝ ਮੈਂ ਹਲਕਾ ਕਰ ਦਿੱਤਾ ਸੀ। ਹੁਣ ਮੇਰੀ ਵਾਰੀ ਸੀ। ਮੈਂ ਉਸਨੂੰ ਕਿਹਾ ਹੁਣ ਮੇਰੇ ਦਿਲ ਦਾ ਬੋਝ ਹਲਕਾ ਕਰ ਦਿਓ। ਮੈਂ ਇਕ ਇਮਾਨਤ ਇਕ ਔਰਤ ਨੂੰ ਸੌਂਪਣੀ ਏ। ਸੁਖੀ ਸਿੰਘ ਪੇਸ਼ੇ ਦਾ ਵਕੀਲ ਬਲਕਿ ਬੈਰਿਸਟਰ, ਹੁਣ ਉਸਦਾ ਮੱਥਾ ਠਣਕਿਆ, "ਜੋ ਹੁਕਮ ਮਹਾਰਾਜ।"

"ਸਾਰਾ ਇਤਿਹਾਸ ਸਿਰਫ਼ ਤੁਹਾਡੇ ਏਥੇ ਈ ਬਿਸਰਾਮ ਨਈਂ ਕਰਦਾ, ਕੁਛ ਇਤਿਹਾਸ ਨੇ ਸਾਡੇ ਓਥੇ ਵੀ ਪਨਾਹ ਲਈ ਹੋਈ ਏ।"

ਉਹ ਇਕਟੱਕ ਮੇਰੇ ਵੱਲ ਦੇਖਣ ਲੱਗਾ। ਮੈਂ ਕਿਹਾ, "ਮੈਂ ਕੋਈ ਗੱਲ ਨਈਂ ਕਰਾਂਗਾ, ਮੈਨੂੰ ਇਸ ਪਤੇ 'ਤੇ ਲੈ ਚੱਲੋ ਜਿੱਥੇ ਇਕ ਸੁਆਣੀ ਰਹਿੰਦੀ ਏ। ਉਸਨੂੰ ਉਸਦੀ ਇਮਾਨਤ ਦੇਣੀ ਏਂ।" ਸੁਖੀ ਸਿੰਘ ਸੱਚਾ ਇਨਸਾਨ ਏ। ਉਹ ਕੁਝ ਨਈਂ ਬੋਲਿਆ। ਬੋਲਿਆ ਤਾਂ ਏਨਾ ਕਿਹਾ, "ਸ਼ਾਹ ਜੀ, ਜੋ ਪਤਾ ਤੁਸੀਂ ਦਿੱਤਾ ਏ, ਉਸ ਜਗ੍ਹਾ ਦਾ ਵੀਜ਼ਾ ਤਾਂ ਤੁਹਾਡੇ ਕੋਲ ਹੈ ਨਈਂ।" ਮੈਂ ਕਿਹਾ, "ਉਹ ਹੈ ਤਾਂ ਏਸ ਪੰਜਾਬ ਵਿਚ ਈ।" ਉਸਨੇ ਕਿਹਾ, "ਹਾਂ ਹੈ ਤਾਂ! ਪਰ ਪੰਜਾਬ ਵੀ ਹੁਣ ਏਥੇ ਦੋ ਹੋਰ ਟੁਕੜਿਆਂ ਵਿਚ ਵੰਡਿਆ ਗਿਆ ਏ। ਸੂਬਾ ਹਰਿਆਣਾ ਬਣ ਗਿਆ ਏ ਤੇ ਚੰਡੀਗੜ੍ਹ ਯਾਨੀ ਪੰਜਾਬ ਦਾ ਅਲੱਗ ਤਿੰਨ ਸੂਬਿਆਂ ਦਾ ਕੇਂਦਰ ਬਣ ਗਿਆ ਏ।" ਮੈਂ ਸੁਖੀ ਸਿੰਘ ਨੂੰ ਕਿਹਾ, "ਇਹ ਤੁਸਾਂ ਲੋਕਾਂ ਚੰਗਾ ਕੀਤਾ ਏ। ਕਾਸ਼! ਸਾਡੇ ਪੰਜਾਬ ਦੇ ਨੇਤਾ ਵੀ ਆਪਣੇ ਪੰਜਾਬ ਦੇ ਤਿੰਨ ਹਿੱਸੇ ਕਰ ਲੈਣ। ਮਸਾਲ ਤਾਂ ਤੁਸੀਂ ਕਾਇਮ ਕਰ ਈ ਦਿੱਤੀ ਏ।"

ਮੈਂ ਸੁਖੀ ਸਿੰਘ ਨੂੰ ਕਿਹਾ, "ਤੁਸੀਂ ਕਿਸ ਕਿਸਮ ਦੇ ਬੈਰਿਸਟਰ ਓ ਜਿਹੜੇ ਮੈਨੂੰ ਵੀਜ਼ੇ ਦਾ ਖ਼ੌਫ਼ ਦਿਖਾ ਰਹੇ ਓ? ਤੁਸੀਂ ਆਓ ਪਾਕਿਸਤਾਨ ਤਾਂ ਇਤਜ਼ਾਜ਼ ਹਸਨ ਤਾਂ ਦੂਰ ਦੀ ਗੱਲ ਏ ਮੈਂ ਈ ਤੁਹਾਨੂੰ ਬਗ਼ੈਰ ਵੀਜ਼ੇ ਦੇ ਪੂਰਾ ਪਾਕਿਸਤਾਨ ਘੁਮਾ ਸਕਦਾ ਆਂ। ਜੇ ਇਤਬਾਰ ਨਾ ਹੋਏ ਤਾਂ 1985 ਵਿਚ ਕਿਸ਼ਵਰ ਨਾਹਿਦ ਤੇ ਮੈਂ ਸ਼ਮੀਮ ਹਨੀਫ਼ੀ ਦੀ ਬੇਗ਼ਮ ਬੇਟੀਆਂ ਨੂੰ ਬਗ਼ੈਰ ਵੀਜ਼ੇ ਦੇ ਲਾਹੌਰ ਤੋਂ ਇਸਲਾਮਆਬਾਦ, ਫੇਰ ਨਾਰਾਣ, ਕਾਗਾਣ ਤੇ ਫੇਰ ਨਥਿਆ ਗਲੀ ਮਰੀ ਤੋਂ ਹੁੰਦੇ ਹੋਏ ਲਾਹੌਰ ਵਾਪਸ ਲਿਆਇਆ ਸੀ।" ਸੁਖੀ ਸਿੰਘ ਆਪਣਾ ਯਾਰ ਏ, ਉਹ ਰਾਜ਼ੀ ਹੋ ਗਿਆ। ਤੇ ਮੈਨੂੰ ਉਸ ਪਿੰਡ ਦੇ ਸਾਹਮਣੇ ਲਿਆ ਖੜ੍ਹਾ ਕੀਤਾ। ਮੈਂ ਕਿਹਾ, "ਸੁਖੀ ਸਿੰਘ ਤੁਸੀਂ ਪੁੱਛਿਆ ਨਈਂ ਮੈਂ ਕਿਸਨੂੰ ਕੀ ਇਮਾਨਤ ਦੇਣੀ ਏ?" ਸੁਖੀ ਸਿੰਘ ਨੇ ਕਿਹਾ, "ਸ਼ਾਹ ਜੀ ਆਪਾਂ ਸਰਦਾਰ ਆਂ। ਆਪਾਂ ਜਦੋਂ ਕਿਸੇ ਨਾਲ ਟੁਰ ਪਏ ਤਾਂ ਫੇਰ ਸਮਝੋ ਸਾਨੂੰ ਭਰੋਸਾ ਏ।"

ਹੁਣ ਮੈਂ ਕਹਾਣੀ ਸ਼ੁਰੂ ਕੀਤੀ...:

"ਲਾਹੌਰ ਵਿਚ ਇਕ ਦਿਨ ਮੈਨੂੰ ਟੈਲੀਵਿਜ਼ਨ ਦੇ ਇਕ ਜ਼ਿੰਮੇਵਾਰ ਅਫ਼ਸਰ ਨੇ ਆਪਣੇ ਕੋਲ ਬੁਲਾਇਆ ਤੇ ਇਕ ਡਰਾਮਾ ਲਿਖਣ ਦਾ ਚੰਗਾ ਮੁਆਵਜ਼ਾ ਪੇਸ਼ ਕੀਤਾ। ਮੈਂ ਕਿਹਾ, 'ਡਰਮਾ ਕੀ ਲਿਖਣਾ ਏ?' ਉਸਨੇ ਕਿਹਾ, 'ਸ਼ਾਮ ਨੂੰ ਇਕ ਜਗ੍ਹਾ ਜਾਣਾ ਏ।' ਅਸੀਂ ਉੱਥੇ ਪਹੁੰਚੇ। ਇਸ ਸਰਦਾਰ ਜੀ ਮੱਲੀ-ਖਿਚੜੀ ਦਾੜ੍ਹੀ ਵਿਚ ਮਤਲਬ ਸੱਚਮੁੱਚ ਕਾਲੀ ਤੇ ਆਸਿਓਂ-ਪਾਸਿਓਂ ਚਿੱਟੀ ਤੇ ਬੜੀ ਈ ਲੰਮੀ ਤੇ ਸੰਘਣੀ ਸੀ ਉਹ ਦਾੜ੍ਹੀ। ਸਿਰ 'ਤੇ ਸਰਦਾਰਾਂ ਵਾਲੀ ਪੱਗ। ਸਾਰਾ ਲਿਬਾਸ ਸਰਦਾਰ ਜੀ 'ਤੇ ਢੁੱਕਦਾ-ਫ਼ੱਬਦਾ। ਅਸੀਂ ਓਥੇ ਪਹੁੰਚੇ। ਇਹ ਲਾਹੌਰ ਦੀ ਨਵੀਂ ਆਬਾਦੀ ਸੀ ਪਰ ਏਨੀ ਵੀ ਓਪਰੀ ਜਾਂ ਦੂਰ ਨਈਂ ਸੀ। ਅਸੀਂ ਓਥੇ ਬੈਠੇ ਤਾਂ ਮੈਂ ਅੰਦਾਜ਼ਾ ਲਾ ਲਿਆ ਕਿ ਮੈਂ ਕੀ ਕਰਨਾ ਏ। ਸਰਦਾਰ ਜੀ ਦੇ ਤਿੰਨ ਨਾਲੋਂ ਵੱਧ ਨਾਂ ਸਨ। ਇਹ ਮੈਨੂੰ ਓਥੇ ਪਤਾ ਲੱਗਿਆ। ਓਸ ਵੇਲੇ ਉਹਨਾਂ ਦਾ ਨਾਂ ਜਿਹੜਾ ਖ਼ੁਫ਼ੀਆ ਵਾਲਿਆਂ ਨੇ ਰੱਖਿਆ ਸੀ—ਗੁਰਬਚਨ ਸਿੰਘ ਸੀ। ਉਹ ਬੜਾ ਈ ਸੋਹਣਾ ਤੇ ਸੱਤ ਫੁੱਟਾ ਸਰਦਾਰ ਮੈਨੂੰ ਅੰਦਰ ਲੈ ਗਿਆ। ਕਿਚਨ ਵਿਚ ਉਸਨੇ ਮੇਰੇ ਲਈ ਮਟਨ-ਕੜਾਹੀ ਬਣਾਈ ਸੀ, ਜਿਹੜੀ ਰਿੱਝ ਰਹੀ ਸੀ। ਖ਼ੈਰ, ਅਸੀਂ ਕਹਾਣੀ ਵੱਲ ਵਾਪਸ ਆਉਂਦੇ ਹਾਂ—ਇਹ ਇੰਦਰਾ ਗਾਂਧੀ ਦੀ ਐਮਰਜੈਂਸੀ ਦੇ ਬਾਅਦ ਦਾ ਜ਼ਮਾਨਾ ਸੀ, ਗੁਰਬਚਨ ਸਿੰਘ



ਗੋਲਡਨ ਟੈਂਪਲ ਦੀ ਬੇਹੁਰਮਤੀ ਤੋਂ ਏਨਾਂ ਬਾਗ਼ੀ ਹੋਇਆ ਕਿ ਉਸਨੇ ਤਿੰਨ-ਚਾਰ ਪੁਲਿਸ ਵਾਲਿਆਂ ਨੂੰ ਕਤਲ ਕਰ ਦਿੱਤਾ ਤੇ ਫੇਰ ਉਸਦੇ ਘਰ 'ਤੇ ਜ਼ੁਲਮਾਂ ਦੇ ਪਹਾੜ ਟੁੱਟ ਪਏ। ਇੰਜ ਸਮਝ ਲਓ ਕਿ ਸਾਡੇ ਗੁਲਜ਼ਾਰ ਸਾਹਿਬ ਨੇ ਆਪਣੀ ਫ਼ਿਲਮ 'ਮਾਚਿਸ' ਵਿਚ ਸਾਰੀ ਕਹਾਣੀ ਕਹਿ ਦਿੱਤੀ। ਪਰ ਇਹ ਹੋਰ ਕਹਾਣੀ ਸੀ। ਗੁਰਬਚਨ ਸਿੰਘ ਦੇ ਤਿੰਨ ਨਾਂ ਖ਼ੁਫ਼ੀਆ ਵਾਲਿਆਂ ਨੇ ਰੱਖ ਦਿੱਤੇ। ਮੇਰੇ ਲਈ ਇਹ ਮੁਸ਼ਕਲ ਹੋ ਗਿਆ ਕਿ ਮੈਂ ਉਸਨੂੰ ਕਿਸ ਨਾਂ ਨਾਲ ਬੁਲਾਵਾਂ? ਚਲੋ ਖ਼ੈਰ, ਮੈਂ ਉਸਨੂੰ ਮਿਲਦਾ ਰਿਹਾ। ਉਹ ਡਰਾਮਾ ਬਣਾ ਕੇ ਕਨੇਡਾ ਭੇਜਣਾ ਚਾਹੁੰਦਾ ਸੀ ਤਾਕਿ ਕਨੇਡਾ ਰਹਿਣ ਵਾਲੇ ਸਿੱਖ ਖ਼ਾਨਦਾਨਾਂ ਵਿਚ ਇੰਦਰਾ ਗਾਂਧੀ ਦੀ ਐਮਰਜੈਂਸੀ ਤੇ ਗੋਲਡਨ ਟੈਂਪਲ 'ਤੇ ਹਮਲੇ ਦੇ ਜ਼ੁਲਮ ਦੇ ਖ਼ਿਲਾਫ਼ ਜਜ਼ਬਾ ਪੈਦਾ ਹੋਏ ਤੇ ਉਹ ਹਿੰਦੁਸਤਾਨ ਨਾਲੋਂ ਸੰਬੰਧ ਤੋੜਨ ਦੇ ਲਈ ਨਫ਼ਰਤ ਪੈਦਾ ਕਰਨ ਦੀ ਜਦੋ-ਜਹਿਦ ਕਰਨ। ਮੈਂ ਨਾ ਤਾਂ ਇਨਕਾਰ ਕੀਤਾ, ਨਾ ਇਕਰਾਰ ਕਿ ਮੈਂ ਇਸ ਤਰ੍ਹਾਂ ਦਾ ਕੰਮ ਨਈਂ ਕਰਨਾ ਚਾਹੁੰਦਾ। ਮੇਰੇ ਡਰਾਮੇ ਇਨਸਾਨੀਅਤ ਦੀ ਸਿੱਖਿਆ ਦੇਣ ਲਈ ਹੁੰਦੇ ਨੇ, ਨਫ਼ਰਤ ਫ਼ੈਲਾਉਣ ਲਈ ਨਈਂ। ਪਰ ਗੁਰਬਚਨ ਸਿੰਘ ਦਾ ਮਸਲਾ ਮੈਂ ਸਮਝ ਗਿਆ ਸੀ ਤੇ ਮੈਂ ਇਹ ਵੀ ਸਮਝ ਗਿਆ ਸੀ ਕਿ ਉਹ ਪਹਿਲੇ ਦਰਜੇ ਦਾ ਕੈਦੀ ਹੈ—ਨਾ ਉਹ ਪਾਕਿਸਤਾਨ ਵਿਚੋਂ ਬਾਹਰ ਜਾ ਸਕਦਾ ਏ, ਨਾ ਏਥੇ ਆਉਣ ਵਾਲੇ ਸਿੱਖ ਯਾਤਰੀਆਂ ਨੂੰ ਮਿਲ ਸਕਦਾ ਏ। ਹੁਣ ਉਹ ਇਕ ਅਜਿਹਾ ਭੇਤ ਸੀ ਜਿਸਨੂੰ ਹਿੱਕ ਵਿਚ ਲੁਕਾ ਕੇ ਈ ਰੱਖਿਆ ਜਾ ਸਕਦਾ ਏ ਤੇ ਉਹ ਪਾਕਿਸਤਾਨ ਦੀ ਹਿੱਕ ਵਿਚ ਮੌਜੂਦ ਸੀ।

ਮੈਂ ਏਨਾ ਵਿਅਸਤ ਰਹਿੰਦਾ ਹਾਂ ਕਿ ਮੇਰੇ ਕੋਲ ਅਜਿਹੇ ਕੰਮਾਂ ਲਈ ਸਮਾਂ ਕਿੱਥੇ ਹੁੰਦਾ ਏ। ਪਰ ਗੁਰਬਚਨ ਸਿੰਘ ਜਾਂ ਗੁਰਮੀਤ ਸਿੰਘ ਜਾਂ ਕੋਈ ਵੀ ਸਿੰਘ ਮੇਰੇ ਲਈ ਇਕ ਸਵਾਲ ਸੀ—ਕਿਉਂਕਿ ਉਹ ਇਕ ਇਨਸਾਨ ਵੀ ਤਾਂ ਸੀ। ਮੈਂ ਸਾਰੀ ਗੱਲ ਸਮਝ ਗਿਆ ਸੀ ਕਿ ਉਹ ਨਾ ਹੁਣ ਮੁਲਕ 'ਚੋਂ ਬਾਹਰ ਜਾ ਸਕਦਾ ਏ, ਨਾ ਉਹ ਵਾਪਸ ਆਪਣੇ ਮੁਲਕ ਜਾ ਸਕਦਾ ਏ—ਕਿਉਂਕਿ ਉਹ ਇਕ ਭੇਤ ਏ ਤੇ ਕੋਈ ਵੀ ਮੁਲਕ ਆਪਣਾ ਭੇਤ ਆਪਣੇ ਮੁਲਕ ਦੀਆਂ ਹੱਦਾਂ ਤੋਂ ਬਾਹਰ ਨਈਂ ਜਾਣ ਦੇ ਸਕਦਾ। ਗੁਰਬਚਨ ਸਿੰਘ ਇਹ ਗੱਲ ਤੇ ਆਪਣੀ ਗਲਤੀ ਸਮਝ ਚੁੱਕਿਆ ਸੀ। ਮੈਂ ਕਦੇ-ਕਦਾਈਂ ਉਸਨੂੰ ਮਿਲਣ ਜਾਂਦਾ ਰਹਿੰਦਾ ਸਾਂ। ਉਹ ਫ਼ੋਨ ਕਰ ਸਕਦਾ ਸੀ, ਖਾਣੇ ਬਣਾ ਸਕਦਾ ਸੀ, ਲਾਹੌਰ ਵਿਚ ਘੁੰਮ ਸਕਦਾ ਸੀ—ਪਰ ਜਾਹਿਰ ਏ ਉਸ 'ਤੇ ਨਜ਼ਰ ਰਹਿੰਦੀ ਸੀ ਕਿਉਂਕਿ ਉਹ ਖ਼ੁਫ਼ੀਆਂ ਭੇਤ ਸੀ। ਉਸਦੇ ਘਰ ਦੇ ਕੁਝ ਲੋਕ ਸਵੀਡਨ ਵਿਚ ਸਿਆਸੀ-ਪਨਾਹ ਲੈ ਚੁੱਕੇ ਸਨ। ਉਹ ਸਵੀਡਨ ਨਈਂ ਜਾ ਸਕਦਾ ਸੀ। ਉਸ ਕੋਲ ਕਿਸੇ ਵੀ ਮੁਲਕ ਦਾ ਪਾਸਪੋਰਟ ਨਈਂ ਸੀ।

ਮੈਂ ਕਦੇ-ਕਦਾਈਂ ਮਿਲਦਾ ਤਾਂ ਮੈਨੂੰ ਵੀ ਡਰ ਲੱਗਦਾ ਕਿ ਕਿਤੇ ਮੈਂ ਦੋਵਾਂ ਮੁਲਕਾਂ ਦੀ ਨਜ਼ਰ ਵਿਚ ਸ਼ੱਕੀ ਨਾ ਹੋ ਜਾਵਾਂ। ਮੈਂ ਮਿਲਣਾ ਛੱਡ ਦਿੱਤਾ। ਇਕ ਦਿਨ ਅਚਾਨਕ ਇਕ ਰੈਸਟੋਰੈਂਟ ਵਿਚ ਮੁਲਾਕਾਤ ਹੋ ਗਈ। ਕਹਿਣ ਲੱਗਾ, 'ਮਹਾਰਾਜ ਆਪਾਂ ਜੇ ਪਾਗਲ ਖ਼ਾਨੇ ਵਿਚ ਹੁੰਦੇ ਤਾਂ ਟੋਭਾ ਟੇਕ ਸਿੰਘ ਬਣ ਕੇ ਪਾਗਲਾਂ ਦੇ ਵੰਡਾਰੇ ਵਿਚ ਇੰਡੀਆ ਦੇ ਹਿੱਸੇ ਵਿਚ ਆ ਜਾਂਦੇ।'

ਮੈਂ ਉਸਨੂੰ ਕਿਹਾ ਕਿ 'ਲਾਹੌਰ ਖ਼ੂਬਸੂਰਤ ਸ਼ਹਿਰ ਏ, ਇਸਨੂੰ ਆਪਣਾ ਘਰ ਸਮਝੋ। ਮਟਨ ਕੜਾਹੀ ਤੇ ਚਿਕਨ ਟਿੱਕਾ ਤਾਂ ਤੁਹਾਨੂੰ ਪਸੰਦ ਏ। ਮੇਰੀ ਮੰਨੋ ਤਾਂ ਏਥੇ ਇਕ

ਢਾਬਾ ਖੋਲ੍ਹ ਲਓ। ਸਮਾਂ ਚੰਗਾ ਕਟ ਜਾਏਗਾ।' ਉਹ ਸਮਝ ਰਿਹਾ ਸੀ ਕਿ ਮੈਂ ਕਿਉਂ ਇੰਜ ਕਹਿ ਰਿਹਾ ਹਾਂ। ਮੇਰੇ ਕੋਲ ਉਸ ਲਈ ਕੋਈ ਮਲ੍ਹਮ ਨਈਂ ਸੀ। ਹੁਣ ਉਹ ਸਿਰਫ਼ ਆਪਣੇ ਮਰਨ ਦੀ ਉਡੀਕ ਕਰ ਰਿਹਾ ਸੀ। ਕਹਿੰਦਾ ਸੀ, 'ਕਾਸ਼! ਮੈਂ ਜੰਗੀ ਕੈਦੀ ਹੁੰਦਾ ਤਾਂ ਕਿਸੇ ਨਾ ਕਿਸੇ ਦਿਨ ਤਾਂ ਜਨੇਵਾ ਕਨਵੈਂਸ਼ਨ ਦੇ ਜਰੀਏ ਆਪਣੇ ਮੁਲਕ ਵਾਪਸ ਚਲਾ ਜਾਂਦਾ। ਹੁਣ ਤਾਂ ਮੇਰਾ ਸਟੇਟਸ ਕੁਝ ਵੀ ਨਈਂ।' ਮੈਂ ਉਸਨੂੰ ਸਮਝਾਇਆ ਕਿ 'ਤੂੰ ਦੋ ਮੁਲਕਾਂ ਦੀ ਲੜਾਈ ਵਿਚਕਾਰ ਘਾਹ ਏਂ। ਤੂੰ ਦੋ ਮੁਲਕਾਂ ਦੀ ਸਰਹੱਦ ਵਿਚਾਲੇ ਟੋਭਾ ਟੇਕ ਸਿੰਘ ਏਂ।'

ਫੇਰ ਸਮੇਂ ਦੇ ਨਾਲ-ਨਾਲ ਮੈਂ ਉਸਨੂੰ ਭੁੱਲ ਗਿਆ। ਉਹ ਮੇਰੇ ਚੇਤਿਆਂ ਵਿਚੋਂ ਤਿਲ੍ਹਕ ਗਿਆ। ਮੈਂ ਓਸ ਦੌਰਾਨ ਹਰ ਸਾਲ ਇੰਡੀਆ ਆਉਂਦਾ-ਜਾਂਦਾ ਰਿਹਾ। ਕਦੀ ਉਸਦਾ ਖ਼ਿਆਲ ਨਾ ਆਇਆ। ਇਕ ਦਿਨ ਅਚਾਨਕ...

ਹਾਂ, ਉਹ ਵੀ ਇਕ ਖ਼ਾਮੋਸ਼ ਦਿਨ ਸੀ। ਕਿਸੇ ਮੁਜਰਮ ਨੂੰ ਕਿਸੇ ਜੇਲ੍ਹ ਵਿਚ ਫ਼ਾਂਸੀ ਨਈਂ ਸੀ ਹੋਈ। ਕੋਈ ਵੱਡਾ ਹਾਦਸਾ ਵੀ ਨਹੀਂ ਹੋਇਆ ਸੀ। ਸਫ਼ੇਦ ਕੱਪੜਿਆਂ ਵਿਚ ਇਕ ਅਹਿਲਕਾਰ ਮੇਰੇ ਕੋਲ ਆਇਆ ਤੇ ਸੁਨੇਹਾ ਦਿੱਤਾ ਕਿ 'ਗੁਰਬਚਨ ਸਿੰਘ ਜਿਸਦੇ ਤਿੰਨ ਨਾਂ ਸਨ, ਕੱਲ੍ਹ ਗੁਜ਼ਰ ਗਿਆ।' ਤੁਰੰਤ ਚੇਤਿਆਂ ਵਿਚੋਂ ਨਿਕਲ ਕੇ ਉਹ ਸੱਤ ਫੁੱਟਾ ਸਰਦਾਰ ਸਾਹਮਣੇ ਆ ਖੜ੍ਹਾ ਹੋਇਆ। ਫੇਰ ਅਹਿਲਕਾਰ ਨੇ ਉਸਦੀ ਵਸੀਅਤ ਦੱਸੀ ਕਿ ਮੇਰੀ ਰਾਖ਼ ਮੇਰੀ ਭੈਣ ਦਲੀਪ ਕੌਰ ਨੂੰ ਪਹੁੰਚਾ ਦਿੱਤੀ ਜਾਏ। ਤੇ ਤੁਹਾਡਾ ਨਾਂ ਲਿਖਿਆ ਏ ਕਿ ਉਹਨਾਂ ਨੂੰ ਦੇ ਦੇਨੀਂ, ਉਹ ਇਹ ਕੰਮ ਕਰ ਦੇਣਗੇ। ਤੁਹਾਡਾ ਆਖ਼ਰੀ ਸਮੇਂ ਵਿਚ ਕਾਫੀ ਜ਼ਿਕਰ ਕਰਦੇ ਰਹੇ। ਇਹ ਉਹਨਾਂ ਦੀ ਇਮਾਨਤ ਏ ਤੇ ਇਹ ਪਤਾ।' ਇਹ ਕਹਿ ਕੇ ਅਹਿਲਕਾਰ ਚਲਾ ਗਿਆ।

ਸੁਖੀ ਸਿੰਘ ਨੇ ਸੁਖ ਦਾ ਸਾਹ ਲਿਆ ਕਿ ਇਕ ਹੋਰ ਕਹਾਣੀ ਦਾ ਅੰਤਮ ਸੰਸਕਾਰ ਹੋ ਗਿਆ ਏ। ਮੈਂ ਸੁਖੀ ਸਿੰਘ ਨੂੰ ਕਿਹਾ, "ਤੁਸੀਂ ਹੁਣ ਏਥੇ ਰੁਕੋ, ਮੈਂ ਇਹ ਇਮਾਨਤ ਇਕੱਲਾ ਦਲਜੀਤ ਕੌਰ ਨੂੰ ਦਿਆਂਗਾ। ਕੋਈ ਜਰੀਆ ਵਿਚਕਾਰ ਨਈਂ ਹੋਣਾ ਚਾਹੀਦਾ।" ਸੁਖੀ ਸਿੰਘ ਮੂੰਹ ਦੂਜੇ ਪਾਸੇ ਕਰਕੇ ਦਸ ਕਦਮ ਪਿੱਛੇ ਚਲੇ ਗਏ। ਮੈਂ ਪਰਚੀ 'ਤੇ ਲਿਖੇ ਪਤੇ ਵਾਲੇ ਮਕਾਨ ਦਾ ਦਰਵਾਜ਼ਾ ਖੜਕਾਇਆ। ਮੇਰੇ ਹੱਥ ਵਿਚ ਰਾਖ਼ ਵਾਲਾ ਬਰਤਨ ਸੀ ਜਿਹੜਾ ਮਿੱਟੀ ਦਾ ਬਣਿਆ ਹੋਇਆ ਸੀ। ਮਿੱਟੀ ਨੂੰ ਮਿੱਟੀ ਵਿਚ ਈ ਪੇਸ਼ ਕਰਨਾ ਚਾਹੀਦਾ ਏ। ਅੰਦਰੋਂ ਦਲਜੀਤ ਕੌਰ ਸਾਦੇ-ਸਫ਼ੇਦ ਕੱਪੜਿਆਂ ਵਿਚ ਦਰਵਾਜ਼ਾ ਖੋਲ੍ਹ ਕੇ ਸਾਹਮਣੇ ਆਈ ਤੇ ਕਾਹਲ ਨਾਲ ਪੁੱਛਣ ਲੱਗੀ—

"ਵੀਰਾ ਆ ਗਿਆ ਏਂ? ਦੇਰ ਜਿਹੀ ਦੇਰ ਲਾ ਦਿੱਤੀ। ਉਡੀਕ-ਉਡੀਕ ਕੇ ਬਨੇਰੇ ਦੇ ਪੰਛੀ ਵੀ ਚੁੰਝਾਂ ਲਕੋ ਕੇ ਪਰਾਂ ਹੇਠ ਸੌਂ ਗਏ।"

"ਤੁਹਾਨੂੰ ਮੇਰੀ ਉਡੀਕ ਸੀ? ਕਿਸ ਨੇ ਦੱਸਿਆ ਕਿ ਮੈਂ ਆਉਣਾ ਸੀ?" ਮੈਂ ਹੈਰਾਨੀ ਨਾਲ ਕਿਹਾ।

"ਵੀਰਾ ਮੈਂ ਤੇਰੇ ਨਾਲ ਨਈਂ ਏਸ ਮਿੱਟੀ ਦੇ ਭਾਂਡੇ ਵਿਚ ਮਿੱਟੀ ਹੋਏ ਆਪਣੇ ਵੀਰ ਨਾਲ ਗੱਲ ਕੀਤੀ ਏ।"

ਤਾਂ ਮੈਂ ਸਮਝਿਆ ਕਿ ਉਹ ਤਿੰਨ ਨਾਂਵਾਂ ਵਾਲੇ ਆਪਣੇ ਭਰਾ ਨਾਲ ਗੱਲ ਕਰ ਰਹੀ ਏ।



"ਵੀਰਾ—ਕਿਓਂ ਗਿਓਂ ਪ੍ਰਦੇਸ, ਗੋਲੀ ਖਾਣੀ ਸੀ ਤਾਂ ਏਥੇ ਛਾਤੀ ਸੌੜੀ ਪੈ ਗਈ ਸੀ ਜਾਂ ਵਿਹੜਾ ਤੰਗ ਹੋ ਗਿਆ ਸੀ?"

"ਭੈਣ ਮੈਂ ਪਾਕਿਸਤਾਨ ਤੋਂ ਤੇਰੇ ਭਰਾ ਦੀ ਆਖ਼ਰੀ ਰਸਮਾਂ ਦੀ ਰਾਖ਼ ਲਿਆਇਆ ਆਂ। ਇਹ ਮੇਰਾ ਫ਼ਰਜ਼ ਸੀ ਕਿ ਤੇਰੇ ਤਕ ਪਹੁੰਚਾ ਦਿਆਂ।"

"ਵੀਰਾ ਸਬਰ ਨਈਂ ਹੁੰਦਾ ਤੈਥੋਂ—ਵੀਰਾਂ ਦਾ ਜਦੋਂ ਅੰਤਮ ਸੰਸਕਾਰ ਹੁੰਦਾ ਏ ਤਾਂ ਧਰਤੀ ਦਾ ਕਾਲਜਾ ਕੰਬ ਜਾਂਦਾ ਏ। ਲਿਆ, ਦੇ ਮੈਨੂੰ ਮੇਰਾ ਵੀਰ ਮੇਰੇ ਹਵਾਲੇ ਕਰ। ਮੈਂ ਰੱਜ ਕੇ ਗੱਲਾਂ ਕਰਾਂਗੀ।"

ਮੈਂ ਉਹ ਮਿੱਟੀ ਦਾ ਭਾਂਡਾ ਉਸਨੂੰ ਫੜਾ ਦਿੱਤਾ।

ਦਰਵਾਜ਼ਾ ਬੰਦ ਕਰਦਿਆਂ ਉਸਨੇ ਮੈਨੂੰ ਇਹ ਕਹਿ ਤਾਅਨਾ-ਜਿਹਾ ਦਿੱਤਾ, "ਜਦੋਂ ਕਿਸੇ ਦੇ ਘਰ ਆਈਦਾ ਏ, ਤਾਂ ਪ੍ਰਾਹੁਣਾ ਬਣ ਕੇ ਨਈਂ ਆਪਣਾ ਬਣ ਕੇ ਆਈਦਾ ਏ।"

ਮੈਂ ਮਹਿਸੂਸ ਕੀਤਾ ਮੈਥੋਂ ਕੋਈ ਗਲਤੀ ਹੋ ਗਈ ਏ। ਮੇਰੇ ਪੈਰ ਥਾਂਵੇਂ ਜੰਮ ਗਏ। ਬਿਲਕੁਲ ਟੋਭਾ ਟੇਕ ਸਿੰਘ ਵਾਂਗ ਮੈਂ ਵੀ ਜਿਵੇਂ ਸਰਹੱਦ 'ਤੇ ਖੜ੍ਹਾ ਸੀ। ਮੈਨੂੰ ਮਹਿਸੂਸ ਹੋਇਆ ਮੈਂ ਖ਼ੁਸ਼ਵੰਤ ਸਿੰਘ ਦੀ ਰਾਖ਼ ਮਿੱਟੀ ਦੀ ਡੋਲੀ ਵਿਚ ਹੜਾਲੀ, ਜ਼ਿਲ੍ਹਾ ਸਰਗੋਧਾ ਪਹੁੰਚਾ ਦਿੱਤੀ ਹੈ। ਇਹ ਰਾਖ਼ ਏਧਰੋਂ-ਓਧਰ ਤੇ ਕਦੀ ਓਧਰੋਂ-ਏਧਰ ਆਉਂਦੀ ਰਹੇਗੀ—ਪਰ ਬਹੁਤੇ ਸਾਲਾਂ ਤਕ ਨਈਂ। ਬਸ ਆਖ਼ਰੀ ਇਕ ਅੱਧਾ ਪਾਗਲ ਸਰਦਾਰ ਬਾਕੀ ਬਚਿਆ ਹੋਏਗਾ।

# ਤਕਲੀਬ

**—ਮੰਜ਼ਹ ਅਹਿਤਸ਼ਾਮ ਗੋਂਦਲ**

ਹਵਾ ਦੇ ਇਕ ਤੇਜ਼ ਝੌਂਕੇ ਨੇ ਮੇਰੇ ਅੰਦਰ ਉਕਤਾਹਟ ਭਰ ਦਿੱਤੀ। ਰੇਤ ਤੇ ਮਿੱਟੀ ਦੇ ਇਸ ਅਥਾਹ ਰੇਗਿਸਤਾਨ ਵਿਚ ਇਹ ਕੰਮ ਮੁਸ਼ਕਲ ਤੇ ਲੰਮਾ ਹੁੰਦਾ ਜਾ ਰਿਹਾ ਸੀ। ਸਾਰੇ ਦਿਨ ਦੀ ਮਿਹਨਤ ਨੂੰ ਰਾਤ ਨੂੰ ਚੱਲਣ ਵਾਲੇ ਰੇਤ ਦੇ ਇਹ ਝੱਖੜ ਵਿਗਾੜ ਕੇ ਦੁੱਗਣਾਂ ਕਰ ਦਿੰਦੇ ਸਨ। ਬੜੀ ਮਿਹਨਤ ਤੇ ਮਿੱਟੀ 'ਚ ਮਿੱਟੀ ਹੋ ਕੇ ਲੱਭੀਆਂ ਗਈਆਂ ਕੜੀਆਂ ਨੂੰ ਰੇਤ ਫੇਰ ਰੋਲ-ਘਚੋਲ ਕਰ ਦਿੰਦੀ ਸੀ।

ਮੈਂ ਭੌਂ ਕੇ ਉਸ ਵੱਲ ਦੇਖਿਆ। ਮੈਂ ਉਸ ਵੱਲ ਦੇਖੇ ਬਿਨਾਂ ਨਈਂ ਰਹਿ ਸਕਦਾ। ਮੈਨੂੰ ਇੰਜ ਲੱਗਦਾ ਏ ਕਿ ਉਸ ਵੱਲ ਦੇਖਣਾ ਵੀ ਮੇਰੇ ਫ਼ਰਜ਼ ਵਿਚ ਸ਼ਾਮਿਲ ਏ...ਤੇ ਜੇ ਕਿਸੇ ਵੇਲੇ ਕਿਸੇ ਤਰ੍ਹਾਂ ਮੈਂ ਇਹ ਫ਼ਰਜ਼ ਨਾ ਨਿਭਾ ਸਕਿਆ ਤਾਂ ਕੋਈ ਵੱਡਾ ਕੱਚ ਰਹਿ ਜਾਏਗਾ। 'ਮਾਰੀਆ ਮਾਰਗਰੇਤਾ' ਉਹ ਆਪਣੇ ਕੰਮ ਵਿਚ ਪੂਰੀ ਤਰ੍ਹਾਂ ਰੁੱਝੀ-ਖੁੱਭੀ ਹੋਈ ਏ। ਬੜੀ ਨਜ਼ਾਕਤ ਨਾਲ ਬੁਰਸ਼ ਨਾਲ ਮਿੱਟੀ ਹਟਾ ਕੇ ਥੇਹ ਵਿਚ ਨੱਪੀ ਉਸ ਸ਼ੈ ਦੇ ਨੇੜੇ ਤੋਂ ਨੇੜੇ ਹੁੰਦੀ ਜਾ ਰਹੀ ਸੀ।

ਕੀ ਮੈਂ ਉਹਨਾਂ ਕਈ ਹਜ਼ਾਰ ਸਾਲ ਪਹਿਲਾਂ ਨੱਪੀਆਂ ਪੁਰਾਣੀਆਂ ਲਾਸ਼ਾਂ ਜਿੰਨਾ ਅਹਿਮ ਹੋ ਸਕਦਾ ਹਾਂ ਕਿ ਇਹ ਕੁੜੀ ਆਪਣੀ ਪੂਰੀ ਲਗਨ ਨਾਲ ਮੈਨੂੰ ਲੱਭਦੀ ਹੋਈ ਮੇਰੇ ਨੇੜੇ ਤੋਂ ਨੇੜੇ ਆਉਂਦੀ ਜਾਏ—ਤੇ ਫੇਰ ਕਿਸੇ ਪਲ ਅਚਾਨਕ ਮੇਰੇ ਪੂਰੇ ਵਜੂਦ ਦਾ ਕੋਈ ਹਜ਼ਾਰਵਾਂ ਹਿੱਸਾ ਲੱਭ ਕੇ ਖ਼ੁਸ਼ੀ ਨਾਲ ਇਕ ਕੰਨ-ਪਾੜਵੀਂ ਚੀਕ ਮਾਰੇ, ਪਰ ਮੈਨੂੰ ਪਤਾ ਏ—ਮੈਂ ਆਇਜ਼ਕ ਸਾਲੋਮਨ ਅੱਜ ਦਾ ਜਿਊਂਦਾ-ਜਾਗਦਾ, ਮੁਕੰਮਲ, ਪੂਰੇ ਵਜੂਦ ਸਮੇਤ ਹੁੰਦਾ ਹੋਇਆ ਵੀ ਇਸ ਲਈ ਏਨਾ ਅਹਿਮ ਨਈਂ ਜਿੰਨੀਆਂ ਉਹ ਕਈ ਹਜ਼ਾਰ ਵਰ੍ਹੇ ਪਹਿਲਾਂ ਦੱਬੀਆਂ ਗਈਆਂ ਲਾਸ਼ਾਂ ਨੇ। ਉਹ ਨਾ ਈ ਮੇਰੇ ਏਨਾ ਨੇੜੇ ਆ ਸਕਦੀ ਏ ਤੇ ਨਾ ਕਦੀ ਮੇਰੇ ਲੱਭ ਪੈਣ 'ਤੇ ਏਡੀ ਚੀਕ ਮਾਰ ਸਕਦੀ ਏ।

'ਮਾਰੀਆ ਮਾਰਗ੍ਰੇਟ' ਜਿਸ ਨੂੰ ਮੈਂ 'ਮਾਰੀਆ ਮਾਰਗਰੇਤਾ' ਕਹਿੰਦਾ ਹਾਂ—ਉਹ ਇਸ ਦਾ ਬੁਰਾ ਨਈਂ ਮੰਨਦੀ—ਕਿਉਂਕਿ ਜਦੋਂ ਉਹ ਮੈਨੂੰ 'ਅਸਹਾਕ ਸਲੇਮਾਨ' ਦੀ ਬਜਾਏ 'ਆਇਜ਼ਕ ਸਾਲੋਮਨ' ਕਹਿੰਦੀ ਏ ਤਾਂ ਮੈਨੂੰ ਵੀ ਬੁਰਾ ਨਈਂ ਲੱਗਦਾ। ਉਹ ਦੁਨੀਆਂ ਦੀ ਕਿਸੇ ਵੀ ਔਰਤ ਨਾਲੋਂ ਵੱਧ ਖ਼ੂਬਸੂਰਤ ਏ ਕਿਉਂਕਿ ਮੇਰੀ ਨਿਗਾਹ, ਦਿਲ ਤੇ ਸੁਹਜ ਦੀ ਤਲਬ ਏ ਤੇ ਮੇਰੀ ਰੂਹ ਨੂੰ ਪਸੰਦ ਏ। ਉਸਦੇ ਕਾਲੇ ਉੱਚੇ ਨੀਂਵੇਂ ਕੱਟੇ ਵਾਲਾਂ ਨੂੰ ਮੈਂ ਘੱਟ ਈ ਸੁਲਝਿਆ ਹੋਇਆ ਦੇਖਿਆ ਏ। ਜ਼ਿਆਦਾਤਰ ਉਸਦੇ ਵਾਲ ਉਸਦੀ ਪਿੱਠ ਤੇ ਮੋਢਿਆਂ



'ਤੇ ਝੂਲਦੇ ਰਹਿੰਦੇ ਨੇ ਜਿਹਨਾਂ ਨੂੰ ਕਦੇ-ਕਦਾਰ ਉਹ ਫੜ ਕੇ ਇਕੱਠਾ ਕਰਕੇ ਇਕ ਚੂੰਢੀ-ਜਿਹੀ ਵਿਚ ਕਸ ਦਿੰਦੀ ਏ। ਮੈਂ ਉਸਦੇ ਵਾਲਾਂ, ਲਿਬਾਸ ਤੇ ਬਦਨ ਦੇ ਨਾਲ ਇਸ ਲਈ ਜ਼ਿਆਦਾ ਖਿੱਚ ਮਹਿਸੂਸ ਕਰਦਾ ਹਾਂ ਕਿ ਉਹ ਮੇਰੇ ਵਾਂਗ ਈ ਉਹਨਾਂ ਨੂੰ ਵੀ ਕੋਈ ਖ਼ਾਸ ਅਹਿਮੀਅਤ ਨਈਂ ਦਿੰਦੀ। 'ਬਸ ਜੋ ਹੈ ਸੋ ਹੈ' ਦੇ ਅਖਾਣ ਮੁਤਾਬਿਕ ਉਹ ਉਹਨਾਂ ਚੀਜ਼ਾਂ ਨਾਲ ਆਪਣੇ ਕੁਦਰਤੀ ਰਿਸ਼ਤੇ ਨੂੰ ਨਿਭਾਈ ਜਾ ਰਹੀ ਏ। ਉਸਦਾ ਮੱਥਾ ਚੌੜਾ ਤੇ ਕੁਝ ਲੰਬੂਤਰਾ ਜਿਹਾ ਏ। ਬਿਨਾਂ ਬਾਂਹਵਾਂ ਦੀ ਕਮੀਜ਼ ਵਿਚੋਂ ਉਸਦੀਆਂ ਬਾਂਹਵਾਂ ਕਿਸੇ ਤਰ੍ਹਾਂ ਵੀ ਕਿਸੇ ਔਰਤ ਦੀਆਂ ਬਾਂਹਵਾਂ ਨਈਂ ਲੱਗਦੀਆਂ। ਨਾ ਈ ਮਰਦ ਦੀਆਂ। ਗਰਦਨ ਤੋਂ ਹੇਠਾਂ ਤੇ ਧੁੰਨੀ ਤੋਂ ਜ਼ਰਾ ਉਪਰ ਮੈਂ ਉਸਦੇ ਔਰਤ ਹੋਣ ਦੇ ਆਸਾਰ ਲੱਭਦਾ ਹਾਂ ਤਾਂ ਆਪਣੀ ਸੋਚ 'ਤੇ ਸ਼ਰਮਿੰਦਾ ਹੋਣਾ ਪੈਂਦਾ ਏ। ਮੈਨੂੰ ਉਸ ਬਾਰੇ ਇੰਜ ਨਈਂ ਸੋਚਣਾ ਚਾਹੀਦਾ। ਉਸਦਾ ਦਰਜਾ ਬੜਾ ਉੱਚਾ ਏ। ਪਰ ਕੀ ਜਿਸ ਔਰਤ ਦੀ ਬਾਂਹਵਾਂ ਦੀ ਬਣਤਰ ਤੇ ਗਰਦਨ ਤੋਂ ਹੇਠਲਾ ਹਿੱਸਾ ਚੀਕ-ਚੀਕ ਕੇ ਉਸਦੇ ਔਰਤ ਹੋਣ ਦੀ ਗਵਾਹੀ ਦਏ, ਉਸੇ ਦੀ ਇੱਜ਼ਤ ਕੀਤੀ ਜਾਣੀ ਚਾਹੀਦੀ ਏ...?

ਮੈਂ ਫੇਰ ਉਸ ਵੱਲ ਦੇਖਦਾ ਹਾਂ ਤੇ ਹਰ ਵਾਰੀ ਇਕ ਨਵੀਂ ਸੋਚ ਦੇ ਨਾਲ ਉਸ ਵੱਲ ਦੇਖਦਾ ਹਾਂ। ਉਹ ਪੂਰੀ ਲਗਨ ਨਾਲ ਆਪਣੇ ਕੰਮ ਵਿਚ ਮਗਨ ਏਂ। ਉਸ ਦੀਆਂ ਸਧੀਆਂ ਹੋਈਆਂ ਉਂਗਲਾਂ ਤੇਜ਼ੀ ਨਾਲ ਇਕ ਫ਼ੋਸਲ ਉੱਚੇ ਚੱਲ ਰਹੀਆਂ ਨੇ ਜਿਸਨੂੰ ਮੁਕੰਮਲ ਪ੍ਰਾਪਤ ਕਰ ਲੈਣ ਵਿਚ ਉਹ ਕਾਮਯਾਬ ਹੋਣ ਵਾਲੀ ਏ। ਮਹੀਨ ਗਰਦ ਦੀ ਤੈਹ ਉਸਦੇ ਵਾਲਾਂ, ਮੱਥੇ, ਪਲਕਾਂ, ਗਰਦਨ ਏਥੋਂ ਤਕ ਕਿ ਪੂਰੀ ਦੇਹ 'ਤੇ ਜੰਮੀ ਹੋਈ ਏ।

ਉਹ ਕੀ ਸੋਚਦੀ ਏ—ਮੈਂ ਨਈਂ ਜਾਣਦਾ। ਉਸ ਸਮੇਂ ਜਦੋਂਕਿ ਉਹ ਆਪਣੇ ਫ਼ੋਸਲ ਨਜ਼ਦੀਕ ਪਹੁੰਚਦੀ ਜਾ ਰਹੀ ਏ ਉਸਦੇ ਦਿਮਾਗ਼ ਵਿਚ ਕੀ ਏ—ਮੈਂ ਨਈਂ ਜਾਣਦਾ। ਮੈਂ ਵੀ ਤਾਂ ਉਸ ਵਾਂਗ ਜਿਆਲੋਜਿਸਟ ਹਾਂ, ਆਰਕੀਟਿਸਟ ਹਾਂ—ਫੇਰ ਮੈਂ ਜ਼ਮੀਨ ਦੀ ਬਜਾਏ ਉਸਦੇ ਧਿਆਨ ਤੇ ਬੇਧਿਆਨੀ ਦੀਆਂ ਤੈਹਾਂ ਕਿਉਂ ਖ਼ੁਰਚ ਰਿਹਾ ਹਾਂ। ਸ਼ਾਇਦ ਮੈਂ ਉਸ ਜਿੰਨਾ ਮਾਹਰ ਨਈਂ, ਮੈਨੂੰ ਉਸਦੀ ਬੇਧਿਆਨੀ ਵਿਚ ਅੱਪੜਣ ਲਈ ਕਈ ਹਜ਼ਾਰ ਵਰ੍ਹੇ ਪਿੱਛੇ, ਬੀਤੇ ਵਿਚ, ਜਾਣਾ ਪਏਗਾ। ਫੇਰ ਮੈਂ ਉਸ ਲਈ ਥੀਸਿਸ ਬਣ ਸਕਾਂਗਾ। ਕਿਸੇ ਹੜ੍ਹ, ਭੂਚਾਲ, ਕੁਦਰਤੀ ਆਫ਼ਤ ਵਿਚ ਤਬਾਹ ਹੋ ਜਾਣ ਵਾਲੀ ਕਿਸੇ ਪ੍ਰਾਚੀਨ ਬਸਤੀ ਦਾ ਬਸ਼ਿੰਦਾ, ਜਿਸ ਦੀਆਂ ਸੜੀਆਂ ਗਲੀਆਂ ਹੱਡੀਆਂ ਤੇ ਵਾਲਾਂ ਦੇ ਕਿਸੇ ਬਚੇ-ਖੁਚੇ ਹਿੱਸੇ ਨੂੰ ਲੱਭਦੀ-ਭਾਲਦੀ ਉਹ ਆਪਣੇ ਪਿੰਜਰ ਬਣੇ ਸਰੀਰ ਦੀ ਬਾਕੀ ਬਚੀ ਖੁਚੀ ਤਾਕਤ ਵੀ ਡਾਹ ਦਏਗੀ।

'ਮਾਰੀਆ ਮਾਰਗਰੇਤਾ' ਦੁਨੀਆਂ ਦੀ ਕਿਸੇ ਵੀ ਖ਼ੂਬਸੂਰਤ ਔਰਤ ਨਾਲੋਂ ਵੱਧ ਖ਼ੂਬਸੂਰਤ ਔਰਤ ਆਪਣੇ ਕੰਮ ਵਿਚ ਮਗਨ ਇਕ ਅਜਿਹੀ 'ਵਲੀ-ਔਲੀਆ' ਏ ਜਿਸਦੇ ਸਾਰੇ ਅੰਦਰੂਨੀ ਹਿੱਸੇ ਰੌਸ਼ਨ ਨੇ। ਉਸਦੇ ਹੱਥ ਮੇਰੀ ਕਮਜ਼ੋਰੀ ਲੱਗ ਗਈ ਏ। ਮੈਂ ਚੁੱਪ ਅੱਗੇ ਹਾਰ ਜਾਂਦਾ ਹਾਂ ਤੇ ਉਹ ਚੁੱਪ ਹੋ ਜਾਂਦੀ ਏ। ਏਥੋਂ ਤਕ ਕਿ ਮੇਰੇ ਸਬਰ ਦੇ ਬੰਨ੍ਹ ਟੁੱਟਣ 'ਤੇ ਆ ਜਾਂਦੇ ਨੇ ਤਾਂ ਉਹ ਢਿੱਲ ਦੇ ਦਿੰਦੀ ਏ। ਉਹ ਰੁਤਬਾ ਜਿਹੜਾ ਹਜ਼ਾਰਾਂ ਸਾਲ ਪੁਰਾਣੇ ਫ਼ੋਸਲਜ਼ ਤੇ ਦਫ਼ਨ ਲਾਸ਼ਾਂ ਨੇ ਹਾਸਲ ਕਰ ਲਿਆ ਏ—ਉਸ 'ਤੇ ਅਸਲ ਵਿਚ ਮੇਰਾ ਹੱਕ ਸੀ। ਏਨੀ ਬਾਰੀਕੀ ਤੇ ਡੂੰਘਿਆਈ ਨਾਲ ਮੈਨੂੰ ਉਸਦੀ ਤਵੱਜਾ ਦੀ ਲੋੜ ਸੀ। ਪਰ ਮੈਂ ਤਾਂ

ਇਕ ਆਮ ਜਿਹਾ ਜਿਊਂਦਾ ਜਾਗਦਾ ਇਨਸਾਨ ਹਾਂ ਜਿਹੜਾ ਉਸਦੇ ਲਈ ਕਿਸੇ ਵਿਸ਼ੇਸ਼ ਖਿੱਚ ਦਾ ਸਬੱਬ ਨਹੀਂ ਬਣ ਸਕਦਾ। ਜ਼ਮੀਨ ਦੇ ਹੇਠ ਦਫ਼ਨ ਹਜ਼ਾਰਾਂ ਸਾਲ ਪੁਰਾਣੇ ਸ਼ਹਿਰ, ਸਭਿਅਤਾਵਾਂ, ਧਰਮ, ਇਨਸਾਨ ਦੀਆਂ ਬਣਾਈਆਂ ਸ਼ੈਵਾਂ ਤੇ ਇਨਸਾਨ ਦਫ਼ਨ ਨੇ—ਪਰ ਜਜ਼ਬਾਤ ਨਹੀਂ। ਜਦੋਂ ਉਸਨੂੰ ਜਜ਼ਬਿਆਂ ਦੀ ਲੋੜ ਹੋਏਗੀ, ਉਦੋਂ ਇਹ ਕੀ ਕਰੇਗੀ ? ਫੇਰ ਤਾਂ ਇਸਨੂੰ ਲਾਜ਼ਮੀ ਮੇਰੇ ਵਜੂਦ ਅੰਦਰ ਸੰਨ੍ਹ ਲਾਉਣੀ ਪਏਗੀ। ਤੇ ਮੇਰੇ ਅੰਦਰ ਇਕ ਚਾਨਣ ਹੁੰਦਾ ਏ ਕਿ ਜਜ਼ਬੇ ਸਿਰਫ਼ ਜਾਨਦਾਰਾਂ ਵਿਚ ਹੁੰਦੇ ਨੇ—ਬੇਜਾਨ ਸ਼ੈਵਾਂ ਵਿਚ ਖਿੱਚ ਤਾਂ ਹੋ ਸਕਦੀ ਏ ਅਹਿਸਾਸ ਜਾਂ ਜਜ਼ਬਾਤ ਨਹੀਂ।

ਮੈਂ ਆਪਣੇ ਸਮੇਂ ਦਾ ਬਿਹਤਰ ਹਿੱਸਾ ਉਸ ਔਰਤ ਬਾਰੇ ਸੋਚਣ ਵਿਚ ਕਿਉਂ ਬਿਤਾ ਦਿੰਦਾ ਹਾਂ ਜਿਸਦੀ ਅਸਲ ਵਿਚ ਮੈਨੂੰ ਕੋਈ ਜ਼ਰੂਰਤ ਨਹੀਂ। ਮੈਂ ਉਸ ਬਾਰੇ ਏਨਾ ਸੋਚਿਆ ਏ ਕਿ ਕਦੀ-ਕਦੀ ਤਾਂ ਮੈਨੂੰ ਲੱਗਣ ਲੱਗ ਪੈਂਦਾ ਏ ਕਿ ਮੈਂ ਇਕੋ ਬਿੰਦੂ 'ਤੇ ਸਿਮਟ ਕੇ ਰਹਿ ਗਿਆ ਹਾਂ...ਪਰ ਮੇਰਾ ਇਹ ਸਿਮਟਣਾ ਵੀ ਉਸਦੇ ਅੰਦਰਲੀ ਤਰਤੀਬ ਵਿਚ ਕੋਈ ਭੰਵਰ ਨਹੀਂ ਪੈਦਾ ਕਰ ਸਕਿਆ।

ਕੀ ਮੈਂ ਆਪਣੀ ਨਾਕਾਮੀ ਦਾ ਸੋਗ ਮਨਾ ਰਿਹਾ ਹਾਂ ?

ਕੀ ਜਿਊਂਦੇ ਆਦਮੀ ਨੂੰ ਕਾਬੂ ਵਿਚ ਕਰਨਾ, ਬੇਜਾਨ ਤੇ ਘਾਹ ਫੂਸ ਨਾਲੋਂ ਵਧੇਰੇ ਮੁਸ਼ਕਲ ਹੈ ?

ਉਹ ਆਖ਼ਰ ਕਿਉਂ ਮੇਰੇ ਵੱਲ ਧਿਆਨ ਨਹੀਂ ਦਿੰਦੀ। ਮੈਨੂੰ ਉਸਦੇ ਫ਼ੋਸਲਜ਼ ਨਾਲ ਈਰਖਾ ਮਹਿਸੂਸ ਹੋਣ ਲੱਗੀ ਏ...ਤੇ ਜਲਦੀ ਈ ਮੈਂ ਉਸ ਵਾਹਯਾਤ ਕੰਮ ਨੂੰ ਛੱਡ ਦਿਆਂਗਾ। ਉਹ ਗਲੀਆਂ-ਸੜੀਆਂ ਹੱਡੀਆਂ ਤੇ ਬੁਸੇ ਹੋਏ ਚੀਥੜੇ ਜਿਹਨਾਂ ਨੂੰ ਦੇਖ ਕੇ ਅਸੀਂ ਇੰਜ ਖ਼ੁਸ਼ ਹੋ ਜਾਂਦੇ ਹਾਂ ਜਿਵੇਂ ਪੁਲਾੜ ਵਿਚ ਕੋਈ ਨਵਾਂ ਗ੍ਰਹਿ ਲੱਭ ਪਿਆ ਹੋਵੇ।

ਰਾਤ ਵੇਲੇ ਉਸ ਰੇਗਿਸਤਾਨ ਵਿਚ ਰੋਸ਼ਨੀ ਨਾਕਾਫ਼ੀ ਪਰ ਭਲੀ ਲੱਗਦੀ ਏ। "ਹਾਂ ਤਾਂ ਆਇਜ਼ਕ ਸਾਲੋਮਨ ਤੂੰ ਕੀ ਸੋਚ ਰਿਹਾ ਏਂ ?" ਉਹ ਮੇਰੇ ਨੇੜੇ ਬੈਠੀ ਹੋਈ ਪੁੱਛ ਰਹੀ ਏ। ਉਸਦੇ ਬਦਨ ਵਿਚੋਂ ਕਿਸੇ ਕਰੀਮ ਯਾਂ ਲੋਸ਼ਨ ਦੀ ਸੁਹਾਵਣੀ ਸੁਗੰਧ ਆ ਰਹੀ ਏ। ਸ਼ਾਇਦ ਉਹ ਪੂਰੇ ਜਿਸਮ ਨੂੰ ਸਕਰੈਬ ਕਰਕੇ, ਸਾਫ਼ ਕਰਕੇ, ਆਈ ਏ। ਰੇਗਿਸਤਾਨ ਵਿਚ ਪਾਣੀ ਨਹੀਂ ਮਿਲਦਾ ਤੇ ਜਿੰਨਾ ਕੁ ਸਾਡੇ ਕੋਲ ਹੈ, ਉਹ ਨਹਾਉਣ ਲਈ ਇਸਤੇਮਾਲ ਕਰੀਏ ਤਾਂ ਪਿਆਸੇ ਮਰ ਜਾਈਏ। ਮੈਂ ਇਕ ਅਜੀਬ-ਜਿਹੀ ਈਰਖਾ ਨਾਲ ਸੋਚਦਾ ਹਾਂ ਕਿ ਉਸਦਾ ਨੱਕ ਚੜ੍ਹਾਉਣ ਦਾ ਕਾਰਨ ਬਿਲਕੁਲ ਸਪੱਸ਼ਟ ਏ—ਦੋ ਜਣੇ ਨਹਾਏ ਬਗ਼ੈਰ ਆਪੋ-ਆਪਣੀ ਬਦਬੂ ਵਿਚ ਲਿਪਟੇ ਨੇੜੇ-ਨੇੜੇ ਬੈਠਦੇ ਨੇ ਤਾਂ ਇਕ ਦੂਜੇ ਦੇ ਬਦਨ ਦੀ ਅਸੁਖਾਵੀਂ ਬੂ ਨੂੰ ਫ਼ੌਰਨ ਮਹਿਸੂਸ ਨਹੀਂ ਕਰ ਸਕਦੇ। ਜਦੋਂ ਉਹਨਾਂ ਵਿਚੋਂ ਇਕ ਨਹਾ-ਧੋ ਕੇ ਸਾਫ਼ ਹੋ ਜਾਏ ਤਾਂ ਦੂਜੇ ਦੇ ਗੰਦੇ ਬਦਨ ਦੀ ਬੂ ਫ਼ੌਰਨ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੰਦੀ ਏ। ਮੈਂ ਦੂਰ ਖਿਸਕਣ ਦੀ ਕੋਸ਼ਿਸ਼ ਕਰਦਾ ਹਾਂ। ਤੈਨੂੰ ਖ਼ੁਦ ਨੂੰ ਸਾਫ਼ ਨਹੀਂ ਕਰਨਾ ਚਾਹੀਦਾ ਸੀ, ਜਾਂ ਫੇਰ ਮੈਨੂੰ ਵੀ ਨਹਾ ਲੈਣਾ ਚਾਹੀਦਾ ਏ। ਉਹ ਗੁੱਝਾ ਜਿਹਾ ਮੁਸਕਰਾ ਕੇ ਮੇਰੇ ਵੱਲ ਦੇਖਦੀ ਏ।

"ਦੋ ਵੱਖੋ-ਵੱਖਰੀਆਂ ਹਾਲਤਾਂ ਆਪੋ ਵਿਚ ਆ ਜੁੜਦੀਆਂ ਨੇ। ਕੀ ਤੂੰ ਕਦੀ ਨਹੀਂ ਪੜ੍ਹਿਆ ?"



ਮੇਰੀ ਨੱਕ ਇਹਨਾਂ ਅਸੂਲਾਂ ਤੋਂ ਪਰ੍ਹੇ ਹੈ। ਉਸਦੇ ਆਪਣੇ ਫ਼ੈਸਲੇ ਨੇ। ਮੈਂ ਜਵਾਬ ਦਿੰਦਾ ਹਾਂ, ਉਹ ਚੁੱਪ ਰਹਿਣ ਨੂੰ ਪਹਿਲ ਦਿੰਦੀ ਏ। ਵੈਸੇ ਵੀ ਗੱਲਬਾਤ ਦੀ ਕੋਈ ਲੋੜ ਨਹੀਂ। ਜਦੋਂ ਰਿਸ਼ਤਾ ਹਰ ਤਰ੍ਹਾਂ ਦੇ ਮੰਤਕ ਤੋਂ ਆਜ਼ਾਦ ਹੋ ਜਾਏ ਤਾਂ ਫੇਰ ਬੋਲਣ ਦੀ ਲੋੜ ਈ ਕੀ ਏ। ਮੇਰੇ ਨਾਲੋਂ ਵੱਖਰਾ ਰਹਿਣਾ ਜਾਂ ਫ਼ਾਸਲਾ ਬਣਈ ਰੱਖਣਾ ਉਸਦੀ ਮਜਬੂਰੀ ਏ—ਆਦਤ ਜਾਂ ਫੇਰ ਸ਼ੁਗਲ, ਇਸਦਾ ਅਜੇ ਫ਼ੈਸਲਾ ਨਹੀਂ ਹੋ ਸਕਿਆ। ਦਫ਼ਤਰ ਵਿਚ ਬੈਠੀ ਹੋਰ ਲੋਕਾਂ ਨਾਲ ਹੱਸਦੀ ਰਹਿੰਦੀ ਏ। ਚੁੰਝ ਚਰਚਾ ਛੇੜੀ ਰੱਖਦੀ ਏ। ਉਸਦਾ ਆਨੰਦ ਮਾਣਦੀ ਰਹਿੰਦੀ ਏ ਪਰ ਜਿਵੇਂ ਈ ਮੈਂ ਦਫ਼ਤਰ ਵਿਚ ਪੈਰ ਧਰਦਾ ਹਾਂ, ਮਮਲਾ ਉਲਟਾ ਹੋ ਜਾਂਦਾ ਏ। ਉਹ ਰੁੱਝ ਜਾਂਦੀ ਏ। ਏਧਰ-ਉਧਰ ਕੁਝ ਲੱਭਦੀ ਏ...ਜੇ ਹੋਰ ਨਹੀਂ ਤਾਂ ਕਿਸੇ ਨਾ ਕਿਸੇ ਨੂੰ ਫ਼ੋਨ ਲਾ ਕੇ ਲੰਮੀ ਗੱਲਬਾਤ ਸ਼ੁਰੂ ਕਰ ਦਿੰਦੀ ਏ, ਵਰਨਾ ਕੰਪਿਊਟਰ ਤਾਂ ਹੈ ਈ। ਪੁਰਾਣੇ ਖਾਤੇ, ਡਰਾਫ਼ਟ, ਲੰਮੇ-ਚੌੜੇ ਬਿੱਲ ਉਸਨੂੰ ਯਾਦ ਆ ਜਾਂਦੇ ਨੇ ਕਿ ਉਸਨੇ ਬਣਾਉਣੇ ਨੇ। ਚਲੋ ਖ਼ੈਰ, ਮੇਰੇ ਜਾਣ ਕਰਕੇ ਉਸਦੇ ਅਧੂਰੇ ਕੰਮ ਤਾਂ ਮੁਕੰਮਲ ਹੋ ਜਾਂਦੇ ਨੇ। ਇਹ ਖ਼ਿਆਲ ਵੀ ਮੇਰੇ ਲਈ ਤਸੱਲੀਬਖ਼ਸ਼ ਏ ਕਿ ਉਹ ਬੜੇ ਸੁਚੱਜੇ ਢੰਗ ਨਾਲ ਉਹ ਸਮਾਂ ਮੇਰੇ ਵੱਲੋਂ ਬੇਪ੍ਰਵਾਹ ਰਹਿ ਕੇ ਇਸਤੇਮਾਲ ਕਰ ਲੈਂਦੀ ਏ। ਜਦੋਂ ਤਕ ਕਿ ਮੈਂ ਉੱਠ ਨਹੀਂ ਜਾਂਦਾ ਤੇ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਮੇਰੇ ਉੱਠਣ ਦੇ ਫ਼ੌਰਨ ਬਾਅਦ ਈ ਉਹ ਇਕ ਉਭਾ ਸਾਹ ਖਿੱਚ ਕੇ, ਆਪਣੇ ਮੇਜ਼ 'ਤੇ ਸਿਰ ਟਿਕਾ ਕੇ, ਇਹ ਸਭ ਸੋਚਦੀ ਜ਼ਰੂਰ ਹੋਏਗੀ।

ਉਸਨੇ ਸਿਰਫ਼ ਇਕ ਵਾਰੀ ਈ ਪੁੱਛਿਆ, "ਕੀ ਸੋਚ ਰਹੇ ਓ ?" ਤੇ ਜਵਾਬ ਨਾ ਮਿਲਣ 'ਤੇ ਆਪਣੇ ਧਿਆਨ ਵਿਚ ਮਗਨ ਹੋ ਗਈ। ਉਹ ਹਮੇਸ਼ਾ ਤੋਂ ਇਹੋ-ਜਿਹੀ ਏ। ਮੈਂ ਉੱਠ ਕੇ ਤੁਰ ਪੈਂਦਾ ਹਾਂ। ਮੈਂ ਜਾਣਦਾ ਹਾਂ ਕਿ ਉਹ ਮੈਨੂੰ ਬੁਲਾਏਗੀ, ਨਾ ਰੁਕਣ ਲਈ ਕਹੇਗੀ—ਬਸ ਇਕ ਵਾਰੀ ਮੈਨੂੰ ਜਾਂਦਿਆਂ ਹੋਇਆਂ ਦੇਖ ਕੇ ਆਪਣੇ ਮੂੰਹ ਧਿਆਨੇ ਹੋ ਜਾਏਗੀ। ਫੇਰ ਵੀ ਮੈਂ ਖ਼ੁਦ ਨੂੰ ਉਸ ਲਈ ਮਜਬੂਰੀ ਮਹਿਸੂਸ ਕਰਦਾ ਹਾਂ। ਮੈਂ ਉਸ ਵੱਲ ਦੇਖੇ ਬਗ਼ੈਰ ਰਹਿ ਨਹੀਂ ਸਕਦਾ।

ਮੈਨੂੰ ਵੀ ਇਕ ਅਜੀਬ ਆਦਤ ਏ—ਉਸਦੀ ਨੇੜਤਾ ਦੇ ਘੇਰੇ ਵਿਚ ਆਉਣ ਲਈ ਤੜਫ਼ਦਾ ਰਹਿੰਦਾ ਹਾਂ ਪਰ ਜਿਵੇਂ ਈ ਉਹ ਮੇਰੇ ਵੱਲ ਧਿਆਨ ਦਿੰਦੀ ਏ, ਮੈਂ ਕਤਰਾ ਕੇ ਨਿਕਲ ਜਾਂਦਾ ਹਾਂ—ਜਿਵੇਂ ਹੁਣੇ ਹੋਇਆ ਏ। ਉਹ ਮੇਰੇ ਕੋਲ ਆ ਕੇ ਬੈਠੀ ਏ। ਹੋ ਸਕਦਾ ਏ ਇਸ ਵੇਲੇ ਉਹ ਕਿਸੇ ਜਜ਼ਬੇ ਦੇ ਅਸਰ ਵਿਚ ਹੋਵੇ ਪਰ ਮੈਂ ਉੱਠ ਕੇ ਆ ਗਿਆ ਹਾਂ ਤੇ ਹੁਣ ਦੇਰ ਤਕ ਖਿਝਦਾ-ਕਰਿਝਦਾ ਰਹਾਂਗਾ।

ਰਾਤ ਨੂੰ ਚੱਲਣ ਵਾਲੀ ਹਨੇਰੀ ਤੇ ਹਵਾ ਸਾਰੇ ਦਿਨ ਦੀ ਖੋਦ-ਖੋਦ ਕੇ ਕੱਢੀ ਲੱਭਤ 'ਤੇ ਰੇਤ ਦੀ ਚਾਦਰ ਪਾ ਦਿੰਦੀ ਏ। ਰਾਤ ਵੀ ਕੇਡੀ ਪਰਦਾਪੋਸ਼ ਏ—ਜ਼ਮਾਨੇ ਦੀ ਕੁੱਖ ਵਿਚ ਛੁਪੀਆਂ ਕਹਾਣੀਆਂ ਦੇ ਨੰਗੇਜ਼ ਨੂੰ ਬਰਦਾਸ਼ਤ ਨਹੀਂ ਕਰਦੀ ਤੇ ਰਾਤੋ-ਰਾਤ ਉਹਨਾਂ 'ਤੇ ਚਾਦਰ ਸਰਕਾ ਦਿੰਦੀ ਏ... ਪਰ ਇਨਸਾਨੀ ਅਜੀਬ ਫ਼ਿਤਰਤ ਤੇ ਬੇਪ੍ਰਦਾਕਾਰੀ ਦੀ ਆਦਤ ਦਾ ਕੀ ਕੀਤਾ ਜਾਏ ਕਿ ਜ਼ਮਾਨੇ ਤੇ ਇਤਿਹਾਸ ਦੇ ਹਰ ਭੇਤ ਦੀ ਟੋਹ ਵਿਚ ਲੱਗਿਆ ਰਹਿੰਦਾ ਏ। ਅਸੀਂ ਇਕ ਪ੍ਰਾਚੀਨ ਤੇ ਚਿਰਕੇ ਥੇਹ ਹੋਏ ਸ਼ਹਿਰ ਦੀ ਹਸਤੀ ਨੂੰ ਲੱਭ ਰਹੇ ਸੀ ਤੇ ਇਕ ਸ਼ਹਿਰ ਮੇਰੇ ਵਜੂਦ ਅੰਦਰ ਢੱਕਿਆ ਪਿਆ ਸੀ।

ਰਾਤ ਦਾ ਵੇਲਾ ਰੇਗਿਸਤਾਨ ਵਿਚ ਬੜਾ ਖ਼ੁਸ਼ਗਵਾਰ ਹੁੰਦਾ ਏ। ਇਕ ਅਜੀਬੋ-

ਗ਼ਰੀਬ ਜਿਹੀ ਦੇਹ ਨੂੰ ਗੁਦਗੁਦਾਉਂਦੀ ਹੋਈ ਠੰਢਕ ਦੂਰ-ਦੂਰ ਤਕ ਫ਼ੈਲੀ ਹੁੰਦੀ ਏ। ਇਕ ਵਾਰੀ ਇੰਜ ਈ ਜਦੋਂ ਉਹ ਮੇਰੇ ਕੋਲ ਆ ਕੇ ਬੈਠ ਗਈ ਸੀ ਤਾਂ ਮੈਂ ਉਸ ਨੂੰ ਪੁੱਛਿਆ ਸੀ—

"ਮਾਰੀਆ, ਕੀ ਤੈਨੂੰ ਇਹ ਸਖ਼ਤ, ਬੇਢਵਾ ਕੰਮ ਈ ਲੱਭਿਆ ਸੀ ਕਰਨ ਲਈ ?"

"ਤਾਂ ਤੇਰੇ ਖ਼ਿਆਲ 'ਚ ਮੈਨੂੰ ਕੀ ਕਰਨਾ ਚਾਹੀਦਾ ਸੀ ?" ਉਸਨੇ ਉਲਟਾ ਸਵਾਲ ਕਰ ਦਿੱਤਾ ਸੀ।

"ਤੂੰ ...!!!" ਮੈਂ ਬੌਂਦਲ ਗਿਆ, "ਬਹੁਤ ਸਾਰੇ ਕੰਮ ਨੇ।"

"ਜਿਵੇਂ ਕਿ... ?"

"ਜਿਵੇਂ ਇਹ ਕਿ ਤੂੰ ਕਾਗਜ਼ ਦੇ ਫੁੱਲ ਬਣਾਉਂਦੀ, ਕੱਪੜਿਆਂ 'ਤੇ ਕਢਾਈ ਕਰਦੀ, ਖਾਣਾ ਬਣਾਉਂਦੀ, ਅਚਾਰ ਪਾਉਂਦੀ, ਮੁਰੱਬੇ, ਜਾਮ, ਚਟਨੀਆਂ ਤਿਆਰ ਕਰਦੀ। ਗਰਮੀਆਂ ਦੀਆਂ ਸਬਜ਼ੀਆਂ, ਸਰਦੀਆਂ ਵਿਚ ਖਾਣ ਲਈ ਸੁਕਾ ਲੈਂਦੀ। ਹੋਰ ਵੀ ਬਹੁਤ ਸਾਰੇ ਕੰਮ ਨੇ ਜੋ ਇਕ ਨਾਜ਼ੁਕ-ਮਲੂਕ ਔਰਤ ਈ ਕਰ ਸਕਦੀ ਏ। ਜਦੋਂ ਸੁਰਖ਼-ਸੂਹੀਆਂ ਰਸਭਰੀਆਂ ਨੂੰ ਕਿਸੇ ਔਰਤ ਦੀਆਂ ਲੰਮੀਆਂ- ਨਾਜ਼ੁਕ ਉਂਗਲਾਂ ਚਾਕੂ ਨਾਲ ਕੱਟ ਰਹੀਆਂ ਹੁੰਦੀਆਂ ਨੇ ਤਾਂ ਮੈਂ ਉਸ ਮੰਜ਼ਰ ਵਿਚ ਗਵਾਚ ਜਾਂਦਾ ਹਾਂ। ਉਦੋਂ ਚਾਕੂ ਵਰਗਾ ਸ਼ੱਕੀ ਹਥਿਆਰ ਵੀ ਉਹਨਾਂ ਉਂਗਲਾਂ ਤੇ ਰਸਭਰੀਆਂ ਦੀ ਸਾਂਝੀਦਾਰ ਬਣਿਆ ਹੁੰਦਾ ਏ। ਪਰ ਜਦ ਕਦੀ ਮੈਂ ਉਸ ਦ੍ਰਿਸ਼ ਵਿਚ ਚਾਕੂ ਤੇ ਰਸਭਰੀਆਂ ਨਾਲ ਕਿਸੇ ਮਰਦ ਦੀਆਂ ਉਂਗਲਾਂ ਦੇਖਾਂ ਤਾਂ ਬਰਦਾਸ਼ਤ ਨਈਂ ਕਰ ਸਕਦਾ...ਤੇ ਮੈਨੂੰ ਲਾਜ਼ਮੀ ਤੌਰ 'ਤੇ ਕੈ ਆਉਣ ਲੱਗਦੀ ਏ।" ਮੈਂ ਰੁਕ ਗਿਆ।

"ਤੇਰੀ ਫ਼ਿਤਰਤ ਵੀ ਅਜੀਬ ਏ ਆਇਜ਼ਕ ਸਾਲੋਮਨ ! ਔਰਤ ਦੀਆਂ ਉਂਗਲਾਂ ਦਾ ਕੰਮ ਸਿਰਫ਼ ਕਾਗਜ਼ ਦੇ ਫੁੱਲ ਬਣਾਉਣਾ, ਖਾਣ ਲਈ ਅਚਾਰ ਤੇ ਸਬਜ਼ੀਆਂ ਕੱਟਣਾ ਤੇ ਕੱਪੜਿਆਂ 'ਤੇ ਕਢਾਈ ਕਰਨ ਤਕ ਈ ਤੇਰੀ ਸੋਚ ਦਾ ਆਖ਼ਰੀ ਮਿਆਰ ਏ। ਉਹ ਆਟਾ ਗੁੰਨ੍ਹ ਕੇ ਰੋਟੀ ਪਕਾ ਸਕਦੀ ਏ ਤੇ ਮਿੱਟੀ ਨੂੰ ਗੁੰਨ੍ਹ ਕੇ ਭਾਂਡੇ ਵੀ ਬਣਾ ਸਕਦੀ ਏ। ਉਸਦੇ ਹੱਥ ਹਮੇਸ਼ਾ ਜ਼ਿੰਦਗੀ ਦਾ ਵਧੇਰੇ ਹਿੱਸਾ ਭਾਂਡਿਆਂ, ਕੱਪੜਿਆਂ, ਆਟੇ ਤੇ ਸਬਜ਼ੀਆਂ ਵਿਚ ਉਲਝੇ ਰਹਿੰਦੇ ਨੇ। ਇਹ ਹੱਥ ਕਦੇ ਤਸ਼ੱਦਦ ਲਈ ਨਈਂ ਉੱਠਦੇ ਤੇ ਨਾ ਈ ਕਦੀ ਟਰੈਗਰ ਦਬਾਉਂਦੇ ਨੇ—ਬਲਕਿ ਜ਼ਹਿਰ ਦੀ ਮਾਮੂਲੀ-ਜਿਹੀ ਚੁਟਕੀ ਨੂੰ ਮੂੰਹ ਤਕ ਲੈ ਜਾਂਦੇ ਨੇ ਤੇ ਨਾਲ ਈ ਪਾਣੀ ਵੀ ਪਿਆ ਦਿੰਦੇ ਨੇ। ਇਹ ਸਾਰੇ ਕੰਮ ਜਿਹੜੇ ਔਰਤ ਦੇ ਹੱਥ ਨੇਫ਼ਰੇ ਚਾੜ੍ਹਦੇ ਨੇ ਸਿਰਫ਼ ਭਾਵਨਾ ਤੇ ਭਾਵੁਕਤਾ ਹੈ। ਔਰਤ ਦਾ ਦਿਲ ਤੇ ਉਸਦੇ ਹੱਥ ਕਦੀ ਕੋਈ ਗ਼ੈਰ-ਭਾਵੁਕ ਕੰਮ ਨਈਂ ਕਰਦੇ। ਹਾਂ, ਉਹ ਕੁਝ ਕੁ ਅਮਲ ਜਿਹੜੇ ਗ਼ੈਰ-ਭਾਵਨਾ ਦੇ ਦਾਇਰੇ 'ਚ ਆਉਂਦੇ ਨੇ, ਉਹ ਵੀ ਮਰਦ ਕਰਵਾਉਂਦਾ ਏ। ਉਹ ਔਰਤ ਦਾ ਹੱਥ ਫੜ ਕੇ ਉਸ ਪਾਸੇ ਲੈ ਜਾਂਦਾ ਏ ਜਿੱਧਰ ਖ਼ੁਦ ਔਰਤ ਨਈਂ ਜਾਣਾ ਚਾਹੁੰਦੀ। ਉਹ ਉਸ ਤੋਂ ਉਹ ਕਰਵਾਉਂਦਾ ਜੋ ਉਹ ਨਈਂ ਕਰਨਾ ਚਾਹੁੰਦੀ।" ਮੈਂ ਸ਼ਰਮ ਨਾਲ ਪਾਣੀ-ਪਾਣੀ ਹੋ ਜਾਂਦਾ ਹਾਂ। ਮੈਂ ਕਿਉਂ ਸ਼ਰਮਿੰਦਾ ਹੋ ਰਿਹਾ ਹਾਂ। ਇਹ ਮੇਰਾ ਗੁਨਾਹ ਤਾਂ ਹੈ ਨਈਂ। ਮੈਂ ਆਪਣੀ ਕਰਨੀ ਦਾ ਜਵਾਬਦੇਹ ਹਾਂ। ਉਹ ਆਪਣੀ ਕਰਨੀ ਦੇ। ਪਰ ਔਰਤ ਇਸ ਲਈ ਦੋਸ਼-ਮੁਕਤ ਏ ਕਿ ਉਹ ਕੋਈ ਵੀ ਕੰਮ ਦੂਜੀ ਧਿਰ ਨੂੰ ਰਿਝਾਉਣ, ਬਹਿਕਾਉਣ ਲਈ ਨਈਂ ਕਰਦੀ। ਜਦ ਕਿ ਮਰਦ ਤੇ ਔਰਤ ਵਿਚੋਂ ਹਰ ਦੋ ਦੇ ਅੰਦਰੂਨੀ ਅਮਲ ਤੇ ਕੋਸ਼ਿਸ਼ਾਂ



ਇਕ ਦੂਜੇ ਨੂੰ ਰਿਝਾਉਣ ਲਈ ਈ ਹੁੰਦੀਆਂ ਨੇ। ਫੇਰ ਅਸੀਂ ਬੇਤਰਤੀਬ ਜਿਹੀ ਗੱਲਬਾਤ ਸ਼ੁਰੂ ਕਰ ਦਿੱਤੀ ਏ।

ਮੇਰੇ ਅਹਿਸਾਸ ਦੇ ਮਾਪ ਅਨੋਖੇ ਤੇ ਵੱਖਰੇ ਨੇ। ਮੈਂ ਆਪਣੇ ਇਕ ਉਸਤਾਦ ਨੂੰ ਇਕ ਵਾਰੀ ਕਮੀਜ਼ ਨੂੰ ਪਤਲੂਨ 'ਚੋਂ ਬਾਹਰ ਕੱਢ ਕੇ ਫਿਰਦਿਆਂ ਦੇਖਿਆ ਸੀ ਤਾਂ ਮੇਰੀ ਛੇਵੀਂ ਹਿਸ ਨੂੰ ਬੜਾ ਧੱਕਾ ਪਹੁੰਚਿਆ ਸੀ। ਮੈਨੂੰ ਕਰਚ, ਨਰਸਿੰਤ, ਮਾਲਿਸ਼, ਬਿਊਟੀ ਪਾਰਲਰ ਇਸ ਕਿਸਮ ਦੇ ਪੇਸ਼ਿਆਂ ਨਾਲ ਨਫ਼ਰਤ ਏ। ਇਹ ਸਾਰੇ ਮੇਰੀ ਬਰਦਾਸ਼ਤ ਤੋਂ ਬਾਹਰ ਨੇ।

ਤੇ ਜੇ ਮੁਰਦਿਆਂ ਨੂੰ ਨੁਹਾਉਣ ਤੇ ਖੱਫ਼ਨ ਪੁਆਉਣ ਦਾ ਪੇਸ਼ਾ ਮਿਲ ਜਾਂਦਾ ਤਾਂ ਕੀ ਹੁੰਦਾ ?

ਜੇ ਇਹ ਆਖ਼ਰੀ ਆਪਸ਼ਨ ਹੁੰਦਾ ਤਾਂ ਮੈਂ ਯਕੀਨਨ ਖ਼ੁਦਕਸ਼ੀ ਕਰ ਲੈਂਦਾ।

ਜਿਊਂਦੇ ਜਿਸਮਾਂ, ਧੜਕਦੇ ਅਹਿਸਾਸ ਨਾਲ ਨਫ਼ਰਤ ਕਰਨ ਵਾਲੀ, ਹਜ਼ਾਰਾਂ ਵਰ੍ਹੇ ਪੁਰਾਣੀ ਦੱਬੀ ਹੋਈ ਲਾਸ਼ ਨੂੰ ਚਾਹੁਣ ਵਾਲੀ—ਡਾਢੇ ਦੁੱਖ-ਪਰੁੱਚਾ ਹਉਕਾ ਜਿਹਾ ਛੱਡਦਿਆਂ ਮੇਰੇ ਬੁੱਲ੍ਹ ਆਪ-ਮੁਹਾਰੇ ਸੁੰਗੜ ਜਾਂਦੇ ਨੇ—ਮੈਂ ਕਿਉਂ ਇਸ ਦੀ ਚਾਹਤ ਵਿਚ ਭੁੱਜਦਾ-ਭਟਕਦਾ ਰਹਿੰਦਾ ਹਾਂ।

ਉਹ ਕਿਸੇ ਦੂਜੀ ਸਭਿਅਤਾ ਵਿਚ ਪਲੀ, ਵੱਡੀ ਹੋਈ ਕੁੜੀ ਏ। ਮੈਂ ਉਸਨੂੰ ਆਪਣੇ ਸੁਭਾਅ ਤੇ ਸਭਿਅਤਾ ਦੇ ਘੇਰੇ ਵਿਚ ਰੱਖ ਕੇ ਦੇਖਦਾ ਹਾਂ। ਇਹ ਠੀਕ ਏ ਕਿ ਮੈਨੂੰ ਉਸ ਨਾਲ ਪਿਆਰ ਏ। ਮੈਂ ਇਸ ਮਾਮਲੇ ਵਿਚ ਬੇਵੱਸ ਹਾਂ ਪਰ ਮੈਨੂੰ ਇਹ ਵੀ ਤਾਂ ਦੇਖਣਾ ਚਾਹੀਦਾ ਏ ਕਿ ਮੇਰਾ ਉਸ 'ਤੇ ਜ਼ੋਰ ਕੀ ਏ ਤੇ ਕਿੰਨਾ ਕੁ ਏ ? ਉਹ ਮੇਰੇ ਜਿੰਨੀ ਪੜ੍ਹੀ-ਲਿਖੀ, ਮੇਰੇ ਨਾਲੋਂ ਬਿਹਤਰ ਸਮਝ ਤੇ ਅਹਿਸਾਸ ਰੱਖਣ ਵਾਲੀ ਤੇ ਮੇਰੇ ਨਾਲੋਂ ਵੱਧ ਆਪਣੇ ਕੰਮ ਪ੍ਰਤੀ ਸਮਰਪਿਤ ਏ। ਪਰ ਇਸ ਦੇ ਬਾਵਜੂਦ ਸ਼ਾਇਦ ਮੇਰੇ ਦਿਮਾਗ਼ ਦੇ ਖੋਖੇ ਵਿਚ ਕਿਤੇ ਨਾ ਕਿਤੇ ਇਹ ਖ਼ਿਆਲ ਲੁਕਿਆ ਬੈਠਾ ਏ ਕਿ ਉਹ ਇਕ ਔਰਤ ਏ। ਜੇ ਉਹ ਔਰਤ ਵੀ ਏ ਤਾਂ ਵੀ ਮੇਰੇ ਸਮਾਜ ਦੀ ਔਰਤ ਤਾਂ ਨਈਂ...ਜਿਸਨੂੰ ਅਸੀਂ ਲੋਕ ਬੰਨ੍ਹ ਕੇ, ਪਾਲਤੂ ਮਾਲ-ਡੰਗਰ ਬਣਾ ਕੇ, ਰੋਜ਼ਾਨਾ ਜ਼ਿੰਦਗੀ ਦੇ ਮਾਮਲਿਆਂ ਦੇ ਛੋਟੇ-ਛੋਟੇ ਅਹਿਸਾਨ ਉਸ 'ਤੇ ਲੱਦ ਕੇ ਉਸਨੂੰ ਇੱਜ਼ਤ ਤੇ ਵਡਿਆਈ ਬਖ਼ਸ਼ਦੇ ਹਾਂ—ਤੇ ਉਹ ਦਬੀ ਰਹਿੰਦੀ ਏ। ਸਾਡੀ ਅਹਿਸਾਨਮੰਦ ਰਹਿੰਦੀ ਏ। ਸਾਡੇ ਸਮਾਜ ਵਿਚ ਕੁੜੀ ਨੂੰ ਜਿਨਸ ਨਾਲ ਨਫ਼ਰਤ ਕਰਨੀ ਸਿਖਾਈ ਜਾਂਦੀ ਏ। ਜਿਨਸ ਇਕ ਗੰਦੀ ਤੇ ਗ਼ਲਤ ਚੀਜ਼ ਏ ਇਹ ਉਸ ਦੇ ਦਿਮਾਗ਼ ਵਿਚ ਪਾ ਦਿੱਤਾ ਜਾਂਦਾ ਏ। ਜਦਕਿ ਇਸ ਦੇ ਉਲਟ ਮੁੰਡਿਆਂ ਨੂੰ ਹਰ ਕਿਸਮ ਦੀ ਜਿਨਸੀ ਆਜ਼ਾਦੀ ਦਿੱਤੀ ਜਾਂਦੀ ਏ। ਮਰਦ ਸ਼ਾਦੀ ਤੋਂ ਪਹਿਲਾਂ ਵੀ ਹਰ ਕਿਸਮ ਦੀ ਸਹੂਲੀਅਤ ਤੇ ਇੱਛਾ-ਤ੍ਰਿਪਤੀ ਦਾ ਹੱਕਦਾਰ ਏ। ਸਿਰਫ਼ ਇਸ ਲਈ ਕਿ ਉਸਨੇ ਮਾਂ ਦੇ ਪੇਟ ਵਿਚੋਂ ਮਰਦ ਦੇ ਰੂਪ ਵਿਚ ਜਨਮ ਲਿਆ ਏ। ਪਰ ਕੁੜੀ ਸ਼ਾਦੀ ਤੋਂ ਪਹਿਲਾਂ ਹਰ ਕਿਸਮ ਦੀ ਇੱਛਾ-ਤ੍ਰਿਪਤੀ ਤੋਂ ਵਾਂਝੀ ਰੱਖੀ ਜਾਂਦੀ ਏ। ਇਹ ਪਾਬੰਦੀ ਉਸ 'ਤੇ ਸਮਾਜ ਨੇ ਲਾਈ ਏ। ਉਹ ਚੰਗੇ ਕੱਪੜੇ ਨਈਂ ਪਾ ਸਕਦੀ, ਉਹ ਚੰਗਾ ਖਾਣਾ ਨਈਂ ਖਾ ਸਕਦੀ। ਉਹ ਸ਼ਿੰਗਾਰ ਨਈਂ ਕਰ ਸਕਦੀ, ਜੇਵਰ ਨਈਂ ਪਾ ਸਕਦੀ। ਉਹ ਆਪਣੀ ਗੱਡੀ ਨਈਂ ਲੈ ਸਕਦੀ। ਉਹ ਇਹ ਸਾਰੇ ਕੰਮ ਵਿਆਹ ਤੋਂ ਬਾਅਦ ਕਰ ਸਕਦੀ ਏ। ਮਰਦ ਦੀ ਮੌਜੂਦਗੀ, ਉਸ ਲਈ

ਸਰਟੀਫ਼ਿਕੇਟ ਹੁੰਦਾ ਏ।...ਤੇ ਇਹ ਸਮਾਜ ਪੰਜ ਹਜ਼ਾਰ ਸਾਲ ਤੋਂ ਇਹਨਾਂ ਬੰਦਿਸ਼ਾਂ ਵਿਚ ਈ ਸਾਹ ਲੈ ਰਿਹਾ ਏ। 'ਮਾਰੀਆ ਮਾਰਗਰੇਟ' ਮੇਰਾ ਉਸ 'ਤੇ ਇਸ ਲਈ ਵੱਸ ਨਹੀਂ ਚੱਲਦਾ ਕਿ ਉਹ ਜਿਸ ਸਮਾਜ ਦੀ ਪੈਦਾਇਸ਼ ਤੇ ਪਰਵਰਿਸ਼ ਏ, ਉਹ ਔਰਤ ਨੂੰ ਵੀ ਜਜ਼ਬਾਤ ਤੇ ਅਹਿਸਾਸ ਨਾਲ ਭਰਪੂਰ ਇਕ ਅਕਲਮੰਦ ਇਨਸਾਨ ਮੰਨਦਾ ਏ। ਜਿੱਥੇ ਔਰਤ ਆਪਣੇ ਤੌਰ 'ਤੇ ਮੁਕੰਮਲ ਏ।ਆਪਣੀ ਮਰਜ਼ੀ ਦੀ ਮਾਲਕ ਤੇ ਆਪਣੇ ਫ਼ੈਸਲਿਆਂ ਲਈ ਆਜ਼ਾਦ—ਉਸਦੀ ਪਰਵਰਿਸ਼ ਈ ਇੰਜ ਹੁੰਦੀ ਏ। ਉਹ ਖ਼ੁਦ ਆਪਣੇ 'ਤੇ ਨਿਰਭਰ ਏ—ਆਪਣੇ ਪੈਰਾਂ 'ਤੇ ਖੜ੍ਹੀ ਹੋਈ। ਉਹ ਕਿਸੇ ਦੇ ਦਬਾ ਹੇਠ ਨਹੀਂ ਆਉਂਦੀ। ਉਸਨੇ ਕਦੇ ਵੀ ਇਹ ਨਹੀਂ ਸੋਚਿਆ ਕਿ ਉਸਦਾ ਇਹ ਸਰੀਰ ਸਿਰਫ਼ ਇਸ ਲਈ ਬਣਿਆ ਏ ਕਿ ਜ਼ਮੀਨ 'ਤੇ ਮੌਜੂਦ ਖ਼ੁਦਾ ਦੀ ਸਭ ਤੋਂ ਬਿਹਤਰੀਨ ਮਖ਼ਲੂਕ ਯਾਨੀ ਮਰਦ ਨੂੰ ਖ਼ੁਸ਼ ਕਰਨ ਦੇ ਕੰਮ ਆਏ।ਉਸਦੀ ਜ਼ਿੰਦਗੀ ਤੇ ਜ਼ਿੰਦਗੀ ਦੀਆਂ ਲੋੜਾਂ ਕੀ ਨੇ ? ਕਦੋਂ ਸ਼ੁਰੂ ਹੁੰਦੀਆਂ ਨੇ ? ਤੇ ਕਿਸ ਤਰ੍ਹਾਂ ਪੂਰੀਆਂ ਕਰਨੀਆਂ ਨੇ ?...ਇਹਨਾਂ ਮਾਮਲਿਆਂ ਵਿਚ ਉਹ ਕਿਸੇ ਦੇ ਮੂੰਹ ਜਾਂ ਹੱਥਾਂ ਵੱਲ ਨਹੀਂ ਦੇਖਦੀ।

ਹਾਂ ਸਾਡੇ ਪ੍ਰਾਚੀਨ ਸ਼ਹਿਰ ਦੇ ਥੇਹ ਦੀ ਖ਼ੁਦਾਈ ਦੇ ਪ੍ਰੋਜੈਕਟ ਦੇ ਪਹਿਲੇ ਹਫ਼ਤੇ ਦੀ ਰੇਗਿਸਤਾਨੀ ਜਸ਼ਨ ਵਾਲੀ ਰਾਤ ਨੂੰ ਮੈਂ ਆਪਣੇ ਜੈਂਡਰ ਹੋਣ ਕਰਕੇ ਅੱਗੇ-ਅੱਗੇ ਹੋ ਰਿਹਾ ਸੀ। ਜਦੋਂ ਰਾਤ ਨੂੰ ਖਾਣੇ ਤੋਂ ਵਿਚਲੇ ਹੋਣ ਪਿੱਛੋਂ ਉਸਨੇ ਰਾਤ ਬਿਤਾਉਣ ਲਈ ਸਾਡੇ ਇਕ ਹੋਰ ਸਾਥੀ ਜੋਵਕੈਡੇਰੋ ਨੂੰ ਚੁਣਿਆ ਸੀ। ਕੈਡੇਰੋ ਫ਼ਿਲਿਸਤੀਨ ਦਾ ਏ। ਉਹ ਇਕ ਖ਼ੂਬਸੂਰਤ ਨੌਜਵਾਨ ਏ।ਅੱਜ ਤੋਂ ਦੋ ਨਸਲਾਂ ਪਹਿਲਾਂ ਉਸਦੇ ਵਡੇਰਿਆਂ ਨੇ ਜਰਮਨੀ ਤੋਂ ਪਲਾਇਨ ਕੀਤਾ ਸੀ ਤੇ ਫ਼ਿਲਿਸਤੀਨ ਵਿਚ ਵੱਸ ਗਏ ਸਨ। ਉਹ ਉਹਨਾਂ ਯਹੂਦੀਆਂ ਦੀ ਬਚੀ-ਖੁੱਚੀ ਨਸਲ ਵਿਚੋਂ ਸਨ ਜਿਹੜੇ ਹਿਟਲਰ ਦੀ ਨਸਲੀ ਕੱਟੜਤਾ ਕਾਰਨ ਮਾਰੇ ਗਏ ਸਨ। ਜੋਵਕੈਡੇਰੋ ਦੇ ਪਿਤਾ ਇਸਰਾਈਲ ਦੀ ਪਾਰਲੀਮੈਂਟ ਦੇ ਮੈਂਬਰ ਵੀ ਰਹੇ। ਮੈਨੂੰ ਇਹ ਗੱਲ ਮੰਨ ਲੈਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ ਕਿ ਜਿਆਲੋਜ਼ੀ ਨਾਲ ਸੰਬੰਧਤ ਅਸੀਂ ਸਾਰੇ ਜਣੇ ਪੜ੍ਹੇ-ਲਿਖੇ ਲੋਕ ਹਾਂ।ਪਰ ਆਪਣੇ ਜਾਤੀ ਘੇਰਿਆਂ ਨਾਲੋਂ ਵੱਖ ਹੋ ਕੇ ਜਿਉਣ ਦੀ ਕੋਸ਼ਿਸ਼ ਕਰ ਰਹੇ ਸੀ। ਇਹ ਕੋਸ਼ਿਸ਼ ਕਿੰਨੀ ਕੁ ਕਾਮਯਾਬ ਸੀ ? ਇਸ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਸੀ। ਏਨਾ ਮੈਂ ਕਹਿ ਸਕਦਾ ਹਾਂ ਕਿ ਮੈਂ ਆਪਣੇ ਇਲਾਕਾਈ ਤੇ ਸੰਸਕਾਰੀ ਘੇਰੇ ਤੋਂ ਆਪਣੇ-ਆਪ ਨੂੰ ਏਨਾ ਕੁ ਮੁਕਤ ਕਰ ਲਿਆ ਸੀ ਕਿ ਜਦੋਂ ਜਸ਼ਨ ਦੀ ਰਾਤ ਮਾਰੀਆ, ਜੋਵਕੈਡੇਰੋ ਨਾਲ ਰਾਤ ਬਿਤਾਉਣ ਲਈ ਚਲੀ ਗਈ ਤਾਂ ਮੈਂ ਉਸ ਬਾਰੇ ਵੀ ਕੁਝ ਗਲਤ ਨਹੀਂ ਸੋਚਿਆ। ਇਕ ਆਮ ਮਰਦ ਵਾਂਗ ਮੇਰੇ ਦਿਮਾਗ਼ ਨੇ ਉਸਨੂੰ ਮਾੜੀ ਜਾਂ ਚਗਲ ਦੇ ਖ਼ਿਤਾਬ ਵਗ਼ੈਰਾ ਨਹੀਂ ਦਿੱਤੇ ਬਲਕਿ ਉਹ ਉਦੋਂ ਵੀ ਆਪਣੇ ਓਸੇ ਮਾਣ-ਇੱਜ਼ਤ ਨਾਲ ਮੇਰੇ ਅੰਦਰ ਮਘਦੀ ਰਹੀ ਕਿਉਂਕਿ ਉਹ ਆਪਣੇ ਇਖ਼ਲਾਕੀ ਅਸੂਲਾਂ ਉਪਰ ਅੜਿੰਗ ਸੀ। ਮੈਨੂੰ ਅਜਿਹਾ ਕਿਹੜਾ ਅਧਿਕਾਰ ਸੀ ਕਿ ਮੈਂ ਉਸਦੇ ਕਿਸੇ ਵੀ ਮਾਮਲੇ 'ਚ ਅੜਦਾ ਜਾਂ ਬੁਰਾ ਮੰਨਦਾ।

ਕੋਈ ਆਪਣੇ ਸਮਾਜ ਦੇ ਇਖ਼ਲਾਕੀ ਅਸੂਲਾਂ ਅਨੁਸਾਰ ਕੋਈ ਵੀ ਕੰਮ ਕਰ ਰਿਹਾ ਹੋਏ—ਭਾਵੇਂ ਕਿਸੇ ਦੂਜੇ ਮਜ਼ਹਬ ਜਾਂ ਸਮਾਜ ਦੇ ਕਾਨੂੰਨਾਂ ਮੁਤਾਬਿਕ ਉਹ ਜੁਰਮ ਈ ਕਿਉਂ ਨਾ ਹੋਏ—ਇਨਸਾਨੀਅਤ, ਉਸਦੇ ਕੰਮ ਵਿਚ ਲੱਤ ਅੜਾਉਣ ਦੀ ਇਜਾਜ਼ਤ



ਕਤਈ ਨਹੀਂ ਦਿੰਦੀ। ਮੈਂ ਕਈ ਦਿਨ ਉਦਾਸ ਰਿਹਾ। ਮੇਰੇ ਅੰਦਰ ਉਸ ਸਮੇਂ ਮਾਰੀਆ ਲਈ ਅਹਿਸਾਸ ਮਲਕੀਅਤ ਜਾਗ ਪਿਆ ਸੀ। ਉਹ ਮੇਰੇ ਲਈ ਦੁਨੀਆਂ ਦੀ ਖ਼ੂਬਸੂਰਤ ਤਰੀਨ ਔਰਤ ਸੀ, ਕਿਸੇ ਹੋਰ ਮਰਦ ਲਈ ਨਹੀਂ। ਕਿਉਂਕਿ ਕਿਸੇ ਵੀ ਜਿਸਮ-ਪ੍ਰਸਤ ਮਰਦ ਲਈ ਉਹ ਕਿਸੇ ਖਿੱਚ ਦਾ ਕਾਰਨ ਨਹੀਂ ਬਣ ਸਕਦੀ ਸੀ। ਪਰ ਸਵਾਲ ਇਹ ਸੀ ਕਿ ਕੀ ਮੈਂ ਉਸਦੇ ਜਿਸਮ ਦੀ ਖ਼ਾਹਿਸ਼ ਤੋਂ ਆਜ਼ਾਦ ਸੀ ?

ਜਿਸਮ ਦਾ ਜਿਸਮ ਨਾਲ ਕੀ ਰਿਸ਼ਤਾ ਏ—ਜਦੋਂ ਮੈਂ ਇਹ ਸੋਚਦਾ ਤਾਂ ਦੇਹ ਨੂੰ ਤੋੜ ਕੇ ਰੱਖ ਦੇਣ ਵਾਲੀ ਇਕ ਕਸਮਸਾਹਟ ਪੂਰੇ ਸਰੀਰ ਵਿਚ ਹੋਣ ਲੱਗਦੀ। ਜਨੁਬਾ ਅਲਖ਼ਲੀਲੀ ਦੀਆਂ ਮੇਲ੍ਹਦੀਆਂ, ਮਸਤੀ ਭਰੀਆਂ ਬਾਂਹਵਾਂ ਤੇ ਮੂੰਹੋਂ ਬੋਲਦਾ ਹੋਇਆ ਰਸੀਲਾ ਜਿਸਮ, ਉਸਦੇ ਸ਼ਹਿਦ ਰੰਗੇ ਵਾਲ ਤੇ ਛੋਟੀ-ਜਿਹੀ ਨੱਕ ਹੇਠਲੇ ਕੋਮਲ ਹੋਂਠ, ਮੇਰੇ ਸੀਨੇ, ਬਾਂਹਵਾਂ ਤੇ ਬੁੱਲ੍ਹਾਂ ਅੰਦਰ ਉਸਦਾ ਨਿੱਘ ਕਿਤੇ ਅਟਕਿਆ ਹੋਇਆ ਸੀ। ਉਹ ਪਹਿਲਾ ਤੇ ਆਖ਼ਰੀ ਨਿੱਘ ਜਿਹੜਾ ਅਧੂਰਾ ਵੀ ਸੀ, ਮੁਕੰਮਲ ਵੀ। ਪਰ ਮੈਂ ਉੱਥੋਂ ਕਿਉਂ ਭੱਜਿਆ ? ਤੇ ਜੇ ਭੱਜਿਆ ਈ ਸੀ ਤਾਂ ਅੱਜ ਤਕ ਜੁਰਮ ਦੇ ਅਹਿਸਾਸ ਤੋਂ ਮੁਕਤ ਕਿਉਂ ਨਹੀਂ ਹੋ ਸਕਿਆ ਜਿਹੜਾ ਮੈਂ ਉਸਨੂੰ ਇੰਜ ਛੱਡ ਕੇ ਭੱਜ ਆਉਣ ਦਾ ਕੀਤਾ ਏ ?

ਉਹ ਮੇਰੇ ਸਮਾਜ ਦੀ ਇਖ਼ਲਾਕੀ ਬੰਦਿਸ਼ ਸੀ, ਜਿਸਨੇ ਮੈਨੂੰ ਇੰਜ ਭੱਜਣ ਲਈ ਮਜਬੂਰ ਕੀਤਾ ਸੀ। ਸਫ਼ੇਦ ਜਾਲੀਦਾਰ ਫ਼ਰਾਕ ਜਿਸ ਅੰਦਰੋਂ ਉਸਦਾ ਤਰਾਸ਼ਿਆ ਹੋਇਆ ਲੱਕ ਤੇ ਪਿੱਠ ਸਾਫ਼ ਦਿਖਾਈ ਦੇ ਰਹੇ ਸਨ। ਮੈਂ ਨਜ਼ਰਾਂ ਨੂੰ ਉਸਦੀ ਪਿੱਠ ਤੋਂ ਤਿਲ੍ਹਕਾਇਆ ਤੇ ਫੇਰ ਉਸਦੀਆਂ ਖ਼ੂਬਸੂਰਤ ਕਲਾਤਮਿਕ ਉਂਗਲਾਂ ਵਾਲੇ ਹੱਥ 'ਤੇ ਲੈ ਗਿਆ ਜਿਹੜਾ ਕਿ ਯਮਨ ਦੀ ਹੱਦ 'ਤੇ ਸਥਿਤ ਤੇਲ ਦੇ ਖ਼ੂਹਾਂ ਦੇ ਮਾਲਕ ਮੇਰੇ ਪਿਓ ਦੇ ਹੱਥ ਵਿਚ ਸੀ। ਜਨੁਬਾ ਮੇਰੇ ਪਿਓ ਦੀ ਚੌਥੀ ਬੀਵੀ ਸੀ। ਸਾਡੇ ਸਮਾਜ ਵਿਚ ਔਰਤ ਇਕ ਫ਼ਜ਼ੂਲ-ਜਿਹੀ ਚੀਜ਼ ਏ। ਮਹਿਜ ਇਕ ਬਦਨ, ਸਿਰਫ਼ ਇਕ ਸਰੀਰ। ਕੋਈ ਸੋਚ ਵੀ ਨਹੀਂ ਸਕਦਾ ਕਿ ਏਸ ਬਦਨ ਵਿਚ ਇਕ ਦਿਮਾਗ਼ ਵੀ ਏ। ਉਹ ਕਦੀ ਦਿਮਾਗ਼ ਨਾਲ ਨਹੀਂ ਸੋਚਦੀ। ਇੰਜ ਸੋਚਣ ਵੀ ਨਹੀਂ ਦਿੱਤਾ ਜਾਂਦਾ ਉਸਨੂੰ। ਸੋਚ ਵਜੋਂ ਉਸਨੂੰ ਰਵਾਇਤ-ਪਾਸੰਦੀਆਂ, ਵਫ਼ਾਦਾਰੀ, ਫ਼ਰਜ਼, ਡਿਊਟੀ ਤੇ ਰੱਬੀ-ਰਜ਼ਾ ਵਗ਼ੈਰਾ ਦੀ ਸਿੱਖਿਆ ਦਿੱਤੀ ਜਾਂਦੀ ਏ। ਮਰਦ ਨਾਲ ਭਾਵੇਂ ਉਹਦਾ ਕੋਈ ਵੀ ਰਿਸ਼ਤਾ ਹੋਏ, ਉਸੇ ਦੀ ਸੰਘਣੀ ਛਾਂ ਵਿਚ ਉਸਦਾ ਸਕੂਨ ਤੇ ਜੰਨਤ ਹੁੰਦੀ ਏ—ਉਸਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਜਾਂਦਾ ਏ...ਤੇ ਫੇਰ ਉਹ ਸਿਰਫ਼ ਇਕ ਸਰੀਰ ਬਣ ਕੇ ਰਹਿ ਜਾਂਦੀ ਏ।

ਮੈਨੂੰ ਲੈਲੀ ਯਾਦ ਆਈ। ਲੈਲੀ ਜਿਆਲੋਜੀ ਦੀਆਂ ਕਲਾਸਾਂ ਵਿਚ ਮੇਰੀ ਪਾਕਿਸਤਾਨੀ ਕਲਾਸਫ਼ੈਲੋ ਹੁੰਦੀ ਸੀ। ਲੈਲੀ ਦੇ ਪਿਤਾ ਪਾਕਿਸਤਾਨ ਵੱਲੋਂ ਕਨੇਡਾ ਵਿਚ ਹਾਈ ਕਮਿਸ਼ਨਰ ਸਨ। ਲੈਲੀ ਕਹਿੰਦੀ ਹੁੰਦੀ ਸੀ ਕਿ ਪਾਕਿਸਤਾਨ ਤੇ ਹਿੰਦੁਸਤਾਨ ਵਿਚ ਔਰਤ ਦਾ ਮਤਲਬ ਸਿਰਫ਼ ਛਾਤੀਆਂ ਵਾਲੀ ਮਸ਼ੀਨ ਦੀ ਮਾਲਕਣ ਹੋਣਾ ਏਂ, ਜਿਸਦਾ ਮੰਤਵ ਮਰਦ ਨੂੰ ਖ਼ੁਸ਼ ਰੱਖਣਾ ਤੇ ਬੱਚੇ ਪੈਦਾ ਕਰਕੇ ਦੇਣਾ ਹੁੰਦਾ ਏ—ਬਸ, ਇਹੋ ਕਾਫ਼ੀ ਏ। ਤੇ ਓਥੋਂ ਦਾ ਸਮਾਜੀ ਪ੍ਰਚਾਰ ਵੀ ਕੁਝ ਅਜਿਹਾ ਈ ਏ ਕਿ ਉਹ ਜਿਸਮ ਬਣ ਕੇ ਖ਼ੁਸ਼ ਏ—ਸਿਰਫ਼ ਖ਼ੁਸ਼ ਈ ਨਹੀਂ ਬਲਕਿ ਮਾਣ ਮਹਿਸੂਸ ਕਰਦੀ ਏ ਤੇ ਖਿੜੀ-ਪੁੜੀ ਰਹਿੰਦੀ ਏ।

ਸਾਡੇ ਏਧਰ ਵੀ ਕੁਝ ਅਜਿਹਾ ਈ ਏ। ਏਥੇ ਮਿਡਲ ਸਟੇਟ ਵਿਚ ਤਾਂ ਪੰਦਰਾਂ

ਸਾਲ ਦੀ ਕੁੜੀ ਨਾਲ ਸ਼ਾਦੀ ਕੀਤੀ ਜਾਂਦੀ ਏ, ਤੀਹ ਸਾਲ ਦੀ ਉਮਰ ਵਿਚ ਉਸਦੀ ਰਿਟਾਇਰਮੈਂਟ ਕਰ ਦਿੱਤੀ ਜਾਂਦੀ ਏ—ਯਾਨੀ ਤਲਾਕ ਦੇ ਦਿੱਤਾ ਜਾਂਦਾ ਏ। ਜਿਸਦਾ ਮਤਲਬ ਇਹ ਹੁੰਦਾ ਏ ਕਿ ਹੁਣ ਇਹ ਨਾਕਾਬਿਲ ਇਸਤੇਮਾਲ ਚੀਜ਼ ਏ। ਸਾਡੇ ਏਥੋਂ ਦੀ ਔਰਤ ਨੂੰ ਆਪਣੀ ਘੱਟ ਦਿਮਾਗ਼ੀ, ਘੱਟ ਅਕਲੀ ਤੇ ਨਾਲਾਇਕੀ ’ਤੇ ਫ਼ਖ਼ਰ ਏ। ਜਾਣਦੇ ਓ, ਸਾਡੇ ਏਥੋਂ ਦੀਆਂ ਔਰਤਾਂ ਕਿਸ ਤਰ੍ਹਾਂ ਦੀਆਂ ਗੱਲਾਂ ’ਤੇ ਫ਼ਖ਼ਰ ਮਹਿਸੂਸ ਕਰਦੀਆਂ ਨੇ ? ਉਹ ਪੁੱਛਦੀ ਏ ਤਾਂ ਮੈਂ ਸਵਾਲੀਆ ਨਜ਼ਰਾਂ ਨਾਲ ਉਸ ਵੱਲ ਦੇਖਦਾ ਹਾਂ। ਉਹ ਸ਼ੁਰੂ ਹੋ ਜਾਂਦੀ ਏ—

‘ਮੇਰਾ ਮੀਆਂ ਤਾਂ ਮੈਨੂੰ ਕੋਈ ਕੰਮ ਈ ਨਈਂ ਕਰਨ ਦੇਂਦਾ। ਕੰਮ ਵਾਲੀ ਲਾ ਕੇ ਦਿੱਤੀ ਹੋਈ ਏ। ਘਰ ਦੇ ਕੰਮਕਾਰ, ਦਾਲ-ਚੌਲ, ਸਬਜ਼ੀ, ਕੱਪੜਾ-ਲੱਤਾ, ਜੇਵਰ, ਭਾਂਡੇ, ਹਰ ਚੀਜ਼ ਖ਼ੁਦ ਲਿਆ ਕੇ ਦੇਂਦਾ ਏ—ਮੈਨੂੰ ਕਦੀ ਬਾਹਰ ਨਈਂ ਜਾਣਾ ਪੈਂਦਾ।’

ਘਰ ਵਿਚ ਰਹਿ-ਰਹਿ ਕੇ ਵੀ ਪਾਕਿਸਤਾਨੀ ਔਰਤ ਦੀ ਅਕਲ ਤੇ ਅਕਲਮੰਦੀ ਦੀ ਇਹ ਹਾਲਤ ਏ ਕਿ ਘਰ ਦਾ ਅਨਰਜੀ ਸੇਵਰ ਸੜ ਗਿਆ ਹੋਏ ਤਾਂ ਮੀਆਂ ਵਿਚਾਰਾ ਸਰਗੋਧੇ ਤੋਂ ਚੱਲਦਾ ਏ ਤੇ ਸੱਤ ਘੰਟਿਆਂ ਦਾ ਸਫ਼ਰ ਕਰਕੇ ਮੁਲਤਾਨ ਪਹੁੰਚਦਾ ਏ ਤੇ ਜਾ ਕੇ ਅਨਰਜੀ ਸੇਵਰ ਦਾ ਫ਼ਿਊਜ਼ ਠੀਕ ਕਰਦਾ ਏ—ਕਿਉਂਕਿ ਕਤਾਰ ਦੀ ਕਤਾਰ ਬੱਚੇ ਪੈਦਾ ਕਰਨ ਵਾਲੀ ਬੀਵੀ ਨੂੰ ਤਾਂ ਫ਼ਿਊਜ ਵੀ ਨਈਂ ਲਾਉਣਾ ਆਉਂਦਾ—ਧੌਣ ਆਕੜ ਜਾਂਦੀ ਏ ਮੀਆਂ ਦਾ ਰਾਹ ਵਿੰਹਦਿਆਂ-ਵਿੰਹਦਿਆਂ।

ਵਾਸ਼ਰੂਮ ਦੀ ਟੂਟੀ ਖ਼ਰਾਬ ਹੋ ਗਈ ਏ—ਮੀਆਂ ਜੀ ਆ ਕੇ ਠੀਕ ਕਰਵਾਉਣਗੇ। ਬਿਜਲੀ ਦੇ ਬੋਰਡ ਵਿਚ ਇਕ ਸਾਕਟ ਖ਼ਰਾਬ ਏ— ਤਾਂ ਵੀ ਮੀਆਂ ਆ ਕੇ ਠੀਕ ਕਰਵਾਏਗਾ ਜਾਂ ਕਰੇਗਾ। ਜੂਸਰ ਦਾ ਸਵਿੱਚ ਕੰਮ ਨਈਂ ਕਰ ਰਿਹਾ। ਮੀਆਂ ਦੀ ਉਡੀਕ ਹੋ ਰਹੀ ਏ। ਬਿਜਲੀ ਦਾ ਬਿੱਲ ਭਰਨਾ, ਬੱਚਿਆਂ ਦੇ ਸਕੂਲ ਦੀ ਫ਼ੀਸ, ਆਟਾ ਪਿਸਵਾਉਣਾ, ਇਹ ਤਾਂ ਗ਼ੈਰ ਕੰਮ ਈ ਬੜੇ ਵੱਡੇ-ਵੱਡੇ ਨੇ ਜਿਹੜੇ ਵਿਚਾਰੀ ਔਰਤ ਭਲਾਂ ਕਿਵੇਂ ਕਰ ਸਕਦੀ ਏ। ਇਹ ਸਾਰੇ ਕੰਮ ਮੀਆਂ ਈ ਕਰਨਗੇ।

‘ਮਾਰੀਆ ਮਾਰਗਰੇਤਾ’ ਨੂੰ ਮੈਂ ਦੇਖਦਾ ਹਾਂ। ਉਹ ਸਾਰੇ ਮਰਦਾਂ ਵਾਲੇ ਜਾਂ ਮਰਦਾਂ ਲਈ ਰਾਖਵੇਂ ਕੰਮ ਆਪ ਈ ਕਰ ਲੈਂਦੀ ਏ। ਬੈਗ ਦੀ ਜਿੱਪ ਠੀਕ ਕਰਨੀ, ਬੂਟ ਦੀ ਮੁਰੰਮਤ, ਬਿਜਲੀ ਦੇ ਛੋਟੇ-ਮੋਟੇ ਸਾਮਾਨ ਦੀ ਮੁਰੰਮਤ ਉਹ ਖ਼ੁਦ ਕਰਦੀ ਏ। ਉਸਨੇ ਸਿਰਫ਼ ਸਰੀਰ ਤੋਂ ਈ ਬੁਰਕਾ ਨਈਂ ਲਾਹਿਆ ਹੋਇਆ, ਆਪਣੇ ਦਿਮਾਗ਼ ਤੋਂ ਪਰਦਾ ਹਟਾਇਆ ਹੋਇਆ ਏ। ਏਥੋਂ ਤਕ ਕਿ ਜ਼ਖ਼ਮਾਂ ਦੀ ਮਲ੍ਹਮ-ਪੱਟੀ, ਬਿਮਾਰੀਆਂ ਦਾ ਇਲਾਜ਼, ਕੱਪੜਿਆਂ ਦੀ ਸਿਲਾਈ ਤੇ ਇਸ ਤਰ੍ਹਾਂ ਦੇ ਹਜ਼ਾਰਾਂ ਕੰਮ ਉਸਦੀ ਦਿਲਚਸਪੀ ਦੇ ਦਾਇਰੇ ਵਿਚ ਆਉਂਦੇ ਨੇ। ਉਹ ਇਕ ਅਜਿਹੀ ਬਹਾਦਰ ਔਰਤ ਏ ਜਿਹੜੀ ਜ਼ਮੀਨ ਦੀਆਂ ਤੈਹਾਂ ਖੁਰਚ-ਖੁਰਚ ਕੇ ਥੇਹਾਂ ਦੇ ਰਹੱਸ ਤਕ ਪਹੁੰਚ ਜਾਂਦੀ ਏ।

ਖ਼ੁਦਾਈ ਦੇ ਤੀਜੇ ਹਫ਼ਤੇ ਜਾ ਕੇ ਇਕ ਦੁਪਹਿਰ ਨੂੰ ਅਚਾਨਕ ਮਾਰੀਆ ਦੀ ਉੱਚੀ ਜੇਤੂ-ਚੀਕ ਨੇ ਮਾਹੌਲ ਦੀ ਖਟ-ਖਟ ਨੂੰ ਚੁੱਪ ਵਿਚ ਲਪੇਟ ਦਿੱਤਾ। ਖ਼ੁਸ਼ੀ ਨਾਲ ਉਸ ਦੀਆਂ ਨਸਾਂ ਤਣ ਗਈਆਂ। ਉਸਦੀ ਖੁਰਪੀ ਤੇ ਬੁਰਸ਼ ਹੇਠ ਇਨਸਾਨੀ ਹੱਡੀਆਂ ਦੇ ਪਿੰਜਰ ਸੀ। ਉਸਦੀ ਚੀਕ ਤੋਂ ਅਗਲੇ ਕੁਝ ਘੰਟਿਆਂ ਵਿਚ ਅਸੀਂ ਇਕ ਨੰਨ੍ਹੇ-ਮੁੰਨੇ ਇਨਸਾਨੀ ਢਾਂਚੇ ’ਤੇ ਸਿਰ ਝੁਕਾਈ ਖੜ੍ਹੇ ਸੀ। ਉਹ ਕੋਈ ਛੋਟਾ ਬੱਚਾ ਸੀ, ਜਿਸ ਦੀਆਂ



ਹੱਡੀਆਂ ਦਾ ਕੈਲਸ਼ੀਅਮ ਵੀ ਹਾਲੇ ਪੂਰਾ ਨਈਂ ਸੀ ਹੋਇਆ—ਸ਼ਾਇਦ ਤਿੰਨ-ਚਾਰ ਸਾਲ ਦਾ ਸੀ ਕਿ ਮੌਤ ਨੇ ਉਸਨੂੰ ਦਬੋਚ ਲਿਆ। ਟੀਮ ਦੇ ਨਿਗਰਾਨ ਮਿਸਟਰ ਏਰਿਕ ਨੇ ਉਸਨੇ ਨਿੱਕੇ-ਜਿਹੇ ਹੱਥ ਦੀਆਂ ਹੱਡੀਆਂ ਨੂੰ ਓਜਾਰ ਨਾਲ ਛੂਹਿਆ। ਉਂਗਲੀਆਂ ਦੇ ਸਿਰਿਆਂ ’ਤੇ ਨਹੁੰ ਨਈਂ ਸਨ।

“ਹੂੰ...ਨਹੁੰ ਗਲ ਗਏ ਨੇ। ਮਿੱਟੀ ’ਚ ਮਿਲ ਗਏ ਨੇ ਕਿਉਂਕਿ ਬੱਚੇ ਦੀ ਉਮਰ ਬੜੀ ਘੱਟ ਸੀ। ਅਜੇ ਕਾਰਬਨ ਪੂਰਾ ਨਈਂ ਹੋਇਆ ਸੀ। ਕਾਰਬਨ ਪੂਰਾ ਹੋ ਜਾਏ ਤਾਂ ਫੇਰ ਨਹੁੰਆਂ ਦਾ ਕੈਲਸ਼ੀਅਮ ਨਈਂ ਗਲਦਾ।” ਉਹ ਬਰੀਫ਼ ਕਰਦੇ ਰਹੇ ਤੇ ਮੈਂ ਜਨੂਬਾ ਅਲਖ਼ਲੀਲੀ ਵਿਚ ਡੁੱਬ ਗਿਆ ਤੇ ਬੀਤੇ ਦੀ ਭੋਇੰ ’ਤੇ ਅੱਪੜ ਗਿਆ ਤੇ ਭੌਂਦਾ ਰਿਹਾ—

ਉਹ ਰੇਗਿਸਤਾਨ ਦੀ ਵਰੋਲੇ ਉਡਾਉਂਦੀ ਹਨੇਰੀ ਵਾਲੀ ਦੁਪਹਿਰ ਸੀ ਜਦੋਂ ਮੈਂ ਜਨੂਬਾ ਦੇ ਕਮਰੇ ਸਾਹਮਣਿਓਂ ਲੰਘਦਿਆਂ ਹੋਇਆਂ ਉਸਦੇ ਥੋੜ੍ਹੇ-ਜਿਹੇ ਖੁੱਲ੍ਹੇ ਦਰਵਾਜ਼ੇ ਵਿਚੋਂ ਅੰਦਰ ਦੇਖਿਆ ਤੇ ਦੰਗ ਰਹਿ ਗਿਆ। ਜਨੂਬਾ ਕਮਰੇ ਵਿਚ ਇਕੱਲੀ ਸੀ ਤੇ ਉਸਦਾ ਤਿੰਨ ਮਹੀਨਿਆਂ ਦਾ ਬੱਚਾ ਸਅਦ ਸੁਲੇਮਾਨ ਉਸਦੀਆਂ ਖ਼ੂਬਸੂਰਤ ਸੁਨਹਿਰੀ ਸੁਡੌਲ ਛਾਤੀਆਂ ਵਿਚੋਂ ਚੁਸਕ-ਚੁਸਕ ਦੁੱਧ ਪੀ ਰਿਹਾ ਸੀ। ਜਨੂਬਾ ਨੇ ਯਕਦਮ ਨਜ਼ਰਾਂ ਉਪਰ ਚੁੱਕ ਦੇ ਦੇਖਿਆ ਤੇ ਮੁਸਕਰਾ ਪਈ। ਮੈਨੂੰ ਸ਼ਹਿ ਮਿਲੀ ਤਾਂ ਮੈਂ ਹੌਲੀ-ਜਿਹੇ ਦਰਵਾਜ਼ਾ ਭੀੜ ਕੇ ਹੌਲੀ-ਹੌਲੀ ਤੁਰਦਾ ਹੋਇਆ ਉਸਦੇ ਬਿਲਕੁਲ ਨੇੜੇ ਆ ਕੇ ਬੈਠ ਗਿਆ। ਜਨੂਬਾ ਨੇ ਕੋਈ ਪ੍ਰਤੀਕ੍ਰਿਆ ਜਾਹਿਰ  ਕੀਤੀ—ਉਹ ਮੇਰੇ ਏਨਾ ਨੇੜੇ ਹੋਣ ਕਰਕੇ ਘਬਰਾ ਗਈ ਸੀ, ਇੰਜ ਹਰਗਿਜ਼ ਨਈਂ ਸੀ। ਹਾਂ, ਪਰ ਉਸਦੀਆਂ ਨਜ਼ਰਾਂ ਸਅਦ ਵੱਲ ਝੁਕ ਗਈਆਂ, ਜਿਹੜਾ ਧੜਾਧੜ ਉਸਦਾ ਰਸ ਆਪਣੇ ਅੰਦਰ ਖਿੱਚ ਰਿਹਾ ਸੀ। ਮੈਂ ਬੇਧਿਆਨੇ ਵਿਚ ਈ ਸਅਦ ਦੇ ਨਿਕਚੂ-ਜਿਹੇ ਹੱਥ ਨੂੰ ਫੜ ਲਿਆ ਜਿਹੜਾ ਉਸਨੇ ਜਨੂਬਾ ਦੀ ਛਾਤੀ ’ਤੇ ਰੱਖਿਆ ਹੋਇਆ ਸੀ। ਮੈਂ ਕਿੰਜ ਭੱਜ ਸਕਦਾ ਸਾਂ, ਉਸ ਔਰਤ ਤੋਂ ਜਿਹੜੀ ਮੇਰੀ ਹਮ-ਉਮਰ ਸੀ ਪਰ ਮੇਰੇ ਪਿਓ ਦੀ ਬੀਵੀ ਸੀ। ਮੈਂ ਸਅਦ ਦੇ ਹੱਥ ਨਾਲ ਖੇਡਣਾ ਸ਼ੁਰੂ ਕਰ ਦਿੱਤਾ। ਉਸ ਦੀਆਂ ਨਿੱਕੀਆਂ-ਨਿੱਕੀਆਂ ਉਂਗਲਾਂ ਦੇ ਅੱਗੇ ਬੜੇ ਈ ਨਰਮ, ਖ਼ੂਬਸੂਰਤ ਮੋਤੀਆਂ ਵਰਗੇ ਨਹੁੰ ਜੜੇ ਸਨ ਜਿਹੜੇ ਕਿਸੇ ਹੱਦ ਤਕ ਵਧ ਗਏ ਸਨ। ਇਕ ਖ਼ਿਆਲ ਪਤਾ ਨਈਂ ਕਿਵੇਂ ਮੇਰੇ ਦਿਮਾਗ਼ ਵਿਚ ਵੜ ਆਇਆ—

“ਜਨੂਬਾ!”

“ਹੂੰ...।”

“ਸਅਦ ਦੇ ਨਹੁੰ ਵਧੇ ਹੋਏ ਨੇ। ਇਹ ਜਿਸ ਤਰ੍ਹਾਂ ਹੱਥ ਚਲਾ ਰਿਹਾ ਏ, ਕਿਸੇ ਦਿਨ ਤੈਨੂੰ ਜ਼ਖ਼ਮੀ ਕਰ ਦਏਗਾ।” ਮੇਰੀ ਨਜ਼ਰ ਇਹ ਕਹਿੰਦਿਆਂ ਹੋਇਆਂ ਉਸਦੀ ਛਾਤੀ ਵੱਲ ਚਲੀ ਗਈ।

ਉਸਨੇ ਤ੍ਰਭਕ ਕੇ ਸਅਦ ਦਾ ਹੱਥ ਮੇਰੇ ਹੱਥੋਂ ਛੁਡਾ ਲਿਆ ਤੇ ਹੌਲੀ-ਜਿਹੀ ਦਬਾਇਆ—

“ਇਹ ਕੰਮ ਬੜਾ ਮੁਸ਼ਕਲ ਏ।” ਉਹ ਬੋਲੀ।

“ਬੱਚਾ ਪੈਦਾ ਕਰਨਾ ਆਸਾਨ ਹੁੰਦਾ ਏ ਜਨੂਬਾ ?” ਮੈਂ ਬੇਅਖ਼ਤਿਆਰ ਪੁੱਛ ਬੈਠਾ।

"ਬੱਚਾ ਪੈਦਾ ਕਰਨਾ ਆਸਾਨ ਏਂ ਪਰ ਬੱਚੇ ਦੇ ਨਹੁੰ ਕੱਟਣੇ ਮੁਸ਼ਕਲ।"

"ਅਜੀਬ ਗੱਲ ਏ!" ਮੈਂ ਉਸਦੇ ਚਿਹਰੇ ਵੱਲ ਦੇਖਿਆ। ਸਅਦ ਸੌਂ ਗਿਆ ਸੀ। ਉਸਨੇ ਸਅਦ ਨੂੰ ਬਿਸਤਰੇ 'ਤੇ ਪਾ ਦਿੱਤਾ ਤੇ ਉੱਠ ਕੇ ਸਿੱਧੀ ਖੜ੍ਹੀ ਹੋ ਗਈ। ਇਕ ਝਟਕੇ ਨਾਲ ਕਮੀਜ਼ ਹੇਠਾਂ ਕੀਤੀ ਤੇ ਮੇਰੇ ਵੱਲ ਪਿੱਠ ਕਰਕੇ ਖੜ੍ਹੀ ਹੋ ਗਈ।

ਉਸਦੇ ਸਾਹ, ਪਿੰਡੇ ਦਾ ਨਿੱਘ, ਥਿਰਕਣ, ਜ਼ੁਲਫ਼ਾਂ ਦੀ ਖ਼ੁਸ਼ਬੂ ਮੇਰੀ ਦੇਹ ਵਿਚ ਜਜ਼ਬ ਹੁੰਦੀ ਜਾ ਰਹੀ ਸੀ। ਮੇਰੀ ਛਾਤੀ ਦੇ ਐਨ ਨੇੜੇ ਉਸਦੀ ਪਿੱਠ ਸੀ। ਮੇਰੇ ਹੱਥ ਕੀ ਲੱਭ ਰਹੇ ਸਨ। ਉਹ ਵਲੂੰਧਰਾਂ ਜਿਹੜੀਆਂ ਨਿਕੜੇ ਹੱਥਾਂ ਨੇ ਮਾਰੀਆਂ ਸਨ ਕਿ ਜਿਹਨਾਂ ਦੀ ਕਲਪਨਾ ਨੂੰ ਮੈਂ ਸਾਕਾਰ ਰੂਪ ਦੇਣਾ ਚਾਹੁੰਦਾ ਸੀ! ਉਸਨੇ ਜ਼ੋਰ ਨਾਲ ਮੇਰੇ ਹੱਥਾਂ ਨੂੰ ਝਟਕਿਆ ਤੇ ਫੇਰ ਉਸ ਸ਼ਾਮ ਮੈਂ ਘਰੋਂ ਨਿਕਲ ਆਇਆ।

ਮਾਰੀਆ ਮਾਰਗਰੇਤਾ ਦੀ ਖੁਰਪੀ ਤੇ ਬੁਰਸ਼ ਦੇ ਹੇਠੋਂ ਨਿਕਲਣ ਵਾਲੇ ਬੱਚੇ ਤੇ ਜਨੂਬਾ ਅਲਖ਼ਲੀਲੀ ਦੇ ਜਿਸਮ 'ਚੋਂ ਨਿਕਲਣ ਵਾਲਾ ਬੱਚਾ ਕਿੱਥੇ ਜਾ ਕੇ ਮਿਲਦੇ ਸੀ—ਮੇਰੀ ਸੋਚ ਗੋਤਾ ਲਾ ਕੇ ਉੱਥੇ ਪਹੁੰਚ ਗਈ। ਔਰਤ ਲੱਭਤ ਦਾ ਕਾਰਨ ਏ। ਔਰਤ ਮੌਜੂਦ ਵੀ ਏ। ਉਹ ਕਿਵੇਂ ਤੇ ਕਿੱਥੋਂ ਤਾਰ ਮਿਲਾਉਂਦੀ ਹੋਈ ਜ਼ਿੰਦਗੀ ਦਾ ਨਿਰਮਾਣ ਕਰਦੀ ਏ। ਕੀ ਮਰਦ ਵੀ ਇਕ ਛੋਟੀ-ਜਿਹੀ ਮੱਖੀ ਬਣਾ ਕੇ ਉਸ ਵਿਚ ਜਾਨ ਪਾ ਸਕਿਆ ਏ? ਕਦੀ ਤਾਂ ਉਹ ਆਪਣੀ ਦੇਹ ਦੀਆਂ ਤੰਦਾਂ ਤੋੜ ਕੇ ਇਕ ਜਿਉਂਦੇ ਇਨਸਾਨ ਨੂੰ ਘੜਦੀ ਏ ਤੇ ਕਦੇ ਏਸੇ ਖੋਜ ਵਿਚ ਆਪਣੇ ਹੋਸ਼-ਹਵਾਸ ਗੰਵਾ ਕੇ ਰੁੱਝੀ ਹੁੰਦੀ ਏ। ਇਸ ਨਾ ਮੁੱਕਣ ਵਾਲੀ ਕਹਾਣੀ ਨੂੰ ਮੈਂ ਕੋਈ ਅੰਜਾਮ ਏਸ ਕਰਕੇ ਵੀ ਨਈਂ ਦੇ ਸਕਿਆ ਹਾਂ ਕਿ ਹੁਣ ਮੈਂ ਇਹ ਮੰਨ ਲਿਆ ਏ ਕਿ ਔਰਤ ਆਖ਼ਰਕਾਰ ਕਈ ਦਿਸ਼ਾਵਾਂ ਵਿਚ ਮਰਦ ਨਾਲੋਂ ਅੱਗੇ ਹੈ। ਮਾਰੀਆ ਮਾਰਗਰੇਤਾ ਨਾਲ ਮੇਰੀ ਬਿਨਾਂ ਸ਼ਰਤ ਮੁਹੱਬਤ ਦੀ ਕਹਾਣੀ ਦਾ ਅੰਜਾਮ ਉਸੇ ਸ਼ਾਮ ਮਿਲ ਗਿਆ ਸੀ ਜਿਸ ਸ਼ਾਮ ਮੈਂ...ਖ਼ੈਰ ਛੱਡੋ ਇਸ ਦਾ ਜ਼ਿਕਰ ਬਾਅਦ ਵਿਚ ਸਹੀ। ਇਹ ਵੀ ਮੇਰੀ ਨਾਲਾਇਕੀ ਦਾ ਕਸੂਰ ਸੀ ਕਿ ਮੈਂ ਸਮਝਦਾ ਰਿਹਾ ਕਿ ਮੈਂ ਵਿਲੱਖਣ ਸਰੀਰ ਵਾਲੀ ਅਫ਼ਲਾਤੂਨੀ ਔਰਤ ਨੂੰ ਮੁਹੱਬਤ ਕਰਦਾ ਹਾਂ। ਤੇ ਮੇਰਾ ਇਹ ਖ਼ਿਆਲ ਮੇਰੇ ਮਸਾਨੇ ਤੇ ਮੇਰੇ ਪਤਾਲੂਆਂ ਦਾ ਭਾਰ ਵਧਣ ਤੋਂ ਪਹਿਲਾਂ ਦਾ ਸੀ। ਹੁਣ ਜਦ ਕਿ ਮੈਂ ਤਜ਼ਰਬਾ ਕਰਨ ਦੇ ਕਾਬਿਲ ਹੋਇਆ ਹਾਂ ਤਾਂ ਯਾਦ ਕਰ ਸਕਦਾ ਹਾਂ ਕਿ ਮੁਹੱਬਤ ਤਾਂ ਮਸਾਨੇ ਵਿਚ ਰੁਕੇ ਹੋਏ ਪਿਸ਼ਾਬ ਵਰਗੀ ਚੀਜ਼ ਏ। ਮੁਆਫ਼ ਕਰਨਾ! ਕੀ ਮੈਨੂੰ ਇਹ ਗਲਤ ਮਿਸਾਲ ਦੇਣੀ ਚਾਹੀਦੀ ਏ? ਨਈਂ, ਪਰ ਹੈ ਇੰਜ ਈ। ਤੇ ਜਦੋਂ ਤਕ ਇਹ ਪਿਸ਼ਾਬ ਮਸਾਨੇ ਅੰਦਰ ਰਹਿੰਦਾ ਏ ਸਾਰੀ ਦੇਹ ਨੂੰ ਟੈਂਸ਼ਨ ਤੇ ਆਕੜੀ ਰੱਖਦਾ ਏ। ਇਸ ਦੇ ਨਿਕਲ ਜਾਣ ਪਿੱਛੋਂ ਸਾਰੀ ਦੇਹ ਇਕ ਡੂੰਘੀ, ਸ਼ਾਂਤਮਈ ਸਥਿਤੀ ਦੀ ਲਪੇਟ ਵਿਚ ਆ ਜਾਂਦੀ ਏ।

ਜਨੂਬਾ ਅਲਖ਼ਲੀਲੀ ਕੋਲੋਂ ਮੈਂ ਨੱਸ ਆਇਆ ਸੀ ਕਿ ਸਮਾਜ ਤੇ ਇਖ਼ਲਾਕ ਦਾ ਇਹੋ ਹੁਕਮ ਸੀ। ਮਾਰੀਆ ਮਾਰਗਰੇਤਾ ਨੇ ਮੈਨੂੰ ਕਦੀ ਇਸ ਲਾਇਕ ਨਈਂ ਸਮਝਿਆ ਸੀ ਕਿ ਆਪਣੀ ਦੇਹ ਦੀ ਕੋਸੇ ਨਿੱਘ ਦਾ ਸਾਂਝੀਵਾਲ ਬਣਾਉਂਦੀ। ਮੈਨੂੰ ਲੱਗਣ ਲੱਗਿਆ ਕਿ ਮੈਂ ਦੋ ਔਰਤਾਂ ਵਿਚਕਾਰ ਇਕ ਵਕਫ਼ਾ ਹਾਂ—ਤੇ ਉਸ ਸ਼ਾਮ ਵੀ ਰੇਗਿਸਤਾਨ ਵਿਚ ਵਰੋਲੇ ਉੱਠ ਰਹੇ ਸਨ। ਸ਼ਾਇਦ ਹਨੇਰੀ ਨੇ ਪਿਛਲੇ ਦਿਨੀਂ ਲੱਭੇ ਅਸ਼ਾਰ ਨੂੰ ਢਕ ਦਿੱਤਾ ਸੀ। ਆਹ! ਮੈਨੂੰ ਲੱਗਿਆ ਕਿ ਸ਼ਾਇਦ ਮੁਹੱਬਤ ਵੀ ਰੇਤ ਵਿਚੋਂ ਖੁੱਗੇ ਇਹਨਾਂ ਅਸ਼ਾਰਾਂ ਵਰਗੀ



ਈ ਹੁੰਦੀ ਏ। ਬਦਗੁਮਾਨੀ ਦਾ ਇਕੋ ਵਰੋਲਾ ਪਿਛਲੀਆਂ ਸਾਰੀਆਂ ਲੱਭਤਾਂ ਤੇ ਪ੍ਰਾਪਤੀਆਂ 'ਤੇ ਰੇਤ ਦੀ ਤੈਹ ਚੜ੍ਹਾਅ ਦਿੰਦਾ ਏ। ਤੇ ਫੇਰ ਦੁਬਾਰਾ ਹਰ ਰੋਜ਼, ਹਰ ਪਲ, ਸਭ ਪਾਸੇ ਖੁਦਣ-ਖੁਰਚਣਾ ਪੈਂਦਾ ਏ। ਤੇ ਮੈਂ ਜਿਹੜਾ ਕਿ ਦੋ ਔਰਤਾਂ ਦੇ ਦਰਮਿਆਨ ਵਕਫ਼ਾ ਹਾਂ ਮੈਂ ਕਿਸੇ ਅਜਿਹੇ ਈ ਵਿਸ਼ੇਸ਼ ਬਿੰਦੂ 'ਤੇ ਠਹਿਰ ਜਾਣਾ ਚਾਹੁੰਦਾ ਹਾਂ। ਉਸ ਸ਼ਾਮ ਨੂੰ ਜਦੋਂ ਰੇਗਿਸਤਾਨ ਵਿਚ ਵਾ-ਵਰੋਲੇ ਉੱਡ ਰਹੇ ਸਨ ਤੇ ਮੈਂ ਸੁੰਨੀ-ਇਕੱਲ ਦੇ ਕਿਸੇ ਵਾਧੂ-ਜਿਹੇ ਛਿਣ ਦੀ ਜਕੜ ਵਿਚ ਸੀ ਜਦੋਂ ਉਹ ਮੈਨੂੰ ਲੱਭਦੀ ਹੋਈ ਮੇਰੇ ਪਿੱਛੇ ਆਈ। ਪਤਾ ਨਈਂ ਉਹ ਕੀ ਸੋਚ ਰਹੀ ਸੀ! ਉਹ ਔਰਤ ਜਿਹੜੀ ਪਿਛਲੇ ਕਈ ਸਾਲ ਤੋਂ ਮੈਥੋਂ ਦੂਰ ਸੀ ਤੇ ਮੈਨੂੰ ਜਿਸਦੀ ਚਾਹਤ ਸੀ। ਮੇਰੇ ਪਿੱਛੇ ਆ ਗਈ ਸੀ। ਉਸਦੇ ਭਖਦੇ ਹੱਥ ਨੂੰ ਮੈਂ ਆਪਣੇ ਮੋਢੇ 'ਤੇ ਮਹਿਸੂਸ ਕੀਤਾ ਸੀ—ਪਰ ਆਪਣੀ ਦੇਹ ਵਿਚ ਰਤਾ ਵੀ ਝਣਝਣਾਹਟ ਮਹਿਸੂਸ ਨਈਂ ਸੀ ਕਰ ਸਕਿਆ। ਸ਼ਾਇਦ ਉਹ ਗਲਤ ਮੌਕੇ ਆਈ ਸੀ ਤੇ ਇਹ ਉਹ ਪਲ ਸੀ ਜਦੋਂ ਮੇਰਾ ਹੱਥ ਮੇਰੇ ਪੱਟਾਂ ਵਿਚਕਾਰ ਸੀ ਤੇ ਹੇਠਾਂ ਰੇਤ 'ਤੇ ਠੰਢੀ ਅੱਗ—ਮੈਂ ਕਿਹਾ ਏ ਨਾ! ਮੁਹੱਬਤ ਬਾਰੇ ਮੇਰਾ ਖ਼ਿਆਲ ਮਸਾਨੇ ਤੇ ਪਤਾਲੂਆਂ 'ਤੇ ਬੋਝ ਪੈਣ ਤੋਂ ਪਹਿਲਾਂ ਦਾ ਸੀ। ਤੇ ਜਦਕਿ ਹੁਣ ਮੈਂ ਇਕ ਤੂਫ਼ਾਨ ਦੇ ਲੰਘ ਜਾਣ ਪਿੱਛੋਂ ਪੂਰੀ ਤਰ੍ਹਾਂ ਸ਼ਾਂਤ ਹਾਂ, ਤਾਂ ਮਾਰੀਆ ਮਾਰਗਰੇਤਾ ਆਈ ਏ।

ਸ਼ਾਇਦ ਉਹ ਗਲਤ ਮੌਕੇ 'ਤੇ ਆਈ ਏ।

# ਬੁਆਏ ਫਰੈਂਡ

—ਆਸ਼ਕ ਰੁਹੇਲ

*(11-09-1935)*

ਜਦੋਂ ਮੈਂ ਬਹੁਤ ਵੱਡੀ ਝੀਲ ਦੇ ਕਿਨਾਰੇ-ਕਿਨਾਰੇ ਤੁਰਦਾ ਉਸ ਥਾਂ ਤੇ ਅੱਪੜਿਆ ਜਿੱਥੋਂ ਮੈਨੂੰ ਉਹ ਬੈਂਚ ਨਜ਼ਰ ਆਉਣ ਲੱਗ ਜਾਂਦਾ ਸੀ ਜਿਹਦੇ ਤੇ ਬਹਿ ਕੇ ਮੈਂ ਆਪਣੀਆਂ ਸ਼ਾਮਾਂ ਗੁਜ਼ਾਰਦਾ ਸੀ। ਅੱਜ ਮੈਂ ਓਧਰ ਦੇਖਿਆ ਤਾਂ ਮੈਨੂੰ ਓਹਦੇ ਤੇ ਕਿਸੇ ਦੇ ਬੈਠੇ ਹੋਣ ਦਾ ਝੌਲਾ-ਜਿਹਾ ਪਿਆ। ਇਸ ਬੈਂਚ ਤੇ ਬੈਠ ਕੇ ਝੀਲ ਦੇ ਨੀਲੇ ਪਾਣੀ ਦਾ ਨਜ਼ਾਰਾ ਕਰਦਿਆਂ, ਪਾਣੀ ਤੇ ਤੈਰਦੀਆਂ ਚਿੱਟੀਆਂ-ਚਿੱਟੀਆਂ ਬਤਖ਼ਾਂ ਦੀਆਂ ਇਕ-ਦੂਜੀ ਨਾਲ ਚੁਹਲਾਂ ਤੇ ਕਿਸੇ ਅਣਜਾਣੇ ਦੇਸ ਤੋਂ ਆਉਣ ਵਾਲੀਆਂ ਕੂੰਜਾਂ ਦੀਆਂ ਡਾਰਾਂ ਨੂੰ ਏਥੇ ਉਤਰਦਿਆਂ ਨੂੰ ਦੇਖਦਿਆਂ ਮੈਨੂੰ ਦੋ ਮਹੀਨਿਆਂ ਤੋਂ ਵੱਧ ਹੋ ਚੁੱਕੇ ਸਨ ਪਰ ਇਹ ਬੈਂਚ ਹਮੇਸ਼ਾ ਖ਼ਾਲੀ ਈ ਪਿਆ ਹੁੰਦਾ ਸੀ। ਕਿਉਂਜੋ ਏਥੇ ਆਉਣ ਵਾਲੇ ਸਿਰਫ਼ ਜੌਗਿੰਗ ਈ ਕਰਨ ਲਈ ਆਉਂਦੇ ਸਨ, ਬੈਠਣ ਲਈ ਨਹੀਂ। ਏਸ ਲਈ ਇਸ ਤਿੰਨ ਕਿਲੋਮੀਟਰ ਗੋਲਾਈ ਵਾਲੀ ਝੀਲ ਦੇ ਕੰਢੇ ਇਹ ਇਕੋ ਬੈਂਚ ਰੱਖਿਆ ਹੋਇਆ ਸੀ। ਮੈਂ ਜਿਵੇਂ-ਜਿਵੇਂ ਬੈਂਚ ਵੱਲ ਵਧਦਾ ਗਿਆ ਉਹ ਪਰ੍ਛਾਵਾਂ ਇਕ ਜ਼ਨਾਨੀ ਦਾ ਰੂਪ ਧਾਰਦਾ ਗਿਆ। ਬਿਲਕੁਲ ਕੋਲ ਅੱਪੜ ਕੇ ਦੇਖਿਆ ਤਾਂ ਓਹਦੇ ਇਕ ਨੁੱਕਰ ਤੇ ਜ਼ਨਾਨੀ ਈ ਬੈਠੀ ਸੀ ਜਿਹੜੀ ਕੁੜੀਆਂ ਦੀ ਉਮਰ ਤੋਂ ਜ਼ਰਾ ਅਗਾਂਹ ਹੁੰਦਿਆਂ ਵੀ ਕੁੜੀ ਈ ਜਾਪ ਰਹੀ ਸੀ। ਝੀਲ ਦੇ ਪਾਣੀ ਵਰਗੀਆਂ ਨੀਲੀਆਂ-ਨੀਲੀਆਂ ਅੱਖਾਂ। ਕਾਲੇ-ਕਾਲੇ ਵਾਲ ਜਿਹਨਾਂ ਇਹਦੀਆਂ ਗੋਰੀਆਂ ਗੋਰੀਆਂ ਗੱਲ੍ਹਾਂ ਲਿਸ਼ਕਾਈਆਂ ਹੋਈਆਂ ਸਨ। ਗੋਡਿਆਂ ਤੋਂ ਉੱਚਾ ਸਕਰਟ ਜਿਹੜਾ ਓਹਦੇ ਬੈਠਣ ਦੇ ਅੰਦਾਜ਼ ਕਰਕੇ ਹੋਰ ਉੱਚਾ ਹੋ ਕੇ ਓਹਦੇ ਗੋਲ-ਗੋਲ ਪੱਟਾਂ ਦੀ ਨੁਮਾਇਸ਼ ਕਰ ਰਿਹਾ ਸੀ...ਤੇ ਸੁਡੌਲ-ਸੁਡੌਲ ਲੱਤਾਂ ਕੱਜਣ ਦਾ ਤਾਂ ਏਥੇ ਰਿਵਾਜ ਈ ਨਹੀਂ। ਓਹ ਆਪਣੇ ਹੱਥ ਵਿਚ ਫੜੇ ਮੋਬਾਇਲ ਨਾਲ ਖਿਡੌਣੇ ਨਾਲ ਖੇਡਦੀ ਬਾਲੜੀ ਜਿਹੀ ਲੱਗ ਰਹੀ ਸੀ।

ਓਹਨੇ ਮੈਨੂੰ ਦੇਖਦਿਆਂ ਹੀ 'ਹੈਲੋ' ਆਖਿਆ ਤੇ ਮੈਂ ਵੀ 'ਹਾਏ' ਕਹਿੰਦਿਆਂ ਓਹਦੇ ਕੋਲੋਂ ਓਹਦੇ ਨਾਲ ਬੈਂਚ ਤੇ ਬੈਠਣ ਦੀ ਇਜਾਜ਼ਤ ਮੰਗੀ। ਓਹਨੇ ਮੁਸਕੁਰਾਂਦੇ ਹੋਠਾਂ ਤੇ ਹੋਰ ਮੁਸਕੁਰਾਹਟ ਲਿਆ ਕੇ ਖਿੜੇ ਮੱਥੇ ਆਖਿਆ, "ਮਾਈ ਪਲੈਜ਼ਰ।" ਮੇਰੀ ਓਹਦੇ ਨਾਲ ਸਾਰੀ ਗੱਲਬਾਤ ਅੰਗਰੇਜ਼ੀ ਜ਼ੁਬਾਨ ਵਿਚ ਈ ਹੋਈ। ਮੈਂ ਆਪਣੀ ਪਾਕਿਸਤਾਨੀ ਅੰਗਰੇਜ਼ੀ, ਪੰਜਾਬੀ ਲਹਿਜੇ ਵਿਚ ਬੋਲ ਰਿਹਾ ਸੀ ਤੇ ਅੰਗਰੇਜ਼ੀ ਬੋਲਣ ਵਾਲਾ ਓਹਦਾ ਅੰਦਾਜ਼ ਵੀ ਅਮਰੀਕਨਾਂ ਵਾਲਾ ਨਹੀਂ ਸੀ। ਮੈਂ ਓਹਦੇ ਕੋਲ ਬੈਠਾ ਤਾਂ ਝੀਲ ਦੇ ਓਸ ਠੰਢੇ-ਠੰਢੇ ਮਾਹੌਲ ਵਿਚ ਵੀ ਓਹਦੇ ਜਿਸਮ 'ਚੋਂ ਸੇਕ ਆਉਂਦਾ ਮਹਿਸੂਸ ਹੋਇਆ ਜੀਹਦਾ ਮੈਨੂੰ



ਇਕ ਸਵਾਦ-ਜਿਹਾ ਆਉਣ ਲੱਗ ਪਿਆ। ਓਸ ਵੇਲੇ ਸੂਰਜ ਨੀਵਾਂ ਹੁੰਦਾ-ਹੁੰਦਾ ਬਿਲਕੁਲ ਪਾਣੀ ਦੇ ਉਪਰ ਆ ਗਿਆ ਸੀ ਤੇ ਓਹਦੀਆਂ ਕਿਰਨਾਂ ਨੀਲੇ ਪਾਣੀ ਨੂੰ ਸੁਨਹਿਰੀ ਬਣਾਉਣ ਲੱਗ ਪਈਆਂ ਸਨ। ਮੈਨੂੰ ਸੁਨਹਿਰੇ ਹੁੰਦੇ ਓਸ ਪਾਣੀ ਵੱਲ ਦੇਖਦਾ ਸਮਝ ਕੇ ਉਸਨੇ ਆਖਿਆ—

"ਤੁਸੀਂ ਵੀ ਮੇਰੀ ਤਰ੍ਹਾਂ 'ਸਨ ਸੈਟ' ਨੂੰ ਦੇਖਣ ਦੇ ਸ਼ੌਕੀਨ ਜਾਪਦੇ ਓ ਮਿਸਟਰ...।"

"ਰਹੇਲ।" ਮੈਂ ਓਹਦਾ ਵਾਕ ਮੁਕੰਮਲ ਕਰਦਿਆਂ ਆਪਣਾ ਨਾਂ ਦੱਸਿਆ। ਇਸ 'ਤੇ ਉਸਨੇ ਆਪਣਾ ਗੋਰਾ-ਗੋਭਲਾ ਹੱਥ ਮੇਰੇ ਹੱਥ ਵਿਚ ਦਿੰਦਿਆਂ ਆਖਿਆ—

"ਮੇਰਾ ਨਾਂ ਗਲੋਰੀਆ ਏ। ਮੈਂ ਮੈਕਸੀਕਨ ਆਂ ਤੇ ਮੈਨੂੰ ਇਸ ਅਮਰੀਕਨ ਸ਼ਹਿਰ ਵਿਚ ਰਹਿੰਦਿਆਂ ਪੰਜ ਸਾਲ ਹੋ ਗਏ ਨੇ। ਏਸ ਤੋਂ ਪਹਿਲੇ ਮੈਂ ਮੈਕਸੀਕੋ ਦੇ ਸ਼ਹਿਰ 'ਮੈਕਸੀਕੋਅਨ ਸਿਟੀ' ਵਿਚ ਰਹਿੰਦੀ ਸੀ।" ਮੈਂ ਡੁੱਬਦਾ ਸੂਰਜ ਬਿਲਕੁਲ ਨਹੀਂ ਦੇਖ ਰਿਹਾ ਸੀ ਪਰ ਫੇਰ ਵੀ ਉਹਦੀ ਸੋਚ ਨੂੰ ਠੀਕ ਠਹਿਰਾਉਂਦਿਆਂ ਆਖਿਆ, "ਹਾਂ! ਮੈਨੂੰ ਵੀ ਨੀਲੇ-ਨੀਲੇ ਪਾਣੀ ਵਿਚ ਸੂਰਜ ਦੀਆਂ ਲਾਲ-ਲਾਲ ਕਿਰਨਾਂ ਬਹੁਤ ਸੋਹਣੀਆਂ ਲੱਗਦੀਆਂ ਨੇ। ਇੰਜ ਜਾਪਦਾ ਏ ਜਿਵੇਂ ਸਾਰਾ ਪਾਣੀ ਸੋਨਾ ਬਣ ਗਿਆ ਹੋਵੇ। ਮੈਂ ਅਹਿ ਮੰਜ਼ਰ ਓਦੋਂ ਤਾਈਂ ਦੇਖਦਾ ਰਹਿਨਾਂ ਜਦੋਂ ਤੀਕ ਆਸਮਾਨ ਤੋਂ ਲਾਲੀ ਮੁੱਕ ਨਈਂ ਜਾਂਦੀ।"

ਇਹ ਮੈਂ ਓਹਦੀ ਹਾਂ ਵਿਚ ਹਾਂ ਮਿਲਾਣ ਲਈ ਸਰਾਸਰ ਝੂਠ ਬੋਲ ਰਿਹਾ ਸੀ ਕਿਉਂਜੋ ਮੈਂ ਤਾਂ ਓਥੇ ਬੈਠ ਕੇ ਅੱਲ੍ਹਾ ਦਾ ਪੈਦਾ ਕੀਤਾ ਹੋਇਆ ਇਨਸਾਨੀ ਹੁਸਨ ਈ ਦੇਖਦਾ ਸੀ। ਸਿਹਤਮੰਦ ਤੇ ਮੁਸਕੁਰਾਉਂਦੇ ਸੁੰਦਰ ਚਿਹਰਿਆਂ 'ਤੇ ਹਲਕੇ-ਹਲਕੇ ਆਏ ਪਸੀਨੇ ਦੇ ਮੋਤੀ ਗਿਣਦਾ ਸੀ। ਮਜਬੂਤ ਲੱਤਾਂ ਤੇ ਗੋਲ ਪੱਟ ਦੇਖਦਿਆਂ, ਜੌਗਿੰਗ ਕਰਨ ਵਾਲੀਆਂ ਜ਼ਨਾਨੀਆਂ ਦੇ ਸਟੈਮਨੇ ਦੀ ਦਾਦ ਦਿੰਦਾ ਸੀ। ਬੈਂਚ ਦੇ ਕੋਲੋਂ ਦੀ ਲੰਘਦੀਆਂ ਹੁਸੀਨ ਮੁਟਿਆਰਾਂ ਦੇ ਸਲਾਮਾਂ ਤੇ ਆਪਣੀ ਗਰਦਨ ਝੁਕਾ ਦਿੰਦਾ ਸੀ।

ਮੇਰੇ ਡੁੱਬਦੇ ਸੂਰਜ ਨੂੰ ਦੇਖਣ ਦੇ ਸ਼ੌਕ ਨੂੰ ਦੇਖਦਿਆਂ ਗਲੋਰੀਆ ਨੇ ਆਪਣੇ ਮੋਬਾਇਲ ਤੇ ਲੰਮੀਆਂ-ਲੰਮੀਆਂ ਉਂਗਲਾਂ ਮਾਰੀਆਂ ਤੇ ਓਹਦੇ ਵਿਚ ਸੂਰਜ ਦੀਆਂ ਸੁਨਹਿਰੀ ਕਿਰਨਾਂ ਦੇ ਝੀਲ ਦੇ ਪਾਣੀ ਤੇ ਖਿੱਲਰੇ ਜਾਲ ਦੀ ਤਸਵੀਰ ਦਿਖਾਉਂਦਿਆਂ ਆਖਿਆ, "ਲੁੱਕ ਮਿਸਟਰ ਰਹੇਲ! ਅਹਿ ਤਸਵੀਰ ਮੈਂ ਤੁਹਾਡੇ ਏਥੇ ਆਉਣ ਤੋਂ ਥੋੜ੍ਹਾ ਚਿਰ ਪਹਿਲਾਂ ਈ ਖਿੱਚੀ ਏ। ਮੇਰੇ ਕੋਲ ਇਹੋ-ਜਿਹੀਆਂ ਬਹੁਤ ਸਾਰੀਆਂ ਤਸਵੀਰਾਂ ਜਮ੍ਹਾਂ ਹੋ ਗਈਆਂ ਨੇ।" ਉਹਨੇ ਇਹ ਤਸਵੀਰ ਮੇਰੇ ਏਨੇ ਨੇੜੇ ਹੋ ਕੇ ਦਿਖਾਈ ਕਿ ਓਹਦੇ ਸਾਰੇ ਵਜੂਦ ਦਾ ਨਿੱਘ, ਓਹਦੇ ਸਾਰੇ ਵਜੂਦ ਦੀ ਮਹਿਕ ਮੇਰੇ ਅੰਦਰ ਜਜ਼ਬ ਹੁੰਦੀ ਜਾ ਰਹੀ ਸੀ। ਮੈਂ ਓਹਨੂੰ ਆਪਣੇ ਨੇੜੇ ਰੱਖਣ ਦੇ ਲਈ ਐਵੇਂ ਏਧਰ-ਉੱਧਰ ਦੇ ਸਵਾਲ ਪੁੱਛੀ ਜਾ ਰਿਹਾ ਸੀ। ਮੈਂ ਓਹਦੇ ਤੋਂ ਪੁੱਛਿਆ, "ਤੁਸੀਂ ਅਹਿ ਤਸਵੀਰਾਂ ਕਦੋਂ ਲਈਆਂ ਸਨ? ਮੈਂ ਤਾਂ ਰੋਜ਼ ਏਥੇ ਆਉਣਾ ਪਰ ਤੁਹਾਨੂੰ ਕਦੇ ਨਈਂ ਦੇਖਿਆ।"

"ਤੁਸੀਂ ਮੈਨੂੰ ਨਈਂ ਦੇਖਿਆ ਹੋਵੇਗਾ ਪਰ ਮੈਂ ਤਾਂ ਤੁਹਾਨੂੰ ਰੋਜ਼ ਦੇਖਦੀ ਆਂ। ਅਹਿ ਪਿੱਛੇ ਜਿਹੜਾ ਘਰ ਏ ਜਿੱਥੇ ਤੁਹਾਡਾ ਪੁੱਤਰ ਰਹਿੰਦਾ ਰਿਹਾ ਏ, ਮੈਂ ਓਹਦੇ ਵਿਚ ਰਹਿਨੀਂ ਆਂ...ਮੈਂ ਤਾਂ ਤੁਹਾਨੂੰ ਓਦੋਂ ਵੀ ਦੇਖਿਆ ਸੀ ਜਦੋਂ ਤੁਸੀਂ ਇਸ ਘਰ ਦੀ ਦੂਜੀ ਮੰਜ਼ਿਲ ਤੇ ਰਹਿੰਦੇ ਸੀ ਤੇ ਦਿਨ ਵਿਚ ਕਈ ਵਾਰੀ ਏਸ ਬੈਂਚ ਤੇ ਆ ਬੈਠਦੇ ਸੀ। ਇਕ

ਵਾਰੀ ਤੁਸੀਂ ਦਸੰਬਰ ਵਿਚ ਵੀ ਇਸ ਸ਼ਹਿਰ 'ਚ ਆਏ ਸੀ ਜਦੋਂ ਇਹ ਬੈਂਚ ਬਰਫ਼ ਵਿਚ ਲੁਕਿਆ ਰਹਿੰਦਾ ਸੀ।" ਮੈਂ ਓਹਦੇ ਕੋਲੋਂ ਇਹ ਗੱਲਾਂ ਸੁਣ ਕੇ ਹੈਰਾਨ ਰਹਿ ਗਿਆ ਕਿਉਂਜੋ ਜਦੋਂ ਮੈਂ ਪਹਿਲੀ ਵਾਰੀ ਅਮਰੀਕਾ ਆਇਆ ਸੀ ਤਾਂ ਓਦੋਂ ਦਸੰਬਰ ਦਾ ਈ ਮਹੀਨਾ ਸੀ ਤੇ ਮੇਰਾ ਬੇਟਾ ਰਹਿੰਦਾ ਵੀ ਇਸੇ ਮਕਾਨ ਦੀ ਦੂਜੀ ਮੰਜ਼ਿਲ 'ਤੇ ਸੀ। ਗਰਾਊਂਡ ਫ਼ਲੋਰ ਤੇ ਇਹ ਰਹਿੰਦੀ ਹੋਵੇਗੀ ਜੀਹਦਾ ਬੂਹਾ ਹਰ ਵੇਲੇ ਬੰਦ ਈ ਰਹਿੰਦਾ ਸੀ। ਤੀਜੀ ਮੰਜ਼ਿਲ ਤੇ ਰਹਿਣ ਵਾਲੀ ਜ਼ਨਾਨੀ ਮੈਨੂੰ ਯਾਦ ਏ ਕਿਉਂਜੋ ਰਾਤ ਹੁੰਦਿਆਂ ਈ ਓਹ ਹਲਕੇ-ਹਲਕੇ ਸੰਗੀਤ ਦੀ ਸੰਗਤ ਵਿਚ ਡਾਂਸ ਕਰਨ ਦੀ ਪ੍ਰੈਕਟਿਸ ਕਰਦੀ ਰਹਿੰਦੀ ਸੀ। ਸ਼ੈਂਰੇ ਉਹ ਕਿਸੇ ਕਲੱਬ ਯਾਂ ਹੋਟਲ ਵਿਚ ਡਾਂਸ ਕਰਦੀ ਹੋਵੇ। ਦੇਖੀ ਮੈਂ ਉਹ ਕਦੀ ਵੀ ਨਹੀਂ ਸੀ। ਓਥੇ ਪਤਾ ਈ ਨਹੀਂ ਲੱਗਦਾ ਕਿ ਗੁਆਂਢ ਵਿਚ ਕੌਣ ਰਹਿੰਦਾ ਏ ਤੇ ਕਿਆ ਕਰਦਾ ਏ ? ਹਰ ਕੋਈ ਆਪਣੇ ਹਾਲ ਵਿਚ ਮਸਤ ਰਹਿੰਦਾ ਏ। ਕੋਈ ਕਿਸੇ ਦੀ ਟੋਹ ਨਹੀਂ ਲੈਂਦਾ। ਫੇਰ ਸਰਦੀਆਂ ਵਿਚ ਤਾਂ ਸਾਰਿਆਂ ਨੇ ਏਨੇ ਤੇ ਇਹੋ-ਜਿਹੇ ਕੱਪੜੇ ਪਾਏ ਹੁੰਦੇ ਨੇ ਕਿ ਮਰਦਾਂ, ਜ਼ਨਾਨੀਆਂ ਦਾ ਪਤਾ ਈ ਨਹੀਂ ਲੱਗਦਾ। ਮੇਰੇ ਪੁੱਤਰ ਨੇ ਇਹ ਮਕਾਨ ਛੱਡ ਦਿੱਤਾ ਸੀ ਤੇ ਏਥੋਂ ਥੋੜ੍ਹੀ ਦੂਰ ਈ ਪੁਲ ਦੇ ਨਾਲ ਲੱਗਵਾਂ ਇਕ ਹੋਰ ਮਕਾਨ ਲੈ ਲਿਆ ਸੀ। ਜਿੱਥੋਂ ਆ ਕੇ ਮੈਂ ਹੁਣ ਵੀ ਇਸ ਬੈਂਚ ਤੇ ਬੈਠਦਾਂ। ਝੀਲ ਦਾ ਪਾਣੀ ਮੈਨੂੰ ਆਪਣੇ ਘਰ ਵਿਚ ਆਪਣੇ ਬਿਸਤਰੇ ਤੇ ਪਿਆਂ ਵੀ ਨਜ਼ਰ ਆਉਂਦਾ ਰਹਿੰਦਾ ਏ। ਬਲਕਿ ਕਈ ਵਾਰੀ ਤਾਂ ਝੀਲ ਵਿਚੋਂ ਨਿਕਲ ਕੇ ਬੱਤਖ਼ਾਂ ਵੀ ਸਾਡੇ ਦਰਵਾਜ਼ੇ ਤਾਈਂ ਆ ਜਾਂਦੀਆਂ ਨੇ ਤੇ ਮੈਨੂੰ ਲੱਗਦਾ ਏ ਕਿ ਜਿਵੇਂ ਉਹ ਮੇਰੇ ਬਗ਼ੈਰ ਉਦਾਸ ਹੋ ਕੇ ਮੈਨੂੰ ਸੱਦਣ ਆਈਆਂ ਹੋਣ।

ਮੈਂ ਨਹੀਂ ਚਾਹੁੰਦਾ ਸੀ ਕਿ ਗਲੋਰੀਆ ਮੇਰੇ ਤੋਂ ਦੂਰ ਹੋ ਕੇ ਬੈਠੇ। ਗੱਲ ਲੰਮੀ ਕਰਨ ਲਈ ਮੈਂ ਓਹਨੂੰ ਹੋਰ ਤਸਵੀਰਾਂ ਦਿਖਾਉਣ ਲਈ ਆਖਿਆ। ਓਹਨੇ ਵੱਖ-ਵੱਖ ਐਂਗਲ ਤੋਂ ਖਿੱਚੀਆਂ ਹੋਈਆਂ ਝੀਲ ਦੀਆਂ ਹੋਰ ਕਈ ਤਸਵੀਰਾਂ ਦਿਖਾਈਆਂ। ਓਹਨੂੰ ਕੁਦਰਤੀ ਨਜ਼ਾਰਿਆਂ ਨੂੰ ਕੈਮਰੇ ਵਿਚ ਬੰਦ ਕਰਨ ਦਾ ਵਲ ਆਉਂਦਾ ਸੀ...ਇਸ ਦੌਰਾਨ ਬਹੁਤ ਸਾਰੀਆਂ ਜੌਗਿੰਗ ਕਰਨ ਵਾਲੀਆਂ ਜ਼ਨਾਨੀਆਂ ਤੇ ਮਰਦ "ਹੈਲੋ, ਹਾਏ" ਕਰਦੇ ਸਾਡੇ ਕੋਲੋਂ ਦੀ ਲੰਘਦੇ ਰਹੇ। ਗਲੋਰੀਆ ਨੇ ਸੂਰਜ ਡੁੱਬਣ ਦੀਆਂ ਤਸਵੀਰਾਂ ਦਿਖਾਉਂਦਿਆਂ-ਦਿਖਾਉਂਦਿਆਂ ਇਕ ਜ਼ਹਿਰੀਲੇ ਕੋਬਰੇ ਦੀ ਤਸਵੀਰ ਵੀ ਦਿਖਾਈ ਤੇ ਆਖਿਆ, "ਅਹਿ ਤਸਵੀਰ ਵੀ ਮੈਂ ਔਹ ਸਾਹਮਣੇ ਢਲਾਣ ਤੇ ਉੱਗੀਆਂ ਝਾੜੀਆਂ ਕੋਲੋਂ ਖਿੱਚੀ ਏ।" ਮੈਂ ਆਖਿਆ, "ਹਾਂ! ਮੈਂ ਵੀ ਏਥੇ ਈ ਇਕ ਜਲੇਬੀ ਸੱਪ ਬਿਲਕੁਲ ਆਪਣੇ ਪੈਰਾਂ ਕੋਲੋਂ ਲੰਘਦਾ ਦੇਖਿਆ ਸੀ। ਏਥੇ ਦੇਖ-ਭਾਲ ਕੇ ਫਿਰਨਾ ਚਾਹੀਦਾ।" "ਨਈਂ ਮਿਸਟਰ ਰਹੇਲ! ਇਹ ਕੋਬਰੇ ਏਨੇ ਜ਼ਹਿਰੀਲੇ ਨਈਂ ਜਿੰਨੇ ਤੁਸੀਂ ਮਰਦ ਓ। ਇਹ ਕੋਬਰੇ ਤਾਂ ਅਚਨਚੇਤ ਡੰਗ ਮਾਰ ਕੇ ਗੱਲ ਮੁਕਾ ਦਿੰਦੇ ਨੇ ਤੇ ਮਰਦ ਕੋਬਰੇ ਭੇਚਲ-ਭੇਚਲ ਕੇ ਬੜੇ ਪਿਆਰ ਨਾਲ ਡੰਗ ਮਾਰ ਕੇ ਤੜਫ਼ਣ ਲਈ ਛੱਡ ਜਾਂਦੇ ਨੇ।" ਇਹ ਕਹਿੰਦਿਆਂ-ਕਹਿੰਦਿਆਂ ਓਹਦੀਆਂ ਝੀਲ ਦੇ ਪਾਣੀ ਵਰਗੀਆਂ ਨੀਲੀਆਂ-ਨੀਲੀਆਂ ਅੱਖਾਂ ਹੌਲੀ-ਹੌਲੀ ਸਿੱਲ੍ਹੀਆਂ ਹੁੰਦੀਆਂ ਜਾ ਰਹੀਆਂ ਸਨ। ਮੈਂ ਸੋਚਿਆ ਕਿ ਇਹ ਕਹਾਣੀ ਕਿੱਧਰ ਮੁੜਦੀ ਜਾ ਰਹੀ ਏ ? ਓਹਨੇ ਮੋਬਾਇਲ ਮੈਨੂੰ ਫੜਾ ਕੇ ਟੀਸ਼ੂ ਨਾਲ ਅੱਖਾਂ ਸਾਫ਼ ਕੀਤੀਆਂ ਤੇ ਆਖਿਆ, "ਇਹੋ-ਜਿਹੇ ਖ਼ਤਰਨਾਕ ਕੋਬਰੇ ਤੋਂ ਅੱਜ ਮੈਂ ਦੂਜੀ ਵਾਰ ਡੰਗੀ ਗਈ ਆਂ। ਏਸੇ ਲਈ ਅੱਜ ਏਥੇ



ਬੈਠੀ ਆਂ। ਓਹ ਮੈਨੂੰ ਹਮੇਸ਼ਾ ਲਈ ਛੱਡ ਕੇ ਜਾਣ ਲੱਗਾ ਤਾਂ ਮੈਂ ਪੁੱਛਿਆ, 'ਸ਼ਾਮ ਨੂੰ ਮੈਂ ਕੇਹਦੀ ਉਡੀਕ ਕਰਾਂਗੀ ?' ਓਹਨੇ ਬੜੀ ਬੇਦਰਦੀ ਨਾਲ ਆਖਿਆ ਸੀ, 'ਬਾਹਰ ਬੈਂਚ ਤੇ ਜਾ ਬੈਠੀਂ ਓਥੇ ਬਹੁਤ ਸਾਰੇ ਮਿਲ ਜਾਣਗੇ'।" ਲੱਗਦਾ ਸੀ ਓਹਦੇ ਅੰਦਰ ਜਵਾਲਾਮੁਖੀ ਭਖ਼ਣ ਲੱਗ ਪਿਆ ਏ। ਓਹਦੀਆਂ ਗੱਲ੍ਹਾਂ ਸੁਰਖ਼ ਹੋ ਗਈਆਂ। ਅੱਖਾਂ ਵਿਚ ਇਕ ਅਜੀਬ-ਜਿਹਾ ਝੱਲ ਪੈਦਾ ਹੋ ਗਿਆ ਸੀ। ਓਹਦੀ ਹਾਲਤ ਦੇਖ ਕੇ ਮੈਨੂੰ ਜਾਪਿਆ ਕਿ ਮੈਂ ਅਮਰੀਕਾ ਦੇ ਕਿਸੇ ਸ਼ਹਿਰ ਵਿਚ ਨਹੀਂ ਬੈਠਾ ਬਲਕਿ ਇਹ ਹਿੰਦੁਸਤਾਨੀਆਂ-ਪਾਕਿਸਤਾਨੀਆਂ ਦਾ ਕੋਈ ਸ਼ਹਿਰ ਏ ਜਿੱਥੋਂ ਦੀ ਜ਼ਨਾਨੀ ਮਰਦ ਦੀ ਬੇਵਫ਼ਾਈ ਤੇ ਗੁੱਸਾ ਝਾੜ ਰਹੀ ਏ। ਮੈਂ ਮਹਿਸੂਸ ਕੀਤਾ ਕਿ ਪੂਰੀ ਦੁਨੀਆਂ ਦੀਆਂ ਜ਼ਨਾਨੀਆਂ ਇਕੋ ਮਸਲੇ ਦਾ ਸ਼ਿਕਾਰ ਨੇ। ਇਹ ਇਕ ਮੁਲਕ ਦੀ ਗੱਲ ਨਹੀਂ ਬਲਕਿ ਸਾਰੇ ਸੰਸਾਰ ਵਿਚ ਫ਼ੈਲਿਆ ਹੋਇਆ ਰੋਗ ਏ। ਜ਼ਨਾਨੀ ਕਿਤੇ ਦੀ ਵੀ ਹੋਵੇ ਜ਼ਨਾਨੀ ਏ। ਮੈਨੂੰ ਓਹਦੇ ਗੁੱਸੇ ਬਾਰੇ ਕੁਰੇਦਨ ਦੀ ਲੋੜ ਨਾ ਪਈ। ਉਹ ਭਰੀ ਬੈਠੀ ਸੀ। ਜਿਵੇਂ ਜਵਾਲਾਮੁਖੀ ਆਪਣਾ ਲਾਵਾ ਉਗਲਣਾ ਚਾਹੁੰਦਾ ਹੋਵੇ। ਓਹਨੇ ਖ਼ੁਦ ਈ ਦੱਸਿਆ, "ਮੈਂ ਮੈਕਸੀਕੋਨ ਸਿਟੀ ਵਿਚ ਪੈਦਾ ਹੋਈ ਸੀ। ਮੈਂ ਮਾਪਿਆਂ ਦੀ ਇਕੋ ਇਕ ਲਾਡਲੀ ਧੀ ਸੀ। ਮੈਂ ਨਿੱਕੇ ਹੁੰਦਿਆਂ ਤੋਂ ਈ ਮੁੰਡਿਆਂ ਤੋਂ ਦੂਰ ਰਹੀ ਸੀ। ਕਾਲਜ ਵਿਚ ਜਾ ਕੇ ਵੀ ਮੈਂ ਆਪਣਾ ਕੋਈ ਬੁਆਏ ਫ਼ਰੈਂਡ ਨਈਂ ਸੀ ਬਣਾਇਆ ਜਦੋਂ ਕਿ ਸਕੂਲ ਪੜ੍ਹਦਿਆਂ ਈ ਮੁੰਡੇ, ਕੁੜੀਆਂ ਨੂੰ ਫਸਾ ਲੈਂਦੇ ਨੇ। ਕੁੜੀਆਂ ਵੀ ਏਹਨੂੰ ਆਪਣੀ ਇੱਜ਼ਤ ਸਮਝਦੀਆਂ ਨੇ। ਕਿਉਂਕਿ ਜੇ ਏਧਰ ਕਿਸੇ ਕੁੜੀ ਦਾ ਕੋਈ ਬੁਆਏ ਫ਼ਰੈਂਡ ਨਾ ਹੋਵੇ ਤਾਂ ਮਾਪੇ ਵੀ ਆਪਣੀ ਕੁੜੀ ਵਿਚ ਕੋਈ ਖ਼ਾਮੀ ਸਮਝਦੇ ਨੇ। ਕਾਲਜ ਵਿਚ ਮੇਰੀ ਕਲਾਸ ਦੇ ਹਰ ਮੁੰਡੇ ਨੇ ਮੇਰੇ ਵੱਲ ਦੋਸਤੀ ਦਾ ਹੱਥ ਵਧਾਇਆ ਸੀ ਪਰ ਮੈਂ ਕਿਸੇ ਦੀ ਪ੍ਰਵਾਹ ਨਾ ਕੀਤੀ। ਮੈਂ ਬੁਆਏ ਫ਼ਰੈਂਡ ਨਾ ਹੋਣ ਦੇ ਤਾਅਨਿਆਂ ਤੋਂ ਵੀ ਨਈਂ ਡਰਦੀ ਸੀ। ਹਾਲਾਂਕਿ ਮੇਰੀ ਮਾਂ ਵੀ ਅਕਸਰ ਕਹਿੰਦੀ ਸੀ ਕਿ ਮੈਂ ਏਨੀ ਸੋਹਣੀ ਹੁੰਦਿਆਂ ਵੀ ਕੋਈ ਬੁਆਏ ਫ਼ਰੈਂਡ ਨਈਂ ਬਣਾਇਆ। ਮੈਨੂੰ ਇਕ ਦਾ ਹੋ ਕੇ ਰਹਿਣਾ ਚੰਗਾ ਲੱਗਦਾ ਸੀ। ਖ਼ਾਨਾਬਦੋਸੀ ਚੰਗੀ ਨਈਂ ਲੱਗਦੀ। ਮੈਂ ਚਾਹੁੰਦੀ ਸਾਂ ਕਿ ਕੋਈ ਮੈਨੂੰ ਹਮੇਸ਼ਾ ਲਈ ਆਪਣਾ ਬਣਾਉਣ ਦੀ ਸੱਧਰ ਜਾਹਰ ਕਰੇ ਤਾਂ ਮੈਂ ਆਪਣੀ ਜ਼ਿੰਦਗੀ ਓਹਦੇ ਨਾਵੇਂ ਲਾ ਦੇਵਾਂ। ਮੇਰੀ ਮਾਂ ਮੈਨੂੰ ਤਾਅਨੇ ਵੀ ਦਿੰਦੀ ਕਿ ਤੇਰੇ ਅੰਦਰ ਕੋਈ ਪੂਰਬੀ ਰੂਹ ਏ। ਓਹਨੂੰ ਪੂਰਬ ਦੀ ਜ਼ਿੰਦਗੀ ਬਾਰੇ ਚੋਖੀ ਜਾਣਕਾਰੀ ਸੀ। ਓਹਨੇ ਪੂਰਬੀ ਰਿਸ਼ਤਿਆਂ ਦੀ ਨਜ਼ਾਕਤ ਬਾਰੇ ਬੜਾ ਕੁਝ ਪੜ੍ਹਿਆ ਹੋਇਆ ਸੀ। ਆਖ਼ਰ ਮੈਨੂੰ ਇਕ ਸਾਥੀ ਮਿਲ ਹੀ ਗਿਆ। ਸੋਹਣਾ-ਸੁਣੱਖਾ, ਫ਼ੁੱਟਬਾਲ ਦਾ ਮਸ਼ਹੂਰ ਖਿਡਾਰੀ ਸੀ। ਓਹਦੀ ਦੁਪਹਿਰ ਆਪਣੇ ਦਫ਼ਤਰ ਵਿਚ, ਸ਼ਾਮ ਫ਼ੁੱਟਬਾਲ ਦੇ ਗਰਾਊਂਡ ਵਿਚ ਤੇ ਰਾਤ ਦਾ ਪਹਿਲਾ ਪਹਿਰ ਦੋਸਤਾਂ ਦੀ ਮਹਿਫ਼ਿਲ ਵਿਚ ਲੰਘਦੀ ਸੀ। ਫੇਰ ਮੇਰੇ ਨਾਲ ਵਿਆਹ ਕਰਦਿਆਂ ਈ ਓਹਨੇ ਰਾਤਾਂ ਨੂੰ ਬਾਹਰ ਜਾਣਾ ਛੱਡ ਦਿੱਤਾ। ਅਸੀਂ ਰਾਤ ਨੂੰ ਬਾਹਰ ਜਾਂਦੇ ਵੀ ਤਾਂ ਇਕੱਠੇ ਜਾਂਦੇ। ਓਹਦਾ ਨਾਂ ਹੋਜ਼ੇ ਸੀ ਤੇ ਉਹ ਹੁਣ ਮੇਰਾ ਹੋਜ਼ੇ ਈ ਬਣ ਕੇ ਰਹਿ ਗਿਆ ਸੀ। ਦੋਸਤ ਓਹਨੂੰ ਫ਼ੁੱਟਬਾਲ ਗਰਾਊਂਡ ਵਿਚ ਈ ਯਾਂ ਸ਼ਾਮ ਨੂੰ ਘਰ ਆ ਕੇ ਮਿਲ ਲੈਂਦੇ ਸਨ। ਹੁਣ ਓਹਦੇ ਦੂਸਰੇ ਸ਼ੌਕ ਸਨ। ਮੇਰੇ ਨਾਲ ਪਿਆਰ ਤੇ ਫ਼ੁੱਟਬਾਲ ਦਾ ਬਹੁਤ ਨਾਮਵਰ ਖਿਡਾਰੀ ਬਣਨਾ। ਓਹ ਆਪਣੇ-ਆਪ ਨੂੰ ਬਰਾਜ਼ੀਲ ਦੇ ਖਿਡਾਰੀਆਂ ਵਰਗਾ ਬਣਾਉਣਾ ਚਾਹੁੰਦਾ ਸੀ।

"ਵਿਆਹ ਦੇ ਕੁਝ ਚਿਰ ਮਗਰੋਂ ਮੈਂ ਵੀ ਇਕ ਹੋਟਲ ਵਿਚ ਨੌਕਰੀ ਕਰ ਲਈ ਸੀ। ਮੇਰਾ ਕੰਮ ਹੋਟਲ ਵਿਚ ਆ ਕੇ ਰਹਿਣ ਵਾਲਿਆਂ ਦੇ ਆਰਾਮ ਤੇ ਲੋੜਾਂ ਦਾ ਖ਼ਿਆਲ ਰੱਖਣਾ ਸੀ। ਓਹਨਾਂ ਦੀਆਂ ਸ਼ਿਕਾਇਤਾਂ ਦੂਰ ਕਰਨਾ ਸੀ ਤਾਂ ਜੋ ਹੋਟਲ ਦੇ ਮਿਆਰ ਵਿਚ ਕੋਈ ਕਮੀ ਨਾ ਆਏ।

"ਵੇਲਾ ਲੰਘਦਾ ਰਿਹਾ। ਮੈਂ ਹੋਟਲ ਤੋਂ ਫ਼ਾਰਗ ਹੋ ਕੇ ਹੋਜ਼ੇ ਦੇ ਦਫ਼ਤਰ ਤੋਂ ਘਰ ਆਉਣ ਤੋਂ ਪਹਿਲਾਂ ਈ ਘਰ ਅੱਪੜ ਜਾਂਦੀ ਸੀ। ਓਹ ਆਉਂਦਾ ਤਾਂ ਓਹਦੀ ਹਰ ਤਰ੍ਹਾਂ ਸੇਵਾ ਕਰਦੀ। ਓਹਦੇ ਦਫ਼ਤਰ ਦੀਆਂ, ਓਹਦੇ ਦੋਸਤਾਂ ਦੀਆਂ ਓਹਦੇ ਨਾਲ ਗੱਲਾਂ ਸਾਂਝੀਆਂ ਕਰਦੀ ਤੇ ਓਹਨੂੰ ਹਰ ਤਰ੍ਹਾਂ ਦਾ ਆਰਾਮ ਦੇਣ ਦੀ ਕੋਸ਼ਿਸ਼ ਕਰਦੀ ਤਾਂ ਜੋ ਓਹਦੇ ਕੰਮ ਦਾ ਥਕੇਵਾਂ ਲਹਿ ਜਾਏ। ਓਹ ਪੂਰੇ ਸਕੂਨ ਨਾਲ ਫੁੱਟਬਾਲ ਖੇਡਣ ਜਾਏ। ਮੈਂ ਆਪਣੀ ਮਾਂ ਤੋਂ ਸੁਣਿਆ ਹੋਇਆ ਸੀ ਕਿ ਪੂਰਬੀ ਜ਼ਨਾਨੀਆਂ ਆਪਣੇ ਮਰਦਾਂ ਦੀ ਦੇਵਤਿਆਂ ਵਾਂਗੂੰ ਸੇਵਾ ਕਰਦੀਆਂ ਨੇ। ਖ਼ੌਰੇ ਇਹੋ ਵਜਾਹ ਸੀ ਕਿ ਮੇਰੀ ਮਾਂ ਤੇ ਪਿਓ ਆਖ਼ਰੀ ਉਮਰ ਤਾਈਂ ਵੀ ਇਕੱਠੇ ਰਹੇ ਜਿਹੜੀ ਏਥੇ ਦੇ ਮਾਹੌਲ ਮੁਤਾਬਕ ਨਾ ਮੰਨਣ ਵਾਲੀ ਗੱਲ ਏ।"

ਸੈਰ ਕਰਨ ਵਾਲੇ ਤੇ ਜੌਗਿੰਗ ਕਰਦੇ ਲੋਕ ਸਾਡੇ ਕੋਲੋਂ ਦੀ ਲੰਘਦੇ ਰਹੇ ਪਰ ਮੈਂ ਓਹਦੀਆਂ ਗੱਲਾਂ ਸੁਣਨ ਵਿਚ ਪੂਰੀ ਤਰ੍ਹਾਂ ਰੁੱਝਿਆ ਰਿਹਾ। ਓਹਦੇ ਗੱਲ ਕਰਨ ਦੇ ਅੰਦਾਜ਼ ਵਿਚ ਬੜਾ ਖੁੱਲ੍ਹਾਪਨ ਸੀ ਤੇ ਕੋਈ ਲੁਕ-ਲਪੇਟ ਨਹੀਂ ਸੀ ਲੱਗ ਰਹੀ। ਪਰ ਮੈਨੂੰ ਇਹ ਗੱਲ ਅਜੀਬ ਲੱਗ ਰਹੀ ਸੀ ਕਿ ਮੈਕਸੀਕੋ ਹੈ ਤਾਂ ਪੱਛਮੀ ਮੁਲਕ ਈ। ਓਥੋਂ ਦੇ ਲੋਕ ਵੀ ਗੋਰੇ-ਚਿੱਟੇ ਹੋਣ ਕਰਕੇ ਅਮਰੀਕਨ ਈ ਲੱਗਦੇ ਸਨ। ਫੇਰ ਓਹਦੀਆਂ ਸਰਹੱਦਾਂ ਵੀ ਅਮਰੀਕਾ ਨਾਲ ਲੱਗਦੀਆਂ ਨੇ। ਇਸ ਲਈ ਆਦਤਾਂ ਵੀ ਇਕੋ-ਜਿਹੀਆਂ ਹੋਣੀਆਂ ਚਾਹੀਦੀਆਂ ਨੇ। ਆਪਣੇ ਦਿਲ ਵਿਚ ਆਈ ਗੱਲ ਨੂੰ ਮੈਂ ਲੁਕਾ ਨਾ ਸਕਿਆ। ਏਸ ਲਈ ਓਹਦੇ ਕੋਲੋਂ ਪੁੱਛਿਆ, "ਮੈਡਮ ਗਲੋਰੀਆ! ਕਿਆ ਤੁਹਾਡੇ ਵਿਚਕਾਰ ਕਦੀ ਕੋਈ ਝਗੜਾ-ਝੇੜਾ ਨਈਂ ਹੋਇਆ ਸੀ?" ਇਹ ਸਵਾਲ ਸੁਣ ਕੇ ਓਹਨੇ ਥੋੜ੍ਹੀ ਦੇਰ ਲਈ ਕੁਝ ਸੋਚਿਆ ਜਿਵੇਂ ਯਾਦ ਕਰਨ ਦੀ ਕੋਸ਼ਿਸ਼ ਕਰ ਰਹੀ ਹੋਵੇ। ਫੇਰ ਬੋਲੀ, "ਨਈਂ, ਕੋਈ ਖ਼ਾਸ ਨਈਂ। ਕਦੀ ਰਾਤ ਨੂੰ ਫੁੱਟਬਾਲ ਖੇਡ ਕੇ ਜੇ ਹੋਜ਼ੇ ਜ਼ਰਾ ਦੇਰ ਨਾਲ ਆਉਂਦਾ ਤਾਂ ਮੈਂ ਵਜਾਹ ਪੁੱਛਦੀ ਤਾਂ ਜ਼ਰਾ ਚਿੜ ਜਿਹਾ ਜਾਂਦਾ ਤੇ ਕਹਿੰਦਾ, 'ਸਾਡੀ ਟੀਮ ਵਿਚ ਸਾਰੇ ਮਰਦ ਖਿਡਾਰੀ ਈ ਨੇ। ਤੂੰ ਫ਼ਿਕਰ ਨਾ ਕਰਿਆ ਕਰ। ਪ੍ਰੈਕਟਿਸ ਕਰਨ ਤੋਂ ਬਾਅਦ ਕਦੀ ਦੋਸਤਾਂ ਨਾਲ ਗੱਪਸ਼ੱਪ ਮਾਰਨ ਲਈ ਵੀ ਦਿਲ ਕਰ ਆਉਂਦਾ ਏ।' ਮੈਨੂੰ ਓਹਦੀਆਂ ਗੱਲਾਂ ਤੇ ਯਕੀਨ ਸੀ। ਓਹ ਮੇਰੇ ਨਾਲ ਦਿਲੋਂ ਮੁਹੱਬਤ ਕਰਦਾ ਸੀ। ਬਸ ਓਹਦਾ ਫ਼ੁੱਟਬਾਲ ਦਾ ਈ ਇਕ ਸ਼ੌਕ ਸੀ ਜੀਹਦੀ ਵਜਾਹ ਤੋਂ ਮੈਂ ਕਦੀ-ਕਦੀ ਚਿੜ ਜਾਂਦੀ ਤੇ ਓਸ ਖੇਡ ਨੂੰ ਆਪਣੀ ਸੌਂਕਣ ਸਮਝਦੀ ਸੀ। ਏਹਦੀ ਵਜਾਹ ਨਾਲ ਈ ਸਾਡੇ ਵਿਚ ਕਦੀ-ਕਦੀ ਖਟਾਸ ਪੈਦਾ ਹੋ ਜਾਂਦੀ ਸੀ।"

ਹੁਣ ਸੂਰਜ ਨੂੰ ਝੀਲ ਵਿਚ ਡੁੱਬਿਆਂ ਬਹੁਤ ਚਿਰ ਹੋ ਚੁੱਕਿਆ ਸੀ। ਝੀਲ ਦੇ ਆਲੇ-ਦੁਆਲੇ ਦਾ ਟਰੈਕ ਵੀ ਖ਼ਾਲੀ ਹੁੰਦਾ ਜਾ ਰਿਹਾ ਸੀ। ਕੰਢੇ ਤੇ ਲੱਗੀਆਂ ਰੋਸ਼ਨੀਆਂ ਪਾਣੀ ਵਿਚ ਝਿਲਮਿਲ-ਝਿਲਮਿਲ ਕਰਨ ਲੱਗ ਪਈਆਂ ਸਨ। ਬੱਤੀਆਂ ਬਲਦਿਆਂ ਈ ਮੈਂ ਏਥੋਂ ਉੱਠ ਜਾਂਦਾ ਸੀ ਕਿਓਂ ਜੋ ਘਰਵਾਲੇ ਖਾਣੇ ਦੀ ਮੇਜ਼ ਤੇ ਮੇਰੀ ਉਡੀਕ ਵਿਚ ਹੁੰਦੇ ਸਨ। ਏਸ ਲਈ ਮੈਂ ਓਹਨੂੰ ਆਖਿਆ, "ਅੱਛਾ ਮੈਡਮ! ਹੁਣ ਮੈਨੂੰ ਇਜਾਜ਼ਤ ਦਿਓ, ਬਾਕੀ



ਗੱਲਾਂ ਕੱਲ੍ਹ ਹੋਣਗੀਆਂ।" ਇਹ ਕਹਿੰਦਿਆਂ ਮੈਂ ਬੈਂਚ ਤੋਂ ਉੱਠ ਖਲੋਤਾ। ਓਹਨੇ ਮੈਨੂੰ ਖੜ੍ਹੇ ਹੁੰਦਿਆਂ ਦੇਖ ਕੇ ਆਖਿਆ, "ਜੇ ਮੈਂ ਇਸ ਘਰ ਵਿਚ ਰਹੀ ਤਾਂ ਕੱਲ੍ਹ ਜ਼ਰੂਰ ਏਥੇ ਈ ਬੈਠੀ ਮਿਲਾਂਗੀ। ਹੁਣ ਘਰ ਵਿਚ ਮੇਰਾ ਦਿਲ ਨਈਂ ਲੱਗਦਾ। ਇੰਜ ਲੱਗਦਾ ਏ ਜਿਵੇਂ ਜੇਲ੍ਹ ਵਿਚ ਬੰਦ ਹੋਵਾਂ।" ਇਕ ਵਾਰੀ ਫੇਰ ਮੈਂ ਓਹਦਾ ਨਰਮ ਤੇ ਗੁਦਗੁਦਾ ਹੱਥ ਆਪਣੇ ਹੱਥਾਂ ਵਿਚ ਮਹਿਸੂਸ ਕੀਤਾ ਤੇ ਓਹਨੂੰ 'ਬਾਏ' ਕਹਿੰਦਿਆਂ ਘਰ ਵੱਲ ਤੁਰ ਪਿਆ। ਓਹ ਓਥੇ ਈ ਬੈਠੀ ਰਹੀ।

ਅਗਲੀ ਸ਼ਾਮ ਮੈਂ ਰੋਜ਼ ਵਾਂਗੂੰ ਝੀਲ ਕੰਢੇ ਆਇਆ ਤਾਂ ਓਹ ਬੈਂਚ ਤੇ ਬੈਠੀ ਸੀ। ਮੈਨੂੰ ਇੰਜ ਜਾਪਿਆ ਜਿਵੇਂ ਉਹ ਏਥੋਂ ਉੱਠ ਕੇ ਈ ਨਾ ਗਈ ਹੋਵੇ। ਓਹਨੇ ਨਿੰਮ੍ਹੀ-ਨਿੰਮ੍ਹੀ ਮੁਸਕਾਨ ਨਾਲ ਮੈਨੂੰ 'ਜੀ ਆਇਆਂ' ਆਖਿਆ ਤੇ ਫੇਰ ਹੱਥ ਮਿਲਾਉਂਦਿਆਂ ਮੇਰੇ ਬੈਠਣ ਲਈ ਬੈਂਚ ਤੇ ਜਗ੍ਹਾ ਛੱਡ ਦਿੱਤੀ। ਮੈਂ ਓਹਨੂੰ 'ਥੈਂਕ ਯੂ' ਕਿਹਾ ਤੇ ਓਥੇ ਦੇ ਰਿਵਾਜ਼ ਮੁਤਾਬਿਕ ਪੁੱਛਿਆ, "ਵੇਲਾ ਕਿਵੇਂ ਲੰਘਿਆ, ਡੀਅਰ ਗਲੋਰੀਆ?" ਮੇਰੇ ਮੂੰਹੋਂ 'ਡੀਅਰ' ਜ਼ਰਾ ਮੁਸ਼ਕਲ ਨਾਲ ਨਿਕਲਿਆ। ਕਿਉਂਜੋ ਆਪਣੇ ਮੁਲਕ ਵਿਚ ਜੇ ਕਿਸੇ ਜ਼ਨਾਨੀ ਨੂੰ ਅਸੀਂ ਡੀਅਰ ਆਖ ਦੇਈਏ ਤਾਂ ਓਹ ਜੁੱਤੀ ਲਾਹ ਕੇ ਪਿੱਛੇ ਪੈ ਜਾਵੇ। ਪਰ ਪੱਛਮੀ ਦੇਸ਼ਾਂ ਵਿਚ ਡੀਅਰ ਆਖਣਾ ਜ਼ਨਾਨੀਆਂ ਦੀ ਇੱਜ਼ਤ-ਆਦਰ ਵਧਾਉਣ ਵਾਲੀ ਗੱਲ ਏ। ਓਹਨੇ ਰਿਵਾਜ਼ ਮੁਤਾਬਿਕ 'ਫ਼ਾਈਨ' ਆਖ ਤਾਂ ਦਿੱਤਾ ਪਰ ਓਹਦੇ ਹਾਲ ਤੋਂ 'ਫ਼ਾਈਨ' ਵਾਲੀ ਗੱਲ ਨਹੀਂ ਲੱਗਦੀ ਸੀ। ਓਹ ਉੱਖੜੀ-ਉਦਾਸ ਜਿਹੀ ਬੈਠੀ ਸੀ। ਓਹਦਾ ਦਿਲ ਹੌਲਾ ਕਰਨ ਲਈ ਮੈਂ ਕਿਹਾ, "ਕੱਲ੍ਹ ਰਾਤ ਤੋਂ ਅੱਜ ਏਥੇ ਆਉਣ ਤਾਈਂ ਮੈਂ ਤੁਹਾਡੇ ਬਾਰੇ ਈ ਸੋਚਦਾ ਰਿਹਾ ਕਿ ਓਹ ਕਿੰਨਾ ਖ਼ੁਸ਼ਕਿਸਮਤ ਇਨਸਾਨ ਸੀ ਜੀਹਨੂੰ ਏਨਾ ਪਿਆਰ ਕਰਨ ਵਾਲਾ ਸਾਥੀ ਮਿਲਿਆ ਸੀ।" "ਪਰ ਓਹਨੇ ਮੇਰੇ ਪਿਆਰ ਦੀ ਕਦਰ ਨਾ ਕੀਤੀ ਮਿਸਟਰ ਰਹੇਲ। ਹੋਟਲ ਵਿਚ ਕੰਮ ਕਰਦਿਆਂ ਮੈਂ ਸ਼ਾਮ ਦੀ ਉਡੀਕ ਵਿਚ ਰਹਿੰਦੀ ਸੀ ਕਿ ਕਦੋਂ ਸ਼ਾਮ ਹੋਵੇ ਤਾਂ ਮੈਂ ਘਰ ਜਾ ਕੇ ਹੋਜ਼ੇ ਦੀ ਸੇਵਾ ਕਰਾਂ। ਹੋਟਲ ਵਿਚ ਆਉਣ ਵਾਲੇ ਗਾਹਕਾਂ ਦੀ ਓਪਰੇ ਦਿਲ ਨਾਲ ਤੇ ਡਿਊਟੀ ਸਮਝ ਕੇ ਆਓ-ਭਗਤ ਕਰਦੀ ਸੀ। ਘਰ ਆ ਕੇ ਹੋਜ਼ੇ ਦੇ ਕੰਮ ਕਾਜ ਕਰਨ ਦੀ ਖ਼ੁਸ਼ੀ ਮੇਰੀ ਰੂਹ ਦੀਆਂ ਡੂੰਘਾਈਆਂ ਤਕ ਅੱਪੜ ਜਾਂਦੀ ਸੀ...ਪਰ ਪੱਛਮ, ਪੱਛਮ ਈ ਏ। ਇਕ ਸ਼ਾਮ ਹੋਟਲ ਦੀ ਡਿਊਟੀ ਤੋਂ ਵਿਹਲੀ ਹੋ ਕੇ ਘਰ ਆਈ ਤਾਂ ਪੂਰਾ ਘਰ ਸੁੰਨਾ-ਸੁੰਨਾ ਲੱਗਿਆ। ਇੰਜ ਲੱਗਿਆ ਸੀ ਜਿਵੇਂ ਕੋਈ ਚੋਰ ਸੰਨ੍ਹ ਲਾ ਕੇ ਘਰ ਦਾ ਬਹੁਤ ਸਾਰਾ ਸਾਮਾਨ ਚੁਰਾ ਕੇ ਲੈ ਗਿਆ ਹੋਵੇ। ਮੈਂ ਪ੍ਰੇਸ਼ਾਨ ਹੁੰਦਿਆਂ ਗੌਰ ਨਾਲ ਦੇਖਿਆ ਤਾਂ ਮੇਰੀ ਹਰ ਸ਼ੈ ਆਪਣੀ ਥਾਂ ਪਈ ਸੀ ਸਿਰਫ਼ ਹੋਜ਼ੇ ਦੀਆਂ ਚੀਜ਼ਾਂ ਗ਼ਾਇਬ ਸਨ। ਓਹਦਾ ਅਟੈਚੀ, ਓਹਦੇ ਕੱਪੜੇ, ਫੁੱਟਬਾਲ ਖੇਡਣ ਦਾ ਸਾਮਾਨ। ਮੈਂ ਸੋਚਿਆ ਕਿ ਸ਼ਾਇਦ ਓਹ ਕਿਸੇ ਦੂਸਰੇ ਸ਼ਹਿਰ ਮੈਚ ਖੇਡਣ ਗਿਆ ਹੋਵੇਗਾ। ਪਰ ਓਹਨੇ ਮੈਨੂੰ ਕਿਓਂ ਨਈਂ ਦੱਸਿਆ? ਘਰ ਦੇ ਜਿਹੜੇ ਜਿਹੜੇ ਹਿੱਸੇ ਵਿਚ ਜਾਂਦੀ ਓਹਨੂੰ ਦੇਖ ਕੇ ਮੇਰਾ ਦਿਲ ਡੁੱਬ ਜਾਂਦਾ। ਇਓਂ ਲੱਗਦਾ ਸੀ ਜਿਵੇਂ ਓਹ ਆਪਣਾ ਸਾਮਾਨ ਨਈਂ ਮੇਰਾ ਦਿਲ ਵੀ ਕੱਢ ਕੇ ਨਾਲ ਹੀ ਲੈ ਗਿਆ ਹੋਵੇ। ਮੈਂ ਨਿਢਾਲ-ਜਿਹੀ ਹੋ ਕੇ ਸੋਫ਼ੇ ਤੇ ਡਿੱਗ ਪਈ ਤੇ ਅੱਖਾਂ ਬੰਦ ਕਰਕੇ ਸਾਹਮਣੇ ਆਉਣ ਵਾਲੀਆਂ ਗੁੰਝਲਾਂ ਖੋਲ੍ਹਣ ਲੱਗ ਪਈ। ਏਨੇ ਵਿਚ ਮੇਰੇ ਮੋਬਾਇਲ ਦੀ ਬੈੱਲ ਕੁਰਲਾ ਉੱਠੀ ਜਿਵੇਂ ਓਹਨੂੰ ਵੀ ਮੇਰੀ ਹਾਲਤ ਦਾ ਪਤਾ ਲੱਗ ਗਿਆ ਹੋਵੇ। ਮੈਂ

ਮੋਬਾਇਲ ਕੰਨ ਨਾਲ ਲਾਇਆ ਤਾਂ ਆਵਾਜ਼ ਆਈ, "ਮੈਂ ਹੋਜ਼ੇ ਦੀ ਕਲੱਬ ਦਾ ਮੈਨੇਜਰ ਬੋਲ ਰਿਹਾਂ। ਹੋਜ਼ੇ ਅੱਜ ਦੁਪਹਿਰ ਸਾਡਾ ਕਲੱਬ ਛੱਡ ਕੇ ਬਰਾਜ਼ੀਲ ਫ਼ਲਾਈ ਕਰ ਗਿਆ ਏ। ਓਹਦਾ ਓਥੇ ਇਕ ਬਹੁਤ ਮਸ਼ਹੂਰ ਕਲੱਬ ਨਾਲ ਫੁੱਟਬਾਲ ਖੇਡਣ ਦਾ ਕੰਟੈਕਟ ਹੋ ਗਿਆ ਏ। ਓਹ ਬੜੇ ਚਿਰ ਤੋਂ ਓਥੇ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਆਖ਼ਰ ਕਾਮਯਾਬ ਹੋ ਗਿਆ। ਚੰਗਾ ਖਿਡਾਰੀ ਜੋ ਸੀ। ਏਸ ਲਈ ਓਹ ਮੈਕਸੀਕੋ ਛੱਡ ਕੇ ਬਰਾਜ਼ੀਲ ਚਲਾ ਗਿਆ ਏ। ਓਹਦੇ ਵਾਪਸ ਆਉਣ ਦੀ ਕੋਈ ਉਮੀਦ ਨਈਂ। ਏਸ ਲਈ ਉਹ ਸੁਨੇਹਾ ਦੇ ਗਿਆ ਏ ਕਿ ਓਹਦੀ ਉਡੀਕ ਨਾ ਕਰਨਾ।" ਮੈਨੂੰ ਪਤਾ ਈ ਨਾ ਲੱਗਾ ਕਿ ਫ਼ੋਨ ਕਰਨ ਵਾਲਾ ਕੀ-ਕੀ ਕਹਿ ਰਿਹਾ ਏ। ਮੇਰੇ ਹਰ ਪਾਸੇ ਹਨੇਰਾ ਛਾ ਗਿਆ। ਮੇਰਾ ਪੂਰਾ ਸਰੀਰ ਕੰਬਣ ਲੱਗ ਪਿਆ। ਸਰੀਰ ਈ ਨਈਂ ਇੰਜ ਲੱਗ ਰਿਹਾ ਸੀ ਜਿਵੇਂ ਪੂਰਾ ਘਰ ਈ ਡੋਲੇ ਖਾ ਰਿਹਾ ਹੋਵੇ। ਜਿਵੇਂ ਭੂਚਾਲ ਆ ਗਿਆ ਹੋਵੇ। ਪਤਾ ਨਈਂ ਮੇਰੀ ਉਹ ਰਾਤ ਕਿਵੇਂ ਲੰਘੀ...ਮੈਂ ਬੇਹੋਸ਼ ਰਹੀ ਜਾਂ ਸੁੱਤੀ ਰਹੀ। ਸਵੇਰੇ ਅੱਖ ਖੁੱਲ੍ਹੀ ਤਾਂ ਮੇਰੇ ਕੋਲੋਂ ਹਿੱਲਿਆ ਨਈਂ ਜਾ ਰਿਹਾ ਸੀ। ਰਾਤ ਮੈਨੂੰ ਕੁਝ ਖਾਣ ਦਾ ਵੀ ਹੋਸ਼ ਨਈਂ ਰਿਹਾ ਸੀ। ਬੜੀ ਮੁਸ਼ਕਲ ਨਾਲ ਹੋਟਲ ਦਾ ਨੰਬਰ ਮਿਲਾ ਕੇ ਆਪਣੇ ਬਿਮਾਰ ਹੋਣ ਦਾ ਕਹਿ ਕੇ ਛੁੱਟੀ ਲਈ ਆਖ ਦਿੱਤਾ।"

ਉਹ ਹੁਣ ਵੀ ਆਪਣੀ ਕਹਾਣੀ ਸੁਣਾਉਂਦੀ-ਸੁਣਾਉਂਦੀ ਕੰਬ ਰਹੀ ਸੀ। ਮੈਂ ਉਹਦੀ ਹਾਲਤ ਦੇਖ ਕੇ ਉਹਦਾ ਧਿਆਨ ਦੂਜੇ ਪਾਸੇ ਪਰਤਾਉਣ ਲਈ ਸਫ਼ੇਦ-ਸਫ਼ੇਦ ਕੂੰਜਾਂ ਦੀ ਡਾਰ ਵੱਲ ਪਰਤਾਇਆ ਜਿਹੜੀਆਂ ਝੀਲ ਦੀ ਸਤਹਿ ਤੋਂ ਉੱਡ ਕੇ ਪਤਾ ਨਹੀਂ ਕਿਹੜੇ ਦੇਸ ਜਾ ਰਹੀਆਂ ਸਨ। ਓਹ ਥੋੜ੍ਹੇ ਚਿਰ ਲਈ ਕੂੰਜਾਂ ਨੂੰ ਇੰਜ ਤੱਕਦੀ ਰਹੀ ਜਿਵੇਂ ਉਹ ਵੀ ਉਸ ਡਾਰ ਵਿਚ ਸ਼ਾਮਿਲ ਹੋ ਕੇ ਕਿਸੇ ਅਣਜਾਣੇ ਦੇਸ ਜਾ ਰਹੀ ਹੋਵੇ। ਫੇਰ ਉਸਨੇ ਝੀਲ ਦੇ ਪਾਣੀ ਉੱਤੇ ਉੱਠਦੀਆਂ ਲਹਿਰਾਂ ਨੂੰ ਇੰਜ ਦੇਖਿਆ ਜਿਵੇਂ ਓਹਨਾਂ ਦਾ ਆਪਣੇ ਅੰਦਰ ਉੱਠਣ ਵਾਲੀਆਂ ਲਹਿਰਾਂ ਨਾਲ ਮੁਕਾਬਲਾ ਕਰਨਾ ਹੋਵੇ। ਮੈਂ ਓਹਦੀ ਹਾਲਤ ਦੇਖ ਕੇ ਕੁਝ ਹੋਰ ਪੁੱਛਣ ਦੀ ਕੋਸ਼ਿਸ਼ ਨਾ ਕੀਤੀ ਤੇ ਸੋਚਣ ਲੱਗ ਪਿਆ ਕਿ ਏਧਰ ਤਾਂ ਜ਼ਨਾਨੀ-ਮਰਦ ਦਾ ਰਿਸ਼ਤਾ ਹੁੰਦਾ ਈ ਕੱਚੇ ਧਾਗੇ ਵਰਗਾ ਏ। ਜ਼ਰਾ ਕੁ ਖਿੱਚਣ ਨਾਲ ਟੁੱਟਣ ਦਾ ਖ਼ਤਰਾ ਹੋ ਜਾਂਦਾ ਏ। ਸਗੋਂ ਅਕਸਰ ਟੁੱਟਦਾ ਈ ਰਹਿੰਦਾ ਏ। ਫੇਰ ਏਸ ਗਲੋਰੀਆ ਨੇ ਏਹਨੂੰ ਏਨਾ ਮਹਿਸੂਸ ਕਿਓਂ ਕੀਤਾ ਏ। ਓਹਨੂੰ ਦਿਲਾਸਾ ਦਿੰਦਿਆਂ ਮੈਂ ਆਖਿਆ, "ਮੈਡਮ ਗਲੋਰੀਆ! ਇਹ ਕਿਸਮਤ ਦੀਆਂ ਗੱਲਾਂ ਨੇ। ਹੋ ਸਕਦਾ ਏ ਤੁਸੀਂ ਕਿਸਮਤ ਨੂੰ ਨਾ ਮੰਨਦੇ ਹੋਵੋ ਪਰ ਅਸੀਂ ਤਾਂ ਏਹਦੇ ਤੇ ਯਕੀਨ ਕਰਦੇ ਆਂ।"

ਉਹ ਜ਼ਰਾ ਸੰਭਲੀ ਤੇ ਬੋਲੀ, "ਤੁਸੀਂ ਠੀਕ ਕਹਿੰਦੇ ਓ ਮਿਸਟਰ ਰਹੇਲ! ਮੈਂ ਈ ਝੱਲੀ ਆਂ ਹਾਲਾਂਕਿ ਮੈਨੂੰ ਪਤਾ ਏ ਕਿ ਏਥੇ ਨਾਗ ਡੱਸ ਜਾਂਦੇ ਨੇ ਤੇ ਏਥੋਂ ਦੀਆਂ ਨਾਗਣਾਂ ਵੀ ਘੱਟ ਨਈਂ ਕਰਦੀਆਂ। ਹੁਣ ਮੈਂ ਵੀ ਨਾਗਣ ਬਣ ਕੇ ਜਿਊਂਵਾਂਗੀ। ਮੈਨੂੰ ਕੱਲ੍ਹ ਦੂਜਾ ਕੋਬਰਾ ਵੀ ਡੰਗ ਮਾਰ ਕੇ ਚਲਾ ਗਿਆ ਏ, ਤਾਂਈਂ ਏਹਦਾ ਇਲਾਜ਼ ਕਰਨ ਦੀ ਵੀ ਕੋਸ਼ਿਸ਼ ਕਰਾਂਗੀ। ਮੈਂ ਤੁਹਾਨੂੰ ਏਸ ਦੂਜੇ ਨਾਗ ਦੀ ਕਹਾਣੀ ਵੀ ਸੁਣਾ ਈ ਦੇਵਾਂ..."

"ਜੀਹਨੇ ਮੇਰੇ ਨਾਲ ਪੂਰੀ ਜ਼ਿੰਦਗੀ ਗੁਜ਼ਾਰਨ ਦਾ ਕੌਲ ਕੀਤਾ ਸੀ ਜਦੋਂ ਉਹ ਜ਼ਿੰਦਗੀ ਦੇ ਅੱਧ ਵਿਚਾਲੇ ਈ ਛੱਡ ਕੇ ਆਪਣੀ ਕਿਸੇ ਨਵੀਂ ਦੁਨੀਆਂ ਵਿਚ ਗ਼ਾਇਬ ਹੋ ਗਿਆ ਤਾਂ ਮੈਂ ਵਧੇਰਾ ਵੇਲਾ ਹੋਟਲ ਵਿਚ ਈ ਲੰਘਾਉਣਾ ਸ਼ੁਰੂ ਕਰ ਦਿੱਤਾ। ਮੈਂ ਓਵਰ



ਟਾਈਮ ਲਾਉਣ ਲੱਗ ਪਈ ਕਿਉਂਜੋ ਘਰ ਦੀਆਂ ਕੰਧਾਂ ਨਾਲ ਗੱਲਾਂ ਕਰ-ਕਰ ਕੇ ਥੱਕ ਚੁੱਕੀ ਸਾਂ। ਹੋਰ ਕਿਸੇ ਕੋਲ ਏਨਾ ਟਾਈਮ ਈ ਨਈਂ ਸੀ ਕਿ ਓਹ ਮੇਰੀਆਂ ਗੱਲਾਂ ਸੁਣੇ ਯਾਂ ਮੈਨੂੰ ਸੁਣਾਵੇ। ਹੋਟਲ ਵਿਚ ਕੰਮ ਕਰਦਿਆਂ ਮੈਂ ਆਪਣੇ-ਆਪ ਨੂੰ ਭੁੱਲੀ ਰਹਿੰਦੀ ਸੀ। ਦਿਨ ਮਹੀਨਿਆਂ ਤੇ ਮਹੀਨੇ ਸਾਲਾਂ ਵਿਚ ਬਦਲਦੇ ਰਹੇ। ਹੋਟਲ ਵਿਚ ਸਾਰੀ ਦੁਨੀਆਂ ਦੇ ਲੋਕ ਆਉਂਦੇ, ਜਿਹਨਾਂ ਦੀ ਮੈਂ ਸੇਵਾ ਕਰਦੀ ਰਹਿੰਦੀ। ਕਈ ਆਉਣ ਵਾਲੇ ਮੈਨੂੰ ਵਰਗਲਾ ਕੇ ਆਪਣੀਆਂ ਰਾਤਾਂ ਦਾ ਇਕਲਾਪਾ ਵੀ ਮੁਕਾਉਣਾ ਚਾਹੁੰਦੇ ਤੇ ਆਪਣੀਆਂ ਰਾਤਾਂ ਰੰਗੀਨ ਬਣਾਉਣ ਦੀ ਕੋਸ਼ਿਸ਼ ਕਰਦੇ। ਪਰ ਮੈਨੂੰ ਹਰ ਤਰ੍ਹਾਂ ਦੇ ਹਾਲਤਾਂ ਦਾ ਤਜ਼ਰਬਾ ਹੋ ਚੁੱਕਿਆ ਸੀ। ਮੈਂ ਏਹੋ-ਜਿਹੇ ਲੋਕਾਂ ਦਾ ਇਲਾਜ਼ ਜਾਣਦੀ ਸੀ ਤੇ ਹੋਟਲ ਵਾਲਿਆਂ ਨੇ ਏਹਦਾ ਬੰਦੋਬਸਤ ਵੀ ਕੀਤਾ ਹੋਇਆ ਸੀ। ਓਹਨਾਂ ਨੂੰ ਤਾਂ ਕਿਸੇ ਜਿਸਮ ਦੀ ਲੋੜ ਹੁੰਦੀ ਸੀ—ਮੇਰਾ ਨਈਂ ਤਾਂ ਕਿਸੇ ਹੋਰ ਦਾ ਸਹੀ।"

"ਜਿਵੇਂ ਰੇਗਿਸਤਾਨ ਦੀ ਰੇਤ ਤੇਜ਼ ਵਗਦੀ ਹਵਾ ਉੱਡ-ਉੱਡ ਕੇ ਟੋਇਆਂ ਨੂੰ ਭਰਦੀ ਰਹਿੰਦੀ ਏ ਓਸੇ ਤਰ੍ਹਾਂ ਲੰਘਦੇ ਵੇਲੇ ਦੇ ਬੁੱਲ੍ਹੇ ਮੇਰੇ ਦਿਲ ਦੇ ਫੱਟਾਂ ਨੂੰ ਵੀ ਭਰਦੇ ਰਹੇ। ਇਕ ਦੁਨੀਆਂ ਨਾਲ ਵਾਹ ਪੈਂਦਾ ਰਿਹਾ। ਜਿਸਮਾਂ ਦੇ ਭੁੱਖੇ ਪੁਜਾਰੀਆਂ ਤੋਂ ਬਚਦੀ ਰਹਿੰਦੀ। ਆਖ਼ਰ ਮੈਂ ਇਕ ਅਜਿਹੇ ਸ਼ਿਕਾਰੀ ਦੇ ਜਾਲ ਵਿਚ ਫਸ ਗਈ ਜੀਹਨੇ ਆਪਣੇ-ਆਪ ਨੂੰ ਰੂਹਾਂ ਦਾ ਜਾਣੂੰ ਆਖਿਆ ਸੀ। ਓਹਨੇ ਮੇਰੇ ਜਿਸਮ ਦੀ ਨਈਂ ਰੂਹ ਦੀ ਗੱਲ ਕੀਤੀ ਸੀ। ਓਹਨੂੰ ਮੇਰੇ ਜਿਸਮ ਵਿਚ ਨਈਂ ਮੇਰੀ ਰੂਹ ਵਿਚ ਖਿੱਚ ਮਹਿਸੂਸ ਹੋਈ ਸੀ...ਜਿਸ ਵਜਾਹ ਕਰਕੇ ਉਹ ਮੇਰੇ ਵੱਲ ਖਿੱਚਿਆ ਗਿਆ ਸੀ। ਉਹ ਮੇਰੀ ਰੂਹ ਦਾ ਆਸ਼ਕ ਹੋ ਗਿਆ। ਓਹ ਮੇਰੇ ਤੋਂ ਅੱਠ ਸਾਲ ਛੋਟਾ ਸੀ। ਗੱਭਰੂ ਜਵਾਨ ਤੇ ਨਸ਼ੀਲੀਆਂ ਅੱਖਾਂ ਵਾਲੇ ਕਾਰਲੂਸ ਵਿਚ ਮੈਨੂੰ ਕੁਝ ਸੱਚਾਈ ਵੀ ਨਜ਼ਰ ਆਈ। ਉਹ ਏਥੋਂ ਗਿਆ ਸੀ। ਓਹਦੇ ਕਮਰੇ ਵਿਚ ਮੇਰੀ ਡਿਊਟੀ ਸੀ। ਓਹਨੇ ਦੱਸਿਆ ਸੀ ਕਿ ਓਹਦੇ ਪਿਓ ਕੋਲ ਫ਼ੈਕਟਰੀਆਂ, ਸਟੋਰਾਂ ਤੇ ਹੋਰ ਲੋੜਵੰਦਾਂ ਨੂੰ ਲੇਬਰ ਸਪਲਾਈ ਕਰਨ ਦਾ ਕੰਟਰੈਕਟ ਏ ਤੇ ਉਹ ਮਜ਼ਦੂਰ ਲਿਆਉਣ ਲਈ ਦੂਜੇ ਮੁਲਕਾਂ ਵਿਚ ਜਾਂਦਾ ਰਹਿੰਦਾ ਏ ਤੇ ਹੁਣ ਮੈਕਸੀਕੋ ਤੋਂ ਵੀ ਕੁਝ ਬੰਦੇ ਲੈਣ ਲਈ ਆਇਆ ਏ। ਉਹ ਮੈਨੂੰ ਵਾਰ-ਵਾਰ ਆਪਣੀ ਦੋਸਤੀ ਵੱਲ ਪ੍ਰੇਰਦਾ ਰਿਹਾ। ਓਹ ਮੈਨੂੰ ਵੀ ਏਥੇ ਅਮਰੀਕਾ ਲਿਆਉਣਾ ਚਾਹੁੰਦਾ ਸੀ। ਓਹਦੇ ਕਹਿਣ ਮੁਤਾਬਿਕ ਮੌਕਾ ਵੀ ਸੀ ਤੇ ਉਹ ਮੈਨੂੰ ਅਮਰੀਕਾ ਦਾ ਵੀਜ਼ਾ ਵੀ ਦੁਆ ਸਕਦਾ ਸੀ, ਜੇ ਮੈਂ ਓਹਦੀ ਗਰਲ ਫ਼ਰੈਂਡ ਬਣ ਜਾਵਾਂ। ਜਿਵੇਂ ਤੁਸੀਂ ਹਿੰਦੁਸਤਾਨੀ ਤੇ ਪਾਕਿਸਤਾਨੀ ਏਧਰ ਆਉਣ ਦਾ ਮੌਕਾ ਲੱਭਦੇ ਰਹਿੰਦੇ ਓ। ਏਥੇ ਆਉਣਾ ਆਪਣੀ ਖ਼ੁਸ਼ਕਿਸਮਤੀ ਸਮਝਦੇ ਓ, ਏਸੇ ਤਰ੍ਹਾਂ ਅਸੀਂ ਮੈਕਸੀਕੋ ਵੀ ਜਾਇਜ਼ ਜਾਂ ਨਾਜਾਇਜ਼ ਤਰੀਕੇ ਨਾਲ ਏਥੇ ਆਉਣ ਦੀ ਸੱਧਰ ਰੱਖਦੇ ਆਂ। ਕਈ ਤਾਂ ਲੁਕ-ਛੁਪ ਕੇ ਸਰਹੱਦ ਪਾਰ ਕਰਦਿਆਂ ਮਾਰੇ ਵੀ ਜਾਂਦੇ ਨੇ। ਪਰ ਫੇਰ ਵੀ ਇਹ ਸਿਲਸਿਲਾ ਜਾਰੀ ਰਹਿੰਦਾ ਏ। ਮੈਂ ਵੀ 'ਕੱਲੀ ਰਹਿੰਦੀ-ਰਹਿੰਦੀ ਆਪਣੀ ਜ਼ਿੰਦਗੀ ਤੋਂ ਉਕਤਾ ਚੁੱਕੀ ਸੀ। ਆਖ਼ਰ ਇਨਸਾਨ ਸੀ। ਏਸ ਲਈ ਕਾਰਲੂਸ ਨਾਲ ਦੋਸਤੀ ਦਾ ਇਕਰਾਰ ਕਰ ਈ ਲਿਆ। ਓਹਨੇ ਆਪਣੀ ਅੰਬੈਸੀ ਤੋਂ ਦੂਜੀ ਲੇਬਰ ਦੇ ਨਾਲ ਮੇਰਾ ਵੀ ਵੀਜ਼ਾ ਲੈ ਲਿਆ ਤੇ ਮੈਂ ਓਹਦੇ ਨਾਲ ਅਮਰੀਕਾ ਦੇ ਏਸ ਸ਼ਹਿਰ ਦੇ ਏਸ ਘਰ ਵਿਚ ਆ ਗਈ ਜੀਹਦੇ ਵਿਚ ਤੁਸੀਂ ਰਹਿੰਦੇ ਰਹੇ ਓ।" ਉਹ ਦੱਸਦੀ ਰਹੀ—

"ਕਾਰਲੂਸ ਦੇ ਪਿਤਾ ਫ਼ਿਲਿਪ ਦਾ ਏਥੇ ਬਹੁਤ ਵੱਡਾ ਕਾਰੋਬਾਰ ਏ। ਮੈਂ ਓਹਦੇ ਨਾਲ ਤਿੰਨ-ਚਾਰ ਵਾਰ ਮਿਲ ਚੁੱਕੀ ਆਂ। ਕਾਰਲੂਸ ਓਹਦਾ ਇਕੋ ਇਕ ਪੁੱਤਰ ਏ ਤੇ ਦੋ ਧੀਆਂ ਨੇ। ਇਕ ਹੈਰੋਸਟਨ ਤੇ ਦੂਜੀ ਲਾਸਰੇਗਾਸ ਰਹਿੰਦੀ ਏ। ਤੇ ਕੱਲ੍ਹ ਮੇਰੀ ਰੂਹ ਦਾ ਵਪਾਰੀ ਕਾਰਲੂਸ ਵੀ ਦੂਜਾ ਹੋਜ਼ੇ ਈ ਸਾਬਤ ਹੋਇਆ ਜੀਹਨੇ ਮੇਰੇ ਨਾਲ ਬਾਕਾਇਦਾ ਵਿਆਹ ਕੀਤਾ ਸੀ। ਆਪਣੀ ਜ਼ਿੰਦਗੀ ਦਾ ਸਾਥੀ ਬਣਾਇਆ ਸੀ। ਕਾਰਲੂਸ ਤਾਂ ਮੇਰੀ ਰੂਹ ਦਾ ਚਾਹਵਾਨ ਸੀ ਪਰ ਉਹ ਵੀ ਜ਼ਹਿਰੀਲਾ ਨਾਗ ਈ ਸਾਬਤ ਹੋਇਆ ਜੇਹੜਾ ਮੇਰੀ ਰੂਹ ਨੂੰ ਡੰਗ ਕੇ ਤੜਫ਼ਦਿਆਂ ਛੱਡ ਗਿਆ ਏ...ਹੁਣ ਮੈਂ ਵੀ ਨਾਗਣ ਬਣ ਕੇ ਜਿਊਂਵਾਂਗੀ।" ਇਹ ਕਹਿੰਦਿਆਂ ਗਲੋਰੀਆ ਨੇ ਵਾਕੱਈ ਬਲ ਖਾਂਦੀ ਨਾਗਣ ਵਾਂਗੂੰ ਮੇਰੇ ਵੱਲ ਦੇਖਿਆ ਤਾਂ ਮੈਨੂੰ ਝੁਰਝੁਰੀ-ਜਿਹੀ ਆ ਗਈ। ਉਹ ਫੇਰ ਬੋਲੀ, "ਜਦੋਂ ਦਾ ਉਹ ਗਿਆ ਏ ਓਹਨੂੰ ਇਕ ਫ਼ੋਨ ਕਰਨ ਦੀ ਵਿਹਲ ਵੀ ਨਈਂ ਲੱਗੀ। ਓਹਨੂੰ ਕੋਈ ਹੋਰ ਜਵਾਨ ਮਿਲ ਗਈ ਹੋਨੀਂ ਏ।" ਸੂਰਜ ਛੁਪ ਰਿਹਾ ਸੀ ਪਰ ਹੁਣ ਓਹਨੂੰ 'ਸਨ ਸੈਟ' ਦੀ ਵੀ ਕੋਈ ਪ੍ਰਵਾਹ ਨਹੀਂ ਸੀ। ਮੈਂ ਓਹਨੂੰ ਓਥੇ ਈ ਬੈਠਿਆਂ ਛੱਡ ਕੇ ਘਰ ਵੱਲ ਤੁਰ ਪਿਆ।

ਫੇਰ ਮੇਰਾ ਪੁੱਤਰ ਸਾਨੂੰ ਹਾਲੀਵੁੱਡ ਦਿਖਾਉਣ ਲਈ ਤੇ ਕੈਲੀਫ਼ੋਰਨੀਆਂ ਦੀ ਸੈਰ ਕਰਾਉਣ ਲਈ ਲਾਸ ਏਂਜਲਸ ਲੈ ਗਿਆ ਜਿੱਥੇ ਓਹਦੇ ਦੂਸਰੇ ਦੋਸਤ ਸਨ। ਸਾਨੂੰ ਓਥੇ ਪੰਦਰਾਂ ਸੋਲਾਂ ਦਿਨ ਲੱਗ ਗਏ। ਓਥੇ ਫਿਰਦਿਆਂ ਮੈਂ ਗਲੋਰੀਆ ਦਾ ਕਿੱਸਾ ਭੁੱਲ-ਭੁਲਾਅ ਗਿਆ। ਓਥੋਂ ਵਾਪਸ ਆ ਕੇ ਆਪਣੀ ਆਦਤ ਮੁਤਾਬਕ ਆਪਣੀਆਂ ਸ਼ਾਮਾਂ ਝੀਲ ਦੇ ਕੰਢੇ ਗੁਜ਼ਾਰਨੀਆਂ ਸ਼ੁਰੂ ਕਰ ਦਿੱਤੀਆਂ। ਓਸੇ ਬੈਂਚ ਤੇ ਆ ਕੇ ਬੈਠਾ ਤਾਂ ਜੌਗਿੰਗ ਕਰਨ ਵਾਲੇ ਮਰਦ ਤੇ ਜ਼ਨਾਨੀਆਂ ਮੈਨੂੰ 'ਹੈਲੋ' ਆਖ ਜਾਂਦੇ। ਓਹਨਾਂ ਲੋਕਾਂ ਨੂੰ ਦੇਖ ਕੇ ਕਦੀ ਕਦੀ ਮੈਨੂੰ ਗਲੋਰੀਆ ਦਾ ਖ਼ਿਆਲ ਵੀ ਆਉਂਦਾ ਕਿ ਖ਼ੌਰੇ ਓਹ ਅੱਜ ਕੱਲ੍ਹ ਕਿੱਥੇ ਹੋਵੇਗੀ। ਜੀਹਨੂੰ ਮੈਂ ਨਾਗਣ ਵਾਂਗੂੰ ਸ਼ੂਕਦੀ ਨੂੰ ਏਸੇ ਬੈਂਚ ਉੱਤੇ ਛੱਡ ਗਿਆ ਸੀ। ਮੈਂ ਓਹਦੇ ਬਾਰੇ ਸੋਚ ਈ ਰਿਹਾ ਸੀ ਕਿ ਅਚਨਚੇਤ ਓਹ ਆਉਂਦੀ ਨਜ਼ਰ ਆਈ। ਉਹ 'ਕੱਲੀ ਨਹੀਂ ਸੀ। ਓਹਨੇ ਇਕ ਪੱਕੀ ਉਮਰ ਦੇ ਬੜੇ ਲੰਮੇ-ਝੰਮੇ ਆਦਮੀ ਦੇ ਜਿਸਮ ਦੁਆਲੇ ਆਪਣੀਆਂ ਬਾਂਹਵਾਂ ਲਪੇਟੀਆਂ ਹੋਈਆਂ ਸਨ। ਓਹ ਮੇਰੇ ਕੋਲ ਆ ਕੇ ਰੁਕੀ ਤੇ ਓਹਨੇ ਕਿਸੇ ਜੇਤੂ ਪਹਿਲਵਾਨ ਵਾਂਗੂੰ ਬੜੇ ਮਾਣ ਨਾਲ ਆਖਿਆ, "ਮੇਰਾ ਬੁਆਏ ਫ਼ਰੈਂਡ ਮਿਸਟਰ ਫ਼ਿਲਿਪ।" ਤੇ ਫੇਰ ਇਕ ਵਿਅੰਗਭਰੀ ਮੁਸਕੁਰਾਹਟ ਚਿਹਰੇ ਤੇ ਲਿਆ ਕੇ ਬੋਲੀ, "ਓਸ ਨਾਗ ਕਾਰਲੂਸ ਦਾ ਬਾਪ..." ਤੇ ਫੇਰ ਉਹ ਦੋਵੇਂ ਅਗਾਂਹ ਵਧ ਗਏ ਤੇ ਮੈਨੂੰ ਇੰਜ ਜਾਪਿਆ ਜਿਵੇਂ ਕੋਈ ਜ਼ਹਿਰੀਲੀ ਨਾਗਣ ਓਸ ਪੱਕੀ ਉਮਰ ਦੇ ਬੰਦੇ ਨੂੰ ਆਪਣੀ ਲਪੇਟ ਵਿਚ ਲੈ ਕੇ ਡੰਗਦੀ ਜਾ ਰਹੀ ਹੋਵੇ ਤੇ ਪੁੱਤਰ ਦੀ ਬੇਵਫ਼ਾਈ ਦਾ ਬਦਲਾ ਓਹਦੇ ਪਿਓ ਤੋਂ ਲੈ ਰਹੀ ਹੋਵੇ।



# ਸੁਲੱਖਣਾ

**—ਨਾਦਿਰ ਅਲੀ**

***(26-04-1936)***

ਜਦ ਦਾ ਬਟਵਾਰਾ ਹੋਇਆ ਮੈਂ ਨਾ ਹਿੰਦੁਸਤਾਨ ਦੇਖਿਆ, ਨਾ ਦਿੱਲੀ। ਪਿਛਲੇ ਸਾਲ ਦਿੱਲੀ ਗਿਆ ਤਾਂ ਏਧਰ ਦੇ ਇੱਕ ਬੁੱਢੇ ਸਿੱਖ ਮੈਨੂੰ ਸੁਲੱਖਣੇ ਦੀ ਕਹਾਣੀ ਸੁਣਾਈ। ਜੇ ਮੇਰੇ ਖਿਆਲ ਵਿੱਚ ਕੋਈ ਭਗਤ ਦਾ ਰੂਪ ਆਇਆ ਤੇ ਉਹ ਸੁਲੱਖਣੇ ਦਾ ਆਇਆ। ਸੁਲੱਖਣਾ ਉਹਦਾ ਨਾਂ ਤੇ ਨਹੀਂ ਸੀ ਪਰ ਹੁਣ ਸਾਰੇ ਲੋਕ ਉਹਨੂੰ ਇਹੀ ਕਹਿੰਦੇ ਸੀ। ਨਾਂ ਤੇ ਲੋਕ ਉਹਦੇ ਮੂੰਹ ਤੇ ਕੋਈ ਵੀ ਨਹੀਂ ਬੁਲਾਂਦਾ। ਚੌਧਰੀ ਸਾਹਬ, ਸਰਦਾਰ ਸਾਹਬ, ਬਾਬਾ ਜੀ, ਚਾਚਾ ਜੀ। ਜਿਉਂ ਕਿਸੇ ਦੀ ਉਮਰ ਤੇ ਰੁਤਬਾ ਹੋਣਾ ਉਹਨੇ ਉਝੇ ਬਾਬੇ ਸੁਲੱਖਣੇ ਦਾ ਨਾਂ ਸੱਦਣਾ। ਸੁਲੱਖਣਾ ਜਿਵੇਂ ਮੈਂ ਆਖਿਆ ਏ ਉਹਦਾ ਨਾਂ ਨਹੀਂ ਸੀ। ਨਾਂ ਉਹਦਾ ਜਗਜੀਤ ਸਿੰਘ ਆਹੀਆ ਤੇ ਜ਼ਾਤ ਦਾ ਚੱਠਾ ਸੀ। ਅੱਜ ਤੋਂ ਸੱਠ ਵਰ੍ਹੇ ਪਹਿਲਾਂ ਉਹ ਆਪਣੀ ਜੂਹ ਦਾ ਸਭ ਨਾਲੋਂ ਮਸ਼ਹੂਰ ਡਾਕੂ ਸੀ। ਲੋਕਾਂ ਜੱਗਾ ਡਾਕੂ ਭੀ ਪਿਆ ਆਖਣਾ । ਜਿਹਦੀਆਂ ਮੱਝਾਂ ਜਾਂ ਘੋੜੀ ਖੁੱਲ੍ਹ ਜਾਣੀ ਉਹਨੇ ਜੱਗਾ ਚੱਠਾ ਪਿਆ ਆਖਣਾ। ਸੌ ਕਹਾਣੀਆਂ ਤੇ ਕਿੱਸੇ ਉਹਦੇ ਆਹੇ। ਜੇਹਲਮੋਂ ਰਾਵਲਪਿੰਡੀਆਂ ਤਾਈਂ ਉਹਨੇ ਪੱਬੀਆਂ ਸੰਭਾਲ ਲਾਈਆਂ। ਵਿੱਚ ਉਹ ਮਫਰੂਰ ਹੁੰਦਾ ਸੀ ਜਾਂ ਕੈਦ ਵਿੱਚ। ਪੱਬੀਆਂ ਤੇ ਬੇਲੇ ਵਿੱਚ ਦੋਵੇਂ ਪਾਸੇ ਉਹਦਾ ਰਾਜ ਸੀ। ਗਾਵਣਾ ਆਲਾ ਜੱਗਾ ਡਾਕੂ ਕਿਧਰੇ ਲਾਇਲਪੁਰ ਦਾ ਆਹੀਆ ਪਰ ਕਿੱਸਾ ਕਿਸੇ ਏਸ ਦਾ ਭੀ ਲਿਖਿਆ। ਇੱਕ ਦਿਨ ਬਾਬੇ ਹੋਰਾਂ ਆਪ ਮੈਨੂੰ ਦੱਸਿਆ। ਲਾਹੌਰ ਦੀ ਮਸ਼ਹੂਰ ਕੋਈ ਕੰਜਰੀ ਤਾਜੋ ਆਪਦੀ ਮਸ਼ੂਕ ਭੀ ਆਹੀ। ਓਸ ਗਾਵਿਆਂ ।

ਤਿੱਖਾ ਤੇਜ਼ ਚਾਬਕ ਅਸਵਾਰ ਕੋਈ ਨਹੀਂ ! ਤੈਂ ਜਿਹਾ ਆਸ਼ਕ ਕੋਈ ਨਹੀਂ ਦਿਲਦਾਰ ਕੋਈ ਨਹੀਂ! ਅਸਾਡੀ ਸੀਮੈਂਟ ਦੀ ਏਜੰਸੀ ਅਸਲੋਂ ਕਚਹਿਰੀਆਂ ਦੇ ਨਾਲ ਕਚਹਿਰੀ ਬਾਜ਼ਾਰ 'ਚ ਆਹੀ। ਏਜੰਸੀ ਤੇ ਅਕਸਰ ਹੁਣ ਮੈਂ ਹੀ ਬਹਿੰਦੀ ਸਾਂ । ਇੱਕ ਦਿਨ ਚਿੱਟੀ ਘੋੜੀ ਤੇ ਖੰਭ ਚਿੱਟੇ ਤਹਿਮਦ ਕੁਰਤੇ ਤੇ ਪੱਗ ਤੇ ਸਫੈਦ ਚਿੱਟੀ ਦਾੜ੍ਹੀ ਆਲੇ ਏਸ ਭਗਤ ਦੀ ਅਸਵਾਰੀ ਏਜੰਸੀ ਦੇ ਥੜ੍ਹੇ ਅੱਗੇ ਆਣ ਖਲੋਤੀ। ਮੈਂ ਆਲੇ ਦੁਆਲੇ ਦੇਆਂ ਪਿੰਡਾਂ ਦੇਆਂ ਜੱਟਾਂ ਨੂੰ ਸੰਜਾਣਦਾ ਸਾਂ। ਮੇਰਾ ਚੋਖਿਆਂ ਪਿੰਡਾਂ ਵਿੱਚ ਆਣ ਜਾਣ ਸੀ ਪਰ ਮੁਲਾਕਾਤ ਆਪ ਨਾਲ ਨਹੀਂ ਹੋਈ। ਆਪ ਕੋਈ ਅੱਸੀਆਂ ਦੇ ਗੇੜ ਆਹੇ। ਤੇ ਮੇਰਾ ਬਹਿਣ ਉੱਠਣ ਆਪਣੇ ਨਾਲ ਦੇ ਜਵਾਨ ਮੁੰਡਿਆਂ ਨਾਲ ਸੀ। ਆਪਦੀਆਂ ਕਹਾਣੀਆਂ ਬਹੁਤ ਸੁਣੀਆਂ ਆਹੀਆਂ। ਆਪਦੀਆਂ ਨਾਬੀਨਾ ਅੱਖੀ ਦੇਖਕੇ ਮੈਂ ਫੌਰਨ ਸੰਜਾਣ ਲਿਆ। ਮੈਂ ਛਾਲ ਮਾਰ ਕੇ ਥੜ੍ਹਿਓਂ ਥੱਲੇ ਲੱਥਾ। ਬੜੇ ਅਦਬ ਨਾਲ ਸਤਿ ਸ੍ਰੀ ਅਕਾਲ ਕਿਹਾ। ਜਿਊਂਦਾ ਰਹੇਂ ਤੂੰ ਸਰਦਾਰ ਦਲੀਪ ਸਿੰਘ ਦਾ ਪੁੱਤਰ ਏਂ, ਉਹ ਮੈਨੂੰ ਚੰਗੀ ਤਰ੍ਹਾਂ ਜਾਣਦੇ ਹਨ। ਮੈਂ ਬੰਦੇ

ਦਾ ਇਹ ਰੂਪ ਤੇ ਰੋਅਬ ਖਲੋਤ ਪਹਿਲੋਂ ਕਦੀ ਨਾ ਤੇ ਹੁਣ ਤਾਈਂ ਹਯਾਤੀ ਵਿੱਚ ਨਾ ਮੁੜ ਡਿੱਠੀ ਏ। 'ਤੁਸੀਂ ਬਵ੍ਹੋਗੇ ਮੈਂ ?' ਮੈਂ ਘੋੜੀ ਦੀ ਵਾਗ ਫੜ ਕੇ ਆਖਿਆ।ਆਪਨੇ ਘੋੜੀ ਤੋਂ ਲਹਿਣ ਦਾ ਉਲਾਰ ਕੀਤਾ ਤੇ ਮੈਂ ਝਬਦੀ ਓਸ ਪਾਸੇ ਆ ਗਿਆ। ਆਪਦੇ ਪੈਰ ਨੂੰ ਹੱਥ ਲਾਇਆ ਤੇ ਕਿਹਾ, "ਮੇਰੇ ਹੱਥਾਂ ਤੇ ਪੈਰ ਰੱਖ ਲਵੋ।"

ਪਰ ਆਪ ਜਵਾਨ ਬੰਦੇ ਹਾਰ ਲਹਿ ਕੇ ਮੇਰੇ ਸਾਹਮਣੇ ਆਏ।ਮੈਨੂੰ ਏਸ ਗੱਲ ਦਾ ਰੋਣਾ ਸੀ ਵਸਾਹ ਨਹੀਂ ਖਾਂਦੇ ਬਾਬੇ ਜੀ। "ਮੈਨੂੰ ਆਪਣਾ ਪੁੱਤਰ ਸਮਝੋ।" ਮੈਂ ਭੀ ਪਾਡਾ ਬਣਕੇ ਬੋਲਿਆ, 'ਮੈਨੂੰ ਸਰੂਪਾ ਜੱਟ ਭੀ ਕਹਿੰਦੇ ਨੇ। ਮੇਰਾ ਜੱਟਾਂ ਨਾਲ ਬਹੁਤ ਬਹਿਣ ਉੱਠਣ ਹੈ।ਹੀਰਾ ਪੁਰ ਭੀ ਜਾਂਦਾ ਰਹਿਨਾਂ।ਤੁਸੀਂ ਬਜ਼ੁਰਗ ਹੋ ਮੈਂ ਬੱਚਾ ਹਾਂ ਝਕਦਾ ਹਾਜ਼ਰ ਨਹੀਂ ਹੋਇਆ।ਮੈਂ ਭੀ ਸਾਰਿਆਂ ਲੋਕਾਂ ਦੀ ਤਰ੍ਹਾਂ ਤੁਹਾਨੂੰ ਜਾਨਣਾ ਹਾਂ।' ਮੈਂ ਇੱਕੋ ਸਾਹੇ ਸਾਰੀ ਕਹਾਣੀ ਸੁਣਾਵਣੀ ਚਾਹੁੰਦਾ ਸਾਂ।ਆਹੀ ਭੀ ਸੱਚੀ ਖੱਤਰੀ ਸਿੱਖਾਂ ਨੂੰ ਜੱਟ ਬਣਨ ਤੇ ਜੱਟਾਂ ਨਾਲ ਤੁਅੱਲਕਦਾਰੀ ਦਾ ਵਧੇਰਾ ਚਾਅ ਹੋਂਦਾ ਏ। ਸਾਡੀ ਕਸ਼ਮੀਰ ਤੇ ਨੂਰ ਪੁਰ ਸ਼ਹਿਰ ਵੱਡੀ ਸਾਹੂਕਾਰੀ ਸੀ। ਆਹੇ ਭੀ ਬਾਹਮਣ।ਪਰ ਸਿੱਖ ਤੇ ਪੰਜਾਬੀ ਭਾਵੇਂ ਸੱਯਦ ਹੋਵੇ ਤੇ ਭਾਵੇਂ ਬਾਹਮਣ ਕਦੇ, ਹੋਂਦਾ ਏ ਜੱਟਾਂ ਦੇ ਬਰਾਬਰ ।ਅਸਾਂ ਬਟਵਾਰੇ ਬਾਅਦ ਬੜੀਆਂ ਕਹਾਣੀਆਂ ਰਾਜਪੂਤਾਂ ਤੇ ਹੋਰ ਜ਼ਾਤਾਂ ਦੀਆਂ ਦਿੱਲੀ ਆਣ ਕੇ ਸੁਣੀਆਂ।ਪਰ ਪੰਜਾਬ ਵਿੱਚ ਜੱਟਾਂ ਜਿਹੀ ਆਕੜ ਕਿਸੇ ਹੋਰ ਵਿੱਚ ਨਹੀਂ ਸੀ।ਅਸੀਂ ਲੱਖਪਤੀ ਆਹੇ ਪਰ ਜੱਟ ਭੁੱਖਾ ਤੇ ਭਵੱਤਰਿਆ ਹੋਵੇ ਤੇ ਮਾਣ ਨਹੀਂ ਹੋਂਦਾ।ਪੈਸੇ ਭੀ ਆਕੇ ਆਕੜ ਕੇ ਹੀ ਮੰਗਦੇ ਸਨ। ਪਰ ਕਹਾਣੀ ਤੇ ਸੁਲੱਖਣੇ ਦੀ ਆਹੀ।

ਮੈਂ ਭਾਟੀਆ ਸਾਹਬ ਵਕੀਲ ਕੋਲ ਆਇਆ ਸਾਂ ਕਚਹਿਰੀ। ਇੱਕ ਨਿੱਕਾ ਜਿਹਾ ਕੰਮ ਤੁਹਾਡੇ ਵਾਲਦ ਨਾਲ ਸੀ। ਆਪ ਸੱਚੇ ਸੁੱਚੇ ਪਰ ਬਾਦਸ਼ਾਹ ਦੀ ਸ਼ਾਨ ਨਾਲ ਬੋਲਦੇ ਸਨ। ਮੈਂ ਹੱਥੋਂ ਪਕੜ ਕੇ ਆਪ ਨੂੰ ਏਜੰਸੀ ਦੇ ਦਫਤਰ ਲੈ ਆਇਆ ਤੇ ਕੁਰਸੀ ਧਰੀਕੀ ਤਾਂਜੋ ਆਪ ਸੁਣ ਕੇ ਉਧਰ ਹੋ ਜਾਣ।ਆਪ ਦਾ ਹੱਥ ਮੇਰੇ ਮੋਢੇ ਤੇ ਸੀ ਪਰ ਅੰਨ੍ਹੇ ਨਹੀਂ ਆਪ ਸੁਜਾਖੇ ਸੀ ਹੋਂਦੇ ਆਏ। ਕੁਰਸੀ ਤੇ ਬੈਠ ਕੇ ਮੇਰੀ ਕੋਈ ਹੋਰ ਕਹਾਣੀ ਛੂਹਣ ਤੋਂ ਪਹਿਲੋਂ ਆਪ ਬੋਲੇ, 'ਮੈਨੂੰ ਬੁੱਢੀ ਉਮਰੇ ਪੱਕੇ ਛੱਤਣ ਦੀ ਲੋੜ ਤੇ ਨਹੀਂ ਪਰ ਤੂੰ ਤੇ ਜਾਣਨਾ ਈ ਹੈਂ ਹੀਰਾਪੁਰ ਕੱਚਾ ਕੋਠਾ ਮੇਰਾ ਹੀ ਰਹਿ ਗਿਆ ਏ। ਅਗਲਾ ਢਾਅ ਬੈਠਾਂ ਤੇ ਇਹ ਹੁੰਦਾ ਨਹੀਂ।' 'ਕਿੰਨਾ ਸੀਮੈਂਟ ਚਾਹੀਦਾ ਏ ?' ਮੈਂ ਫੇਰ ਝਟਪਟ ਬੋਲ ਦਿੱਤਾ ਮਤੇ ਆਪ ਇਹ ਗੱਲ ਭੁੱਲ ਨਾ ਜਾਣ। 'ਪੁੱਤਰ ਸੀਮੈਂਟ ਤੇ ਚੋਖਾ ਲੋੜੀਦਾ ਏ।ਅਜੇ ਮੇਰੇ ਕੋਲ ਪੈਸੇ ਸੌ ਬੋਰੀ ਦੇ ਨਹੀਂ ਤੇ ਸੁਣਿਆ ਏ ਲੱਭਦਾ ਇੱਕਾ ਨਹੀਂ।' 'ਤੁਸੀਂ ਦੱਸੋ ਚਾਹੀਦਾ ਕਿੰਨਾ ਏ ?' ਮੈਂ ਫੇਰ ਕਾਹਲੀ ਕਾਹਲੀ ਬੋਲਿਆ।ਆਪ ਥੋੜ੍ਹੇ ਜਿਹੇ ਮੁਸਕਰਾਏ, 'ਪੁੱਤਰਾ ਤੇਰਾ ਜੱਟਾਂ ਨਾਲ ਚੋਖਾ ਬਹਿਣ ਉੱਠਣ ਲੱਗਦਾ ਏ ਜੱਗਾ ਡਾਕੂ ਮੈਂ ਨਹੀਂ ਤੂੰ ਏਂ।' ਮੈਂ ਇਹ ਸੁਣ ਕੇ ਹੀ ਨਿਹਾਲ ਹੋ ਗਿਆ। "ਬਜ਼ੁਰਗਾਂ ਸਾਹਮਣੇ ਉਂਝ ਬੋਲਣਾ ਤੇ ਨਹੀਂ ਚਾਹੀਦਾ ਪਰ ਭਾਪੇ ਹੋਰੀਂ ਭੀ ਇਹੀ ਕਹਿੰਦੇ ਤੁਸੀਂ ਦੱਸੋ ਤੇ ਸਹੀ ਕਿੰਨਾ ?" ਪੁੱਤਰ ਦੋ ਸੌ ਬੋਰੀ ਨਾਲ ਮੇਰਾ ਕੰਮ ਮੁੱਕ ਜਾਂਦਾ ਏ ਪਰ ਐਨਾ ਮੈਂ ਸੰਭਾਲਾਂਗਾ ਕਿੱਥੇ ?" "ਮੈਂ ਸੌ ਬੋਰੀ ਅੱਜ ਭੇਜ ਦਿਆਂਗਾ, ਸੌ ਅਗਲੀ ਵਾਰੀ ਜਦੋਂ ਹੁਕਮ ਕਰੋਗੇ ਆ ਜਾਏਗੀ।ਮੈਂ ਰਾਤੀ ਆਪ ਰੇੜ੍ਹੇ ਤੇ ਲੈ ਆਵਾਂਗਾ।ਦਿਨੇ ਕਦੀ ਕਦੀ ਚੈਕ ਭੀ ਹੋ ਜਾਂਦਾ ਏ।" ਮੈਂ ਫੇਰ ਕਿਹਾ, "ਤੂੰ ਡਾਢਾ ਏਂ ਭਾਪਾ।" ਆਪ ਜ਼ੋਰ ਨਾਲ ਹੱਸੇ।



ਅੱਜ ਆਪਦੀ ਤੇ ਮੇਰੀ ਯਾਰੀ ਲੱਗੀ। ਯਾਰੀ ਕੀ ਮੈਂ ਨੌਕਰ ਆਹੀਆ ਤੇ ਆਸ਼ਕ ਆਹੀਆ। ਆਪਦਾ ਨਾਂ ਬੜਾ ਵੱਡਾ ਸੀ।ਲੋਕਾਂ ਸ਼ਾਮਾਂ ਤਾਈਂ ਪਿਆ ਪੁੱਛਣਾ। "ਅੱਜ ਸੁਲੱਖਣੇ ਹੋਰੀਂ ਆਏ ਸੀ ?" ਤੇ ਮੇਰੀਆਂ ਅੱਡੀਆਂ ਨਾ ਲੱਗਣੀਆਂ ਮਾਣ ਨਾਲ।ਪਰ ਹੌਲੀ ਹੌਲੀ ਭਾਟੀਆ ਵਕੀਲ ਸਾਹਬ ਦੇ ਪੁੱਤਰਾਂ ਨਾਲ ਮੇਰਾ ਯਾਰਾਨਾ ਕਰਕੇ ਤੇ ਆਪ ਦੀ ਸੇਵਾ ਕਰਕੇ ਮੈਂ ਆਪ ਨੂੰ ਗੁਰੂ ਬਣਾ ਹੀ ਲਿਆ ਤੇ ਸੇਵਾ ਨਾਲ ਮਨਾ ਭੀ ਲਿਆ।ਆਪ ਕਚਹਿਰੀ ਹਮੇਸ਼ਾ ਕਿਸੇ ਗਰੀਬ ਗੁਰਬੇ ਦੀ ਮਦਦ ਵਾਸਤੇ ਆਉਂਦੇ ਆਹੇ। ਨਾ ਕਿਸੇ ਨਾਲ ਲੜਾਈ, ਨਾ ਕਿਸੇ ਨਾਲ ਕੋਈ ਵਾਧਾ ਘਾਟਾ ਆਪ ਨੇ ਕਰਨਾ।ਲੋਕਾਂ ਦਾ ਨਿਆਂ ਕਰਨਾ ਜਾਂ ਖੋਜੀ ਦਾ ਕੰਮ ਕਰਨਾ।ਇਹ ਖੋਜ ਆਲੀ ਭੀ ਅਜੀਬ ਕਹਾਣੀ ਆਹੀ।

ਸਾਰੇ ਇਲਾਕੇ ਦਾ ਨਕਸ਼ਾ ਆਪ ਦੇ ਦਿਮਾਗ ਵਿੱਚ ਸੀ।ਸਾਰਿਆਂ ਪਿੰਡਾਂ ਦੇ ਆਪ ਜਾਣੂੰ।ਚੋਰਾਂ ਦੇ ਭੀ ਆਪ ਨਸਲਾਂ ਦੇ ਜਾਣੂੰ ਆਹੇ।ਪੁਰਾਣੇ ਓਡ ਖੋਜੀ ਆਹੇ। ਓਡਾਂ ਵਿੱਚੋਂ ਕਿਸੇ ਖੁਰੇ ਦੇ ਮਗਰ ਲੱਗ ਪੈਣਾ।ਆਪ ਨੇ ਘੋੜੀ ਉੱਤੇ ਚੜ੍ਹ ਕੇ ਓਡ ਦੇ ਪਿੱਛੇ ਤੁਰ ਪੈਣਾ।ਖੋਜੀ ਹੋ ਕਰਵਾਈ ਜਾਣਾ।ਇਹ ਖੋਖਰ ਉਨ੍ਹਾਂ ਦਾ ਪਾਹ ਜੇ।ਧੁੱਪ ਸੜੀ ਦਾ ਪੁਲ ਆ ਗਿਆ ਏ। ਖੁਰਾ ਲਹਿੰਦੇ ਜਾ ਰਿਹਾ ਏ।! ਸਰਦਾਰ ਜੀ ! ਖੁਰਾ ਅਸੀਫਲ ਅਲ ਲਗਾ ਜਾਂਦਾ ਏ। ਆਪ ਨੇ ਦੋ ਚਾਰ ਕਦੇ ਬੜਾ ਹੋਇਆ ਤਾਂ ਦਸ ਕੋਹ ਤੱਕ ਭੀ ਜਾਣਾ ਤੇ ਫੇਰ ਖਲੋ ਜਾਣਾ। ਖੋਖਰਾਂ ਕੋਲ ਤੁਹਾਡੇ ਡੰਗਰ ਨਹੀਂ ! ਧੁੱਪ ਸੜੀ ਆਲੇ ਭੈਂਚੇ ਡੋਗਰ ਨੂੰ ਕਹਿਣਾ ਮੈਂ ਤੁਹਾਨੂੰ ਘੱਲਿਆ ਏ।ਘੋੜੀ ਲੱਭ ਦੇਵੇਗਾ ! ਆਪ ਦੀਆਂ ਜਦ ਅੱਖਾਂ ਸਨ ਤੇ ਆਪ ਨੂੰ ਕਿੰਨਾ ਕੁੱਝ ਨਜ਼ਰ ਆਂਵਦਾ ਸੀ ਇਹ ਰੱਬ ਹੀ ਜਾਣਦਾ ਹੈ।ਆਪ ਪੜ੍ਹੇ ਲਿਖੇ ਹੋਂਦੇ ਤੇ ਆਈਨਸਟਾਈਨ ਹੋਂਦੇ।

ਕੋਈ ਗ਼ਰਜ਼ ਹਿਰਸ ਆਪ ਦੀ ਆਹੀ ਨਹੀਂ।ਸੇਵਾ ਕਰਨੀ ਗਰੀਬ ਤੇ ਮਜ਼ਲੂਮ ਦੀ ।ਆਪ ਭਗਤਾਂ ਨਾਲੋਂ ਵੱਧ ਭਗਤ ਆਹੇ।ਉੱਚਾ ਨਾ ਬੋਲਣਾ ਪਰ ਮਜਾਲ ਸੀ ਕੋਈ ਆਪਦੇ ਸਾਹਮਣੇ ਬੋਲੇ।'ਰੂਪ ਸਿੰਘ ਜੀ ਜਦੋਂ ਲੋਭ ਘਟ ਜਾਏ ਤੇ ਜ਼ੋਰ ਵਧ ਜਾਂਦਾ ਏ।' ਆਪ ਨੇ ਦੱਸਿਆ। ਲੋਭ ਮੁੱਕ ਜਾਏ ਤੇ ਬੰਦਾ ਰੱਬ ਬਣ ਜਾਏ, ਉਹ ਤਾਂ ਮਨੁੱਖ ਦੇ ਵਸ ਨਹੀਂ।ਗੁਰੂਆਂ ਦਾ ਭੀ ਓਹਾ ਮੁਕਾਮ ਏ। ਆਪ ਆਹੇ ਤੇ ਗੁਰੂ ਭਗਤ ਪ੍ਰਦੇਸੀ ਬੰਦੇ ਦਾ ਸੀ। ਮੈਂ ਕਹਿਣਾ ਪਈ ਸਿੱਖ ਲੋਕ ਆਪ ਦਾ ਲਿਹਾਜ਼ ਕਰਦੇ ਨੇ। ਆਪ ਦੀ ਬੜੀ ਮੰਨਤਾ ਸੀ ਤੇ ਵੱਡਾ ਨਾਮ ਸੀ।ਫੇਰ ਭੀ ਚਿੱਟੀ ਘੋੜੀ ਤੇ ਚਿੱਟੇ ਕੱਪੜੇ ਨਾਲ ਕੰਮ ਸੌਖਾ ਹੋ ਜਾਂਦਾ ਏ। ਆਪ ਨੇ ਹੱਸ ਕੇ ਕਹਿਣਾ।

ਤਿੰਨ ਚਾਰ ਸਾਲ ਮੈਂ ਬੜੀ ਸੇਵਾ ਕੀਤੀ ਆਪ ਦੀ ।ਗੁਰੂਆਂ ਨੂੰ ਭੀ ਬਾਲਕਿਆਂ ਦੀ ਲੋੜ ਹੋਂਦੀ ਏ।ਪਰ ਆਪ ਉਮਰ ਵਡੇਰੀ ਹੋਣ ਨਾਲ ਕੁੱਝ ਵੱਲ ਨਹੀਂ ਸੀ ਰਹੇ।ਸੰਨ 44 ਵਿੱਚ ਕਿਸੇ ਨਾਲ ਚੋਖੇ ਖਿਝਕ ਗਏ। ਪਰ ਨਾ ਬੰਦੇ ਆਪ ਨੂੰ ਬਹਿਣ ਦਿੰਦੇ ਸਨ, ਨਾ ਆਪ ਬਹਿੰਦੇ ਆਹੇ।ਹੁਣ ਸੇਵਾ ਦੀ ਆਪ ਨੂੰ ਵਧੇਰੀ ਲੋੜ ਸੀ। ਮੈਂ ਪਿੰਡ ਜਾ ਕੇ ਟਾਂਗੇ ਤੇ ਲੈ ਆਉਣਾ।ਮੈਂ ਰਾਤ ਰਹਿ ਵੀ ਜਾਣਾ ਆਪ ਦੀ ਹਵੇਲੀ।ਆਪ ਵੀ ਕਦੇ ਰਾਤ ਰਹਿਣ ਦਾ ਮੰਨ ਲੈਣਾ। ਕਦੇ ਬੱਦਲ ਝੱਖੜ ਕਦੇ ਕੁਵੇਲੇ ਦਾ ਬਹਾਨਾ ਬਣਾ ਕੇ ਮੈਂ ਬਹੁਤੀ ਮਿੰਨਤ ਕਰਨੀ। ਓ ਭਾਈਆ ਬੁੱਢਿਆਂ ਦਾ ਦੇਣਾ ਸੌਖਾ ਪਰ ਰਾਤ ਔਖੀ ਹੋਂਦੀ ਏ।ਮੁੜ ਇੱਕਾ ਰਾਤ ਬਣ ਜਾਏ ਤੇ ਖੇਡ ਮੁਕ ਵੈਂਦੀ ਏ।ਆਪ ਜ਼ਿੰਦਗੀ ਮੌਤ ਦੇ ਜਾਣੂੰ ਆਹੇ।ਆਉਂਦੀ

ਮੌਤ ਦਾ ਖੁਰਾ ਭੀ ਆਪ ਨੂੰ ਸਹੀ ਪਿਆ ਹੋਂਦਾ ਸੀ। ਜੀਵਨ ਰੱਬ ਦੀ ਦੇਣ ਹੈ। ਜੀਵਣਾ ਫਰਜ਼ ਹੈ ਬੰਦੇ ਦਾ ! ਪਰ ਮੌਤ ਦੀ ਇਜਾਜ਼ਤ ਹੋਵੇ ਤੇ ਹੁਣ ਮੰਗ ਹੀ ਲਾਂ। ਆਪ ਨੇ ਜੀਵਨ ਦੇ ਆਖਰੀ ਪੋਹ ਮੈਨੂੰ ਆਖਿਆ ਤੇ ਫੇਰ ਇੱਕ ਦਿਨ ਉਹ ਭੇਤ ਦੱਸਿਆ ਜਿਹੜਾ ਪੰਝੀ ਵਰ੍ਹੇ ਆਪ ਅੰਦਰ ਰੱਖ ਕੇ ਜੀਵੇ।

ਇਹ ਮਸ਼ਹੂਰ ਸੀ ਕਿ ਕਿਸੇ ਦੁਸ਼ਮਣ ਨੇ ਸੁੱਤਿਆਂ ਆਪ ਨੂੰ ਬੰਨ੍ਹ ਕੇ ਆਪ ਦੀਆਂ ਅੱਖਾਂ ਕੱਢ ਲਈਆਂ। ਪਰ ਕੱਢਣ ਆਲੇ ਨੂੰ ਨਾ ਕਿਸੇ ਦੇਖਿਆ ਸੀ, ਨਾ ਕੋਈ ਅਤਾ ਪਤਾ ਲੱਗਾ। ਪਰ ਇਹ ਹੀ ਕਹਾਣੀ ਦਾ ਅਖੀਰਲਾ ਖੁਰਾ ਸੀ ਜੀਹਦੇ ਨਾਲ ਸਰਦਾਰ ਜਗਜੀਤ ਸਿੰਘ ਚੱਠਾ ਦੀ ਕਹਾਣੀ ਦੀ ਰੱਸੀ ਟੁੱਟ ਗਈ ਤੇ ਗੁੱਝਾ ਇਹ ਭੇਤ ਮੈਂ ਅੱਜ ਮਰਨ ਤੋਂ ਪਹਿਲਾਂ ਤੁਹਾਨੂੰ ਦੱਸ ਰਿਹਾ ਹਾਂ।

ਆਪ ਆਸ਼ਕ ਤੇ ਮਸ਼ਹੂਰ ਆਹੇ ਪਰ ਕਿੰਝ ਦੇ ਆਸ਼ਕ ? ਕੋਈ ਘੱਟ ਹੀ ਜਾਣਦਾ ਏ। ਮੈਂ ਜਿਉਂ ਚੋਰ ਆਪਣੇ ਪਿਓ ਦੇ ਮਰਨ ਪਿੱਛੋਂ ਆਪਣੀ ਲੋੜ ਪਾਰੋਂ ਬਣਿਆ ਆਸ਼ਕ ਭੀ ਲੋੜ ਦਾ ਹੀ ਆਹੀਆ। ਕਿਸੇ ਨਾਲ ਵੱਸਣਾ ਮੇਰੇ ਵੱਸ ਨਹੀਂ ਸੀ। ਸ਼ਰਾਬ ਪੀਕੇ ਮੈਨੂੰ ਕੋਈ ਨਾ ਕੋਈ ਮਾਸ਼ੂਕ ਯਾਦ ਆ ਜਾਣੀ, ਫੇਰ ਤੂਫਾਨ ਮੇਲ ਚੱਲ ਪੈਣੀ। ਕੋਈ ਢਕਵੰਸ ਹੋਰ ਨਾ ਮਿਲੇ ਤੇ ਤਾਜੋ ਕੋਲ ਤੋੜ ਹੀਰਾ ਮੰਡੀ ਜਾਕੇ ਸਾਹ ਲੈਣਾ। ਉਹਨੇ ਗਾਹਕਾਂ ਨੂੰ ਨਸਾ ਦੇਣਾ ਤੇ ਦਰਬਾਰ ਲੱਗ ਜਾਣਾ ਮਹਾਰਾਜਾ ਰਣਜੀਤ ਸਿੰਘ ਦਾ। ਉਹ ਮੈਨੂੰ ਮਹਾਰਾਜਾ ਰਣਜੀਤ ਸਿੰਘ ਆਂਹਦੀ ਆਹੀ। ਲੁੱਟਿਆ ਭੀ ਢੇਰ ਉਹਦੇ ਕੋਲੇ ਪਰ ਮੈਂ ਜਿਸ ਤੇ ਆਸ਼ਕ ਹੋਇਆ ਦੁਵੱਲੀ ਆਸ਼ਕੀ ਮਾਸ਼ੂਕੀ ਚੱਲਦੀ ਸੀ। ਕੁੜੀ ਸੁਹਣੀ ਦੇਖ ਲਾਂ ਤੇ ਮਨਾ ਮੈਂ ਆਪ ਲੈਂਦਾ ਸਾਂ। ਇਹ ਭੀ ਭੇਤ ਲੋਕ ਨਹੀਂ ਜਾਣਦੇ। ਕਹਾਣੀਆਂ ਸਭ ਝੂਠੀਆਂ ਨੇ ਆਸ਼ਕੀ ਮਾਸ਼ੂਕੀ ਦੀਆਂ। ਆਪੋ ਆਪਣੀ ਲੋੜ ਹੀ ਸੋੜ ਏ। ਦੋਵਾਂ ਦਿਲਾਂ ਨੂੰ ਲੋੜ ਹੋਂਦੀ ਏ। ਸਲਾਹ ਰਲਦੀ ਹੋਵੇ ਤੇ ਆਸ਼ਕੀ ਹੋ ਗਈ।

ਪਰ ਇੱਕ ਵਾਰੀ ਧਰੋਹ ਕੀਤਾ ਉਹ ਵੀ ਜ਼ਬਾਨ ਨਾਲ। ਮੈਂ ਦੋ ਚਾਰ ਛੋਹਰਾਂ ਨਾਲ ਕਾਲੋ ਕੇ ਪਿੰਡ ਦੇ ਕੋਲੋਂ ਲੰਘਿਆ। ਓਦਣ ਪੀਤੀ ਭੀ ਸੀ। ਬਸ ਸਮਝ ਲੈ ਅੱਖਾਂ ਭੀ ਗਈਆਂ ਤੇ ਇਹ ਬੁਰੀ ਆਦਤ ਭੀ ਛੁਟ ਗਈ। ਕਿਸੇ ਛੋਹਰ ਨੇ ਇੱਕ ਸੋਹਣੀ ਕੁੜੀ ਨੂੰ ਦੇਖ ਕੇ ਮੈਨੂੰ ਦੱਸਿਆ ਪਈ ਚਰਨ ਸਿੰਘ ਦੀ ਧੀ ਆਹੀ। ਚਰਨ ਸਿੰਘ ਮੇਰਾ ਵਰ੍ਹਿਆਂ ਦਾ ਸਾਥੀ ਸੀ। ਸੈਅ ਚੋਰੀਆਂ ਕੱਠਿਆਂ ਕੀਤੀਆਂ ਤੇ ਮੁਲਤਾਨ ਜੇਲ੍ਹ ਦੋ ਸਾਲ ਕੱਠੀ ਕੈਦ ਭੀ ਕੱਟੀ। ਮੈਨੂੰ ਦੇਖਣਾ ਭੀ ਨਹੀਂ ਸੀ ਚਾਹੀਦਾ ਉਹਦੀ ਧੀ ਅੱਲ। ਮੇਰੇ ਮੂੰਹੋਂ ਨਿਕਲ ਗਿਆ, "ਮੈਂ ਚਰਨ ਸਿੰਘ ਨਾਲ ਇਹਦੀ ਗੱਲ ਕਰਸਾਂ।!" ਤੀਰ ਕਮਾਨੋਂ ਨਿਕਲ ਗਿਆ ਸੀ। ਦਿਲੇ ਵਿੱਚ ਇਹ ਭੀ ਗੱਲ ਆਈ ਪਈ ਉਹਦੇ ਕੋਲੋਂ ਜਾ ਮਾਫੀ ਮੰਗਾਂ। ਪਰ ਮੈਂ ਸਮਝਿਆ ਗੱਲ ਆਈ ਗਈ ਹੋ ਗਈ .........ਹੋਣੀ ਜੋ ਆਹੀ ! ਮੈਂ ਸੁੱਤਾ ਪਿਆ ਸਾਂ। ਮੇਰੀ ਨੀਂਦਰ ਬੜੀ ਹੌਲੀ ਆਹੀ। ਗੇੜ ਭੀ ਰੱਖਦਾ ਆਹੀਆ। ਓਸ ਦਿਨ ਕੁੱਝ ਵਧੇਰੀ ਪੀਤੀ ਆਹੀ। ਮੈਨੂੰ ਸਹੀ ਹੋਇਆ ਜਿਉਂ ਮੈਨੂੰ ਕਿਸੇ ਜੱਫਾ ਮਾਰ ਲਿਆ। ਮੈਂ ਜ਼ੋਰ ਮਾਰ ਕੇ ਉੱਠਣ ਦਾ ਜਤਨ ਕੀਤਾ ਤੇ ਮੰਜੀ ਮੂੰਧੀ ਹੋ ਗਈ। ਚਰਨ ਸਿੰਘ ਡੰਗਰਾਂ ਦਾ ਚੋਰ ਸੀ। ਰੱਸੀ ਓਸ ਪਲ ਵਿੱਚ ਮੇਰੇ ਦੁਆਲੇ ਭੀ ਬੰਨ੍ਹ ਲਈ। ਮੇਰੀਆਂ ਲੱਤਾਂ ਦੇ ਪਰਛੰਡੇ ਨਾਲ ਦਾਵਨਾਂ ਆਲੀ ਬਾਹੀ ਭੀ ਟੁੱਟ ਗਈ। ਪਰ ਮੈਂ ਬੱਧਾ ਪਿਆ ਰਿਹਾ। ਮਾਂ ਦਾ ਖਸਮ ! ਓਸ ਮੈਨੂੰ ਮੇਰੀ ਹਯਾਤੀ ਦੀ



ਪਹਿਲੀ ਗਾਹਲ ਕੱਢੀ। ਪੁਲੀਸ ਆਲੇ ਭੀ ਮੈਨੂੰ ਗਾਹਲ ਕੱਢਦੇ ਡਰਦੇ ਸਨ। ਇੱਕ ਵਾਰੀ ਹਜ਼ਰੋ ਦੇ ਇੱਕ ਥਾਣੇਦਾਰ ਕੋਈ ਵਧੇਰੀ ਛਾਛੀ ਬੋਲੀ। ਮੈਂ ਹਜ਼ਰੋ ਜਾ ਉਸਦੇ ਘਰ ਅੱਗ ਲਾਈ। ਛੇ ਸਾਲ ਕੈਦ ਇਸ ਗੱਲ ਦੀ ਕੱਟੀ। ਪੁੱਤਰਾ ਹੁਣ ਉਹ ਚਰਨਾ ਭੀ ਮਰ ਗਿਆ ਏ ਤੇ ਪਿਛਲੇ ਸਾਲ ਸ਼ੋਹਦੀ ਧੀ ਭੀ ਮਰ ਗਈ ਏ। ਇੱਕੋ ਇੱਕ ਉਹਦੀ ਧੀ ਸੀ। ਚੋਰਾਂ ਦੇ ਟੱਬਰ ਨਿੱਕੇ ਹੋ ਜਾਂਦੇ ਨੇ। ਯਾਰਾਂ ਨਾਲ ਤੁਅੱਲਕੇਦਾਰੀ ਹੋਂਦੀ ਏ ਪਰ ਚੋਰ ਵਿੱਚੋਂ ਇਕੱਲਾ ਜੀਅ ਹੋਂਦਾ ਏ। ਅੱਜ ਤੈਨੂੰ ਸਿਆਣੀ ਗੱਲ ਕਰਕੇ ਇਹ ਭੇਤ ਦੱਸਿਆ ਏ। ਚਰਨੇ ਆਖਿਆ ਕਿ ਗਾਟਾ ਲਾਹਵੇ ਕਿ ਅੱਖੀਆਂ ਕੱਢੇ ? ਮੈਂ ਰੌਲਾ ਭੀ ਪਾਂਦਾ ਓਸ ਗਾਟਾ ਲਾਹ ਸੁੱਟਣਾ ਸੀ। ਨਾਲੇ ਕਰਨੀ ਸਾਹਮਣੇ ਆਈ ਸੀ। ਮੈਂ ਕੁੱਝ ਨਾ ਬੋਲਿਆ। ਓਸ ਕ੍ਰਿਪਾਨ ਨਾਲ ਲੈਣ ਗਿਟਕਾਂ ਕੱਢ ਸੁੱਟੀਆਂ। ਮੈਂ ਉਫ ਨਾ ਕੀਤੀ। ਮੈਂ ਕਿਹਾ ਚਰਨਿਆ ਇਹ ਗੱਲ ਕਿਸੇ ਨਾਲ ਨਾ ਕਰੀਂ। ਮੈਂ ਤੈਨੂੰ ਕੁੱਝ ਨਾ ਆਖਾਂਦਾ। ਗੱਲ ਓਸ ਭੀ ਨਿਭਾਈ ਤੇ ਮੈਂ ਭੀ। ਚੋਰੀ ਜੋਗਾ ਮੈਂ ਆਹੀਆ ਕੋਈ ਨਾ। ਸ਼ਰਾਬ ਤੇ ਔਰਤ ਮੈਂ ਆਪ ਛੱਡ ਗਿਆ। ਤਾਜੋ ਬੜੇ ਫੇਰੇ ਪਾਏ। ਹੋਰ ਭੀ ਮਾਸ਼ੂਕ ਆਏ । ਓਹਨਾਂ ਭੀ ਮਰ ਜਾਣੀ ਪਰ ਮੁੜ ਕੇ ਹੱਥ ਨਾ ਲਾਇਆ। ਸੱਠ ਸਾਲ ਉਮਰ ਆਹੀ। ਤਾਅ ਭੀ ਠੰਢਾ ਹੋ ਗਿਆ ਸੀ। ਸਿਆਣਾ ਰਵੀਂ ਪੁੱਤਰਾ ਤੇ ਕੁੱਝ ਸਿੱਖ ਲਵੀਂ ਏਸ ਕਹਾਣੀ ਤੋਂ !

ਮਾਂਹਾ ਵਿੱਚ ਸੁਲੱਖਣਾ ਮੋਇਆ ਤੇ ਕਟਕ ਚੜ੍ਹ ਆਇਆ ਲੋਕਾਂ ਦਾ। ਔਰਤਾਂ ਭੀ ਇੰਨੀਆਂ ਆਈਆਂ ਪਈ ਹੱਦ ਸ਼ੁਮਾਰ ਨਹੀਂ। ਲੋਕਾਂ ਰੱਜ ਰੱਜ ਦਰਸ਼ਨ ਕੀਤੇ। ਮੈਂ ਦਿੱਲੀ ਨਾ ਆਉਂਦਾ ਤੇ ਖਬਰੇ ਓਸ ਸੁਲੱਖਣੇ ਨੂੰ ਢੂੰਢਦਾ ਚੋਰ ਬਣ ਜਾਂਦਾ। ਹੁਣ ਮੌਤ ਦੇ ਕੰਢੇ ਖਲਿਆ ਹਾਂ। ਦਿੱਲੀ ਕਈਆਂ ਨੂੰ ਇਹ ਕਹਾਣੀ ਸੁਣਾਈ । ਇਹ ਕਹਾਣੀ ਤੇ ਨੂਰਪੁਰ ਦੀਆਂ ਟਾਹਲੀਆਂ ਦੀ ਛਾਵੇਂ ਸੁੱਤੀ ਹੋਈ ਏ ਜਿੱਥੇ ਉਹ ਸੁਲੱਖਣਾ ਆਨੰਦ ਵਿੱਚ ਸੁੱਤਾ ਹੋਵਸੀ ਤੇ ਸੈਅ ਹਮਾਤੜ ਰੂਹਾਂ ਧੱਕੇ ਖਾਂਦੀਆਂ ਹੋਸਣ।

# ਜ਼ਾਤ ਬਰਾਦਰੀ

**—ਪਰਵੀਨ ਮਲਿਕ**

***(18-08-1947)***

"ਹਾਏ ਨੀ ਬਾਜੀ ਅਸੀਂ ਤੇ ਪੱਟੇ ਗਏ ਨੀ ਕੱਖ ਨਾ ਰਿਹਾ ਸਾਡਾ!" ਜਮੀਲਾਂ ਮੇਰੇ ਕੋਲ ਆ ਕੇ ਇੰਜ ਕੁਰਲਾਈ ਜੇ ਕੜਛੀ ਮੇਰੇ ਹੱਥੋਂ ਡਿੱਗ ਪਈ।

"ਕੀਹ ਹੋ ਗਿਆ?"

"ਹਾਏ ਹਾਏ," ਉਹਨੇ ਦੁਹੱਥੜ ਛਾਤੀ ਵਿਚ ਮਾਰਿਆ ਤੇ ਕਿਚਨ ਦੇ ਫ਼ਰਸ਼ ਉੱਤੇ ਬਹਿ ਗਈ। ਪਤਾ ਨਹੀਂ ਕੀ ਹੋਇਆ ਸੀ ਤੇ ਕੀਹ ਨਹੀਂ ਪਰ ਮੈਨੂੰ ਉਹਦਾ ਵਿਹਾਰ ਕੁਝ ਚੰਗਾ ਨਾ ਲੱਗਾ। ਮੈਂ ਫੇਰ ਖਿਝ ਕੇ ਬੋਲੀ, "ਕੁਝ ਦੱਸੇਂਗੀ ਜਾਂ ਐਵੇਂ ਰੌਲਾ ਪਾਈ ਜਾਵੇਂਗੀ।"

"ਨੀ ਬਾਜੀ, ਛੀਮੋ ਨਿਖ਼ਸਮੀ ਨੇ ਮੈਨੂੰ ਕੱਖੋਂ ਹੌਲਾ ਕਰ ਦਿੱਤਾ ਈ, ਇਹਦੇ ਕੋਲੋਂ ਪੁੱਛ ਇਹਨੇ ਕਿਉਂ ਇੰਜ ਕੀਤਾ।"

ਉਸ ਵੇਲੇ ਮੇਰੀ ਨਜ਼ਰ ਬੂਹੇ ਨਾਲ ਢੋ ਲਾਕੇ ਖੜੀ ਛੀਮੋ ਤੇ ਪਈ। ਉਹਦੇ ਸਾਂਵਲੇ ਮੂੰਹੋਂ ਧੂੜ ਉਡ ਰਹੀ ਸੀ। ਸ਼ਾਇਦ ਮੇਰੇ ਕੋਲ ਲਿਆਵਣ ਤੋਂ ਪਹਿਲਾਂ ਜਮੀਲਾਂ ਨੇ ਉਹਨੂੰ ਚੰਗਾ ਕੁੱਟਿਆ ਸੀ। ਕਿਉਂ ਜੇ ਉਹਦੇ ਵਾਲ ਖਿਲਰੇ ਹੋਏ ਸਨ, ਸਿਰ ਦੀ ਚੁੰਨੀ ਦਾ ਇਕ ਪੱਲਾ ਮੋਢੇ ਉਤੇ ਤੇ ਦੂਜਾ ਪੈਰਾਂ ਵਿਚ ਪਿਆ ਹੋਇਆ ਸੀ।

ਮਸਾਲਾ ਸੜ੍ਹਨ ਦੀ ਬੂ ਆਈ ਤਾਂ ਮੈਂ ਚੁੱਲ੍ਹਾ ਬੰਦ ਕਰਕੇ ਛੀਮੋ ਵੱਲ ਮੁੜੀ।

"ਹਾਂ ਛੀਮੋ ਕੀਹ ਹੋਇਆ?" ਮੈਂ ਪੁੱਛਿਆ ਤਾਂ ਉਹ ਬਸ ਅੱਥਰੂ ਭਰੀਆਂ ਅੱਖਾਂ ਨਾਲ ਮੇਰੇ ਵੱਲ ਵੇਖਣ ਲੱਗ ਪਈ। ਜਮੀਲਾਂ ਨੇ ਇੱਲ ਵਾਂਗੂੰ ਝਪੱਟਾ ਮਾਰ ਕੇ ਉਹਦੀ ਗੁੱਤ ਫੜੀ ਤੇ ਉਹਨੂੰ ਜ਼ਮੀਨ ਤੇ ਸੁੱਟ ਕੇ ਮੂੰਜੀ ਵਾਂਗੂੰ ਕੁੱਟਣ ਲੱਗ ਪਈ। ਨਾਲ ਈ ਆਖੀ ਜਾਵੇ, "ਬੋਲ, ਬੋਲ ਮੁਰਦਾਰੇ ਬੋਲਦੀ ਕਿਉਂ ਨਹੀਂ।"

"ਕੀਹ ਕਰਨੀ ਏਂ ਜਮੀਲਾਂ। ਬੰਦਾ ਬਣ। ਮੂੰਹ ਨਾਲ ਗੱਲ ਨਹੀਂ ਕਰ ਸਕਦੀ।" ਮੈਂ ਝਿੜਕ ਕੇ ਜਮੀਲਾਂ ਦੀ ਬਾਂਹ ਫੜੀ ਤਾਂ ਉਹ ਉੱਥੇ ਈ ਡਾਡਰੀ ਹੋ ਕੇ ਜ਼ਮੀਨ ਤੇ ਹੱਥ ਮਾਰ ਮਾਰ ਕੇ ਵੈਣ ਪਾਣ ਲੱਗ ਪਈ, "ਵੇ ਟੁਟ ਪੈਣਿਆਂ ਤੈਨੂੰ ਕਿਸੇ ਦੀ ਆਈ ਆਵੇ ਤੇਰੀ ਮਾਂ ਦਾ ਕਲੇਜਾ ਬਲੇਵੇ ਗੋਰਾਂ ਜੋਗਿਆ ਕੁੱਤੇ ਖਾਣ।"

ਉਹਦੇ ਲਾਰੇ ਬਕਾਰੇ ਸੁਣ ਸੁਣ ਕੇ ਮੇਰਾ ਦਿਲ ਕੀਤਾ ਲਾਵਾਂ ਇਕ ਚੰਡ ਤੇ ਉਹਦਾ ਮੂੰਹ ਘੜ ਲਵਾਂ। ਸ਼ਾਇਦ ਮੇਰੇ ਮੂੰਹ ਤੇ ਵੀ ਇਹੋ ਕੁਝ ਲਿਖਿਆ ਗਿਆ ਹੋਣਾ ਏ।



ਰੋਂਦੀ ਪਿੱਟਦੀ ਜਮੀਲਾਂ ਇੰਜ ਚੁੱਪ ਕਰ ਗਈ ਜਿਵੇਂ ਚਾਬੀ ਵਾਲੇ ਖਿਡੌਣੇ ਦੀ ਚਾਬੀ ਮੁੱਕ ਜਾਵੇ। ਉਹਦੇ ਚੁੱਪ ਹੁੰਦਿਆਂ ਈ ਮੇਰਾ ਗੁੱਸਾ ਵਧ ਗਿਆ।

"ਸਿੱਧੀ ਤਰ੍ਹਾਂ ਗੱਲ ਕਰ ਜਮੀਲਾਂ! ਹੋਇਆ ਕੀਹ ਏ, ਐਵੇਂ ਰੌਲਾ ਪਾਈ ਜਾਨੀ ਏਂ, ਹੁਣੇ ਈ ਗਵਾਂਢਣਾਂ ਕੰਨਸੋਆਂ ਲੈਣ ਅਪੜ ਜਾਣਗੀਆਂ।"

"ਬਾਜੀ! ਇਸ ਸੂਰਾਂ ਜੋਗੀ ਨੇ ਮੇਰਾ ਨੱਕ ਵਢਾ ਦਿੱਤਾ ਈ। ਵੇਖ ਇਹ ਵੇਖ ਜ਼ਰਾ।" ਉਹਨੇ ਛੀਮੋ ਦੇ ਢਿੱਡ ਤੇ ਲੱਤ ਮਾਰੀ ਤੇ ਮੈਂ ਗੱਲ ਸਮਝ ਕੇ ਪਲ ਭਰ ਭੁਆਂਟਣੀ ਖਾ ਗਈ। "ਛੀਮੋ ਆਪਣੀ ਵੱਡੀ ਹੋ ਗਈ ਏ।"

ਜਮੀਲਾਂ ਮੇਰੇ ਘਰ ਕੋਈ ਦਸਾਂ ਵਰ੍ਹਿਆਂ ਤੋਂ ਕੰਮ ਕਰ ਰਹੀ ਸੀ। ਛੀਮੋ ਉਹਦੇ ਨਾਲ ਹੁੰਦੀ ਸੀ। ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਕਦੀ ਧੂੜ ਛਣਟ ਲੱਗ ਪੈਂਦੀ, ਕਦੀ ਪੀੜ੍ਹੀ ਤੇ ਖਲੋ ਕੇ ਇਕ ਅੱਧ ਭਾਂਡਾ ਧੋ ਦੇਂਦੀ ਪਰ ਅੱਜ ਇਹ ਕਾਰਾ ਸਾਹਮਣੇ ਆ ਗਿਆ।

"ਇਹਦੇ ਕੋਲੋਂ ਪੁੱਛਿਆ ਈ ਕੀਹ ਦੱਸਦੀ ਏ?" ਮੈਂ ਪੀੜ੍ਹੀ ਖਿੱਚ ਕੇ ਦੋਹਾਂ ਮਾਵਾਂ ਧੀਆਂ ਦੇ ਕੋਲ ਬਹਿੰਦਿਆਂ ਆਖਿਆ।

"ਆਹੋ ਪੁੱਛਿਆ ਏ, ਚੌਧਰੀ ਬਰਕਤ ਦੇ ਨਿੱਕੇ ਦਾ ਨਾਂ ਲੈਂਦੀ ਏ।" ਜਮੀਲਾਂ ਨੇ ਮੱਥੇ ਤੇ ਹੱਥ ਮਾਰ ਕੇ ਦੱਸਿਆ। ਚੌਧਰੀ ਬਰਕਤ ਦੇ ਪੁੱਤਰ ਦਾ ਨਾਂ ਸੁਣ ਕੇ ਮੈਂ ਸੋਚੀਂ ਪੈ ਗਈ। ਉਹ ਆਪ ਬੜਾ ਦੀਨਦਾਰ ਬੰਦਾ, ਪੰਜ ਵਕਤਾਂ ਦਾ ਨਮਾਜ਼ੀ, ਮੁਹੱਲੇ ਦੇ ਸਾਰੇ ਕੰਮਾਂ ਵਿਚ ਅੱਗੇ ਅੱਗੇ ਹੁੰਦਾ। ਪੁੱਤਰ ਉਹਦੇ ਨਾਂ ਤੇ ਅੱਜਕੱਲ੍ਹ ਦੇ ਮੁੰਡਿਆਂ ਵਾਂਗੂੰ ਬਹੁਤੇ ਸੌਖੇ ਸਨ, ਨਾ ਇੰਜ ਦੇ ਪਈ ਉਹਨਾਂ ਦੀ ਸ਼ਰਾਫ਼ਤ ਦੀਆਂ ਵਾਰਾਂ ਗਾਈਆਂ ਜਾਣ। ਬਸ ਇੰਜ ਦੇ ਸਨ ਜਿਵੇਂ ਆਮ ਬੰਦੇ ਹੁੰਦੇ ਨੇਂ, ਪਰ ਇਹ ਗੱਲ ਤਾਂ ਕੁਝ ਪੁੱਠੀ ਬਣ ਪਈ ਸੀ। ਮੇਰੀਆਂ ਅੱਖਾਂ ਵਿਚ ਹੋਰ ਦੇ ਹੋਰ ਨਕਸ਼ੇ ਭਰ ਗਏ, ਭਾਵੇਂ ਜਮੀਲਾਂ ਹੋਰੀ ਗ਼ੈਰਤ ਸਹੀ ਪਰ ਰੱਤ ਤੇ ਗ਼ਰੀਬਾਂ ਵਿਚ ਵੀ ਹੁੰਦੀ ਏ। ਜੇ ਉਹਦਾ ਘਰ ਵਾਲਾ ਮੱਛਰ ਪਿਆ ਤੇ ਫੇਰ ਕੀ ਬਣੇਗਾ?

"ਬਾਜੀ ਖ਼ੁਦਾ ਦਾ ਵਾਸਤਾ ਕੁਝ ਕਰੋ।" ਜਮੀਲਾਂ ਮੇਰੇ ਅੱਗੇ ਹੱਥ ਜੋੜ ਦਿੱਤੇ।

"ਅੱਛਾ ਕੁਝ ਸੋਚਣ ਦੇ ਨਾ, ਤੂੰ ਤੇ ਮੈਨੂੰ ਵੀ ਝੱਲਿਆਂ ਕਰ ਦਏਂਗੀ।" ਮੈਂ ਖਿੱਝ ਕੇ ਬੋਲੀ। ਸ਼ਾਇਦ ਉਹਨੂੰ ਮੇਰੀ ਗੱਲ ਸੁਣ ਕੇ ਗੁੱਸਾ ਚੜ੍ਹਿਆ ਹੋਣਾ ਏ ਜਿਹੜਾ ਕੱਢਿਆ ਉਹਨੇ ਛੀਮੋ ਤੇ, ਤੇ ਤਿੰਨ ਚਾਰ ਚੰਡਾਂ ਉਹਨੂੰ ਲੱਗ ਗਈਆਂ। ਦੂਜੇ ਦਿਹਾੜੇ ਚੌਧਰੀ ਬਰਕਤ ਦੀ ਸਵਾਣੀ ਨਾਲ ਡਰਦਿਆਂ ਡਰਦਿਆਂ ਸਾਰੀ ਗੱਲ ਕੀਤੀ। ਉਹ ਵਿਚਾਰੀ ਉਂਜ ਨਿਮਾਣੀ ਜਿਹੀ ਜਨਾਨੀ ਸੀ। ਇਹ ਗੱਲ ਸੁਣ ਕੇ ਰੋਣ ਲੱਗ ਪਈ। ਮੈਂ ਦਿਲ ਵਿਚ ਸੋਚਿਆ, "ਲੈ ਭਈ ਤੂੰ ਕਰ ਲੈ ਨਿਆਂ।" ਮਰ ਮਰ ਕੇ ਉਹਦੇ ਅੱਥਰੂ ਪੂੰਝੇ ਤੇ ਸਮਝਾਇਆ ਪਈ ਖ਼ਾਲੀ ਰੋਣ ਧੋਣ ਨਾਲ ਕੰਮ ਨਹੀਂ ਬਣੇਗਾ। ਅਗਲਿਆਂ ਦੀ ਇੱਜ਼ਤ ਗਈ ਏ। ਜੇ ਗੱਲ ਨਾ ਸੰਭਾਲੀ ਗਈ ਤਾਂ ਖ਼ੌਰੇ ਉਹ ਕੀ ਕਰ ਬੈਠਣ।

ਲਓ ਜੀ ਉਹ ਤੇ ਕੰਬਣ ਲੱਗ ਪਈ, ਉਸੇ ਵੇਲੇ ਚੌਧਰੀ ਬਰਕਤ ਅਲੀ ਵੀ ਘਰ ਆਣ ਵੜ੍ਹਿਆ।

"ਬਿਸਮਿੱਲਾ, ਮੇਰੀ ਭੈਣ ਆਈ ਏ। ਕੋਈ ਚਾਹ ਪਾਣੀ ਵੀ ਪੁੱਛਿਆ ਈ? ਭਲੀਏ ਲੋਕੇ ਯਾਂ ਗੱਲਾਂ ਈ ਪਈ ਕਰਨੀ ਏਂ।" ਉਹਨੇ ਹੱਸਦਿਆਂ ਹੱਸਦਿਆਂ ਅਪਣੀ

ਸਵਾਣੀ ਵੱਲ ਵੇਖਿਆ ਤੇ ਉਹਦੀਆਂ ਅੱਖਾਂ ਵਿਚ ਅੱਥਰੂ ਵੇਖ ਕੇ ਪਰੇਸ਼ਾਨ ਹੋ ਕੇ ਬੋਲਿਆ, "ਕੀ ਹੋਇਆ ਏ ? ਖ਼ੈਰ ਤਾਂ ਹੈ ਨਾ ਭੈਣ ਜੀ ?"

ਚੌਧਰੀ ਨੇ ਘਬਰਾ ਕੇ ਮੇਰੇ ਕੋਲੋਂ ਪੁੱਛਿਆ। ਮੈਂ ਚੁੱਪ ਰਹੀ ਪਰ ਉਹਦੀ ਸਵਾਣੀ ਭੁਸਕ ਪਈ ਤੇ ਰੋ-ਰੋ ਕੇ ਸਾਰੀ ਕਥਾ ਉਹਨੇ ਸੁਣਾਈ। ਗੱਲ ਸੁਣ ਕੇ ਚੌਧਰੀ ਦਾ ਹਾਲ ਉਹ ਹੋਇਆ ਜਿਵੇਂ ਕਿਸੇ ਸੁੱਕੀ ਮੁੱਠੀ ਵਿਚ ਬਲਦੀ ਤੀਲੀ ਸੁੱਟ ਦਿੱਤੀ ਹੋਵੇ।

"ਮੈਂ ਉਸ ਸੂਰ ਦੇ ਤੁਖ਼ਮ ਦੀਆਂ ਹੱਡੀਆਂ ਭੰਨ ਦਿਆਂਗਾ।" ਉਹ ਅੱਗ ਦਾ ਗੋਲਾ ਬਣਿਆ ਕੁੱਦ ਕੇ ਉੱਠਿਆ ਤਾਂ ਮੈਂ ਉਹਨੂੰ ਰੁਕਣ ਲਈ ਆਖਿਆ, "ਭਾ ਜੀ ਉਹਦੀਆਂ ਹੱਡੀਆਂ ਭੰਨਣ ਨਾਲ ਤਾਂ ਮੁਆਮਲਾ ਨਹੀਂ ਨਿਬੜ ਜਾਏਗਾ। ਜ਼ਰਾ ਆਰਾਮ ਨਾਲ ਬਹਿ ਕੇ ਸੋਚੋ ਬਈ ਹੁਣ ਕੀ ਕਰਨਾ ਚਾਹੀਦਾ ਏ।" ਏਨਾ ਆਖ ਕੇ ਮੈਂ ਆਪਣੇ ਘਰ ਟੁਰ ਆਈ।

ਮੁੜ ਕੋਈ ਘੰਟੇ ਪਿੱਛੋਂ ਫ਼ੋਨ ਦੀ ਘੰਟੀ ਵੱਜੀ। ਦੂਜੇ ਪਾਸੇ ਚੌਧਰੀ ਸੀ, "ਭੈਣ ਜੀ, ਇਹ ਤੁਹਾਡੀ ਕੰਮ ਵਾਲੀ, ਕੀ ਨਾਂ ਏ ਇਹਦਾ ?"

"ਜਮੀਲਾਂ।"

"ਹਾਂ ਜੀ, ਇਹ ਜਮੀਲਾਂ ਹੋਰੀ ਮੁਸਲਮਾਨ ਨੇਂ ?"

"ਜੀ ਆ, ਹੈ ਤੇ ਮੁਸਲਮਾਨ ਨੇਂ ਪਰ!" ਅੱਗੋਂ ਮੈਂ ਉਹਨੂੰ ਪੁੱਛ ਨਾ ਸਕੀ ਏਸ ਸਾਰੇ ਮੁਆਮਲੇ ਨਾਲ ਜਮੀਲਾਂ ਦੇ ਮਜ਼ਹਬ ਦਾ ਕੀ ਤਾਅੱਲੁਕ ਏ ? ਫ਼ੋਨ ਬੰਦ ਹੋ ਗਿਆ। ਅਗਲੇ ਦਿਹਾੜੇ ਸੁੱਤੇ ਸਵੇਲੇ ਚੌਧਰੀ ਤੇ ਉਹਦੀ ਸਵਾਣੀ ਮੇਰੇ ਘਰ ਬੈਠੇ ਸਨ। "ਮੈਂ ਸਿਕੰਦਰ ਨੂੰ ਬੜਾ ਮਾਰਿਆ ਏ। ਹਾਕੀ ਭੰਨ ਦਿੱਤੀ ਏ ਉਹਦੇ ਉੱਤੇ।" ਚੌਧਰੀ ਬਰਕਤ ਨੇ ਮੈਨੂੰ ਇਤਲਾਹ ਦਿੱਤੀ।

"ਫੇਰ ਤੁਸੀਂ ਉਹੋ ਈ ਗੱਲ ਕੀਤੀ। ਮੈਂ ਤੁਹਾਨੂੰ ਹੋੜਿਆ ਵੀ ਸੀ।" ਮੈਂ ਆਖਿਆ ਤੇ ਫੇਰ ਉਹਦੀ ਗੱਲ ਦੱਸਣ ਲਈ ਦੱਸਿਆ, "ਜਮੀਲਾਂ ਨੇ ਵੀ ਧੀ ਨੂੰ ਕੁੱਟ ਕੁੱਟ ਕੇ ਨੀਲਾ ਪੀਲਾ ਕਰ ਦਿੱਤਾ ਏ।"

"ਖ਼ੈਰ ਇਹ ਤੇ ਚੰਗਾ ਕੀਤਾ।" ਚੌਧਰੀ ਬੜੀ ਤਸੱਲੀ ਨਾਲ ਬੋਲਿਆ, "ਏਸ ਵੇਲੇ ਅਸੀਂ ਆਏ ਆਂ ਜੋ ਕੁਝ ਹੋਇਆ ਸੋ ਹੋਇਆ, ਮੁੰਡੇ ਦੀ ਕੀਤੀ ਦਾ ਉਪਾਅ ਏਹੋ ਈ ਏ ਪਈ ਕੁੜੀ ਨਾਲ ਉਹਦਾ ਨਿਕਾਹ ਪੜ੍ਹਾ ਦੇਈਏ।"

"ਜੀ ?" ਮੇਰਾ ਮੂੰਹ ਖੁੱਲ੍ਹਾ ਰਹਿ ਗਿਆ। ਚੌਧਰੀ ਦਾ ਮੁੰਡਾ ਚੰਗਾ ਮੂੰਹ ਮੱਥੇ ਲੱਗਦਾ ਸੀ ਤੇ ਕੁੜੀ ਵਿਚਾਰੀ ਨਿਰੀ ਬਖ਼ਸ਼ੀ ਹੋਈ ਸੀ। ਨਾਲੇ ਮੁੰਡਾ ਐਫ ਏ ਪਾਸ ਤੇ ਕੁੜੀ ਨੂੰ ਕਾਲੇ ਅੱਖਰਾਂ ਦੀ ਪਛਾਣ ਈ ਕੋਈ ਨਾ। ਮੈਂ ਇਹਨਾਂ ਸੋਚਾਂ ਵਿਚ ਗ਼ੋਤੇ ਖਾ ਰਹੀ ਸਾਂ ਜੇ ਚੌਧਰੀ ਫੇਰ ਬੋਲਿਆ, "ਤੁਸੀਂ ਮਿਹਰਬਾਨੀ ਕਰ ਕੇ ਕੁੜੀ ਦੀ ਮਾਂ ਨਾਲ ਗੱਲ ਕਰ ਲਓ। ਬਸ ਚੁੱਪ ਚੁਪੀਤਿਆਂ ਨਿਕਾਹ ਪੜ੍ਹਾ ਲਵਾਂਗੇ। ਚੰਗਾ ਹੁਣ ਅਸੀਂ ਚਲਣੇ ਆਂ।"

ਉਹ ਚਲੇ ਗਏ ਤੇ ਮੈਨੂੰ ਜਦੋਂ ਸਾਰੀ ਗੱਲ ਸਮਝ ਆਈ ਤਾਂ ਮੈਂ ਛੀਮੋ ਦੇ ਨਸੀਬਾਂ ਤੇ ਹੈਰਾਨ ਰਹਿ ਗਈ। ਝੁੱਗੀ ਵਰਗੇ ਮਕਾਨ ਵਿਚ ਨਿੱਕੀਆਂ-ਨਿੱਕੀਆਂ ਕੁਰਬਲ-ਕੁਰਬਲ



ਕਰਦੀਆਂ ਭੈਣਾਂ-ਭਰਾਵਾਂ ਵਿਚਕਾਰ ਰਹਿੰਦੀ ਛੀਮੋ ਕੱਲ੍ਹ ਮਹਿਲਾਂ ਦੀ ਰਾਣੀ ਬਣ ਜਾਵੇਗੀ। ਚੌਧਰੀ ਬਰਕਤ ਦਾ ਚੰਗਾ ਭਲਾ ਵੱਡਾ ਕਾਰੋਬਾਰ ਸੀ।

ਮੈਂ ਖ਼ੁਸ਼ ਹੋ ਕੇ ਜਮੀਲਾਂ ਨੂੰ ਬੁਲਾਇਆ, ਉਹ ਆਈ ਤਾਂ ਮੈਂ ਉਹਨੂੰ ਮੁਬਾਰਕਬਾਦ ਦੇਂਦਿਆਂ ਆਖਿਆ, "ਜਮੀਲਾਂ ਤੇਰੀ ਧੀ ਦੇ ਮੁਕੱਦਰ ਖੁੱਲ੍ਹ ਗਏ। ਏਡਾ ਚੰਗਾ ਘਰ ਲੱਭ ਰਹਿਆ ਸੂ।"

"ਬਾ ਜੀ ਮੈਂ ਸਮਝੀ ਨਹੀਂ।" ਜਮੀਲਾਂ ਨੇ ਹੈਰਾਨ ਹੋ ਕੇ ਪੁੱਛਿਆ।

"ਚੌਧਰੀ ਬਰਕਤ ਤੇ ਉਹਦੀ ਸਵਾਣੀ ਆਏ ਸਨ। ਉਹ ਕਹਿੰਦੇ ਨੇਂ ਪਈ ਗੱਲ ਦਾ ਉਪਾਅ ਇੰਜ ਈ ਹੋ ਸਕਦਾ ਏ ਜੇ ਮੁੰਡੇ ਕੁੜੀ ਦਾ ਨਿਕਾਹ ਪੜ੍ਹਾ ਦਿੱਤਾ ਜਾਵੇ।"

ਮੇਰਾ ਇਹ ਆਖਣਾ ਸੀ ਕਿ ਜਮੀਲਾਂ ਭੱਠੀ ਪਏ ਦਾਣੇ ਵਾਂਗੂੰ ਤਿੜਕ ਕੇ ਬੋਲੀ, "ਨਾ ਬਾ ਜੀ ਨਾ, ਅਸੀਂ ਜ਼ਾਤ ਬਰਾਦਰੀ ਤੋਂ ਬਾਹਰ ਰਿਸ਼ਤੇ ਨਹੀਂ ਕਰਦੇ। ਉਹਨਾਂ ਨੂੰ ਕਹਿਵੋ ਬਸ ਕੁੜੀ ਦਾ ਇਲਾਜ ਕਰਾ ਦੇਣ।" ਉਹ ਗੱਲ ਮੁਕਾ ਕੇ ਨਿਚਿੰਤ ਹੋ ਕੇ ਬਹਿ ਗਈ ਤੇ ਮੈਨੂੰ ਲੱਗਾ ਮੈਂ ਸੱਚਮੁੱਚ ਝੱਲੀ ਹੋ ਗਈਆਂ ਆਂ।

# ਲੂਹ

**—ਮਕਸੂਦ ਸਾਕਿਬ**

***(4-04-1954)***

ਸਵੇਰੇ ਸੁੱਤਾ ਉੱਠਿਆ ਤਾਂ ਚਿੜੀਆਂ ਚਰਕਣ ਲੱਗ ਪਈਆਂ ਹੋਈਆਂ ਸਨ ਤੇ ਧੁੱਪ ਮਮਟੀਓਂ ਲੱਥ ਆਈ ਸੀ।

ਚਿਰ ਹੋ ਗਿਆ ਏ ਅੱਜ ਦਫਤਰੋਂ। ਇਹ ਸੋਚ ਕੇ ਮੈਂ ਝੱਟ ਤਾਰ ਤੋਂ ਤੌਲੀਆ ਫੜ ਕੇ ਖੁਰੇ ਵਿੱਚ ਦੌੜ ਗਿਆ। ਸ਼ੀਸ਼ੇ ਅੱਗੇ ਮੂੰਹ ਤੇ ਹੱਥ ਫੇਰਿਆ। ਦਾੜ੍ਹੀ ਦੇ ਵਾਲ ਕੰਡਿਆਂ ਵਾਂਙੂੰ ਚੁਭੇ ਪਰ ਸ਼ੇਵ ਕਰਨ ਦਾ ਵੇਲਾ ਨਹੀਂ ਸੀ। ਜ਼ਰੀਨਾ ਤਿੰਨਾਂ ਬਾਲਾਂ ਨੂੰ ਲੈਕੇ ਕੱਲ੍ਹ ਦੀ ਪੇਕੇ ਗਈ ਹੋਈ ਸੀ। ਮੈਂ ਆਪ ਹੀ ਉਹਨੂੰ ਗੱਡੀ ਤੇ ਬਿਠਾਕੇ ਆਇਆ ਸਾਂ। ਹੁਣ ਨਾਸ਼ਤਾ ਵੀ ਮੈਂ ਆਪ ਹੀ ਬਣਾਵਣਾ ਸੀ ਆਪਣੇ ਲਈ। ਆਖਰ ਉਹਦੇ ਤੇ ਵੀ ਵੇਲਾ ਲੱਗਣਾ ਸੀ। ਭਾਵੇਂ ਡਬਲ ਰੋਟੀ ਮੈਂ ਰਾਤ ਦੀ ਲੈ ਆਂਦੀ ਸੀ, ਫਿਰ ਵੀ ਉਹਨੂੰ ਸੇਕਣਾ ਸੀ, ਆਂਡਾ ਫਰਾਈ ਕਰਨਾ ਸੀ ਤੇ ਚਾਹ ਦੀ ਇੱਕ ਪਿਆਲੀ ਬਣਾਵਣੀ ਸੀ। ਕੰਮ ਕੋਈ ਲੰਮਾ ਚੌੜਾ ਤੇ ਨਹੀਂ ਸੀ ਪਰ ਤੁਸੀਂ ਇਤਫ਼ਾਕ ਕਰੋਗੇ ਕਿ ਇਹ ਕੰਮ ਵੀ ਜੇ ਜ਼ਨਾਨੀਆਂ ਹੀ ਕਰਨ ਤਾਂ ਛੇਤੀ ਹੋਂਦਾ ਏ। ਬੰਦਿਆਂ ਨੂੰ ਕਰਨਾ ਪੈ ਜਾਵੇ ਤਾਂ ਉਹ ਏਹਨੂੰ ਵੀ ਪਹਾੜ ਬਣਾ ਦੇਂਦੇ ਨੇ ਤੇ ਮਿੰਟਾਂ ਦਾ ਕੰਮ ਘੰਟਿਆਂ 'ਚ ਕਰਕੇ ਪੰਜ ਮਾਰ ਬਣਦੇ ਨਹੀਂ ਥੱਕਦੇ।

ਸੋਚਿਆ ! ਇੱਕ ਦਿਨ ਦੀ ਸ਼ੇਵ ਨਾਲ ਕੁੱਝ ਨਹੀਂ ਹੋਣ ਲੱਗਾ। ਘੌਲ ਈ ਰਵ੍ਹੇਗੀ ਨਾ ਸਾਰਾ ਦਿਨ ਫੇਰ ਕਿਹੜੀ ਗੱਲ ਏ। ਭਲਕੇ ਵੇਲੇ ਸਿਰ ਉੱਠ ਪਾਵਾਂਗਾ। ਐਸ ਵੇਲੇ ਦੰਦਾਂ ਉੱਤੇ ਬੁਰਸ਼ ਈ ਕਰ ਲੈਨਾਂ ਛੇਤੀ ਨਾਲ।

ਮੁੱਕੀ ਹੋਈ ਟਿਊਬ ਵਿੱਚੋਂ ਥੋੜ੍ਹਾ ਘੁੱਟ ਨੱਪ ਕੇ ਥੋੜ੍ਹਾ ਜਿਹਾ ਸਿੱਥਾ ਕੱਢ ਕੇ ਬੁਰਸ਼ ਉੱਤੇ ਲਾਇਆ ਤੇ ਛੇਤੀ ਛੇਤੀ ਦੰਦ ਕੂਚਣ ਲੱਗ ਪਿਆ। ਨਾਲ ਹੀ ਕੇਤਲੀ ਵਿੱਚ ਪਾਣੀ ਪਾਕੇ ਚੁੱਲ੍ਹੇ ਉੱਤੇ ਵੀ ਰੱਖ ਆਇਆ। ਮੇਰੇ ਮੂੰਹ ਹੱਥ ਧੋਕੇ ਆਉਂਦਿਆਂ ਤੀਕਰ ਪਾਣੀ ਬੜ੍ਹਕਣ ਲੱਗ ਪਿਆ ਸੀ। ਉਹਨੂੰ ਛੇਤੀ ਨਾਲ ਚੇਂਕ ਵਿੱਚ ਪਾਕੇ ਉੱਤੇ ਟਿਕੋਜ਼ੀ ਦੇ ਦਿੱਤੀ ਤੇ ਤਵੇ ਉੱਤੇ ਘਿਓ ਸੱਟ ਕੇ ਆਂਡਾ ਫਰਾਈ ਕਰਨ ਲੱਗ ਪਿਆ। ਡਬਲ ਰੋਟੀ ਦੀਆਂ ਕੋਈ ਚਾਰ ਕੁ ਕਾਤਰਾਂ ਸੇਕ ਕੇ ਇੱਕ ਪਿਰਚ ਵਿੱਚ ਰੱਖੀਆਂ ਤੇ ਚੇਤੇ ਆਇਆ ਕਿ ਚੇਂਕ ਵਿੱਚ ਪੱਤੀ ਤਾਂ ਪਾਈ ਈ ਨਹੀਂ, ਨਾਲੇ ਦੁੱਧ ਵੀ ਗਰਮ ਕਰਨਾ ਏ।

ਚਲੋ ਲਾਅਨਤ ਪਾਓ ਚਾਹ ਉੱਤੇ ਦਫਤਰ ਚੱਲ ਕੇ ਪੀ ਲਾਂ ਗਾ। ਚਾਰੇ ਕਾਤਰਾਂ ਆਂਡੇ ਦੇ ਨਾਲ ਵਾਰੀ ਵਾਰੀ ਅੰਦਰ ਲੰਘਾਈਆਂ ਤੇ ਸਾਈਕਲ ਫੜ ਕੇ ਬਾਹਰ ਨਿਕਲ



ਆਇਆ। ਜਿੰਦਰਾ ਅੰਦਰ ਰਹਿ ਗਿਆ ਸੀ। ਸਾਈਕਲ ਸਟੈਂਡ ਤੇ ਕਰ ਕੇ ਨੱਸਾ ਨੱਸਾ ਅੰਦਰ ਗਿਆ ਤੇ ਜਿੰਦਰਾ ਲੈ ਕੇ ਆਇਆ। ਬੂਹਾ ਮਾਰ ਕੇ ਕੁੰਜੀ ਬੋਝੇ ਵਿੱਚ ਸੁੱਟੀ। ਘਰ ਮੈਥੋਂ ਅਟੰਕ ਹੋ ਗਿਆ।

ਦਫਤਰ ਨੂੰ ਜਾਂਦਾ ਉਹ ਰਾਹ ਜੀਹਦੇ ਤੇ ਪਿਛਲੇ ਪੰਦਰਾਂ ਵਰ੍ਹਿਆਂ ਤੋਂ ਰੋਜ਼ ਦਿਹਾੜੀ ਆ ਜਾ ਰਿਹਾ ਸਾਂ, ਮੇਰੇ ਸਾਈਕਲ ਦੇ ਟਾਇਰਾਂ ਨਾਲ ਹੌਲੀ ਹੌਲੀ ਪਿਛਾਂਹ ਤਿਲਕਦਾ ਜਾ ਰਿਹਾ ਸੀ ਤੇ ਮੈਂ ਬੜਾ ਸਵਾਦ ਲੈ ਕੇ ਪੈਡਲ ਮਾਰਦਾ ਟੁਰਿਆ ਜਾਂਦਾ ਪਿਆ ਸੀ।

ਹਸਪਤਾਲ ਦੇ ਬੂਹੇ ਕੋਲ ਈ ਅੱਪੜਿਆ ਸਾਂ ਕਿ ਹਸਪਤਾਲ ਦੇ ਅੰਦਰੋਂ ਇੱਕ ਐਂਬੁਲੈਂਸ ਨਿਕਲੀ ਮੱਥੇ ਉੱਤੇ ਲਾਲ ਬੱਤੀ ਜਗਾਂਦੀ ਬੁਝਾਂਦੀ, ਤੇ ਅਸਲੋਂ ਮੇਰੇ ਅੱਗੇ ਆ ਗਈ। ਅਚਨਚੇਤ ਮੇਰੇ ਹੱਥੋਂ ਸਾਈਕਲ ਦਾ ਹੈਂਡਲ ਇੱਕ ਪਾਸੇ ਮੁੜ ਗਿਆ ਤੇ ਮੈਂ ਮੋਟਰ ਹੇਠਾਂ ਆਵਣ ਦੇ ਡਰ ਤੋਂ ਸਹਿਮਿਆ ਆਪਣੇ ਰੋਜ਼ ਦੇ ਰਾਹੋਂ ਕੁਰਾਹੇ ਪੈ ਗਿਆ। ਮੇਰੀਆਂ ਅੱਖਾਂ ਅੱਗੇ ਅਜੇ ਤੀਕਰ ਐਂਬੁਲੈਂਸ ਦੀ ਰੱਤੀ ਲਾਟ ਛਪਾਕੇ ਪਈ ਮਾਰਦੀ ਸੀ ਤੇ ਮੈਂ ਕਿਸੇ ਹੋਰ ਪਾਸੇ ਨੂੰ ਮੁੜਿਆ ਟੁਰਿਆ ਜਾਂਦਾ ਸੀ।

ਹੌਲੀ ਹੌਲੀ ਸੁਰਤ ਟਿਕਾਣੇ ਹੋਈ ਤਾਂ ਪਤਾ ਲੱਗਾ ਕਿ ਕਣਕ ਮੰਡੀ ਨਿਕਲ ਆਇਆਂ। ਰੇਹੜਿਆਂ, ਟਰੈਕਟਰਾਂ, ਛੱਟਾਂ ਨਾਲ ਲੱਦੇ ਖੋਤਿਆਂ ਤੇ ਪੈਦਲ ਟੁਰੇ ਬੰਦਿਆਂ ਦੀ ਭੀੜ ਵਿੱਚ ਸਾਈਕਲ ਉੱਤੇ ਅੱਗੇ ਨਹੀਂ ਸੀ ਵਧਿਆ ਜਾ ਸਕਦਾ। ਮੈਂ ਥੱਲੇ ਉਤਰ ਪਿਆ ਤੇ ਸਾਈਕਲ ਨੂੰ ਹੈਂਡਲੋਂ ਫੜ ਕੇ ਰੇੜ੍ਹਨ ਲੱਗ ਪਿਆ। ਭੀੜ ਦਾ ਰੋੜ੍ਹਾ ਅੱਗੇ ਨੂੰ ਹੀ ਧੱਕੀ ਲਈ ਜਾਂਦਾ ਸੀ। ਸੱਜੇ ਖੱਬੇ ਨਿਕਲਣ ਦੀ ਕੋਈ ਗੁੰਜਾਇਸ਼ ਨਜ਼ਰ ਨਹੀਂ ਸੀ ਆਂਵਦੀ। ਸੋਚਿਆ ਜਿੱਥੇ ਕਿਤੇ ਕੋਈ ਖੱਪਾ ਲੱਭਾ ਰੋੜ੍ਹ ਵਿੱਚੋਂ ਨਿਕਲ ਜਾਵਾਂਗਾ। ਅਜੇ ਇੰਝੇ ਈ ਟੁਰਿਆ ਰਵ੍ਹਾਂ। ਤੇ ਫੇਰ ਖਬਰੇ ਕਿੰਨਾ ਚਿਰ ਘਪਾਪੇ ਖਾਂਦੇ ਸਾਈਕਲ ਧਿੱਕਦਾ ਟੁਰਿਆ ਗਿਆ।

ਅੱਗੇ ਨੂੰ ਵਧਦੀ ਭੀੜ ਮੁੱਕ ਗਈ ਸੀ ਜਾਂ ਮੈਂ ਉਹਨੂੰ ਪਿੱਛੇ ਛੱਡ ਆਇਆ ਸਾਂ। ਕੁੱਝ ਪਤਾ ਨਾ ਲੱਗਾ। ਛੇਤੀ ਨਾਲ ਸਾਈਕਲ ਉੱਤੇ ਚੜ੍ਹਨ ਲੱਗਾ ਤਾਂ ਇੱਕਦਮ ਖਲੋ ਗਿਆ। ਇੱਕ ਜਾਣੂੰ ਜਿਹੀ ਨੁਹਾਰ ਦਿੱਸੀ। ਬੋਰੀਆਂ ਦਾ ਪਹਾੜ ਲਈ ਆਉਂਦੀ ਰੇਹੜੀ ਅੱਗੇ ਜੁਤੀ। ਜਿਵੇਂ ਕੋਈ ਸੰਢਾ ਹੋਵੇ। ਨਾਸ੍ਹਾਂ ਤੇ ਮੂੰਹ ਵਿੱਚੋਂ ਤੱਤੇ ਹਵਾੜ੍ਹੇ ਛੋਡਦੀ ਹੋਈ ਹੌਲੀ ਹੌਲੀ ਅਗਾਂਹ ਨੂੰ ਖੁਰ ਟਿਕਾ ਕੇ ਰੇਹੜੀ ਧਰੂੰਹਦੀ। ਉਹ ਬੰਦਾ ਤੇ ਲੱਗਦਾ ਈ ਨਹੀਂ ਸੀ, ਉਹਦੀ ਧੌਣ ਫੁੱਲ ਕੇ ਮਸ਼ਕ ਵਰਗੀ ਹੋਈ ਪਈ ਸੀ ਤੇ ਡੌਲਿਆਂ ਦੀਆਂ ਮਛਲੀਆਂ ਫੜਕ ਕੇ ਬਾਹਰ ਨਿਕਲਣ ਨੂੰ ਕਾਹਲੀਆਂ ਪਈਆਂ ਹੋਈਆਂ ਸਨ। ਉਹਦਾ ਕਾਲੇ ਰੰਗ ਦਾ ਸਰੀਰ ਮੁੜ੍ਹਕੇ ਨਾਲ ਭਿੱਜਿਆ ਪਿਆ ਸੀ। ਮੈਂ ਉਹਦੀ ਪਛਾਣ ਈ ਪਿਆ ਕਰਦਾ ਸਾਂ ਕਿ ਓਸ ਰੇਹੜੀ ਨੂੰ ਥੋੜ੍ਹਾ ਜਿਹਾ ਅਗਾਂਹ ਖਿਸਕਾਂਦਿਆਂ ਮੇਰੇ ਵੱਲ ਦੇਖਿਆ। ਮੈਂ ਉਵੇਂ ਇੱਕ ਪਲ ਲਈ ਉਹਦੀਆਂ ਅੱਖਾਂ ਵਿੱਚ ਝਾਕਿਆ ਤੇ ਫੇਰ ਝੱਟ ਧਿਆਨ ਪਰ੍ਹਾਂ ਕਰ ਲਿਆ। ਪਰ ਉਹਦੀ ਤੱਕਣੀ ਨੇ ਪਿੰਘਲੇ ਹੋਏ ਲੋਹੇ ਦਾ ਕੋਈ ਵੱਡਾ ਸਾਰਾ ਡਲਾ ਮੇਰੀਆਂ ਅੱਖਾਂ ਥਾਣੀਓਂ ਮੇਰੇ ਅੰਦਰ ਲਾਹ ਦਿੱਤਾ। ਮੈਥੋਂ ਆਪਣਾ ਸਰੀਰ ਸਾਂਭਣਾ ਔਖਾ ਹੋ ਗਿਆ। ਜਿਵੇਂ ਪੈਰ ਈ ਜਵਾਬ ਦੇ ਗਏ ਸਨ ਮੇਰੇ। ਮੇਰਾ ਅੰਦਰ ਬਲਣ ਲੱਗ ਪਿਆ। ਮੈਨੂੰ ਤਰੇਲੀਆਂ ਆਵਣ

ਲੱਗ ਪਈਆਂ। ਉਹ ਬੋਰੀਆਂ ਦਾ ਪਹਾੜ ਧਰੂਹ ਕੇ ਮੇਰੇ ਅੱਗੋਂ ਲੰਘ ਗਿਆ ਸੀ। ਮੈਂ ਬੜਿਆਂ ਔਖਿਆਂ ਹੋ ਕੇ ਸਾਈਕਲ ਉੱਤੇ ਬੈਠਾ ਤੇ ਦਫਤਰ ਵੱਲ ਨੂੰ ਨਿਕਲ ਗਿਆ।

ਦਫਤਰ ਵੜ ਕੇ ਮੈਂ ਧੜੱਲ ਕਰਦਾ ਕੁਰਸੀ ਉੱਤੇ ਡਿੱਗ ਪਿਆ। ਮੇਰਾ ਸਿਰ ਜਿਵੇਂ ਉੱਡਦਾ ਜਾਂਦਾ ਸੀ। ਮੈਂ ਦੋਵਾਂ ਹੱਥਾਂ ਨਾਲ ਸਿਰ ਫੜਿਆ ਤੇ ਮੇਜ਼ ਉੱਤੇ ਉੱਲਰ ਗਿਆ।

ਮੇਰੇ ਆਲੇ ਦੁਆਲੇ ਰੈਕਾਂ ਅਲਮਾਰੀਆਂ ਵਿੱਚ ਲੱਗੀਆਂ ਸਟੇਲਮੈਂਟ ਦੀਆਂ ਫਾਈਲਾਂ ਮੈਨੂੰ ਨਿੱਸਲ ਹੋਇਆ ਦੇਖ ਕੇ ਸ਼ੇਰ ਹੋ ਗਈਆਂ। ਪਹਿਲੀ ਵਾਰ ਪਤਾ ਲੱਗਾ ਇਨ੍ਹਾਂ ਖੱਟੇ ਰੰਗ ਦੇ ਕਾਗਤਾਂ ਆਲੀਆਂ ਫਾਈਲਾਂ ਦੀਆਂ ਜੀਭਾਂ ਵੀ ਹੈ ਸਨ। ਗਿੱਠ ਗਿੱਠ ਲੰਮੀਆਂ ਜੀਭਾਂ ਜਿਨ੍ਹਾਂ ਨਾਲ ਇਹ ਮੇਰੇ ਬਾਰੇ ਇੱਕ ਦੂਜੀ ਨਾਲ ਗੱਲਾਂ ਕਰਕੇ ਹੱਸਦੀਆਂ ਪਈਆਂ ਸਨ।

ਮੈਂ ਆਪਣੇ ਅੱਗੇ ਵਿਛੇ ਮੇਜ਼ ਦੀ ਕੰਨੀ ਫੜ ਲਈ ਕਿਉਂਜੋ ਮੈਨੂੰ ਹੁਲਾਰਾ ਜਿਹਾ ਆਂਵਦਾ ਜਾਪਦਾ ਸੀ। ਥੋੜ੍ਹਾ ਸਾਹ ਪਿਆ ਤਾਂ ਅੱਖਾਂ ਖੋਲ੍ਹ ਕੇ ਦੇਖਦਿਆਂ ਇੱਕ ਵੱਡਾ ਸਾਰਾ ਸੰਢਾ ਬਣ ਗਿਆ ਜੀਹਦੀਆਂ ਨਾਸ੍ਹਾਂ ਰੱਤੀਆਂ ਤੇ ਅੱਖਾਂ ਵਿੱਚੋਂ ਅੱਗ ਪਈ ਨਿਕਲਦੀ ਸੀ। ਸੰਢਾ ਮੇਰੇ ਵੱਲ ਦੇਖਦਾ ਖੌਰੂ ਪਿਆ ਪੱਟਦਾ ਸੀ। ਫੇਰ ਉਹ ਇੱਕੋ ਵਾਰੀ ਆਪਣੀ ਥਾਓਂ ਤੀਰ ਵਾਂਙੂੰ ਉੱਡਿਆ ਤੇ ਮੇਰੇ ਮੂੰਹ ਨਾਲ ਵੱਜ ਕੇ ਗਵਾਚ ਗਿਆ। ਮੈਨੂੰ ਲੱਗਾ ਜਿਵੇਂ ਹਵਾ ਦਾ ਕੋਈ ਭਾਰਾ ਬੁੱਲਾ ਆਣ ਵੱਜਿਆ ਹੋਵੇ।

ਮੇਰੇ ਸਾਹਾਂ ਵਿੱਚ ਪੰਘਰੇ ਹੋਏ ਲੋਹੇ ਦੀ ਲੂਹ ਵਧ ਗਈ। ਫਾਈਲਾਂ ਚਾਮਚੜਿੱਕਾਂ ਵਾਂਙੂੰ ਰੌਲਾ ਪਾਣ ਲੱਗ ਪਈਆਂ।

ਮੇਰਾ ਮੂੰਹ ਸੁੱਕਦਾ ਜਾਂਵਦਾ ਤੇ ਲੂਅ ਵਧਦੀ ਜਾਂਦੀ ਸੀ।

'ਸਰ ਕੀ ਗੱਲ ਏ ਤੁਹਾਡੀ ਤਬੀਅਤ ਤਾਂ ਠੀਕ ਏ ?'

ਮੈਂ ਆਪਣੇ ਚਪੜਾਸੀ ਰੱਖੇ ਦੀ ਆਵਾਜ਼ ਪਛਾਣ ਲਈ ਤੇ ਉਹਨੂੰ ਪਾਣੀ ਦਾ ਗਲਾਸ ਲਿਆਵਣ ਦੀ ਸੈਨਤ ਕੀਤੀ।

ਉਹ ਨੱਸਾ ਨੱਸਾ ਗਿਆ ਤੇ ਠੰਡੇ ਪਾਣੀ ਦਾ ਜੱਗ ਗਲਾਸ ਫੜ ਲਿਆਇਆ।

ਚੇਤੇ ਨਹੀਂ ਮੈਂ ਪਾਣੀ ਦੇ ਕਿੰਨੇ ਗਲਾਸ ਪੀ ਗਿਆ। ਉਹ ਪਾਣੀ ਦਾ ਜੱਗ ਹੋਰ ਭਰ ਕੇ ਲੈ ਆਇਆ।

ਪਰ ਮੇਰੇ ਅੰਦਰ ਪੰਘਰਿਆ ਹੋਇਆ ਲੋਹਾ ਓਸੇ ਤਰ੍ਹਾਂ ਸਾੜ ਪਿਆ ਘੱਤਦਾ ਸੀ।

'ਸਾਹਬ ਹੋਇਆ ਕੀ ਏ ? ਤੁਹਾਡੀ ਤਬੀਅਤ ਤੇ ਚੋਖੀ ਈ ਖਰਾਬ ਜਾਪਦੀ ਏ।' ਰੱਖਾ ਮੈਨੂੰ ਫੇਰ ਪੁੱਛਦਾ ਪਿਆ ਸੀ।

"ਰੱਖਿਆ ਇੱਕ ਕੰਮ ਕਰ -ਇਹ ਜਿੰਨੀਆਂ ਫਾਈਲਾਂ ਪਈਆਂ ਨੇ ਅਲਮਾਰੀਆਂ ਰੈਕਾਂ ਵਿੱਚ ਏਹਨਾਂ ਨੂੰ ਅੱਗ ਲਾ ਦੇ-ਸੁਆਹ ਕਰ ਦੇ ਇਨ੍ਹਾਂ ਨੂੰ ।"

ਮੈਂ ਖਬਰੇ ਸ਼ੁਦਾਈਆਂ ਵਾਂਙੂੰ ਆਪਣੀ ਥਾਉਂ ਉੱਠ ਖਲੋਤਾ ਸਾਂ ਜਿਹੜਾ ਰੱਖੇ ਨੇ ਮੈਨੂੰ ਫੜ ਲਿਆ ।

"ਸਾਹਬ ਇਹ ਤੇ ਸਰਕਾਰੀ ਰਿਕਾਰਡ ਏ। ਇਹਦੇ ਵਿੱਚੋਂ ਤੇ ਇੱਕ ਕਾਗਤ ਨਹੀਂ ਹਿਲਾਇਆ ਜਾ ਸਕਦਾ, ਤੁਸੀਂ ਅੱਗ ਲਾਉਣ ਵਾਸਤੇ ਆਖਦੇ ਓ। "

"ਇਹ ਸਰਕਾਰੀ ਕਾਗਤ ਨਹੀਂ ਮੇਰੇ ਆਪਣੇ ਹੱਥ ਦੇ ਲਿਖੇ ਹੋਏ ਕਾਗਤ ਨੇ-



ਤੂੰ ਏਹਨਾਂ ਨੂੰ ਸਰਕਾਰੀ ਆਖਦਾ ਪਿਆ ਏਂ। ਇਹ ਸਰਕਾਰੀ ਨੇ ਇਨ੍ਹਾਂ ਉੱਤੇ ਮੇਰਾ ਕੋਈ ਵਸ ਨਹੀਂ।"

ਮੈਂ ਉਹਦੇ ਤੇ ਆਪਣੇ ਆਪ ਨਾਲ ਜਿਵੇਂ ਇੱਕੋ ਵੇਲੇ ਸਾਂਝੀ ਗੱਲ ਪਿਆ ਕਰਦਾ ਸਾਂ।

"ਆਹੋ ਸਾਹਬ ਜੀ ਤੁਸੀਂ ਵੀ ਭਾਵੇਂ ਸਾਹਬ ਓ ਪਰ ਹੈ ਤੇ ਸਰਕਾਰੀ ਨੌਕਰ ਈ ਓ।"

ਰੱਖਾ ਪਤਾ ਨਹੀਂ ਕਿੱਥੋ ਪਿਆ ਬੋਲਦਾ ਸੀ।

"ਅੱਜ ਕੀ ਹੋ ਗਿਆ ਏ ਸਾਹਬ ਤੁਹਾਨੂੰ ? ਤੁਸੀਂ ਤੇ ਕਦੀ ਕੰਮ ਕਰਦੇ ਨਹੀਂ ਸੋ ਥੱਕਦੇ । ਕਿੰਨੀ ਮਿਹਨਤ ਕੀਤੀ ਹੋਈ ਏ ਤੁਸਾਂ ਏਹਨਾਂ ਫਾਈਲਾਂ ਦੇ ਢਿੱਡ ਭਰਨ ਉੱਤੇ। ਅੱਜ ਏਹਨਾਂ ਨੂੰ ਹੀ ਅੱਗ ਲਾਵਣ ਦੀਆਂ ਗੱਲਾਂ ਪਏ ਓ, ਹੋਇਆ ਕੀ ਏ ?"

"ਰੱਖਿਆ ਮੈਨੂੰ ਪਾਣੀ ਪਿਆ, ਮੇਰੇ ਅੰਦਰ ਦੀ ਲੂਅ ਨਹੀਂ ਪਈ ਜਾਂਦੀ। ਤੂੰ ਪਾਣੀ ਪਿਆ ਮੈਨੂੰ ਤੇ ਬਹੁਤੀਆਂ ਗੱਲਾਂ ਨਾ ਕਰ।"

ਪਤਾ ਨਹੀਂ ਫੇਰ ਮੈਂ ਹੋਰ ਕਿੰਨਾ ਪਾਣੀ ਪੀ ਗਿਆ ਸੀ। ਰੱਖਾ ਫਿਰ ਜੱਗ ਭਰਨ ਟੁਰ ਗਿਆ।

ਮੈਂ ਦੋਵਾਂ ਹੱਥਾਂ ਨਾਲ ਆਪਣਾ ਸਿਰ ਫੜ ਕੇ ਬਹਿ ਗਿਆ । ਚਾਮਚੜਿੱਕਾਂ ਮੇਰੇ ਕੰਨਾਂ ਵਿੱਚ ਫੇਰ ਖੱਪ ਪਾਉਣ ਲੱਗ ਪਈਆਂ। ਉਹ ਉੰਝੇ ਬੋਰੀਆਂ ਦਾ ਪਹਾੜ ਧਰੂੰਹਦਾ ਟੁਰਿਆ ਆ ਰਿਹਾ ਸੀ। ਮੂੰਹ ਤੇ ਨਾਸ੍ਹਾਂ ਵਿੱਚੋਂ ਤੱਤੇ ਹਵਾੜੇ ਕੱਢਦਾ। ਹੌਲੀ ਹੌਲੀ ਖੁਰ ਟਿਕਾਂਦਾ। ਉਹਦੀ ਧੌਣ ਮਸ਼ਕ ਵਾਂਙੂੰ ਫੈਲੀ ਹੋਈ ਤੇ ਡੌਲਿਆਂ ਦੀਆਂ ਫੜਕ ਕੇ ਬਾਹਰ ਆਵਣ ਨੂੰ ਪਈਆਂ ਕਰਦੀਆਂ ਸਨ। ਮੈਂ ਉਹਦੇ ਵੱਲ ਸਹਿਮੀਆਂ ਅੱਖਾਂ ਨਾਲ ਦੇਖਦਾ ਪਿਆ ਸਾਂ ਚੁੱਪ ਚਾਂ ਸਾਹ ਡੱਕ ਕੇ । ਬਸ ਉਹ ਮੇਰੇ ਵੱਲ ਦੇਖਣ ਈ ਵਾਲਾ ਸੀ ਕਿ ਮੈਂ ਆਪਣੀ ਥਾਓਂ ਉੱਠ ਖਲੋਤਾ ਤੇ ਬਾਹਰ ਨੂੰ ਨੱਸ ਗਿਆ। ਸਟੇਲਮੈਂਟ ਦੀਆਂ ਫਾਈਲਾਂ ਵਾਜਾਂ ਪਈਆਂ ਮਾਰਦੀਆਂ ਸਨ, ਮੁੜ ਕੇ ਮੈਂ ਉਨ੍ਹਾਂ ਵੱਲ ਨਾ ਦੇਖਿਆ। ਜੇ ਦੇਖ ਲੈਂਦਾ ਤਾਂ ਪੱਥਰ ਦਾ ਹੋ ਜਾਣਾ ਸੀ।

# ਬੱਜਲ

**—ਜਮੀਲ ਅਹਮਦ ਪਾਲ**

***(21-03-1958)***

ਸਟੈਨਫ਼ਰਡ ਸਕੂਲ ਦਾ ਮਾਹੌਲ ਬੜਾ ਅਜੀਬ ਤੇ ਡਰਾਉਣਾ ਸੀ। ਘੱਟੋ-ਘੱਟ ਕੁਨੇਲ ਨੂੰ ਪਹਿਲੇ ਦਿਨ ਇੰਜੇ ਦਾ ਜਾਪਿਆ। ਸਰਕਾਰੀ ਨੌਕਰੀ ਦਾ ਮਿਲਣਾ ਉਹ ਬੜੀ ਵੱਡੀ ਨਿਆਮਤ ਸਮਝ ਰਿਹਾ ਸੀ ਤੇ ਉਹਦੀ ਸੋਚ ਸੀ ਕਿ ਭਾਵੇਂ ਇਹ ਸੱਤਵੇਂ ਗਰੇਡ ਦੀ ਨੌਕਰੀ ਹੈ, ਪਰ ਫ਼ਾਕੇ ਦੇ ਜੀਵਨ ਤੋਂ ਤਾਂ ਛੁੱਟਕਾਰਾ ਹੋਇਆ। ਭਾਵੇਂ ਉਹ ਕਾਫ਼ੀ ਪੜ੍ਹਿਆ ਲਿਖਿਆ ਹੈ ਤੇ ਇਹ ਨੌਕਰੀ ਉਹਦੀ ਤਾਅਲੀਮ ਦੇ ਮਿਆਰ ਦੀ ਨਹੀਂ ਪਰ ਫਿਰ ਵੀ ਕੁਝ ਨਾ ਹੋਣ ਨਾਲੋਂ ਕੁਝ ਹੋਣਾ ਬਿਹਤਰ ਹੈ।

ਫ਼ਾਕੇ ਭਰਿਆ ਜੀਵਨ ਹੰਡਾਨ ਦਾ ਕੁਨੇਲ ਨੂੰ ਚੰਗਾ ਤਜੁਰਬਾ ਸੀ। ਕਿਸੇ ਜ਼ਮਾਨੇ ਵਿੱਚ ਉਹਦਾ ਖ਼ਿਆਲ ਹੁੰਦਾ ਸੀ ਕਿ ਕੱਲਮ ਕੱਲੀ ਜਾਨ ਨੂੰ ਕੋਈ ਰੋਗ ਨਹੀਂ ਹੁੰਦਾ। ਮਾਂ-ਪਿਓ ਦਾ ਉਹ ਕੱਲਾ ਕਾਰਾ ਪੁੱਤਰ ਸੀ ਤੇ ਮਾਂ-ਪਿਓ ਨਾਲੋਂ ਰਾਬਤਾ ਟੁੱਟਿਆਂ ਉਹਨੂੰ ਕਈ ਵਰ੍ਹੇ ਹੋ ਗਏ ਸਨ। ਖ਼ੌਰੇ ਕਿਹੜੇ ਹਾਲ ਵਿੱਚ ਹੋਣਗੇ ਉਹ। ਕਦੀ ਕਦੀ ਕੁਨੇਲ ਸੋਚਦਾ। ਇਹ ਵੀ ਹੋ ਸਕਦਾ ਹੈ ਕਿ ਉਹ ਦੋਵੇਂ ਯਾਂ ਉਹਨਾਂ ਵਿੱਚੋਂ ਕੋਈ ਇੱਕ ਉਹਨੂੰ ਉਡੀਕਦਾ ਉਡੀਕਦਾ ਰੱਬ ਨੂੰ ਪਿਆਰਾ ਹੀ ਹੋ ਗਿਆ ਹੋਵੇ ਪਰ ਇੰਜ ਦੀਆਂ ਗੱਲਾਂ ਸੋਚਣ ਦਾ ਕੋਈ ਫ਼ਾਇਦਾ ਨਹੀਂ ਸੀ। ਜਿਹੜੇ ਹਾਲਾਂ ਵਿੱਚ ਕੁਨੇਲ ਪਿਛਲੇ ਦਿਨੀਂ ਰਹਿੰਦਾ ਰਿਹਾ ਸੀ, ਜੇ ਉਹਦੇ ਮਾਪਿਆਂ ਨੂੰ ਪਤਾ ਲੱਗ ਜਾਂਦਾ ਤਾਂ ਉਹਨਾਂ ਨੇ ਉਂਜ ਹੀ ਦੁੱਖ ਤੇ ਗ਼ਮ ਨਾਲ ਜਹਾਨ ਛੱਡ ਜਾਣਾ ਸੀ।

ਅਸਲੋਂ ਉਹ ਆਪਣਾ ਸ਼ਹਿਰ ਛੱਡ ਕੇ ਇਸ ਵੱਡੇ ਸ਼ਹਿਰ ਮੌਕੇ ਤੇ ਤਾਅਲੀਮ ਦੀ ਤਲਾਸ਼ ਵਿੱਚ ਆਇਆ ਸੀ। ਸ਼ੁਰੂ ਸ਼ੁਰੂ ਵਿੱਚ, ਜਿਵੇਂ ਕਿ ਹੁੰਦਾ ਹੈ, ਉਹਦਾ ਖ਼ਰਚਾ ਪਿਓ ਵੱਲੋਂ ਆਉਂਦਾ ਰਿਹਾ। ਕੁਨੇਲ ਵੀ ਮਹੀਨੇ ਦੂੰਹ ਮਹੀਨੇ ਪਿੱਛੋਂ ਜਾ ਕੇ ਮਾਪਿਆਂ ਨੂੰ ਮਿਲ ਆਉਂਦਾ। ਫਿਰ ਹੌਲੇ ਹੌਲੇ ਉਹਦਾ ਜਾਣਾ ਘੱਟ ਹੁੰਦਾ ਗਿਆ। ਔਖੇ ਸੌਖੇ ਉਹਨੇ ਐੱਮ. ਏ. ਕਰ ਲਿਆ ਸੀ ਤੇ ਓਧਰ ਪਿਓ ਵੱਲੋਂ ਪੈਸੇ ਆਵਣੇ ਬੰਦ ਹੋ ਗਏ ਸਨ। ਐਮ. ਏ. ਦੀ ਡਿਗਰੀ ਲੈ ਕੇ ਜਦੋਂ ਕੁਨੇਲ ਵਾਪਸ ਮਾਪਿਆਂ ਵੱਲ ਗਿਆ ਤਾਂ ਉਹਨੂੰ ਇਹਸਾਸ ਹੋਇਆ ਕਿ ਬੁੱਢੇ ਪਿਓ ਨੂੰ ਆਪਣਾ ਭਾਰ ਹੋਰ ਚੁਕਾਣਾ ਕੋਈ ਇਨਸਾਨੀਅਤ ਨਹੀਂ। ਜ਼ਿੱਦੀ ਉਹ



ਸ਼ੁਰੂ ਤੋਂ ਹੈ ਸੀ। ਫ਼ੈਸਲਾ ਕਰ ਕੇ ਵਾਪਸ ਪਰਤਿਆ ਤੇ ਫਿਰ ਕਦੀ ਮਾਪਿਆਂ ਨੂੰ ਮਿਲਣ ਨਾ ਗਿਆ। ਅਸਲੋਂ ਉਹਨੇ ਇਹ ਸੋਚਿਆ ਸੀ ਕਿ ਜਦੋਂ ਤੀਕਰ ਆਪਣਾ ਕਮਾਣ-ਖਾਣ ਜੋਗਾ ਨਾ ਹੋਵੇਗਾ, ਮਾਪਿਆਂ ਨੂੰ ਨਹੀਂ ਮਿਲੇਗਾ। ਇਹ ਜ਼ਿੱਦ ਉਹਨੂੰ ਮਹਿੰਗੀ ਪਈ। ਸ਼ੁਰੂ ਸ਼ੁਰੂ ਵਿੱਚ ਉਹਦੇ ਕੋਲ ਥੋੜ੍ਹੇ ਬਹੁਤ ਪੈਸੇ ਹੈ ਸਨ। ਬੜੀ ਤੰਗੀ ਤੁਰਸ਼ੀ ਨਾਲ ਗੁਜ਼ਾਰਾ ਕਰ ਕੇ ਵੇਲਾ ਟਪਾਂਦਾ ਰਿਹਾ। ਜਦੋਂ ਪੈਸੇ ਮੁੱਕ ਗਏ ਤਾਂ ਉਹਨਾਂ ਦੋ ਚਾਰ ਦੋਸਤਾਂ ਦੀ ਵਾਰੀ ਆਈ ਜਿਹੜੇ ਪੜ੍ਹਾਈ ਸਮੇਂ ਹੋਸਟਲ ਵਿੱਚ ਉਹਦੇ ਵਾਕਫ਼ ਬਣ ਗਏ ਸਨ। ਕਦੀ ਇੱਕ ਨੂੰ ਠੱਗ, ਕਦੀ ਦੂਜੇ ਨੂੰ। ਇੰਜ ਜ਼ਿੰਦਗੀ ਚੱਲਣ ਲੱਗੀ। ਨਾਲ ਨਾਲ ਨੌਕਰੀ ਦੀ ਤਲਾਸ਼ ਵੀ ਜਾਰੀ ਰਹੀ। ਯਾਰਾਂ ਬੇਲੀਆਂ ਨੇ ਉਹਦੇ ਨਾਲ ਹਮਦਰਦੀ ਕਰਦਿਆਂ ਹੋਇਆਂ ਇੱਕ ਦੋ ਥਾਂ ਪਰਾਈਵੇਟ ਫ਼ਰਮਾਂ ਵਿੱਚ ਨੌਕਰੀ ਲਵਾਇਆ ਵੀ ਤਾਂ ਇਹ ਸਿਲਸਲਾ ਮਹੀਨੇ ਦੋ ਮਹੀਨੇ ਤੋਂ ਵੱਧ ਨਾ ਚਲ ਸਕਿਆ। ਉਹਦੇ ਰਾਹ ਦੀ ਸਭ ਤੋਂ ਵੱਡੀ ਰੁਕਾਵਟ ਉਹਦੀ ਈਮਾਨਦਾਰੀ ਸੀ। ਇਸੇ ਈਮਾਨਦਾਰੀ ਪਾਰੋਂ ਕਈ ਵਾਰ ਉਹਨੂੰ ਫ਼ਾਕੇ ਕੱਟਣੇ ਪਏ ਤੇ ਇੱਕ ਵੇਲਾ ਉਹ ਵੀ ਆਇਆ ਜਦੋਂ ਉਹਦੀ ਬਸ ਹੋ ਗਈ। ਉਹਨੇ ਸੋਚ ਲਿਆ ਕਿ ਆਪਣੀ ਜ਼ਿੰਦਗੀ ਨੂੰ ਆਪ ਮੁਕਾ ਦੇਣਾ ਹੀ ਬਿਹਤਰ ਹੈ। ਜਿਸ ਅੰਦਾਜ਼ ਦਾ ਜੀਵਨ ਉਹ ਗੁਜ਼ਾਰ ਰਿਹਾ ਹੈ, ਉਹਦੇ ਨਾਲੋਂ ਮੌਤ ਹੀ ਚੰਗੀ। ਪਰ ਉਹ ਮਰ ਵੀ ਨਾ ਸਕਿਆ ਕਿ ਇਨਸਾਨ ਇਸ ਕਾਇਨਾਤ ਦੀ ਸਭ ਤੋਂ ਢੀਠ ਸ਼ੈ ਹੈ।

ਪਿਛਲੇ ਦੋ ਮਹੀਨੇ ਤੋਂ ਉਹ ਮਨਸੂਰ ਕੋਲ ਜਾ ਰਿਹਾ ਸੀ। ਮਨਸੂਰ ਨਾਲ ਉਹਦਾ ਸੰਗ ਪੜ੍ਹਾਈ ਸਮੇਂ ਬਣਿਆ ਸੀ। ਪੜ੍ਹਾਈ ਸਮੇਂ ਕੁਨੇਲ ਨੇ ਮਨਸੂਰ ਨਾਲ ਸੱਜਣਾਈ ਕੀਤੀ ਸੀ ਤੇ ਉਹਦਾ ਥੀਸਸ ਲਿਖਣ ਵਿੱਚ ਉਹਦੀ ਇਸ ਅੰਦਾਜ਼ ਨਾਲ ਮਦਦ ਕੀਤੀ ਸੀ ਜਿਵੇਂ ਸਾਰੇ ਦਾ ਸਾਰਾ ਥੀਸਸ ਆਪਣੇ ਹੱਥੀਂ ਹੀ ਲਿਖਿਆ ਹੋਵੇ। ਇਸ ਪਾਰੋਂ ਮਨਸੂਰ ਉਹਦਾ ਕਾਫ਼ੀ ਇਹਸਾਨਮੰਦ ਸੀ ਪਰ ਪੜ੍ਹਾਈ ਮੁੱਕਣ ਮਗਰੋਂ ਦੋਵੇਂ ਕਦੀ ਨਹੀਂ ਸਨ ਮਿਲੇ। ਸਬਬ ਨਾਲ ਇੱਕ ਦਿਨ ਰਾਹ ਜਾਂਦਿਆਂ ਦੋਹਾਂ ਦੀ ਮੁਲਾਕਾਤ ਹੋ ਗਈ। ਮਨਸੂਰ ਦਾ ਤਅੱਲੁਕ ਬਹੁਤੇ ਖਾਂਦੇ-ਪੀਂਦੇ ਪਰਿਵਾਰ ਨਾਲ ਨਾ ਸਹੀ, ਪਰ ਅਜਿਹਾ ਜ਼ਰੂਰ ਸੀ ਕਿ ਉਹਦੇ ਘਰ ਵਿੱਚ ਨੌਕਰ ਦੇ ਰਹਿਣ ਵਾਸਤੇ ਇੱਕ ਵੱਖਰਾ ਕਮਰਾ ਬਣਿਆ ਹੋਇਆ ਸੀ। ਇਸ ਕਮਰੇ ਦਾ ਬੂਹਾ ਬਾਹਰ ਗਲੀ ਵਿੱਚ ਸੀ, ਨਾਲ ਹੀ ਨਿੱਕਾ ਜਿਹਾ ਬੈਤੁਲਖ਼ਲਾ ਸੀ ਤੇ ਇੰਜ ਇਹ ਕਮਰਾ ਹਰ ਲਿਹਾਜ਼ ਨਾਲ ਵੱਖਰਾ ਸੀ। ਉਹਨੀਂ ਦਿਨੀਂ ਮਨਸੂਰ ਹੋਰਾਂ ਦੇ ਘਰ ਕੋਈ ਵੀ ਨੌਕਰ ਨਹੀਂ ਸੀ ਇਸ ਲਈ ਮਨਸੂਰ ਨੇ ਕੁਨੇਲ ਨੂੰ ਇਸ ਕਮਰੇ ਵਿੱਚ ਠਹਿਰਣ ਦੀ ਪੇਸ਼ਕਸ਼ ਕੀਤੀ ਜੋ ਕੁਨੇਲ ਨੇ ਤੁਰੰਤ ਮਨਜ਼ੂਰ ਕਰ ਲਈ। ਬਾਕੀ ਖਾਣ-ਪੀਣ ਦਾ ਮਸਲਾ ਕੁਨੇਲ ਦਾ ਆਪਣਾ ਸੀ। ਇੱਕ ਵਾਰ ਇੱਕ ਰਿਸਾਲੇ ਵਿੱਚ ਪਰੂਫ਼ ਰੀਡਿੰਗ ਦਾ ਕੰਮ ਕਰ ਕੇ ਉਹਨੇ ਕੁਝ ਕਮਾ ਲਏ। ਇੱਕ ਵਾਰ ਕੁਝ ਤਰਜਮੇ ਦਾ ਕੰਮ ਮਿਲ ਗਿਆ। ਇਮਤਿਹਾਨ ਨੇੜੇ ਆਇਆ ਤਾਂ ਦੋ ਮਹੀਨੇ ਲਈ ਇੱਕ ਟਿਊਸ਼ਨ ਵੀ ਮਿਲੀ ਪਰ ਇਹ ਸਭ ਕੁਝ ਇੰਨਾ ਨਹੀਂ ਸੀ ਕਿ ਦੋ ਡੰਗ ਦੀ ਰੋਟੀ ਖਾ ਕੇ ਕੁਨੇਲ ਕੋਲ ਮਾਪਿਆਂ ਨੂੰ ਮਿਲਣ ਜਾਣ ਦਾ ਕਰਾਇਆ ਹੀ ਬੱਚਾ ਸਕਦਾ।

ਇੰਨੇ ਮਾੜੇ ਹਾਲਾਤ ਵਿੱਚ ਜਦੋਂ ਸਟੈਨਫ਼ਰਡ ਸਕੂਲ ਵਿੱਚ ਨੌਕਰੀ ਮਿਲੀ ਤਾਂ ਉਹਨੂੰ ਲੱਗਾ ਜਿਵੇਂ ਉਹਨੂੰ ਜੰਨਤ ਜਾਣ ਦਾ ਟਿਕਟ ਮਿਲ ਗਿਆ ਹੋਵੇ। ਮਨਸੂਰ ਨੇ ਆਪਣੇ ਪਿਓ ਦੇ ਅਸਰ ਰਸੂਖ਼ ਨਾਲ ਕੁਨੇਲ ਨੂੰ ਇਹ ਮੁਲਾਜ਼ਮਤ ਦਵਾ ਕੇ ਉਹਦੇ ਇਹਸਾਨ ਦਾ ਬਦਲਾ ਲਾਹ ਦਿੱਤਾ ਸੀ। ਸਕੂਲ ਮਾਸਟਰੀ, ਜਿਵੇਂ ਵੀ ਸੀ, ਕੁਨੇਲ ਦੇ ਸੁਫ਼ਨਿਆਂ ਦੀ ਪੂਰਤੀ ਸੀ। ਮੁਨਾਸਬ ਤਨਖ਼ਾਹ ਮਿਲਣ ਨਾਲ ਉਹ ਆਪਣੇ ਬਹੁਤ ਸਾਰੇ ਸੁਫ਼ਨੇ ਪੂਰੇ ਕਰ ਸਕੇਗਾ। ਠੀਕ ਹੈ ਕਿ ਨੌਕਰੀ ਤਾਅਲੀਮ ਦੇ ਲਿਹਾਜ਼ ਨਾਲ ਮੁਨਾਸਬ ਨਹੀਂ ਪਰ ਇੱਕ ਤਹਫ਼ੁੱਜ਼ ਤਾਂ ਹੈ। ਭੁੱਖੇ ਮਰਨ ਤੋਂ ਤਾਂ ਬਚਾਅ ਹੋਇਆ। ਉਹ ਇਹ ਨੌਕਰੀ ਕਰਨ ਦੇ ਨਾਲ ਨਾਲ ਬਿਹਤਰ ਨੌਕਰੀ ਦੀ ਤਲਾਸ਼ ਕਰਦਾ ਰਹਿਵੇਗਾ। ਹੁਣ ਉਹਨੂੰ ਜਾਪਿਆ ਜਿਵੇਂ ਜ਼ਿੰਦਗੀ ਦਾ ਰੰਗ ਰਾਤ ਵਾਂਗੂੰ ਸਿਆਹ ਨਹੀਂ ਸਗੋਂ ਇਹਦੇ ਵਿੱਚ ਧੁੰਦਲੇ ਧੁੰਦਲੇ ਹੋਰ ਰੰਗ ਵੀ ਹੈ ਨੇਂ। ਨੀਲੇ, ਪੀਲੇ, ਲਾਲ, ਗੁਲਾਬੀ, ਹਰੇ ਤੇ ਕੇਸਰੀ ਰੰਗ.......

ਸਟੈਨਫ਼ਰਡ ਸਕੂਲ ਅਜੀਬ ਸਕੂਲ ਸੀ। ਹੈ ਤਾਂ ਇਹ ਸਰਕਾਰੀ ਸਕੂਲ ਸੀ ਪਰ ਬੁਨਿਆਦੀ ਤੌਰ ਇਹ ਅੰਗਹੀਣ ਤੇ ਅਪਾਹਜ ਪੜ੍ਹਿਆਰਾਂ ਵਾਸਤੇ ਬਣਾਇਆ ਗਿਆ ਸੀ। ਇਹਦੇ ਵਿੱਚ ਉਹ ਬਾਲ ਪੜ੍ਹਦੇ ਸਨ ਜਿਹੜੇ ਜਿਸਮਾਨੀ ਤੌਰ ਬੱਜਲ ਸੀ। ਸਕੂਲ ਦੇ ਇਸ ਅੰਦਾਜ਼ ਬਾਰੇ ਸਕੂਲ ਦੇ ਹੈੱਡ ਮਾਸਟਰ ਹੋਰਾਂ ਕੁਨੇਲ ਨੂੰ ਪਹਿਲੇ ਦਿਨ ਹੀ ਇਹ ਦੱਸ ਦਿੱਤਾ ਸੀ ਕਿ ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਆਮ ਸਕੂਲਾਂ ਦੇ ਨਾਲ ਨਾਲ ਦੋ ਹੋਰ ਅੰਦਾਜ਼ ਦੇ ਸਕੂਲ ਬਣਾਣ ਦਾ ਫ਼ੈਸਲਾ ਵੀ ਕੀਤਾ ਗਿਆ ਸੀ। ਇੱਕ ਜ਼ਿਹਨੀ ਤੌਰ ਬੱਜਲ ਬਾਲਾਂ ਲਈ ਤੇ ਦੂਜਾ ਜਿਸਮਾਨੀ ਬੱਜਲ ਬਾਲਾਂ ਲਈ। ਅੰਗਰੇਜ਼ ਸਮਝਦੇ ਸਨ ਕਿ ਜਿਹੜੇ ਬਾਲ ਹਾਦਸੇ ਯਾਂ ਕਿਸੇ ਪੈਦਾਇਸ਼ੀ ਕਾਰਨ ਤੋਂ ਬੱਜਲ ਯਾਂ ਅੰਗਹੀਣ ਹੋ ਜਾਂਦੇ ਨੇਂ, ਉਹ ਨਾਰਮਲ ਬਾਲਾਂ ਵਿੱਚ ਰਹਿਣ ਨਾਲ ਨਿੱਕਿਆਈ ਗੁੰਝਲ ਤੇ ਇਹਸਾਸ ਕੰਮਤਰੀ ਦਾ ਸ਼ਿਕਾਰ ਹੋ ਜਾਦੇ ਨੇਂ। ਅਜਿਹੇ ਬਾਲਾਂ ਨੂੰ ਜਵਾਨ ਹੋਣ ਤੀਕਰ ਵੱਖਰਾ ਰੱਖ ਕੇ ਕਿਸੇ ਅਜਿਹੇ ਇਦਾਰੇ ਵਿੱਚ ਤਾਅਲੀਮ ਦੇਣੀ ਚਾਹੀਦੀ ਹੈ ਜਿੱਥੇ ਸਾਰੇ ਹੀ ਬਾਲ ਬੱਜਲ ਹੋਣ। ਇੰਜ ਆਪਣੇ ਵਰਗਿਆਂ ਵਿੱਚ ਰਹਿ ਕੇ ਬਾਲਾਂ ਵਿੱਚ ਨਿੱਕਿਆਈ ਗੁੰਝਲ ਪੈਦਾ ਹੋਣ ਦੀ ਥਾਂ ਇੱਕ ਦੂਜੇ ਦੇ ਦੁੱਖ ਸੁੱਖ ਦਾ ਇਹਸਾਸ ਕਰਨ ਦਾ ਜਜ਼ਬਾ ਪਰਵਾਨ ਚੜ੍ਹੇਗਾ ਤੇ ਵੱਡੇ ਹੋ ਕੇ ਉਹ ਨਾਰਮਲ ਜ਼ਿੰਦਗੀ ਗੁਜ਼ਾਰਣ ਦੇ ਕਾਬਲ ਹੋ ਜਾਣਗੇ।

ਇਸ ਸਲਾਹ ਉੱਤੇ ਅਮਲ ਵੀ ਹੋਣ ਲੱਗਾ। ਸਟੈਨਫ਼ਰਡ ਸਕੂਲ ਐਸੇ ਸੰਗੀ ਦਾ ਇੱਕ ਘੁਰਾ ਸੀ। ਇਹੋ ਜਿਹੇ ਸਕੂਲ ਹਰ ਸ਼ਹਿਰ ਵਿੱਚ ਕਾਇਮ ਕੀਤੇ ਜਾਣੇ ਸਨ ਪਰ ਹੋਇਆ ਇਹ ਕਿ ਜਿਹੜਾ ਅੰਗਰੇਜ਼ ਅਫ਼ਸਰ ਇਸ ਸਿਲਸਲੇ ਵਿੱਚ ਬੁਨਿਆਦੀ ਕਿਰਦਾਰ ਅਦਾ ਕਰ ਰਿਹਾ ਸੀ, ਉਹ ਆਪ ਛੱਤ ਤੋਂ ਡਿੱਗਣ ਪਾਰੋਂ ਬੱਜਲ ਹੋ ਗਿਆ। ਉਹਦੀਆਂ ਦੋਵੇਂ ਲੱਤਾਂ ਟੁੱਟ ਗਈਆਂ ਸਨ ਜਿਹਦੇ ਸਿੱਟੇ ਵਜੋਂ ਉਹ ਸਰਕਾਰੀ ਨੌਕਰੀ ਕਰਨ ਦੇ ਕਾਬਲ ਨਾ ਰਿਹਾ ਤੇ ਉਹਨੂੰ ਰਿਟਾਇਰ ਕਰ ਦਿੱਤਾ ਗਿਆ। ਫਿਰ ਇਹ ਮਨਸੂਬਾ ਵੀ ਮੁਕਾ ਦਿੱਤਾ ਗਿਆ ਪਰ ਸਟੈਨਫ਼ਰਡ ਸਕੂਲ ਕਾਇਮ ਰਹਿ ਗਿਆ। ਇਸ ਵੇਲੇ ਇਸ ਸਕੂਲ ਨੂੰ ਬਣਿਆਂ ਸੌ ਸਾਲ ਤੋਂ ਵੱਧ ਹੋ ਗਏ ਸਨ ਤੇ ਇਹਦੀ ਰਵਾਇਤ ਸੀ ਕਿ ਇਹਦੇ ਵਿੱਚ ਸਿਰਫ਼ ਬੱਜਲ ਬਾਲਾਂ ਨੂੰ ਹੀ ਦਾਖ਼ਲਾ ਮਿਲਦਾ ਸੀ। ਅਲੱਬਤਾ ਉਸਤਾਦ ਕਦੀ ਕੋਈ ਅਜਿਹਾ ਵੀ ਆ



ਜਾਂਦਾ ਸੀ ਜਿਹੜਾ ਨਾਰਮਲ ਹੋਵੇ। ਇਹਦਾ ਕਾਰਨ ਵੀ ਹੈੱਡ ਮਾਸਟਰ ਹੋਰਾਂ ਦੇ ਬਕੌਲ ਇਹ ਸੀ ਕਿ ਇਹ ਮਜਬੂਰੀ ਪਾਰੋਂ ਸੀ, ਕਿਉਂ ਜੇ ਟੁੱਟੀਆਂ ਲੱਤਾਂ ਬਾਹਵਾਂ ਵਾਲੇ ਬਹੁਤ ਘੱਟ ਬੰਦੇ ਤਾਅਲੀਮ ਦੇਣ ਵਾਲੇ ਪਾਸੇ ਆਉਂਦੇ ਸਨ।

ਇਹ ਸਾਰੀਆਂ ਗੱਲਾਂ ਕੁਨੇਲ ਨੂੰ ਬਾਅਦੋਂ ਪਤਾ ਲੱਗੀਆਂ। ਸਭ ਤੋਂ ਪਹਿਲਾਂ ਉਹਦਾ ਟਾਕਰਾ ਸਕੂਲ ਦੇ ਚਪੜਾਸੀ ਤੇ ਫਿਰ ਹੈੱਡ ਮਾਸਟਰ ਹੋਰਾਂ ਨਾਲ ਹੋਇਆ। ਉਹ ਆਪਣਾ ਅਪਾਇੰਟਮਿੰਟ ਲੈਟਰ ਜੇਬ ਵਿੱਚ ਪਾਈ ਸਕੂਲ ਬਾਰੇ ਪੁੱਛਦਾ ਪੁਛਾਂਦਾ ਉਸ ਗਲੀ ਵਿੱਚ ਅੱਪੜਿਆ ਜਿਹਦੇ ਵਿੱਚ ਇਹ ਸਕੂਲ ਕਾਇਮ ਸੀ।

ਗਲੀ ਇੰਜ ਵੈਰਾਨ ਸੀ ਜਿਵੇਂ ਉੱਥੇ ਮੁਰਦਿਆਂ ਦਾ ਰਾਜ ਹੋਵੇ। ਸਵੇਰ ਦੇ ਨੌਂ ਵੱਜਣ ਵਾਲੇ ਸਨ ਪਰ ਕਿਸੇ ਤਰ੍ਹਾਂ ਨਹੀਂ ਸੀ ਲੱਗਦਾ ਕਿ ਉਸ ਗਲੀ ਵਿੱਚ ਕੋਈ ਸਕੂਲ ਵੀ ਸੀ। ਆਮ ਸਕੂਲਾਂ ਦੇ ਉਲਟ ਇਸ ਸਕੂਲ ਦਵਾਲੇ ਕੋਈ ਜੰਗਲਾ ਯਾਂ ਗਰਿਲ ਨਹੀਂ ਸੀ। ਜੇਲ੍ਹ ਵਾਂਗ ਉੱਚੀ ਕੰਧ ਸੀ ਜਿਹਦੇ ਵਿੱਚ ਇੱਕ ਨਿੱਕਾ ਜਿਹਾ ਕਾਲੇ ਰੰਗ ਦਾ ਅਕਹਿਰਾ ਬੂਹਾ ਸੀ ਜਿਹਦੇ ਉੱਤੇ ਅੰਗਰੇਜ਼ੀ ਵਿੱਚ "ਸਟੈਨਫ਼ਰਡ ਸਕੂਲ" ਦੇ ਲਫ਼ਜ਼ ਲਿਖੇ ਹੋਏ ਸਨ। ਬੂਹਾ ਦੇ ਉੱਤੇ ਲਿਖੇ ਹੋਏ ਅੱਖਰ ਦੋਵੇਂ ਹੀ ਬੁਰੀ ਤਰ੍ਹਾਂ ਜ਼ੰਗਾਲ ਖਾਧੇ ਹੋਏ ਸਨ। ਬੂਹਾ ਬੰਦਾ ਸੀ ਜਿਹੜਾ ਕਈ ਵਾਰ ਖੜਕਾਣ ਮਗਰੋਂ ਇੱਕ ਡਰਾਉਣੀ ਸੂਰਤ ਵਾਲੇ ਬੰਦੇ ਨੇ ਖੋਲ੍ਹਿਆ। ਕੁਨੇਲ ਉਹਦੀ ਸ਼ਕਲ ਵੇਖ ਕੇ ਇੱਕ ਵਾਰ ਤਾਂ ਡਰ ਹੀ ਗਿਆ।

"ਕੀ ਗੱਲ ਹੈ ?" ਡਰਾਉਣੀ ਸ਼ਕਲ ਵਾਲੇ ਨੇ ਬੜੀ ਖਰ੍ਹਵੀ ਆਵਾਜ਼ ਨਾਲ ਪੁੱਛਿਆ। ਉਹਦੇ ਚਿਹਰੇ ਉੱਤੇ ਹੱਡੀਆਂ ਇੰਜ ਉਭਰੀਆਂ ਹੋਈਆਂ ਸਨ ਕਿ ਮਾਸ ਦਾ ਨਾਂ ਨਿਸ਼ਾਨ ਵੀ ਨਹੀਂ ਸੀ ਦਿੱਸਦਾ। ਹੱਡੀਆਂ ਦੇ ਉਸ ਢਾਂਚੇ ਵਿੱਚ ਕੋਈ ਅਜਿਹੀ ਗੱਲ ਜ਼ਰੂਰ ਸੀ ਜਿਹੜੀ ਬੰਦੇ ਨੂੰ ਡਰਾ ਦੇਂਦੀ ਸੀ।

"ਮੈਂ ਹੈੱਡ ਮਾਸਟਰ ਹੋਰਾਂ ਨੂੰ ਮਿਲਣਾ ਹੈ," ਕੁਨੇਲ ਨੇ ਦਿਲ ਵੱਡਾ ਕਰ ਕੇ ਆਖਿਆ।

"ਕਿਉਂ ਮਿਲਣਾ ਹੈ ?" ਅੱਗੋਂ ਉਸੇ ਖਰ੍ਹਵੀ ਆਵਾਜ਼ ਨਾਲ ਸਵਾਲ ਹੋਇਆ।

"ਮੈਂ ਇਸ ਸਕੂਲ ਵਿੱਚ ਨਵਾਂ ਮਾਸਟਰ ਆਇਆ ਆਂ," ਕੁਨੇਲ ਨੇ ਜਵਾਬ ਦਿੱਤਾ।

ਡਰਾਉਣੇ ਚਿਹਰੇ ਵਾਲੇ ਨੇ ਕੁਨੇਲ ਨੂੰ ਸਿਰ ਤੋਂ ਲੈ ਕੇ ਪੈਰਾਂ ਤੀਕਰ ਗ਼ੌਰ ਨਾਲ ਵੇਖਿਆ। ਫਿਰ ਇੱਕ ਲੰਮੀ "ਉਹਹਹਹਹ......" ਉਹਦੇ ਮੂੰਹੋਂ ਨਿਕਲੀ ਤੇ ਉਹ ਬੂਹਾ ਬੰਦ ਕਰ ਕੇ ਅੰਦਰ ਗ਼ਾਇਬ ਹੋ ਗਿਆ। ਕੁਨੇਲ ਦੁਚਿੱਤੀ ਦਾ ਸ਼ਿਕਾਰ ਹੋ ਗਿਆ। ਅੰਦਰ ਜਾਵੇ ਯਾਂ ਨਾ ਜਾਵੇ ? ਕੀ ਕਰੇ ?

ਥੋੜ੍ਹੀ ਦੇਰ ਬਾਅਦ ਉਹ ਬੂਹਾ ਫਿਰ ਖੁੱਲ੍ਹਿਆ। "ਆਓ" ਦੀ ਆਵਾਜ਼ ਨਾਲ ਉਹੀ ਡਰਾਉਣੇ ਚਿਹਰੇ ਵਾਲਾ ਫਿਰ ਸਾਹਮਣੇ ਸੀ। ਕੁਨੇਲ ਉਹਦੇ ਮਗਰ ਮਗਰ ਬੂਹੇ ਵਿੱਚ ਦਾਖ਼ਲ ਹੋ ਗਿਆ।

ਬੂਹੇ ਦੇ ਅੰਦਰ ਜਾਂਦਿਆਂ ਹੀ ਕੁਨੇਲ ਨੂੰ ਲੱਗਿਆ ਜਿਵੇਂ ਉਹ ਕਿਸੇ ਵੱਖਰੀ ਦੁਨੀਆ ਵਿੱਚ ਆ ਗਿਆ ਹੋਵੇ। ਬਾਹਰ ਗਲੀ ਵਿੱਚ ਮਾਰਚ ਮਹੀਨੇ ਦੀ ਚਮਕੀਲੀ ਤੇ ਹਵਾ ਨਾਲ ਭਰੀ ਹੋਈ ਧੁੱਪ ਸੀ ਪਰ ਬੂਹੇ ਦੇ ਅੰਦਰ ਆਉਂਦਿਆਂ ਹੀ ਉਹਨੂੰ ਲੱਗਾ ਜਿਵੇਂ

ਇਹ ਅੱਧ ਸਰਦੀਆਂ ਦਾ ਕੋਈ ਮਹੀਨਾ ਸੀ। ਫ਼ਿਜ਼ਾ ਵਿੱਚ ਸਿੱਲ੍ਹ ਤੇ ਠੰਡਕ ਦੇ ਭਰਵੇਂ ਇਹਸਾਸ ਦੇ ਨਾਲ ਨਾਲ ਅਜੀਬ ਜੀ ਉਛਾਹਣ ਵੀ ਖਿੱਲਰੀ ਹੋਈ ਸੀ। ਜਿਵੇਂ ਮੱਛੀ ਦੀ ਦੁਕਾਨ ਵਿੱਚ ਹੁੰਦੀ ਹੈ। ਅਜੀਬ ਜਹੀ ਉੱਲੀ ਵਰਗੀ ਬੋ......

ਸਕੂਲ ਦੀ ਇਮਾਰਤ ਵੀ ਬੜੀ ਤੰਗ ਜਹੀ ਸੀ। ਕੰਧਾਂ ਉੱਤੇ ਹਰੇ ਰੰਗ ਦੀ ਉੱਲੀ ਲੱਗੀ ਵੇਖ ਕੇ ਕੁਨੇਲ ਨੂੰ ਜਾਪਿਆ ਕਿ ਹਰ ਪਾਸੇ ਪੱਸਰੀ ਬੋ ਦਾ ਕਾਰਨ ਇਹੋ ਉੱਲੀ ਹੈ। ਹੈੱਡ ਮਾਸਟਰ ਦਾ ਕਮਰਾ ਵੀ ਅਜੀਬ ਤੰਗ ਤੇ ਅਨ੍ਹੇਰ ਕੋਠੜੀ ਵਰਗਾ ਕਮਰਾ ਸੀ। ਕਿਸੇ ਪਾਸੇ ਕੋਈ ਬਲਬ ਨਜ਼ਰ ਨਹੀਂ ਸੀ ਆ ਰਿਹਾ। ਸ਼ਾਇਦ ਬਿਜਲੀ ਗਈ ਹੋਈ ਸੀ। ਕੁਨੇਲ ਨੂੰ ਕੁਝ ਵੀ ਨਹੀਂ ਸੀ ਵਖਾਲੀ ਦੇ ਰਿਹਾ।

"ਬੈਠੋ" ਦੀ ਆਵਾਜ਼ ਨਾਲ ਉਹ ਤ੍ਰਬਕ ਗਿਆ। ਉਹਨੂੰ ਅਹਿਸਾਸ ਹੋਇਆ ਕਿ ਉਹ ਇੱਕ ਮੇਜ਼ ਦੇ ਇੱਕ ਪਾਸੇ ਖਲੋਤਾ ਸੀ ਜਿਹਨੇ ਅੱਧੇ ਕਮਰੇ ਨੂੰ ਘੇਰਿਆ ਹੋਇਆ ਸੀ। ਮੇਜ਼ ਦੇ ਦੂਜੇ ਪਾਸੇ ਹੈੱਡ ਮਾਸਟਰ ਸਾਹਬ ਬੈਠੇ ਸਨ (ਇਹ ਕੁਨੇਲ ਦਾ ਅੰਦਾਜ਼ਾ ਹੀ ਸੀ) ਹੈੱਡ ਮਾਸਟਰ ਹੋਰਾਂ ਦੇ ਚਿਹਰੇ ਉੱਤੇ ਧੁੱਪ ਵਾਲੀ ਕਾਲੀ ਐਨਕ ਸੀ। ਕੁਨੇਲ ਦੀਆਂ ਨਜ਼ਰਾਂ ਅਨ੍ਹੇਰੇ ਦੀਆਂ ਕੁਝ ਕੁਝ ਆਦੀ ਹੋ ਗਈਆਂ ਸਨ ਤੇ ਉਹ ਹੈਰਾਨ ਸੀ ਕਿ ਹੈੱਡ ਮਾਸਟਰ ਹੋਰੀ ਇਸ ਅਨ੍ਹੇਰ ਕਮਰੇ ਵਿੱਚ ਕਾਲੀ ਐਨਕ ਲਾ ਕੇ ਉਹਨੂੰ ਕਿਵੇਂ ਵੇਖ ਸਕਦੇ ਨੇਂ। ਉਹ ਚੁੱਪ ਕਰ ਕੇ ਬਹਿ ਗਿਆ।

"ਤੁਸੀਂ ਨਵੇਂ ਮਾਸਟਰ ਜੀ ਹੋ ?" ਉਹਨਾਂ ਨੇ ਕੁਨੇਲ ਨੂੰ ਪੁੱਛਿਆ।

"ਜੀ ਆਂ," ਕੁਨੇਲ ਨੇ ਮੁਖ਼ਤਸਰ ਜਵਾਬ ਦਿੱਤਾ।

"ਵਖਾਓ ਆਪਣਾ ਅਪਾਇੰਟਮਿੰਟ ਲੈਟਰ," ਹੈੱਡ ਮਾਸਟਰ ਹੋਰੀ ਵੀ ਫ਼ੌਰਨ ਮਤਲਬ ਦੀ ਗੱਲ ਉੱਤੇ ਆ ਗਏ।

ਕੁਨੇਲ ਨੇ ਆਪਣੀ ਜੇਬ ਵਿੱਚੋਂ ਲੈਟਰ ਕੱਢਿਆ ਤੇ ਉਹਦੀਆਂ ਤਹਿਵਾਂ ਖੋਲ੍ਹ ਕੇ ਹੈੱਡ ਮਾਸਟਰ ਹੋਰਾਂ ਨੂੰ ਥਮਾ ਦਿੱਤਾ। ਹੈੱਡ ਮਾਸਟਰ ਹੋਰਾਂ ਉਹ ਲੈਟਰ ਫੜਿਆ ਤੇ ਪੜ੍ਹਣ ਲੱਗ ਪਏ। ਕੁਨੇਲ ਖ਼ੌਫ਼ਜ਼ਦਾ ਹੋ ਗਿਆ। ਇੰਨੇ ਅਨ੍ਹੇਰੇ ਵਿੱਚ ਤਾਂ ਉਹ ਆਪ ਐਨਕ ਤੋਂ ਬਿਨਾਂ ਵੀ ਨਹੀਂ ਪੜ੍ਹ ਸਕਦਾ, ਇਹ ਬੰਦਾ ਕਿਵੇਂ ਪੜ੍ਹ ਸਕਦਾ ਹੋਵੇਗਾ। ਸ਼ਾਇਦ ਇਹ ਪੜ੍ਹਣ ਦਾ ਤਾਸੁਰ ਦੇ ਰਿਹਾ ਹੈ। ਕੁਨੇਲ ਨੇ ਸੋਚਿਆ।

"ਤੁਹਾਡਾ ਨਾਂ ਮਿਸਟਰ ਕੁਨੇਲ ਹੈ ?" ਹੈੱਡ ਮਾਸਟਰ ਹੋਰਾਂ ਪੁੱਛਿਆ ਤਾਂ ਕੁਨੇਲ ਦੇ ਖ਼ੌਫ਼ ਵਿੱਚ ਵਾਧਾ ਹੋ ਗਿਆ। ਹੈੱਡ ਮਾਸਟਰ ਪੜ੍ਹਣ ਦਾ ਤਾਸੁਰ ਨਹੀਂ ਸੀ ਦੇ ਰਿਹਾ ਸਗੋਂ ਉਹ ਪੜ੍ਹ ਸਕਦਾ ਸੀ। ਪਰ ਕਿਵੇਂ ? ਇਸ ਅਨ੍ਹੇਰੇ ਕਮਰੇ ਵਿੱਚ ? ਤੇ ਉਹ ਵੀ ਕਾਲੀ ਐਨਕ ਲਾ ਕੇ ???

"ਤੁਸੀਂ ਬਰਸਰ ਕੋਲ ਚਲੇ ਜਾਓ। ਨਾਲ ਦੇ ਕਮਰੇ ਨਾਲੋਂ ਅਗਲਾ ਕਮਰਾ।" ਉਹਨਾਂ ਨੇ ਖੱਬੇ ਹੱਥ ਨਾਲ ਇਸ਼ਾਰਾ ਕੀਤਾ ਤਾਂ ਕੁਨੇਲ ਨੇ ਵੇਖਿਆ ਕਿ ਉਹਨਾਂ ਦੇ ਹੱਥ ਵਿੱਚ ਉਂਗਲਾਂ ਕੋਈ ਨਹੀਂ ਸਨ, ਸਿਰਫ਼ ਤਲੀ ਹੀ ਸੀ। ਉਹ ਚੁੱਪ ਚਾਪ ਉੱਠਿਆ ਤੇ ਹੈੱਡ ਮਾਸਟਰ ਹੋਰਾਂ ਕੋਲੋਂ ਆਪਣਾ ਲੈਟਰ ਫੜ ਕੇ ਬਾਹਰ ਨਿਕਲ ਆਇਆ।

ਬਰਸਰ ਹੋਰੀ ਖ਼ੌਰੇ ਅੰਗਹੀਣ ਸਨ ਕਿ ਨਹੀਂ, ਕੁਨੇਲ ਫ਼ੈਸਲਾ ਨਾ ਕਰ ਸਕਿਆ। ਅਸਲੋਂ ਉਹਨਾਂ ਦੇ ਅੰਗ ਪੈਰ ਸਲਾਮਤ ਸਨ ਪਰ ਇਹਦੇ ਬਾਵਜੂਦ ਉਹਨਾਂ ਨੂੰ "ਨਾਰਮਲ"



ਨਹੀਂ ਸੀ ਸਮਝਿਆ ਜਾ ਸਕਦਾ। ਉਹਨਾਂ ਦੇ ਚਿਹਰੇ ਉੱਤੇ ਠੋਡੀ ਨਾਂ ਦੀ ਕੋਈ ਸ਼ੈ ਮੁੱਢੋਂ ਨਹੀਂ ਸੀ, ਹੇਠਲੇ ਬੁੱਲ੍ਹ ਤੋਂ ਥੱਲੇ ਢਲਵਾਨ ਵਰਗੀ ਗਰਦਨ ਸ਼ੁਰੂ ਹੋ ਜਾਂਦੀ ਸੀ। ਉਹਨਾਂ ਦੇ ਕੰਨ ਵੀ ਇੰਨੇ ਵੱਡੇ ਵੱਡੇ ਸਨ ਜਿਹਨਾਂ ਨੂੰ ਵੇਖ ਕੇ ਚਾਮਚੜਿਕ ਦੇ ਖਿੱਲਰੇ ਖੰਭਾਂ ਦਾ ਖ਼ਿਆਲ ਆਉਂਦਾ ਸੀ। ਉਂਜ ਉਹ ਵੀ ਹੈੱਡ ਮਾਸਟਰ ਹੋਰਾਂ ਵਾਂਗ ਘੱਟ ਬੋਲੀਏ ਨਿਕਲੇ। ਤਆਰੁਫ਼ ਮਗਰੋਂ ਉਹਨਾਂ ਨੇ ਕੁਨੇਲ ਕੋਲੋਂ ਅਪਾਇੰਟਮਿੰਟ ਲੈਟਰ ਫੜਿਆ, ਫਿਰ ਇੱਕ ਰਜਿਸਟਰ ਤੇ ਕੁਝ ਫ਼ਾਰਮ ਕੱਢੇ। ਕਿੰਨੀ ਹੀ ਦੇਰ ਉਹ ਫ਼ਾਰਮ ਪੁਰ ਕਰਦੇ ਰਹੇ, ਰਜਿਸਟਰ ਵਿੱਚ ਕੁਝ ਲਿਖਿਆ ਤੇ ਫਿਰ ਕੁਨੇਲ ਨਾਲ ਮੁਖ਼ਾਤਬ ਹੋਏ।

"ਇਥੇ ਸਾਇਨ ਕਰ ਦਿਓ," ਉਹਨਾਂ ਨੇ ਕਾਗ਼ਜ਼ ਉੱਤੇ ਇੱਕ ਥਾਂ ਉਂਗਲੀ ਰੱਖ ਕੇ ਕਾਗ਼ਜ਼ ਉਹਦੇ ਸਾਹਮਣੇ ਕਰ ਦਿੱਤਾ।

ਕਾਗ਼ਜ਼ ਉੱਤੇ "ਜਾਇਨੰਗ ਰਿਪੋਰਟ" ਦੀ ਸੁਰਖ਼ੀ ਵੇਖ ਕੇ ਕੁਨੇਲ ਨੇ ਹੋਰ ਕਿਸੇ ਇੰਦਰਾਜ ਨੂੰ ਪੜ੍ਹਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਚੁੱਪ ਚਾਪ ਸਾਇਨ ਕਰ ਦਿੱਤੇ। ਚਾਰ ਕਾਪੀਆਂ ਉੱਤੇ ਸਾਇਨ ਕਰਾਣ ਮਗਰੋਂ ਉਹਨਾਂ ਨੇ ਰਜਿਸਟਰ ਵੀ ਕੁਨੇਲ ਦੇ ਅੱਗੇ ਕਰ ਦਿੱਤਾ ਤੇ ਰਜਿਸਟਰ ਦੇ ਸਫ਼ੇ ਉੱਤੇ ਇੱਕ ਥਾਂ ਉਂਗਲੀ ਰੱਖ ਦਿੱਤੀ। ਕੁਨੇਲ ਨੇ ਉੱਥੇ ਵੀ ਦਸਤਖ਼ਤ ਕਰ ਦਿੱਤੇ। ਸਾਰਾ ਕੁਝ ਇੰਜ ਹੋ ਰਿਹਾ ਸੀ ਜਿਵੇਂ ਕੁਨੇਲ ਉੱਤੇ ਕਿਸੇ ਨੇ ਹਪਨਾਟਿਜ਼ਮ ਕਰ ਦਿੱਤਾ ਹੋਵੇ।

"ਬਸ ਠੀਕ ਹੈ, ਹੁਣ ਤੁਸੀਂ ਹੈੱਡ ਮਾਸਟਰ ਹੋਰਾਂ ਕੋਲ ਵਾਪਸ ਜਾਓ," ਬਰਸਰ ਹੋਰਾਂ ਕੁਨੇਲ ਨੂੰ ਹਦਾਇਤ ਕੀਤੀ। ਕੁਨੇਲ ਇੱਕ ਵਾਰ ਫਿਰ ਹੈੱਡ ਮਾਸਟਰ ਹੋਰਾਂ ਦੇ ਕਮਰੇ ਵਿੱਚ ਸੀ।

"ਬੈਠੋ," ਹੈੱਡ ਮਾਸਟਰ ਹੋਰਾਂ ਫਿਰ ਆਖਿਆ। ਲੱਗਦਾ ਸੀ ਉਹ ਹਰ ਬੰਦੇ ਨਾਲ ਤੇ ਹਰ ਵਾਰ ਪਹਿਲਾ ਲਫ਼ਜ਼ ਇਹੋ ਬੋਲਦੇ ਸਨ।

ਪਰ ਇਸ ਵਾਰੀ ਉਹ ਥੋੜ੍ਹਾ ਨਹੀਂ ਬੋਲੇ। ਖ਼ੌਰੇ ਉਹਨਾਂ ਦੇ ਖ਼ਿਆਲ ਵਿੱਚ ਜਾਇਨ ਕਰਨ ਮਗਰੋਂ ਕੁਨੇਲ ਓਬੜ ਨਹੀਂ ਸੀ ਰਿਹਾ ਸਗੋਂ ਉਹਨਾਂ ਦੇ ਸਕੂਲ ਦਾ ਇੱਕ ਮੈਂਬਰ ਬਣ ਗਿਆ ਸੀ ਤੇ ਸਕੂਲ ਮੈਂਬਰ ਨਾਲ ਉਹ ਹਰ ਗੱਲ ਕਰ ਸਕਦੇ ਸਨ। ਸਕੂਲ ਬਾਰੇ ਬੁਨਿਆਦੀ ਗੱਲਾਂ ਦੱਸਣ ਦੇ ਨਾਲ ਨਾਲ ਉਹਨਾਂ ਨੇ ਕੁਨੇਲ ਨੂੰ ਇਹ ਵੀ ਦੱਸਿਆ ਕਿ ਸਕੂਲ ਵਿੱਚ ਪੜ੍ਹਿਆਰਾਂ ਦੀ ਗਿਣਤੀ ਡੇਢ ਸੌ ਤੋਂ ਕੁਝ ਉੱਤੇ ਸੀ। ਇਹ ਸਕੂਲ ਛੇਵੀਂ ਤੱਕ ਸੀ ਤੇ ਅੰਗਰੇਜ਼ਾਂ ਦੇ "ਲੋਇਰ ਮਿਡਲ" ਸਕੂਲਾਂ ਦੀ ਯਾਦਗਾਰ ਸੀ। ਸਕੂਲ ਵਿੱਚ ਹੈੱਡ ਮਾਸਟਰ ਹੋਰਾਂ ਨੂੰ ਤੇ ਆਪ ਕੁਨੇਲ ਨੂੰ ਰਲਾ ਕੇ ਇਸ ਵੇਲੇ ਕੁਲ ਸੱਤ ਮਾਸਟਰ ਸਨ ਜਿਹਨਾਂ ਤੋਂ ਵੱਖ ਹੋਸਟਲ ਦੀ ਇੰਚਾਰਜ ਮਿਸ ਸੋਨੀਆ ਵੀ ਸਨ। ਸਕੂਲ ਵਿੱਚ ਦਾਖ਼ਲਾ ਲੈਣ ਵਾਲੇ ਸਾਰੇ ਹੀ ਬਾਲ ਬੱਜਲ ਹੁੰਦੇ ਸਗੋਂ ਦਾਖ਼ਲੇ ਵਾਸਤੇ ਬੁਨਿਆਦੀ ਸ਼ਰਤ ਵੀ ਇਹੋ ਹੀ ਸੀ। ਮਾਸਟਰਾਂ ਵਾਸਤੇ ਵੀ ਬੱਜਲ ਹੋਣਾ ਇੱਕ ਵਾਧੂ "ਖ਼ੂਬੀ" ਸਮਝੀ ਜਾਂਦੀ ਸੀ।

ਹੈੱਡ ਮਾਸਟਰ ਹੋਰੀ ਕੋਈ ਅੱਧਾ ਘੰਟਾ ਕੁਨੇਲ ਨਾਲ ਗੱਲਾਂ ਕਰਦੇ ਰਹੇ। ਇਸ ਦੌਰਾਨ ਉਹਨਾਂ ਨੇ ਉਸੇ ਡਰਾਉਣੇ ਚਪੜਾਸੀ ਹੱਥੋਂ ਕੁਨੇਲ ਨੂੰ ਚਾਹ ਵੀ ਪਿਆਈ। ਸਖ਼ਤ ਕਾਲੀ ਤੇ ਜ਼ਹਿਰ ਵਾਂਗ ਕੌੜੀ ਚਾਹ ਕੁਨੇਲ ਨੇ ਇਸ ਪਾਰੋਂ ਔਖੇ ਹੋ ਕੇ ਪੀ ਲਈ ਕਿ ਅੱਜ ਸਕੂਲ ਵਿੱਚ ਉਹਦਾ ਪਹਿਲਾ ਦਿਨ ਸੀ ਤੇ ਚਾਹ ਦਾ ਨਾ ਪੀਣਾ ਬਦ ਅਖ਼ਲਾਕੀ ਸਮਝਿਆ ਜਾਂਦਾ।

"ਹੁਣ ਤੁਸੀਂ ਜਾਓ, ਕੱਲ੍ਹ ਸਵੇਰੇ ਅੱਠ ਵਜੇ ਆ ਜਾਣਾ, ਬਾਕੀ ਕੰਮ ਕੱਲ੍ਹ ਕਰਾਂਗੇ," ਹੈੱਡ ਮਾਸਟਰ ਹੋਰਾਂ ਬਿਨਾਂ ਕੋਈ ਇਸ਼ਾਰਾ ਦਿੱਤੇ, ਅਚਨਚੇਤ ਕੁਨੇਲ ਨੂੰ ਆਖ ਦਿੱਤਾ। ਹੈਰਾਨ ਪਰੇਸ਼ਾਨ ਕੁਨੇਲ ਉੱਠ ਖਲੋਤਾ। ਵਾਪਸ ਆਉਂਦਿਆਂ ਉਹ ਆਪਣੀ ਬੁਜ਼ਦਿਲੀ ਪਾਰੋਂ ਆਪਣੇ ਆਪ ਨੂੰ ਨਿੰਦਦਾ ਆ ਰਿਹਾ ਸੀ। ਐਡੇ ਡਰ ਦੀ ਕੀ ਗੱਲ ਹੈ ? ਹੈ ਤੇ ਉਹ ਸਾਰੇ ਇਨਸਾਨ ਹੀ ਨੇਂ। ਜੇ ਬੱਜਲ ਹੋਏ ਤਾਂ ਕੀ ਹੈ, ਬੰਦਿਆਂ ਕੋਲੋਂ ਡਰਣਾ ਕਾਹਦਾ ? ਮਸਾਂ ਮਰ ਕੇ ਨੌਕਰੀ ਮਿਲੀ ਹੈ, ਹੁਣ ਹਰ ਮੁੱਲ ਉੱਤੇ ਗੁਜ਼ਾਰਾ ਕਰਨਾ ਹੈ। ਹੋ ਸਕਦਾ ਹੈ ਮਹੀਨਾ ਦੋ ਮਹੀਨੇ ਨੂੰ ਕੋਈ ਹੋਰ ਚੰਗੀ ਨੌਕਰੀ ਮਿਲ ਜਾਵੇ, ਓਦੋਂ ਇਹ ਛੱਡ ਦਿਆਂਗਾ। ਪਰ ਡਰ ਦਾ ਤਾਂ ਕੋਈ ਜਵਾਜ਼ ਨਹੀਂ।

ਦੋ ਚਾਰ ਦਿਨਾਂ ਵਿੱਚ ਹੀ ਕੁਨੇਲ ਸਕੂਲ ਦਾ ਚੰਗਾ ਜਾਣੂ ਹੋ ਗਿਆ। ਹੈੱਡ ਮਾਸਟਰ ਹੋਰਾਂ ਉਹਨੂੰ ਪੇਸ਼ਕਸ਼ ਕੀਤੀ ਸੀ ਕਿ ਜੇ ਉਹ ਚਾਹਵੇ ਤਾਂ ਸਕੂਲ ਦੇ ਅੰਦਰ ਹੀ ਰਹਾਇਸ਼ ਰੱਖ ਲਵੇ। ਸਕੂਲ ਦੀ ਨਿੱਕੀ ਜਹੀ ਇਮਾਰਤ ਦੋ ਮੰਜ਼ਿਲੀ ਸੀ। ਥੱਲੜੀ ਮੰਜ਼ਿਲ ਵਿੱਚ ਹੈੱਡ ਮਾਸਟਰ ਹੋਰਾਂ ਦਾ ਦਫ਼ਤਰ, ਦੂਜੇ ਦਫ਼ਤਰ ਤੇ ਪਹਿਲੀ ਤੋਂ ਤੀਜੀ ਤੱਕ ਦੀਆਂ ਕਲਾਸਾਂ ਲੱਗਦੀਆਂ ਸਨ। ਐਸੇ ਮੰਜ਼ਿਲ ਦੇ ਅਖ਼ੀਰ ਉੱਤੇ ਮਾਸਟਰਾਂ ਦੇ ਰਹਿਣ ਵਾਸਤੇ ਨਿੱਕੇ ਨਿੱਕੇ ਕਮਰੇ ਸਨ। ਉਪਰਲੀ ਮੰਜ਼ਿਲ ਵਿੱਚ ਚੌਥੀ ਤੋਂ ਛੇਵੀਂ ਜਮਾਤ ਦੇ ਨਾਲ ਨਾਲ ਸਕੂਲ ਹੋਸਟਲ ਤੇ ਬਾਵਰਚੀਖ਼ਾਨਾ ਵੀ ਸੀ। ਉਤਲੀ ਮੰਜ਼ਿਲ ਨੂੰ ਜਾਣ ਵਾਸਤੇ ਸੱਜੇ ਹੱਥ ਤੰਗ ਤੇ ਅਨ੍ਹੇਰੀਆ ਪੌੜੀਆਂ ਸਨ ਜਦ ਕਿ ਖੱਬੇ ਹੱਥ ਹਸਪਤਾਲਾਂ ਵਾਂਗ ਲੰਬੀ ਢਲਾਨੀ ਰਾਹ ਵੀ ਸੀ ਤਾਂ ਜੇ ਵੀਲ ਚਿਅਰ ਵਰਗੀਆਂ ਚੀਜ਼ਾਂ ਵੀ ਸੌਖਿਆਈ ਨਾਲ ਉੱਤੇ ਜਾ ਸਕਣ।

ਕੁਨੇਲ ਨੂੰ ਪਤਾ ਲੱਗ ਗਿਆ ਸੀ ਕਿ ਹੈੱਡ ਮਾਸਟਰ ਹੋਰੀ ਨਜ਼ਰ ਵੱਲੋਂ ਲਗਭਗ ਰਹੇ ਹੋਏ ਨੇਂ। ਉਹ ਅੰਨ੍ਹੇ ਤਾਂ ਨਹੀਂ ਸਨ ਪਰ ਅੰਨ੍ਹੇ ਨਾਲੋਂ ਮਸਾਂ ਹੀ ਘੱਟ ਸਨ। ਉਹਨਾਂ ਨੇ ਅੰਦਾਜ਼ੇ ਨਾਲ ਹਰ ਕੰਮ ਕਰਨ ਦੀ ਪਰੈਕਟਸ ਕਰ ਲਈ ਹੋਈ ਸੀ। ਅਜੀਬ ਗੱਲ ਇਹ ਕਿ ਉਹਨਾਂ ਦੀਆਂ ਅੱਖਾਂ ਉੱਲੂ ਵਾਂਗ ਸਨ। ਰੋਸ਼ਨੀ ਵਿੱਚ ਉਹਨਾਂ ਨੂੰ ਕੁਝ ਵੀ ਨਹੀਂ ਸੀ ਦਿੱਸਦਾ ਪਰ ਅਨ੍ਹੇਰੇ ਵਿੱਚ ਉਹ ਚੰਗਾ ਭਲਾ ਵੇਖ ਲੈਂਦੇ ਸਨ। ਇਹੋ ਕਾਰਨ ਹੈ ਕਿ ਉਹਨਾਂ ਨੂੰ ਆਪਣੇ ਕਮਰੇ ਵਿੱਚ ਬਲਬ ਬਾਲਣ ਦੀ ਲੋੜ ਨਹੀਂ ਸੀ ਹੁੰਦੀ। ਇਸ ਇਨਕਸ਼ਾਫ਼ ਉੱਤੇ ਕੁਨੇਲ ਦਿਲ ਹੀ ਦਿਲ ਵਿੱਚ ਬਹੁਤ ਹੱਸਿਆ। ਉਹ ਇਵੇਂ ਡਰਿਆ ਪਿਆ ਸੀ। ਬਲਬ ਨਾ ਬਾਲਣਾ ਤਾਂ ਹੈੱਡ ਮਾਸਟਰ ਹੋਰਾਂ ਦੀ ਮਜਬੂਰੀ ਸੀ।

ਕੁਨੇਲ ਨੂੰ ਪਹਿਲੇ ਹੀ ਦਿਨ ਇਹ ਵੀ ਪਤਾ ਲੱਗ ਗਿਆ ਕਿ ਇਸ ਸਕੂਲ ਵਿੱਚ ਆ ਕੇ ਉਹ ਨੱਕ ਕੱਪੇ ਲੋਕਾਂ ਵਿੱਚ ਨੱਕੂ ਬਣ ਗਿਆ ਹੈ। ਉਹਨੂੰ ਜਾਪਿਆ ਜਿਵੇਂ ਉਹ ਕਿਸੇ ਹੋਰ ਦੁਨੀਆ ਦਾ ਵਾਸੀ ਹੈ। ਪੂਰੇ ਸਕੂਲ ਵਿੱਚ ਉਹ ਕੱਲਮ ਕੱਲਾ ਬੰਦਾ ਸੀ ਜਿਹੜਾ ਨਾਰਮਲ ਸੀ। ਜਦੋਂ ਪਹਿਲੇ ਦਿਨ ਉਹ ਪੌੜੀਆਂ ਚੜ੍ਹ ਕੇ ਚੌਥੀ ਕਲਾਸ ਵਿੱਚ ਗਿਆ ਤਾਂ ਉਹਨੇ ਵੇਖਿਆ ਕਿ ਬਾਲਾਂ ਵਿੱਚ ਕੋਈ ਵੀ ਅਜਿਹਾ ਨਹੀਂ, ਜਿਹਦੇ ਪੂਰੇ ਅੰਗ ਪੈਰ ਸਲਾਮਤ ਹੋਣ। ਕਲਾਸ ਵਿੱਚ ਉਹਨਾਂ ਦੇ ਸਾਹਮਣੇ ਖਲੋ ਕੇ ਉਹਨੇ ਮਹਿਸੂਸ ਕੀਤਾ ਕਿ ਸਾਰੀ ਕਲਾਸ ਦੇ ਬਾਲ ਉਹਨੂੰ ਨਫ਼ਰਤ ਤੇ ਹਸਦ ਨਾਲ ਵੇਖ ਰਹੇ ਨੇਂ। ਉਹ ਜੋ ਉਹਨਾਂ ਦਾ ਉਸਤਾਦ ਸੀ, ਪੂਰੇ ਅੰਗ ਰੱਖਦਾ ਸੀ। ਕਿਉਂ ? ਉਹਨੂੰ ਇਹ ਸੋਚ ਕੇ ਬਹੁਤ ਜ਼ਿਆਦਾ ਕੌਫ਼ਤ



ਜਾਪੀ ਕਿ ਹੁਣ ਉਹਨੂੰ ਹਰ ਰੋਜ਼ ਹੀ ਇਹਨਾਂ ਨਫ਼ਰਤ ਤੇ ਹਸਦ ਭਰੀਆਂ ਨਜ਼ਰਾਂ ਦਾ ਨਿਸ਼ਾਨਾ ਬਣਨਾ ਪਿਆ ਕਰੇਗਾ।

ਸਟਾਫ਼ ਰੂਮ ਹੋਸਟਲ ਦੇ ਨਾਲ ਹੀ ਸੀ। ਸਕੂਲ ਦਾ ਵੇਲਾ ਸਵੇਰ ਅੱਠ ਤੋਂ ਸ਼ਾਮ ਚਾਰ ਵਜੇ ਤੱਕ ਦਾ ਸੀ। ਦੁਪਹਿਰ ਇੱਕ ਵਜੇ ਅੱਧੀ ਛੁੱਟੀ ਹੁੰਦੀ ਤੇ ਸਾਰੇ ਪੜ੍ਹਿਆਰਾਂ ਤੇ ਉਸਤਾਦਾਂ ਨੂੰ ਲੰਚ ਮਿਲਦਾ ਸੀ। ਉਸਤਾਦਾਂ ਦਾ ਲੰਚ ਸਟਾਫ਼ ਰੂਮ ਵਿੱਚ ਹੀ ਹੁੰਦਾ। ਸਟਾਫ਼ ਰੂਮ ਵਿੱਚ ਹੀ ਕੁਨੇਲ ਦਾ ਆਪਣੇ ਨਵੇਂ ਕਾਰ ਸੰਗੀਆਂ ਨਾਲ ਤਆਰੁਫ਼ ਹੋਇਆ ਪਰ ਇੱਥੇ ਵੀ ਉਹਨੂੰ ਉਹਨਾਂ ਹੀ ਨਜ਼ਰਾਂ ਦਾ ਸਾਹਮਣਾ ਕਰਨਾ ਪਿਆ ਜਿਹੜੀਆਂ ਉਹ ਕੁਝ ਦੇਰ ਪਹਿਲਾਂ ਤੱਕ ਕਲਾਸ ਰੂਮ ਵਿੱਚ ਵੇਖਦਾ ਆਇਆ ਸੀ। ਕਲਾਸ ਰੂਮ ਦੇ ਬਾਲਾਂ ਨੂੰ ਤਾਂ ਖ਼ੈਰ ਉਹ ਕਿਸੇ ਨਾ ਕਿਸੇ ਢੰਗ ਪਰਚਾ ਸਕਦਾ ਸੀ ਪਰ ਇੱਥੇ ਪੱਕੀ ਉਮਰ ਦੇ ਸੰਗੀਆਂ ਦੇ ਸਾਹਮਣੇ ਉਹ ਕੀ ਕਰਦਾ।

ਮਾਸਟਰਾਂ ਵਿੱਚੋਂ ਦੋ ਮਾਸਟਰ ਵੀਲ ਚੇਅਰ ਉੱਤੇ ਲੰਚ ਕਰਨ ਆਏ ਸਨ। ਇਹ ਸਨ ਤੀਜੀ ਜਮਾਤ ਦੇ ਮਿਸਟਰ ਲੀਮੀਜ ਤੇ ਦੂਜੀ ਜਮਾਤ ਦੇ ਮਿਸਟਰ ਲਾਪ, ਤੀਜੇ ਮਾਸਟਰ ਦਜਾਮ ਹੋਰਾਂ ਦੀ ਖੱਬੀ ਬਾਂਹ ਮੁੱਢੋਂ ਗ਼ਾਇਬ ਸੀ ਤੇ ਉਹਦੀ ਥਾਵੇਂ ਕੋਟ ਦੀ ਅਸਤੀਨ ਲਮਕ ਰਹੀ ਸੀ। ਦੋ ਮਾਸਟਰ ਨਾਸ਼ ਤੇ ਰਸੀਕ ਅਜਿਹੇ ਸਨ ਜਿਹਨਾਂ ਦੀ ਇੱਕ ਇੱਕ ਸੱਜੀ ਲੱਤ ਗੋਡੇ ਥੱਲੋਂ ਕੱਟੀ ਹਈ ਸੀ। ਉਹ ਲਾਠੀ ਦਾ ਸਹਾਰਾ ਲੈ ਕੇ ਆਏ ਸਨ। ਪਤਾ ਲੱਗਾ ਕਿ ਛੇਵੇਂ ਮਾਸਟਰ ਦੇਹਾਨ ਹੋਰੀ ਬੀਮਾਰੀ ਪਾਰੋਂ ਅੱਜ ਸਕੂਲ ਨਹੀਂ ਆ ਰਹੇ। ਕੁਨੇਲ ਦਾ ਅੰਦਾਜ਼ਾ ਸੀ ਕਿ ਉਹ ਵੀ ਕਿਸੇ ਨਾ ਕਿਸੇ ਪਾਸਿਓਂ ਬੱਜਲ ਹੋਣਗੇ, ਬਾਅਦ ਵਿੱਚ ਇਹਦੀ ਤਸਦੀਕ ਵੀ ਹੋ ਗਈ। ਹੋਸਟਲ ਦੇ ਬਾਵਰਚੀਖ਼ਾਨੇ ਵਿੱਚ ਦੋ ਬਾਵਰਚੀ ਸਨ ਤੇ ਉਹ ਦੋਵੇਂ ਵੀ ਗੂੰਗੇ ਸਨ। ਮਿਸ ਸੋਨੀਆ ਨੂੰ, ਜਿਹਦਾ ਨਾਂ ਪਹਿਲੇ ਦਿਨ ਸੁਣ ਕੇ ਕੁਨੇਲ ਦਾ ਖ਼ਿਆਲ ਸੀ ਕਿ ਸ਼ਾਇਦ ਉਹ ਇਸ ਸਕੂਲ ਦੀ ਇੱਕੋ ਇੱਕ ਮੂੰਹ ਚਿੱਤ ਲੱਗਦੀ ਸਵਾਣੀ ਹੋਵੇਗੀ, ਵੇਖ ਕੇ ਕੁਨੇਲ ਨੂੰ ਬੜੀ ਮਾਯੂਸੀ ਹੋਈ। ਇਸ "ਮਿਸ" ਦੀ ਉਮਰ ਸੱਠ ਤੋਂ ਕੋਈ ਦੋ ਤਿੰਨ ਸਾਲ ਹੀ ਘੱਟ ਹੋਵੇਗੀ। ਉਹਦੀ ਨੱਕ ਦੀ ਬਨਾਵਟ ਇੰਜ ਸੀ ਕਿ ਉਹਨੂੰ ਬੱਤਖ਼ ਮੂੰਹੀਂ ਆਖਿਆ ਜਾ ਸਕਦਾ ਸੀ। ਉਹਦੀਆਂ ਅੱਖਾਂ ਨੱਕ ਤੋਂ ਸੱਜੇ ਖੱਬੇ ਬਹੁਤ ਦੂਰ ਦੂਰ ਸਨ ਤੇ ਸੱਜੀ ਅੱਖ ਮਸਨੂਈ ਸੀ ਜਿਹਦਾ ਮਸਨੂਈਪਨ ਉੱਘੜ ਉੱਘੜ ਕੇ ਆਪਣਾ ਇਜ਼ਹਾਰ ਕਰਦਾ ਸੀ।

ਨਾਲ ਦੇ ਕਮਰੇ ਵਿੱਚ ਹੀ ਸਕੂਲੀ ਬਾਲਾਂ ਨੂੰ ਦੋ ਸ਼ਿਫ਼ਟਾਂ ਵਿੱਚ ਲੰਚ ਦਿੱਤਾ ਜਾ ਰਿਹਾ ਸੀ। ਅੱਸੀ ਦੇ ਲਗਭਗ ਬਾਲ ਇਸ ਵੇਲੇ ਵੀ ਉੱਥੇ ਲੰਚ ਕਰ ਰਹੇ ਸਨ ਪਰ ਕਮਾਲ ਇਹ ਕਿ ਨਾਲ ਦੇ ਕਮਰੇ ਵਿੱਚੋਂ ਭਾਂਡਿਆਂ ਦੇ ਜ਼ਰਾ ਮਾਸਾ ਖੜਕਾਰ ਤੋਂ ਸਿਵਾ ਉੱਚਾ ਬੋਲਣ ਦੀ ਆਵਾਜ਼ ਤਾਂ ਕੀ, ਚਿੜੀ ਦੀ ਚੂੰ ਵੀ ਨਹੀਂ ਸੀ ਆ ਰਹੀ। ਇਹੋ ਜਹੀ ਚੁੱਪ ਕੁਨੇਲ ਨੇ ਕੁਝ ਦੇਰ ਪਹਿਲਾਂ ਆਪਣੀ ਕਲਾਸ ਵਿੱਚ ਵੀ ਖ਼ੌਫ਼ਜ਼ਦਾ ਹੋ ਕੇ ਮਹਿਸੂਸ ਕੀਤੀ ਸੀ। ਬੱਚੇ ਹੋਣ ਪਰ ਰੌਣਕ ਤੇ ਰੌਲਾ ਨਾ ਹੋਵੇ, ਇਹ ਕਿੰਨਾ ਗ਼ੈਰ ਫ਼ਿਤਰੀ ਹੁੰਦਾ ਹੈ, ਕੁਨੇਲ ਨੇ ਇਹ ਗੱਲ ਪਹਿਲੇ ਦਿਨ ਵੇਖੀ।

"ਸਾਡੀ ਮੰਜ਼ਿਲ ਦਾ ਛੇਵਾਂ ਕਮਰਾ ਤੁਹਾਡੀ ਕਮੀ ਮਹਿਸੂਸ ਕਰਦਾ ਹੈ," ਅਨਾਸ਼ ਹੋਰਾਂ ਆਪਣੀ ਵੱਢੀ ਹੋਈ ਲੱਤ ਨੂੰ ਦੂਜੀ ਲੱਤ ਦੇ ਗੋਡੇ ਉੱਤੇ ਰੱਖਦਿਆਂ ਆਖਿਆ।

"ਇਸ ਸਕੂਲ ਦੇ ਮਾਸਟਰ ਸਕੂਲ ਵਿੱਚ ਹੀ ਰਹਾਇਸ਼ ਰੱਖਦੇ ਨੇਂ। ਤੁਸੀਂ ਕੱਲੇ ਬੰਦੇ ਅਜਿਹੇ ਹੋ ਜਿਹੜੇ ਅਜੇ ਬਾਹਰੋਂ ਆਉਂਦੇ ਹੋ।"

"ਅਜੇ ਤਾਂ ਇਹਨਾਂ ਦਾ ਪਹਿਲਾ ਦਿਨ ਹੈ, ਛੇਤੀ ਹੀ ਇੱਥੇ ਇਹਨਾਂ ਦਾ ਦਿਲ ਲੱਗ ਜਾਵੇਗਾ," ਰਸੀਕ ਹੋਰਾਂ ਗੱਲ ਵਿੱਚ ਹਿੱਸਾ ਲੈਂਦਿਆਂ ਆਖਿਆ। "ਤੇ ਫਿਰ ਇਹ ਇੱਥੇ ਰਹਾਇਸ਼ ਵਾਸਤੇ ਦਰਖ਼ਾਸਤ ਦੇਣਗੇ।" ਰਸੀਕ ਹੋਰੀ ਕੁੱਕੜ ਦੀ ਲੱਤ ਇੰਜ ਚੱਬ ਰਹੇ ਸਨ ਜਿਵੇਂ ਆਪਣੀ ਲੰਗੜੀ ਲੱਤ ਦਾ ਇੰਤਕਾਮ ਲੈ ਰਹੇ ਹੋਣ।

ਕੁਨੇਲ ਕੁਝ ਨਾ ਬੋਲਿਆ। ਉਹ ਵਿੱਚੋਂ ਡਰਿਆ ਹੋਇਆ ਸੀ ਤੇ ਕੁਝ ਵੀ ਨਹੀਂ ਸੀ ਬੋਲਣਾ ਚਾਹੁੰਦਾ।

"ਕੀ ਖ਼ਿਆਲ ਹੈ ਤੁਹਾਡਾ ਦਿਲ ਇੱਥੇ ਲੱਗ ਜਾਏਗਾ ਨਾ ? " ਮਿਸ ਸੋਨੀਆ ਨੇ ਵੀ ਗੱਲਬਾਤ ਵਿੱਚ ਆਪਣਾ ਹਿੱਸਾ ਪਾਇਆ।

"ਕਿਉਂ ਨਹੀਂ ਲੱਗਣ ਲਗਾ, ਭਲਾ ਪਹਿਲਾਂ ਕਦੀ ਇੰਜ ਹੋਇਆ ਹੈ ਕਿ ਜਿਹੜਾ ਸਾਡੇ ਸਕੂਲ ਆਵੇ, ਉਹਦਾ ਦਿਲ ਇੱਥੇ ਨਾ ਲੱਗ ਜਾਏ।" ਦਜਾਮ ਹੋਰਾਂ ਪੂਰੇ ਯਕੀਨ ਨਾਲ ਆਖਿਆ।

"ਆਹੋ ਜੀ ਕਿਆ ਬਾਤਾਂ ਨੇਂ ਸਾਡੇ ਸਕੂਲ ਦੀਆਂ," ਰਸੀਕ ਹੋਰਾਂ ਮੂੰਹ ਚਲਾਂਦਿਆਂ ਫਿਰ ਆਖਿਆ।

ਕੁਨੇਲ ਉੱਤੋਂ-ਉੱਤੋਂ ਮੁਸਕਰਾਂਦਾ ਜ਼ਰੂਰ ਰਿਹਾ ਪਰ ਅੰਦਰੋਂ ਸਿਰ ਤੋਂ ਲੈ ਕੇ ਪੈਰਾਂ ਤੀਕ ਕੰਬ ਗਿਆ ਸੀ। ਡਰਣ ਵਾਲੀ ਗੱਲ ਉੱਕਾ ਕੋਈ ਨਹੀਂ ਸੀ ਪਰ ਫਿਰ ਵੀ ਇੱਕ ਡਰ ਜਿਹਾ ਉਹਦੇ ਅੰਦਰ ਬਹਿ ਗਿਆ। ਉਹਨੂੰ ਲੱਗ ਰਿਹਾ ਸੀ ਜਿਵੇਂ ਕੋਈ ਉਹਦੇ ਅੰਦਰੋਂ ਆਖ ਰਿਹਾ ਹੋਵੇ "ਤੂੰ ਇਹਨਾਂ ਸਾਰਿਆਂ ਨਾਲੋਂ ਵੱਖਰਾ ਏਂ, ਤੂੰ ਇਹਨਾਂ ਵਰਗਾ ਨਹੀਂ ਏਂ, ਤੈਨੂੰ ਇੱਥੇ ਨਹੀਂ ਰਹਿਣਾ ਚਾਹੀਦਾ।"

ਮਹੀਨਾ ਮੁੱਕਦਿਆਂ-ਮੁੱਕਦਿਆਂ ਕੁਨੇਲ ਨੇ ਫ਼ੈਸਲਾ ਕਰ ਲਿਆ ਸੀ ਕਿ ਉਹ ਇੱਕ ਤਨਖ਼ਾਹ ਲੈਣ ਮਗਰੋਂ ਇਹ ਮੁਲਾਜ਼ਮਤ ਛੱਡ ਦੇਵੇਗਾ ਪਰ ਜਦੋਂ ਪਹਿਲੀ ਤਾਰੀਖ਼ ਨੂੰ ਉਹਦੇ ਹੱਥ ਵਿੱਚ ਨੀਲੇ ਹਰੇ ਨੋਟ ਥਮਾਏ ਗਏ ਤਾਂ ਉਹਨੂੰ ਆਪਣਾ ਫ਼ੈਸਲਾ ਬਦਲਣਾ ਪਿਆ। ਘਰ ਜਾਂਦਿਆਂ ਉਹ ਸੋਚ ਰਿਹਾ ਸੀ ਕਿ ਡਰਣ ਵਾਲੀ ਕਿਹੜੀ ਗੱਲ ਹੈ ? ਠੀਕ ਹੈ ਕਿ ਇਹ ਸਾਰੇ ਬੱਜਲ ਲੋਕ ਮੇਰੇ ਆਲ ਦਵਾਲੇ ਨੇਂ ਜਿਸ ਪਾਰੋਂ ਮੈਨੂੰ ਇੱਕ ਅਜੀਬ ਜਿਹਾ ਇਹਸਾਸ ਹਰ ਵੇਲੇ ਰਹਿੰਦਾ ਹੈ ਪਰ ਇਹਦੇ ਵਿੱਚ ਡਰ ਦਾ ਅਨਸਰ ਕਿੱਥੋਂ ਆ ਗਿਆ ? ਇਹ ਵੀ ਠੀਕ ਹੈ ਕਿ ਬੱਜਲ ਹੋਣ ਪਾਰੋਂ ਇਹ ਸਾਰੇ ਦੇ ਸਾਰੇ ਲੋਕ ਨਿੱਕਿਆਈ ਗੁੰਝਲ ਦਾ ਸ਼ਿਕਾਰ ਨੇਂ, ਕਲਾਸ ਦੇ ਬਾਲ ਵੀ ਮੈਨੂੰ ਨਾ ਪਸੰਦ ਕਰਦੇ ਨੇਂ ਪਰ ਭੁੱਖੇ ਮਰਣ ਨਾਲੋਂ ਤਾਂ ਇਹ ਹਾਲਤ ਬਹੁਤ ਚੰਗੀ ਹੈ। ਨਫ਼ਰਤ ਭਰਿਆ ਜੀਵਨ ਬਤੀਤ ਕਰਨਾ ਮਰਣ ਨਾਲੋਂ ਤੇ ਚੰਗਾ ਹੀ ਹੈ। ਅੱਜ ਜਿਹੜੀ ਤਨਖ਼ਾਹ ਮਿਲੀ ਹੈ, ਇਹ ਤਾਂ ਸਮਝੋ ਉਸੇ ਨਫ਼ਰਤ ਨੂੰ ਸਹਾਰਣ ਦਾ ਸਿੱਟਾ ਹੈ। ਲੱਗੀ ਲਗਾਈ ਨੌਕਰੀ ਨੂੰ ਲੱਤ ਮਾਰਣਾ ਬੜੀ ਬੇਵਕੂਫ਼ੀ ਹੋਵੇਗੀ। ਮੈਨੂੰ ਨਵੀਂ ਨੌਕਰੀ ਮਿਲਣ ਤੱਕ ਐਸੇ ਨੌਕਰੀ ਨੂੰ ਚਾਲੂ ਰੱਖਣਾ ਚਾਹੀਦਾ ਹੈ। ਇਹ ਮੇਰੀ ਮਜਬੂਰੀ ਹੈ। ਇਨੀ ਮੁੱਦਤ ਮਗਰੋਂ ਇੰਨੇ ਪੈਸੇ ਵੇਖਣੇ ਨਸੀਬ ਹੋਏ ਨੇਂ। ਇੱਕ ਦੋ ਦਿਨਾਂ ਨੂੰ ਛੁੱਟੀ ਲੈ ਕੇ



ਮਾਪਿਆਂ ਵਲ ਜਾਵਾਂਗਾ। ਖ਼ੌਰੇ ਵਿਚਾਰੇ ਕਿਹੜੇ ਹਾਲ ਵਿੱਚ ਹੋਣਗੇ ? ਨਾਲੇ ਮੈਨੂੰ ਮਾਯੂਸ ਹੋਣ ਦੀ ਕੀ ਲੋੜ ਹੈ, ਸਰਕਾਰੀ ਨੌਕਰੀ ਹੈ, ਮੈਂ ਟਰਾਂਸਫ਼ਰ ਕਰਵਾ ਕੇ ਕਿਸੇ ਦੂਜੇ ਸਕੂਲ ਵੀ ਤੇ ਜਾ ਸਕਨਾ ਆਂ। ਸਗੋਂ ਕੱਲ੍ਹ ਹੀ ਟਰਾਂਸਫ਼ਰ ਵਾਸਤੇ ਦਰਖ਼ਾਸਤ ਦੇ ਦਿਆਂਗਾ। ਚੰਗਾ ਹੈ ਕਿ ਆਪਣੇ ਅਬਾਈ ਸ਼ਹਿਰ ਹੀ ਟਰਾਂਸਫ਼ਰ ਕਰਾਵਾਂ, ਬੁੱਢੇ ਮਾਂ ਪਿਓ ਦੀ ਸੇਵਾ ਵੀ ਮੈਨੂੰ ਕਰਨੀ ਚਾਹੀਦੀ ਹੈ। ਮਾਪਿਆਂ ਬਾਰੇ ਸੋਚ ਕੇ ਉਹਦੀਆਂ ਅੱਖਾਂ ਵਿੱਚ ਅੱਥਰੂ ਆ ਗਏ।

ਅਗਲੇ ਦਿਨ ਛੁੱਟੀ ਵੇਲੇ ਕਲਾਸ ਪੜ੍ਹਾ ਕੇ ਪੌੜ੍ਹੀਆਂ ਲੱਥਦਿਆਂ ਵੀ ਉਹ ਇਹੀ ਸੋਚ ਰਿਹਾ ਸੀ ਕਿ ਅਜੇ ਨੌਕਰੀ ਛੱਡਣਾ ਹਿਮਾਕਤ ਹੋਵੇਗੀ। ਪੌੜ੍ਹੀਆਂ ਚੜ੍ਹਦਿਆਂ ਲੱਥਦਿਆਂ ਉਹ ਸਦਾ ਕੱਲਾ ਹੀ ਹੁੰਦਾ ਸੀ। ਉਹਦੇ ਉੱਤੇ ਨੌਕਰੀ ਦੇ ਸ਼ੁਰੂ ਦੇ ਦਿਨਾਂ ਵਿੱਚ ਹੀ ਇਹ ਹੌਲਨਾਕ ਇੰਕਸ਼ਾਫ਼ ਵੀ ਹੋ ਗਿਆ ਸੀ ਕਿ ਇਸ ਸਕੂਲ ਵਿੱਚ ਕੋਈ ਬੰਦਾ ਵੀ ਪੌੜ੍ਹੀਆਂ ਚੜ੍ਹਣ ਦੇ ਕਾਬਲ ਨਹੀਂ। ਜਿਹਨਾਂ ਨੇ ਉੱਪਰਲੀ ਮੰਜ਼ਿਲ ਜਾਣਾ ਆਵਣਾ ਹੁੰਦਾ ਸੀ, ਉਹ ਲੰਮੀ ਢਲਾਣੀ ਰਾਹ ਵਰਤਦੇ ਸਨ। ਲੱਤਾਂ ਤੋਂ ਮਾਅਜ਼ੂਰ ਤੇ ਵੀਲ ਚੇਅਰਾਂ ਉੱਤੇ ਬੈਠਣ ਵਾਲੇ ਭਲਾ ਪੌੜ੍ਹੀਆਂ ਚੜ੍ਹ ਵੀ ਕਿਵੇਂ ਸਕਦੇ ਸਨ ? ਇਸ ਸਕੂਲ ਵਿੱਚ ਪੌੜ੍ਹੀਆਂ ਵਰਤਣ ਦੇ ਕਾਬਲ ਸਿਰਫ਼ ਕੁਨੇਲ ਹੀ ਸੀ।

ਮਾਅਮੂਲ ਮੁਤਾਬਕ ਪੌੜ੍ਹੀਆਂ ਵਿੱਚ ਅਨ੍ਹੇਰਾ ਛਾਇਆ ਹੋਇਆ ਸੀ ਪਰ ਕੁਨੇਲ ਅੱਜ ਅੱਗੇ ਨਾਲੋਂ ਵੱਧ ਕੇ ਡਰਿਆ ਹੋਇਆ ਸੀ। ਉਹਦੀ ਛੇਵੀਂ ਹਿਸ ਚੀਕ ਚੀਕ ਕੇ ਉਹਨੂੰ ਪੌੜ੍ਹੀਆਂ ਵਰਤਣ ਤੋਂ ਰੋਕ ਰਹੀ ਸੀ। ਉਹਨੇ ਦਿਲ ਨੂੰ ਡਾਢ ਦਿੱਤੀ ਤੇ ਆਪਣੇ ਖ਼ੌਫ਼ ਨੂੰ ਆਪਣੀ ਵਧੀ ਹੋਈ ਹਿੱਸ ਦਾ ਸਿੱਟਾ ਮਿੱਥ ਕੇ ਪੌੜ੍ਹੀਆਂ ਲਹਿਣ ਲੱਗ ਪਿਆ। ਅਜੇ ਦੋ ਪੌੜ੍ਹੀਆਂ ਹੀ ਲੱਥੀਆਂ ਸਨ ਕਿ ਉਹਨੂੰ ਮਗਰੋਂ ਕੋਈ ਬਿੜਕ ਜਹੀ ਸੁਣਾਈ ਦਿੱਤੀ। ਉਹ ਚੌਂਕ ਕੇ ਪਿੱਛੇ ਪਰਤ ਕੇ ਤੱਕਣ ਲੱਗਿਆ ਪਰ ਇਸ ਤੋਂ ਪਹਿਲਾਂ ਕਿ ਕੁਝ ਵੇਖ ਸਕਦਾ, ਕਿਸੇ ਮਜ਼ਬੂਤ ਹੱਥ ਨੇ ਉਹਨੂੰ ਪੂਰੇ ਜ਼ੋਰ ਨਾਲ ਧੱਕਾ ਦਿੱਤਾ। ਇੰਤਹਾਈ ਡਰ ਤੇ ਦਹਿਸ਼ਤ ਪਾਰੋਂ ਕੁਨੇਲ ਦੇ ਮੂੰਹੋਂ ਆਵਾਜ਼ ਵੀ ਨਾ ਨਿਕਲੀ ਤੇ ਪੌੜ੍ਹੀਆਂ ਵਿੱਚੋਂ ਜਿਵੇਂ ਉੱਡਦਾ ਹੋਇਆ ਪੂਰੀ ਕੁੱਵਤ ਨਾਲ ਜ਼ਮੀਨ ਦੇ ਪੱਕੇ ਫ਼ਰਸ਼ ਉੱਤੇ ਜਾ ਡਿੱਗਾ। ਬੇਹੋਸ਼ ਹੋਣ ਤੋਂ ਪਹਿਲਾਂ ਉਹਨੇ ਆਪਣੇ ਲੱਕ ਵਿੱਚ ਜ਼ੋਰ ਦਾ ਕੜਕਾਰ ਸੁਣਿਆ। ਉਹਦੇ ਮੂੰਹੋਂ ਸਿਰਫ਼ ਇੱਕ ਚੀਕ ਨਿਕਲੀ......

ਸਕੂਲ ਦਾ ਚਪੜਾਸੀ ਚੀਕ ਸੁਣ ਕੇ ਦੌੜਿਆ, ਬਰਸਰ ਹੋਰੀ ਵੀ ਆ ਗਏ। ਸਕੂਲ ਦੇ ਇੱਕ ਦੋ ਪੜ੍ਹਿਆਰਾਂ ਨਾਲ, ਜਿਹੜੇ ਲੱਤਾਂ ਠੀਕ ਹੋਣ ਪਾਰੋਂ ਟੁਰ ਫਿਰ ਸਕਦੇ ਸਨ, ਰੱਲ ਕੇ ਕੁਨੇਲ ਨੂੰ ਚੁੱਕਿਆ ਗਿਆ, ਇੱਕ ਮੰਜੀ ਉੱਤੇ ਪਾਇਆ ਗਿਆ ਤੇ ਫਿਰ ਉਹਨੂੰ ਹਸਪਤਾਲ ਲੈ ਗਏ। ਹਸਪਤਾਲ ਵਿੱਚ ਐਕਸਰੇ ਪਾਰੋਂ ਪਤਾ ਲੱਗਾ ਕਿ ਕੁਨੇਲ ਦੀ ਰੀੜ੍ਹ ਦੀ ਹੱਡੀ ਦੋ ਤਿੰਨ ਥਾਂ ਤੋਂ ਟੁੱਟ ਗਈ ਸੀ ਤੇ ਇਸ ਅੰਦਾਜ਼ ਨਾਲ ਟੁੱਟੀ ਸੀ ਜਿਹਦਾ ਜੁੜਨਾ ਨਾਮੁਮਕਿਨ ਸੀ। ਕੁਨੇਲ ਢਾਈ ਮਹੀਨੇ ਹਸਪਤਾਲ ਪਿਆ ਰਿਹਾ, ਹਸਪਤਾਲ ਵਾਲਿਆਂ ਨੇ ਸਟੈਨਫ਼ਰਡ ਸਕੂਲ ਦੇ ਅਮਲੇ ਦੇ ਇਲਾਜ ਦਾ ਅੱਧਾ ਖ਼ਰਚਾ ਮੁਆਫ਼ ਕੀਤਾ ਹੋਇਆ ਸੀ। ਕੁਨੇਲ ਦੇ ਇਲਾਜ ਦਾ ਬਾਕੀ ਅੱਧਾ ਖ਼ਰਚਾ ਸਕੂਲ ਨੇ ਚੁੱਕਿਆ।

ਢਾਈ ਮਹੀਨੇ ਮਗਰੋਂ ਕੁਨੇਲ ਵਾਪਸ ਸਕੂਲ ਆਇਆ। ਹੁਣ ਉਹ ਵੀਲ ਚੇਅਰ

ਉੱਤੇ ਸੀ ਤੇ ਆਪਣੀ ਬੱਜਲਤਾ ਨੂੰ ਜ਼ਿਹਨੀ ਤੌਰ ਕਬੂਲ ਕਰ ਚੁੱਕਿਆ ਸੀ। ਇਹੋ ਵੀਲ ਚੇਅਰ ਹੁਣ ਸਾਰੀ ਉਮਰ ਵਾਸਤੇ ਉਹਦਾ ਮੁਕੱਦਰ ਸੀ।

ਹੈੱਡ ਮਾਸਟਰ ਹੋਰੀ ਬੜੇ ਤਪਾਕ ਨਾਲ ਮਿਲੇ।

"ਆਓ ਜੀ ਕੁਨੇਲ ਸਾਹਬ! ਹੁਣ ਤੁਹਾਡੀ ਸਿਹਤ ਦਾ ਕੀ ਹਾਲ ਹੈ?" ਉਹਨਾਂ ਦੇ ਲਹਿਜੇ ਤੋਂ ਲੱਗਦਾ ਸੀ ਜਿਵੇਂ ਉਹ ਕੁਨੇਲ ਨੂੰ ਮੁੜ ਵੇਖ ਕੇ ਬੜੇ ਖ਼ੁਸ਼ ਹੋਏ ਨੇਂ।

"ਬੜੀ ਖ਼ੁਸ਼ੀ ਤੇ ਸ਼ੁਕਰ ਗੁਜ਼ਾਰੀ ਵਾਲੀ ਗੱਲ ਹੈ ਕਿ ਤੁਸੀਂ ਠੀਕ ਹੋ ਆਏ ਹੋ। ਸਕੂਲ ਦਾ ਸਾਰਾ ਅਮਲਾ ਤੁਹਾਨੂੰ ਬੜਾ ਯਾਦ ਕਰ ਰਿਹਾ ਹੈ। ਸਾਰੇ ਉਸਤਾਦ ਤੇ ਪੜ੍ਹਿਆਰ ਤੁਹਾਨੂੰ ਯਾਦ ਕਰ ਰਹੇ ਸਨ। ਉਹ ਤੁਹਾਨੂੰ ਮਿਲ ਕੇ ਬੜੇ ਖ਼ੁਸ਼ ਹੋਣਗੇ" ਹੈਡ ਮਾਸਟਰ ਹੋਰਾਂ ਆਖਿਆ।

ਜਵਾਬ ਵਿੱਚ ਕੁਨੇਲ ਸਿਰਫ਼ ਉਦਾਸੀ ਨਾਲ ਮੁਸਕਰਾ ਕੇ ਰਹਿ ਗਿਆ।

"ਯਾਦ ਆਇਆ," ਹੈੱਡ ਮਾਸਟਰ ਹੋਰੀ ਫਿਰ ਕਹਿਣ ਲੱਗੇ, "ਹਾਦਸੇ ਤੋਂ ਪਹਿਲਾਂ ਤੁਸੀਂ ਟਰਾਂਸਫ਼ਰ ਦੀ ਜਿਹੜੀ ਦਰਖ਼ਾਸਤ ਦਿੱਤੀ ਸੀ, ਉਹ ਅਜੇ ਮੈਂ ਆਪਣੇ ਕੋਲ ਹੀ ਰੱਖੀ ਹੋਈ ਹੈ। ਦੱਸੋ ਕੀ ਉਹਨੂੰ ਅੱਗੇ ਫ਼ਾਰਵਰਡ ਕਰ ਦਿਆਂ?"

"ਸਰ ਮੇਰਾ ਖ਼ਿਆਲ ਹੈ ਰਹਿਣ ਹੀ ਦਿਓ। ਲੱਗਦਾ ਹੈ ਮੇਰਾ ਵੀ ਇੱਥੇ ਦਿਲ ਲੱਗ ਗਿਆ ਹੈ। ਮੈਂ ਇੱਥੇ ਸਦਾ ਵਾਸਤੇ ਰਹਿਣਾ ਪਸੰਦ ਕਰਾਂਗਾ।" ਕੁਨੇਲ ਨੇ ਆਖਿਆ ਤੇ ਫਿਰ ਵੀਲ੍ਹ ਚੇਅਰ ਨੂੰ ਚਲਾਂਦਾ ਹੋਇਆ ਆਪਣੇ ਸੰਗੀਆਂ ਨੂੰ ਮਿਲਣ ਚਲਾ ਗਿਆ। ਉਹ ਸੋਚ ਰਿਹਾ ਸੀ ਕਿ ਕੱਲ੍ਹ ਸਕੂਲ ਵਿੱਚ ਰਿਹਾਇਸ਼ ਵਾਸਤੇ ਵੀ ਦਰਖ਼ਾਸਤ ਦੇ ਦੇਵੇਗਾ।



# ਗੌਤਮ ਦਾ ਕਤਲ

**–ਤੌਕੀਰ ਚੁਗ਼ਤਾਈ**

***(13–05–1960)***

ਯਸ਼ੋਧਰਾ ਦੀ ਆਵਾਜ਼ ਮੇਰੇ ਕੰਨਾਂ ਵਿਚ ਪਈ। ਉਹ ਸਾਡੀ ਗਵਾਂਢਣ ਏ। ਯਸ਼ੋਧਰਾ ਗੌਤਮ ਦੇ ਤਰਲੇ ਲੈ ਰਹੀ ਸੀ ਕਿ ਮੇਰੇ ਲਈ ਤੇ ਆਪਣੇ ਪੁੱਤਰ ਲਈ ਘਰ ਮੁੜ ਕੇ ਆ ਜਾ। ਕਿਉਂ ਬੂਹੇ–ਬੂਹੇ ਭਿੱਖਿਆ ਮੰਗ ਕੇ ਸਾਡੀ ਪੱਤ ਨੂੰ ਮਿੱਟੀ ਵਿਚ ਰੋਲਦਾ ਪਿਆ ਏਂ। ਤੇਰਾ ਪਿਉ ਇਕ ਰਿਆਸਤ ਦਾ ਮਹਾਰਾਜਾ ਏ ਤੇ ਤੂੰ ਭਿੱਖਿਆ।

"ਦੁਨੀਆ ਬਹੁਤ ਦੁਖੀ ਏ ਯਸ਼ੋਧਰਾ! ਗਵਾਂਢੀ ਨੂੰ ਮਾਰਨ, ਉਸਦਾ ਘਰ ਉਜਾੜਣ ਅਤੇ ਪੈਲੀਆਂ ਸਾੜਣ ਦੇ ਮਨਸੂਬੇ ਬਣਾ ਰਿਹਾ ਏ। ਲੋਕੀ ਬੀਮਾਰੀਆਂ ਤੇ ਮੁਸੀਬਤਾਂ ਵਿਚ ਘਿਰੇ ਹੋਏ ਨੇ। ਮੈਥੋਂ ਇਹ ਸਭ ਕੁਝ ਨਹੀਂ ਵੇਖਿਆ ਜਾਂਦਾ। ਮੈਂ ਦੁੱਖਾਂ ਭਰੀ ਇਸ ਦੁਨੀਆ ਨੂੰ ਛੱਡਿਆ, ਰਿਆਸਤ ਦੇ ਕਾਰ–ਵਿਹਾਰ ਨੂੰ ਛੱਡਿਆ, ਐਸ਼ ਭਰੀ ਜ਼ਿੰਦਗੀ ਨੂੰ ਛੱਡਿਆ ਤੇ ਜਾ ਤੈਨੂੰ ਵੀ ਛੱਡਿਆ।"

"ਮੈਂ ਅਮਨ, ਸੁਖ ਤੇ ਚੈਨ ਦੀ ਆਸ ਲੈ ਕੇ ਗਵਾਂਢੀ ਰਿਆਸਤ ਨੂੰ ਜਾ ਰਿਹਾਂ। ਮੈਂ ਸੁਣਿਆ ਏ ਉਥੇ ਦੇ ਵਾਸੀ ਭੁੱਖ, ਦੁੱਖ, ਜੰਗ ਤੇ ਬੀਮਾਰੀਆਂ ਵਿਚ ਫਸੇ ਹੋਏ ਨੇ।"

ਹਾਲੀ ਤਿੰਨ ਦਿਨ ਪਹਿਲਾਂ ਤੀਕਰ! ਹਾਂ, ਸਿਰਫ਼ ਤਿੰਨ ਦਿਨ ਪਹਿਲਾਂ ਤੀਕਰ ਇਕ ਜੋਗੀ ਜ਼ਿੰਦਾ ਸਲਾਮਤ ਤੇ ਜਿਉਂਦਾ ਸੀ। ਮੈਂ ਆਪ ਆਪਣੀਆਂ ਅੱਖਾਂ ਨਾਲ ਉਹਨੂੰ ਵੇਖਿਆ ਸੀ। ਉਹ ਯਸ਼ੋਧਰਾ ਨੂੰ ਕਹਿ ਰਿਹਾ ਸੀ, "ਦੁਨੀਆਂ ਬੜੀ ਦੁੱਖੀ ਏ ਤੇ ਇਹ ਸਾਰੇ ਦੁੱਖ ਬੰਦਿਆਂ ਦੇ ਆਪਣੇ ਸਹੇੜੇ ਹੋਏ ਨੇ। ਵੇਖ ਤਾਂ ਸਹੀ। 'ਸਾਕੀਆ' ਕਬੀਲੇ ਨੇ ਇਕ ਇਹੋ ਜਿਹੇ ਬੰਬ ਬਣਾਇਆ ਏ ਜੀਹਦੇ ਫਟਣ ਨਾਲ 'ਕਵੱਲਿਆ' ਕਬੀਲੇ ਦੇ ਸਾਰੇ ਬੰਦੇ ਮਰ ਜਾਣਗੇ। ਸਬਜ਼ਾ (ਹਰਿਆਵਲ) ਸੜ ਜਾਏਗਾ ਤੇ ਪੇਸ਼ਵਾਂ ਦੀ ਨਸਲ ਉਕੀ ਮੁੱਕ ਜਾਏਗੀ। ਸਾਕੀਆ ਦੀ ਵੇਖਿਆ ਵੇਖੀ 'ਕਵੱਲਿਆ' ਕਬੀਲੇ ਨੇ ਵੀ ਬੰਬ ਬਣਾ ਲਿਆ ਤੇ ਹੁਣ ਵੇਖਦਿਆਂ ਈ ਵੇਖਦਿਆਂ ਦੋਹਾਂ ਧਿਰਾਂ ਨੇ ਢੇਰਾਂ ਦੇ ਢੇਰ ਲਾ ਦਿੱਤੇ। ਉਹ ਤਾਂ ਚੰਗਾ ਹੋਇਆ ਇਹਨਾਂ ਦੋਹਾਂ ਦੀ ਦੁਸ਼ਮਨੀ ਨੇ ਏਡਾ ਜ਼ੋਰ ਨਹੀਂ ਫੜ੍ਹਿਆ ਬਸ ਐਵੇਂ ਕਦੀ ਕਦਾਈ ਕਿਧਰੇ ਨਾ ਕਿਧਰੇ ਨਿੱਕਾ–ਮੋਟਾ ਸਿਆਪਾ ਪੈ ਜਾਂਦਾ ਏ।"

ਗੱਲ ਦੀ ਗੱਲ ਏ ਮੇਰੇ ਕੋਲ ਇਕ ਬੁੱਢੜੀ ਆਪਣੇ ਪੁੱਤ ਦੀ ਲਾਸ਼ ਚੁੱਕ ਕੇ ਲਿਆਈ ਤੇ ਕਹਿਣ ਲੱਗੀ, "ਇਹਦੇ ਕਲਬੂਤ ਵਿਚ ਜਿੰਦ ਪਾ ਦਿਓ।"

"ਮੈਂ ਉਹਦੇ ਕੋਲੋਂ ਪੁੱਛਿਆ ਤੇਰਾ ਪੁੱਤ ਕਿਉਂ ਮਰਿਆ?"

ਕਹਿਣ ਲੱਗੀ, "ਸਾਡੇ ਕਬੀਲੇ ਤੇ ਗਵਾਂਢੀ ਕਬੀਲੇ ਕਵੱਲਿਆ ਵਿਚ ਇਕ

ਏਹੋ ਜਿਹੇ ਪਹਾੜ ਦੀ ਮਲਕੀਅਤ ਬਾਰੇ ਲੜਾਈ ਚੱਲ ਰਹੀ ਏ ਜੋ ਦੋਹਾਂ ਧਿਰਾਂ ਦੀ ਮਲਕੀਅਤ ਨਹੀਂ ਉਥੇ ਰਹਿਣ ਵਾਲੇ ਵਾਸੀਆਂ ਦੀ ਮਲਕੀਅਤ ਏ। ਹੁਣ ਇਕ ਕਬੀਲਾ ਕਹਿੰਦਾ ਏ ਕਿ ਇਹ ਪਹਾੜ ਮੇਰਾ ਏ ਜਦ ਕਿ ਦੂਜਾ ਕਹਿੰਦਾ ਏ ਇਹ ਮੇਰਾ ਏ। ਏਸ ਮੇਰੇ-ਤੇਰੇ ਦੇ ਝਗੜੇ ਵਿਚ ਈ ਕੋਈ ਨਾ ਕੋਈ ਬੰਦਾ ਫੜ੍ਹ ਹੁੰਦਾ ਏ। ਏਸੇ ਝਗੜੇ ਕਾਰਨ ਅੱਜ ਮੇਰਾ ਪੁੱਤਰ ਮਰ ਗਿਆ ਏ। ਮੇਰਾ ਇਕੋ ਈ ਪੁੱਤ ਸੀ, ਇਹਦੇ ਵਿਚ ਸਾਹ ਪਾ ਦਿਓ।”

“ਮੈਂ ਬੁੱਢੜੀ ਨੂੰ ਆਖਿਆ! ਤੂੰ ਨਾਲ ਦੇ ਸ਼ਹਿਰ ਵਿਚ ਟੁਰ ਜਾ। ਉਥੇ ਦੇ ਇਕ ਅਜਿਹੇ ਘਰ ਵਿਚੋਂ ਸਰ੍ਹੋਂ ਦੇ ਬੀ ਦੀ ਮੁੱਠ ਭਰ ਕੇ ਲਿਆ ਜਿਸ ਘਰ ਦਾ ਕੋਈ ਜੀ ਕਦੀ ਨਾ ਮਰਿਆ ਹੋਵੇ।” ਬੁੱਢੜੀ ਨੇ ਇਕ ਇਕ ਘਰ ਭਾਲਿਆ ਪਰ ਉਹਨੂੰ ਕੋਈ ਵੀ ਘਰ ਅਜਿਹਾ ਨਾ ਮਿਲਿਆ ਜਿਸ ਦਾ ਕੋਈ ਜੀ ਨਾ ਮਰਿਆ ਹੋਵੇ। ਉਹ ਚੁੱਪ ਕਰਕੇ ਮੁੜ ਆਈ। ਮੈਂ ਉਹਨੂੰ ਆਖਿਆ, “ਹਰ ਜੀ ਨੇ ਮਰਨਾ ਏ ਪਰ ਇੰਜ ਨਹੀਂ ਕਰਨਾ ਜਿਵੇਂ ਸਾਕੀਆ ਤੇ ਕਵੱਲਿਆ ਕਬੀਲੇ ਦੇ ਜਵਾਨ ਪਏ ਮਰਦੇ ਨੇ। ਮੌਤ ਤੇ ਹਰ ਬੰਦੇ ਤੇ ਵਾਜਬ ਏ। ਮਰਨੋਂ ਬਾਝ ਛੁਟਕਾਰਾ ਨਹੀਂ ਪਰ ਇਕ ਦੂਜੇ ਨਾਲ ਲੜਨਾ, ਉਹਨਾਂ ਨੂੰ ਦੁੱਖ ਦੇਣਾ, ਜਾਂ ਕਤਲ ਕਰਨਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ।”

ਉਹਦੀ ਮਤਰੇਈ ਮਾਂ ਕਰਿਸ਼ਮਾ ਗੌਤਮੀ ਨੇ ਆਖਿਆ, “ਜਿਵੇਂ ਤੂੰ ਭਿੱਖਸ਼ੂਆਂ ਦੀ ਜਮਾਤ ਉਸਾਰੀ ਏ ਉਵੇਂ ਈ ਤੀਵੀਆਂ ਦੀ ਵੀ ਇਕ ਜਮਾਤ ਦੀ ਵੀ ਲੋੜ ਏ।”

ਗੌਤਮ ਨੇ ਉਹਨੂੰ ਆਖਿਆ, “ਨਿੱਤ ਦੀਆਂ ਲਾਮਾਂ ਲੜ ਲੜ ਕੇ ਮਰਦਾਂ ਦੀ ਗਿਣਤੀ ਤੀਵੀਆਂ ਨਾਲੋਂ ਘਟ ਰਹੀ ਏ। ਇਹਦੇ ਵਿਚ ਸਾਰਾ ਕਸੂਰ ਮਰਦਾਂ ਦਾ ਏ। ਲੜਾਈ ਦਾ ਸਭ ਨਾਲੋਂ ਜ਼ਿਆਦਾ ਅਸਰ ਤੀਵੀਆਂ ਉੱਤੇ ਹੁੰਦਾ ਏ। ਸਾਡੇ ਵਸੇਬ ਤੇ ਸਮਾਜ ਦੀ ਉਸਾਰੀ ਵਿਚ ਤੀਵੀਆਂ ਵੀ ਓਨਾ ਈ ਭਰਪੂਰ ਹਿੱਸਾ ਪਾ ਸਕਦੀਆਂ ਨੇ ਜਿੰਨਾ ਕਿ ਮਰਦ।”

ਕਪਲ-ਵਸਤੂ ਦਾ ਰਾਜਪਾਟ, ਰਾਜਕੁਮਾਰੀ ਯਸ਼ੋਧਰਾ ਤੇ ਨਿੱਕੇ ਜਿਹੇ ਰਾਹੁਲ ਨੂੰ ਸੁੱਤਿਆਂ ਛੱਡ ਕੇ ਬੇਲੇ ਟੁਰ ਜਾਣ ਵਾਲਾ ਗੌਤਮ ਤਿੰਨ ਦਿਨ ਪਹਿਲਾਂ ਬਿਲਕੁੱਲ੍ਹ ਜਿਉਂਦਾ ਜਾਗਦਾ ਸੀ।

ਉਹ ਕੋਈ ਪੈਗੰਬਰ ਨਹੀਂ ਸੀ, ਨਾ ਈ ਕਿਸੇ ਧਰਮ ਦੀ ਨੀਂਹ ਰੱਖਣ ਵਾਲਾ ਕੋਈ ਅਵਤਾਰ। ਉਹ ਤਾਂ ਆਪਣੀਆਂ ਇੱਛਾਵਾਂ ਨੂੰ ਤਿਆਗਣ ਵਾਲਾ ਅਜਿਹਾ ਰਾਜਕੁਮਾਰ ਸੀ ਜਿਹੜਾ ਆਪਣੀ ਸ਼੍ਰੇਣੀ ਛੱਡ ਕੇ ਆਮ ਲੋਕਾਈ ਵਿਚ ਆਣ ਰਲਿਆ ਤੇ ਗਿਆਨ ਹਾਸਲ ਕਰਨ ਲਈ ਜੰਗਲ-ਬੇਲੇ ਘੁੰਮਣ ਲੱਗ ਪਿਆ। ਕਹਿੰਦੇ ਨੇ ਜ਼ਰ, ਜ਼ਮੀਨ ਮਨੁੱਖੀ ਜੀਵਨ ਦੀਆਂ ਵੱਡੀਆਂ ਲੋੜਾਂ ਨੇ।

ਕਈ ਬੰਦੇ ਚੰਗੇ ਜਾਂ ਮੰਦੇ ਢੰਗ ਨਾਲ ਇਹਨਾਂ ਨੂੰ ਹਾਸਲ ਕਰਨ ਦੀ ਲੜਾਈ ਵਿਚ ਪੂਰੀ ਤਰ੍ਹਾਂ ਜ਼ਿੰਦਗੀ ਵਿਚ ਜੁੱਪੇ ਰਹਿੰਦੇ ਨੇ। ਗ਼ੌਤਮ ਨੇ ਜ਼ੂਨ, ਜ਼ਰ ਤੇ ਜ਼ਮੀਨ ਤੇ ਨਾਲ ਇਕ ਨਵੇਂ ਜੰਮੇ ਪੁੱਤ ਨੂੰ ਵੀ ਛੱਡ ਦਿੱਤਾ। ਸ਼ਾਇਦ ਸੱਚ ਨੂੰ ਹਾਸਲ ਕਰਨਾ ਉਹਦੇ ਲਈ ਇਹਨਾਂ ਸਾਰੀਆਂ ਲੋੜਾਂ ਤੋਂ ਜ਼ਿਆਦਾ ਜ਼ਰੂਰੀ ਸੀ।

“ਹਾਂ! ਹਾਂ! ਬਸ ਤਿੰਨ ਦਿਨ ਪਹਿਲਾਂ ਦੀ ਗੱਲ ਏ ਉਹ ਬਿਲਕੁੱਲ ਜਿਉਂਦਾ ਜਾਗਦਾ ਸਾਡੇ ਮੁਹੱਲੇ ਵਿਚੋਂ ਲੰਘਿਆ ਸੀ। ਉਹ ਕੱਲਾ ਨਹੀਂ ਸੀ ਸਗੋਂ ਉਹਦੇ ਨਾਲ ਸੱਚ ਨੂੰ ਭਾਲਣ ਵਾਲਿਆਂ ਦੀ ਇਕ ਪੂਰੀ ਢਾਣੀ ਸੀ ਜੋ ਬੀਹੇ ਦੀ ਬੂਹੇ-ਬੂਹੇ ਜਾ ਕੇ ਕੁੰਡੀ



ਖੜਕਾਉਂਦੇ ਤੇ ਭਿੱਖਿਆ ਵਿਚ ਜੋ ਕੁਝ ਵੀ ਮਿਲਦਾ ਉਹਨੂੰ ਰਲ਼ ਕੇ ਖਾ ਲੈਂਦੇ। ਉਹ ਸਾਰੇ ਇਕੋ ਜਿਹੇ ਸਨ। ਨੰਗੇ ਸਿਰ, ਨੰਗੇ ਪੈਰ ਤੇ ਥੋੜ੍ਹੇ ਜਿਹੇ ਕੇਸਰੀ ਲੀੜਿਆਂ ਨਾਲ ਆਪਣੇ ਆਪਣੇ ਪਿੰਡੇ ਨੂੰ ਲੁਕਾਇਆ ਹੋਇਆ ਸੀ।”

ਮੈਂ ਗੌਤਮ ਨੂੰ ਪੁੱਛਿਆ, “ਬਾਬਾ! ਤੂੰ ਚੰਮ ਦੀਆਂ ਜੁੱਤੀਆਂ ਦੀ ਥਾਂ ਲੱਕੜ ਦੀਆਂ ਖੜਾਵਾਂ ਕਿਉਂ ਪਾਈਆਂ ਹੋਈਆਂ ਨੇਂ? ਤੇਰੇ ਪੈਰ ਨਹੀਂ ਦੁੱਖਦੇ?” ਉਹਦੇ ਸੁੱਕੇ ਹੋਏ ਬੁੱਲ੍ਹ ਕੰਬੇ ਅਤੇ ਇਕ ਨਰਮ ਜਿਹੀ ਆਵਾਜ਼ ਆਈ: “ਖੜਾਵਾਂ ਪਾਉਣ ਦਾ ਕਾਰਨ ਇਹ ਏ ਕਿ ਇਹਨਾਂ ਦੀ ਆਵਾਜ਼ ਸੁਣ ਕੇ ਕੀੜੇ-ਕੀੜੀਆਂ ਤੇ ਸੱਪ-ਠੂੰਹੇਂ ਇਧਰ-ਉਧਰ ਹੋ ਜਾਣ ਤੇ ਮੇਰੇ ਪੈਰਾਂ ਹੇਠ ਆ ਕੇ ਮਰਨ ਤੋਂ ਬਚ ਜਾਣ।”

“ਤੁਹਾਡੇ ਮੂੰਹ ਉੱਤੇ ਦੁੱਖ ਤੇ ਥਕੇਵਾਂ ਕਾਹਦਾ ਏ?” ਮੈਂ ਪੁੱਛਿਆ।

“ਦੁਨੀਆਂ ਦੁੱਖਾਂ ਦਾ ਘਰ ਏ। ਇਥੇ ਕੌਣ ਹੈ ਜੋ ਸੁਖੀ ਏ। ਸਿਰਫ਼ ਉਹੀ ਸੁਖੀ ਏ ਜਿਸਦੇ ਅਮਲ ਚੰਗੇ ਹਨ ਜੋ ਦੁਨੀਆਂ ਨੂੰ ਦੁੱਖ ਨਹੀਂ ਦੇਂਦਾ। ਮੈਂ ਗਵਾਂਢ ਦੀ ਰਿਆਸਤ ਨੂੰ ਜਾ ਰਿਹਾਂ। ਸੁਣਿਆ ਏ ਉਥੇ ਦੇ ਵਾਸੀ ਦੁੱਖ, ਭੁੱਖ ਤੇ ਬੀਮਾਰੀਆਂ ਵਿਚ ਫਸੇ ਹੋਏ ਨੇ।”

ਤੇ ਉਹ ਅਮਨ, ਸੁੱਖ ਤੇ ਚੈਨ ਦਾ ਸੁਨੇਹਾ ਲੈ ਕੇ ਗਵਾਂਢੀ ਰਿਆਸਤ ਵੱਲ ਵਧਿਆ। ਉਹਨੇ ਵੇਖਿਆ ਰਿਆਸਤ ਦੇ ਹਰ ਵਾਸੀ ਨੇ ਆਪਣੇ ਗਲ਼ ਵਿਚ ਹਾਰਾਂ ਤੇ ਕਿਤਾਬਾਂ ਦੀ ਥਾਂ ਲੋਹੇ ਦੇ ਕੜੇ ਜਿਹੇ ਪਾਏ ਹੋਏ ਨੇ ਜਿਹਨਾਂ ਨੂੰ ਉਹ ਸੰਕੂਕ ਦਾ ਨਾਂ ਦੇਂਦੇ ਸਨ। ਹਰ ਪਾਸਿਓਂ ਬਾਰੂਦ ਦੀ ਬਦਬੂ ਤੇ ਪਟਾਕਿਆਂ ਦੀਆਂ ਆਵਾਜ਼ਾਂ ਆ ਰਹੀਆਂ ਸੀ। ਲੋਕੀ ਦੁੱਖ ਤੇ ਭੁੱਖ ਦੇ ਮਾਰੇ ਹਾਏ-ਹਾਏ ਕਰ ਰਹੇ ਸਨ। ਪਹਿਲੇ ਦੂਜੇ ਦੇਸ਼ਾਂ ਵੱਲ ਨੱਸ ਗਏ ਸਨ। ਬਾਕੀ ਮਰ ਗਏ ਸਨ। ਜੋ ਜ਼ਿੰਦਾ ਸਨ ਉਹ ਮਰਿਆਂ ਨਾਲੋਂ ਵੀ ਭੈੜੀ ਹਾਲਤ ਵਿਚ ਸਨ। ਨਿੱਤ-ਨਿੱਤ ਦੀ ਲੜਾਈ ਨੇ ਕਿਸੇ ਦੀ ਲੱਤ, ਕਿਸੇ ਦੀ ਅੱਖ, ਕਿਸੇ ਦਾ ਹੱਥ ਵੰਜਾਹ ਛੱਡਿਆ ਸੀ।

ਗੌਤਮ ਨੇ ਰਾਹ ਜਾਂਦੇ ਇਕ ਬੰਦੇ ਨੂੰ ਪੁੱਛਿਆ, “ਭਾਈ ਕੀਹ ਗੱਲ ਏ ਤੁਹਾਡੀ ਰਿਆਸਤ ਵਿਚ ਏਡੀ ਵਿਰਾਨੀ ਕਾਹਨੂੰ ਏ? ਕੋਈ ਕੋਈ ਬੱਚਾ, ਕੋਈ ਤੀਵੀਂ, ਕੋਈ ਜਵਾਨ ਨਜ਼ਰ ਨਹੀਂ ਆਉਂਦਾ। ਜੇ ਕੋਈ ਹੈ ਵੀ ਤਾਂ ਉਹ ਨਾ ਹੋਇਆਂ ਵਰਗਾ ਲੱਗਦਾ ਏ। ਨਾਲੇ ਤੁਸੀਂ ਇਕ ਦੂਜੇ ਨਾਲ ਕਿਉਂ ਲੜਦੇ ਓ? ਲੜਨਾ ਭਿੜਨਾ ਬੰਦ ਕਰੋ: ਤੁਸੀਂ ਦੁੱਖਾਂ-ਦਰਦਾਂ, ਭੁੱਖਾਂ, ਬੀਮਾਰੀਆਂ ਨਾਲ ਕਿਉਂ ਨਹੀਂ ਲੜਦੇ?”

“ਇੰਜ ਲੱਗਦਾ ਏ ਜਿਵੇਂ ਤੂੰ ਸਾਡੀ ਰਿਆਸਤ ਵਿਚ ਪਹਿਲੀ ਵਾਰ ਵੜ੍ਹਿਆ ਏਂ! ਸ਼ਾਇਦ ਤੈਨੂੰ ਪਤਾ ਨਹੀਂ ਕਿ ਇੱਥੇ ਸਿਰਫ਼ ਸਾਡੇ ਧਰਮ ਨੂੰ ਮੰਨਣ ਵਾਲੇ ਹੀ ਰਹਿ ਸਕਦੇ ਨੇਂ। ਮੈਨੂੰ ਲੱਗਦਾ ਏ ਤੂੰ ਕਿਸੇ ਹੋਰ ਧਰਮ ਦਾ ਬੰਦਾ ਏਂ?”

“ਨਾ ਮੇਰਾ ਕੋਈ ਧਰਮ ਏ ਤੇ ਨਾ ਈ ਮੈਂ ਕਿਸੇ ਧਰਮ ਦੇ ਵਿਰੁੱਧ ਆਂ। ਸਾਰੇ ਧਰਮ ਨੇਕੀ ਦਾ ਪੈਗ਼ਾਮ ਦੇਂਦੇ ਨੇ। ਮੈਂ ਤੇ ਬੰਦੇ ਦੀ ਜ਼ਿੰਦਗੀ ਨੂੰ ਸਿਰਫ਼ ਚਾਰ ਚੀਜ਼ਾਂ ਵਿਚ ਵੰਡਿਆ ਏ। ਭੁੱਖ, ਬੁਢਾਪਾ, ਬੀਮਾਰੀ ਤੇ ਮੌਤ। ਇਸ ਤੋਂ ਵਧ ਕੇ ਬੰਦਾ ਹੋਰ ਕੁਝ ਨਹੀਂ। ਜਿਹਨੇ ਇਹਨਾਂ ਚਾਰਾਂ ਨੂੰ ਪਾ ਲਿਆ, ਸੱਚ ਤੋਂ ਵੱਡੀ ਸ਼ੈਅ ਹੋਰ ਕੀ ਹੋ ਸਕਦੀ ਏ।” ਏਨਾ ਸੁਣਿਆ ਸੀ ਕਿ ਉਸ ਬੰਦੇ ਨੇ ਰੌਲਾ ਪਾ ਦਿੱਤਾ ਤੇ ਵੇਖਦਿਆਂ ਈ ਵੇਖਦਿਆਂ ਉਹਦੇ ਵਰਗੇ ਚੋਖੇ ਸਾਰੇ ਬੰਦੇ ਕੱਠੇ ਹੋ ਗਏ।

ਇਕ ਦੂਸਰੀ ਢਾਣੀ ਨੇ ਪੁੱਛਿਆ, "ਕੀਹ ਗੱਲ ਏ ? ਭਗਵੇਂ ਕੱਪੜਿਆਂ ਵਾਲਾ ਸਾਧੂ ਕੌਣ ਏ ਤੇ ਤੁਸੀਂ ਸਾਰੇ ਇਹਦੇ ਪਿੱਛੇ ਕਿਉਂ ਪਏ ਓ ?"

"ਨਾਲ ਦੀ ਰਿਆਸਤ ਦਾ ਕੋਈ ਜੋਗੀ ਸਾਡੀ ਬੁੱਧੀ ਨੂੰ ਖ਼ਰਾਬ ਕਰਨ ਲਈ ਸੋਹਣੀਆਂ ਅਕਲੀ ਬਾਂਦਰ-ਬਾਂਦਰੀਆਂ ਵਿਖਾ ਕੇ ਸਾਨੂੰ ਬੇ-ਖ਼ੌਫ਼ ਬਣਾਉਣ ਡੇਹਾ ਏ।"

"ਇਹਨੂੰ ਛੱਡ ਦਿਓ। ਇਹਨੇ ਕੋਈ ਵੀ ਮਾੜੀ ਗੱਲ ਮੂੰਹੋਂ ਨਹੀਂ ਕੱਢੀ, ਇਹ ਠੀਕ ਕਹਿੰਦਾ ਏ।" ਇਕ ਬੰਦੇ ਨੇ ਆਖਿਆ।

"ਤੂੰ ਸਾਡੇ ਧਰਮ ਦਾ ਹੋ ਕੇ ਸਾਨੂੰ ਕੁਰਾਹੇ ਪਾ ਰਿਹਾ ਏਂ ?" ਇਕੋ ਇਕ ਹੋਰ ਬੋਲਿਆ।

"ਗੱਲ ਧਰਮ ਦੀ ਨਹੀਂ, ਸੱਚ ਦੀ ਸਿੱਖਿਆ ਦੇਂਦੇ ਆਏ ਨੇ।" ਉਹਨੇ ਆਖਿਆ ਪਰ ਉਸ ਦੀ ਗੱਲ ਕਿਸੇ ਨਾ ਸੁਣੀ ਤੇ ਸਾਰੇ ਗ਼ੌਤਮ ਨੂੰ ਧਰੂੰਦਿਆਂ ਇਕ ਵੱਡੀ ਪਹਾੜੀ ਦੇ ਲਾਗੇ ਲੈ ਗਏ। ਫੇਰ ਇਕ ਜ਼ੋਰ ਦਾ ਧਮਾਕਾ ਹੋਇਆ ਤੇ ਜਦੋਂ ਧੂੜ ਬੈਠੀ ਤਾਂ ਪਹਾੜ ਦੇ ਚਾਰੇ ਪਾਸੇ ਗ਼ੌਤਮ ਦੇ ਹੱਥ ਖਿੱਲਰੇ ਹੋਏ ਸਨ।

ਹਾਲੀ ਤਿੰਨ ਦਿਨ ਪਹਿਲਾਂ ਤੀਕਰ ਉਹ ਜੋਗੀ ਰਾਜਕੁਮਾਰ ਜਿਉਂਦਾ ਜਾਗਦਾ ਸੀ। ਉਹਦੇ ਮੂੰਹ ਤੇ ਸੱਚ ਦਾ ਨੂਰ ਲਸ਼-ਲਸ਼ ਪਿਆ ਕਰਦਾ ਸੀ। ਗੌਤਮ, ਜਿਹਨੂੰ ਭੁੱਖ, ਇਕਲਾਪਾ ਤੇ ਵੀਰਾਨੀ ਦੇ ਨਾਲ-ਨਾਲ ਸਦੀਆਂ ਦੇ ਹਨ੍ਹੇਰੇ ਵਿਚ ਡੁੱਬੀ ਤਾਰੀਖ਼ ਵੀ ਕਤਲ ਨਾ ਕਰ ਸਕੀ, ਗਵਾਂਢੀ ਰਿਆਸਤ ਦੇ ਕੁੱਝ ਬੰਦਿਆਂ ਹੱਥੋਂ ਕਤਲ ਹੋ ਗਿਆ।

ਸੁਣਿਆ ਏ ਉਸ ਰਿਆਸਤ ਵਿਚ ਅਮਨ ਤੇ ਭੁੱਖ ਚੈਨ ਦੀਆਂ ਨਿਸ਼ਾਨੀਆਂ ਇਨਸਾਨੀਅਤ ਦਾ ਇਤਬਾਰ ਬਣਿਆ ਸੀ। ਹੁਣ ਉਹਨਾਂ ਬਦਨਸੀਬਾਂ ਤੇ ਕੋਈ ਕੀਹ ਇਤਬਾਰ ਕਰੇਗਾ ਜੋ ਨੇਕ ਬੰਦਿਆਂ ਦੇ ਕਤਲ ਨੂੰ ਵੀ ਸ਼ਵਾਬ ਦਾ ਨਾਂ ਦੇਂਦੇ ਪਏ ਨੇ।



# ਹਿਜਰਤ

**— ਮਲਿਕ ਮਿਹਰ ਅਲੀ**

***(02-11-1966)***

ਇਹ ਰੂਹਾਂ ਨੂੰ ਸਿਉਂਕ ਲੱਗਣ ਤੋਂ ਕੁਝ ਸਾਲ ਪਹਿਲਾਂ ਦੀ ਗੱਲ ਏ।

ਭਾਵੇਂ ਕਿ ਬੀਤੇ ਵਰ੍ਹੇ ਇਕ ਨਾਮੀ-ਗਰਾਮੀ ਬਾਜ਼ੀਗਰ ਆਪਣੇ ਕੱਦ ਤੋਂ ਵੱਡੀ ਛਾਲ ਮਾਰਨ ਵਾਲਾ ਕਰਤਵ ਵਿਖਾਉਂਦਾ, ਆਪਣੇ ਹੱਥ-ਪੈਰ ਭੰਨਾ ਬੈਠਾ ਸੀ, ਮੁੜ ਫੇਰ ਵੀ ਇਸ ਸਾਲ ਉੱਚੇ ਟਿੱਬੇ 'ਤੇ ਪੂਰੀ ਵਸੋਂ ਦੇ ਨਿੱਕੇ ਵੱਡੇ ਕਰਤਵਬਾਜ਼, ਮਦਾਰੀ ਅਤੇ ਬਾਜ਼ੀਗਰ ਵੰਨ-ਸਵੰਨੇ ਤਮਾਸ਼ੇ ਅਤੇ ਖੇਡਾਂ ਵਿਖਾਉਣ ਲਈ ਇਕੱਠੇ ਹੋ ਗਏ। ਉਨ੍ਹਾਂ ਵਿਚ ਕੁਝ ਅਜੇਹੇ ਵੀ ਸਨ ਜਿਨ੍ਹਾਂ ਦੇ ਤਮਾਸ਼ਿਆਂ ਦੀ ਮਸ਼ਹੂਰੀ ਪੂਰੇ ਜਗਤ ਵਿਚ ਸੀ। ਹੱਥ-ਪੈਰ ਭੰਨਾਉਣ ਵਾਲੇ ਕਰਤਵਬਾਜ਼ ਤਾਂ ਪਿਛਲੇ ਵਰ੍ਹੇ ਇੰਜ ਡਰੇ ਕਿ ਉਹ ਤਮਾਸ਼ਾ ਕਰਨ ਦਾ ਕੰਮ ਛੱਡ ਕੇ, ਤਮਾਸ਼ਾ ਵੇਖਣ ਵਾਲਿਆਂ ਵਿਚ ਰਲ ਗਏ। ਤਮਾਸ਼ਾ ਵੇਖਣ ਲਈ ਬੜੀ ਖ਼ਲਕਤ ਇਕੱਠੀ ਹੋਈ।

ਤਮਾਸ਼ਾ ਸ਼ੁਰੂ ਹੋਇਆ ਤਾਂ ਨਿੱਕੇ-ਨਿੱਕੇ ਕਰਤਵਾਂ ਮਗਰੋਂ ਇਕ ਮਦਾਰੀ ਆਖਣ ਲੱਗਾ:

"ਅਸੀਂ ਖ਼ਾਸ ਵਰਕਾਂ ਉੱਤੇ ਇਕ ਅਨੋਖਾ ਤਵੀਤ ਬਣਾਇਆ ਏ, ਇਹਦੇ ਅਸਰ ਨਾਲ ਜੰਗਲੀ-ਜੀਵ ਬੰਦਿਆਂ ਦੇ ਰੂਪ ਵਿਚ ਆ ਜਾਂਦੇ ਨੇ ।" ਇਸ ਨਾਲ ਹੀ ਉਸ ਪਰਦਾ ਚੁੱਕ ਕੇ ਇਕ ਔਰਤ ਅਤੇ ਇਕ ਬੰਦਾ ਵਿਖਾਇਆ ਤੇ ਦੱਸਿਆ ਕਿ "ਇਹ ਔਰਤ ਪਹਿਲਾਂ ਲੂੰਬੜੀ ਤੇ ਬੰਦਾ ਪਹਿਲਾਂ ਬਘਿਆੜ ਸੀ। ਇਹ ਰੂਪ ਇਨ੍ਹਾਂ ਨੂੰ ਸਾਡੇ ਤਵੀਤ ਨਾਲ ਮਿਲਿਆ ਏ ।"

ਐਨੇ ਨੂੰ ਜਿਹੜਾ ਸਰੀਰ ਤੋਂ ਬਾਜ਼ੀਗਰ ਲੱਗਦਾ ਸੀ, ਤਵੀਤ ਦੀਆਂ ਸਿਫ਼ਤਾਂ ਕਰਦਿਆਂ ਆਖਣ ਲੱਗਾ, "ਇਸ ਤਵੀਤ ਦਾ ਅਸਲ ਕੰਮ ਤਾਂ ਬੰਦਿਆਂ ਦੇ ਸੁੱਤੇ ਭਾਗ ਜਗਾਉਣਾ ਤੇ ਵਖਤਾਂ ਵਾਲੀਆਂ ਮਿਟੀਆਂ ਲੀਕਾਂ ਮੁੜ ਜੀਵਤ ਕਰਨਾ ਏ। ਕਈ ਵਾਰੀ ਇਸ ਲਾ-ਇਲਾਜ ਮਰਜ਼ਾਂ, ਸਣੇ-ਨਿਸ਼ਾਨਾਂ ਦੇ ਇੰਝ ਮਿਟਾਈਆਂ ਨੇ ਕਿ ਬੰਦੇ ਉਨ੍ਹਾਂ ਮਰਜ਼ਾਂ ਦਾ ਨਾਂ ਵੀ ਭੁੱਲ ਗਏ ਨੇ। ਦੁਨੀਆ ਦਾ ਕਿਹੜਾ ਕੰਮ ਏ ਜਿਹੜਾ ਇਹਦੇ ਨਾਲ ਨਹੀਂ ਹੁੰਦਾ। ਹੋਰ ਤੇ ਹੋਰ ਇਹਦੇ ਨਾਲ ਤਾਂ ਭੁੰਨੇ ਵੀ ਉੱਗ ਪੈਂਦੇ ਨੇ। ਜਿਹਨੂੰ ਇਹਦੀ ਲੋੜ ਏ ਵੱਡੇ ਡੇਰੇ ਪਹੁੰਚ ਜਾਵੇ।"

ਇਹੋ ਜੇਹੀਆਂ ਗੱਲਾਂ ਨਾਲ ਉਨ੍ਹਾਂ ਤਮਾਸ਼ਾ ਵੇਖਣ ਵਾਲਿਆਂ ਨੂੰ ਇੰਝ ਕੀਲਿਆ ਕਿ ਕਈ ਆਪਣੇ ਸੁੱਤੇ ਭਾਗ ਜਗਾਉਣ ਤੇ ਮੱਥੇ ਦੀਆਂ ਲੀਕਾਂ ਦੇ ਵਲ਼ ਸਿੱਧੇ ਹੋਣ ਦੀ ਆਸ ਉੱਤੇ ਮੂੰਹ ਮੰਗੀ ਕੀਮਤ ਦੇ ਕੇ ਤਵੀਤ ਲੈਣ ਲਈ ਤਿਆਰ ਹੋ ਗਏ। ਵੱਡੇ ਡੇਰੇ ਪੈਰ

ਰੱਖਣ ਦੀ ਥਾਂ ਵੀ ਨਾ ਬਚੀ। ਖ਼ੈਰ, ਤਵੀਤ ਲੈਣ ਵਾਲਿਆਂ ਦੇ ਘਰਾਂ ਵਿਚ ਕੁਝ ਵੀ ਨਾ ਬਚਿਆ, ਜਿਸ ਕੋਲ ਜੋ ਵੀ ਸੀ ਉਸ ਦਾਅ ਤੇ ਲਾ ਦਿੱਤਾ। ਹੋਰ ਤੇ ਹੋਰ ਕਈਆਂ ਆਪਣੇ ਬੋਲ ਵੀ ਬੋਲੀ ਵਿਚ ਲਾ ਦਿੱਤੇ।

ਭਲੇ ਵੇਲਿਆਂ ਵਿਚ ਮਸਤ-ਮਜਾਜ਼ੀ ਤੇ ਰੋਸ਼ਨ-ਦਿਮਾਗ਼ ਲੋਕਾਂ ਦੇ ਡੇਰੇ ਵੀ, ਲੋਕ ਚਾਨਣ ਵਾਲੇ ਤਵੀਤ ਲੈਣ ਲਈ ਇੰਝ ਹੀ ਆਉਂਦੇ ਸਨ। ਉਦੋਂ ਬੰਦੇ ਜੰਮਦੇ ਬੱਚੇ ਦੇ ਮੂੰਹ ਵਿਚ ਗਿਆਨ ਦੀ ਗੁੜ੍ਹਤੀ ਵੇਲੇ ਗਲ਼ ਵਿਚ ਰੋਸ਼ਨੀ ਦਾ ਤਵੀਤ ਇੱਕਠਾ ਹੀ ਪਾ ਦਿੰਦੇ ਸਨ। ਉਸ ਵੇਲੇ ਜਾਗਰੂਪ ਲੋਕਾਂ ਦੀ ਬੜੀ ਮਾਣਤਾ ਸੀ। ਬੰਦੇ ਉਹਦਾ ਮੁਰੀਦ ਹੋਣ ਨੂੰ ਉੱਚਿਆਂ ਤਖ਼ਤਾਂ ਜਾਂ ਪਹੁੰਚੇ ਹੋਏ ਦੀ ਨਿਸ਼ਾਨੀ ਦੱਸਦੇ ਤੇ ਮੰਨਦੇ ਸਨ। ਮੁੜ ਜਿਉਂ ਜਿਉਂ ਮਦਾਰੀਆਂ ਤੇ ਬਾਜ਼ੀਗਰਾਂ ਦਾ ਫੇਰ ਜ਼ੋਰ ਵਧਿਆ, ਰੋਸ਼ਨ ਦਿਮਾਗ਼ਾਂ ਦੀ ਮਾਣਤਾ ਤੇ ਉਨ੍ਹਾਂ ਦੇ ਗਿਆਨ ਦੇ ਤਵੀਤ ਦਾ ਰਿਵਾਜ਼ ਘਟਦਾ ਗਿਆ, ਪਰ ਹੁਣ ਦਾ ਵੇਲਾ ਰੋਸ਼ਨੀਆਂ ਵੰਡਣ ਵਾਲਿਆਂ ਲਈ ਤਾਂ ਹੋਰ ਵੀ ਔਖਾ ਹੋ ਗਿਆ ਹੈ।

ਇਨ੍ਹਾਂ ਔਖੇ ਵੇਲਿਆਂ ਵਿਚ ਇਕ ਦਿਨ ਜਦੋਂ ਰੋਸ਼ਨੀਆਂ ਵੰਡਣ ਵਾਲਿਆਂ ਵੱਡੇ ਡੇਰੇ ਨਜ਼ਰ ਮਾਰੀ ਤਾਂ ਉਹ, ਉਨ੍ਹਾਂ ਨੂੰ ਇਕ ਆੜ੍ਹਤ ਵਾਂਗ ਲੱਗੀ। ਉਹ ਨੇ ਵੇਖਿਆ ਕਿ ਵਿਕਣ ਵਾਲੀ ਇਕੋ-ਇਕ ਜਿਣਸ ਮਦਾਰੀਆਂ ਵਾਲਾ ਤਵੀਤ ਹੀ ਰਹਿ ਗਿਆ ਹੈ, ਪਰ ਉਹ ਨੂੰ ਬੰਨਣ ਵਾਲੇ ਲੋਕ ਵੰਨ-ਸਵੰਨੀਆਂ ਆਪੋ ਆਪਣੀਆਂ ਕੀਮਤੀ ਚੀਜ਼ਾਂ ਦੇਈ ਜਾਂਦੇ ਹਨ। ਉਸ ਬੰਦਿਆਂ ਨੂੰ ਸਲਾਹਾਂ ਦਿੱਤੀਆਂ ਕਿ ਉਹ ਸੋਨੇ ਬਦਲੇ ਪਿੱਤਲ ਨਾ ਲੈਣ ਪਰ ਉਸਦੀ ਕਿਸੇ ਨਾ ਸੁਣੀ। ਉਲਟਾ ਉਨ੍ਹਾਂ ਵਿਚੋਂ ਕਈਆਂ ਉਸਦੀਆਂ ਗੱਲਾਂ ਦੀ ਸ਼ਿਕਾਇਤ ਵੱਡੇ ਡੇਰੇ ਵਾਲੇ ਕੋਲ ਜਾ ਕੀਤੀ।

ਦਿਨ ਢਲਦੇ ਹੀ ਵੱਡੇ ਡੇਰੇ ਵਾਲਾ ਉਲ੍ਹਾਂਮਾ ਦੇਣ ਰੋਸ਼ਨੀਆਂ ਵਾਲੇ ਕੋਲ ਆ ਗਿਆ ਤੇ ਆ ਕੇ ਆਖਣ ਲੱਗਾ, "ਪਿਉ ਦਾਦੇ ਤੋਂ ਤਾਂ ਤੇਰੇ ਲੜ੍ਹ ਲੱਗੇ ਨਹੀਂ ਪਰ ਸਾਨੂੰ ਅੱਜ ਤਾਈਂ ਭੁੱਖ-ਨੰਗ ਤੇ ਔਖਿਆਂਈਆਂ ਤੋਂ ਬਿਨਾਂ ਮਿਲਿਆ ਕੀ ? ਤੇਰੇ ਆਪਣੇ ਕੋਲੋਂ ਤਾਂ ਕੁਝ ਹੁੰਦਾ ਨਹੀਂ, ਜੇ ਕਿਸੇ ਹੋਰ ਪਾਸਿਓਂ ਸਾਡੀ ਕਿਸਮਤ ਦੀ ਝੋਲੀ 'ਚ ਕੁਝ ਪੈਣ ਲੱਗਾ ਏ, ਤੈਨੂੰ ਉਹ ਵੀ ਨਹੀਂ ਜਰਿਆ ਜਾਂਦਾ।"

ਰੋਸ਼ਨੀ ਵਾਲਾ ਅੱਗੋਂ ਬੋਲਿਆ, "ਝੂਠੇ ਲਾਰਿਆਂ ਦਾ ਫ਼ਾਇਦਾ ਨਹੀਂ, ਜਿਹੜਾ ਕੋਲ ਏ ਤੁਹਾਥੋਂ ਲੁਕੋਇਆ ਨਹੀਂ, ਤੁਹਾਨੂੰ ਹੁਣ ਕੋਈ ਮਾੜੀ ਔਖਿਆਈ ਆਈ ਏ। ਨੀਵੀਂ ਉੱਚੀ ਤਾਂ ਚਲਦੀ ਰਹਿੰਦੀ ਏ। ਲੰਮਿਆਂ ਪੈਂਡਿਆਂ ਵਿਚ ਟੋਏ-ਟਿੱਬੇ ਤਾਂ ਆਉਂਦੇ ਰਹਿੰਦੇ ਨੇ, ਪਰ ਇਨ੍ਹਾਂ ਦੇ ਡਰੋਂ ਅੱਜ ਤਾਈਂ ਤੁਹਾਡੇ ਵਾਂਗ ਨਾ ਕਿਸੇ ਰਾਹ ਛੱਡਿਆ, ਨਾ ਛੱਡਣਾ ਏ। ਰਹੀ ਗੱਲ ਲੇਖਾਂ ਤੇ ਹੱਥ ਦੀਆਂ ਲਕੀਰਾਂ ਦੀ, ਇਹ ਕਿਸੇ ਮਦਾਰੀ ਦੇ ਕਰਤਵ ਨਾਲ ਜਾਂ ਉਹਦੇ ਤਵੀਤ ਨਾਲ ਸਿੱਧੀਆਂ ਨਹੀਂ ਹੋਣੀਆਂ, ਨਾ ਹੀ ਹੁੰਦੀਆਂ ਨੇ। ਜਦੋਂ ਵੀ ਹੋਈਆਂ ਨੇ ਉਸ ਪਰਮਾਤਮਾ ਦੀ ਮਿਹਰ ਨਾਲ ਈ ਸਿੱਧੀਆਂ ਹੋਣਗੀਆਂ। ਤੁਹਾਡੇ ਹੱਥ ਮਦਾਰੀ ਦਾ ਤਵੀਤ ਕੀ ਆਇਆ ਏ ਤੁਸਾਂ ਤਾਂ ਹਰ ਚੀਜ਼ ਛੱਡ ਦਿੱਤੀ ਏ।"

ਡੇਰੇ ਵਾਲੇ ਨੇ ਅੱਗੋਂ ਜਵਾਬ ਦਿੱਤਾ, "ਅਸੀਂ ਕੋਈ ਅਲੋਕਾਰੀ ਤਵੀਤ ਨਹੀਂ ਲਏ, ਹੁਣ ਤਾਂ ਇਨ੍ਹਾਂ ਦਾ ਰਿਵਾਜ ਪੂਰੇ ਸੰਸਾਰ ਵਿਚ ਹੋ ਗਿਆ ਏ। ਅਸੀਂ ਤਾਂ ਹੁਣ ਤੱਕ ਕਿਸੇ ਨੂੰ ਘਾਟਾ ਪੈਂਦਾ ਨਹੀਂ ਸੁਣਿਆ ਤੇਰੀ ਸੋਚ ਤੇ ਬੜਾ ਤੁਰ ਲਿਆ। ਅੱਧੀ ਉਮਰ ਰਾਹ



ਦੇ ਕੰਡਿਆਂ ਵਿਚ ਲੰਘ ਗਈ ਏ। ਅੱਗੋਂ ਭਾਈ ਸਾਡੇ ਕੋਲ ਇਹ ਖੱਲ ਲੁਹਾਣ ਵਾਲਾ ਕੰਮ ਨਹੀਂ ਹੁੰਦਾ। ਅਸੀਂ ਡੁੱਬੀਏ, ਤਰੀਏ ਜਾਂ ਖੂਹ ਵਿਚ ਡਿੱਗੀਏ, ਤੈਨੂੰ ਕੋਈ ਉਲ੍ਹਾਮਾ ਨਹੀਂ ਦੇਂਦਾ। ਤੂੰ ਵੀ ਹੁਣ ਜ਼ਰਾ ਸੰਭਲ ਕੇ ਚੱਲ। ਕੱਲ੍ਹ-ਕਲੋਤਰ ਨੂੰ ਕਿਤੇ ਉੱਚੀ ਨੀਵੀਂ ਹੋ ਗਈ ਤਾਂ ਉਲ੍ਹਾਮਾ ਸਾਨੂੰ ਨਾ ਦੇਈਂ।"

ਰੋਸ਼ਨੀ ਵੰਡਣ ਵਾਲਾ ਆਖਣ ਲੱਗਾ, "ਜੇ ਮੇਰੇ ਹੁੰਦਿਆਂ ਤੁਸੀਂ ਖੂਹ ਵਿਚ ਡਿੱਗ ਪਏ ਤਾਂ ਮੈਨੂੰ ਰੋਸ਼ਨੀ ਵਾਲਾ ਕਿਹਨੇ ਕਹਿਣਾ ਏ। ਡੁੱਬਦੀ ਬੇੜੀ ਦੀ ਹਾਨੀ ਤਾਂ ਮਲਾਹ ਨੂੰ ਈ ਹੁੰਦੀ ਏ। ਅਣਜਾਣੀਆਂ ਰਾਹਾਂ ਤੇ ਤੁਰ ਕੇ ਵੀ ਆਪਣੀ ਕਿਨਾਰੇ ਲੱਗਦੀ ਬੇੜੀ ਨਾ ਡੋਬੋ। ਰਹੀ ਮੇਰੇ ਨਾਲ ਵਾਧੇ ਘਾਟੇ ਦੀ , ਮੈਂ ਤੇ ਟੇਕ ਰੱਬ 'ਤੇ ਰੱਖੀ ਹੋਈ ਏ, ਮੁੜ ਵੀ ਕਿਸੇ ਮਾੜੀਂ ਬਣੀ ਤੇ ਕੋਈ ਤਾਂ, ਕਿਸੇ ਸ਼ਰਮ ਦਾ ਮਾਰਿਆ ਮੇਰੇ ਵੱਲ ਹੀ ਹੱਥ ਖੁੱਲ੍ਹਾ ਕਰੇਗਾ।"

ਡੇਰੇ ਵਾਲਾ ਅੱਗੋਂ ਹੱਸ ਕੇ ਟਿਚਕਰ ਕਰਦਾ ਆਖਣ ਲੱਗਾ, "ਉਹ ਜ਼ਮਾਨੇ ਲੱਦ ਗਏ ਜਦੋਂ ਤੇਰੇ ਨਾਲ ਲੋਕਾਂ ਦੇ ਇਕੱਠ ਹੁੰਦੇ ਸਨ। ਹੁਣ ਤੇਰਾ ਸਾਥ ਕੋਈ ਟਾਵਾਂ ਦੇਵੇਗਾ। ਅਸੀਂ ਪਿਛਲੀ ਬੀਤੀ ਨੂੰ ਵੇਖ ਸਮਝ ਜਾਂਦੇ ਹਾਂ ਪਰ ਲੱਗਦਾ ਏ ਤੂੰ ਭਰਮ ਵਿਚ ਰਹੇਂਗਾ।"

ਡੇਰੇ ਵਾਲਾ ਇੰਜ ਹੀ ਤੱਤੀਆਂ-ਠੰਢੀਆਂ ਕਹਿੰਦਾ ਆਪਣੇ ਘਰ ਮੁੜ ਆਇਆ।

ਇਸ ਲੜਾਈ ਝਗੜੇ ਤੋਂ ਥੋੜ੍ਹੇ ਦਿਨਾਂ ਬਾਅਦ ਵੱਡੇ ਡੇਰੇ ਵਾਲਿਆਂ ਦੀ ਢੇਰੀ ਪਿਛਲੀ ਰਾਤ ਤੁਲਣੀ ਸ਼ੁਰੂ ਹੋਈ ਤੇ ਸਵੇਰ ਹੋਣ ਤੱਕ ਢੇਰੀ ਤੋਲਣ ਵਾਲੇ ਮਸਾਂ ਅਖੀਰ 'ਤੇ ਉਪੜੇ। ਜਦੋਂ ਉਹ ਕੰਮੀਆਂ ਤੇ ਮੰਗਣ ਵਾਲਿਆਂ ਦਾ ਹਿੱਸਾ ਕੱਢਣ ਲੱਗੇ ਤਾਂ ਉਨ੍ਹਾਂ ਢੇਰੀ ਦੇ ਮਾਲਕ ਨੂੰ ਪੁੱਛਿਆ, "ਰੋਸ਼ਨੀ ਵਾਲਿਆਂ ਲਈ ਕਿੰਨੀ ਤੋਲਣੀ ਏਂ ?"

ਢੇਰੀ ਦਾ ਮਾਲਕ ਅੱਗੋਂ ਖਰਵੇਂ ਜਿਹੇ ਬੋਲਾਂ ਨਾਲ ਆਖਣ ਲੱਗਾ, "ਕਿਹੜਾ ਉਹ ਰੋਸ਼ਨੀ ਵਾਲਾ, ਉਸ ਕਿਹੜਾ ਸਾਡੇ ਹਲ ਵਾਹੇ ਨੇ ਜਾਂ ਪੋਹ ਮਾਘ ਦੀਆਂ ਰਾਤਾਂ ਵਿਚ ਸੱਪਾਂ ਦੇ ਮੂੰਹ ਤੇ ਪੈਰ ਰੱਖ ਕੇ ਪਾਣੀ ਲਾਏ ਨੇ ? ਤੂੰ ਕੰਮੀਆਂ ਦਾ ਹਿੱਸਾ ਤੋਲ, ਅਸਾਂ ਉਹਨੂੰ ਫੱਕਾ ਵੀ ਨਹੀਂ ਦੇਣਾ।"

ਢੇਰੀ ਤੋਲਣ ਵਾਲਾ ਆਖਣ ਲੱਗਾ, "ਖ਼ੈਰ, ਇਹ ਗੱਲ ਤਾਂ ਨਹੀਂ, ਦਿਨ ਹੋਵੇ ਭਾਵੇਂ ਰਾਤ ਰੋਸ਼ਨੀ ਵਾਲੇ ਦਾ ਪੈਰ ਹਮੇਸ਼ਾ ਰਹਿੰਦਾ ਈ ਸੱਪਾਂ ਦੇ ਮੂੰਹ ਤੇ। ਚਲੋ ਉਸ ਹਲ਼ ਨਹੀਂ ਵਾਹੇ ਪਰ ਇਸ ਨੂੰ ਤਾਂ ਸਾਰੇ ਮੰਨਦੇ ਓਂ, ਜੇਕਰ ਉਹ ਨਾ ਆਉਂਦਾ ਜਾਂਦਾ, ਝਾਤੀ ਨਾ ਮਾਰਦਾ ਤਾਂ ਢੇਰੀ ਤਾਂ ਦੂਰ ਦੀ ਗੱਲ ਸੀ ਤੁਹਾਡਾ ਤਾਂ ਬੀ ਵੀ ਕਾਂਵਾਂ ਚੁਗ ਜਾਣਾ ਸੀ। ਸਾਰੇ ਵੱਸੋਂ ਵਾਲਿਆਂ ਕੱਚੀ ਪੱਕੀ ਵਿਚੋਂ ਉਹਦਾ ਹਿੱਸਾ ਬਣਾਇਆ ਹੋਇਆ ਏ। ਸਾਰੇ ਦੇਂਦੇ ਨੇ, ਤੂੰ ਵੀ ਦੇ ਛੱਡ।"

ਢੇਰੀ ਦਾ ਮਾਲਕ ਉਸਦੀ ਗੱਲ ਟੋਕਦਿਆਂ ਬੋਲਿਆ, "ਉਹਨੂੰ ਕੱਚੀ ਪੱਕੀ ਵਿਚੋਂ ਹਿੱਸਾ ਦੇਣ ਵਾਲੀ ਸਾਡੀ ਭੁੱਲ ਸੀ । ਉਹ ਤਾਂ ਭਲਾ ਹੋਵੇ ਮਦਾਰੀਆਂ ਦਾ, ਜਿਹਨਾਂ ਇਸ ਚੱਟੀ ਤੋਂ ਸਾਡੀ ਜਾਨ ਖਲਾਸੀ ਕਰਾਈ ਏ, ਨਾਲੇ ਤੂੰ ਕੌਣ ਏਂ ਮੈਨੂੰ ਮੱਤਾਂ ਦੇਣ ਵਾਲਾ। ਤੈਨੂੰ ਜਿਹੜਾ ਆਖਿਆ ਏ ਉਹੀ ਕਰ।"

ਇਹ ਗੱਲ ਸੁਣ ਕੇ ਢੇਰੀ ਤੋਲਣ ਵਾਲੇ ਆਪਣੇ ਕੰਮੀਂ ਲੱਗ ਗਏ।

ਦਿਨ ਨੂੰ ਇਹ ਗੱਲ ਪੂਰੀ ਵੱਸੋਂ ਵਿਚ ਫੈਲ ਗਈ ਕਿ ਵੱਡੇ ਡੇਰੇ ਵਾਲਿਆਂ ਢੇਰੀ ਵਿਚੋਂ ਰੋਸ਼ਨੀ ਵਾਲੇ ਦਾ ਹਿੱਸਾ ਰੱਖ ਲਿਆ ਏ, ਜਿਨ੍ਹਾਂ ਦੀਆਂ ਢੇਰੀਆਂ ਰਹਿੰਦੀਆਂ ਸਨ, ਉਨ੍ਹਾਂ ਵਿਚੋਂ ਬਹੁਤਿਆਂ ਵੇਖੋ ਵੇਖੀ ਇਹੋ ਕੀਤਾ । ਕੋਈ ਟਾਵਾਂ ਹੀ ਬਚਿਆ ਜਿਸ ਢੇਰੀ ਤੋਲਦਿਆਂ ਰੋਸ਼ਨੀ ਵਾਲੇ ਦੀ ਥੋੜ੍ਹੀ ਬਹੁਤੀ ਸੰਭਾਲ ਕੀਤੀ ਤੇ ਨਾਲ ਹੀ ਉਸ ਨੂੰ ਤਸੱਲੀ ਵੀ ਦਿੱਤੀ ਕਿ ਉਹ ਡੇਰੇ ਵਾਲਿਆਂ ਨਾਲ ਉਹਦੇ ਹਿੱਸੇ ਦੀ ਗੱਲ ਕਰਨਗੇ ।

ਢੇਰੀਆਂ ਦਾ ਕੰਮ ਮੁੱਕਣ ਤੋਂ ਕੁਝ ਚਿਰ ਮਗਰੋਂ ਹਿੱਸਾ ਦੇਣ ਵਾਲੇ ਉਂਗਲੀਆਂ ਤੇ ਗਿਣਵੇਂ ਬੰਦੇ ਵੱਡੇ ਡੇਰੇ ਚਲੇ ਗਏ। ਉਨ੍ਹਾਂ ਦਾ ਮੋਹਰੀ ਸਰਾਂ ਵਾਲਾ ਬੰਦਾ ਸੀ । ਜਦੋਂ ਗੱਲਾਂ ਸ਼ੁਰੂ ਹੋਈਆਂ ਤਾਂ ਉਹਨਾਂ ਵਿਚੋਂ ਇਕ ਬੋਲਿਆ, "ਪਿਉ ਦਾਦੇ ਤੋਂ ਰੋਸ਼ਨੀ ਵਾਲੇ ਦੇ ਹਿੱਸੇ ਦੀ ਰੀਤ ਪਰੰਪਰਾ ਤੁਰੀ ਆਉਂਦੀ ਏ। ਅਸੀਂ ਇਹ ਰੀਤ ਨਾ ਭੰਨੀਏ ਤਾਂ ਚੰਗੀ ਗੱਲ ਏ। ਤੇ ਵੇਖੋ-ਵੇਖੀ ਸਾਰੇ ਇੰਜ ਕਰਨ ਲੱਗ ਪਏ ਤਾਂ ਉਹ ਕਿਧਰੇ ਇਥੋਂ ਹਿਜਰਤ ਨਾ ਕਰ ਜਾਵੇ।"

ਡੇਰੇ ਵਾਲਾ ਜਿਹਦੇ ਸਿਰ ਤੇ ਕਾਲੀ ਪੱਗ ਈਨੂੰ ਹੋਇਆ ਨਾਗ ਜਾਪਦੀ ਸੀ, ਸੱਪ ਦੀ ਜੀਭ ਵਰਗੇ ਪਗੜੀ ਦੇ ਤੁਰਲੇ ਹਿਲਾਉਂਦਿਆਂ ਬੋਲਿਆ, "ਪਿਉ ਦਾਦੇ ਦੀਆਂ ਪਿਉ ਦਾਦੇ ਨਾਲ ਗਈਆਂ, ਜਿਹਨੂੰ ਪੁੱਜਦਾ ਏ ਉਹ ਦੇਵੇ। ਮਦਾਰੀਆਂ ਵਾਲੇ ਤਵੀਤ ਪਿੱਛੋਂ ਸਾਡਾ ਤੇ ਉਂਝ ਵੀ ਉਹਦੇ ਨਾਲ ਮੇਲ-ਜੋਲ ਘੱਟ ਏ। ਸਿੱਧੀ ਗੱਲ ਏ, ਸਾਨੂੰ ਹੁਣ ਉਹਦੀ ਅਜੇਹੀ ਲੋੜ ਵੀ ਨਹੀਂ ਰਹੀ ।"

ਆਇਆਂ ਬੰਦਿਆਂ ਵਿਚੋਂ ਇਕ ਹੈਰਾਨ ਹੋ ਕੇ ਬੋਲਿਆ, "ਇਹ ਅੱਜ ਨਵੀਂ ਤੇ ਪਹਿਲੀ ਵਾਰੀ ਸੁਣੀ ਏ ਕਿ ਤੁਹਾਨੂੰ ਰੋਸ਼ਨੀ ਵਾਲੇ ਦੀ ਲੋੜ ਨਹੀਂ ਰਹੀ। ਆਪਣੀ ਉਹਦੇ ਨਾਲ ਪੀੜ੍ਹੀਆਂ ਦੀ ਸਾਂਝ ਏ, ਤਾਂ ਹੀ ਪਿਉ ਦਾਦੇ ਉਹਦਾ ਹਿੱਸਾ ਬਣਾਇਆ। ਪਿਉ ਦਾਦੇ ਨੂੰ ਇੰਜ ਨਾ ਛੱਡੋ । ਜੇਕਰ ਅਸੀਂ ਪਿਉ ਦਾਦੇ ਦੀ ਰੀਤ ਨੂੰ ਛੱਡਿਆ ਤਾਂ ਮੁੜ ਨਾ ਸਾਡਾ ਨਾਂ ਰਹਿਣਾ ਏ ਨਾ ਈ ਸਾਡੀ ਢੇਰੀ ।"

ਡੇਰੇ ਵਾਲਾ ਅੱਗੋਂ ਕੌੜ ਨਾਲ ਬੋਲਿਆ, "ਉਹ ਸਾਡੇ ਵਖਤਾਂ ਦਾ ਸ਼ਰੀਕ ਬਣੇ ਤੇ ਅਸੀਂ ਉਹਦੀਆਂ ਮਦਦਾਂ ਕਰੀਏ। ਸੌ ਹੱਥ ਰੱਸਾ ਸਿਰੇ ਤੇ ਗੰਢ, ਅਸਾਂ ਉਹਨੂੰ ਭੋਰਾ ਜਿੰਨਾ ਵੀ ਨਹੀਂ ਦੇਣਾ। ਤੁਹਾਡੇ ਵਿਚੋਂ ਜਿਹਨੂੰ ਉਹਦੀ ਬੜੀ ਖਿੱਚ ਏ, ਉਹਨੂੰ ਆਪਣੇ ਨਾਲ ਰਲਾ ਲਵੇ ਜਾਂ ਆਪਣੀ ਮਾਲਕੀ ਉਹਦੇ ਨਾਂ ਕਰ ਦੇਵੇ।"

ਇਹ ਗੱਲ ਸੁਣ ਕੇ ਸਰਾਂ ਵਾਲਾ ਜਿਹਦਾ ਰੋਸ਼ਨੀ ਵਾਲੇ ਨਾਲ ਚੰਗਾ ਗੂੜ੍ਹਾ ਪਿਆਰ ਸੀ, ਬੋਲਿਆ, "ਸਾਡੇ ਰਲਾਵੇਂ ਤਾਂ ਉਹ ਪਹਿਲਾਂ ਈ ਏ । ਲੋੜ ਪਈ ਤਾਂ ਮਾਲਕੀ ਵੀ ਉਹਦੇ ਨਾਂ ਕਰਾ ਦਿਆਂਗੇ । ਰੋਸ਼ਨੀ ਵਾਲੇ ਦਾ ਹਿੱਸਾ ਉਹਦਾ ਹੱਕ ਏ। ਆਲੇ ਦੁਆਲੇ ਤੇ ਝਾਤੀ ਮਾਰ ਲੈ, ਜਿਸ ਵੀ ਕੁਰਾਹੇ ਪੈ ਕੇ ਉਹਦਾ ਹੱਕ ਖਾਧਾ ਏ ਉਹਨੂੰ ਅੱਜ ਤੱਕ ਹਜ਼ਮ ਨਹੀਂ ਹੋਇਆ । ਪਚਣਾ ਤੁਹਾਨੂੰ ਵੀ ਨਹੀਂ ।"

ਇਹੋ ਜੇਹੀਆਂ ਗੱਲਾਂ ਕਰਦੇ ਉਹ ਤੁਰ ਗਏ। ਗੱਲ ਜਿੱਥੇ ਸੀ ਓਥੇ ਈ ਰਹੀ।

"ਆਓ, ਰੋਸ਼ਨੀ ਵਾਲੇ ਕੋਲ ਚਲੀਏ ਤੇ ਉਹਨੂੰ ਵੀ ਦੱਸ ਛੱਡੀਏ ।" ਨਾਲ ਦਿਆਂ ਵਿਚੋਂ ਕੋਈ ਵੀ ਉਸੇ ਵੇਲੇ ਤੱਤੇ ਤਾਅ ਜਾਣ ਨੂੰ ਤਿਆਰ ਨਾ ਹੋਇਆ। ਕੁਝ ਵੱਡੇ ਡੇਰੇ ਵਾਲਿਆਂ ਦੇ ਡਰ ਤੋਂ, ਕਿਸੇ ਨੇ ਕੁਵੇਲੇ ਦਾ ਬਹਾਨਾ ਕੀਤਾ ਤੇ ਕਿਸੇ ਨੇ ਸਵੇਰੇ ਗੱਲ



ਕਰਨ ਦੀ ਆਖ ਕੇ ਟਾਲ ਦਿੱਤਾ। ਉਹ ਇਕੱਲਾ ਈ ਨਿੰਮੋ-ਝੂਣਾ ਹੋ ਕੇ ਰੋਸ਼ਨੀ ਵਾਲੇ ਕੋਲ ਅਪੜਿਆ ਅਤੇ ਆਖਣ ਲੱਗਾ, "ਅਸਾਂ ਆਪਣੇ ਵੱਲੋਂ ਪੂਰਾ ਤਾਣ ਤੇ ਸਾਰੇ ਢੰਗ ਵਰਤੇ ਨੇ ਪਰ ਉਹ ਕਿਸੇ ਰੁਖ਼ ਤੇ ਵੀ ਨਹੀਂ ਆਏ। ਲੱਗਦਾ ਏ ਮਦਾਰੀਆਂ ਵਾਲਾ ਕਰਤਵ ਵੇਖ ਕੇ ਰਾਹ ਗਵਾ ਬੈਠੇ ਨੇ, ਪਰ ਤੂੰ ਦਿਲ ਨਾ ਭੈੜਾ ਕਰੀਂ, ਹੋਰ ਕੋਈ ਰਲੇ ਨਾ ਰਲੇ, ਮੈਂ ਤੇਰੇ ਨਾਲ ਆਂ।"

ਇਹ ਗੱਲ ਕਰਕੇ ਉਹ ਘਰ ਆ ਗਿਆ। ਰਾਤ ਉਸ ਆਪਣੀ ਉਮਰ ਵਿਚ ਪਹਿਲੀ ਵਾਰੀ ਆਪਣੀ ਨੀਂਦਰ ਨੂੰ ਪਾਣੀ ਹੁੰਦਿਆਂ ਵੇਖਿਆ। ਉਹਨੂੰ ਲੱਗਾ ਜੇਕਰ ਨੀਂਦਰਾਂ ਪਾਣੀ ਹੋ ਜਾਣ ਤਾਂ ਵੱਸੋਂ ਸਣੇ ਸੁਪਨਿਆਂ ਵਿਚ ਡੁੱਬ ਜਾਂਦੇ ਨੇ।

ਥੋੜ੍ਹੇ ਦਿਨਾਂ ਵਿਚ ਇਹ ਵੀ ਨਿਤਾਰਾ ਹੋ ਗਿਆ ਕਿ ਬਸਤੀ ਵਿਚ ਰੋਸ਼ਨੀ ਵਾਲੇ ਦਾ ਉਹ ਇਕੱਲਾ ਸਾਥੀ ਬਚਿਆ ਏ। ਉਦੋਂ ਰੋਸ਼ਨੀ ਵਾਲੀ ਵੱਸੋਂ ਵਿਚ ਵੱਸਦੀ ਆਪਣੀ ਬਰਾਦਰੀ ਦਾ ਸਾਥ ਲੈਣ ਲਈ ਉਹ ਉਨ੍ਹਾਂ ਵੱਲ ਇਕ ਸੁਨੇਹਾ ਘੱਲਿਆ। ਬਰਾਦਰੀ ਵੱਲੋਂ ਢਿੱਲੇ ਮੱਠੇ ਜਵਾਬ ਆਏ। ਕਿਸੇ ਲੰਮਿਆਂ ਰਾਹਾਂ ਦਾ, ਕਿਸੇ ਨਜ਼ਰ ਦੀ ਕਮਜ਼ੋਰੀ ਦਾ ਤੇ ਕਿਸੇ ਰੁੱਤ ਦੀਆਂ ਮੁਸ਼ਕਿਲਾਂ ਦਾ ਬਹਾਨਾ ਕੀਤਾ। ਇਕ ਦੋ ਘਰਾਂ ਨੇ ਰੁੱਦੇ-ਬੱਧੇ ਸਾਥ ਦੇਣ ਦਾ ਇਕਰਾਰ ਵੀ ਕੀਤਾ।

ਇਨ੍ਹਾਂ ਸੁਨੇਹਾ ਦੇਣ ਵਾਲਿਆਂ ਅਤੇ ਉਮੀਦਾਂ ਵਿਚ ਪਿੜਾਂ ਵਿਚ ਢੇਰੀਆਂ ਦੀ ਰੁੱਤ ਆ ਗਈ। ਇਸ ਸਾਲ ਅੱਗੇ ਨਾਲੋਂ ਵੀ ਮਾੜੀਆਂ ਹੋਈਆਂ। ਸਿਰਫ਼ ਸਰਾਂ ਵਾਲੇ ਆਪਣੀ ਪਛੇਤਰੀ ਫ਼ਸਲ ਵਿਚੋਂ ਰੋਸ਼ਨੀ ਵਾਲੇ ਦੀ ਸੰਭਾਲ ਕੀਤੀ। ਬਾਕੀ ਰਹਿੰਦੇ ਬਸਤੀ ਵਾਲੇ, ਕੋਈ ਵੀ ਚੀਜ਼ ਦੇਣਾ ਤਾਂ ਦੂਰ ਦੀ ਗੱਲ ਸੀ, ਉਹ ਰੋਸ਼ਨੀ ਵਾਲੇ ਦੀ ਗਲੀ ਵੀ ਛੱਡ ਗਏ।

ਇਸ ਪਰੇਸ਼ਾਨੀ ਵਾਲੇ ਦਿਨਾਂ ਵਿਚ ਰੋਸ਼ਨੀ ਵਾਲਾ ਸਰਾਂ ਵਾਲੇ ਨੂੰ ਆਖਣ ਲੱਗਾ, "ਵੱਡੇ ਡੇਰੇ ਵਾਲਿਆਂ ਨੂੰ ਮਦਾਰੀਆਂ ਤੇ ਬਾਜ਼ੀਗਰਾਂ ਨੇ ਇਸ ਗੱਲ ਦੀ ਪੱਕ ਕਰਾ ਦਿੱਤੀ ਹੈ ਕਿ ਵੇਲੇ ਲੰਘ ਗਏ ਕਿ ਅੱਖਾਂ ਤੋਂ ਮੁਥਾਜ ਰੋਸ਼ਨੀ ਵਾਲੇ ਤੋਂ ਹੁਣ ਉਨ੍ਹਾਂ ਨੂੰ ਕੋਈ ਖ਼ਤਰਾ ਨਹੀਂ ਰਿਹਾ। ਇਹ ਗੱਲ ਵੀ ਹੋਈ ਏ ਕਿ ਉਹਦੀ ਸਿੱਧ ਤੇ ਸਰਾਂ ਵਾਲਾ ਅਜੇ ਵੀ ਵੱਸੋਂ ਵਿਚ ਮਦਾਰੀਆਂ ਦੇ ਤਵੀਤ ਦੀ ਮਨਾਹੀ ਕਰਦਾ ਪਿਆ ਏ। ਉਹ ਇਸ ਗੱਲ ਤੇ ਵੀ ਇਕ ਹੋਏ ਨੇ ਕਿ ਜੇ ਹੁਣ ਸਰਾਂ ਵਾਲੇ ਦੀ ਸੰਭਾਲ ਵੀ ਕਰ ਛੱਡੀਏ।"

ਇਹ ਗੱਲ ਸੁਣ ਕੇ ਸਰਾਂ ਵਾਲਾ ਬੋਲਿਆ, "ਮੈਨੂੰ ਜੀਂਦੇ-ਜੀਅ ਤੇਰੇ ਨਾਲੋਂ ਅੱਡ ਕਰਨ ਵਾਲੀ ਉਨ੍ਹਾਂ ਦੀ ਭੁੱਲ ਏ। ਸੋਟਾ ਮਾਰਿਆਂ, ਕਦੇ ਪਾਣੀ ਵਿਚ ਪਾੜ ਨਹੀਂ ਪਏ। ਰਹੇ ਮਦਾਰੀ ਤੇ ਉਨ੍ਹਾਂ ਦੇ ਤਵੀਤ, ਉਨ੍ਹਾਂ ਨੂੰ ਪਹਿਲੇ ਵੀ ਨਿੰਦਿਆ ਏ ਤੇ ਮੁੜ ਵੀ ਨਿੰਦਾਂਗਾ।"

ਇਨ੍ਹਾਂ ਗੱਲਾਂ ਤੋਂ ਥੋੜ੍ਹੇ ਦਿਨਾਂ ਬਾਅਦ ਸਰਾਂ ਵਾਲੇ ਨੂੰ ਵੱਡੇ ਡੇਰੇ ਵਿਚੋਂ ਸੱਦਾ ਆ ਗਿਆ। ਡੇਰੇ ਪਹੁੰਚਣ ਤੇ ਉਹ ਉਹਨੂੰ ਆਖਣ ਲੱਗੇ, "ਮਦਾਰੀਆਂ ਤੇ ਉਨ੍ਹਾਂ ਦੇ ਤਵੀਤਾਂ ਦੀ ਨਿੰਦਿਆ ਤੇ ਤੇਰੀ ਰੋਸ਼ਨੀ ਵਾਲੇ ਨਾਲ ਦੋਸਤੀ ਦੀਆਂ ਰੜਕਾ ਸਾਡੇ ਸੀਨੇ ਵਿਚ ਏ । ਅਸੀਂ ਰਲ ਕੇ ਵੱਸਦਾ ਸਮਝ ਕੇ ਅਣਗੌਲਿਆ ਕਰੀ ਜਾਂਦੇ ਆਂ । ਤੂੰ ਵੀ ਕਿਸੇ ਗੱਲ ਨੂੰ ਵੇਖ ਕੇ ਉਸ ਵੇਲੇ ਰੋਸ਼ਨੀ ਵਾਲੇ ਦੀ ਸਿੱਧ ਅਤੇ ਵੱਸੋਂ ਦੇ ਵਖਤਾਂ ਦਾ ਸ਼ਰੀਕ ਨਾ ਬਣ। ਅੱਗੇ ਤੋਂ ਤੋਬਾ ਕਰ ਕਿ ਜੇ ਇਹ ਕੰਮ ਘਾਟਾ-ਨਫ਼ਾ ਸੰਭਾਲ ਕੇ ਕਰੀਂ।"

ਉਸ ਅੱਗੋਂ ਕੌੜ ਨਾਲ ਜਵਾਬ ਦਿੱਤਾ, "ਕੱਲ੍ਹ ਆਏ ਮਦਾਰੀਆਂ ਦਾ ਕਰਤਵ ਵੇਖ ਕੇ ਰੋਸ਼ਨੀ ਵਾਲੇ ਨਾਲ ਪੀੜ੍ਹੀਆਂ ਤੋਂ ਚਲਦੀ ਦੋਸਤੀ ਛੱਡ ਕੇ, ਵੱਸੋਂ ਦੇ ਵਖਤਾਂ ਦਾ ਸ਼ਰੀਕ ਮੈਂ ਨਹੀਂ, ਤੁਸੀਂ ਬਣੇ ਬੈਠੇ ਹੋ। ਤੁਸੀਂ ਇਸ ਗੱਲ ਨੂੰ ਵੀ ਨਾ ਵੇਖਿਆ ਕਿ ਇਨ੍ਹਾਂ ਮਦਾਰੀਆਂ ਦਾ ਤਾਂ ਕੰਮ ਤਮਾਸ਼ਾ ਕਰਨਾ ਏ, ਅੱਜ ਇੱਥੇ ਤਮਾਸ਼ਾ ਤੇ ਕੱਲ੍ਹ ਉਥੇ। ਇਸ ਵੇਲੇ ਰੋਸ਼ਨੀ ਵਾਲੇ ਦਾ ਸਾਥ ਛੱਡਣ ਵਾਲਾ ਕੰਮ ਮੈਤੋਂ ਤਾਂ ਨਹੀਂ ਹੁੰਦਾ, ਤੁਹਾਨੂੰ ਤੇ ਨਹੀਂ ਤਾਂ ਮੈਨੂੰ ਤਾਂ ਪਿਉ ਦਾਦੇ ਦੀ ਲਾਜ ਏ।"

ਦੋਹਾਂ ਪਾਸਿਓਂ ਤੱਤੀਆਂ-ਠੰਢੀਆਂ ਵਧਣ ਤੇ ਉਹ ਜਦੋਂ ਇਕ ਦੂਜੇ ਵੱਲ ਉਲਰੇ ਤਾਂ ਕੁਝ ਬੰਦੇ ਵਿਚ ਪੈ ਗਏ। ਉਨ੍ਹਾਂ ਨੂੰ ਉਰਾਂਹ-ਪਰਾਂਹ ਕਰਕੇ ਆਖਣ ਲੱਗੇ:

"ਗਲ਼ ਲਾਈਆਂ ਕਰਕੇ ਤੁਸੀਂ ਦੋਵੇਂ ਰਲ ਨਿੱਤ-ਨਿੱਤ ਦਾ ਝੇੜਾ ਮੁਕਾ ਕਿਉਂ ਨਹੀਂ ਲੈਂਦੇ?"

ਸਰਾਂ ਵਾਲਾ ਬੋਲਿਆ , "ਮੈਨੂੰ ਮਨਜ਼ੂਰ ਏ, ਸਾਂਝਾ ਬੰਦਾ ਮਿੱਥ ਲਓ।"

ਇਹ ਗੱਲ ਆਖ ਕੇ ਉਹ ਘਰ ਚਲਾ ਗਿਆ।

ਜਦੋਂ ਡੇਰੇ ਵਾਲਿਆਂ ਵੱਲੋਂ ਮਿੱਥੇ ਸਮੇਂ ਦਾ ਸਰਾਂ ਵਾਲੇ ਨੂੰ ਪਤਾ ਲੱਗਾ ਤਾਂ ਉਹਦੀ ਸਵਾਣੀ ਉਹਨੂੰ ਆਖਣ ਲੱਗੀ, "ਮਿੱਥੇ ਗਏ ਸਾਂਝੇ ਬੰਦਿਆਂ ਵਿਚੋਂ ਕਿਸੇ ਨਾਲ ਡੇਰੇ ਵਾਲਿਆਂ ਦੀ ਘੋੜਿਆਂ ਦੀ ਸਾਂਝ ਤੇ ਭਾਈਵਾਲੀ ਏ, ਕਿਸੇ ਨਾਲ ਇਨ੍ਹਾਂ ਸਾਕ ਕੀਤੇ ਹੋਏ ਨੇ। ਇੱਥੇ ਜਿਹੜਾ ਨਿਆਂ ਹੋਵੇਗਾ ਮੈਨੂੰ ਪਤਾ ਏ।"

ਇਹ ਗੱਲ ਸੁਣ ਕੇ ਰੋਸ਼ਨੀ ਵਾਲਾ ਬੋਲਿਆ,"ਇਸ ਵੱਸੋਂ ਵਾਲੇ ਜਦੋਂ ਮਦਾਰੀਆਂ ਵਾਲੇ ਤਵੀਤ ਦੇ ਮਗਰ ਪਏ ਨੇ, ਇਨ੍ਹਾਂ ਦੇ ਮਨ ਵਿਚ ਚਾਨਣ ਕਰਨ ਵਾਲਾ ਦੀਵਾ ਲਾਲਚ ਦੀ ਫੂਕ ਨਾਲ ਬੁੱਝ ਗਿਆ ਏ। ਜੇ ਮਨ ਵਿਚ ਚਾਨਣ ਨਾ ਹੋਵੇ ਤਾਂ ਖਰੇ ਖੋਟੇ ਦੀ ਪਛਾਣ ਨਹੀਂ ਹੁੰਦੀ।"

ਇਹ ਸੁਣ ਸਰਾਂ ਵਾਲਾ ਆਖਣ ਲੱਗਾ, "ਸਾਡਾ ਵਾਲਾ ਨਿਆਂ ਰੱਬ ਕੋਲ ਏ।"

ਇੰਨੇ ਨੂੰ ਡੇਰੇ ਵਿਚੋਂ ਇਕ ਬੰਦਾ ਉਹਨੂੰ ਸੱਦਣ ਆ ਗਿਆ।

ਉਹ ਡੇਰੇ ਅਪੜਿਆ ਤਾਂ ਵਿਹੜਾ ਸਾਂਝੀਆਂ ਅਤੇ ਤਮਾਸ਼-ਬੀਨਾਂ ਨਾਲ ਭਰਿਆ ਹੋਇਆ ਸੀ ਜਦੋਂ ਉਸ ਡੇਰੇ ਵਾਲਿਆਂ ਵੱਲੋਂ ਮਿੱਥੇ ਸਾਂਝੀਆਂ ਵੱਲ ਨੀਝ ਲਾ ਕੇ ਵੇਖਿਆ ਤਾਂ ਉਹਨੂੰ ਸਾਰੇ ਸਾਂਝੇ ਲੋਕ ਬਘਿਆੜ ਤੇ ਬਾਂਦਰ ਦਿੱਸੇ, ਜਿਨ੍ਹਾਂ ਨੂੰ ਮਦਾਰੀਆਂ ਨੇ ਆਪਣੇ ਕਰਤਵ ਰਾਹੀਂ ਬੰਦਿਆਂ ਦੇ ਰੂਪ ਵਿਚ ਲਿਆਂਦਾ ਹੋਇਆ ਸੀ। ਇਕ ਸਾਂਝਾ ਸਰਾਂ ਵਾਲਾ ਵੀ ਮਿੱਥਿਆ ਸੀ, ਪਰ ਉਹ ਮੂੰਹ ਵਿਚ ਛਾਲੇ ਹੋਣ ਕਰਕੇ ਉਸ ਦਿਨ ਉੱਥੇ ਨਹੀਂ ਆਇਆ ।

ਉਹ ਇਕੱਲਾ ਤੇ ਉਧਰੋਂ ਸਾਰੀ ਵੱਸੋਂ। ਗੱਲਾਂ ਸ਼ੁਰੂ ਹੋ ਗਈਆਂ। ਸਾਂਝੀਆਂ ਬੜੇ ਤਰੀਕੇ ਵਰਤੇ। ਕਈਆਂ ਡੇਰੇ ਤੋਂ ਬਾਹਰ ਜਾ ਕੇ ਤਰਕੀਬਾਂ ਵੀ ਕੀਤੀਆਂ। ਅਖ਼ੀਰ ਉਨ੍ਹਾਂ ਵਿਚੋਂ ਇਕ ਸਾਂਝੀ ਨੇ ਜਿਸਦੀ ਪੱਗ ਸ਼ਮਲੇ ਵਾਲੀ ਸੀ ਤੇ ਹੋਰਾਂ ਨਾਲੋਂ ਵੱਡਾ ਸੀ, ਛੇਤੀ ਨਾਲ ਬੋਲਿਆ, "ਇਹ ਸਾਰਾ ਕੁਝ ਰੋਸ਼ਨੀ ਵਾਲੇ ਦੀ ਸਿਖਤ ਤੇ ਵੱਸੋਂ ਦੇ ਬੰਦਿਆਂ ਨੂੰ ਮਦਾਰੀਆਂ ਦੇ ਤਵੀਤ ਲੈਣ ਤੋਂ ਰੋਕਣ ਦਾ ਇਕਬਾਲੀ ਮੁਜਰਮ ਏ। ਇਸ ਰਾਹੀਂ ਇਹਦੇ ਉੱਤੇ ਵੱਸੋਂ ਦਿਆਂ ਵਖਤਾਂ ਦਾ ਸ਼ਰੀਕ ਬਣਨ ਦਾ ਜ਼ੁਰਮ ਵੀ ਸਾਬਤ ਏ। ਪੂਰੀ ਵੱਸੋਂ ਲਈ



ਇਕ ਮਿਹਣਾ ਬਣਨ ਤੋਂ ਪਹਿਲਾਂ ਇਸ ਕਾਲਖ ਨੂੰ ਕਾਲੇ ਪਾਣੀ ਭੇਜਣ ਦੀ ਕਰੜੀ ਸਜ਼ਾ ਦਿੱਤੀ ਜਾਂਦੀ ਏ। ਬਾਕੀ ਰਿਹਾ ਰੋਸ਼ਨੀ ਵਾਲਾ, ਉਹ ਤਾਂ ਹੁਣ ਉਂਜ ਈ ਮੋਇਆਂ ਦੇ ਲੇਖੇ ਏ ਤੇ ਮੋਇਆ ਹੋਇਆਂ ਨੂੰ ਕਿਹੜੀ ਸਜ਼ਾ।"

ਇਹ ਸਜ਼ਾ ਸੁਣ, ਸਰਾਂ ਵਾਲਾ ਨਿੰਮਾ ਜਿਹਾ ਮੁਸਕਰਾਇਆ ਅਤੇ ਮੂੰਹ ਵਿਚ ਬੁੜਬੜਾਇਆ:

"ਸਾਈਂ ਲੱਜ ਰੱਖ ਲਈ। ਜੇ ਗੱਲ ਪਰਾਂਹ ਹੋ ਜਾਂਦੀ ਤਾਂ ਮੈਂ ਅੱਲ੍ਹਾ ਵਾਲਿਆਂ ਨੂੰ ਕਿਹੜਾ ਮੂੰਹ ਵਿਖਾਉਣਾ ਸੀ।"

ਉਹਦੀ ਘਰਵਾਲੀ ਬੁੱਤ ਬਣੀ ਸਾਰਾ ਕੁਝ ਵੇਖਦੀ ਸੁਣਦੀ ਰਹੀ। ਡਰਦਿਆਂ ਸਾਹ ਵੀ ਨਾ ਲਵੇ। ਮਤਾ ਇਸ ਨਾਲ ਉਹਦੇ ਘਰਵਾਲੇ ਦੀ ਸਜ਼ਾ ਵਿਚ ਹੋਰ ਵਾਧਾ ਨਾ ਹੋ ਜਾਵੇ। ਕੋਹਾਂ ਵਰਗੀ ਵਿੱਥ ਮੁਕਾ ਕੇ ਉਹਦੇ ਨੇੜੇ ਆਈ ਅਤੇ ਨਿਮੋਝੂਣੇ ਬੋਲਾਂ ਨਾਲ ਬੋਲੀ, "ਤੈਨੂੰ ਮੈਂ ਪਹਿਲੇ ਦਿਨ ਹੀ ਆਖਿਆ ਸੀ ਕਿ ਤੇਰਾ ਇਹ ਕੋਈ ਗੂੜ੍ਹਾ ਲੱਗਦਾ ਏ, ਜਿਵੇਂ ਸਾਰੀ ਬਸਤੀ ਆਖਦੀ ਏ ਤੂੰ ਕਰ ਲੈ, ਪਰ ਤੂੰ ਮੇਰੀ ਇਕ ਨਾ ਮੰਨੀ। ਵੇਖ ਲਿਆ ਈ ਨਾ ਅਖ਼ੀਰ ਸਿਰ ਦਾ ਭਾਰ ਪੈਰਾਂ ਤੇ ਆਇਆ ਏ।"

ਉਸ ਅੱਗੋਂ ਬੜੇ ਧੀਰਜ ਨਾਲ ਜਵਾਬ ਦਿੱਤਾ; "ਹੌਸਲਾ ਰੱਖ ਭਲੀਏ ਲੋਕੇ! ਰੱਬ ਦੇ ਭਾਰ ਕੱਖਾਂ ਤੋਂ ਵੀ ਹੌਲੇ ਹੁੰਦੇ ਨੇ। ਤੂੰ ਮੇਰੀ ਫ਼ਿਕਰ ਛੱਡ ਤੇ ਅਸਲ ਦੀ ਖ਼ੈਰ ਮੰਗ।"

ਉਹ ਅਸਲ ਦੀ ਖ਼ੈਰ ਮੰਗਦਾ-ਮੰਗਦਾ ਕੈਦ ਹੋ ਗਿਆ ਪਰ ਉਹਦੇ ਕੈਦ-ਖ਼ਾਨੇ ਜਾਣ ਮਗਰੋਂ ਵੀ ਅਸਲ ਦੀ ਖ਼ੈਰ ਨਾ ਰਹੀ। ਹੋਇਆ ਇੰਜ ਕਿ ਰੂਹਾਂ ਨੂੰ ਸਿਊਂਕ ਲੱਗ ਗਈ। ਦਿਨ ਤੇ ਰਾਤ ਦੋਹਾਂ ਨੂੰ ਗ੍ਰਹਿਣ ਲੱਗ ਗਿਆ। ਹਵਾਵਾਂ ਜ਼ਹਿਰੀਲੀਆਂ ਹੋ ਗਈਆਂ ਤੇ ਪਾਣੀ ਖਾਰੇ ਹੋ ਗਏ। ਬੱਚੇ ਅੰਨ੍ਹੇ ਅਤੇ ਬੋਲੇ ਜੰਮਣ ਲੱਗ ਪਏ। ਹੱਥ ਨੂੰ ਹੱਥ, ਭੋਇੰ ਨੂੰ ਭੋਇੰ ਤੇ ਵਾਹੀ ਨੂੰ ਵਾਹੀ ਖਾਣ ਲੱਗ ਪਈ। ਉਹ ਵੇਲਾ ਆਇਆ ਕਿ ਵੱਸੋਂ ਦੀ ਅਖ਼ੀਰਲੀ ਨਿਸ਼ਾਨੀ ਪੱਖੋਂ ਵੀ ਉਹ ਹਿਜਰਤ ਕਰ ਗਏ। ਇਸ ਲਈ ਕਿ ਉਸ ਥਾਂ ਸਿਰਫ਼ ਲੂੰਬੜੀ ਤੇ ਬਘਿਆੜ ਤੋਂ ਬਣਨ ਵਾਲੇ ਔਰਤਾਂ ਤੇ ਬੰਦੇ ਹੀ ਰਹਿ ਗਏ ਸਨ, ਕੋਈ ਹੋਰ ਸ਼ੈ! ਨਹੀਂ।

# ਖ਼ਾਲੀ ਬੰਦਾ

—ਖ਼ਾਲਿਦ ਫ਼ਰਹਾਦ ਧਾਰੀਵਾਲ

*(01-04-1979)*

ਮੁੱਲਾਂ ਜੀ ਡੀਗਰ ਦੀ ਨਮਾਜ਼ ਪੜ੍ਹਾ ਕੇ ਹਟੇ ਤਾਂ ਦੋ ਬੰਦੇ ਜ਼ੋਜ਼ਫ਼ ਨੂੰ ਲੈ ਕੇ ਹਾਜ਼ਰ ਹੋ ਗਏ। ਮਾਅਮੂਲ ਤੋਂ ਹਟ ਕੇ ਅੱਜ ਮਸੀਤ ਦਾ ਵਿਹੜਾ ਬੰਦਿਆਂ ਨਾਲ ਭਰਿਆ ਹੋਇਆ ਸੀ। ਜ਼ੋਜ਼ਫ਼ ਨੂੰ ਵੇਖ ਕੇ ਉੱਥੇ ਮੌਜੂਦ ਹਰ ਇੱਕ ਦਾ ਚਿਹਰਾ ਚਮਕ ਉੱਠਿਆ। ਲੱਗਦਾ ਸੀ ਜ਼ੋਜ਼ਫ਼ ਹੁਣੇ ਨਹਾ ਕੇ ਆਇਆ ਏ ਕਿਉਂਜੋ ਉਹਦੇ ਵਾਲਾਂ ਵਿਚੋਂ ਪਾਣੀ ਦੇ ਤਬਕੇ ਡਿੱਗਦੇ ਪਏ ਸਨ। ਉਹ ਬੈਠ ਗਿਆ ਤਾਂ ਮੌਲਵੀ ਹੋਰਾਂ ਗੱਲ ਛੋਹੀ :

'ਕੀ ਤੂੰ ਵਾਕਈ ਇਸਲਾਮ ਕਬੂਲਣਾ ਚਾਹਨਾ ਐਂ ?'

'ਹਾਂ।' ਜ਼ੋਜ਼ਫ਼ ਨੇ ਪੂਰੀ ਦਿੜ੍ਹਤਾ ਨਾਲ ਪਰਤਾਵਾ ਉੱਤਰ ਦਿੱਤਾ।

'ਤੂੰ ਚੰਗੀ ਤਰ੍ਹਾਂ ਸੋਚ ਵਿਚਾਰ ਲਿਆ ਏ ਨਾ ?'

'ਤੇਰੇ ਏਸ ਜਜ਼ਬੇ ਪਿੱਛੇ ਕੋਈ ਵਕਤੀ ਉਲੇਲ ਤਾਂ ਨਹੀਂ ?'

'ਕਿਧਰੇ ਤੂੰ ਕਿਸੇ ਦੇ ਖ਼ੌਫ਼ ਹੇਠ ਤਾਂ ਅਜਿਹਾ ਨਹੀਂ ਕਰ ਰਿਹਾ ?'

'ਕੋਈ ਲੋਭ ਤੇ ਨਹੀਂ ਤੈਨੂੰ ਪ੍ਰੇਰਦਾ ਪਿਆ ?'

ਮੌਲਵੀ ਹੋਰਾਂ ਦੇ ਹਰ ਸਵਾਲ ਦਾ ਜਵਾਬ ਜ਼ੋਜ਼ਫ਼ ਜਦੋਂ ਪੂਰੀ ਦਿੜ੍ਹਤਾ ਨਾਲ ਦਿੰਦਾ ਤਾਂ ਉੱਥੇ ਮੌਜੂਦ ਲੋਕਾਂ ਦੇ ਚਿਹਰੇ ਹੋਰ ਭੱਖ ਉੱਠਦੇ।

'ਮਜ਼ਹਬ ਬਦਲਣ ਪਿੱਛੋਂ ਤੈਨੂੰ ਔਕੜਾਂ ਵੀ ਪੇਸ਼ ਆ ਸਕਦੀਆਂ ਨੇਂ, ਜਰੀਂਗਾ ?'

'ਹਾਂ।'

'ਤੇ ਤੇਰੇ ਬੀਵੀ ਬੱਚੇ ?'

ਤਕਬੀਰ ਦੇ ਨਾਅਰੇ ਨੇ ਮਸੀਤ ਵਿਚ ਘੁੰਮਕਾਰ ਪਾ ਦਿੱਤੀ ਸੀ ਤੇ ਬੀਵੀ ਬੱਚਿਆਂ ਬਾਰੇ ਪੁੱਛਿਆ। ਸਵਾਲ ਨਾਅਰੇ ਦੀ ਘੁੰਮਕਾਰ ਵਿਚ ਅਣਸੁਣਿਆ ਰਹਿ ਗਿਆ ਸੀ। ਨਾਲੇ ਉਸ ਦੀ ਬੀਵੀ ਬਾਲਾਂ ਨੂੰ ਨਾਲ ਲੈ ਕੇ ਆਪਣੇ ਪੇਕੇ ਪਿੰਡ ਗਈ ਹੋਈ ਸੀ।

ਪਿੰਡ ਦੀ ਇੱਕ ਲਾਹਮੇ ਈਸਾਈਆਂ ਦੇ ਥੋੜ੍ਹੇ ਜਿਹੇ ਘਰ ਸਨ। ਈਸਾਈਆਂ ਦੇ ਏਸ ਮੁਹੱਲੇ ਨੂੰ ਠੱਠੀ ਬੋਲਦੇ ਸਨ ਤੇ ਪੂਰੀ ਠੱਠੀ ਵਿਚ ਇੱਕ ਜ਼ੋਜ਼ਫ਼ ਈ ਕੰਮ ਦਾ ਬੰਦਾ ਸੀ। ਉਹਦੇ ਨਾਲਦਿਆਂ ਨੂੰ ਕੰਮ ਘੱਟ ਈ ਮਿਲਦਾ ਸੀ। ਇੱਕ ਦਿਨ ਕਰ ਲਿਆ ਤੇ ਚਾਰ ਦਿਨ ਵਿਹਲੇ ਪਰ ਜ਼ੋਜ਼ਫ਼ ਜਵਾਨੀ ਵੇਲੇ ਤੋਂ ਪਿਪਲੀ ਵਾਲਿਆਂ ਦਾ ਸੇਪੀ ਟੁਰਿਆ ਆ ਰਿਹਾ ਸੀ ਤੇ ਅਜੋਕੇ ਸਮੇਂ ਜਦੋਂ ਬਹੁਤੀ ਵਾਹੀ ਬੀਜੀ ਮਸ਼ੀਨੀ ਹੋ ਗਈ ਹੋਈ ਏ, ਫਿਰ ਵੀ



ਪਿਪਲੀ ਵਾਲਿਆਂ ਉਹਨੂੰ ਜਵਾਬ ਨਹੀਂ ਸੀ ਦਿੱਤਾ। ਦੋਨਾਂ ਧਿਰਾਂ ਦੇ ਮਿਲਵਰਤਣ ਨਾਲ ਜਿਮੀਂਦਾਰੇ ਦਾ ਕਾਰ-ਵਿਹਾਰ ਚੰਗਾ ਪਿਆ ਚਲਦਾ ਸੀ। ਹਰ ਛਿਮਾਹੀ ਪਿੱਛੋਂ ਜ਼ੋਜ਼ਫ਼ ਨੂੰ ਏਸ ਕਾਮਗੀਰੀ ਪਿੱਛੇ ਸਾਲ ਭਰ ਦੇ ਖਾਣ ਜੋਗੇ ਦਾਣੇ ਜੁੜ ਜਾਂਦੇ ਸਨ ਤੇ ਉਹ ਉਸੇ ਤੇ ਖ਼ੁਸ਼ ਸੀ।

ਉਹ ਸਿਰੜ ਵਾਲਾ ਬੰਦਾ ਸੀ ਤੇ ਧੋਲੈ ਝਾਟੇ ਵੀ ਜਾਨ ਮਾਰ ਕੇ ਕੰਮ ਕਰਨ ਦਾ ਆਹਰੀ ਤੇ ਉਸ ਦੀ ਘਰਵਾਲੀ ਜੇਨੀ ਅਜੇ ਆਪ ਸਾਹ-ਸਤ ਵਾਲੀ ਬੀਬੀ ਸੀ। ਇਕੱਠੇ ਦੋ-ਦੋ ਬੋਹਲ ਲਾ ਕੇ ਵੀ ਨਹੀਂ ਸੀ ਹੰਭਦੀ। ਚਾਰ ਬਾਲਾਂ ਨਾਲ ਉਨ੍ਹਾਂ ਦਾ ਵਿਹੜਾ ਭਰਿਆ ਲੱਗਦਾ ਸੀ। ਦੇਰ ਬਾਅਦ ਜੁੜੀ ਔਲਾਦ ਵਿਚ ਸਭ ਤੋਂ ਵੱਡਾ ਸੀਮੋਈਲ ਅੱਠਾਂ ਸਾਲਾਂ ਦਾ ਸੀ। ਫਿਰ ਸਾਲ-ਸਾਲ ਦੇ ਫ਼ਰਕ ਪਿੱਛੋਂ ਡੀਨਈਲ, ਜੇਮਸ ਤੇ ਪਤਰਸ ਸਨ।

ਵੇਖਣ ਵਿਚ ਕਦੇ ਵੀ ਜ਼ੋਜ਼ਫ਼ ਕਮੀ-ਕਮੀਣ ਨਹੀਂ ਸੀ ਲੱਗਦਾ। ਸਗੋਂ ਕਈ ਵਾਰ ਫ਼ੀਕੇ ਪਿਪਲੀ ਵਾਲੇ ਦੇ ਸਾਕਾਂ ਤੋਂ ਆਏ ਬੰਦੇ, ਫ਼ੀਕੇ ਨਾਲ ਖੇਤਾਂ ਵਿਚ ਕੰਮ ਕਰਦੇ ਹੋਏ ਜ਼ੋਜ਼ਫ਼ ਨੂੰ 'ਚੌਧਰੀ ਕੀ ਹਾਲ ਏ ਤੇਰਾ' ਆਖ ਬੁਲਾਉਂਦੇ ਸਨ। ਉਨ੍ਹਾਂ ਭਾਣੇ ਖੇਤਾਂ ਵਿਚ ਕੰਮ ਕਰ ਰਿਹਾ ਉਹ ਵੀ ਕੋਈ ਜੱਟ ਜ਼ਿਮੀਂਦਾਰ ਈ ਹੁੰਦਾ। ਓਪਰੇ ਬੰਦੇ ਨੂੰ ਜ਼ੋਜ਼ਫ਼ ਤੇ ਫ਼ੀਕੇ ਦਾ ਫ਼ਰਕ ਉਦੋਂ ਪਤਾ ਲੱਗਦਾ ਜਦੋਂ ਭੱਤਾ ਲਿਆਈ ਫ਼ੀਕੇ ਦੀ ਘਰਵਾਲੀ ਤੌਣ ਤੋਂ ਹਟ ਕੇ ਬੈਠੇ ਜ਼ੋਜ਼ਫ਼ ਨੂੰ ਸਾਲਨ ਰੋਟੀ 'ਤੇ ਈ ਰੱਖ ਕੇ ਵੱਟੀ ਉਸ ਦੇ ਹੱਥ ਫੜਾ ਦਿੰਦੀ ਤੇ ਫ਼ੀਕਾ ਲੱਸੀ ਵਾਲੀ ਵਲਟੋਹੀ ਨੂੰ ਮੂੰਹ ਲਾ ਕੇ ਪੀਣ ਮਗਰੋਂ ਬਾਕੀ ਬਚੀ ਹੋਈ ਲੱਸੀ ਨੂੰ ਜ਼ੋਜ਼ਫ਼ ਦੇ ਹੱਥਾਂ ਨੂੰ ਜੋੜ ਕੇ ਬਣਾਏ ਹੋਏ ਪਿਆਲੇ ਵਿਚ ਉਲਟਾ ਦਿੰਦਾ।

ਕਈ ਵਾਰ ਅਜਿਹੇ ਮੌਕੇ ਤੇ ਹਾਸੋਹੀਣਾ ਹੋਇਆ ਜ਼ੋਜ਼ਫ਼ ਆਪਣੇ ਵੱਡਕੀਆਂ ਦੇ ਹਵਾਲੇ ਨਾਲ ਦੱਸਦਾ ਕਿ 'ਪਿੱਛੋਂ ਚੌਥੀ ਪੀੜ੍ਹੀ ਵਿਚ ਉਹ ਵੀ ਮੁਸਲਮਾਨ ਈ ਨੇ। ਮੇਰੇ ਪੜਦਾਦੇ ਕੋਲੋਂ ਕੋਈ ਕਤਲ ਹੋ ਗਿਆ ਸੀ ਤੇ ਅੰਗਰੇਜ਼ ਰਾਜ ਵਿਚ ਉਹਨੇ ਫਾਂਸੀ ਤੋਂ ਬਚਣ ਲਈ ਇਸਲਾਮ ਨੂੰ ਤਿਆਗ ਈਸਾਈ ਮਜ਼ਹਬ ਧਾਰ ਲਿਆ ਸੀ।' ਸਾਫ਼ੇ ਨਾਲ ਲੱਸੀ ਵਾਲੇ ਹੱਥ ਪੂੰਝਦਾ ਹੋਇਆ ਜ਼ੋਜ਼ਫ਼ ਗੱਲ ਅੱਗੇ ਟੋਰਦਾ, 'ਉਂਜ ਉਹ ਫਾਹੇ ਲੱਗਣੋਂ ਤਾਂ ਬਚ ਗਿਆ ਪਰ ਆਪਣੀ ਜੱਦੀ ਵਿਰਾਸਤ ਤੋਂ ਹੱਥ ਧੋ ਬੈਠਾ ਤੇ ਉਹਦੇ ਭਰਾਵਾਂ ਉਹਦੇ ਮਜ਼ਹਬ ਤਿਆਗਣ ਦਾ ਲਾਭ ਚੁੱਕਦਿਆਂ ਹੋਇਆਂ ਉਸ ਨੂੰ ਮਾਲਕੀ ਵਿਚੋਂ ਬੇ-ਦਖ਼ਲ ਕਰ ਦਿੱਤਾ ਸੀ ਤੇ ਇਸੇ ਸਮੇਂ ਤੋਂ ਅਸੀਂ ਭੋਈਂ ਵਾਲਾਂ ਦੇ ਕਾਮਗੀਰ ਲੱਗੇ ਆਉਂਦੇ ਹਾਂ।' ਜ਼ੋਜ਼ਫ਼ ਤੋਂ ਕਈ ਵਾਰ ਸੁਣੀ ਹੋਈ ਏਸ ਗੱਲ ਨੂੰ ਲੋਕਾਂ ਨੇ ਇੱਕ ਕਥਾ ਕਹਾਣੀ ਤੋਂ ਕਦੇ ਵੱਧ ਨਹੀਂ ਸੀ ਜਾਣਿਆ।

ਪਰ ਇਹ ਗੱਲ ਹੈ ਸੀ ਸੱਚ। ਉਤੋਂ ਵਾਲੀ ਦਾ ਈਸਾਈ ਹੋਇਆ ਜ਼ੋਜ਼ਫ਼ ਦਾ ਪੜਦਾਦਾ ਸਮਾਜਿਕ ਤੌਰ ਤੇ ਈਸਾਈ ਕਮਿਊਨਿਟੀ ਵਿਚ ਅਜਿਹਾ ਫਸਿਆ ਸੀ ਕਿ ਫਿਰ ਉਸ ਤੋਂ ਨਿਕਲਣ ਈ ਨਹੀਂ ਸੀ ਹੋਇਆ। ਤੇ ਉਸ ਦੇ ਮਰਨ ਪਿੱਛੋਂ ਉਸ ਦੀ ਔਲਾਦ ਪੱਕੀ ਈਸਾਈ ਹੋ ਚੁੱਕੀ ਸੀ। ਜੋ ਪੁਸ਼ਤ-ਦਰ-ਪੁਸ਼ਤ ਵੱਖ-ਵੱਖ ਪਿੰਡਾਂ ਵਿਚ ਕਿਸੇ-ਨਾ-ਕਿਸੇ ਤੌਰ ਤੇ ਆਪਣੇ ਜੱਦੀ ਪੇਸ਼ੇ ਨਾਲ ਜੁੜੀ ਆ ਰਹੀ ਸੀ ਜਿਸਦੀ ਇੱਕ ਵਣਗੀ ਜ਼ੋਜ਼ਫ਼ ਵੀ ਸੀ।

ਏਕਾ ਇੱਕੀ ਇਸੇ ਜ਼ੋਜ਼ਫ਼ ਦੇ ਮਨ ਵਿਚ ਮੁਸਲਮਾਨ ਬਣਨ ਦੀ ਤਾਂਘ ਉੱਠ ਖਲੋਤੀ ਸੀ ਤੇ ਹੁਣ ਉਹ ਮਸੀਤ ਵਿਚ ਮੌਲਵੀ ਹੋਰਾਂ ਕੋਲ ਬੈਠਾ ਉਨ੍ਹਾਂ ਦੇ ਸਵਾਲਾਂ ਦੇ

ਜਵਾਬ ਦੇ ਰਿਹਾ ਸੀ। 'ਚੰਗੀ ਤਰ੍ਹਾਂ ਸੋਚ ਲੈ ਤੂੰ ਜਿਹੜੇ ਮਜ਼ਹਬ ਵਿਚ ਆਉਣ ਵਾਲਾ ਹੈਂ ਏਸ ਵਿਚੋਂ ਫਿਰ ਵਾਪਸੀ ਮੁਮਕਿਨ ਨਹੀਂ ਮਤੇ ਕੱਲ੍ਹ ਨੂੰ ਤੇਰੇ ਮਨ ਵਿਚ ਆਏ।'

ਉਹ ਪਹਿਲੇ ਤੋਂ ਇਹ ਸਭ ਸੋਚ-ਵਿਚਾਰ ਕੇ ਈ ਮਸੀਤ ਵਿਚ ਆਇਆ ਹੋਣਾ ਐਂ ਪਰ ਫਿਰ ਵੀ ਮੌਲਵੀ ਹੋਰਾਂ ਆਪਣੇ ਵੱਲੋਂ ਜਦੋਂ ਚੰਗੀ ਤਰ੍ਹਾਂ ਠੋਕ-ਵਜਾ ਕੇ ਜ਼ੋਜ਼ਫ਼ ਦੇ ਸ਼ੋਕੋਂ ਮੂਲ ਨਾ ਹਿਰਨ ਦਾ ਪੱਕ ਕਰ ਲਿਆ ਤਾਂ ਉਹਦਾ ਮੂਨਹ ਕਿਬਲਾ ਰੁਖ਼ ਫੇਰ ਦਿੱਤਾ। ਜ਼ੋਜ਼ਫ਼ ਨੂੰ ਕਿਬਲਾ ਰੁਖ਼ ਬੈਠਾ ਵੇਖ ਕੇ ਮਸੀਤ ਵਿਚ ਮੌਜੂਦ ਲੋਕ ਇੱਕਦਮ ਚੁੱਪ ਹੋ ਗਏ। ਉਹ ਸਾਰੇ ਹੁਣ ਖ਼ਿਆਲ ਕਰ ਰਹੇ ਸੀ ਕਿ ਕਿਬਲਾ ਰੁਖ਼ ਬੈਠੇ ਜ਼ੋਜ਼ਫ਼ ਦੀਆਂ ਤਾਰਾਂ ਕਿਧਰੇ ਦੂਰ ਕਿਸੇ ਪਵਿੱਤਰ ਧਰਤੀ ਨਾਲ ਜੁੜ ਰਹੀਆਂ ਨੇ। ਲੋਕਾਂ ਤੇ ਅਜੀਬ ਜਿਹਾ ਅਸਰ ਹੋਇਆ ਸੀ।

'ਪੜ੍ਹ ਕਲਮਾ!' ਮੌਲਵੀ ਹੋਰਾਂ ਚੁੱਪ ਤੋੜੀ,

'ਲਾ....... ਇਲਾਹਾ...... ਇਲਾ...... ਅੱਲ੍ਹਾ.......,' ਉਹ ਸਹਿਜੇ-ਸਹਿਜੇ ਇੱਕ-ਇੱਕ ਲਫ਼ਜ਼ ਪੜ੍ਹਨ ਲੱਗੇ।

''ਲਾ...... ਇਲਾਹਾ..... ਇਲਾ ਅੱਲ੍ਹਾ.......,' ਜ਼ੋਜ਼ਫ਼ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਪੜ੍ਹ ਰਿਹਾ ਸੀ।

'ਨਾਅਰਾ ਤਕਬੀਰ' ਕਲਮਾ ਮੁਕਾ ਤਾਂ ਉੱਥੇ ਮੌਜੂਦ ਲੋਕਾਂ ਵਿਚੋਂ ਕਿਸੇ ਇੱਕ ਨੇ ਉੱਚੀ ਸਾਰੀ ਸੱਦ ਬੁਲਾਈ। 'ਅੱਲ੍ਹਾ ਅਕਬਰ' ਦੀ ਘੁੰਮਕਾਰ ਵਿਚ ਈਦਕੈਂ ਇੱਕ ਨਵੀਂ ਆਵਾਜ਼ ਵੀ ਸ਼ਾਮਿਲ ਸੀ। ਜ਼ੋਜ਼ਫ਼ ਦੀ ਆਪਣੀ ਆਵਾਜ਼।

'ਮੁਬਾਰਖ।'

'ਮੁਬਾਰਖ।'

ਲੋਕ ਉਸ ਵੱਲ ਉਲਰ ਪਏ ਪਰ ਮੌਲਵੀ ਹੋਰਾਂ ਉੱਠ ਖਲੋਤੇ ਲੋਕਾਂ ਨੂੰ ਹੱਥ ਦੇ ਇਸ਼ਾਰੇ ਨਾਲ ਬੈਠਾ ਦਿੱਤਾ। ਕਿਉਂਜੋ ਅਜੇ ਈਮਾਨ ਦੀਆਂ ਸਿਫ਼ਤਾਂ ਬਾਕੀ ਸਨ। ਜ਼ੋਜ਼ਫ਼ ਨੇ 'ਅਮਿੰਤੋ ਬਿਲਾ' ਤੋਂ ਲੈ ਕੇ 'ਤਸਦੀਕ ਬਿਲਕਲਬ' ਤੱਕ ਮੌਲਵੀ ਹੋਰਾਂ ਦੇ ਪਿੱਛੇ-ਪਿੱਛੇ ਪੜ੍ਹਿਆ ਤੇ ਇਹ ਪੜ੍ਹਨ ਪਿੱਛੋਂ ਹੁਣ ਉਹ ਪੂਰਾ ਮੁਸਲਮਾਨ ਬਣ ਚੁੱਕਿਆ ਸੀ।

'ਮੁਬਾਰਖ'।

'ਮੁਬਾਰਖ'।

ਲੋਕ ਜ਼ੋਜ਼ਫ਼ ਨੂੰ ਮੁਸਲਮਾਨ ਹੋਣ ਦੀ ਵਧਾਈ ਦੇ ਰਹੇ ਸਨ। ਏਸ ਪਿੱਛੋਂ ਮੌਲਵੀ ਹੋਰਾਂ ਥੋੜ੍ਹਾ ਵਾਅਜ਼ ਕੀਤਾ, ਜਿਹਦੇ ਵਿਚ ਉਨ੍ਹਾਂ ਦੱਸਿਆ ਕਿ ਜ਼ੋਜ਼ਫ਼ ਹੁਣ ਉਨ੍ਹਾਂ ਦਾ ਦੇਨੀ ਭਰਾ ਬਣ ਚੁੱਕਿਆ ਏ ਤੇ ਇਹ ਰਿਸ਼ਤਾ ਖ਼ੂਨ ਦੇ ਰਿਸ਼ਤੇ ਤੋਂ ਕਿਧਰੇ ਵੱਧ ਕੇ ਹੈ। ਅਖ਼ੀਰ ਤੇ ਉਨ੍ਹਾਂ ਤਵਾਰੀਖ਼ ਵਿਚੋਂ ਇਸਲਾਮੀ ਭਾਈਚਾਰੇ ਦੀਆਂ ਕੁਝ ਮਿਸਾਲਾਂ ਵੀ ਦਿੱਤੀਆਂ।

ਉਹ ਲੋਕ ਜਿਹਨਾਂ ਇੱਕ ਉਮਰ ਜ਼ੋਜ਼ਫ ਨੂੰ ਆਪਣੇ ਨੇੜੇ ਨਹੀਂ ਸੀ ਢੁੱਕਣ ਦਿੱਤਾ ਹੁਣ ਉਸ ਨੂੰ ਗਲਵਕੜੀ ਪਾ-ਪਾ ਕੇ ਪਏ ਮਿਲਦੇ ਸਨ। ਹਰ ਕਿਸੇ ਵਿਚ ਉਸ ਲਈ ਭਰੱਖਣ ਤੇ ਅਪਨੀਅਤ ਸੀ। ਲੋਕ ਉਸ ਨੂੰ ਆਪਣੇ ਨਾਲ ਮਿਲ ਕੇ ਖਾਣ ਦੀ ਦਾਅਵਤ ਦੇ ਰਹੇ ਸਨ। ਉਹੀ ਲੋਕ ਜਿਹਨਾਂ ਸਦਾ ਉਸ ਨੂੰ ਤੋਨ ਤੋਂ ਇੱਕ ਵਿੱਥ ਤੇ ਰੱਖਿਆ ਸੀ। ਜ਼ੋਜ਼ਫ਼ ਲਈ ਇਹ ਸਭ ਕੁਝ ਨਵਾਂ ਸੀ ਤੇ ਹੈਰਾਨੀ ਭਰਿਆ ਵੀ।



ਜ਼ੋਜ਼ਫ਼ ਦਾ ਪਿਛਲੇ ਨਾਂ ਨੂੰ ਹੁਣ ਆਪਣੇ ਨਾਲ ਚੰਬੋੜੀ ਰੱਖਣਾ ਠੀਕ ਨਹੀਂ ਸੀ। ਇਸੇ ਲਈ ਆਖ਼ਿਰ ਤੇ ਉਸ ਦਾ ਨਾਂ ਵੱਟਾ ਦੇਣਾ ਜ਼ਰੂਰੀ ਖ਼ਿਆਲ ਕੀਤਾ ਗਿਆ। ਮਸੀਤੀਓਂ ਬਾਹਰ ਨਿਕਲਿਆ ਤਾਂ ਉਹ ਯੂਸੁਫ਼ ਸੀ। ਜ਼ੋਜ਼ਫ਼ ਅੰਦਰ ਈ ਕਿਧਰੇ ਮਸੀਤ ਵਿਚ ਤਕਬੀਰ ਦੇ ਨਾਅਰਿਆਂ ਹੇਠ ਦੱਬਿਆ ਗਿਆ ਸੀ।

ਹੁਣ ਕਈ ਲੱਖ ਪੈਗੰਬਰ ਉਸ ਦੇ ਆਪਣੇ ਸਨ ਤੇ ਲੱਖ ਤੋਂ ਉੱਤੇ ਆਪਣੇ ਨਬੀ ਦੇ ਅਸਹਾਬ ਤੇ ਅਨੇਕਾਂ ਵਲੀ ਵੀ ਉਸ ਦੇ ਆਪਣੇ ਸਨ। ਤੇ ਦੁਨੀਆਂ ਭਰ ਵਿਚ ਖਿਲਰੇ ਲੋਕ ਹੁਣ ਉਹਦੇ ਅੰਗ-ਸੰਗ ਨੇ। 'ਕਿਵੇਂ ਤੇ ਕਿਉਂ ?' ਇਹਦਾ ਉਹਨੂੰ ਅਜੇ ਕੋਈ ਬਹੁਤ ਪਤਾ ਨਹੀਂ ਸੀ।

ਹਜ਼ਰਤ ਅਲੀ ਹੁਣ ਆਪਣੇ ਸਨ। ਅਬੂ ਹਨੀਫ਼ਾ ਉਸ ਦੇ ਇਮਾਮ ਸਨ।

ਤੇ ਬਗ਼ਦਾਦ ਵਾਲੇ ਪੀਰ ਵੀ ਹੁਣ ਬਿਗਾਨੇ ਨਹੀਂ ਸਨ ਰਹੇ।

ਇਸੇ ਤਰ੍ਹਾਂ ਦੇ ਅਜੀਬ-ਅਜੀਬ ਅਹਿਸਾਸ ਉਸ ਦੇ ਮਨ ਵਿਚ ਪੈਦਾ ਹੁੰਦੇ ਰਹਿੰਦੇ। ਚਾਰੇ ਕੂਟੀਂ ਉਹਦੀ ਸਾਂਝ ਹੋ ਗਈ ਸੀ, ਇੱਕ ਨਵਾਂ ਸਾਂਗਾ ਬਣ ਗਿਆ ਸੀ। ਇੰਜ ਸੋਚਣਾ ਉਹਨੂੰ ਚੰਗਾ ਲੱਗਦਾ। ਉਹਨੂੰ ਆਨੰਦ ਆਉਂਦਾ ਸੀ ਪਰ ਸੋਚਦਿਆਂ ਹੋਇਆਂ ਸੋਚ ਦੀ ਸੂਈ ਜਦੋਂ ਕਿਸੇ 'ਕਿਉਂ ਜਾਂ ਕਿਵੇਂ ?' ਤੇ ਅਟਕ ਜਾਂਦੀ ਤਾਂ ਉਹ ਸੋਚਣਾ ਛੱਡ ਦਿੰਦਾ।

ਮੌਲਵੀ ਹੋਰਾਂ ਜ਼ੋਜ਼ਫ਼ ਨੂੰ ਕਿਹਾ ਸੀ ਕਿ ਉਹ ਹੁਣ ਇੱਕ ਅਜ਼ੀਮ ਇਸਲਾਮੀ ਵਿਰਸੇ ਦਾ ਮਾਲਿਕ ਏ। ਏਸ ਧਰਤੀ ਦਾ ਹੋਣ ਦੇ ਬਾਵਜੂਦ ਉਸ ਦੀਆਂ ਜੜ੍ਹਾਂ ਇੱਕ ਪਵਿੱਤਰ ਧਰਤੀ ਵਿਚ ਨੇਂ। ਜ਼ੋਜ਼ਫ਼ ਜਦੋਂ ਸੋਚਦਾ ਕਿ ਇਥੋਂ ਦੀ ਮਿੱਟੀ ਦਾ ਪਰਜੂਹੀ ਮਿੱਟੀ ਨਾਲ ਕੀ ਰਿਸ਼ਤਾ ਹੋ ਸਕਦਾ ਏ ? ਇਸ ਦੇ ਮਨ ਦੀਆਂ ਤਾਰਾਂ ਦੁਰਾਡੇ ਕਿਵੇਂ ਜੁੜ ਸਕਦੀਆਂ ਨੇ ? ਤਾਂ ਉਹਦੀ ਸੋਚ ਦੀ ਸੂਈ ਜੂਹਾਂ ਦੀ ਵਿੱਥ ਉੱਤੇ ਅਟਕ ਜਾਂਦੀ ਤੇ ਉਹ ਸੋਚਣਾ ਛੱਡ ਦਿੰਦਾ।

ਅਜਿਹਾ ਸੋਚਦੇ ਹੋਏ ਉਹਨੂੰ ਆਪਣੇ ਈਮਾਨ ਦਾ ਰੁੱਖ ਡੋਲਦਾ ਮਹਿਸੂਸ ਹੁੰਦਾ, ਜਿਸ ਦੀਆਂ ਜੜ੍ਹਾਂ ਅਜੇ ਪਾਤਾਲ ਵਿਚ ਨਹੀਂ ਸਨ ਖੁੱਭੀਆਂ।

ਲੋਕਾਂ ਦਾ ਵਰਤਾਰਾ ਉਸ ਲਈ ਹੈਰਾਨੀ ਭਰਿਆ ਸੀ। ਲੋਕ ਉਹਨੂੰ ਰਾਹ ਜਾਂਦੇ ਨੂੰ ਆਵਾਜ਼ ਮਾਰ ਕੇ ਕੋਲ ਬੈਠਾ ਲੈਂਦੇ ਤੇ ਆਪਣੇ ਹੁੱਕੇ ਦੀ ਨੜੀ ਉਸ ਵੱਲ ਘੁੰਮਾਂਦੇ ਹੋਏ ਉਹਨੂੰ ਪੀਣ ਲਈ ਪੇਸ਼ ਕਰ ਦਿੰਦੇ। ਕਈ ਬੰਦੇ ਉਸ ਦੇ ਹੱਥੋਂ ਉਹਦਾ ਅਪਣਾ ਹੁੱਕਾ ਫੜ ਕੇ ਵੀ ਕਸ ਲਾ ਲੈਂਦੇ। ਇਹ ਸਭ ਕੁਝ ਇਸ ਲਈ ਨਵਾਂ ਸੀ ਤੇ ਹੈਰਾਨੀ ਭਰਿਆ ਵੀ। ਇਹ ਸਭ ਕੁਝ ਪਹਿਲੋਂ ਕਿਉਂ ਨਹੀਂ ਸੀ। ਉਹ ਸੋਚਦਾ ਤੇ ਕਲਮਾ ਪੜ੍ਹਨ ਦੇ ਬਾਵਜੂਦ ਏਸ ਵਰਤਾਰੇ ਦੀ ਨੀਂਹ ਬੁਨਿਆਦ ਭੁੱਲ ਜਾਂਦਾ।

ਆਪਣੇ ਤੇ ਲੋਕਾਂ ਵਿਚਕਾਰ ਮਿਟਦੀ ਵਿੱਥ ਨੂੰ ਵੇਖ ਕੇ ਕਈ ਥਾਵਾਂ ਤੇ ਜ਼ੋਜ਼ਫ਼ ਨੇ ਝਿਜਕ ਵੀ ਮਹਿਸੂਸ ਕੀਤੀ ਸੀ।

'ਇਹ ਵਰਤਾਰਾ ਪਹਿਲੋਂ ਕਿਉਂ ਨਹੀਂ ਸੀ ?' ਉਹ ਘੱਟ ਪੜ੍ਹਿਆ-ਲਿਖਿਆ ਬੰਦਾ ਸੋਚਦਾ।

'ਮੇਰਾ ਕੁਝ ਵੀ ਤੇ ਨਹੀਂ ਬਦਲਿਆ।'

'ਉਹੀ ਪਹਿਲਾਂ ਵਰਗਾ ਬੰਦਾ ਹਾਂ।'

'ਉੱਤੋਂ ਤਾਂ ਕੁਝ ਵੀ ਨਹੀਂ ਨਜ਼ਰੀਂਦਾ ਕਿਸੇ ਦਾ।'

'ਬੰਦਾ ਤਾਂ ਬਸ ਬੰਦਾ ਈ ਹੁੰਦਾ ਏ।'

ਪਰ ਕੁਝ ਬੰਦੇ ਈਸਾਈ ਹੁੰਦੇ ਨੇ, ਕੁਝ ਹਿੰਦੂ, ਮੁਸਲਮਾਨ, ਸਿੱਖ ਤੇ ਯਹੂਦੀ। ਜ਼ੋਜ਼ਫ਼ ਬੰਦੇ ਦੀ ਏਸ ਵੰਡ ਨੂੰ ਭੁੱਲ ਜਾਂਦਾ ਤੇ ਲੋਕਾਂ ਦੇ ਮਿਲਣ-ਵਰਤਣ ਤੇ ਵਿਹਾਰ-ਵਰਤਾਰੇ ਦੀ ਵਜ੍ਹਾ ਜਾਣਨ ਦਾ ਜਤਨ ਕਰਦਾ। ਉਹ ਕਿਧਰੇ-ਨਾ-ਕਿਧਰੇ ਸੋਚ ਦੀ ਸੂਈ ਅਟਕਾ ਕੇ ਬੈਠ ਜਾਂਦਾ।

ਤੇ ਜੇ ਕਦੀ ਏਸ ਵਰਤਾਰੇ ਪਿੱਛੇ ਲੁੱਕੀ ਖ਼ੁਦਗ਼ਰਜ਼ੀ ਨੂੰ ਉਹ ਜਾਣ ਜਾਂਦਾ ਤਾਂ ਇਹ ਗਿਆਨ ਜ਼ੋਜ਼ਫ਼ ਲਈ ਕਿੰਨਾ ਦੁੱਖਦਈ ਹੋਣਾ ਸੀ।

ਠੱਠੀ ਤੋਂ ਬਾਹਰ ਇੱਕ ਟੋਲਾ ਜਿਤਨਾ ਉਸ ਦੇ ਨੇੜੇ ਹੁੰਦਾ ਗਿਆ ਸੀ, ਠੱਠੀ ਵਿਚ ਦੂਜਾ ਟੋਲਾ ਉਤਨਾ ਈ ਉਸ ਤੋਂ ਦੂਰ। ਠੱਠੀ ਵਾਲਿਆਂ ਆਪਣੇ ਬੰਦਿਆਂ ਤੇ ਜ਼ੋਜ਼ਫ਼ ਨਾਲ ਬੋਲਚਾਲ ਤੇ ਰੋਕ ਲਾ ਦਿੱਤੀ ਸੀ। ਉਨ੍ਹਾਂ ਦਾ ਧਰਮ ਜੋ ਉਸ ਤਿਆਗ ਦਿੱਤਾ ਸੀ, ਏਸ ਵਜ੍ਹੋਂ ਲੋਕਾਂ ਨੂੰ ਉਸ ਉੱਤੇ ਰੋਸਾ ਸੀ। ਇਥੇ ਲੋਕ ਉਹਦੇ ਨਾਲ ਨਾਰਾਜ਼ ਸਨ। ਠੱਠੀ ਵਾਲਿਆਂ ਦਾ ਹੋਰ ਮੁਸਲਮਾਨਾਂ ਨਾਲ ਬੋਲ ਬੁਲਾਰਾ ਹੈ ਸੀ ਪਰ ਜ਼ੋਜ਼ਫ਼ ਨਾਲ ਬਿਲਕੁਲ ਨਹੀਂ। ਤੇ ਇਨ੍ਹਾਂ ਨੂੰ ਦੂਜੇ ਮੁਸਲਮਾਨਾਂ ਨਾਲ ਬੋਲਦਾ ਵੇਖ ਕੇ ਜ਼ੋਜ਼ਫ਼ ਨੂੰ ਏਸ ਦੋਗ਼ਲੇਪਨ ਉੱਤੇ ਦੁੱਖ ਹੁੰਦਾ।

ਜ਼ੋਜ਼ਫ਼ ਹੁਣ ਕਦੀ ਕਦਾਈਂ ਈ ਠੱਠੀ ਵਿਚ ਵੜਦਾ। ਬਹੁਤਾ ਉਹ ਪਿਪਲੀ ਵਾਲਿਆਂ ਦੀ ਹਵੇਲੀ ਵਿਚ ਈ ਪਿਆ ਰਹਿੰਦਾ। ਨਾਲੇ ਕਿਹੜਾ ਘਰਵਾਲੀ ਇਥੇ ਸੀ।

ਤੇ ਫਿਰ ਇੱਕ ਦਿਨ ਉਸ ਦੀ ਘਰਵਾਲੀ ਬਾਲਾਂ ਨੂੰ ਲੈ ਕੇ ਪੇਕੇ ਪਿੰਡੋਂ ਮੁੜ ਆਈ।

ਧਰਮ ਤਿਆਗਣ ਦੀ ਗੱਲ ਉਸ ਨੂੰ ਉੱਥੇ ਈ ਪਤਾ ਲੱਗ ਗਈ ਸੀ। ਇਹ ਖ਼ਬਰ ਸੁਣ ਕੇ ਉਸ ਦੇ ਭਰਾ ਨੂੰ ਬੜਾ ਵੱਟ ਚੜ੍ਹਿਆ ਸੀ।

ਇਕ ਵਾਰ ਤਾਂ ਉਹ ਟੁਰਿਆ ਵੀ ਸੀ ਜ਼ੋਜ਼ਫ਼ ਦਾ ਮੋਕੋ ਠੱਪਣ, ਪਰ ਉਹ ਸੂਝ ਵਾਲਾ ਸਿਆਣਾ ਮੁੰਡਾ ਸੀ। ਵੱਡਿਆਂ ਨੇ ਸਮਝਾ ਬੁਝਾ ਲਿਆ। ਅਖੇ :

"ਤੂੰ ਪਹਿਲਾ ਬੰਦਾ ਨਹੀਂ ਜਿਸ ਨੂੰ ਏਸ ਪੱਖੋਂ ਗੁੱਸਾ ਆਇਆ ਏ। ਖ਼ੁਦਾਵੰਦ ਯਸੂ ਨੂੰ ਸਲੀਬ ਦੇਣ ਵਾਲੇ ਯਹੂਦੀਆਂ ਦਾ ਅੱਜ ਨਾਂ ਥੇਹ ਮੁੱਕ ਗਿਆ ਹੁੰਦਾ ਕਿ ਤੇਰੇ ਤੋਂ ਕਿਧਰੇ ਵੱਧ ਗੁੱਸੇ ਵਾਲੇ ਕਈ ਹੋ ਗੁਜ਼ਰੇ ਨੇਂ......ਪਰ ਨਹੀਂ......ਬੰਦੇ ਮਾਰਿਆਂ ਕਦੇ ਧਰਮ ਨਹੀਂ ਮੁੱਕੇ।"

ਤੇ ਇਹ ਆਖ਼ਰੀ ਗੱਲ ਉਹਨੂੰ ਟੁੰਬ ਗਈ। ਉਹ ਇਤਿਹਾਸ ਤੋਂ ਵਾਕਫ਼ ਸੀ ਤੇ ਜਾਣਦਾ ਸੀ ਕਿ ਹਿੰਦ ਵਿਚੋਂ ਬੁੱਧ ਮੱਤ ਦਾ ਨਾਸ ਮਾਰਨ ਦੇ ਜਤਨ ਹੀ ਜਗਤ ਵਿਚ ਇਹਦਾ ਪਸਾਰ ਹੋਰ ਮੋਕਲਾ ਕਰਨ ਦਾ ਮੂਜਬ ਬਣੇ ਸਨ।

ਜੇਨੀ ਨੂੰ ਟੁਰਨ ਲੱਗਿਆਂ ਉਸ ਦੇ ਮਾਪਿਆਂ ਕਿਹਾ ਸੀ : 'ਤੂੰ ਘਰਵਾਲੀ ਐਂ ਉਹਦੀ। ਜ਼ੋਜ਼ਫ਼ ਨੂੰ ਸਮਝਾਈਂ ਸ਼ਾਇਦ ਪਰਤ ਪਏ, ਨਹੀਂ ਤਾਂ ਜੋ ਫੈਸਲਾ ਉੱਥੋਂ ਦਾ ਚਰਚ ਕਰੇ ਉਸ ਤੇ ਅਮਲ ਕਰਨਾ ਹੋਏਗਾ। ਖ਼ਬਰਦਾਰ! ਜ਼ੋਜ਼ਫ਼ ਦੀਆਂ ਗੱਲਾਂ ਵਿਚ ਨਾ ਆ



ਜਾਈਂ ਕਿਧਰੇ। ਉਹ ਤਾਂ ਬੇਗਾਨਾ ਸੀ, ਤੂੰ ਤੇ ਖ਼ੂਨ ਐਂ ਸਾਡਾ। ਅਸੀਂ ਤੇਰੇ ਬਦਲਣ ਦੀ ਆਸ ਨਹੀਂ ਕਰ ਸਕਦੇ। ਜਾ ਧੀਏ ਖ਼ੁਦਾਵੰਦ ਤੇਰਾ ਚੋਪਾਨ ਹੈ।'

ਤੇ ਜ਼ੋਜ਼ਫ਼ ਨੂੰ ਸਮਝਾਉਣ ਦੀ ਕੋਸ਼ਿਸ਼ ਵਿਚ ਉਲਟਾ ਉਹ ਉਹਨੂੰ ਸਮਝਾਉਣ ਲੱਗ ਪਿਆ ਸੀ। 'ਰੱਬ ਕਿਸੇ ਨੇ ਵੰਡਿਆ ਨਹੀਂ। ਨਾਲੇ ਅਸਲ ਤਾਂ ਬੰਦਿਆਈ ਏ।' ਕਦੇ ਉਹ ਬਹੁਤ ਸਿਆਣੀਆਂ ਗੱਲਾਂ ਕਰ ਜਾਂਦਾ।

ਪਰ ਜੇਨੀ ਨੇ ਥੱਕ ਹਾਰ ਕੇ ਮਿਸ਼ਨਰੀ ਨੂੰ ਜਾ ਆਖਿਆ ਸੀ ਪਈ, 'ਇਸ ਤੇ ਮੇਰੀ ਕਿਸੇ ਗੱਲ ਦਾ ਕੋਈ ਅਸਰ ਨਹੀਂ ਹੁੰਦਾ।' ਅੱਜ ਮਿਸ਼ਨ ਦੇ ਲੋਕ ਉਸ ਦੇ ਵਿਹੜੇ ਵਿਚ ਆਏ ਬੈਠੇ ਸਨ। ਜੇਨੀ ਤੇ ਚਾਰੇ ਬੱਚੇ ਵੀ ਮੌਜੂਦ ਸਨ। ਇਹ ਸੱਥ ਬੈਠੀ ਵੇਖ ਦੋ ਚਾਰ ਮੁਸਲਮਾਨ ਜ਼ੋਜ਼ਫ਼ ਨਾਲ ਵੀ ਆਣ ਰਲੇ। ਮਿਸ਼ਨਰੀ ਨੇ ਸਾਫ਼ ਆਖ ਸੁਣਾਇਆ ਸੀ ਕਿ ਜੇਨੀ 'ਤੇ ਹੁਣ ਜ਼ੋਜ਼ਫ਼ ਦਾ ਕੋਈ ਹੱਕ ਨਹੀਂ ਤੇ ਅੱਜ ਤੋਂ ਦੋਨਾਂ ਵਿਚ ਪੱਕਾ ਵਖਰੇਵਾਂ।

ਜ਼ੋਜ਼ਫ਼ ਵੱਲ ਚਲੇ ਗਏ ਜ਼ਰਾ ਸਿਆਣੇ ਸੀਮੋਈਲ ਤੇ ਡੈਂਟਲ ਨੂੰ ਮੁਸਲਮਾਨ ਮੰਨ ਲਿਆ ਗਿਆ ਜਦ ਕਿ ਜੇਨੀ ਕੋਲ ਬੈਠੇ ਰਹਿ ਗਏ ਦੋ ਨਿੱਕੇ ਬਾਲਾਂ ਨੂੰ ਈਸਾਈ ਮੰਨ ਲਿਆ ਗਿਆ। ਜੇ ਠੱਠੀ ਵਿਚ ਜੇਮਸ ਤੇ ਪਤਰਸ ਨੂੰ ਪਿਆਰ ਕਰਨ ਵਾਲਾ ਇੱਕ ਤੋਂ ਵੱਧ ਇੱਕ ਜੀ ਮੌਜੂਦ ਸੀ ਤਾਂ ਠੱਠੀ ਤੋਂ ਬਾਹਰ ਸੀਮੋਈਲ ਤੇ ਡੈਂਟਲ ਲਈ ਮੋਹ ਰੱਖਣ ਵਾਲਿਆਂ ਦੀ ਵੀ ਕੋਈ ਘਾਟ ਨਹੀਂ ਸੀ। ਇਨ੍ਹਾਂ ਦੋਨਾਂ ਬਾਲਾਂ ਨੂੰ ਮੌਲਵੀ ਹੋਰੀਂ ਸ਼ਹਿਰ ਦੇ ਕਿਸੇ ਮਦਰਸੇ ਵਿਚ ਛੱਡ ਆਏ ਸਨ ਜਿਥੇ ਵਿਸ਼ਵਾਸ ਏ ਕਿ ਉਹ ਸੀਮੋਈਲ ਤੇ ਡੈਂਟਲ ਤੋਂ ਇਸਮਾਈਲ ਤੇ ਦਾਨਿਆਲ ਹੋ ਗਏ ਹੋਣਗੇ। ਈਸਾਈ ਤੇ ਮੁਸਲਮਾਨ ਬੱਚਿਆਂ ਦੀ ਇਹ ਵੰਡ ਤੇ ਵਿਤਕਰਾ ਬਾਲਾਂ ਦੀ ਅਕਲੋਂ ਬਾਹਰ ਸੀ।

ਬੱਚਿਆਂ ਉੱਤੇ ਤਾਂ ਇਹਦਾ ਮਾੜਾ ਅਸਰ ਪੈਣਾ ਈ ਸੀ ਆਪ ਜ਼ੋਜ਼ਫ਼ ਉੱਤੇ ਵੀ ਇਹਦਾ ਬਹੁਤ ਬੁਰਾ ਅਸਰ ਹੋਇਆ। ਇੱਕੋ ਕੁੱਖੋਂ ਜੰਮੇ ਬਾਲਾਂ ਦਾ ਇੱਕ ਦੂਜੇ ਲਈ ਮਮਨੂਅ ਹੋਣਾ ਜ਼ੋਜ਼ਫ਼ ਨੂੰ ਬੜਾ ਦੁੱਖਦਾ।

ਘਰ ਵਾਲਾ ਥਾਂ ਜ਼ੋਜ਼ਫ਼ ਨੇ ਜੇਨੀ ਨੂੰ ਦੇ ਦਿੱਤਾ ਸੀ ਪਰ ਉਹ ਕੁਝ ਦਿਨ ਆਪਣੀ ਭੈਣ ਦੇ ਘਰ ਰਹਿ ਕੇ ਫੇਰ ਵੀ ਪੇਕਿਆਂ ਨੂੰ ਮੁੜ ਗਈ ਸੀ।

ਜ਼ੋਜ਼ਫ਼ ਨੇ ਸੋਚਣਾ ਕੁਝ ਜ਼ਿਆਦਾ ਈ ਕਰ ਦਿੱਤਾ। ਇਸੇ ਹਿਸਾਬ ਨਾਲ ਉਹਦੀ ਸੂਈ ਵੀ ਬਹੁਤਾ ਈ ਅਟਕਣ ਲੱਗ ਪਈ।

ਪਿਪਲੀ ਵਾਲਿਆਂ ਦੀ ਹਵੇਲੀ ਵਿਚ ਲੰਮਾ ਪਿਆ-ਪਿਆ ਉਹ ਸੋਚਦਾ ਤੇ ਸੂਈ ਅਟਕ ਜਾਂਦੀ ਤਾਂ ਉਹ ਸੋਚਣਾ ਛੱਡ ਦਿੰਦਾ। ਉਹ ਫਿਰ ਸੋਚਦਾ, ਸੂਈ ਫਿਰ ਅਟਕ ਜਾਂਦੀ ਤੇ ਉਹ ਸੋਚਣਾ ਛੱਡ ਦਿੰਦਾ।

ਇੱਕ ਚਿਰ ਪਿੱਛੋਂ ਕਿਸੇ ਦਿਹਾੜ ਤੇ ਪਿੰਡ ਆਈ ਜੇਨੀ ਦਾ ਜ਼ੋਜ਼ਫ਼ ਨੂੰ ਪਤਾ ਲੱਗਾ ਤਾਂ ਉਹਨੇ ਜੇਨੀ ਨੂੰ ਕਿਸੇ ਰਾਹੀਂ ਲੰਬੜਾਂ ਦੀ ਹਵੇਲੀ ਦੇ ਪਿਛਵਾੜੇ, ਰਾਤ ਨੂੰ ਸ਼ਰੀਨਹਾ ਦੇ ਰੁੱਖ ਹੇਠ ਮਿਲਣ ਦਾ ਤਰਲਾ ਕੀਤਾ।

ਮਿੱਥੇ ਵੇਲੇ ਤੋਂ ਪਹਿਲਾਂ ਈ ਉਹ ਸ਼ਰੀਨਹਾ ਦੇ ਰੁੱਖ ਹੇਠ ਆ ਬੈਠਾ ਤੇ ਵਾਅ ਵਿਚ ਘੁਲੀ ਸ਼ਰੀਨਹਾ ਦੇ ਫੁੱਲਾਂ ਦੀ ਮਿੱਠੀ ਸੁਗੰਧ ਸਾਹ ਰਾਹੀਂ ਆਪਣੇ ਅੰਦਰ ਭਰਦਾ ਰਿਹਾ।

ਲੰਮੀ ਉਡੀਕ ਪਿੱਛੋਂ ਉਸ ਆਪਣੇ ਵੱਲ ਇੱਕ ਪਰਛਾਵਾਂ ਵਧਦਾ ਵੇਖਿਆ ਤਾਂ ਉਹ ਉੱਠ ਖਲੋਤਾ। ਉਹ ਜੇਨੀ ਈ ਸੀ ਜੋ ਹੁਣ ਉਸ ਦੇ ਕੋਲ ਆਣ ਖਲੋਤੀ ਸੀ।

ਉਨ੍ਹਾਂ ਵਿਚਾਲੇ ਚੁੱਪ ਦਾ ਇਕ ਪਹਾੜ ਖੜ੍ਹਾ ਸੀ। ਹਿਮਾਲੇ ਜਿੱਡਾ ਪਹਾੜ।

'ਜੇਨੀ!' ਚੁੱਪ ਦੇ ਪਹਾੜ ਤੋਂ ਇੱਕ ਪੱਥਰ ਲੁੜਕਿਆ।

'ਹਾਂ,' ਉਸੇ ਪਹਾੜ ਦੇ ਖੂਹ ਵਿਚੋਂ ਆਵਾਜ਼ ਆਈ।

'ਤੂੰ ਮੁੜ ਕਿਉਂ ਨਹੀਂ ਆਉਂਦੀ?'

'ਤੂੰ ਵੀ ਪਿਛਾਂ ਪਰਤ ਆ।'

ਇਕ ਵਾਰ ਫਿਰ ਪਸਰ ਗਈ ਚੁੱਪ ਨੂੰ ਜ਼ੋਜ਼ਫ਼ ਦੀ ਆਵਾਜ਼ ਨੇ ਤੋੜਿਆ :

'ਜੇਨੀ!'

'ਹਾਂ।'

'ਯਾਦ ਹੈ ਤੈਨੂੰ?'

'ਕੀ?'

'ਜਦੋਂ ਫ਼ਾਦਰ ਨੇ ਤੇਰੀ ਬਾਂਹ ਮੇਰੇ ਹੱਥ ਵਿਚ ਫੜਾਉਂਦਿਆਂ ਕਿਹਾ ਸੀ ਕਿ ਜਿਹੜੇ ਰਿਸ਼ਤੇ ਵਿਚ ਤੁਸੀਂ ਅੱਜ ਪਰੋਚ ਗਏ ਹੋ, ਉਹ ਇੱਕ ਅਟੁੱਟ ਰਿਸ਼ਤਾ ਹੈ। ਕਿਸੇ ਇੱਕ ਧਿਰ ਵੱਲੋਂ ਤੋੜਨ ਦੀ ਕੋਸ਼ਿਸ਼ ਦੇ ਬਾਵਜੂਦ ਵੀ, ਤੇ ਜਿਉਂਦੇ ਜੀ ਹੁਣ ਤੁਸੀਂ ਇੱਕ ਹੋ।'

'ਹਾਂ ਯਾਦ ਏ।'

'ਫਿਰ ਅੱਜ ਉਹ ਰਿਸ਼ਤਾ ਕੀ ਹੋਇਆ?'

'ਉਹ ਰਿਸ਼ਤਾ ਜ਼ੋਜ਼ਫ਼ ਤੇ ਜੇਨੀ ਵਿਚਕਾਰ ਸੀ ਤੇ ਹੁਣ ਤੂੰ ਯੂਸੁਫ਼ ਐਂ।'

'ਮੇਰਾ ਕੁਝ ਵੀ ਨਹੀਂ ਬਦਲਿਆ। ਵੇਖ ਮੈਂ ਉਹੀ ਬੰਦਾ ਹਾਂ, ਜੇਨੀ ਮੇਰੇ ਦਿਲ ਵਿਚ ਅੱਜ ਵੀ ਤੇਰੇ ਲਈ ਓਨਾ ਈ ਮੋਹ ਹੈ ਜਿਤਨਾ ਪਹਿਲੇ ਸੀ।'

ਜ਼ੋਜ਼ਫ਼ ਨੇ ਅੱਗੇ ਵੱਧ ਕੇ ਜੇਨੀ ਦਾ ਹੱਥ ਫੜਣਾ ਚਾਹਿਆ ਜੋ ਉਹਨੇ ਝਟਕ ਦਿੱਤਾ। ਜੇਨੀ ਸੱਜੇ ਹੱਥ ਦੀ ਉਂਗਲੀ ਨਾਲ ਸੀਨੇ ਤੇ ਸਲੀਬ ਬਣਾਉਂਦੀ ਹੋਈ ਬੋਲੀ :

'ਮੈਂ ਜ਼ੋਜ਼ਫ਼ ਦੀ ਜਾਣੂ ਹਾਂ। ਯੂਸੁਫ਼ ਦੀ ਨਹੀਂ।'

ਤੇ ਫਿਰ ਹਨੇਰੇ ਵਿਚ ਗੁੰਮ ਹੋ ਗਈ।

ਜ਼ੋਜ਼ਫ਼ ਧਰਤੀ ਵਿਚ ਗੱਡਿਆ ਮੁੰਨਾ, ਕਿੰਨੀ ਦੇਰ ਅਹਿਲ ਖਲੋਤਾ ਸੋਚਦਾ ਰਿਹਾ। ਸੋਚ ਦੀ ਸੂਈ ਜ਼ੋਜ਼ਫ਼ ਤੇ ਯੂਸੁਫ਼ ਵਿਚਲੇ ਫ਼ਰਕ ਉੱਤੇ ਅਟਕ ਗਈ ਪਰ ਉਹ ਫਿਰ ਵੀ ਸੋਚਦਾ ਰਿਹਾ।

ਯੂਸੁਫ਼ ਵਿਚ ਗੁੰਮ ਹੋਏ ਜ਼ੋਜ਼ਫ਼ ਨੂੰ ਖੋਜਦਾ ਰਿਹਾ। ਖੋਜਦਾ ਰਿਹਾ। ਤੇ ਫਿਰ ਇਸੇ ਖੋਜ ਵਿਚ ਆਪ ਵੀ ਕਿਧਰੇ ਗਵਾਚ ਗਿਆ।

ਸਵੇਰੇ ਪਿੰਡ ਵਾਲਿਆਂ ਵੇਖਿਆ ਉਹ ਪਾਗਲ ਹੋ ਚੁੱਕਿਆ ਸੀ। ਹੁਣ ਉਹ ਨਾ ਮੁਸਲਮਾਨ ਸੀ, ਨਾ ਈ ਈਸਾਈ। ਠੱਠੀ ਵਿਚ ਤੇ ਠੱਠੀ ਤੋਂ ਬਾਹਰ ਉਹ ਹੁਣ ਦੋਨਾਂ ਧਿਰਾਂ ਨੂੰ ਇਕੋ ਜਿਹਾ ਸੀ ਕਿਉਂਜੋ ਪਾਗਲ ਨਾ ਈਸਾਈ ਹੁੰਦਾ ਏ, ਨਾ ਈ ਮੁਸਲਮਾਨ। ਉਹ ਤਾਂ ਪਾਗਲ ਈ ਹੁੰਦਾ ਏ। ਬਸ ਇਕ ਖ਼ਾਲੀ-ਖ਼ੂਲੀ ਬੰਦਾ।



**ਸਿੰਧੀ ਕਹਾਣੀਆਂ**

# ਜ਼ਿੰਦਗੀ ਨਾਲੋਂ ਕੱਟਿਆ ਹੋਇਆ ਟਿਕਟ

**—ਵਲੀਰਾਮ ਵਲਭ**

***(18-08-1941)***

ਸਟੇਸ਼ਨ ਤੋਂ ਮੇਰੀ ਭੈਣ ਦਾ ਘਰ ਮੀਲ ਕੁ ਦੂਰ ਏ। ਏਡੀ ਗਰਮੀ ਵਿਚ ਮੈਨੂੰ ਪੈਦਲ ਜਾਣਾ ਮੁਸ਼ਕਲ ਲੱਗ ਰਿਹਾ ਏ। ਜੇਬ ਵਿਚ ਪਿਆ ਦਸ ਦਾ ਨੋਟ ਜਿਵੇਂ ਤਾਂਗੇ ਵਿਚ ਜਾਣ ਤੋਂ ਰੋਕ ਰਿਹਾ ਏ। ਇਕ ਪਲ ਲਈ ਮੈਂ ਚਾਰੇ-ਪਾਸੇ ਨਜ਼ਰਾਂ ਦੌੜਾਈਆਂ ਤੇ ਅੱਗੇ ਟੁਰ ਪਿਆ ਹਾਂ। ਅੱਧਾ ਘੰਟਾ ਲੱਗ ਗਿਆ ਏ ਮੈਨੂੰ ਵੱਡੀ ਭੈਣ ਦੇ ਘਰ ਤਕ ਪਹੁੰਚਣ ਵਿਚ। ਭੈਣ ਦਰਵਾਜ਼ੇ 'ਤੇ ਈ ਮਿਲ ਗਈ। ਦੇਖ ਕੇ ਕੁਝ ਕਦਮ ਅੱਗੇ ਵਧ ਆਈ ਤੇ ਮੈਨੂੰ ਗਲ਼ ਨਾਲ ਲਾ ਲਿਆ।

"ਆ...।" ਭੈਣ ਨੇ ਅੰਦਰ ਜਾਂਦਿਆਂ ਕਿਹਾ। ਮੈਂ ਚੁੱਪਚਾਪ ਭੈਣ ਦੇ ਪਿੱਛੇ-ਪਿੱਛੇ ਪੌੜੀਆਂ ਚੜ੍ਹਨ ਲੱਗਾ ਹਾਂ।

"ਕਿਵੇਂ ਆਇਆਂ? ਕੋਈ ਖ਼ਤ ਵੀ ਨਈਂ ਲਿਖਿਆ?"

"ਕੱਲ੍ਹ ਇੰਟਰਵਿਊ ਏ।"

"ਕਿੱਥੇ?"

"ਏਥੇ ਈ, ਬੈਂਕ 'ਚ।"

ਮੈਨੂੰ ਡਰਾਇੰਗ-ਰੂਮ ਵਿਚ ਬੈਠਾ ਕੇ ਭੈਣ ਅੰਦਰ ਚਲੀ ਗਈ ਏ। ਵਾਪਸ ਆਈ ਤਾਂ ਉਸਦੇ ਹੱਥ ਵਿਚ ਪਾਣੀ ਦਾ ਗਲਾਸ ਸੀ।

"ਬਾਬਾ ਕਿਵੇਂ ਨੇ?" ਪਾਣੀ ਦਾ ਗਲਾਸ ਮੇਰੇ ਵੱਲ ਵਧਾਉਂਦਿਆਂ ਹੋਇਆਂ ਭੈਣ ਨੇ ਪੁੱਛਿਆ।

"ਠੀਕ ਨੇ।" ਜਿਵੇਂ ਬੇਧਿਆਨੇ ਵਿਚ ਮੇਰੇ ਮੂੰਹੋਂ ਨਿਕਲਿਆ। ਵੈਸੇ ਤਾਂ ਬਾਬਾ ਨੇ ਵੀ ਕਿਹਾ ਕਿ ਮੈਂ ਉਸਦੀ ਬਿਮਾਰੀ ਬਾਰੇ ਭੈਣ ਨੂੰ ਕੁਝ ਵੀ ਨਾ ਦੱਸਾਂ। ਪਰ ਮੈਂ ਫ਼ੈਸਲਾ ਕਰ ਲਿਆ ਸੀ ਕਿ ਭੈਣ ਨੂੰ ਸਭ ਕੁਝ ਸੱਚ-ਸੱਚ ਦੱਸ ਦਿਆਂਗਾ। ਮੈਥੋਂ ਇਹ ਬੋਝ ਇਕੱਲਿਆਂ ਨਈਂ ਚੁੱਕਿਆ ਜਾਂਦਾ, ਪਰ ਭੈਣ ਦੇ ਪੁੱਛਣ 'ਤੇ ਜਿਵੇਂ ਲਫ਼ਜ਼ ਖ਼ੁਦ ਈ ਬਦਲ ਗਏ ਨੇ।

"ਡਾਕਟਰ ਆਉਂਦਾ ਰਹਿੰਦੈ?" ਭੈਣ ਮੇਰੇ ਚਿਹਰੇ ਤੋਂ ਜਿਵੇਂ ਕੁਝ ਤਾੜ ਗਈ ਏ, ਤੇ ਸ਼ਾਇਦ ਇਹ ਸਵਾਲ ਉਸਨੇ ਇਸੇ ਲਈ ਕੀਤਾ ਏ।

"ਹਾਂ।" ਨਿੱਕਾ ਜਿਹਾ ਜਵਾਬ ਦੇ ਕੇ ਮੈਂ ਫੇਰ ਚੁੱਪ ਹੋ ਗਿਆ ਹਾਂ। ਭੈਣ ਇਕਟੱਕ ਮੇਰੇ ਵੱਲ ਦੇਖਣ ਲੱਗੀ ਏ। ਮੈਨੂੰ ਇੰਜ ਲੱਗਦਾ ਏ ਜਿਵੇਂ ਭੈਣ ਦੀਆਂ ਨਜ਼ਰਾਂ ਮੇਰੇ ਕਮੀਜ਼ ਦੇ ਪਾਟੇ ਹੋਏ ਕਾਲਰ ਉੱਤੇ ਅਟਕੀਆਂ ਹੋਈਆਂ ਨੇ ਤੇ ਉਸਨੂੰ ਲੁਕਾਉਣ ਲਈ ਮੈਂ ਗਰਦਨ ਸੱਜੇ ਪਾਸੇ ਫੇਰ ਲੈਂਦਾ ਹਾਂ।

ਭੈਣ ਉੱਠ ਕੇ ਬਾਹਰ ਚਲੀ ਜਾਂਦੀ ਏ। ਉਦੋਂ ਈ ਪਰਦੇ ਪਿੱਛੇ ਇਕ ਅਕਸ ਉਭਰਦਾ ਏ। ਮੈਂ ਜ਼ਰਾ ਸਿੱਧਾ ਹੋ ਕੇ ਬੈਠ ਗਿਆ ਹਾਂ। ਪਰਦਾ ਹਟਿਆ ਤਾਂ ਭੈਣ ਦੀ ਸੱਸ ਸੀ। ਮੈਂ ਉੱਠ ਕੇ ਉਸਨੂੰ ਪੈਰੀ-ਪੈਣਾ ਕਰਦਾ ਹਾਂ।

"ਕੀ ਹਾਲ ਏ ਬੇਟਾ ? ਬੈਠ...ਤੇਰਾ ਪਿਓ ਕਿਵੇਂ ਐ ?"

"ਜੀ ਬਸ, ਠੀਕ ਨੇ।" ਮੇਰੀ ਨਜ਼ਰ ਆਪਣੇ ਬੂਟਾਂ 'ਤੇ ਪਈ। ਮੈਂ ਉਹਨਾਂ ਨੂੰ ਸਾਹਮਣੇ ਡੱਠੀ ਹੋਈ ਮੇਜ਼ ਹੇਠ ਲੁਕਾਉਣ ਦੀ ਕੋਸ਼ਿਸ਼ ਕਰਦਾ ਹਾਂ।

"ਮੈਂ ਤਾਂ ਬਹੂ ਨੂੰ ਕਿੱਦੇਂ ਦਾ ਕਹਿ ਰਹੀ ਆਂ ਪਈ ਤੁਹਾਨੂੰ ਚਿੱਠੀ ਲਿਖੇ। ਉੱਥੋਂ ਕੁਛ ਚੀਜ਼ਾਂ ਮੰਗਵਾਉਣੀਆਂ ਸੀ।"

ਮੈਂ ਚੁੱਪਚਾਪ ਨੀਵੀਂ ਪਾਈ ਬੈਠਾ ਹਾਂ। ਮੈਨੂੰ ਕੁਝ ਸੁੱਝ ਨਹੀਂ ਰਿਹਾ ਕਿ ਕੀ ਕਹਾਂ। ਕੁਝ ਚਿਰ ਬਾਅਦ ਭੈਣ ਚਾਹ ਦੀ ਟਰੇ ਚੁੱਕੀ ਅੰਦਰ ਆਈ ਏ। ਉਸਦੀ ਸੱਸ ਉੱਠ ਕੇ ਬਾਹਰ ਚਲੀ ਗਈ ਏ।

ਭੈਣ ਨੇ ਮੁਸਕੁਰਾਉਣ ਦੀ ਅਸਫ਼ਲ ਕੋਸ਼ਿਸ਼ ਕੀਤੀ, ਪਰ ਉਹ ਆਪਣੀ ਸੰਜੀਦਗੀ ਨੂੰ ਬਹੁਤੀ ਦੇਰ ਤਕ ਲੁਕਾ ਨਾ ਸਕੀ। ਲਿੱਸੀ ਜਿਹੀ ਆਵਾਜ਼ ਵਿਚ ਭੈਣ ਨੇ ਕਿਹਾ, "ਪੱਪੂ, ਸੋਚਦੀ ਆਂ, ਬਾਬਾ ਮੇਰੀ ਸ਼ਾਦੀ ਨਾ ਕਰਦੇ ਤਾਂ ਚੰਗਾ ਸੀ।" ਮੈਂ ਤ੍ਰਬਕ ਜਾਂਦਾ ਹਾਂ ਤੇ ਇਕਟੱਕ ਭੈਣ ਦੇ ਮੂੰਹ ਵੱਲ ਦੇਖਣ ਲੱਗਦਾ ਹਾਂ।

"ਹਾਂ ਪੱਪੂ, ਤੂੰ ਵੀ ਸੋਚਦਾ ਹੋਏਂਗਾ, ਮੈਂ ਇਹ ਸਭ ਕੁਛ ਕੀ ਕਹਿ ਰਹੀ ਆਂ, ਸੱਚ ਈ ਤਾਂ ਏ। ਤੇਰਾ ਤੇ ਬਾਬਾ ਦਾ ਘਰ 'ਚ ਇਕੱਲੇ ਰਹਿਣਾ...ਸੱਚ ਕਹਾਂ, ਮੈਂ ਬਿਲਕੁਲ ਨਈਂ ਚਾਹਿਆ ਸੀ ਕਿ ਮੇਰੀ ਸ਼ਾਦੀ ਹੋਏ, ਪਰ ਬਾਬਾ ਦੀ ਜ਼ਿੱਦ...ਤੇ ਹੁਣ ਤਾਂ ਬਾਬਾ ਜਿਸ ਹਾਲ ਵਿਚ ਨੇ, ਉਹਨਾਂ ਨੂੰ ਵਧੇਰੇ ਦੇਖਭਾਲ ਦੀ ਲੋੜ ਏ। ਪਿਛਲੇ ਐਤਵਾਰ ਨੂੰ ਸਰੂਪ ਆਇਆ ਸੀ, ਤਾਂ ਉਸਨੇ ਸਭ ਕੁਛ ਦੱਸ ਦਿੱਤਾ ਸੀ। ਮੈਂ ਵੀ ਆਉਣਾ ਚਾਹਿਆ ਸੀ ਪਰ ਅੰਮਾ...ਉਹ ਵੀ ਉਸ ਦਿਨ ਘੁੰਮਣ ਗਏ ਹੋਏ ਸਨ। ਕਈ ਵਾਰੀ ਸੋਚਦੀ ਆਂ, ਇਹ ਸਾਰੇ ਬੰਧਨ ਤੋੜ ਕੇ ਹਮੇਸ਼ਾ ਲਈ ਆ ਜਾਵਾਂ, ਪਰ ਇਹੀ ਸੋਚ ਕੇ ਰੁਕ ਜਾਂਦੀ ਆਂ ਕਿ ਇਹ ਵੀ ਤਾਂ ਬਾਬਾ ਲਈ ਇਕ ਵੱਡਾ ਸਦਮਾ ਹੋਏਗਾ...।" ਕੁਝ ਛਿਣ ਲਈ ਭੈਣ ਨੇ ਦਰਵਾਜ਼ੇ ਵੱਲ ਦੇਖਿਆ ਏ ਤੇ ਫੇਰ ਹੌਲੀ-ਜਿਹੀ ਕਿਹਾ ਏ, "ਜੇ ਬਾਬਾ ਨੇ ਮੇਰੀ ਸ਼ਾਦੀ ਕਰਨੀ ਈ ਸੀ ਤਾਂ ਕਿਸੇ ਆਪਣੇ ਵਰਗੇ ਘਰਾਂ 'ਚ ਕਰਦੇ। ਸੋਚਿਆ ਹੋਏਗਾ, ਇਹਨਾਂ ਕੋਲ ਧਨ-ਦੌਲਤ ਏ, ਪਰ ਇਹ ਨਈਂ ਸੋਚਿਆ ਕਿ ਜੇ ਧਨ-ਦੌਲਤ ਵਾਲਿਆਂ ਨੇ ਆਪਣੀਆਂ ਫ਼ਰਮਾਇਸ਼ਾਂ ਸ਼ੁਰੂ ਕਰ ਦਿੱਤੀਆਂ ਤਾਂ ਉਹ ਪੂਰੀਆਂ ਕਰ ਸਕਣਗੇ ?"

"ਪੱਪੂ, ਮੈਨੂੰ ਪਤਾ ਏ ਕਿ ਮੇਰੀਆਂ ਗੱਲਾਂ ਸੁਣ ਕੇ ਤੈਨੂੰ ਦੁੱਖ ਹੋ ਰਿਹਾ ਏ, ਪਰ ਮਨ 'ਤੇ ਨਾ ਲਾਵੀਂ। ਮੈਂ ਜੋ ਕੁਛ ਵੀ ਕਿਹਾ ਏ ਇਹ ਮੈਂ ਸ਼ੁਰੂ-ਸ਼ੁਰੂ 'ਚ ਬਰਦਾਸ਼ਤ ਕੀਤਾ, ਪਰ ਹੁਣ ਇੰਜ ਨਈਂ ਏਂ। ਇਹਨਾਂ ਦਾ ਰਵੱਈਆ ਕੁਛ ਬਿਹਤਰ ਏ, ਨਈਂ ਤਾਂ ਮੈਂ ਹੁਣ ਤਕ ਘੁੱਟ-ਘੁੱਟ ਕੇ ਮਰ ਜਾਂਦੀ। ਹਾਂ, ਬਸ ਹੁਣ ਸਿਰਫ਼ ਇਕੋ ਫ਼ਿਕਰ ਏ, ਹੁਣ ਬਾਬਾ ਦੀ ਬਿਮਾਰੀ ਦਾ ਸੁਣ ਕੇ ਵੀ ਮੈਂ ਉਹਨਾਂ ਕੋਲ ਨਈਂ ਜਾ ਸਕਦੀ...।" ਭੈਣ ਦੀ ਆਵਾਜ਼ ਭਰੜਾ ਗਈ ਏ।



"ਆ ਬਾਹਰ ਬੈਠਦੇ ਆਂ...।" ਇਹ ਕਹਿੰਦੀ ਹੋਈ ਭੈਣ ਉੱਠ ਕੇ ਖੜ੍ਹੀ ਹੋ ਗਈ ਏ।

ਬਾਹਰ ਭੈਣ ਦੀ ਸੱਸ ਰੋਟੀਆਂ ਪਕਾ ਰਹੀ ਸੀ। ਸਾਨੂੰ ਦੇਖ ਕੇ ਉੱਠ ਖੜ੍ਹੀ ਹੋਈ ਤੇ ਤਾਰ 'ਤੇ ਟੰਗੇ ਤੌਲੀਏ ਨਾਲ ਹੱਥ ਪੂੰਝਦੀ ਹੋਈ ਬੋਲੀ, "ਬਹੂ ਕੁਛ ਰੋਟੀਆਂ ਲਾਹ ਲੈ, ਮੈਂ ਬਿਮਲਾ ਕੇ ਘਰ ਹੋ ਕੇ ਆਈ...ਤੇਰਾ ਸਹੁਰਾ ਆ ਜਾਏ ਤਾਂ ਖਾਣਾ ਪਾ ਦੇਵੀਂ।"

**ਮੈਂ** ਸਾਹਮਣੇ ਰੱਖੀ ਹੋਈ ਕੁਰਸੀ 'ਤੇ ਬੈਠ ਜਾਂਦਾ ਹਾਂ। ਮੈਂ ਆਉਂਦਿਆਂ ਹੋਇਆਂ ਸੋਚਿਆ ਸੀ, ਭੈਣ ਨਾਲ ਬਹੁਤ ਸਾਰੀਆਂ ਗੱਲਾਂ ਕਰਾਂਗਾ—ਪਰ ਹੁਣ ਇੰਜ ਲੱਗਦਾ ਏ, ਇਹ ਗੱਲਾਂ ਭੈਣ ਦੀ ਜ਼ਿੰਦਗੀ ਨਾਲੋਂ ਬਹੁਤ ਪਿੱਛੇ ਰਹਿ ਗਈਆਂ ਨੇ। ਮੈਂ ਰਤਾ ਮੁਸਕੁਰਾਉਂਦਿਆਂ ਹੋਇਆਂ ਕਿਹਾ, "ਭੈਣ ਕਾਫੀ ਬਦਲ ਗਈ ਏਂ।"

ਭੈਣ ਨੇ ਹੱਸਦਿਆਂ ਹੋਇਆਂ ਇਕ ਛਿਣ ਲਈ ਮੇਰੇ ਵੱਲ ਦੇਖਿਆ ਤੇ ਫੇਰ ਨੀਵੀਂ ਪਾ ਕੇ ਕਿਹਾ, "ਬਦਲਣਾ ਈ ਪੈਂਦਾ ਏ।"

ਫੇਰ ਚੁੱਪ ਵਾਪਰ ਗਈ।

"ਤੂੰ ਰੋਟੀ ਖਾ ਲੈ, ਭੁੱਖ ਲੱਗੀ ਹੋਏਗੀ।"

"ਨਈਂ ਅਜੇ ਨਈਂ, ਪਕਾ ਲੈ 'ਕੱਠੇ ਈ ਖਾ ਲਵਾਂਗੇ।"

ਏਨੇ ਵਿਚ ਕਿਸੇ ਦੇ ਪੌੜੀਆਂ ਚੜ੍ਹਨ ਦੀ ਆਵਾਜ਼ ਆਈ। ਮੈਂ ਦਰਵਾਜ਼ੇ ਵੱਲ ਦੇਖਿਆ—ਭੈਣ ਦਾ ਸਹੁਰਾ ਏ। ਮੈਂ ਉੱਠ ਕੇ ਉਸਨੂੰ ਪੈਰੀ-ਪੈਣਾਂ ਕੀਤਾ। ਹਾਲ-ਚਾਲ ਪੁੱਛ ਕੇ ਉਹ ਅੰਦਰ ਚਲਾ ਗਿਆ।

ਰੋਟੀ ਖਾ ਕੇ ਮੈਂ ਭੈਣ ਦੇ ਕਮਰੇ ਵਿਚ ਆ ਕੇ ਲੇਟ ਗਿਆ ਹਾਂ। ਕੁਝ ਚਿਰ ਪਿੱਛੋਂ ਭੈਣ ਵੀ ਅੰਦਰ ਆ ਗਈ ਹੈ।

"ਜੀਜਾ ਜੀ ਕਿੰਨੇ ਵਜੇ ਤਕ ਆ ਜਾਂਦੇ ਨੇ ?"

"ਪੰਜ ਵਜੇ ਤਕ ਆ ਜਾਂਦੇ ਨੇ।"

ਮੈਂ ਨੇੜੇ ਪਿਆ ਹੋਇਆ ਅਖ਼ਬਾਰ ਦੇਖਣ ਲੱਗਦਾ ਹਾਂ।

"ਤੈਨੂੰ ਪਿਛਲੀ ਵਾਰੀ ਕਮੀਜ਼ ਦਾ ਕੱਪੜਾ ਦਿੱਤਾ ਸੀ।" ਭੈਣ ਦੀ ਗੱਲ ਨੇ ਜਿਵੇਂ ਮੈਨੂੰ ਕਿਸੇ ਡੂੰਘੇ ਟੋਏ ਵਿਚ ਧੱਕ ਦਿੱਤਾ। ਮੈਨੂੰ ਜਿਸ ਗੱਲ ਦਾ ਡਰ ਸੀ, ਉਹੀ ਹੋਈ। ਕੁਝ ਹਿੰਮਤ ਕਰਕੇ ਮੈਂ ਭੈਣ ਵੱਲ ਦੇਖ ਕੇ ਮੁਸਕੁਰਾਉਂਦਿਆਂ ਕਿਹਾ, "ਅੱਜ ਕੱਲ੍ਹ ਕੱਪੜਾ ਓਨਾਂ ਮਹਿੰਗਾ ਨਈਂ ਏਂ, ਜਿੰਨੀ ਸੁਆਈ।"

ਮੈਨੂੰ ਆਪਣਾ ਠੱਠਾ ਫਿੱਕਾ ਜਿਹਾ ਲੱਗਿਆ। ਛੋਟੀਆਂ-ਛੋਟੀਆਂ ਗੱਲਾਂ ਪੁੱਛਦੇ ਹੋਏ ਭੈਣ ਦੀ ਅੱਖ ਲੱਗ ਗਈ। ਮੈਂ ਪਾਸਾ ਪਰਤ ਲਿਆ।

ਸ਼ਾਮ ਨੂੰ ਜੀਜਾ ਜੀ ਆਏ ਤਾਂ ਭੈਣ ਨੇ ਉਹਨਾਂ ਨੂੰ ਮੇਰੀ ਇੰਟਰਵਿਊ ਬਾਰੇ ਦੱਸਿਆ। ਜੀਜਾ ਜੀ ਮੁਸਕੁਰਾਏ।

**ਸ**ਵੇਰੇ ਨੌਂ ਵਜੇ ਤਿਆਰ ਹੋ ਕੇ ਮੈਂ ਜੀਜਾ ਜੀ ਨਾਲ ਘਰੋਂ ਨਿਕਲਿਆ। ਮੈਨੂੰ ਬੈਂਕ ਕੋਲ ਛੱਡ ਕੇ ਉਹ ਅੱਗੇ ਚਲੇ ਗਏ।

ਕਾਫੀ ਮੁੰਡੇ ਇੰਟਰਵਿਊ ਲਈ ਆਏ ਹੋਏ ਨੇ। ਇਕ ਘੰਟੇ ਬਾਅਦ ਮੇਰੀ ਵਾਰੀ

ਆਈ। ਨਾਉਮੀਦ ਹੋ ਕੇ ਬਾਹਰ ਆਇਆ ਹਾਂ ਕਿਉਂਕਿ ਇੰਟਰਵਿਊ ਠੀਕ ਤਰ੍ਹਾਂ ਨਈਂ ਦੇ ਸਕਿਆ ਸੀ। ਘਰ ਵਾਪਸ ਆਇਆ ਤਾਂ ਭੈਣ ਨੇ ਬੇਚੈਨੀ ਨਾਲ ਪੁੱਛਿਆ, "ਕੀ ਹੋਇਆ?"

"ਠੀਕ ਹੋਈ ਏ, ਇਤਲਾਹ ਕੁਛ ਦਿਨਾਂ ਬਾਅਦ ਮਿਲੇਗੀ।"

"ਕਾਫੀ ਜਣੇ ਆਏ ਹੋਣਗੇ?"

"ਨਈਂ, ਕੋਈ ਬਹੁਤੇ ਨਈਂ ਸੀ।"

"ਪੱਪੂ, ਮੇਰਾ ਦਿਲ ਕਹਿੰਦਾ ਏ, ਇਸ ਵਾਰੀ ਜ਼ਰੂਰ ਰੱਖ ਲਿਆ ਜਾਏਂਗਾ।"

ਮੈਂ ਮੁਸਕੁਰਾ ਪਿਆ ਹਾਂ।

"ਭੈਣੇ ਗੱਡੀ ਇਕ ਵਜੇ ਜਾਂਦੀ ਏ, ਮੈਨੂੰ ਹੁਣ ਚੱਲਣਾ ਚਾਹੀਦਾ ਏ।"

"ਅੱਜ ਰਹਿ ਜਾ।"

"ਨਈਂ, ਬਾਬਾ ਇੰਤਜ਼ਾਰ ਕਰਨਗੇ।"

"ਰੋਟੀ ਖਾ ਲੈ, ਫੇਰ ਜਾਵੀਂ।"

"ਦੇਰ ਹੋ ਜਾਏਗੀ।"

ਭੈਣ ਚੁੱਪ ਹੋ ਗਈ। ਮੈਂ ਅੰਦਰੋਂ ਬੈਗ ਚੁੱਕ ਕੇ ਭੈਣ ਦੀ ਸੱਸ ਨੂੰ ਪੈਰੀ ਪੈਣਾਂ ਕਰਨ ਗਿਆ ਤਾਂ ਉਸਨੇ ਰਤਾ ਮੁਸਕੁਰਾਉਂਦਿਆਂ ਹੋਇਆਂ ਕਿਹਾ, "ਪੁੱਤਰ, ਬਹੂ ਨੂੰ ਮੈਂ ਕੁਛ ਚੀਜ਼ਾਂ ਦੱਸੀਆਂ ਨੇ, ਉਹ ਕਿਸੇ ਦੇ ਹੱਥ ਭਿਜਵਾ ਦੇਈਂ।"

ਮੈਂ 'ਹਾਂ' ਵਿਚ ਸਿਰ ਹਿਲਾ ਕੇ ਪੌੜੀਆਂ ਵੱਲ ਵਧ ਜਾਂਦਾ ਹਾਂ। ਭੈਣ ਵੀ ਮੇਰੇ ਪਿੱਛੇ-ਪਿੱਛੇ ਪੌੜੀਆਂ ਉਤਰਦੀ ਆ ਰਹੀ ਏ।

"ਹੁਣ ਤੂੰ ਕਦੋਂ ਆਵੇਂਗੀ?"

"ਅਜੇ ਕੁਛ ਨਈਂ ਕਹਿ ਸਕਦੀ, ਜਦੋਂ ਆਉਣਾ ਹੋਇਆ ਲਿਖ ਭੇਜਾਂਗੀ...ਤੂੰ ਚਿੱਠੀ ਲਿਖਦਾ ਰਹੀਂ। ਅਗਲੇ ਮਹੀਨੇ ਦੀ ਪੰਦਰਾਂ ਤਾਰੀਖ਼ ਤੋਂ ਸੌਣ ਦੇ ਵਰਤ ਸ਼ੁਰੂ ਹੋ ਰਹੇ ਨੇ। ਇਹ ਸਭ ਕੁਛ ਲੈ ਕੇ ਆ ਜਾਵੀਂ।" ਤੇ ਕਾਗਜ਼ ਦੇ ਇਕ ਟੁਕੜੇ ਵਿਚ ਲਿਪਟੇ ਸੌ-ਸੌ ਦੇ ਦੋ ਨੋਟ ਭੈਣ ਨੇ ਮੇਰੀ ਹਥੇਲ 'ਤੇ ਰੱਖ ਦਿੱਤੇ ਨੇ।

"ਇਹ ਕੀ?" ਮੈਂ ਤ੍ਰਬਕਿਆ ਹਾਂ।

"ਕੁਛ ਨਈਂ।"

ਮੈਂ ਇਨਕਾਰ ਕਰਨਾ ਚਾਹਿਆ, ਪਰ ਭੈਣ ਨੇ ਮੇਰੀ ਮੁੱਠੀ ਬੰਦ ਕਰ ਦਿੱਤੀ। ਮੈਂ ਬੈਗ ਚੁੱਕ ਕੇ ਬਾਹਰ ਆਇਆ। ਇਕ ਵਾਰੀ ਫੇਰ ਮੁੜ ਕੇ ਦੇਖਣਾ ਚਾਹੁੰਦਾ ਹਾਂ, ਪਰ ਹਿੰਮਤ ਨਹੀਂ ਪੈ ਰਹੀ ਤੇ ਹੁਣ ਜਲਦੀ ਤੋਂ ਜਲਦੀ ਭੈਣ ਦੀਆਂ ਨਜ਼ਰਾਂ ਤੋਂ ਓਹਲੇ ਹੋ ਜਾਣਾ ਚਾਹੁੰਦਾ ਹਾਂ।



# ਦੁਨੀਆਂ ਇਕ ਸਟੇਜ ਏ

**—ਨੂਰ ਉਲਹੁਦਾ ਸ਼ਾਹ**

***(22-07-1957)***

ਇਸ ਮਹਿਫ਼ਿਲ ਵਿਚ ਨੱਚਣ ਲਈ ਸਿਰਫ਼ ਮੈਨੂੰ ਈ ਬੁਲਾਇਆ ਗਿਆ ਸੀ...ਰਾਤ ਦੇ ਪਿਛਲੇ ਪਹਿਰ ਜਦੋਂ ਮਹਫ਼ਿਲ ਆਪਣੇ ਸ਼ਬਾਬ 'ਤੇ ਸੀ ਤੇ ਸਾਰੇ ਸ਼ਰਾਬ ਪੀ ਕੇ ਬੇਸੁੱਧ ਹੋ ਚੁੱਕੇ ਸਨ—ਉਦੋਂ ਮੈਂ ਘੁੰਗਰੂਆਂ ਦੀ ਛਮ-ਛਮ ਦੇ ਨਾਲ ਪੋਲੇ-ਪੋਲੇ ਪੈਰ ਚੁੱਕਣੇ ਸ਼ੁਰੂ ਕੀਤੇ। ਕੱਜਲਬਾਈ ਮਰਹੂਮਾ (ਖ਼ੁਦਾ ਉਸਨੂੰ ਬਹਿਸ਼ਤ ਨਸੀਬ ਕਰੇ) ਹਮੇਸ਼ਾ ਕਹਿੰਦੀ ਹੁੰਦੀ ਸੀ ਕਿ ਪਹਿਲਾਂ ਤਮਾਸ਼ਬੀਨਾਂ ਨੂੰ ਜਾਮ ਭਰ-ਭਰ ਕੇ ਪਿਆਓ—ਜਦੋਂ ਉਹ ਨਸ਼ੇ ਵਿਚ ਚੂਰ ਹੋ ਜਾਣ ਤਾਂ ਨੱਚੋ। ਫੇਰ ਨੱਚੋਗੇ ਤਾਂ ਸਿਰਫ਼ ਨੋਟ ਈ ਨਈਂ ਆਪਣਾ-ਆਪ ਵੀ ਤੁਹਾਡੇ ਤੇ ਵਾਰ ਦੇਣਗੇ।

ਘੁੰਗਰੂਆਂ ਦੀ ਛਮ-ਛਮ ਦੇ ਨਾਲ ਸਾਜਿੰਦਿਆਂ ਨੇ ਵੀ ਆਪਣੇ ਸਾਜ ਸੰਭਾਲੇ ਤੇ ਜ਼ਮੀਨ ਮੇਰੇ ਪੈਰਾਂ ਹੇਠ ਗੋਲ ਦਾਇਰੇ ਵਿਚ ਘੁੰਮਣ ਲੱਗੀ। ਇਸ ਭੌਂਦੇ ਹੋਏ ਦ੍ਰਿਸ਼ ਵਿਚ ਉਹ ਜਿਵੇਂ ਬਿਜਲੀ ਦੀ ਲਿਸ਼ਕ ਵਾਂਗ ਮੇਰੀਆਂ ਅੱਖਾਂ ਵਿਚ ਚਮਕ ਕੇ ਗ਼ਾਇਬ ਹੋ ਗਿਆ। ਆਪਣੇ-ਆਪ ਵਿਚ ਗਵਾਚਿਆ, ਸਾਰਾ ਜਿਸਮ ਸਿਆਹ ਸ਼ੌਲ ਵਿਚ ਲਿਪਟਿਆ ਹੋਇਆ। ਮੈਨੂੰ ਲੱਗਿਆ ਜਿਵੇਂ ਉਹ ਬੇਸੁੱਧ ਤਾਂ ਹੈ ਪਰ ਉਸਨੇ ਸ਼ਰਾਬ ਨਈਂ ਪੀਤੀ। ਉਹੀ ਇਕ ਇਕੱਲਾ ਹੈ ਜਿਹੜਾ ਜਾਗ ਰਿਹਾ ਹੈ। ਬਾਕੀ ਸਭ ਖੁੱਲ੍ਹੀਆਂ ਸੁਰਖ਼ ਅੱਖਾਂ ਦੇ ਅੰਦਰ ਮਰੇ ਪਏ ਸਨ ਤੇ ਉਹਨਾਂ ਦੇ ਖੁੱਲ੍ਹੇ ਮੂੰਹਾਂ ਵਿਚ ਕੋਈ ਬੋਲ ਰਿਹਾ ਸੀ। 'ਤੂੰ, ਨੱਚ ਨੱਚਣੀਏਂ...ਨੱਚ...ਨੱਚ...ਨੱਚਣੀਏਂ!...ਨੱਚ!!...ਨੱਚ!!!' ਨੋਟ ਸ਼ਿਕਾਰ ਕੀਤੇ ਪਰਿੰਦਿਆਂ ਵਾਂਗ ਫੜਫੜਾ ਕੇ, ਲਹਿਰਾਉਂਦੇ ਹੋਏ, ਜ਼ਮੀਨ 'ਤੇ ਡਿੱਗ ਰਹੇ ਸਨ। ਜ਼ਮੀਨ ਅਜੇ ਤਕ ਮੇਰੇ ਪੈਰਾਂ ਹੇਠ ਤੇਜ਼ੀ ਨਾਲ ਘੁੰਮ ਰਹੀ ਸੀ। ਜ਼ਮੀਨ ਦੀ ਇਸ ਤੇਜ਼ ਘੁਮੇਰੀ ਵਿਚ ਸਿਰਫ਼ ਇਕ ਵਾਰੀ ਉਸਨੇ ਆਪਣਾ ਚਿਹਰਾ ਹੌਲੀ-ਜਿਹੀ ਆਪਣੇ ਗੋਡਿਆਂ 'ਚੋਂ ਬਾਹਰ ਕੱਢਿਆ। ਬਸ, ਇਕ ਨਜ਼ਰ ਮੇਰੇ ਉੱਤੇ ਇੰਜ ਮਾਰੀ ਜਿਵੇਂ ਮੈਂ ਕੋਈ ਨਿਗੁਣੀ ਸ਼ੈ ਹੋਵਾਂ ਤੇ ਜਿਸਨੂੰ ਇਕ ਫੂਕ ਮਾਰ ਕੇ ਕਿਸੇ ਕੀੜੇ-ਮਕੌੜੇ ਵਾਂਗ ਹਵਾ ਵਿਚ ਉਡਾ ਦਿੱਤਾ ਜਾਏ—ਇਸ ਤਰ੍ਹਾਂ ਮੁਸਕੁਰਾ ਕੇ ਦੁਬਾਰਾ ਗੋਡਿਆਂ ਵਿਚ ਸਿਰ ਦੇ ਲਿਆ। ਮਰਹੂਮਾ ਕੱਜਲਬਾਈ ਕਹਿੰਦੀ ਹੁੰਦੀ ਸੀ—'ਜੇ ਕੋਈ ਇਹੋ-ਜਿਹਾ ਤਮਾਸ਼ਬੀਨ ਹੋਵੇ, ਜਿਸ ਦੀਆਂ ਨਿਗਾਹਾਂ ਵਿਚ ਤੁਹਾਡੀ ਕੋਈ ਹੈਸੀਅਤ ਨਾ ਹੋਵੇ, ਉਸਨੂੰ ਕਾਬੂ ਕਰਕੇ, ਤੜਫਾ-ਤੜਫਾ ਕੇ ਅੱਧ-ਮੋਇਆ ਕਰਕੇ ਸੁੱਟ ਦੇਣਾ। ਉਹ ਜਿਵੇਂ-ਜਿਵੇਂ ਤੜਫੇਗਾ ਤੇ ਦੁਹਾਈਆਂ ਦਏਗਾ, ਜ਼ਮਾਨਾ ਉਸਦਾ ਤਮਾਸ਼ਾ ਦੇਖ ਕੇ ਤੁਹਾਡੇ ਵੱਲ ਪਤੰਗਿਆਂ ਵਾਂਗ ਉੱਡਿਆ ਆਏਗਾ।' ਉਸਦੇ ਦੁਬਾਰਾ ਗੋਡਿਆਂ

ਵਿਚ ਸਿਰ ਦੇ ਲੈਣ ਪਿੱਛੋਂ ਮੈਂ ਪਾਇਲ ਦੇ ਸੁਰ ਹੋਰ ਤੇਜ਼ ਕਰ ਦਿੱਤੇ ਤੇ ਨੱਚਦੀ-ਨੱਚਦੀ ਜ਼ਮੀਨ ਦੀ ਘੁਮੇਰੀ ਨੂੰ ਉਸਦੇ ਹੋਰ ਨਜ਼ਦੀਕ ਲੈ ਆਈ। ਉਸਦੇ ਸਾਹਮਣੇ ਚੱਕਰ ਕੱਟਦੀ ਰਹੀ ਪਰ ਉਸਨੂੰ ਕੋਈ ਅਹਿਸਾਸ ਨਾ ਹੋਇਆ ਤੇ ਨਾ ਹੀ ਉਸਨੇ ਗੋਡਿਆਂ 'ਚੋਂ ਸਿਰ ਬਾਹਰ ਕੱਢਿਆ। ਨਾ ਕੋਈ ਲਹਿਰ, ਨਾ ਹਰਕਤ। ਰਾਤ ਸ਼ਮਾ ਵਾਂਗ ਪਿਘਲਦੀ ਜਾ ਰਹੀ ਸੀ ਤੇ ਤਮਾਸ਼ਬੀਨ ਪਤੰਗਿਆਂ ਵਾਂਗ ਸੜ ਕੇ ਸਵਾਹ ਹੋ ਰਹੇ ਸਨ। ਫ਼ਜਰ ਦੀ ਅਜਾਨ ਤੋਂ ਜ਼ਰਾ ਪਹਿਲਾਂ ਮਹਿਫ਼ਿਲ ਕਿਸੇ ਬਰਬਾਦ ਸ਼ਹਿਰ ਦੇ ਦ੍ਰਿਸ਼ ਵਿਚ ਬਦਲ ਗਈ—ਜਿਸਨੂੰ ਦੁਸ਼ਮਣ ਦੇ ਲਸ਼ਕਰ ਨੇ ਘੋੜਿਆਂ ਦੇ ਪੈਰਾਂ ਹੇਠ ਕੁਚਲ ਦਿੱਤਾ ਹੋਏ ਤੇ ਇੱਧਰ-ਉੱਧਰ ਲਾਸ਼ਾਂ ਹੀ ਲਾਸ਼ਾਂ ਖਿੱਲਰੀਆਂ ਪਈਆਂ ਹੋਣ। ਭਾਂਡੇ ਦਸਤਰਖ਼ਾਨ 'ਤੇ ਹੀ ਭੰਨ ਦਿੱਤੇ ਗਏ ਹੋਣ ਤੇ ਜਿਸਮਾਂ ਹੇਠੋਂ ਬਿਸਤਰੇ ਖਿੱਚ ਲਏ ਗਏ ਹੋਣ। ਸ਼ਹਿਰ ਉੱਜੜ ਗਿਆ। ਸਾਜੀਆਂ ਨੇ ਮਾਲ ਸਮੇਟਿਆ ਤੇ ਤੁਰਦੇ ਹੋਏ। ਬਸ ਮੈਂ ਸੀ ਤੇ ਉਹ ਸੀ। ਕਮਰੇ ਦੇ ਐਨ ਵਿਚਕਾਰ ਸੁਰਖ਼ ਇਰਾਨੀ ਕਾਲੀਨ 'ਤੇ ਬੈਠ ਕੇ ਮੈਂ ਆਪਣੇ ਘੁੰਗਰੂ ਖੋਲ੍ਹ ਰਹੀ ਸੀ, ਸਿਰਫ਼ ਦੋ ਕਦਮ ਦੇ ਫ਼ਾਸਲੇ 'ਤੇ ਉਹ ਆਪਣੇ ਗੋਡਿਆਂ ਵਿਚ ਸਿਰ ਦੇਈ ਬੈਠਾ ਸੀ। ਮੇਰੇ ਹੱਥ ਘੁੰਗਰੂਆਂ 'ਤੇ, ਤੇ ਅੱਖਾਂ ਉਸ 'ਤੇ ਸਨ। ਬਾਹਰ ਮਸਜਿਦ ਵਿਚ ਫ਼ਜਰ ਦੀ ਅਜਾਨ ਸ਼ੁਰੂ ਹੋਈ ਤਾਂ ਉਸਨੇ ਦੂਜੀ ਵਾਰ ਗੋਡਿਆਂ ਤੋਂ ਸਿਰ ਚੁੱਕਿਆ ਤੇ ਉੱਠਣਾ ਚਾਹਿਆ—ਮੈਂ ਬਿਜਲੀ ਵਾਂਗ ਅਹੁਲ ਕੇ ਉਸਨੂੰ ਬਾਹਾਂ ਤੋਂ ਫੜ ਲਿਆ।

"ਠਹਿਰੋ...," ਮੈਂ ਕਿਹਾ।

ਉਹ ਜਿਵੇਂ ਨਾ ਚਾਹੁੰਦਾ ਹੋਇਆ ਵੀ ਬੈਠ ਗਿਆ ਤੇ ਚੁੱਪਚਾਪ ਮੇਰੇ ਵੱਲ ਦੇਖਦਾ ਰਿਹਾ।

"ਤੁਹਾਨੂੰ ਮੇਰਾ ਨਾਚ ਪਸੰਦ ਨਈਂ ਆਇਆ ?"

ਉਹ ਸਿਰਫ਼ ਮੁਸਕੁਰਾ ਪਿਆ।

"ਕਿਸ ਗੱਲ ਦਾ ਘੁੰਮਡ ਏ ? ਮਰਦਾਨਗੀ ਦਾ ?" ਮੈਂ ਠਹਾਕਾ ਲਾਇਆ ਤੇ ਉਹ ਬੁੱਲ੍ਹਾਂ ਵਿਚ ਗੁੱਝਾ-ਗੁੱਝਾ ਮੁਸਕੁਰਾਉਂਦਾ ਰਿਹਾ। ਮੈਂ ਕਿਹਾ, "ਉਹ ਮਰਦ ਈ ਕੀ...ਜਿਸ ਦੀ ਅੱਖ ਔਰਤ ਨੂੰ ਦੇਖ ਕੇ ਗੰਧਲੀ ਨਾ ਹੋਏ!! ਪਰ ਅਫ਼ਸੋਸ ਬਦਨਸੀਬ! ਅਫ਼ਸੋਸ ਤੇਰੀ ਮਰਦਾਨਗੀ 'ਤੇ!!" ਮੈਂ ਨਫ਼ਰਤ ਭਰੀਆਂ ਨਜ਼ਰਾਂ ਨਾਲ ਉਸ ਵੱਲ ਦੇਖਿਆ—ਪਰ ਨਾ ਉਸਦੀ ਖ਼ਾਮੋਸ਼ੀ ਤਿੜਕੀ, ਨਾ ਮੁਸਕਰਾਹਟ।

ਮੈਂ ਕਿਹਾ, "ਇਕਾਂਤ 'ਚ ਮੇਰਾ ਨਾਚ ਦੇਖੇਂਗਾ ? ਤੇਰੀ ਸ਼ਰਮੀਲੀ ਮਰਦਾਨਗੀ ਭੀੜ ਤੋਂ ਘਬਰਾਉਂਦੀ ਏ ? ਚੱਲ ਭੀੜ ਤੋਂ ਪਰ੍ਹੇ ਕਿਸੇ ਖ਼ਾਲੀ ਕਮਰੇ 'ਚ ਚੱਲ ਕੇ ਮੇਰਾ ਜੋਬਨ ਦੇਖ। ਤੇਰੀ ਸ਼ਰਮੀਲੀ ਮਰਦਾਨਗੀ ਮੇਰੇ ਜੋਬਨ ਦੀ ਤਾਬ ਨਈਂ ਝੱਲ ਸਕੇਗੀ। ਮਜਨੂੰ ਵਾਂਗ ਕੱਪੜੇ ਪਾੜ ਕੇ ਚੀਕਦਾ-ਕੂਕਦਾ ਹੋਇਆ ਜੰਗਲ ਦੀ ਰਾਹ ਫੜ ਲਏਂਗਾ, ਹੈ ਹਿੰਮਤ ? ਤੈਨੂੰ ਕੀ ਪਤਾ ਕਿ ਇੱਥੇ ਕਿੰਨੇ ਆਏ ਤੇ ਜਾਨ ਤੋਂ ਗਏ। ਆ, ਅੱਜ ਤੂੰ ਖ਼ੁਦ ਨੂੰ ਆਜ਼ਮਾਅ, ਮੈਂ ਆਪਣੇ-ਆਪ ਨੂੰ ਆਜ਼ਮਾਉਂਦੀ ਆਂ। ਵਰਨਾ ਉਹ ਨਾਚੀ ਹੀ ਕੀ ਜਿਹੜੀ ਫ਼ਰਿਸ਼ਤਿਆਂ ਨੂੰ ਵੀ ਬਹਿਕਾਅ ਨਾ ਦਏ!! ਮਹਿਰੂਮਾ ਕੱਜਲਬਾਈ ਵਰਗੀ ਤੇਜ਼ ਨਜ਼ਰ ਤੇ ਪਾਰਖੂ ਵੀ ਕਹਿੰਦੀ ਹੁੰਦੀ ਸੀ ਕਿ ਉਸਨੇ ਆਪਣੀ ਸੱਤਰ ਸਾਲ ਦੀ ਉਮਰ ਵਿਚ ਮੇਰੇ ਵਰਗੀ ਨੱਚਣ ਵਾਲੀ ਨਈਂ ਦੇਖੀ—ਜਿਸਦਾ ਸ਼ਿਕਾਰ ਨਾ ਮਰਦਾ ਏ, ਨਾ ਜਿਊਂਦਾ



ਰਹਿੰਦਾ ਏ, ਬਸ, ਤੜਫਦਾ ਰਹਿੰਦਾ ਏ ਤੇ ਇਕ ਘੁੱਟ ਲਈ ਤਰਸਦਾ ਰਹਿੰਦਾ ਏ। ਮਰਨ ਵਾਲੀ ਕਹਿੰਦੀ ਹੁੰਦੀ ਸੀ ਕਿ ਉਹ ਘੁੱਟ ਕਦੀ ਨਾ ਪਿਆਵੀਂ ਜਿਹੜਾ ਪੀਣ ਨਾਲ ਸ਼ਿਕਾਰ ਦੇ ਸਾਹ ਬਹਾਲ ਹੋ ਜਾਣ। ਚੱਲ, ਦੇਖ ਤਾਂ ਸਹੀ ਮੇਰਾ ਨਾਚ! ਜਿਸਨੂੰ ਦੇਖਣ ਲਈ ਸ਼ਹਿਨਸ਼ਾਹ ਵੀ ਫ਼ਕੀਰ ਬਣ ਗਏ। ਨੋਟਾਂ ਦੇ ਥਾਲ ਭਰ ਕੇ ਲਿਆਏ ਤੇ ਜਾਣ ਵੇਲੇ ਮੈਥੋਂ ਭੀਖ ਮੰਗਦੇ ਗਏ। ਪਰ ਮੈਂ ਬਾਦਸ਼ਾਹਾਂ ਨੂੰ ਭੀਖ ਦੇਂਦੀ ਆਂ, ਗਦਾਗਰਾਂ ਨੂੰ ਨਈਂ। ਪਰ ਮੈਂ ਤੈਨੂੰ ਨਿਵਾਜ਼ਣ ਲਈ ਤਿਆਰ ਆਂ। ਆ...ਆ...ਤੂੰ ਆਪਣਾ ਇਮਤਿਹਾਨ ਲੈ, ਮੈਂ ਖ਼ੁਦ ਨੂੰ ਆਜ਼ਮਾਉਂਦੀ ਆਂ।"

ਮੈਂ ਉਸਦੀ ਚਾਦਰ ਦਾ ਪੱਲਾ ਇਕ ਝੱਟਕੇ ਨਾਲ ਖਿੱਚਿਆ। ਇਸਦੇ ਬਾਵਜੂਦ ਉਸਨੇ ਅਛੋਪਲੇ ਈ ਆਪਣਾ ਪੱਲਾ ਸੰਭਾਲ ਲਿਆ। ਉਸਦੀ ਆਵਾਜ਼ ਵਿਚ ਅਜਿਹੀ ਸ਼ਾਂਤੀ ਸੀ ਜਿਵੇਂ ਦਰਿਆ ਦੀ ਹਿੱਕ 'ਤੇ ਬੇੜੀ ਤੈਰਦੀ ਹੋਈ ਜਾ ਰਹੀ ਹੋਵੇ—ਦੂਰ ਤਕ। ਹੌਲੀ-ਹੌਲੀ, ਬਗ਼ੈਰ ਕਿਸੇ ਮਲਾਹ ਦੇ—ਬੇਪ੍ਰਵਾਹ ਤੇ ਇਕੱਲੀ।

"ਸਭ ਬੇਅਰਥ ਏ ਨਾਚੀ! ਸਭ ਵਿਅਰਥ ਏ। ਇਹ ਸਾਰਾ ਰੂਪ, ਇਹ ਜੋਬਨ, ਇਹ ਨਾਚ ਕੁਛ ਵੀ ਤੇਰਾ ਨਈਂ ਏਂ। ਜਿਸਨੂੰ ਤੂੰ ਨਾਚ ਕਹਿੰਦੀ ਏਂ ਇਹ ਦਰਅਸਲ ਕਿਸੇ ਸੂਈ ਦੇ ਨੱਕੇ 'ਚੋਂ ਧਾਗੇ ਦਾ ਲੰਘਣਾ ਏਂ—ਜਿਸਦਾ ਦੂਜਾ ਸਿਰਾ ਕਿਸੇ ਹੋਰ ਦੇ ਹੱਥ ਵਿਚ ਏ ਤੇ ਤੂੰ ਸਿਰਫ਼ ਨਚਾਈ ਜਾ ਰਹੀ ਏਂ। ਏਸ ਲਈ ਨਈਂ ਕਿ ਕੋਈ ਤੇਰੇ ਨਾਚ 'ਤੇ ਫਿਦਾ ਹੋ ਗਿਆ ਏ—ਬਲਕਿ ਏਸ ਲਈ ਵਕਤ ਦੇ ਵਹਾਅ ਨੂੰ ਚੱਲਦਾ ਰੱਖਣਾ ਏਂ। ਸ਼ਹਿਨਸ਼ਾਹ ਨੂੰ ਫ਼ਕੀਰ ਬਣਾਉਣਾ ਏਂ ਤੇ ਗਦਾਗਰ ਨੂੰ ਤਖ਼ਤ-ਨਸ਼ੀਨ ਕਰਨਾ ਏਂ। ਜਿਸ ਦੀਆਂ ਉਂਗਲਾਂ 'ਤੇ ਸਭ ਦੇ ਧਾਗੇ ਬੱਝੇ ਹੋਏ ਨੇ, ਉਸਦੀ ਬੇਪ੍ਰਵਾਹੀ ਤਾਂ ਦੇਖ!! ਉਹ ਸਿਰਫ਼ ਆਪਣੀਆਂ ਉਂਗਲਾਂ ਦੀ ਹਰਕਤ ਨੂੰ ਦੇਖਦਾ ਏ—ਹੇਠਾਂ ਪੁਤਲੀਆਂ ਦਾ ਨਾਚ ਨਈਂ। ਤੇਰੇ ਚੱਕਰ ਕੱਟਦੇ ਹੋਏ ਪੈਰਾਂ ਦੇ ਹੇਠ ਮੌਤ, ਫਾਂਸੀ ਘਰ ਦੇ ਤਖ਼ਤੇ ਵਾਂਗ ਵਿਛੀ ਹੋਈ ਏ। ਫੇਰ ਇਹ ਨਾਚ ਵੀ ਕੀ ਚੀਜ਼ ਏ ਨਾਚੀ!! ਜਿੱਥੇ-ਜਿੱਥੇ ਪੈਰ ਰੱਖਿਆ ਜਾਏ, ਉੱਥੋਂ ਧਰਤੀ ਖਿਸਕਦੀ ਜਾਏ! ਇਹ ਜਿਸ ਨੂੰ ਤੂੰ ਆਪਣਾ ਜੋਬਨ ਕਹਿੰਦੀ ਏਂ, ਕੁਛ ਪਤਾ ਵੀ ਏ ਇਸ ਦੀ ਹਕੀਕਤ ਕੀ ਏ!! ਸਿਰਫ਼ ਮੁੱਠੀ ਭਰ ਹੱਡੀਆਂ ਦੇ ਢਾਂਚੇ 'ਤੇ ਮਾਸ!! ਜਦੋਂ ਤਕ ਇਹ ਗਿਰਝਾਂ ਦੀ ਖ਼ੁਰਾਕ ਬਣਨ ਦੇ ਕਾਬਲ ਏ, ਬੰਦੇ ਨੂੰ ਆਪਣੇ ਹੋਣ ਦਾ ਭਰਮ ਰਹਿੰਦਾ ਏ। ਜਿਵੇਂ-ਜਿਵੇਂ ਬੰਦੇ ਦੇ ਮਾਸ 'ਤੇ ਗਿਰਝਾਂ ਮੰਡਲਾਉਂਦੀਆਂ ਨੇ, ਓਵੇਂ-ਓਵੇਂ ਬੰਦਾ ਆਪਣੀ ਈ ਮਹਿਕ ਦਾ ਸਰੂਰ ਲੈਂਦਾ ਰਹਿੰਦਾ ਏ। ਇਹ ਮਾਸ ਗਲ-ਸੜ ਜਾਏਗਾ...ਇਹ ਸਾਗਰ ਵਰਗੇ ਨੈਣ, ਇਹ ਗੁਲਾਬ ਵਰਗੇ ਬੁੱਲ੍ਹ, ਇਹ ਲਹਿਰਾਂ ਵਾਂਗ ਲਹਿਰਾਉਂਦੀਆਂ ਬਾਂਹਾਂ, ਇਹ ਭੰਵਰਾਂ ਵਾਂਗ ਚੱਕਰ ਕੱਟਦੇ ਹੋਏ ਪੈਰ ਤੇ ਇਹ ਮਹਿਕਾਂ ਛੱਡਦਾ ਹੋਇਆ ਤਨ-ਬਦਨ ਕੁਛ ਵੀ ਨਈਂ ਏ, ਨਰਤਕੀ! ਸਿਰਫ਼ ਮਾਸ ਏ ਵਰਨਾ ਬੰਦਾ ਤਾਂ ਹੱਡੀਆਂ ਦਾ ਪਿੰਜਰ ਏ—ਜਿਸ 'ਤੇ ਉਸਦੇ ਜ਼ਖ਼ਮੀ ਦਿਲ ਦਾ ਨਿਸ਼ਾਨ ਵੀ ਨਈਂ ਲੱਭਦਾ। ਇਹ ਅੱਥਰੂ, ਇਹ ਮੁਸਕਾਨਾਂ...ਇਹ ਦਰਦ, ਇਹ ਨਾਜ਼ ਤੇ ਅਦਾਵਾਂ, ਸਭ ਹਵਾ ਦਾ ਇਕ ਬੁੱਲ੍ਹਾ ਨੇ। ਸਦੀ-ਦਰ-ਸਦੀ ਬੰਦਾ ਗੁੰਮਨਾਮ ਹੱਡੀਆਂ ਤੇ ਮਿੱਟੀ ਬਣਦਾ ਰਿਹਾ ਏ। ਕਿਹੜੀਆਂ ਹੱਡੀਆਂ ਸ਼ਹਿਨਸ਼ਾਹ ਦੀਆਂ ਨੇ, ਕਿਹੜੀ ਮਿੱਟੀ ਗਦਾਗਰ ਦੀ ਏ—ਇਹ ਕੋਈ ਨਈਂ ਜਾਣ ਸਕਿਆ, ਸਿਵਾਏ ਉਸਦੇ ਜਿਸਦੀ ਬੇਪ੍ਰਵਾਹੀ ਕਾਬਲੇ-ਦੀਦ ਏ!! ਮਿੱਟੀ ਤੋਂ ਬੰਦਾ ਬਣਾ ਕੇ ਫੇਰ

ਮਿੱਟੀ 'ਚ ਮਿਲਾ ਦੇਂਦਾ ਏ!! ਤੂੰ ਤਾਂ ਨਾਚੀ ਏਂ! ਆਪਣੇ ਮਿੱਟੀ ਦੇ ਜੋਬਨ 'ਤੇ ਭੁੱਲੀ ਹੋਈ ਏਂ ਪਰ ਗਰਦਨ ਘੁਮਾ ਕੇ ਪਿੱਛੇ ਵੱਲ ਤਾਂ ਦੇਖ!! ਹਾ...ਹਾ...ਦੁਨੀਆਂ ਨੂੰ ਘੋੜਿਆਂ ਦੇ ਪੈਰਾਂ ਹੇਠ ਮਿੱਧਦੇ ਹੋਏ ਲਸ਼ਕਰ, ਖ਼ੁਦਾਈ ਦੇ ਦਾਅਵੇਦਾਰ, ਮਹਿਲ, ਕਿਲੇ...ਸਭ ਸਮੇਂ ਦੀ ਧੂੜ ਬਣ ਗਏ। ਦੁਨੀਆਂ ਤਾਂ ਗੰਦਗੀ ਦਾ ਢੇਰ ਏ ਨਾਚੀ!! ਬਹੁਤਿਆਂ ਨੇ ਚੱਖ ਕੇ ਥੁੱਕ ਦਿੱਤਾ—ਜਾਂ ਬਹੁਤਿਆਂ ਨੇ ਉਂਗਲ ਦੀ ਨੋਕ ਨਾਲ ਚੁੱਕ ਕੇ ਇਕੋ ਫੂਕ ਨਾਲ ਉਡਾ ਦਿੱਤਾ। ਤੇ ਨਾਚੀ! ਕਈਆਂ ਲਈ ਤਾਂ ਇਹ ਦੁਨੀਆਂ ਸਿਰਫ਼ ਇਕ ਸੁਨਹਿਰੀ ਪਰਦਾ ਏ, ਆਸ਼ਕ ਤੇ ਮਹਿਬੂਬ ਦਰਮਿਆਨ। ਆਸ਼ਕ ਨੇ ਤਾਂ ਇਕੋ ਝਟਕੇ 'ਚ ਲੀਰ-ਲੀਰ ਕਰ ਦਿੱਤਾ ਦੁਨੀਆਂ ਨੂੰ...ਤੂੰ ਦੱਸ ਨਾਚੀ...ਜਦੋਂ ਤੂੰ ਨੱਚ ਰਹੀ ਹੁੰਦੀ ਏਂ ਤਾਂ ਤੈਨੂੰ ਇਹ ਦੁਨੀਆਂ ਕੀ ਲੱਗਦੀ ਏ? ਸ਼ਰਾਬ ਦਾ ਪਿਆਲਾ? ਸੋਚਿਆ ਏ, ਜਦੋਂ ਨਸ਼ਾ ਲੱਥੇਗਾ ਤਾਂ ਕੀ ਹੋਏਗਾ? ਸ਼ਰਾਬ ਪੀਣ ਲਈ ਨਈਂ ਹੁੰਦੀ ਨਾਚੀ! ਸ਼ਰਾਬ ਤਾਂ ਡੋਗ ਦੇਣ ਲਈ ਹੁੰਦੀ ਏ ਤੇ ਫੇਰ ਉਸਨੂੰ ਚੱਖ ਕੇ ਦੇਖੋ। ਸ਼ਰਾਬ ਬੁੱਲ੍ਹਾਂ ਨੂੰ ਲਾ ਕੇ ਡੋਲ੍ਹ ਦੇਣ ਦਾ ਨਸ਼ਾ!! ਬਸ ਏਨਾ ਨਸ਼ਾ ਚੱਖ ਲਿਆ ਜਾਏ ਵਰਨਾ ਬਾਕੀ ਸਭ ਬੇਕਾਰ ਏ, ਫ਼ਜ਼ੂਲ ਏ, ਮਿੱਟੀ ਏ, ਮੌਤ ਏ।"

ਜਿੰਨਾ ਚਿਰ ਉਹ ਬੋਲਦਾ ਰਿਹਾ ਮੈਂ ਸਾਹ ਲੈਣਾ ਈ ਭੁੱਲ ਗਈ। ਮੈਨੂੰ ਮਹਿਸੂਸ ਹੋਇਆ ਜਿਵੇਂ ਹੌਲੀ-ਹੌਲੀ ਮੇਰੀਆਂ ਹੱਡੀਆਂ ਤੋਂ ਮਾਸ ਪਿਘਲ ਰਿਹਾ ਹੋਏ ਤੇ ਇਕ ਅਜੀਬ ਸੜ੍ਹਾਂਦ ਵਰਗੀ ਬਦਬੂ ਮੇਰੇ ਚਾਰੇ-ਪਾਸੇ ਫ਼ੈਲ ਗਈ ਹੋਏ। ਜ਼ਮੀਨ ਮੇਰੇ ਪੈਰਾਂ ਹੇਠੋਂ ਖਿਸਕ ਰਹੀ ਹੈ ਤੇ ਕੋਈ ਤੀਸਰਾ ਸਾਡੇ ਦਰਮਿਆਨ ਹੈ ਜਿਹੜਾ ਮੁਸਕੁਰਾ ਰਿਹਾ ਹੈ—ਉਸਦੇ ਹਾਲ 'ਤੇ ਵੀ ਤੇ ਮੇਰੇ ਹਾਲ 'ਤੇ ਵੀ। ਮੇਰਾ ਸੰਘ ਕੌੜਾ ਹੋ ਗਿਆ ਤੇ ਅੱਖਾਂ ਵਿਚ ਉਸ ਦੇ ਇਲਾਵਾ ਸਾਰਾ ਦ੍ਰਿਸ਼ ਧੁੰਦਲਾ ਗਿਆ। ਪਤਾ ਨਹੀਂ ਕੀ ਹੋਇਆ ਤੇ ਪਤਾ ਨਹੀਂ ਕਿਉਂ...ਮੈਂ ਆਪਣਾ ਸਾਰਾ ਵਜੂਦ ਸਮੇਟ ਕੇ ਆਪਣੇ ਹੱਥਾਂ 'ਚ ਚੁੱਕ ਲਿਆ ਤੇ ਉਸਦੇ ਹੱਥ ਫੜ ਕੇ ਉਸ 'ਤੇ ਆਪਣੇ ਬੁੱਲ੍ਹ ਰੱਖ ਦਿੱਤੇ। ਐਨ ਉਸੇ ਪਲ ਮੈਨੂੰ ਮਹਿਸੂਸ ਹੋਇਆ ਕਿ ਜ਼ਮੀਨ ਪੂਰੀ ਤਰ੍ਹਾਂ ਮੇਰੇ ਪੈਰਾਂ ਹੇਠੋਂ ਖਿਸਕ ਚੁੱਕੀ ਹੈ ਤੇ ਮੈਂ ਮੌਤ ਦੇ ਸਮੁੰਦਰ ਵਿਚ ਹੇਠਾਂ...ਹੋਰ ਹੇਠਾਂ ਡੁੱਬਦੀ ਜਾ ਰਹੀ ਹਾਂ। ਗੋਤੇ ਖਾਂਦਿਆਂ ਹੋਇਆਂ ਉਸਦਾ ਹੱਥ ਵੀ ਜਿਵੇਂ ਤਿਨਕੇ ਦਾ ਸਹਾਰਾ ਹੋਏ। ਉਸ ਸਮੁੰਦਰ ਵਿਚ ਉਹ ਵੀ ਛੁੱਟ ਗਿਆ। ਮੇਰੀ ਹਾਲਤ ਉਸ ਸ਼ਰਾਬੀ ਵਰਗੀ ਸੀ ਜਿਸਨੂੰ ਆਪਣਾ ਨਾਂ ਭੁੱਲ ਗਿਆ ਹੋਏ ਤੇ ਘਰ ਦਾ ਰਸਤਾ ਵੀ। ਡਿੱਗਦੀ-ਢੈਂਦੀ ਮਰਹੂਮਾ ਕੱਜਲਬਾਈ ਦੀ ਕਬਰ 'ਤੇ ਕਿਸ ਤਰ੍ਹਾਂ ਪਹੁੰਚੀ, ਕੁਝ ਯਾਦ ਨਹੀਂ। ਯਾਦ ਹੈ ਤਾਂ ਬਸ ਏਨਾ ਕਿ ਸ਼ਾਮ ਹੋ ਚੁੱਕੀ ਸੀ। ਹੇਠਾਂ ਦਿਸਹੱਦੇ ਤਕ ਕਬਰਸਤਾਨ ਫ਼ੈਲਿਆ ਸੀ ਤੇ ਉੱਤੇ...ਬਹੁਤ ਉੱਚੇ ਇੱਲ੍ਹਾਂ ਤੇ ਗਿਰਝਾਂ ਚੱਕਰ ਕੱਟ ਰਹੀਆਂ ਸਨ। ਮੇਰਾ ਸਿਰ ਕੱਜਲਬਾਈ ਦੇ ਸਿਰਹਾਣੇ ਵੱਲ ਸੀ ਤੇ ਮੈਂ ਜ਼ਾਰ-ਜ਼ਾਰ ਰੋ ਰਹੀ ਸਾਂ।

ਨਾਚੀ ਖ਼ਾਮੋਸ਼ ਹੋਈ ਤਾਂ ਮੈਂ ਰੋ ਪਿਆ ਤੇ ਕਹਿਣ ਲੱਗਾ, "ਕਾਲੀ ਸ਼ਾਲ ਲਪੇਟੀ ਗੋਡਿਆਂ 'ਚ ਸਿਰ ਦੇਈ ਬੈਠਾ ਉਹ ਸ਼ਖ਼ਸ ਮੈਂ ਆਂ। ਹੁਣ ਕਈ ਵਰ੍ਹਿਆਂ ਦਾ ਘੁੰਗਰੂ ਬੰਨ੍ਹ ਕੇ ਗਲੀ-ਗਲੀ ਨੱਚਦਾ ਫਿਰਦਾਂ ਤੇ ਤੈਨੂੰ ਲੱਭ ਰਿਹਾ ਆਂ। ਕੌਲਾ ਹੱਥਾਂ ਵਿਚ ਫੜੀ ਦਰ-ਦਰ ਸਦਾਵਾਂ ਦਿੰਦਾ ਫਿਰਦਾ ਆਂ ਕਿ ਸ਼ਾਇਦ ਕੋਈ ਹੱਥ ਤੇਰੇ ਹੱਥ ਵਰਗਾ ਦਿੱਸ ਜਾਏ। ਜਿਸ ਪਲ ਤੂੰ ਮੇਰੇ ਹੱਥਾਂ ਤੋਂ ਆਪਣੇ ਬੁੱਲ੍ਹ ਹਟਾਏ ਸੀ ਉਸੇ ਪਲ ਤੋਂ ਮੈਂ ਦਰ-ਬਦਰ ਆਂ। ਤੈਥੋਂ ਪਹਿਲਾਂ ਮੈਂ ਕਈ ਸਾਲ ਮੁਰਸ਼ਦ ਦੇ ਕਦਮਾਂ 'ਚ ਬੈਠ ਕੇ ਗੁਜ਼ਾਰੇ। ਉੱਥੇ ਈ ਮੈਂ



ਦੁਨੀਆਂ ਨੂੰ ਤਜਨਾਂ ਤੇ ਮੂੰਹ ਜ਼ੋਰ ਘੋੜੇ ਨੂੰ ਸੁਨਹਿਰੀ ਧਾਗੇ ਨਾਲ ਕਾਬੂ ਕਰਨਾ ਸਿੱਖਿਆ। ਪਰ ਨਈਂ ਬੰਦਾ...ਪਰ ਬੰਦੇ, ਬੰਦੇ ਨੂੰ ਕਿੰਜ ਤਿਆਗ ਸਕਦਾ ਏ!! ਇਹ ਬੰਦਾ ਜਿਹੜਾ ਮੁੱਠੀ ਭਰ ਹੱਡੀਆਂ 'ਤੇ ਚੜ੍ਹਿਆ ਹੋਇਆ ਮਾਸ ਏ। ਇਸਦੀ ਅਕਲ ਦੀ ਜਾਦੂਗਰੀ ਤਾਂ ਦੇਖੋ—ਮਿੱਟੀ, ਅੱਗ ਦਾ ਲਾਂਬੂ ਬਣ ਜਾਏ ਤੇ ਅੱਗ ਦੇ ਲਾਂਬੂ ਤੋਂ ਸਮੁੰਦਰ!! ਅੱਗ ਦਾ ਲਾਂਬੂ ਵੀ ਉਹ ਜਿਹੜਾ ਸਮੁੰਦਰ ਵਿਚ ਤੈਰੇ...ਨਾ ਕਿ ਸਮੁੰਦਰ ਤੋਂ ਬੁਝੇ। ਤੇ ਉਹਨੂੰ ਵੀ ਤਾਂ ਦੇਖ ਨਾਚੀ!! ਬੰਦੇ ਦੇ ਵਜੂਦ ਦੇ ਧਾਗੇ ਤਾਂ ਆਪਣੀਆਂ ਉਂਗਲਾਂ 'ਤੇ ਲਪੇਟੇ ਹੋਏ ਨੇ!! ਪਰ ਉਸਦਾ ਮਨ ਆਜ਼ਾਦ ਛੱਡ ਦਿੱਤਾ ਏ!! ਤੇ...ਅੱਲਾਮਾਨ...ਅੱਲਾਮਾਨ!! ਵਜੂਦ ਉਸਦੀ ਰਜਾ ਨਾਲ ਚੱਕਰ ਕੱਟਦਾ ਏ ਤੇ ਦਿਲ 'ਚ ਆਪਣੀ ਮਨਮਾਨੀ ਕਰਦਾ ਏ!! ਉੱਤੋਂ ਇਨਸਾਨ ਜਿਵੇਂ ਅੱਧ ਮੋਇਆ ਪਰਿੰਦਾ!! ਹਾਂ, ਕਿਵੇਂ-ਕਿਵੇਂ ਖੰਭ ਫੜਫੜਾਉਂਦਾ ਏ, ਤੜਫਦਾ ਏ!!...ਪਰ ਬੇਅਰਥ!! ਉਸ ਦਿਨ ਜਦੋਂ ਤੂੰ ਮੇਰੇ ਹੱਥਾਂ ਨੂੰ ਚੁੰਮ ਕੇ ਹਵਾ ਦੇ ਬੁੱਲ੍ਹੇ ਵਾਂਗ ਏਥੋਂ ਚਲੀ ਗਈ ਸੈਂ, ਉਸ ਦਿਨ ਆਪਣੀ ਯਾਦਾਸ਼ਤ 'ਚ ਪਹਿਲੀ ਵਾਰ ਮੈਥੋਂ ਫ਼ਜਰ ਦੀ ਨਮਾਜ ਕਜਾ (ਖੁੰਝੀ) ਹੋਈ ਸੀ। ਤੇ ਮੈਂ ਉੱਥੋਂ ਸਿੱਧਾ ਅੱਧ-ਮੋਏ ਪਰਿੰਦੇ ਵਾਂਗ ਆਪਣੇ ਮੁਰਸ਼ਦ ਦੇ ਕਦਮਾਂ ਵਿਚ ਜਾ ਡਿੱਗਿਆ ਸਾਂ।

"ਮੈਂ ਕਿਹਾ, 'ਮੁਰਸ਼ਦ ਮੈਨੂੰ ਆਜ਼ਾਦ ਕਰ, ਮੈਨੂੰ ਆਜ਼ਾਦੀ ਚਾਹੀਦੀ ਏ'।"

"ਮੁਰਸ਼ਦ ਮੁਸਕਰਾਉਣ ਲੱਗਾ ਜਿਵੇਂ ਕਿਸੇ ਬੱਚੇ ਦੀ ਨਾ ਪੂਰੀ ਹੋਣ ਵਾਲੀ ਖ਼ਾਹਸ਼ ਉੱਤੇ ਮੁਸਕਰਾਇਆ ਜਾਂਦਾ ਏ।"

"ਕਹਿਣ ਲੱਗਾ, 'ਆਜ਼ਾਦੀ ਹੈ ਕਿੱਥੇ? ਇਹ ਸਭ ਜੋ ਤੂੰ ਦੇਖ ਰਿਹਾ ਏਂ, ਬੰਦੇ ਦੀ ਕੈਦ ਦੀਆਂ ਵੱਖ-ਵੱਖ ਕੋਠੜੀਆਂ ਨੇ ਵਰਨਾ ਤੂੰ ਕੁਛ ਵੀ ਨਈਂ। ਕੈਦਖ਼ਾਨੇ ਦੀ ਕੋਠੜੀ ਬਦਲ ਜਾਂਦੀ ਏ। ਕੈਦ ਦਾ ਤਰੀਕਾ ਬਦਲ ਜਾਂਦਾ ਏ ਪਰ ਆਜ਼ਾਦੀ ਤਾਂ ਕਿਤੇ ਵੀ ਨਈਂ ਏ। ਪਹਿਲਾਂ ਤੂੰ ਜਿੱਥੇ ਕੈਦ ਸੀ ਉੱਥੇ ਤੇਰੇ ਨਾਲ ਕਈ ਹੋਰ ਕੈਦੀ ਸੀ—ਇਸ ਲਈ ਤੂੰ ਖ਼ਾਮੋਸ਼, ਸਬਰ ਤੇ ਸ਼ਾਂਤੀ ਨਾਲ ਰਹਿੰਦਾ ਸੈਂ—ਪਰ ਇਸ਼ਕ!!! ਇਸ਼ਕ ਤਾਂ ਕੈਦੇ-ਤਨਹਾਈ ਦੀ ਮਸਾਲ ਏ। ਬਸ, ਅੱਲ੍ਹਾ ਮੁਆਫ਼ ਕਰੇ। ਕੈਦੇ-ਤਨਹਾਈ ਸਮਝਦਾ ਏਂ? ਬੰਦਾ ਖ਼ੁਦ ਈ ਤਮਾਸ਼ਾ ਵੀ ਏ ਤੇ ਖ਼ੁਦ ਈ ਆਪਣਾ ਤਮਾਸ਼ਾਈ (ਦਰਸ਼ਕ) ਵੀ। ਕੁੰਢ੍ਹੀ ਛੁਰੀ ਨਾਲ ਖ਼ੁਦ ਨੂੰ ਈ ਕਤਲ ਕਰਦਾ ਰਹਿੰਦਾ ਏ। ਟੋਟੇ-ਟੁਕੜੇ ਕਰਦਾ ਏ, ਤੜਫਦਾ ਏ—ਫੇਰ ਖ਼ੁਦ ਨੂੰ ਇਕੱਠਾ ਕਰਦਾ ਏ। ਫੇਰ ਕਤਲ ਕਰਦਾ ਏ। ਤੜਫਣ ਲਈ ਨਹੀਂ, ਟੋਟੇ-ਟੁਕੜੇ ਹੋਣ ਲਈ। ਚੀਕਦਾ-ਕੂਕਦਾ ਏ, ਆਵਾਜ਼ਾਂ ਮਾਰਦਾ ਏ...ਪਰ ਕੈਦ-ਤਨਹਾਈ ਏ ਨਾ, ਕੋਈ ਵੀ ਨਈਂ ਸੁਣ ਸਕਦਾ ਉਸਦੀਆਂ ਆਹਾਂ, ਉਸਦਾ ਕੁਰਲਾਹਟ...ਸਿਵਾਏ ਉਹਨਾਂ ਦੇ ਜਿਹਨਾਂ ਲਈ ਇਹ ਕੈਦ ਮੁਕੱਰਰ ਕੀਤੀ ਗਈ ਏ।'"

"ਫੇਰ ਮੁਰਸ਼ਦ ਨੇ ਆਪਣੇ ਪੈਰ ਸਮੇਟੇ ਤੇ ਕਿਹਾ, 'ਜਾ, ਤੇਰਾ ਕੈਦਖ਼ਾਨਾ ਬਦਲ ਗਿਆ ਏ ਜਾਹ'। ਬਸ ਉਹ ਦਿਨ ਤੇ ਅੱਜ ਦਾ ਦਿਨ ਮੈਂ ਮੁਰਸ਼ਦ ਦੀ ਭਵਿੱਖਬਾਣੀ ਵਰਗੀ ਕੈਦ-ਤਨਹਾਈ 'ਚ ਆਂ। ਲੋਕਾਂ ਨੂੰ ਫੜ-ਫੜ ਕੇ ਆਪਣੇ ਜ਼ਖ਼ਮ ਦਿਖਾਉਂਦਾ ਆਂ। ਆਪਣੇ ਜ਼ਖ਼ਮ ਘੁੰਗਰੂਆਂ ਵਾਂਗ ਪੈਰਾਂ 'ਚ ਬੰਨ੍ਹ ਕੇ ਖ਼ੁਦ ਨੱਚਦਾ ਆਂ। ਤੇਰਾ ਨਾਂ ਲੈ-ਲੈ ਕੇ ਬੜੀਆਂ ਸਦਾਵਾਂ ਦੇਂਦਾ ਆਂ, ਪਰ ਸਭ ਬੇਅਸਰ!! ਲੋਕ ਮੇਰੇ ਨੇੜਿਓਂ ਇੰਜ ਲੰਘ ਜਾਂਦੇ ਨੇ ਜਿਵੇਂ ਨਾ ਮੈਨੂੰ ਦੇਖ ਸਕਦੇ ਹੋਣ, ਨਾ ਸੁਣ ਸਕਦੇ ਹੋਣ। ਪਰ ਤੂੰ ਮੇਰੇ 'ਤੇ ਰਹਿਮ ਕਰ ਨਾਚੀ! ਬਸ,

ਇਕ ਵਾਰ ਮੇਰੇ ਹੱਥ 'ਤੇ ਆਪਣੇ ਬੁੱਲ੍ਹ ਰੱਖ ਦੇ, ਬਸ ਇਕ ਵਾਰੀ ਨਾਚੀ।" ਨਾਚੀ ਚੁੱਪ, ਕਾਲੀ ਸ਼ਾਲ ਵਿਚ ਲਿਪਟੀ ਗੋਡਿਆਂ 'ਚ ਸਿਰ ਦੇ ਕੇ ਬੈਠੀ ਰਹੀ। ਫ਼ਜਰ ਦੀ ਅਜਾਨ ਤੋਂ ਕੁਝ ਪਹਿਲਾਂ ਹੌਲੀ-ਹੌਲੀ ਗੋਡਿਆਂ ਤੋਂ ਸਿਰ ਚੁੱਕਿਆ—ਉਸਦੇ ਬੁੱਲ੍ਹਾਂ 'ਤੇ ਵਰ੍ਹਿਆਂ ਦੀ ਖ਼ੁਸ਼ਕੀ ਦੇ ਨਿਸ਼ਾਨ ਪਏ ਹੋਏ ਸਨ—ਜਿਵੇਂ ਉਸਨੇ ਸ਼ਰਾਬ ਪੀਂਦਿਆਂ-ਪੀਂਦਿਆਂ ਰੋੜ੍ਹ ਦਿੱਤੀ ਹੋਏ!!

ਕਹਿਣ ਲੱਗੀ, "ਇਹ ਵੀ ਬੇਕਾਰ, ਇਹ ਵੀ ਫ਼ਾਨੀ ਏ। ਬਸ, ਇਕ ਗੱਲ ਸਮਝ 'ਚ ਨਈਂ ਆਈ ਕਿ ਜਦੋਂ ਉਹ ਹਰੇਕ ਦਾ ਰੁਖ਼ ਆਪਣੇ ਵੱਲ ਮੋੜਨਾ ਚਾਹੁੰਦਾ ਏ ਤਾਂ ਫੇਰ ਇਹ ਹੀਲੇ-ਬਹਾਨੇ, ਭੁੱਲ-ਭੁਲੇਵੇਂ ਕਿਉਂ ਨੇ ? ਮਿੱਟੀ ਈ ਤਾਂ ਹੈ, ਇਸ 'ਤੇ ਆਪਣਾ ਪੈਰ ਧਰ ਦਏ! ਪਰ ਕੁਛ ਪਤਾ ਨਈਂ ਲੱਗਦਾ, ਉਹ ਆਪ ਬੰਦੇ ਦਾ ਇਸ਼ਕ ਚਾਹੁੰਦਾ ਏ ਜਾਂ ਖ਼ੁਦ ਬੰਦੇ ਦੇ ਇਸ਼ਕ 'ਚ ਡੁੱਬਿਆ ਹੋਇਆ ਏ!!"

ਬਾਹਰ ਫ਼ਜਰ ਦੀ ਅਜਾਨ ਹੋ ਰਹੀ ਸੀ। ਨਾਚੀ ਨੇ ਠੰਢਾ ਸਾਹ ਖਿੱਚਿਆ ਤੇ ਕਿਸੇ ਹਾਰੇ ਹੋਏ ਸਿਪਾਹੀ ਵਾਂਗ ਉੱਠਦਿਆਂ ਹੋਇਆਂ ਕਿਹਾ, "ਪਰ...ਜੋ...ਉਸਦੀ ਮਰਜ਼ੀ, ਫ਼ਜਰ ਦੀ ਨਮਾਜ ਕਜਾ ਨਾ ਹੋ ਜਾਏ। ਵਸਾਲ ਦੀ ਘੜੀ ਬਸ ਘੜੀ ਭਰ ਲਈ ਆਉਂਦੀ ਏ, ਗਈ ਤਾਂ ਗਈ। ਹਿਜਰ ਨਾਲ ਬੰਦਾ ਬਰਦਾਸ਼ਤ ਕਰਦਾ ਏ ਨਾ ਉਹ।"

ਨਾਚੀ ਨੇ ਪੈਰ ਵਧਾਏ ਤੇ ਸਟੇਜ ਤੋਂ ਹੇਠਾਂ ਉੱਤਰ ਗਈ। ਉਸ ਸ਼ਖ਼ਸ ਦਾ ਕਿਰਦਾਰ ਵੀ ਅੰਤ 'ਤੇ ਅੱਪੜ ਗਿਆ ਤੇ ਉਹ ਵੀ ਸਟੇਜ ਤੋਂ ਲੱਥ ਗਿਆ।

ਤੇ ਪਰਦਾ ਡਿੱਗ ਪਿਆ। ਨਵਾਂ ਦ੍ਰਿਸ਼ ਸ਼ੁਰੂ ਹੋਣ ਤਕ।



# ਜੀਜੀ

**—ਜ਼ਰੀਨਾ ਬਲੋਚ**

***(29-02-1934 ਤੋਂ 25-10-2005)***

"ਜੀਜੀ-ਜੀਜੀ, ਮੈਨੂੰ ਗੁਡੀਆ ਲਈ ਦੋ-ਤਿੰਨ ਕਾਤਰਾਂ ਦੇ ਦਿਓ।" ਮੇਰੀ ਗੱਲ ਦੇ ਜਵਾਬ ਵਿਚ ਜੀਜੀ ਨੇ ਕੋਈ ਜਵਾਬ ਨਾ ਦਿੱਤਾ ਤਾਂ ਮੈਂ ਫੇਰ ਉੱਚੀ ਆਵਾਜ਼ ਵਿਚ ਕਿਹਾ, "ਜੀਜੀ, ਕੀ ਕਰ ਰਹੇ ਓ ? ਕੀ ਮੇਰੀ ਆਵਾਜ਼ ਸੁਣਾਈ ਨਈਂ ਦੇ ਰਹੀ ? ਮੈਨੂੰ ਦੋ ਤਿੰਨ ਕਾਤਰਾਂ ਦੇ ਦਿਓ।" ਇਸ ਵਾਰੀ ਵੀ ਕੋਈ ਜਵਾਬ ਨਾ ਮਿਲਿਆ। ਉਹੀ ਚੁੱਪ ਵਾਪਰੀ ਰਹੀ। ਮੈਂ ਕੰਧ 'ਤੇ ਚੜ੍ਹ ਕੇ ਹੇਠਾਂ ਦੇਖਿਆ ਤਾਂ ਜੀਜੀ ਨਮਾਜ਼ ਪੜ੍ਹ ਰਹੀ ਸੀ। ਜਦੋਂ ਸਲਾਮ ਫੇਰ ਲਿਆ ਤਾਂ ਮੈਨੂੰ ਦੇਖ ਕੇ ਹੱਸਣ ਲੱਗੀ। ਕਹਿਣ ਲੱਗੀ, "ਨੀਂ ਕੁੜੀਏ, ਨਮਾਜ਼ ਵੀ ਨਈਂ ਪੜ੍ਹਨ ਦੇਂਦੀ। ਦੂਜੇ ਪਾਸਿਓਂ ਦੀ ਘੁੰਮ ਕੇ ਆ ਕਿਓਂ ਨ੍ਹੀਂ ਜਾਂਦੀ ? ਧੁੱਪੇ ਪੈਰ ਸੜ ਰਹੇ ਹੋਣਗੇ।"

"ਨਈਂ ਜੀਜੀ ਪੈਰ ਤਾਂ ਨੀ ਸੜ ਰਹੇ। ਮੈਂ ਰੱਸੀ ਲਮਕਾ ਦੇਨੀਂ ਆਂ। ਬਸ, ਉਸ ਨਾਲ ਦੋ-ਤਿੰਨ ਕਾਤਰਾਂ ਬੰਨ੍ਹ ਦਿਓ।"

"ਬੇਟਾ ਏਸ ਵੇਲੇ ਤਾਂ ਮੇਰੇ ਕੋਲ ਕਾਤਰਾਂ ਹੈ ਨਈਂ, ਜਦੋਂ ਕੱਪੜੇ ਕੱਟਾਂਗੀ ਤੈਨੂੰ ਕਾਤਰਾਂ ਦੇ ਦਿਆਂਗੀ।"

"ਜੀਜੀ ਤੁਸੀਂ ਬਸ ਮੈਨੂੰ ਇੰਜ ਈ ਟਾਲ ਦੇਂਦੇ ਓ। ਕੱਲ੍ਹ ਵੀ ਕਿਹਾ ਸੀ ਕਿ ਕੱਲ੍ਹ ਨੂੰ ਦਿਆਂਗੀ। ਅੱਜ ਤਾਂ ਮੇਰੀ ਗੁਡੀਆ ਦੀ ਸ਼ਾਦੀ ਏ। ਮੈਂ ਹੁਣ ਤਕ ਉਸਦਾ ਦਹੇਜ ਵੀ ਨਈਂ ਬਣਾਇਆ।" ਮੈਂ ਮਾਯੂਸੀ ਜਿਹੀ ਨਾਲ ਕਿਹਾ।

"ਅੱਛਾ ਮਮੜੀ, ਪੇਟੀ 'ਚ ਦੇਖਦੀ ਆਂ।" ਇਹ ਕਹਿੰਦੀ ਹੋਈ ਉਹ ਕੋਠੜੀ ਵਿਚ ਚਲੀ ਗਈ ਤੇ ਦੋ-ਤਿੰਨ ਕਾਤਰਾਂ ਲੱਭ ਕੇ ਲੈ ਆਈ ਤੇ ਰੱਸੀ ਨਾਲ ਬੰਨ੍ਹ ਦਿੱਤੀਆਂ। ਮੈਂ ਉਹਨਾਂ ਕਾਤਰਾਂ ਨਾਲ ਆਪਣੀ ਗੁਡੀਆ ਦੇ ਕੱਪੜੇ ਬਣਾਉਣ ਲੱਗ ਪਈ।

ਜੀਜੀ ਦਾ ਤੇ ਸਾਡਾ ਘਰ ਨਾਲੋ-ਨਾਲ ਸਨ, ਵਿਚਕਾਰ ਸਿਰਫ਼ ਇਕ ਕੰਧ ਸੀ। ਉਹਨਾਂ ਦਾ ਦਰਵਾਜ਼ਾ ਦੂਜੇ ਪਾਸੇ ਗਲੀ ਵਿਚ ਸੀ। ਜਦੋਂ ਸਾਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਤਾਂ ਮੈਂ ਰਸੋਈ ਦੀ ਕੰਧ ਨਾਲ ਪੌੜੀ ਲਾ ਕੇ ਉਹਨਾਂ ਦੀ ਛੱਤ 'ਤੇ ਚੜ੍ਹ ਜਾਂਦੀ, ਉੱਥੋਂ ਰੱਸੀ ਲਟਕਾ ਕੇ ਜੀਜੀ ਤੋਂ ਜਿਹੜੀ ਚੀਜ਼ ਵੀ ਲੈਣੀ ਹੁੰਦੀ ਲੈ ਲੈਂਦੀ।

ਜੀਜੀ ਕੱਪੜੇ ਸਸਤੇ ਸਿਊਂਦੀ ਸੀ, ਇਹੋ ਕਾਰਨ ਸੀ ਕਿ ਸਾਰੇ ਮੁਹੱਲੇ ਵਾਲੇ ਉਸ ਤੋਂ ਕੱਪੜੇ ਸਿਵਾਉਂਦੇ ਸੀ। ਬੁਰਕਾ ਸਿਊਣ ਲਈ ਉਹ ਬੜੀ ਮਸ਼ਹੂਰ ਸੀ। ਸਿਵਾਈ

ਦੇ ਪੈਸੇ ਵੀ ਕਿੰਨੇ ? ਇਹੋ ਕੋਈ ਪੰਜ ਜਾਂ ਛੇ ਰੁਪਏ। ਮਹਿੰਗੇ ਤੋਂ ਮਹਿੰਗਾ ਬੁਰਕਾ ਦਸ ਰੁਪਏ ਵਿਚ। ਜਿਸ ਵਿਚ ਡੇਢ ਰੁਪਈਆ ਬੁਰਕੇ ਦੀ ਅੱਖਾਂ ਵਾਲੀ ਜਾਲੀ ਦਾ, ਤੇ ਅੱਠ ਆਨੇ ਟੋਪੀ ਦੇ। ਬਾਕੀ ਚਾਰ-ਪੰਜ ਬਚ ਜਾਂਦੇ ਸੀ। ਮਰਦਾਨੀ ਕਮੀਜ਼ ਦੀ ਸਿਲਾਈ ਬਾਰਾਂ ਆਨੇ ਤੇ ਸਲਵਾਰ ਦੀ ਅੱਠ ਆਨੇ। ਜ਼ਨਾਨਾ ਜੈਂਪਰ ਤੇ ਸਲਵਾਰ ਇਕ ਰੁਪਈਆ।

ਜੀਜੀ ਕੋਲ ਜ਼ਨਾਨੀਆਂ ਦਾ ਇਕ ਮੇਲਾ-ਜਿਹਾ ਲੱਗਾ ਰਹਿੰਦਾ ਸੀ। ਉਹ ਸਾਰੇ ਘਰ ਦੇ ਰੋਸੇ-ਗਿਲੇ, ਝਗੜੇ-ਟੰਟੇ, ਖ਼ੁਸ਼ੀ-ਗ਼ਮੀ ਦੇ ਫ਼ੈਸਲੇ ਏਥੇ ਆ ਕੇ ਹੀ ਕਰਦੀਆਂ ਸਨ। ਜੀਜੀ ਵੀ ਉਹਨਾਂ ਦੀਆਂ ਗੱਲਾਂ ਬੜੀ ਦਿਲਚਸਪੀ ਨਾਲ ਸੁਣਦੀ। ਉਸਦੀ ਬੁੱਢੀ ਮਾਂ ਖ਼ੁਸ਼ੀਆਂ, ਜਿਸਦੀ ਉਮਰ ਤਕਰੀਬਨ ਸੱਤਰ ਸਾਲ ਸੀ, ਇਕ ਨਿੱਕੀ-ਜਿਹੀ ਮੰਜੀ 'ਤੇ ਪਈ ਗੱਲਾਂ ਕਰਦੀ ਰਹਿੰਦੀ। ਉਸਨੂੰ ਦਮੇਂ ਦੀ ਬਿਮਾਰੀ ਸੀ। ਕਦੀ-ਕਦੀ ਉਹ ਬਾਹਰ ਵਿਹੜੇ ਵਿਚ ਬੈਠ ਜਾਂਦੀ ਸੀ, ਜਿੱਥੇ ਜੀਜੀ ਕੰਧ ਦੀ ਛਾਂ ਵਿਚ ਸਿਲਾਈ ਵਾਲੀ ਮਸ਼ੀਨ ਡਾਹ ਕੇ ਬੈਠੀ ਹੁੰਦੀ ਸੀ ਤੇ ਸਿਲਾਈ ਕਰਦੀ ਰਹਿੰਦੀ ਸੀ। ਉਸਦੇ ਲਾਗੇ ਹੀ ਮੰਜੀ 'ਤੇ ਚਾਰ-ਪੰਜ ਔਰਤਾਂ ਬੈਠੀਆਂ ਹੁੰਦੀਆਂ ਸਨ। ਉਹਨਾਂ ਵਿਚੋਂ ਕੋਈ ਨਾਨੀ ਲਈ ਹੁੱਕਾ ਤਾਜ਼ਾ ਕਰਦੀ ਸੀ ਤੇ ਕੋਈ ਚੁੱਲ੍ਹੇ ਵਿਚ ਨੱਪਿਆ ਹੋਇਆ ਅੰਗਿਆਰ ਕੱਢ ਕੇ ਚਿਲਮ ਵਿਚ ਰੱਖਦੀ ਸੀ। ਕਦੀ-ਕਦੀ ਨਾਨੀ ਕੂਕ ਕੇ ਕਹਿੰਦੀ ਸੀ, "ਆਸ਼ੋ, ਮੇਰੀ ਨਾਸ ਵਾਲੀ ਡੱਬੀ, ਮੰਜੇ ਤੋਂ ਚੁੱਕ ਕੇ ਫੜਾਵੀਂ।" ਮੈਂ ਨੱਸ ਕੇ ਨਾਸ ਵਾਲੀ ਡੱਬੀ ਨਾਨੀ ਨੂੰ ਲਿਆ ਕੇ ਫੜਾ ਦਿੰਦੀ। ਸਾਰੀਆਂ ਔਰਤਾਂ ਨਾਨੀ ਤੇ ਜੀਜੀ ਦੇ ਕੰਮ 'ਤੇ ਖ਼ੁਸ਼ ਹੁੰਦੀਆਂ ਸਨ, ਇਸ ਲਈ ਕਿ ਕਿਸੇ ਨੇ ਆਪਣੇ ਮੁੰਡੇ ਦੀ ਕਮੀਜ਼ ਜਲਦੀ ਲੈਣੀ ਹੁੰਦੀ ਸੀ, ਕਿਸੇ ਨੂੰ ਬੁਰਕਾ ਸਿਵਾਉਣ ਦੀ ਕਾਹਲ ਹੁੰਦੀ ਸੀ। ਬੱਚਿਆਂ ਨੂੰ ਗੁੱਡੀਆਂ ਲਈ ਕਾਤਰਾਂ ਦੀ ਲੋੜ ਹੁੰਦੀ ਸੀ, ਏਸ ਲਾਲਚ ਵੱਸ ਬੱਚੇ ਉਹਦਾ ਕੋਈ ਨਾ ਕੋਈ ਕੰਮ ਕਰਦੇ ਰਹਿੰਦੇ ਸਨ। ਕੋਈ ਦੌੜ ਕੇ ਦੁਕਾਨ ਤੋਂ ਸਾਮਾਨ ਲੈ ਆਉਂਦਾ ਸੀ ਤੇ ਕੋਈ ਨਹਾਉਣੀ ਵਿਚ ਨਹਾਉਣ ਤੇ ਵੁਜ਼ੂ ਕਰਨ ਲਈ ਪਾਣੀ ਭਰ ਕੇ ਰੱਖ ਦੇਂਦਾ ਸੀ।

ਜੀਜੀ ਦਾ ਭਰਾ ਮਾਮਾ ਪੀਰ ਲੱਕੜ ਦਾ ਸ਼ਹਿਨਸ਼ਾਹ ਕਾਰੀਗਰ ਸੀ। ਜਦੋਂ ਕਿਤੋਂ ਕੰਮ ਮਿਲਦਾ ਤਾਂ ਕਈ-ਕਈ ਮਹੀਨੇ ਕੰਮ ਕਰਦਾ ਰਹਿੰਦਾ ਤੇ ਜਦੋਂ ਕੰਮ ਨਾ ਮਿਲਦਾ ਤਾਂ ਮਹੀਨਿਆਂਬੱਧੀ ਬੇਕਾਰ ਬੈਠਾ ਰਹਿੰਦਾ। ਮਾਮਾ ਪੀਰ ਬਖ਼ਸ਼ ਸੂਰਜ ਦੇ ਛਿਪਾ ਨਾਲ ਸਖੀ ਬਾਬਾ ਦੀ ਸਲਾਮੀ ਭਰਨ ਜਾਂਦਾ ਸੀ ਤੇ ਜੁਮੇ ਰਾਤ ਨੂੰ ਸਾਈਂ ਸਰਫ਼ਰਾਜ਼ ਸ਼ਹੀਦ ਦੀ ਸਲਾਮੀ ਭਰਨ ਲਈ ਜਾਂਦਾ ਸੀ। ਬਾਕੀ ਸਾਰਾ ਦਿਨ ਉਹ ਮੰਜੀ 'ਤੇ ਪਿਆ ਸੁੱਤਾ ਰਹਿੰਦਾ ਸੀ। ਕੰਨਾਂ ਤੋਂ ਬੋਲਾ ਸੀ ਇਸ ਲਈ ਆਉਣ-ਜਾਣ ਵਾਲਿਆਂ ਦੇ ਰੌਲੇ-ਰੱਟੇ ਤੋਂ ਬੇਪ੍ਰਵਾਹ ਸੀ।

ਜੀਜੀ ਸੁਭਾ-ਸਵੇਰੇ ਉੱਠਦੀ, ਜ਼ਰੂਰਤਾਂ ਤੋਂ ਫ਼ਾਰਗ ਹੋ ਕੇ ਚੁੱਲ੍ਹਾ ਬਾਲਦੀ। ਖਾਣਾ ਬਣਾਉਂਦੀ। ਖਾਣਾ ਖਾ ਕੇ ਟੰਕੀ ਹੇਠ ਭਾਂਡੇ ਸਾਫ਼ ਕਰਨ ਬੈਠ ਜਾਂਦੀ। ਇੱਥੇ ਕੰਧ ਵਿਚ ਇਕ ਅਲਮਾਰੀ ਬਣੀ ਹੋਈ ਸੀ। ਭਾਂਡੇ ਸਾਫ਼ ਕਰਕੇ ਉਹ, ਉਹਨਾਂ ਨੂੰ ਅਲਮਾਰੀ ਵਿਚ ਚਿਣ ਦਿੰਦੀ। ਫੇਰ ਹੱਥ-ਮੂੰਹ ਧੋ ਕੇ ਮਸ਼ੀਨ 'ਤੇ ਬੈਠ ਜਾਂਦੀ। ਉਦੋਂ ਤਕ ਉਸ ਕੋਲ ਕਈ ਔਰਤਾਂ ਆ ਜਾਂਦੀਆਂ ਸਨ ਜਿਹਨਾਂ ਨਾਲ ਉਹ ਗੱਲਾਂ ਵੀ ਕਰਦੀ ਰਹਿੰਦੀ ਤੇ ਸਿਲਾਈ ਮਸ਼ੀਨ ਵੀ ਚਲਾਉਂਦੀ ਰਹਿੰਦੀ।



ਵੱਡੇ ਵਿਹੜੇ ਸਾਹਮਣੇ ਦੋ ਕੋਠੜੀਆਂ ਸਨ, ਜਿਹਨਾਂ ਵਿਚੋਂ ਛੋਟੀ ਕੋਠੜੀ ਵਿਚ ਲੱਕੜ ਦਾ ਛੋਟਾ ਝੂਲਾ ਪਿਆ ਸੀ ਤੇ ਵੱਡੀ ਵਿਚ ਤਰਖਾਣ ਮਾਮੇ ਦਾ ਸਾਮਾਨ ਸੀ। ਪੁਰਾਣੀਆਂ ਲੱਕੜਾਂ ਤੇ ਡੱਬੇ ਵਗ਼ੈਰਾ। ਦਰਵਾਜ਼ੇ ਦੇ ਨਾਲ ਜੀਜੀ ਦੀਆਂ ਚਾਰ-ਪੰਜ ਸੰਦੂਕੜੀਆਂ ਉਪਰ-ਹੇਠ ਰੱਖੀਆਂ ਹੋਈਆਂ ਸਨ, ਜਿਹਨਾਂ ਵਿਚ ਸਿਊਂਤੇ, ਬਿਨਾਂ ਸਿਊਂਤੇ ਕੱਪੜੇ, ਜੇਵਰ ਤੇ ਮੁਹੱਲੇ ਦੀਆਂ ਔਰਤਾਂ ਦੀਆਂ ਇਮਾਨਤਾਂ ਰੱਖੀਆਂ ਹੋਈਆਂ ਸਨ। ਗ਼ਰੀਬ ਔਰਤਾਂ ਚੋਰੀ ਦੇ ਡਰ ਕਾਰਨ ਤੇ ਆਪਣੇ ਸ਼ੌਹਰ ਤੋਂ ਲੁਕਾਈ ਹੋਈ ਰਕਮ ਉਸ ਕੋਲ ਰੱਖ ਜਾਂਦੀਆਂ ਸਨ ਤੇ ਜੀਜੀ ਉਹ ਬਿਨਾਂ ਗਿਣੇ, ਜਿੰਨੇ ਵੀ ਹੁੰਦੀ, ਹਿਫ਼ਾਜ਼ਤ ਨਾਲ ਰੱਖ ਦੇਂਦੀ ਸੀ। ਕਦੀ-ਕਦੀ ਤਾਂ ਉਸਦਾ ਇਹ ਪਿਆਰ ਤੇ ਸਾਦਗੀ ਉਸ ਲਈ ਮੁਸੀਬਤ ਬਣ ਜਾਂਦੇ ਸਨ। ਔਰਤਾਂ ਝਗੜਾ ਫਸਾਦ ਕਰਕੇ ਵੱਧ ਰਕਮ ਵਸੂਲ ਲੈ ਜਾਂਦੀਆਂ।

ਗਰਮੀ ਹੋਏ ਭਾਵੇਂ ਸਰਦੀ, ਉਸਦੇ ਨਿੱਤ-ਕਾਰਜਾਂ ਵਿਚ ਕਤਈ ਫ਼ਰਕ ਨਹੀਂ ਸੀ ਹੁੰਦਾ। ਉਸਦਾ ਚਿਹਰਾ ਹਮੇਸ਼ਾ ਚੌਦਵੀਂ ਦੇ ਚੰਨ ਵਾਂਗ ਚਮਕਦਾ ਰਹਿੰਦਾ ਸੀ। ਆਂਢ-ਗੁਆਂਢ ਦੇ ਸ਼ਾਦੀ-ਵਿਆਹ ਸਮੇਂ ਉਹ ਮੁਹੱਲੇ ਦੀਆਂ ਔਰਤਾਂ ਦੇ ਨਾਲ ਜਾਂਦੀ। ਮੇਰੀ ਅੰਮੀ ਤੇ ਅੱਬੂ ਮੈਨੂੰ ਜੀਜੀ ਨਾਲ ਜਾਣ ਤੋਂ ਕਦੀ ਮਨ੍ਹਾਂ ਨਹੀਂ ਸੀ ਕਰਦੇ ਹੁੰਦੇ। ਹਾਂ, ਇਕੱਲੀ ਨੂੰ ਨਹੀਂ ਸੀ ਜਾਣ ਦੇਂਦੇ। ਜਦੋਂ ਉਹਨਾਂ ਨੂੰ ਯਕੀਨ ਹੁੰਦਾ ਕਿ ਜੀਜੀ ਵੀ ਜਾ ਰਹੀ ਹੈ ਤਾਂ ਉਹ ਖ਼ੁਸ਼ੀ ਨਾਲ ਇਜਾਜ਼ਤ ਦੇ ਦੇਂਦੇ।

ਮੈਨੂੰ ਦੋ ਸ਼ੌਕ ਸਨ—ਇਕ ਤਾਂ ਗੁੱਡੀਆਂ ਲਈ ਕਾਤਰਾਂ ਜਮ੍ਹਾਂ ਕਰਨ ਦਾ ਤੇ ਦੂਜਾ ਮਸ਼ੀਨ ਚਲਾਉਣ ਦਾ। ਇਸ ਲਈ ਮੈਂ ਸਾਰਾ ਦਿਨ ਜੀਜੀ ਕੋਲ ਬੈਠੀ ਰਹਿੰਦੀ ਸੀ। ਜੀਜੀ ਜਦੋਂ ਬੁਰਕਾ ਸਿਊਂਦੀ ਤਾਂ ਮੈਨੂੰ ਮਸ਼ੀਨ ਚਲਾਉਣ ਲਈ ਕਹਿ ਦੇਂਦੀ ਤੇ ਖ਼ੁਦ ਵੱਟ ਸਿੱਧੇ ਕਰਕੇ ਸਿਊਣਾਂ ਪੁਆਉਂਦੀ ਰਹਿੰਦੀ। ਜ਼ਿਆਦਾ ਮਸ਼ੀਨ ਚਲਾਉਣ ਕਰਕੇ ਜੀਜੀ ਦਾ ਹੱਥ ਪੀੜ ਹੋਣ ਲੱਗਦਾ ਸੀ। ਮੈਂ ਦੁਆ ਮੰਗਦੀ ਸੀ ਕਿ ਭਾਗਲ ਸ਼ੇਰਯਾਨੀ ਜਲਦੀ ਆ ਜਾਏ—ਜਿਵੇਂ ਹੀ ਭਾਗਲ ਆਉਂਦੀ, ਜੀਜੀ ਉਸ ਨਾਲ ਗੱਲਾਂ ਕਰਨ ਲੱਗ ਪੈਂਦੀ ਤੇ ਮਸ਼ੀਨ ਮੇਰੇ ਹਵਾਲੇ ਕਰ ਦੇਂਦੀ ਸੀ। ਮਾਮਾ ਕੰਮ 'ਤੇ ਗਿਆ ਹੁੰਦਾ ਸੀ। ਨਾਨੀ ਸੁੱਤੀ ਪਈ ਹੁੰਦੀ ਸੀ। ਭਾਗਲ ਤੇ ਜੀਜੀ ਦੇਰ ਤਕ ਗੱਲਾਂ ਕਰਦੀਆਂ ਰਹਿੰਦੀਆਂ ਸਨ। ਗੱਲਾਂ ਕਰਦੀ-ਕਰਦੀ ਜੀਜੀ ਅਕਸਰ ਆਵਾਜ਼ ਮਾਰ ਕੇ ਕਹਿੰਦੀ, "ਆਸ਼ੋ, ਜਾਹ ਜ਼ਰਾ ਬਾਹਰਲੇ ਦਰਵਾਜ਼ੇ ਦੀ ਕੁੰਡੀ ਤਾਂ ਲਾ ਆ। ਏਸ ਫ਼ਕੀਰਨੀ ਨੇ ਕੋਈ ਨਾ ਕੋਈ ਚੀਜ਼ ਚੁੱਕ ਕੇ ਲੈ ਜਾਣੀ ਏਂ।" ਜੀਜੀ ਕੋਲ ਬਹੁਤ ਸਾਰੀਆਂ ਫ਼ਕੀਰਨੀਆਂ ਆਉਂਦੀਆਂ ਸਨ ਤੇ ਉਹ ਕਿਸੇ ਨੂੰ ਖ਼ਾਲੀ ਹੱਥ ਨਹੀਂ ਸੀ ਜਾਣ ਦੇਂਦੀ। ਹਰੇਕ ਨੂੰ ਕੁਝ ਨਾ ਕੁਝ ਜ਼ਰੂਰ ਦੇ ਦੇਂਦੀ ਸੀ—ਕਿਸੇ ਨੂੰ ਆਟਾ, ਕਿਸੇ ਨੂੰ ਰੋਟੀ ਦੇ ਟੁਕੜੇ ਤੇ ਪੁਰਾਣੇ ਕੱਪੜੇ, ਪਰ ਉਹਨਾਂ ਫ਼ਕੀਰਨੀਆਂ ਦੀ ਇਹ ਆਦਤ ਸੀ ਕਿ ਉਹ ਮੌਕਾ ਮਿਲਦਿਆਂ ਹੀ ਕੋਈ ਨਾ ਕੋਈ ਚੀਜ਼ ਚੁੱਕ ਕੇ ਲੈ ਜਾਂਦੀਆਂ ਸਨ। ਮੈਂ ਜਾ ਕੇ ਕੁੰਡੀ ਲਾ ਆਉਂਦੀ ਸਾਂ। ਫੇਰ ਜਦੋਂ ਮਸ਼ੀਨ 'ਤੇ ਬੈਠਣ ਦੀ ਕੋਸ਼ਿਸ਼ ਕਰਦੀ ਤਾਂ ਉਹ ਕਹਿੰਦੀ, "ਆਸ਼ੋ, ਪੁੱਤਰ ਅਹਿ ਦਰਵਾਜ਼ਾ ਵੀ ਬੰਦ ਕਰ ਦੇ, ਮੱਖੀਆਂ ਵੜ ਆਉਂਦੀਆਂ ਨੇ।" ਕੋਠੜੀ ਦਾ ਦਰਵਾਜ਼ਾ ਵਿਹੜੇ ਵਿਚ ਖੁੱਲ੍ਹਦਾ ਸੀ। ਉਹ ਹਮੇਸ਼ਾ ਬੰਦ ਰਹਿੰਦਾ ਸੀ। ਵਿਚਕਾਰਲਾ ਦਰਵਾਜ਼ਾ ਬੰਦ ਹੋਣ 'ਤੇ ਮੈਂ ਬੜੀ ਖ਼ੁਸ਼ ਹੁੰਦੀ ਸਾਂ—ਮੌਕਾ ਮਿਲਦਿਆਂ ਹੀ ਆਪਣੀਆਂ ਗੁੱਡੀਆਂ ਦੇ ਕੱਪੜੇ ਸਿਊਂ ਲੈਂਦੀ ਸਾਂ।

ਮੇਰੀਆਂ ਲਗਭਗ ਵੀਹ ਦੇ ਕਰੀਬ ਗੁੱਡੀਆਂ ਸਨ ਤੇ ਉਹਨਾਂ ਦੇ ਬੱਚੇ ਵੀ ਸੀ। ਉਹਨਾਂ ਵਿਚੋਂ ਮੈਨੂੰ ਇਕ ਵਧੇਰੇ ਪਸੰਦ ਸੀ, ਜਿਹੜੀ ਅੰਮੀ ਨੇ ਇਕ ਰੁਪਏ ਵਿਚ ਸਫੂਰਾਂ ਦੀ ਕਜ਼ਨ ਤੋਂ ਬਣਵਾ ਕੇ ਦਿੱਤੀ ਸੀ। ਉਸ ਦੀਆਂ ਵੱਡੀਆਂ-ਵੱਡੀਆਂ ਅੱਖਾਂ, ਲੰਬੇ-ਲੰਬੇ ਵਾਲ, ਛੋਟੇ ਤੇ ਖ਼ੂਬਸੂਰਤ ਹੱਥ-ਪੈਰ ਅਜਿਹੇ ਜਿਵੇਂ ਪਦਮਨੀ (ਕਿੱਸੇ-ਕਹਾਣੀਆਂ ਦੀ ਮਸ਼ਹੂਰ ਤੇ ਡਾਢੀ ਖ਼ੂਬਸੂਰਤ ਪਾਤਰ ਇਕ ਰਾਣੀ ਦਾ ਨਾਂ)। ਇਹ ਗੁੱਡੀ ਮੈਨੂੰ ਏਨੀ ਪਿਆਰੀ ਸੀ ਕਿ ਮੈਂ ਉਸਦਾ ਨਾਂ ਜੀਜੀ ਦੇ ਨਾਂ 'ਤੇ ਰੱਖ ਦਿੱਤਾ—ਉਹ ਸਾਰੀਆਂ ਗੁੱਡੀਆਂ ਦੀ ਮਹਾਰਾਣੀ ਸੀ। ਇਕ ਗੁੱਡੀ ਜਿਹੜੀ ਮੈਨੂੰ ਰੋਮੀ ਨੇ ਬਣਾ ਕੇ ਦਿੱਤੀ ਸੀ, ਉਸ ਦੀਆਂ ਅੱਖਾਂ ਛੋਟੀਆਂ ਸਨ। ਮੋਟੀ ਤੇ ਬੇਡੌਲ ਮੈਨੂੰ ਬਿਲਕੁਲ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਭਾਗਲ ਸ਼ੇਰਯਾਨੀ ਹੋਵੇ। ਮੈਂ ਉਸਦਾ ਨਾਂ ਵੀ ਭਾਗਲ ਰੱਖਿਆ ਹੋਇਆ ਸੀ ਤੇ ਉਸਨੂੰ ਦੂਜੀਆਂ ਗੁੱਡੀਆਂ ਦੀ ਨੌਕਰਾਣੀ ਬਣਾ ਦਿੱਤਾ ਸੀ। ਉਹ ਸਾਰਾ ਦਿਨ ਦੂਜੀਆਂ ਗੁੱਡੀਆਂ ਦੇ ਅੱਗੇ-ਪਿੱਛੇ ਘੁੰਮਦੀ ਰਹਿੰਦੀ ਸੀ।

ਭਾਗਲ ਨੂੰ ਹਰ ਵੇਲੇ ਪੈਸਿਆਂ ਦੀ ਲੋੜ ਰਹਿੰਦੀ ਸੀ। ਇਕ ਦਿਨ ਮੈਂ ਅੰਮੀ ਦੇ ਕਿਸੇ ਕੰਮ ਜੀਜੀ ਕੋਲ ਗਈ ਤਾਂ ਦੇਖਿਆ ਭਾਗਲ ਹੁੱਕਾ ਪੀ ਰਹੀ ਹੈ ਤੇ ਜੀਜੀ ਮਸ਼ੀਨ ਚਲਾ ਰਹੀ ਹੈ। ਨਾਨੀ ਬਾਹਰ ਮੰਜੀ 'ਤੇ ਧੁੱਪ ਵਿਚ ਸੁੱਤੀ ਹੋਈ ਸੀ। ਭਾਗਲ ਨੇ ਮੈਨੂੰ ਦੇਖ ਕੇ ਜੀਜੀ ਨੂੰ ਕਿਹਾ, "ਦੇਖ ਆਸ਼ੋ ਆਈ ਏ। ਇਸੇ ਨੂੰ ਭੇਜ ਦੇ।" ਜੀਜੀ ਨੇ ਮੈਨੂੰ ਦੇਖ ਕੇ ਹੌਲੀ-ਜਿਹੀ ਕਿਹਾ, "ਚੰਗਾ ਹੋਇਆ ਤੂੰ ਆ ਗਈ, ਖੜ੍ਹੇ ਪੈਰ ਹਲੀਮਾ ਤੋਂ ਵੀਹ ਰੁਪਈਏ ਤਾਂ ਫੜ ਲਿਆ।"

ਮੈਂ ਹਲੀਮਾ ਤੋਂ ਪੈਸੇ ਲੈ ਕੇ ਜਿਵੇਂ ਹੀ ਗਲੀ ਵਿਚ ਪਹੁੰਚੀ ਤਾਂ ਦੇਖਿਆ ਸਾਹਮਣਿਓਂ ਭਾਗਲ ਆ ਰਹੀ ਹੈ। ਅਚਾਨਕ ਹੱਥ ਵਧਾ ਕੇ ਉਸਨੇ ਮੇਰੇ ਹੱਥੋਂ ਪੈਸੇ ਖੋਹ ਲਏ।

ਮੈਂ ਕਿਹਾ, "ਮਾਸੀ ਇਹ ਪੈਸੇ ਜੀਜੀ ਦੇ ਨੇ।"

"ਤੇਰੀ ਅੰਮੀ ਜੀਜੀ ਦੇ ਨਈਂ, ਮੇਰੇ ਐ।" ਉਸਨੇ ਮੈਨੂੰ ਕਰੜੀ ਆਵਾਜ਼ ਵਿਚ ਕਿਹਾ।

ਮੈਂ ਰੋਂਦਿਆਂ-ਰੋਂਦਿਆਂ ਜੀਜੀ ਕੋਲ ਭਾਗਲ ਦੀ ਸ਼ਿਕਾਇਤ ਕੀਤੀ। ਜੀਜੀ ਨੇ ਕਿਹਾ, "ਮੰਮੜੀ ਇਹ ਪੈਸੇ ਮੈਂ ਭਾਗਲ ਲਈ ਈ ਮੰਗਵਾਏ ਸੀ।"

ਮੈਂ ਕਿਹਾ, "ਜੀਜੀ ਉਸਨੇ ਮੈਨੂੰ ਝਿੜਕਿਆ ਕਿਓਂ ? ਮੈਂ ਕੋਈ ਪੈਸੇ ਲੈ ਕੇ ਭੱਜ ਚੱਲੀ ਸੀ ?" ਨਾਨੀ ਨੇ ਇਹ ਗੱਲ ਸੁਣ ਕੇ ਜੀਜੀ ਨੂੰ ਕਿਹਾ, "ਇਹ ਔਰਤ ਤੈਨੂੰ ਲੁੱਟ-ਪੁੱਟ ਲਊ ਤੇ ਤੈਨੂੰ ਫ਼ਕੀਰਨੀ ਬਣਾ ਕੇ ਛੱਡੂ। ਜੋ ਕੁਛ ਤੂੰ ਕਮਾਉਣੀ ਐਂ, ਉਹ ਉਸੇ ਨੂੰ ਖੁਆ ਛੱਡਦੀ ਐਂ।"

ਹੁਣ ਕੀ ਸੀ, ਜੀਜੀ ਤੇ ਨਾਨੀ 'ਚ ਜੰਗ ਸ਼ੁਰੂ ਹੋ ਗਈ। ਮੈਂ ਅੰਮੀ ਦੀ ਕਮੀਜ਼ ਲੈ ਕੇ ਆਪਣੇ ਘਰ ਆ ਗਈ। ਅੰਮੀ ਨੇ ਮੇਰੇ ਚਿਹਰੇ ਵੱਲ ਦੇਖ ਕੇ ਕਿਹਾ, "ਕਿਓਂ, ਕੀ ਹੋਇਆ ?" ਮੈਂ ਭਾਗਲ ਵਾਲੀ ਗੱਲ ਦੱਸੀ ਤਾਂ ਅੰਮੀ ਨੂੰ ਗੁੱਸਾ ਆ ਗਿਆ ਤੇ ਬੁੜਬੁੜ ਕਰਨ ਲੱਗੀ—"ਓਸ ਕਮੀਨੀ ਔਰਤ ਨੇ ਤਾਂ ਸਾਰੀ ਬਸਤੀ 'ਚ ਅੱਗ ਲਾ ਰੱਖੀ ਏ...ਹੁਣ ਕਜ਼ੂ ਦੇ ਪਿੱਛੇ ਚੰਬੜੀ ਐ। ਅੱਜ ਪੈਸਿਆਂ ਦੀ ਲੋੜ ਐ ਵਿਆਹ 'ਤੇ ਜਾਣੈ...ਅੱਜ ਜਮਾਅ ਦੀ ਭੈਣ ਦਾ ਇੰਤਕਾਲ ਹੋ ਗਿਐ, ਉਸ ਦੇ ਘਰ ਕੁਛ ਲੈ ਕੇ ਜਾਣੈ...ਅੱਜ ਐਰੇ-ਗ਼ੈਰੇ ਲਈ ਪੈਸੇ ਚਾਹੀਦੇ ਐ।"



ਕਾਫੀ ਦਿਨ ਬੀਤ ਗਏ, ਅੰਮੀ ਇਕ ਦਿਨ ਕਾਤਰਾਂ ਜੋੜ ਕੇ ਰਲੀ ਬਣਾ ਰਹੀ ਸੀ। ਮੈਂ ਅੰਮੀ ਦੀ ਮਦਦ ਕਰ ਰਹੀ ਸੀ। ਪਤਾ ਨਹੀਂ ਕਿਸ ਵੇਲੇ ਮਾਸੀ ਜਾਤਲ ਆ ਗਈ, ਗੱਲਾਂ-ਗੱਲਾਂ 'ਚ ਜੀਜੀ ਦਾ ਜ਼ਿਕਰ ਛਿੜ ਪਿਆ। "ਕਜ਼ੂ ਵਿਚਾਰੀ ਮੁਫ਼ਤ 'ਚ ਮਾਰੀ ਗਈ!" ਮਾਸੀ ਜਾਤਲ ਨੇ ਕਿਹਾ।

"ਕਿਓਂ ? ਕਿਓਂ, ਕੀ ਹੋਇਆ ?" ਅੰਮੀ ਨੇ ਪੁੱਛਿਆ।

"ਭੈਣ, ਉਸ ਭਾਗਲ ਕਮੀਨੀ ਦਾ ਸਭ ਕੁਛ ਕੀਤਾ ਧਰਿਐ। ਰੋਣੀ ਸੂਰਤ ਬਣਾ ਕੇ ਕਜ਼ੂ ਕੋਲ ਆਈ। ਅੱਖਾਂ 'ਚ ਅੱਥਰੂ, ਕਹਿਣ ਲੱਗੀ ਮੈਨੂੰ ਪੰਜ ਸੌ ਰੁਪਈਆਂ ਦੀ ਸਖ਼ਤ ਲੋੜ ਐ। ਮੇਰਾ ਭਰਾ ਚੋਰੀ ਦੇ ਇਲਜ਼ਾਮ 'ਚ ਫੜਿਆ ਗਿਐ, ਉਸਨੂੰ ਛੁਡਵਾਉਣ ਖਾਤਰ ਵਕੀਲ ਕਰਨੈਂ। ਕਜ਼ੂ ਵਿਚਾਰੀ ਕੋਲ ਉਸ ਵੇਲੇ ਪੈਸੇ ਨਈਂ ਸੀ। ਸਾਰਾਂ ਦੇ ਜੇਵਰ ਚੁੱਕ ਕੇ ਉਸਨੂੰ ਦੇ ਦਿੱਤੇ ਪਈ ਕਿਸੇ ਕੋਲ ਇਮਾਨਤ ਵਜੋਂ ਰੱਖ ਕੇ ਪੈਸੇ ਫੜ ਲੈ।"

"ਆਏ ਹਾਏ, ਮਰ ਗਈ। ਫੇਰ ਜੇਵਰ ਤਾਂ ਗਏ।" ਅੰਮੀ ਨੇ ਉੱਚੀ ਸੁਰ ਵਿਚ ਚੀਕ ਕੇ ਕਿਹਾ।

"ਹਾਂ, ਇਹੋ ਗੱਲ ਤਾਂ ਕਹਿ ਰਹੀ ਆਂ। ਅੱਜ ਇਹ ਗੱਲ ਨਿਕਲੀ ਏ। ਜੇਵਰ ਤਾਂ ਭਾਗਲ ਨੇ ਵੇਚ ਈ ਦਿੱਤੇ ਸੀ।"

"ਓਇ-ਹੋਇ, ਮਰ ਗਈ!"

"ਸਾਰਾਂ ਦੇ ਕਿਸੇ ਰਿਸ਼ਤੇਦਾਰ ਦੀ ਸ਼ਾਦੀ ਏ ਇਸ ਲਈ ਉਹ ਆਪਣੇ ਜੇਵਰ ਕਜ਼ੂ ਤੋਂ ਲੈਣ ਆਈ। ਜੇਵਰਾਂ ਦੀ ਗੱਲ ਨਿਕਲੀ। ਫੇਰ ਸਾਰਾਂ ਵੀ ਘੱਟ ਨਈਂ, ਉਸਨੇ ਨਾ ਕਜ਼ੂ ਨੂੰ ਬਖ਼ਸ਼ਿਆ, ਨਾ ਭਾਗਲ ਨੂੰ...ਖ਼ੂਬ ਖਰੀਆਂ-ਖੋਟੀਆਂ ਸੁਣਾਈਆਂ। ਕਜ਼ੂ ਇਸ ਫ਼ਿਕਰ 'ਚ ਕਿ ਕਿਤੇ ਇਹ ਗੱਲ ਭਾਈ ਤਕ ਨਾ ਪਹੁੰਚ ਜਾਏ। ਪਰ ਇਹ ਤਾਂ ਸੰਭਵ ਈ ਨਈਂ ਸੀ। ਭਲਾਂ ਏਡੀ ਵੱਡੀ ਗੱਲ ਕਿਸ ਤਰ੍ਹਾਂ ਛੁਪ ਸਕਦੀ ਸੀ। ਕਜ਼ੂ ਦੀ ਵੀ ਇਹ ਕਿੱਥੋਂ ਦੀ ਸਿਆਣਪ ਏ। ਉਸ ਔਰਤ ਨੇ ਸਭ ਕੁਛ ਈ ਉਲਟਾ ਦਿੱਤਾ, ਉਸਨੂੰ ਤਾਂ ਆਪਣੀ ਇੱਜ਼ਤ ਦਾ ਵੀ ਖ਼ਿਆਲ ਨਈਂ ਰਿਹਾ।"

"... ... ..."

"ਹਾਂ ਭੈਣ ਹੁਣ ਤਾਂ ਵਿਚਾਰੀ ਫਸ ਈ ਗਈ...ਕਰੇ ਤਾਂ ਕੀ ਕਰੇ। ਸਾਰਾਂ ਤੋਂ ਤਿੰਨ ਦਿਨਾਂ ਦਾ ਵਾਅਦਾ ਕੀਤਾ ਏ। ਅੱਜ ਓਹ ਕਈ ਲੋਕਾਂ ਕੋਲ ਗਈ, ਦੇਖੋ ਕੀ ਹੁੰਦਾ ਏ। ਮੈਨੂੰ ਵੀ ਕਿਹਾ ਏ ਕਿ ਵਡੇਰੇ ਕੋਲ ਅੰਗੂਠੀ ਰੱਖ ਕੇ ਪੈਸੇ ਲਿਆ ਦਿਆਂ। ਮੈਂ ਓਧਰ ਈ ਜਾ ਰਹੀ ਸੀ, ਸੋਚਿਆ ਤੇਰੇ ਵੱਲ ਵੀ ਹੁੰਦੀ ਜਾਵਾਂ।"

ਦੂਜੇ ਦਿਨ ਮੈਂ ਤੇ ਅੰਮੀ ਜੀਜੀ ਦੇ ਘਰ ਗਏ ਤਾਂ ਜੀਜੀ ਕੋਲ ਜ਼ੇਬੋ ਤੇ ਜ਼ੁਬੇਰਾ ਦੀ ਮਾਂ ਬੈਠੀ ਸੀ। ਜ਼ਬੀ ਦੀ ਮਾਂ ਤੇ ਜੀਜੀ ਆਪਸ ਵਿਚ ਗੱਲਾਂ ਕਰ ਰਹੀਆਂ ਸਨ ਤੇ ਜ਼ਬੀ ਮਸ਼ੀਨ ਚਲਾ ਰਹੀ ਸੀ। ਮੈਂ ਵੀ ਜ਼ਬੀ ਕੋਲ ਬੈਠ ਗਈ। ਨਾਨੀ ਅੰਦਰ ਪਈ ਹੋਈ ਸੀ। ਗੱਲਾਂ ਕਰਦੇ-ਕਰਦੇ ਜ਼ਬੀ ਦੀ ਮਾਂ ਨੇ ਕਿਹਾ, "ਭਾਗਲ ਤਾਂ ਅੱਜ ਕੱਲ੍ਹ ਸਹਿਰ ਬਾਨੋ ਕੋਲ ਬੈਠੀ ਰਹਿੰਦੀ ਏ।"

"ਕਿਹੜੀ ਸਹਿਰ ਬਾਨੋ ?" ਜੀਜੀ ਨੇ ਪੁੱਛਿਆ।

"ਓਹ, ਅੰਮਾ ਬਿਰਯਾਨੀ ਦੀ ਧੀ ਨਈਂ ਏਂ ਜਿਹੜੀ ਪਹਿਲਾਂ ਕਨ੍ਹਬਾਨੀ ਨਾਲ ਜ਼ਿਆਦਾ ਮੇਲ-ਜੋਲ ਰੱਖਦੀ ਸੀ ?"

"ਓਇ, ਹਾਂ- ਹਾਂ, ਬਚਾਈ ਦੀ ਧੀ ਨਾ ?" ਅੰਮਾ ਨੇ ਕਿਹਾ।

"ਹਾਂ ਭੈਣ, ਉਹੀ ਬਚਾਈ ਦੀ ਧੀ ! ਉਸਨੂੰ ਕਿਸੇ ਤੋਂ ਘੱਟ ਨਾ ਸਮਝੀਂ।"

"ਇਹੋ-ਜਿਹੀਆਂ ਔਰਤਾਂ ਨੇ ਈ ਤਾਂ ਲੋਕਾਂ ਦਾ ਸਤਿਆਨਾਸ ਕੀਤਾ ਹੋਇਆ ਏ। ਜੋ ਇਹਨਾਂ ਦੇ ਹੱਥੇ ਚੜ੍ਹ ਜਾਏ, ਸਮਝੋ ਖ਼ਤਮ।" ਜ਼ਬੀ ਦੀ ਮਾਂ ਨੇ ਕਿਹਾ।

"ਮੈਂ ਵੀ ਕਹਾਂ ਕਿ ਭਾਗਲ ਰੋਜ਼-ਰੋਜ਼ ਭੈਣ ਕਜ਼ੂ ਤੋਂ ਪੈਸੇ ਲੈ ਜਾਂਦੀ ਏ ਤੇ ਉਸਨੂੰ ਖੁਆਉਂਦੀ ਰਹੀ ਏ।" ਅੰਮਾ ਨੇ ਕਿਹਾ।

ਜੀਜੀ ਇਹ ਗੱਲ ਸੁਣ ਕੇ ਚੁੱਪ ਰਹੀ ਪਰ ਮੈਂ ਦੇਖਿਆ ਉਹ ਸਾਰੀ ਦੀ ਸਾਰੀ ਪੀਲੀ ਪੈ ਗਈ ਸੀ।

**ਕ**ਈ ਦਿਨ ਹੋਰ ਲੰਘ ਗਏ। ਇਕ ਦਿਨ ਮੈਂ ਜੀਜੀ ਦੇ ਸਿਰ 'ਚੋਂ ਜੂੰਆਂ ਕੱਢ ਰਹੀ ਸੀ। ਮਾਨੀ ਜਾਤਲ ਤੇ ਅੰਮੀ ਵੀ ਬੈਠੀਆਂ ਹੋਈਆਂ ਸਨ, ਅਚਾਨਕ ਭਾਗਲ ਆ ਗਈ। ਜੀਜੀ ਨੇ ਭਾਗਲ ਨੂੰ ਦੇਖਿਆ ਤਾਂ ਕੰਬ ਗਈ ਤੇ ਮੂੰਹ ਦੂਜੇ ਪਾਸੇ ਕਰ ਲਿਆ। ਭਾਗਲ ਨੇ ਜੀਜੀ ਵੱਲ ਦੇਖਦਿਆਂ ਕਿਹਾ, "ਏਨਾ ਗੁੱਸਾ ?" ਜੀਜੀ ਨੇ ਕੋਈ ਜਵਾਬ ਨਾ ਦਿੱਤਾ। ਜਾਤਲ ਨੇ ਭਾਗਲ ਵੱਲ ਦੇਖ ਕੇ ਕਿਹਾ, "ਭਾਗਲ ਸੁਣਾ ਕੈਸੀ ਏਂ, ਕਿੰਜ ਆਉਣਾ ਹੋਇਆ ? ਸਹਿਰ ਬਾਨੋ ਤੋਂ ਵੀ ਢਿੱਡ ਭਰ ਗਿਆ ਕਿ ? ਜਾਂ ਫੇਰ ਕਿਸੇ ਹੋਰ ਦੇ ਜੇਵਰਾਂ ਦੀ ਲੋੜ ਪੈ ਗਈ ਏ ਤੈਨੂੰ ?"

"ਬਹੁਤ ਹੋ ਗਈ, ਹੁਣ ਬਹੁਤਾ ਨਾ ਬੋਲ। ਤੈਨੂੰ ਵੀ ਜਾਣਦੀ ਆਂ।" ਭਾਗਲ ਤਣ ਕੇ ਖੜ੍ਹੀ ਹੋ ਗਈ। ਮਾਸੀ ਜਾਤਲ ਨੇ ਕਿਹਾ, "ਹੁਣ ਏਥੇ ਕੀ ਮੂੰਹ ਲੈ ਕੇ ਆਈ ਏਂ, ਜਾਹ ਆਪਣੀ ਚਹੇਤੀ ਕੋਲ ਬੈਠ।"

"ਕਿਓਂ ਨਾ ਬੈਠਾਂ ? ਕਿਓਂ ਨਾ ਬੈਠਾਂਗੀ ਸ਼ੇਰੋ, ਕਾਮੋਂ ਕੋਲ। ਜਲੀਲ ਕਿਤੋਂ ਦੀ, ਮਾਰਾਂ ਖ਼ੁਦ ਮਾਰੇਂ ਤੇ ਚਿੱਕੜ ਉਛਾਲੇਂ ਦੂਜਿਆਂ 'ਤੇ।" ਉਹ ਗਾਲ੍ਹਾਂ ਬਕਦੀ ਤੇ ਦੁਪੱਟੇ ਨੂੰ ਹਵਾ ਵਿਚ ਲਹਿਰਾਉਂਦੀ ਚਲੀ ਗਈ। ਹੁਣ ਨਾਨੀ ਨੂੰ ਵੀ ਬੜਾ ਗੁੱਸਾ ਆਇਆ ਪਰ ਉਸਨੇ ਕੁਝ ਕਿਹਾ ਨਹੀਂ, ਚੁੱਪ ਰਹੀ।

ਸਿਲਾਈ ਕਰਦੇ-ਕਰਦੇ ਕੱਪੜੇ 'ਤੇ ਉਲਟੀ ਸਿਊਣ ਵੱਜ ਜਾਂਦੀ ਸੀ। ਉਸਨੂੰ ਉਧੇੜ ਕੇ ਫੇਰ ਸਿੱਧਾ ਕਰਕੇ ਸਿਊਣਾ ਪੈਣਾ ਸੀ।

ਸਿਲਾਈ ਕਰਦੀ-ਕਰਦੀ ਉਹ ਅਕਸਰ ਉਲਝ ਜਾਂਦੀ ਸੀ...ਤੇ ਮਸ਼ੀਨ ਛੱਡ ਕੇ ਮੂੰਹ-ਸਿਰ ਲਪੇਟ ਕੇ ਝੂਲੇ 'ਤੇ ਜਾ ਪੈਂਦੀ ਸੀ।

ਅੰਮੀ ਉਸਨੂੰ ਕਹਿੰਦੀ, "ਕਿਓਂ ਕਜ਼ੂ, ਅੱਜ ਮਸ਼ੀਨ ਕਿਓਂ ਨਈਂ ਡਾਹੀ ?"

ਜੀਜੀ ਕਹਿੰਦੀ, "ਭੈਣੇ ਹੁਣ ਮੈਥੋਂ ਕੰਮ ਨਈਂ ਹੁੰਦਾ। ਪਤਾ ਨਈਂ ਕਿਓਂ ? ਧਿਆਨ ਪਤਾ ਨਈਂ ਕਿੱਧਰ-ਕਿੱਧਰ ਭਟਕ ਜਾਂਦਾ ਏ। ਸੋਚਦੀ ਆਂ, ਘਰ ਛੱਡ ਕੇ ਕਿਤੇ ਇਹੋ-ਜਿਹੀ ਥਾਂ ਚਲੀ ਜਾਵਾਂ ਜਿੱਥੇ ਕੋਈ ਨਾ ਹੋਏ।"

ਮੈਂ ਕਹਿੰਦੀ, "ਜੀਜੀ ਜੇ ਤੂੰ ਇੰਜ ਉੱਡ ਕੇ ਚਲੀ ਜਾਏਂਗੀ, ਮਾਮੇ ਨੂੰ ਰੋਟੀ ਪਕਾ ਕੇ ਕੌਣ ਖੁਆਏਗਾ ?"



"ਧੀਏ ਉਹ ਜਾਣੇ ਤੇ ਉਸਦੀ ਕਿਸਮਤ, ਮੈਂ ਸਾਰਿਆਂ ਦਾ ਠੇਕਾ ਤਾਂ ਨਈਂ ਲਿਆ ਹੋਇਆ।" ਉਸਦੀ ਇਸ ਗੱਲ 'ਤੇ ਨਾਨੀ ਕਹਿੰਦੀ, "ਕੁੜੀਏ ਏਸ ਉਮਰੇ ਅਸੀਂ ਲੋਕ ਮਜ਼ਬੂਰ ਆਂ ਤਾਂਈਏਂ ਰੋਜ਼-ਰੋਜ਼ ਰੋਟੀਆਂ ਦੇ ਮਿਹਣੇ ਮਾਰ ਦਿੰਨੀਂ ਐਂ।"

**ਅ**ਸੀਂ ਆਪਣੇ ਰਿਸ਼ਤੇਦਾਰਾਂ ਦੀ ਸ਼ਾਦੀ 'ਚ ਕਰਾਚੀ ਚਲੇ ਗਏ ਤੇ ਪੰਦਰਾਂ ਦਿਨ ਉੱਥੇ ਰਹੇ। ਜਿਸ ਦਿਨ ਵਾਪਸ ਆਏ ਉਸ ਤੋਂ ਅਗਲੇ ਦਿਨ ਮੈਂ ਤੇ ਅੰਮੀ ਮਠਿਆਈ ਲੈ ਕੇ ਜੀਜੀ ਕੋਲ ਗਏ। ਜੀਜੀ ਮੰਜੇ ਉੱਤੇ ਪਈ ਸੀ ਤੇ ਜਾਤਲ ਰੋਟੀਆਂ ਪਕਾ ਰਹੀ ਸੀ। ਅੰਮੀ ਨੇ ਜਾਤਲ ਨੂੰ ਪੁੱਛਿਆ, "ਕਿਓਂ ਭੈਣ ਖ਼ੈਰੀਅਤ ਤਾਂ ਏ ? ਕਜ਼ੂ ਪਈ ਏ ?"

ਜਾਤਲ ਨੇ ਰੋਟੀ ਥੱਲਦਿਆਂ ਹੋਇਆਂ ਕਿਹਾ, "ਕਜ਼ੂ ਵਿਚਾਰੀ ਨੂੰ ਤਾਂ ਅੱਲ੍ਹਾ ਨੇ ਬਚਾਇਐ। ਮਰਦੀ-ਮਰਦੀ ਬਚੀ ਐ।"

ਅੰਮਾ ਨੇ ਕਿਹਾ, "ਕੀ ਹੋਇਆ ?"

ਮਾਸੀ ਜਾਤਲ ਨੇ ਕਿਹਾ, "ਬੈਠੀ ਬੈਠੀ ਨੂੰ ਅਚਾਨਕ ਦੌਰਾ ਪੈ ਗਿਆ। ਵਿਚਾਰੇ ਮਾਂ-ਪੁੱਤ ਢਾਡੇ ਪ੍ਰੇਸ਼ਾਨ ਹੋ ਗਏ। ਮੈਨੂੰ ਬੁਲਾ ਲਿਆ। ਡਾਕਟਰ ਨੂੰ ਬੁਲਾਇਆ। ਦੁਆਈਆਂ ਵਗ਼ੈਰਾ ਦਿੱਤੀਆਂ। ਫੇਰ ਭਰਾ ਜਾ ਕੇ ਅਬਦੁੱਲਾ ਨੂੰ ਬੁਲਾ ਕੇ ਲੈ ਆਇਆ। ਜਿਸ ਨੇ ਪੂਰੀ-ਪੂਰੀ ਰਾਤ ਪੜ੍ਹ ਕੇ ਦਮ ਕੀਤਾ ਤਾਂ ਜਾ ਕੇ ਕਿਤੇ ਤੀਜੇ ਦਿਨ ਮੋੜ ਪਿਆ। ਵਿਚਾਰੇ ਅਬਦੁੱਲਾ ਨੂੰ ਆਫ਼ਰੀਨ ਏਂ, ਵਰਨਾ ਕਜ਼ੂ ਤਾਂ ਅੱਲ੍ਹਾ ਨੂੰ ਪਿਆਰੀ ਹੋ ਚੁੱਕੀ ਸੀ।"

ਜੀਜੀ ਪੂਰਾ ਮਹੀਨਾ ਮੰਜੇ 'ਤੇ ਪਈ ਰਹੀ। ਅੱਲ੍ਹਾ-ਅੱਲ੍ਹਾ ਕਰਕੇ ਇਕ ਮਹੀਨੇ ਬਾਅਦ ਜਾ ਕੇ ਸਿਰ ਚੁੱਕਿਆ। ਫੇਰ ਵੀ ਮਾਮਾ ਪੂਰਾ ਮਹੀਨਾ ਅਬਦੁੱਲਾ ਤੋਂ ਪਾਣੀ ਕਰਵਾ ਕੇ ਪਿਆਉਂਦਾ ਰਿਹਾ ਤਾਂ ਜਾ ਕੇ ਚੱਲਣ-ਫਿਰਨ ਦੇ ਕਾਬਲ ਹੋਈ।

ਚਾਚਾ ਅਬਦੁੱਲਾ ਸਾਡੇ ਮੁਹੱਲੇ 'ਚ ਰਹਿੰਦਾ ਸੀ। ਪਹਿਲਾਂ ਉਸ ਘਰ ਵਿਚ ਜਿਹੜਾ ਰਹਿੰਦਾ ਸੀ, ਉਹ ਸਾਨੂੰ ਬਿਲਕੁਲ ਪਸੰਦ ਨਹੀਂ ਸੀ। ਹਰ ਵੇਲੇ ਮੂੰਹ ਸੁਜਾਈ ਰੱਖਦਾ ਸੀ। ਮੈਂ ਤੇ ਜ਼ਬੀ ਕਦੇ-ਕਦਾਰ ਤਾਕੀ ਵਿਚੋਂ ਅੰਦਰ ਵੱਲ ਦੇਖ ਲੈਂਦੇ ਤਾਂ ਉੱਚੀ ਸਾਰੀ ਚੀਕਦਾ, "ਕੁੜੀਓ, ਮੁਰਦਾਰੋ, ਦੌੜ ਜਾਓ ਏਥੋਂ।" ਇਸ ਲਈ ਅਸੀਂ ਉਸਨੂੰ ਰਾਹ ਵਿਚ ਦੇਖਦੇ ਸਾਂ ਤਾਂ ਉਸਦੀਆਂ ਨਕਲਾਂ ਲਾਹੁੰਦੇ ਹੁੰਦੇ ਸਾਂ। ਉਸ ਵਰਗੀ ਆਵਾਜ਼ ਬਣਾ ਕੇ ਕਹਿੰਦੇ, "ਕੁੜੀਓ, ਮੁਰਦਾਰੋ, ਦੌੜ ਜਾਓ ਏਥੋਂ।" ਉਹ ਇਹ ਸੁਣਦਿਆਂ ਹੀ ਸਾਡੇ ਪਿੱਛੇ ਪੈ ਜਾਂਦਾ ਸੀ ਪਰ ਅਸੀਂ ਭੱਜ ਜਾਦੇ ਸਾਂ। ਚਾਚਾ ਅਬਦੁੱਲਾ ਕਿਸੇ ਨਾਲ ਨਹੀਂ ਸੀ ਲੜਦਾ। ਮੈਨੂੰ ਰਸਤੇ 'ਚ ਮਿਲਦਾ ਤਾਂ ਕਹਿੰਦਾ, "ਆਪਣੇ ਅੱਬਾ ਨੂੰ ਕਹੀਂ ਅੱਜ ਕਰਾਚੀਓਂ ਮੌਲਵੀ ਸਾਹਬ ਤਸ਼ਰੀਫ਼ ਲਿਆ ਰਹੇ ਨੇ, ਨਮਾਜ਼ ਪੜ੍ਹਨ ਲਈ ਜਲਦੀ ਆਉਣ।" ਜਾਂ ਫੇਰ ਕਹਿੰਦਾ, "ਫ਼ਜਰ ਦੀ ਨਮਾਜ਼ 'ਚ ਤੇਰੇ ਅੱਬਾ ਕਿਓਂ ਨਈਂ ਆਏ ? ਤਬੀਅਤ ਤਾਂ ਠੀਕ ਏ ਨਾ ?" ਅਸੀਂ ਗੁਡੀਆ ਦੀ ਸ਼ਾਦੀ ਕਰਦੇ ਤਾਂ ਹੱਸ ਕੇ ਕਹਿੰਦਾ, "ਗੁਡੀਆ ਦੇ ਨਿਕਾਹ ਲਈ ਮੌਲਵੀ ਨੂੰ ਲੈ ਕੇ ਨਈਂ ਜਾਓਗੇ ਕਿ ?"

ਉਸਦੀ ਬੀਵੀ ਬੇਕਾਰ ਤੇ ਝਗੜਾਲੂ ਔਰਤ ਸੀ। ਮਾਸੀ ਜਾਤਲ ਕਦੀ-ਕਦੀ ਕਹਿੰਦੀ ਸੀ, "ਖ਼ੁਦਾ ਦੀ ਕੁਦਰਤ ਦੇਖੋ ਕਿ ਅਬਦੁੱਲਾ ਕਿੰਨਾ ਚੰਗਾ ਤੇ ਖ਼ੂਬਸੂਰਤ ਮੋਰ

ਵਰਗਾ ਐ ਤੇ ਬੀਵੀ ਕੇਹੀ ਬੇਕਾਰ ਤੇ ਬਦਸ਼ਕਲ ਮਿਲੀ ਏ। ਸਾਰਾ ਦਿਨ ਘਰੇ ਅੱਗ ਮਚਾਈ ਰੱਖਦੀ ਐ। ਅਬਦੁੱਲਾ ਵਿਚਾਰਾ ਸਾਰਾ ਦਿਨ ਬੀਵੀ ਦੀਆਂ ਪੁੱਠੀਆਂ-ਸਿੱਧੀਆਂ ਸੁਣਦਾ ਰਹਿੰਦਾ ਏ। ਕਦੇ ਕੁਛ ਕਹਿੰਦਾ ਈ ਨਈਂ। ਕੋਈ ਹੋਰ ਮਰਦ ਹੁੰਦਾ ਤਾਂ ਉਸਨੂੰ ਪਤਾ ਲੱਗ ਜਾਂਦਾ।"

ਦੁਪਹਿਰ ਨੂੰ ਅੰਮੀ ਦੀ ਸਲਵਾਰ ਲੈ ਕੇ ਮੈਂ ਤੇ ਅੰਮੀ ਜੀਜੀ ਦੇ ਘਰ ਗਏ। ਜੀਜੀ ਕੋਠੜੀ ਦੇ ਬੂਹੇ 'ਚ ਖੜ੍ਹੀ ਸੀ ਤੇ ਚਾਚੇ ਅਬਦੁੱਲਾ ਨਾਲ ਗੱਲਾਂ ਕਰ ਰਹੀ ਸੀ। ਸਾਨੂੰ ਦੇਖ ਕੇ ਕੁਝ ਘਬਰਾ-ਜਿਹੀ ਗਈ। ਫੇਰ ਅੰਮੀ ਨੂੰ ਕਹਿਣ ਲੱਗੀ, "ਭੈਣ ਆ, ਖ਼ੁਸ਼-ਆਮਦੀਦ।" ਅੰਮੀ ਹੱਸਦੀ ਹੋਈ ਵਿਹੜੇ 'ਚ ਆ ਕੇ ਬੈਠ ਗਈ। ਜੀਜੀ ਮਸ਼ੀਨ ਕੋਲ ਜਾ ਕੇ ਬੈਠ ਗਈ। ਨਾਨੀ ਪਈ ਪਈ ਬੁੜਬੁੜ ਕਰ ਰਹੀ ਸੀ,

ਮੈਂ ਕਿਹਾ, "ਪਾਣੀ ਚਾਹੀਦੈ ਕਿ ?"

"ਨਈਂ, ਨਈਂ।"

ਮੈਂ ਪੁੱਛਿਆ, "ਜੀਜੀ ਨਾਨੀ ਕੀ ਕਹਿ ਰਹੀ ਏ ?"

ਜੀਜੀ ਨੇ ਕਿਹਾ, "ਇਸਦੀ ਤਾਂ ਮੱਤ ਮਾਰੀ ਗਈ ਏ। ਸਾਰਾ ਦਿਨ ਐਵੇਂ ਈ ਬੁੜਬੁੜ ਕਰਦੀ ਰਹਿੰਦੀ ਏ, ਮੇਰਾ ਲਹੂ ਪੀਤਾ ਹੋਇਐ—ਨਾ ਮਰਦੀ ਐ, ਨਾ ਮੰਜੀ ਛੱਡਦੀ ਐ।"

ਇਹ ਸੁਣ ਕੇ ਅੰਮੀ ਨੇ ਜੀਜੀ ਨੂੰ ਕਿਹਾ, "ਕਜ਼ੂ ਭੈਣ, ਮਾਂ ਦਾ ਦਿਲ ਦੁਖਾਉਣਾ ਬੜੀ ਬੁਰੀ ਗੱਲ ਏ। ਮਾਂ ਫੇਰ ਮਾਂ ਏ ਭਾਵੇਂ ਕਿਹੋ-ਜਿਹੀ ਕਿਓਂ ਨਾ ਹੋਏ।"

ਜੀਜੀ ਨੇ ਜਵਾਬ ਵਿਚ ਕਿਹਾ, "ਭੈਣ ਹੁਣ ਤੂੰ ਈ ਇਨਸਾਫ਼ ਕਰ। ਦੇਖ ਤਾਂ ਕੋਈ ਆਦਮੀ ਜਦੋਂ ਵੀ ਕੱਪੜੇ ਸਿਵਾਉਣ ਲਈ ਆਉਂਦਾ ਏ ਤਾਂ ਅੰਮਾ ਦੇ ਅੱਗ ਲੱਗ ਜਾਂਦੀ ਏ। ਇਕ ਤਾਂ ਏਨੀ ਮਿਹਨਤ ਕਰਕੇ ਖੁਆਉਂਦੀ ਆਂ ਉਪਰੋਂ ਏਹਨਾਂ ਦੀ ਦਿਨ ਰਾਤ ਦੀ ਟਰ-ਟਰ ਸੁਣਦੀ ਆਂ। ਵੱਡੀ ਧੀ ਦੀ ਸ਼ਾਨ ਨਾਲ ਸ਼ਾਦੀ ਕਰਵਾ ਦਿੱਤੀ, ਮੇਰੇ ਤੇ ਆਪਣੇ ਪੁੱਤਰ ਲਈ ਜੋ ਕੁਛ ਕੀਤਾ ਉਹ ਤੇਰੇ ਸਾਹਮਣੇ ਐ। ਸਾਨੂੰ ਬੈਠਾ ਲਿਆ।" ਇਹ ਕਹਿੰਦਿਆਂ-ਕਹਿੰਦਿਆਂ ਜੀਜੀ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਤੇ ਫੇਰ ਉਹ ਉੱਚੀ-ਉੱਚੀ ਰੋਣ ਲੱਗ ਪਈ। ਅੰਮੀ ਉਸਦੀ ਬਾਂਹ ਫੜ ਕੇ ਸਮਝਾਉਣ ਲੱਗੀ।

ਮੈਂ ਘਬਰਾ ਕੇ ਅੰਮੀ ਨੂੰ ਪੁੱਛਿਆ, "ਅੰਮੀ ਫੇਰ ਮਾਮਾ, ਜੀਜੀ ਦੀ ਸ਼ਾਦੀ ਕਿਓਂ ਨਈਂ ਕਰ ਦਿੰਦਾ ?"

ਅੰਮੀ ਨੇ ਦੱਸਿਆ, "ਬੇਟਾ ਮਾਮੇ ਦੀ ਵੀ ਸ਼ਾਦੀ ਹੋ ਚੁੱਕੀ ਏ ਤੇ ਜੀਜੀ ਵੀ ਵਿਆਹੀ ਹੋਈ ਏ।"

"ਅੰਮੀ ਫੇਰ ਜੀਜੀ ਆਪਣੇ ਘਰ ਕਿਓਂ ਨਈਂ ਚਲੀ ਜਾਂਦੀ ?"

"ਬੇਟਾ ਇਹ ਵੱਟੇ ਦੇ ਰਿਸ਼ਤੇ ਨੇ ਜਿਵੇਂ ਤੁਸੀਂ ਗੁੱਡੀਆਂ ਵਟਾ ਕੇ ਸ਼ਾਦੀ ਕਰ ਲੈਂਦੇ ਓ, ਫੇਰ ਕਿਸੇ ਨਾ ਕਿਸੇ ਗੱਲ 'ਤੇ ਗੁੱਸੇ 'ਚ ਆ ਕੇ ਆਪਣੇ ਕੋਲ ਵਾਪਸ ਲੈ ਆਉਂਦੇ ਓ। ਇੰਜ ਈ ਏਹਨਾਂ ਭੈਣ-ਭਾਈ ਨਾਲ ਹੋਈ ਏ।"

"ਅੰਮੀ ਮੇਰੀਆਂ ਗੁੱਡੀਆਂ ਤਾਂ ਗੁੱਸੇ ਦੇ ਬਾਅਦ ਵੀ ਆਪਣੇ ਸ਼ੌਹਰ ਨਾਲ ਆਪਣੇ ਸਹੁਰੇ ਘਰ ਚਲੀਆਂ ਜਾਂਦੀਆਂ ਨੇ। ਫੇਰ ਆਪਣੇ-ਆਪਣੇ ਘਰਾਂ 'ਚ ਰਹਿੰਦੀਆਂ ਨੇ।"



"ਬੇਟਾ ਮਾਮਾ ਬਿਲਕੁਲ ਬੋਲਾ ਏ। ਉਸਦੀ ਬੀਵੀ ਬੜੀ ਖ਼ੂਬਸੂਰਤ ਏ। ਏਨੀ ਖ਼ੂਬਸੂਰਤ ਕਿ ਬਸ ਦੇਖਦੇ ਰਹੋ। ਪਰ ਉਹ ਮਾਮੇ ਕੋਲ ਨਈਂ ਰਹਿੰਦੀ। ਮਾਮੇ ਨੇ ਉਸਦਾ ਬਦਲਾ ਇਹ ਲਿਆ ਕਿ ਜੀਜੀ ਨੂੰ ਆਪਣੇ ਘਰ ਬੈਠਾ ਲਿਆ ਏ। ਉਸਦੇ ਸ਼ੌਹਰ ਕੋਲ ਨਈਂ ਭੇਜਿਆ। ਇਸੇ ਤਰ੍ਹਾਂ ਕਿੰਨੇ ਈ ਸਾਲ ਬੀਤ ਗਏ ਨੇ, ਵਿਚਾਰੀ ਬੈਠੀ-ਬੈਠੀ ਸੜ ਕੇ ਸਵਾਹ ਹੋ ਗਈ ਏ।"

"ਇਸ ਦਾ ਸ਼ੌਹਰ ਇਸਨੂੰ ਖ਼ੁਦ ਲੈਣ ਲਈ ਕਿਉਂ ਨਈਂ ਆਉਂਦਾ ?" ਮੈਂ ਇਤਰਾਜ਼ ਕੀਤਾ।

"ਕਮਲੀਏ, ਘਰਵਾਲਾ ਵਿਚਾਰਾ ਤਾਂ ਇਸਨੂੰ ਲੈ ਜਾਣਾ ਚਾਹੁੰਦਾ ਏ, ਪਰ ਮਾਮਾ ਇਸਨੂੰ ਜਾਣ ਨਈਂ ਦੇਂਦਾ।"

**ਇ**ਕ ਦਿਨ ਮੁਹੱਲੇ ਵਿਚ ਵਡੇਰੇ ਨੇ ਦਾਅਵਤ ਕੀਤੀ। ਸਾਨੂੰ ਤੇ ਜੀਜੀ ਨੂੰ ਵੀ ਸੱਦਾ ਆਇਆ। ਰਾਤ ਦੇ ਅੱਠ ਵਜੇ ਮੈਂ ਤੇ ਅੰਮੀ ਜੀਜੀ ਨਾਲ ਦਾਅਵਤ 'ਚ ਗਏ। ਕੋਈ ਇਕ ਘੰਟਾ ਬੈਠੇ ਹੋਵਾਂਗੇ ਕਿ ਜੀਜੀ ਅੰਮੀ ਨੂੰ ਇਸ਼ਾਰਾ ਕਰਦੀ ਹੋਈ ਉੱਠੀ। ਅਸੀਂ ਔਰਤਾਂ ਵਿਚਕਾਰੋਂ ਨਿਕਲ ਆਈਆਂ। ਜਦੋਂ ਅਸੀਂ ਗਲੀ ਦੇ ਨੇੜੇ ਪਹੁੰਚੀਆਂ ਤਾਂ ਜੀਜੀ ਨੇ ਅੰਮੀ ਨੂੰ ਕਿਹਾ, "ਤੁਸੀਂ ਚੱਲੋ, ਮੈਂ ਜ਼ਰਾ ਅਬਦੁੱਲਾ ਦੀ ਬੀਵੀ ਨੂੰ ਮਿਲ ਕੇ ਆਉਂਦੀ ਆਂ।"

ਮੈਂ ਅੰਮੀ ਨੂੰ ਪੁੱਛਿਆ, "ਚਾਚੇ ਦੀ ਘਰਵਾਲੀ ਤਾਂ ਕਦੀ ਜੀਜੀ ਨੂੰ ਮਿਲਣ ਲਈ ਉਸਦੇ ਘਰ ਨਈਂ ਆਉਂਦੀ।"

ਅੰਮੀ ਨੇ ਕਿਹਾ, "ਬੇਟਾ ਕੋਈ ਜ਼ਰੂਰੀ ਕੰਮ ਹੋਏਗਾ, ਤਦੇ ਤਾਂ ਓਥੇ ਗਈ ਏ।"

"ਪਰ ਅੰਮੀ ਮੈਨੂੰ ਪੱਕੀ ਤਰ੍ਹਾਂ ਪਤਾ ਏ ਕਿ ਅੱਜ ਅਬਦੁੱਲਾ ਦੀ ਘਰਵਾਲੀ ਘਰੇ ਨਈਂ ਏ। ਉਹ ਤਾਂ ਆਪਣੇ ਰਿਸ਼ਤੇਦਾਰਾਂ ਦੇ ਗਈ ਹੋਈ ਏ।"

ਅੰਮੀ ਨੇ ਹਿਰਖ ਕੇ ਮੈਨੂੰ ਝਿੜਕਦਿਆਂ ਹੋਇਆਂ ਕਿਹਾ, "ਕੁੜੀਏ ਚੁੱਪ ਹੋ ਜਾ। ਫ਼ਜ਼ੂਲ ਗੱਲਾਂ ਕਰਨ ਦੀ ਤੈਨੂੰ ਆਦਤ-ਜਿਹੀ ਹੋ ਗਈ ਏ।"

ਇਸ ਪਿੱਛੋਂ ਅਬਦੁੱਲਾ ਦੀ ਬੀਵੀ ਤੇ ਜੀਜੀ ਇਕ ਦੂਜੇ ਕੋਲ ਆਉਂਦੀਆਂ-ਜਾਂਦੀਆਂ ਰਹੀਆਂ। ਜੀਜੀ ਉਸ ਤੋਂ ਕੱਪੜਿਆਂ ਦੀ ਸੁਆਈ ਦੇ ਪੈਸੇ ਵੀ ਨਹੀਂ ਸੀ ਲੈਂਦੀ। ਕਹਿੰਦੀ ਸੀ, ਮੇਰੀ ਬਿਮਾਰੀ ਦੇ ਦਿਨਾਂ ਵਿਚ ਉਹਨਾਂ ਲੋਕਾਂ ਮੇਰੇ 'ਤੇ ਬੜੇ ਅਹਿਸਾਨ ਕੀਤੇ ਨੇ। ਜਦੋਂ ਕਦੀ ਜੀਜੀ ਕੋਈ ਖ਼ਾਸ ਚੀਜ਼ ਬਣਾਉਂਦੀ ਤਾਂ ਅਬਦੁੱਲਾ ਦੀ ਬੀਵੀ ਨੂੰ ਜ਼ਰੂਰ ਭੇਜਦੀ।

**ਇ**ਕ ਦਿਨ ਨਾਨੀ ਮਰ ਗਈ। ਘਰ ਵਿਚ ਰੋਣਾ-ਪਿੱਟਣਾ ਸ਼ੁਰੂ ਹੋ ਗਿਆ। ਜੀਜੀ ਦੀ ਭੈਣ ਤੇ ਆਂਢ-ਗੁਆਂਢ ਦੀਆਂ ਔਰਤਾਂ ਆਈਆਂ। ਫੇਰ ਕਈ ਦਿਨ ਤਕ ਔਰਤਾਂ ਫ਼ਾਤਹਾ ਪੜ੍ਹਨ ਲਈ ਆਉਂਦੀਆਂ ਰਹੀਆਂ। ਜੀਜੀ ਵਾਰੀ-ਵਾਰੀ ਨਾਨੀ ਨੂੰ ਯਾਦ ਕਰਕੇ ਰੋਂਦੀ ਰਹੀ। ਚਾਚੇ ਅਬਦੁੱਲਾ ਨੂੰ ਵੀ ਬੜਾ ਦੁੱਖ ਹੋਇਆ। ਉਹ ਸਵੇਰੇ-ਸ਼ਾਮ ਜੀਜੀ ਨੂੰ ਤਸੱਲੀ ਦੇਣ ਲਈ ਆ ਜਾਂਦਾ ਸੀ।

ਇਕ ਦਿਨ ਮੈਂ ਤੇ ਅੰਮੀ ਜੀਜੀ ਦੇ ਘਰ ਆਈਆਂ ਤਾਂ ਜੀਜੀ ਵੱਡੀ ਕੋਠੜੀ ਦੀ

ਕੰਧ ਢੁਆ ਰਹੀ ਸੀ। ਅੰਮੀ ਨੇ ਪੁੱਛਿਆ, "ਕਿਉਂ ਢੁਆ ਰਹੀ ਏਂ?" ਉਸਨੇ ਜਵਾਬ ਵਿਚ ਕਿਹਾ, "ਭੈਣ ਮੈਂ ਇਕੱਲੀ ਆਂ, ਜੀਅ ਬੜਾ ਘਬਰਾਉਂਦਾ ਏ, ਅੱਜ ਕੱਲ੍ਹ ਭਰਾ ਵੀ ਕੰਮ 'ਤੇ ਗਿਆ ਹੋਇਆ ਏ। ਅਬਦੁੱਲਾ ਦੀ ਬੀਵੀ ਨੇ ਕਿਹਾ ਏ, ਕੰਧ 'ਚ ਤਾਕੀ ਬਣਵਾ ਲੈ। ਇਕ ਦੂਜੇ ਨਾਲ ਗੱਲਬਾਤ ਤਾਂ ਕਰ ਸਕਾਂਗੇ।"

ਅੰਮੀ ਨੇ ਕਿਹਾ, "ਭਰਾ ਤੋਂ ਵੀ ਪੁੱਛ ਲਿਆ ਏ ਕਿ? ਇੰਜ ਨਾ ਹੋਏ ਕਿ ਉਹ ਆ ਕੇ ਤੇਰੇ ਨਾਲ ਲੜੇ।"

ਜੀਜੀ ਕਹਿਣ ਲੱਗੀ, "ਹਾਂ ਭੈਣ, ਉਸ ਤੋਂ ਇਜਾਜ਼ਤ ਲੈ ਲਈ ਏ ਵਰਨਾ ਮੈਂ ਆਪਣੀ ਕਿੰਜ ਚਲਾਉਂਦੀ।" ਜੀਜੀ ਦੀ ਇਸ ਗੱਲ 'ਤੇ ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ। ਸਵੇਰ ਹੁੰਦਿਆਂ ਹੀ ਅੱਬੂ ਦੇ ਜਾਣ ਪਿੱਛੋਂ ਮੈਂ ਪੌੜੀ 'ਤੇ ਚੜ੍ਹ ਕੇ ਜੀਜੀ ਨੂੰ ਪੁੱਛਿਆ, "ਜੀਜੀ ਤਾਕੀ ਬਣ ਗਈ?"

ਜੀਜੀ ਨੇ ਦੱਸਿਆ, "ਹਾਂ ਮਮੜੀ ਬਾਰੀ ਰਾਤ ਨੂੰ ਈ ਲਾ ਦਿੱਤੀ ਸੀ।"

ਮੈਂ ਦੌੜ ਕੇ ਹੇਠਾਂ ਆਈ, ਅੰਮੀ ਨੂੰ ਇਹ ਗੱਲ ਦੱਸੀ। "ਅੰਮੀ ਜੀਜੀ ਕੇ ਘਰ ਤਾਕੀ ਬਣ ਗਈ ਐ।"

ਅੰਮੀ ਨੇ ਕਿਹਾ, "ਹਾਂ ਬੇਟਾ, ਹੁਣ ਜੀਜੀ ਦਾ ਦਿਲ ਨਈਂ ਘਬਰਾਏਗਾ।"

ਫੇਰ ਜ਼ਬੀ ਆਈ। ਕਹਿਣ ਲੱਗੀ, "ਭੈਣ ਤੇਰੀਆਂ ਗੁੱਡੀਆਂ ਨੂੰ ਮੇਰੀਆਂ ਗੁੱਡੀਆਂ ਦਾਅਵਤ ਦੇਣ ਆਈਐਂ। ਕੱਲ੍ਹ ਮੰਗਣੀ, ਪਰਸੋਂ ਗੀਤ, ਪੰਦਰ੍ਹਵੀਂ ਨੂੰ ਮਹਿੰਦੀ ਤੇ ਸੋਲਾਂ ਤਾਰੀਖ਼ ਦੀ ਰਾਤ ਨੂੰ ਸ਼ਾਦੀ ਹੋਏਗੀ।"

ਮੈਂ ਆਪਣੀਆਂ ਗੁੱਡੀਆਂ ਦੀ ਤਿਆਰੀ ਵਿਚ ਲੱਗ ਗਈ।

ਜੀਜੀ ਦੀ ਆਵਾਜ਼ ਬੜੀ ਸੁਰੀਲੀ ਸੀ। ਉਸਨੂੰ ਸ਼ਾਹ ਲਤੀਫ਼ ਦੇ ਬਹੁਤ ਸਾਰੇ ਕਲਾਮ ਜ਼ਬਾਨੀ ਯਾਦ ਸਨ, ਕਦੀ-ਕਦੀ ਉਹ ਗੁਣਗੁਣਾਉਂਦੀ ਵੀ ਹੁੰਦੀ ਸੀ। ਮੈਂ ਬੈਠ ਕੇ ਸੁਣਦੀ ਸੀ। ਉਸਨੂੰ ਸ਼ਾਹ ਦਾ ਕਲਾਮ ਬੜਾ ਪਸੰਦ ਸੀ, ਅਜਿਹਾ ਕਲਾਮ ਜਿਸ ਵਿਚ ਦਰਦ ਹੁੰਦਾ ਸੀ। ਕਦੀ-ਕਦੀ ਉਹ ਮੈਨੂੰ ਵੀ ਕਹਿੰਦੀ ਕਿ ਫ਼ਲਾਨੀ ਕਾਫ਼ੀ ਗਾ ਕੇ ਸੁਣਾ...ਫੇਰ ਖ਼ੁਦ ਈ ਸ਼ਾਹ ਦਾ ਦਰਦ ਭਰਿਆ ਕਲਾਮ ਗੁਣਗੁਣਾਉਣ ਲੱਗਦੀ ਸੀ।

ਇਕ ਦਿਨ ਸ਼ਾਮ ਨੂੰ ਹਲਕੀ-ਹਲਕੀ ਬੂੰਦਾ-ਬਾਂਦੀ ਹੋਈ ਸੀ। ਠੰਢੀ ਠੰਢੀ ਹਵਾ ਚੱਲ ਰਹੀ ਸੀ। ਜੀਜੀ ਸਾਡੇ ਘਰ ਸੀ। ਅਸੀਂ ਤਿੰਨੇ ਵਿਹੜੇ 'ਚ ਬੈਠੀਆਂ ਸਾਂ ਤੇ ਬੱਦਲਾਂ ਦਾ ਤਮਾਸ਼ਾ ਦੇਖ ਰਹੀਆਂ ਸਾਂ। ਜੀਜੀ ਨੇ ਕਿਹਾ, "ਆਸ਼ੋ, ਉਹ ਕਾਫ਼ੀ ਤਾਂ ਸੁਣਾ।" ਉਸਨੇ ਕਾਫ਼ੀ ਦੇ ਪਹਿਲੇ ਬੋਲ ਦੱਸੇ।

ਮੈਂ ਕਿਹਾ, "ਨਈਂ ਅੱਜ ਤਾਂ ਕੋਈ ਹੋਰ ਕਾਫ਼ੀ ਸੁਣਾਓ।" ਜੀਜੀ ਨੇ ਫੇਰ ਇਕ ਕਾਫ਼ੀ ਸੁਣਾਈ। ਮੈਂ ਇਹ ਕਾਫ਼ੀ ਪਹਿਲਾਂ ਕਦੀ ਨਹੀਂ ਸੁਣੀ ਸੀ। ਇਹ ਕਾਫ਼ੀ ਜੀਜੀ ਨੇ ਮੌਜ ਵਿਚ ਆ ਕੇ ਕਾਫ਼ੀ ਸੁਰੀਲੀ ਆਵਾਜ਼ ਵਿਚ ਸੁਣਾਈ। ਮੈਂ ਪਹਿਲਾਂ ਉਸਨੂੰ ਕਦੀ ਇਸ ਅੰਦਾਜ਼ ਵਿਚ ਗਾਉਂਦਿਆਂ ਨਹੀਂ ਸੁਣਿਆ ਸੀ। ਮੈਂ ਸੋਚਿਆ ਜੇ ਜ਼ੇਬੀ ਇਸ ਵੇਲੇ ਇੱਥੇ ਹੁੰਦੀ ਤਾਂ ਝੂੰਮਰ ਨੱਚਦੀ। ਜੀਜੀ ਦੀਆਂ ਅੱਖਾਂ ਚਮਕ ਰਹੀਆਂ ਸਨ। ਉਸਦੇ ਖ਼ੂਬਸੂਰਤ ਚਿਹਰੇ ਉੱਤੇ ਹੋਰ ਰੌਣਕ ਆ ਗਈ ਸੀ। ਦਿਲ ਹੀ ਦਿਲ ਵਿਚ ਪਤਾ ਨਹੀਂ ਕੀ-ਕੀ ਸੋਚਦੀ ਰਹੀ। ਜੀਜੀ ਦੀਆਂ ਗੱਲਾਂ 'ਤੇ ਅੱਥਰੂ ਡਲ੍ਹਕ ਆਏ ਸਨ। ਫੇਰ ਉਸਨੇ ਦੂਜੀ ਕਾਫ਼ੀ



ਗਾਈ। ਮੇਰੇ ਦਿਲ ਵਿਚ ਕਦੀ ਏਨੇ ਜਜ਼ਬਾਤ ਨਹੀਂ ਉੱਠੇ ਸੀ। ਮੇਰਾ ਗੱਚ ਭਰ ਆਇਆ ਤੇ ਮੈਂ ਆਪਣਾ ਮੂੰਹ ਦੂਜੇ ਪਾਸੇ ਭੁਆਂ ਕੇ ਅੱਥਰੂ ਪੂੰਝ ਲਏ।

ਪੰਦਰਾਂ ਵੀਹ ਦਿਨ ਅਸੀਂ ਦੀਦੀ ਕੇ ਘਰ ਨਹੀਂ ਜਾ ਸਕੇ। ਅੰਮੀ ਤੇ ਅੱਬੂ ਘਰ ਦੀ ਮੁਰੰਮਤ ਕਰਵਾ ਰਹੇ ਸੀ। ਮੇਰੇ ਤੇ ਭਰਾ ਦੇ ਹੱਥ ਮਿੱਟੀ 'ਚ ਸਨ। ਇਕ ਦਿਨ ਅੰਮੀ ਮਿੱਟੀ 'ਚ ਰੀਣ ਰਲਾ ਰਹੀ ਸੀ ਤਾਂ ਮਾਸੀ ਰਹੀਮਨ ਨੇ ਦਰਵਾਜ਼ੇ 'ਚੋਂ ਹੀ ਕਿਹਾ, "ਬੱਚੋ ਏਧਰ ਤਾਂ ਆ।"

ਅੰਮੀ ਨੇ ਮਿੱਟੀ ਭਰੇ ਹੱਥ ਸਾਫ਼ ਕੀਤੇ ਤੇ ਜਾ ਕੇ ਮਾਸੀ ਨਾਲ ਗੱਲਾਂ ਕਰਨ ਲੱਗੀ। ਮੈਂ ਉਹਨਾਂ ਦੀ ਘੁਸਰ-ਫੁਸਰ ਨਹੀਂ ਸੁਣੀ, ਬਸ ਏਨਾ ਸੁਣਿਆ ਅੰਮੀ ਕਹਿ ਰਹੀ ਸੀ, "ਤੂੰ ਚੱਲ ਮੈਂ ਆਉਂਦੀ ਆਂ।"

ਮਾਸੀ ਚਲੀ ਗਈ ਤਾਂ ਅੰਮੀ ਨੇ ਆ ਕੇ ਅੱਬੂ ਨੂੰ ਕਿਹਾ, "ਜਾਨੀ ਭੈਣ ਕਜ਼ੂ ਦੀ ਤਬੀਅਤ ਖ਼ਰਾਬ ਹੋ ਗਈ ਏ। ਮੈਂ ਉਸਨੂੰ ਦੇਖ ਕੇ ਹੁਣੇ ਆਉਂਦੀ ਆਂ।" ਇਹ ਕਹਿ ਕੇ ਅੰਮੀ ਨੇ ਚੰਗੀ ਤਰ੍ਹਾਂ ਹੱਥ ਧੋਤੇ। ਮੈਨੂੰ ਨਾਲ ਲੈ ਕੇ ਜੀਜੀ ਦੇ ਘਰ ਆਈ। ਜੀਜੀ ਵਿਹੜੇ ਵਾਲੀ ਹੌਦੀ ਵਿਚ ਉਲਟੀਆਂ ਕਰ ਰਹੀ ਸੀ। ਅੰਮੀ ਨੇ ਉਸਦੀ ਪਿੱਠ 'ਤੇ ਹੱਥ ਰੱਖਿਆ। ਮਾਸੀ ਰਹੀਮਨ ਵੀ ਖੜ੍ਹੀ ਸੀ। ਅੰਮੀ ਨੇ ਕਿਹਾ, "ਅਚਾਨਕ ਇਸਨੂੰ ਇਹ ਕੀ ਹੋ ਗਿਆ ਏ?" ਮਾਸੀ ਰਹੀਮਨ ਨੇ ਕਿਹਾ, "ਚਾਰ ਦਿਨਾਂ ਦੀ ਕਹਿ ਰਹੀ ਸੀ ਕਿ ਜੀਅ ਕੱਚਾ-ਕੱਚਾ ਹੋ ਰਿਹਾ ਏ। ਮੈਂ ਸਮਝਿਆ ਸ਼ਾਇਦ ਉਂਜ ਈ ਕੁਛ ਹੋ ਗਿਆ ਏ। ਮੈਂ ਬੜੀ ਕੋਸ਼ਿਸ਼ ਕੀਤੀ ਪਰ ਕੁਛ ਫ਼ਾਇਦਾ ਨਈਂ ਹੋਇਆ। ਕੱਲ੍ਹ ਦੀ ਦੂਜੀ ਦਵਾਈ ਪੀ ਰਹੀ ਏ। ਜਲੇਖਾ ਛਾਂਗਣ ਨੇ ਇਲਾਜ਼ ਦੱਸਿਆ ਸੀ ਪਰ ਉਸ ਨਾਲ ਕੋਈ ਫ਼ਰਕ ਨਈਂ ਪਿਆ। ਰਾਤੀਂ ਫੇਰ ਜਮਾਲ ਘੋਟੇ ਦਾ ਜੁਲਾਬ ਲਿਆ ਏ, ਹੁਣ ਤਾਂ ਸਵੇਰ ਦੀ ਉਲਟੀਆਂ ਕਰ ਰਹੀ ਏ।" ਅੰਮੀ ਨੇ ਜਿਵੇਂ ਹੀ ਜਮਾਲ ਘੋਟੇ ਦਾ ਨਾਂ ਸੁਣਿਆਂ ਫ਼ੌਰਨ ਆਪਣੇ ਕੋਲੋਂ ਡੇਢ ਰੁਪਿਆ ਦਿੱਤਾ ਤਾਂਕਿ ਉਹ ਦੇਸੀ ਘਿਓ ਖ਼ਰੀਦ ਕੇ ਲੈ ਆਏ। ਮਾਸੀ ਰਹੀਮਨ ਦੇ ਜਾਣ ਪਿੱਛੋਂ ਅੰਮੀ ਨੇ ਜੀਜੀ ਨੂੰ ਮੰਜੀ 'ਤੇ ਪਾ ਦਿੱਤਾ ਤੇ ਕਿਹਾ, "ਕਾਲਾ ਮੂੰਹ, ਮੈਂ ਤੈਨੂੰ ਪਹਿਲਾਂ ਈ ਕਿਹਾ ਸੀ ਕਿ ਸੋਚ-ਸਮਝ ਕੇ ਕਦਮ ਚੁੱਕੀਂ। ਹੁਣ ਵੇਲਾ ਖੁੰਝ ਗਿਆ ਏ।" ਜੀਜੀ ਨੇ ਕੋਈ ਜਵਾਬ ਨਾ ਦਿੱਤਾ।

"ਅਬਦੁੱਲਾ ਨੂੰ ਦੱਸਿਆ ਏ?"

"ਉਸਨੇ ਈ ਤਾਂ ਲਿਆ ਕੇ ਦਿੱਤਾ ਏ। ਇੱਧਰ-ਉੱਧਰ ਦੀਆਂ ਦੁਆਈਆਂ ਨਾਲ ਦਾ ਤਾਂ ਕੋਈ ਅਸਰ ਈ ਨਈਂ ਸੀ ਹੋਇਆ।"

ਅੰਮੀ ਨੇ ਪੁੱਛਿਆ, "ਜਮਾਲ ਘੋਟੇ ਦਾ ਕੋਈ ਫ਼ਾਇਦਾ ਹੋਇਆ?"

ਜੀਜੀ ਨੇ ਕਿਹਾ, "ਹਾਂ ਉਲਟੀਆਂ ਕਰਨ ਨਾਲ ਡਿੱਗ ਪਿਆ...।"

ਏਨੇ ਵਿਚ ਮਾਸੀ ਰਹੀਮਨ ਘਿਓ ਲੈ ਕੇ ਆ ਗਈ। ਜੀਜੀ ਨੂੰ ਪਿਆਇਆ। ਘਿਓ ਪੀਣ ਪਿੱਛੋਂ ਜੀਜੀ ਨੂੰ ਆਰਾਮ ਆ ਗਿਆ। ਅੰਮੀ ਦੋ-ਤਿੰਨ ਦਿਨ ਲਗਾਤਾਰ ਜੀਜੀ ਦਾ ਹਾਲ-ਚਾਲ ਪੁੱਛਣ ਜਾਂਦੀ ਰਹੀ। ਕੁਝ ਦਿਨਾਂ ਬਾਅਦ ਜੀਜੀ ਨੇ ਸੁਖ ਦਾ ਸਾਹ ਲਿਆ। ਇਕ ਮਹੀਨੇ ਦੇ ਅੰਦਰ-ਅੰਦਰ ਉਹ ਬਿਲਕੁਲ ਠੀਕ ਹੋ ਗਈ।

ਜੀਜੀ ਦਾ ਸੁਭਾਅ ਹੁਣ ਪਹਿਲਾਂ ਵਰਗਾ ਨਹੀਂ ਸੀ। ਪਹਿਲਾਂ ਉਹ ਬਿਲਕੁਲ ਸਿੱਧੀ-ਸਾਦੀ, ਵਿਚਾਰੀ ਜਿਹੀ ਲੱਗਦੀ ਸੀ। ਕੋਈ ਕੁਝ ਕਹਿ ਵੀ ਦਿੰਦਾ ਤਾਂ ਚੁੱਪ ਧਾਰ

ਲੈਂਦੀ ਸੀ। ਔਰਤਾਂ ਕੱਪੜਿਆਂ ਦੀ ਸਿਵਾਈ ਲਈ ਤੰਗ ਕਰਦੀਆਂ, ਉਹ ਹਾਂ, ਹਾਂ ਕਰਦੀ ਰਹਿੰਦੀ। ਹੁਣ ਕੋਈ ਜਲਦੀ ਸਿਊਣ ਲਈ ਕਹਿੰਦਾ ਤਾਂ ਗੁੱਸੇ ਵਿਚ ਆ ਕੇ ਕਹਿੰਦੀ ਕਿ ਮੈਂ ਕੋਈ ਮਸ਼ੀਨ ਤਾਂ ਹਾਂ ਨਈਂ, ਸਿਵਾਈ ਨੰਬਰਵਾਰ ਕਰਕੇ ਦਿਆਂਗੀ। ਹਾਸੇ-ਠੱਠੇ ਵਿਚ ਮਜ਼ਾ ਆਉਂਦਾ ਸੀ। ਕਦੀ-ਕਦੀ ਉਹ ਖ਼ੁਦ ਵੀ ਹਾਸਾ-ਮਜ਼ਾਕ ਕਰਨ ਲੱਗਦੀ ਸੀ। ਕਦੀ-ਕਦੀ ਉਸਦੀਆਂ ਅੱਖਾਂ ਵਿਚ ਅੱਥਰੂ ਵੀ ਆ ਜਾਂਦੇ ਸੀ। ਅੰਮੀ ਹੁੰਦੀ ਤਾਂ ਕਹਿੰਦੀ ਸੀ, "ਕਜ਼ੂ ਏਨਾ ਜ਼ਿਆਦਾ ਨਾ ਹੱਸਿਆ ਕਰ—ਜਿਹੜੇ ਜ਼ਿਆਦਾ ਹੱਸਦੇ ਨੇ, ਉਹ ਰੋਂਦੇ ਵੀ ਜ਼ਿਆਦਾ ਨੇ।"

ਜੀਜੀ ਨੱਕ ਉੱਤੇ ਉਂਗਲ ਰੱਖ ਕੇ ਕਹਿੰਦੀ, "ਹੁਣ ਤਾਂ ਕੁਛ ਹੱਸ ਲਈਏ, ਰੋਣ ਲਈ ਤਾਂ ਸਾਰੀ ਉਮਰ ਪਈ ਏ।"

ਇਕ ਦਿਨ ਮੈਂ ਅੰਮੀ ਨਾਲ ਜੀਜੀ ਦੇ ਘਰ ਗਈ। ਜੀਜੀ ਨਹਾ ਕੇ ਕੱਪੜੇ ਬਦਲ ਕੇ ਸ਼ੀਸ਼ਾ ਹੱਥ ਵਿਚ ਫੜੀ ਦੰਦਾਂ 'ਤੇ ਦੰਦਾਸਾ ਮਲ ਰਹੀ ਸੀ। ਅੰਮੀ ਨੇ ਜਾਂਦਿਆਂ ਹੀ ਖੰਘੂਰਾ ਜਿਹਾ ਮਾਰਿਆ, ਜੀਜੀ ਨੇ ਅਚਾਨਕ ਮੁੜ ਕੇ ਦੇਖਿਆ। ਅੰਮੀ ਨੂੰ ਦੇਖਦਿਆਂ ਹੀ ਹੱਸ ਪਈ। ਮੈਂ ਅੰਮੀ ਨੂੰ ਪੁੱਛਿਆ—

"ਅੰਮੀ ਅੱਜ ਤਾਂ ਜੀਜੀ ਦੁਲਹਨ ਲੱਗ ਰਹੀ ਏ।"

"ਹਾਂ ਬੇਟਾ ਜੀਜੀ ਵੀ ਤਾਂ ਦੁਲਹਨ ਏਂ।"

ਮੈਂ ਪੁੱਛਿਆ, "ਜੀਜੀ ਤੁਹਾਡੀ ਉਮਰ ਕਿੰਨੀ ਹੋਏਗੀ ?"

ਜੀਜੀ ਹੱਸਦੀ ਹੋਈ ਬੋਲੀ, "ਮਮੜੀ ਸੱਠ-ਸੱਤਰ ਤਾਂ ਜ਼ਰੂਰ ਹੋਏਗੀ।"

ਮਾਸੀ ਜਾਤਲ ਜਿਹੜੀ ਹੁੱਕਾ ਪੀ ਰਹੀ ਸੀ, ਉਸਨੇ ਅੰਮੀ ਨੂੰ ਕਿਹਾ, "ਵਿਚਾਰੀ ਮੁਸੀਬਤਾਂ ਦੀ ਮਾਰੀ ਏ, ਵਰਨਾ ਕੱਲ੍ਹ ਦੀ ਬੱਚੀ ਏ। ਮੁਸ਼ਕਲ ਨਾਲ ਚੌਵੀ-ਪੱਚੀ ਦੀ ਹੋਏਗੀ। ਜਦੋਂ ਮੇਰੀ ਸ਼ਾਦੀ ਹੋਈ ਸੀ, ਓਦੋਂ ਮੇਰੇ ਖ਼ਿਆਲ 'ਚ ਇਹ ਨੌਂ-ਦਸ ਸਾਲ ਦੀ ਮਸੀਂ ਸੀ।"

ਇਕ ਦਿਨ ਜੀਜੀ ਸਾਡੇ ਘਰ ਆਈ ਤੇ ਅੰਮੀ ਨੂੰ ਕਹਿਣ ਲੱਗੀ—

"ਏਸ ਅਬਦੁੱਲਾ ਦੀ ਕਮੀਨੀ ਬੀਵੀ ਨੇ ਤਾਂ ਸਾਰੀ ਬਸਤੀ 'ਚ ਅੱਗ ਲਾ ਰੱਖੀ ਏ। ਸਾਰਾ ਦਿਨ ਸਿਰ 'ਤੇ ਬੁਰਕਾ ਟੰਗੀ ਘਰ-ਘਰ ਲੋਕਾਂ ਨੂੰ ਕਹਿੰਦੀ ਫਿਰਦੀ ਏ ਕਿ ਮੈਂ ਇਸਦੇ ਭਰਾ ਨੂੰ ਦੱਸਾਂਗੀ। ਕਮੀਨੀ ਕਿਤੋਂ ਦੀ ਆਪਣੇ-ਆਪ ਨੂੰ ਸੱਚੀ-ਸੁੱਚੀ ਸਮਝਦੀ ਏ। ਸਾਰਾ ਦਿਨ ਸਾਲੂ ਮੁਕਰਜੀ ਦੇ ਘਰ ਵੜੀ ਰਹਿੰਦੀ ਏ। ਆਪਣੀ ਪੀੜ੍ਹੀ ਹੇਠ ਸੋਟਾ ਨਈਂ ਮਾਰਦੀ।"

ਅੰਮੀ ਨੇ ਕਿਹਾ, "ਤੂੰ ਵੀ ਤਾਂ ਉਸ ਨਾਲ ਵੈਰ ਪਾਈ ਬੈਠੀ ਏਂ। ਮੈਂ ਸੁਣਿਆਂ ਏ ਕਿ ਤੂੰ ਪਰਸੋਂ ਉਸ ਦੀ ਕੁਟਾਈ ਕਰਵਾ ਦਿੱਤੀ ਸੀ।"

ਜੀਜੀ ਨੇ ਕਿਹਾ, "ਮੇਰੇ ਤਾਂ ਫਰਿਸ਼ਤਿਆਂ ਨੂੰ ਵੀ ਪਤਾ ਨਈਂ। ਸਾਰਾ-ਸਾਰਾ ਦਿਨ ਘਰੇ ਕਲੇਸ਼ ਪਾਈ ਰੱਖਦੀ ਏ। ਜੁੱਤੀਆਂ ਨਈਂ ਖਾਏਗੀ ਤਾਂ ਹੋਰ ਕੀ ਹੋਏਗਾ।"

ਇਕ ਰਾਤ ਅੱਬੂ ਨਮਾਜ਼ ਪੜ੍ਹਨ ਗਏ ਹੋਏ ਸੀ। ਮੈਂ ਦੁੱਧ ਚੌਲ ਖਾ ਕੇ ਸੁੱਤੀ ਪਈ ਸੀ ਕਿ ਚੀਕਾਂ-ਰੌਲੀ ਦੀ ਆਵਾਜ਼ ਸੁਣਾਈ ਦਿੱਤੀ।

ਅੰਮੀ ਨੇ ਕਿਹਾ, "ਕੁੜੀਏ ਛੱਤ 'ਤੇ ਚੜ੍ਹ ਕੇ ਦੇਖ ਤਾਂ, ਕੀ ਹੋਇਆ ਏ ?" ਮੈਂ



ਦੌੜ ਕੇ ਛੱਤ 'ਤੇ ਚੜ੍ਹੀ ਤਾਂ ਦੇਖਿਆ ਮਾਮੇ ਦੇ ਇਕ ਹੱਥ ਵਿਚ ਡੰਡਾ ਹੈ, ਦੂਜੇ ਵਿਚ ਜੀਜੀ ਦੀ ਗੁੱਤ। ਮੈਂ ਉੱਥੋਂ ਹੀ ਜ਼ੋਰ ਨਾਲ ਕੂਕੀ, "ਅੰਮੀ ਜੀਜੀ ਮਾਰ-ਤੀ!"

ਅੰਮੀ ਨੇ ਦੌੜ ਕੇ ਬੁਰਕਾ ਪਾਇਆ ਤੇ ਚਲੀ ਗਈ। ਪਰ ਦਰਵਾਜ਼ਾ ਅੰਦਰੋਂ ਬੰਦ ਸੀ।

ਅੰਮੀ ਘੁੰਮ ਕੇ ਜਾਤਲ ਦੇ ਘਰ ਗਈ। ਜਾਤਲ ਨੇ ਚੀਕ ਸੁਣ ਕੇ ਕੰਧ 'ਤੇ ਚੜ੍ਹ ਕੇ ਅੰਦਰ ਛਾਲ ਮਾਰ ਦਿੱਤੀ। ਉਸਦੇ ਪਿੱਛੇ ਅੰਮੀ ਵੀ ਗਈ। ਅੰਮੀ ਵਿਚਾਲੇ ਖਲੋ ਗਈ ਤੇ ਮਾਮੇ ਨੂੰ ਸਮਝਾਉਣ ਲੱਗੀ, "ਭਰਾ ਇਹ ਤੇਰੇ ਲਈ ਚੰਗਾ ਏ ਕਿ ਜੱਗ ਹਸਾਈ ਨਾ ਕਰ।" ਆਖ਼ਰਕਾਰ ਮਾਮਾ ਬਾਹਰ ਚਲਾ ਗਿਆ ਤੇ ਮਾਸੀ ਉੱਥੇ ਈ ਬੈਠ ਗਈ। ਹਲਦੀ ਤੇ ਤੇਲ ਗਰਮ ਕਰਕੇ ਮਾਲਸ਼ ਕਰਨ ਲੱਗੀ। ਜੀਜੀ ਕਰਾਹੁੰਦੀ ਰਹੀ। ਹੌਂਕੇ ਭਰਦੀ ਰਹੀ। ਮੈਂ ਵੀ ਛੱਤ ਤੋਂ ਚੁੱਪਚਾਪ ਉੱਤਰ ਕੇ ਰੋਣ ਲੱਗ ਪਈ।

ਅੰਮੀ ਨੇ ਜੀਜੀ ਦੀ ਮਾਰ ਦੀ ਗੱਲ ਅੱਬੂ ਨੂੰ ਨਹੀਂ ਦੱਸੀ ਤੇ ਮੈਨੂੰ ਵੀ ਮਨ੍ਹਾਂ ਕਰ ਦਿੱਤਾ। ਮੈਨੂੰ ਜੀਜੀ ਦੇ ਮਾਰ ਪੈਣ ਦਾ ਕਈ ਦਿਨ ਤਕ ਬੜਾ ਦੁੱਖ ਰਿਹਾ। ਪਹਿਲਾਂ ਮੈਂ ਗੁੱਡੀਆਂ ਲਈ ਕਾਤਰਾਂ ਲੈਣ ਲਈ ਬੜੀ ਖਿੱਚ ਕਰਦੀ ਹੁੰਦੀ ਸੀ, ਪਰ ਹੁਣ ਤਾਂ ਮੇਰਾ ਗੁੱਡੀਆਂ ਨੂੰ ਦੇਖਣ ਨੂੰ ਜੀਅ ਵੀ ਨਹੀਂ ਸੀ ਕਰਦਾ। ਮੈਂ ਗੁੱਡੀਆਂ ਲਈ ਕਾਤਰਾਂ ਲੈਣੀਆਂ ਤੇ ਗੁੱਡੀਆਂ ਦੀ ਖੇਡ-ਖੇਡਣੀ ਛੱਡ ਦਿੱਤੀ ਸੀ। ਜਿਹੜੀ ਗੁਡੀਆ ਅਬਦੁੱਲ ਦੀ ਬੀਵੀ ਵਰਗੀ ਸੀ, ਉਸ ਨੂੰ ਕੈਂਚੀ ਨਾਲ ਲੀਰੋ-ਲੀਰ ਕਰਕੇ ਸੁੱਟ ਦਿੱਤਾ ਸੀ। ਕਈ ਦਿਨ ਇੰਜ ਹੀ ਲੰਘ ਗਏ। ਜੀਜੀ ਠੀਕ-ਠਾਕ ਹੋ ਗਈ। ਪਹਿਲਾਂ ਵਾਂਗੂੰ ਹੀ ਫੇਰ ਕੱਪੜੇ ਸਿਊਣ ਲੱਗੀ। ਸਿਰਫ਼ ਮਾਮੇ ਨਾਲ ਗੱਲ ਨਹੀਂ ਕਰਦੀ ਸੀ।

ਜਲਦੀ ਹੀ ਅੱਬੂ ਦੀ ਬਦਲੀ ਮੀਰਪੁਰ ਖਾਸ ਦੀ ਹੋ ਗਈ ਤੇ ਅਸੀਂ ਸਾਰੇ ਉੱਥੇ ਚਲੇ ਗਏ। ਮੈਂ ਜੀਜੀ ਨੂੰ ਬੜਾ ਯਾਦ ਕਰਦੀ ਸੀ। ਚਾਰ-ਪੰਜ ਦਿਨ ਤਾਂ ਰੋਟੀ ਖਾਣ ਨੂੰ ਵੀ ਦਿਲ ਨਹੀਂ ਸੀ ਕੀਤਾ। ਆਪਣੇ ਘਰ ਤੋਂ ਵੀ ਭੈਅ ਆਉਂਦਾ ਰਿਹਾ। ਸਾਰਾ ਦਿਨ ਜੀਜੀ ਦੀਆਂ ਉਦਾਸ ਅੱਖਾਂ ਮੇਰੀਆਂ ਅੱਖਾਂ ਸਾਹਮਣੇ ਘੁੰਮਦੀਆਂ ਰਹਿੰਦੀਆਂ। ਜੀਜੀ ਦੀ ਕੁਟਾਈ ਜਦੋਂ ਵੀ ਯਾਦ ਆਉਂਦੀ, ਮੇਰੀ ਸਾਰੀ ਦੇਹ ਕੰਬਣ ਲੱਗਦੀ। ਅੰਮੀ ਵੀ ਦਿਨ ਵਿਚ ਕਈ-ਕਈ ਵਾਰ ਜੀਜੀ ਦਾ ਜ਼ਿਕਰ ਛੇੜ ਬਹਿੰਦੀ ਸੀ। ਅੱਬੂ ਨੇ ਮੇਰੇ ਲਈ ਮਸ਼ੀਨ ਲਿਆ ਦਿੱਤੀ ਸੀ। ਮੈਂ ਆਪਣੀ ਤੇ ਅੰਮੀ ਦੀ ਸਲਵਾਰ ਖ਼ੁਦ ਸਿਊਂ ਲੈਂਦੀ ਸਾਂ। ਮੈਨੂੰ ਇੰਜ ਲੱਗਦਾ ਸੀ, ਜਿਵੇਂ ਇਹ ਮਸ਼ੀਨ ਜੀਜੀ ਦੀ ਏ।

ਦੋ ਸਾਲ ਬਾਅਦ ਅੱਬੂ ਨੇ ਫੇਰ ਆਪਣੀ ਬਦਲੀ ਹੈਦਰਆਬਾਦ ਦੀ ਕਰਵਾ ਲਈ। ਬਦਲੀ ਦੀ ਗੱਲ ਸੁਣ ਕੇ ਮੈਂ ਬੜੀ ਖ਼ੁਸ਼ ਹੋਈ। ਖ਼ੁਸ਼ੀ ਵਿਚ ਸਾਰੀ ਰਾਤ ਨੀਂਦ ਨਹੀਂ ਆਈ। ਦੂਜੇ ਦਿਨ ਅਸੀਂ ਵਾਪਸ ਹੈਦਰਆਬਾਦ ਆ ਗਏ। ਮੈਂ ਉੱਤਰਦਿਆਂ ਹੀ ਜੀਜੀ ਦੇ ਘਰ ਗਈ। ਜੀਜੀ ਮਸ਼ੀਨ ਚਲਾ ਰਹੀ ਸੀ। ਤਿੰਨ ਕੁੜੀਆਂ ਹੌਲੀ-ਹੌਲੀ ਪੜ੍ਹ ਰਹੀਆਂ ਸਨ। ਜੀਜੀ ਨੇ ਅੱਖਾਂ ਮਲਦਿਆਂ ਹੋਇਆਂ ਕਿਹਾ, "ਮਮੜੀ ਹੁਣ ਤਾਂ ਤੂੰ ਵੱਡੀ ਹੋ ਗਈ ਏਂ ਬਈ।"

ਫੇਰ ਉਹ ਮੈਥੋਂ ਮੀਰਪੁਰ ਖ਼ਾਸ ਬਾਰੇ ਬਹੁਤ ਸਾਰੀਆਂ ਗੱਲਾਂ ਪੁੱਛਦੀ ਰਹੀ। ਮੈਂ ਸਾਰੀਆਂ ਗੱਲਾਂ ਦੱਸ ਦਿੱਤੀਆਂ। ਕਾਫੀ ਦੇਰ ਹੋ ਗਈ ਤਾਂ ਮੈਂ ਕਿਹਾ, "ਹੁਣ ਚੱਲਦੀ ਆਂ, ਫੇਰ ਆਵਾਂਗੀ।"

ਜੀਜੀ ਬੋਲੀ, "ਚਾਹ ਬਣਦੀ ਪਈ ਏ, ਪੀ ਕੇ ਜਾਵੀਂ।" ਮੈਂ ਫੇਰ ਬੈਠ ਗਈ। ਫੇਰ ਗੱਲਾਂ ਸ਼ੁਰੂ ਹੋ ਗਈਆਂ। ਪਿੱਛੋਂ ਕਿਸੇ ਔਰਤ ਨੇ ਚਾਹ ਦਾ ਕੱਪ ਲਿਆ ਕੇ ਰੱਖ ਦਿੱਤਾ। ਮੈਂ ਭੌਂ ਕੇ ਦੇਖਿਆ ਤਾਂ ਭਾਗਲ ਸ਼ੇਰਯਾਨੀ ਸੀ।

"ਬੱਚੂ ਚਾਹ ਸੰਭਾਲ, ਰੁੜ੍ਹ ਜਾਏਗੀ।" ਭਾਗਲ ਨੇ ਬੜੀ ਅਪਣੱਤ ਨਾਲ ਮੈਨੂੰ ਕਿਹਾ। ਪਤਾ ਨਹੀਂ ਕਿਉਂ ਉਸਨੂੰ ਦੇਖ ਕੇ ਖਿਝ ਚੜ੍ਹਨ ਲੱਗ ਪਈ ਸੀ। ਇੰਜ ਲੱਗਦਾ ਸੀ ਜਿਵੇਂ ਸਾਰੇ ਗੰਦੇ ਨੇ—ਭਾਗਲ, ਜੀਜੀ ਦਾ ਘਰਵਾਲਾ ਤੇ ਖ਼ੁਦ ਜੀਜੀ ਵੀ।

ਮੈਂ ਚਾਹ ਦੀਆਂ ਦੋ ਤਿੰਨ ਘੁੱਟਾਂ ਭਰੀਆਂ। ਕੱਪ ਰੱਖ ਕੇ ਉੱਠ ਖੜ੍ਹੀ ਹੋਈ। ਜੀਜੀ ਨੇ ਬੜੇ ਪਿਆਰ ਤੇ ਮੋਹ ਨਾਲ ਕਿਹਾ, "ਮਮੜੀ ਬੈਠ ਤਾਂ ਸਹੀ ਬੜੇ ਦਿਨਾਂ ਬਾਅਦ ਮਿਲੀ ਏਂ...।"

ਜੀਜੀ ਕਹਿ ਕੇ ਚੁੱਪ ਹੋ ਗਈ। ਇਕ ਪਲ ਲਈ ਉਹ ਮੇਰੇ ਚਿਹਰੇ 'ਤੇ ਨਜ਼ਰ ਗੱਡ ਕੇ ਦੇਖਦੀ ਰਹੀ, "ਮਮੜੀ ਤੂੰ ਵੀ ਇਹੀ..." ਉਸਦੀ ਪੀੜ ਪਰੁੱਚੀ ਆਵਾਜ਼ ਸੁਣ ਕੇ ਮੈਂ ਕੰਬ ਗਈ। ਮੈਨੂੰ ਸ਼ਰਮਿੰਦਗੀ ਜਿਹੀ ਮਹਿਸੂਸ ਹੋਈ। ਫੇਰ ਮੈਂ ਉਸਦੇ ਮੂੰਹ ਵੱਲ ਦੇਖਿਆ ਚੰਨ ਵਰਗੀ ਸੂਰਤ, ਜਿਵੇਂ ਹਨੇਰੇ ਵਿਚ ਯਕਦਮ ਚਾਨਣ ਹੋ ਗਿਆ ਹੋਏ। ਉਹ ਰੋਈ ਨਹੀਂ, ਫੇਰ ਵੀ ਇਕ ਅੱਥਰੂ ਪਤਾ ਨਹੀਂ ਕਿੰਜ ਅਛੋਪਲੇ ਹੀ ਚੋਅ ਕੇ ਉਸਦੀ ਕਮੀਜ਼ ਵਿਚ ਛਿਪਣ ਹੋ ਗਿਆ ਤੇ ਜਦੋਂ ਉਸਨੇ ਮੈਨੂੰ ਆਪਣੀਆਂ ਬਾਂਹਾਂ ਵਿਚ ਭਰ ਲਿਆ ਤਾਂ ਮੈਂ ਵੀ ਆਪਣੇ ਅੱਥਰੂ ਨਾ ਡੱਕ ਸਕੀ। ਮੈਂ ਸੋਚਿਆ ਕਿ ਮੈਂ ਕਹਾਂ, 'ਜੀਜੀ ਮੈਨੂੰ ਮੁਆਫ਼ ਕਰ ਦੇ, ਮੈਂ ਤੇਰੀ ਮਮੜੀ ਆਂ। ਮੈਂ ਤੈਨੂੰ ਕਦੀ ਨਈਂ ਛੱਡਾਂਗੀ। ਤੇਰੇ ਨਾਲ ਕਦੀ ਨਫ਼ਰਤ ਨਈਂ ਕਰਾਂਗੀ ਚਾਹੇ ਕੁਛ ਵੀ ਕਿਓਂ ਨਾ ਹੋ ਜਾਏ। ਤੇਰੇ ਲਈ ਮੇਰਾ ਪਿਆਰ ਕਦੀ ਘੱਟ ਨਈਂ ਹੋਏਗਾ ਜੀਜੀ।'

ਪਰ ਮੈਂ ਕੁਝ ਵੀ ਨਾ ਕਹਿ ਸਕੀ।



# ਫੁੱਲ ਸੂਹੇ ਨੇ

**—ਰਸੂਲ ਬਖ਼ਸ਼ ਪਲੀਜੋ**

*(21-02-1930)*

ਡਰ ਦੇ ਮਾਰੇ ਉਸ ਦੀ ਅੱਖ ਖੁੱਲ੍ਹ ਗਈ ਸੀ। ਉਸਦੇ ਮੂੰਹੋਂ ਚੀਕ ਨਿਕਲਦੀ-ਨਿਕਲਦੀ ਮਸੀਂ ਰੁਕੀ ਸੀ। ਉਸਨੇ ਆਪਣੇ ਦਿਮਾਗ਼ 'ਤੇ ਜ਼ੋਰ ਦਿੰਦਿਆਂ ਹੋਇਆਂ ਆਵਾਜ਼ ਵੱਲ ਧਿਆਨ ਦਿੱਤਾ। ਹੁਣੇ-ਹੁਣੇ ਉਸਨੇ ਦਰਵਾਜ਼ੇ 'ਤੇ ਬੜੀ ਹਲਕੀ-ਜਿਹੀ, ਪਰ ਸਾਫ਼ ਠੱਕ-ਠੱਕ ਸੁਣੀ ਸੀ। ਦਰਵਾਜ਼ੇ ਦਾ ਜ਼ਿੰਦਰਾ ਬੜੀ ਹੌਲੀ-ਜਿਹੀ ਕੁੰਡੇ ਨਾਲ ਟਕਰਾਇਆ ਸੀ ਤੇ ਫੇਰ ਉਸ ਪਿੱਛੋਂ ਚੁੱਪ ਵਾਪਰ ਗਈ ਸੀ।

ਅਜੇ ਇਕ ਮਿੰਟ ਵੀ ਨਹੀਂ ਸੀ ਹੋਇਆ ਕਿ ਫੇਰ ਉਹੀ ਆਵਾਜ਼ ਸੁਣਾਈ ਦਿੱਤੀ...ਹਵਾ...ਨਹੀਂ...ਆਦਮੀ। ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸਦਾ ਲੂੰ-ਕੰਡਾ ਖੜ੍ਹਾ ਹੋ ਗਿਆ ਹੈ ਤੇ ਮੱਥੇ 'ਤੇ ਪਸੀਨਾ ਆ ਗਿਆ ਹੈ। ਉਹ ਯਕਦਮ ਦਿਲ ਹਿਲਾ ਦੇਣ ਵਾਲੀ ਗੂੰਗੀ ਆਵਾਜ਼ ਨਾਲ ਉੱਠੀ ਪਰ ਲੋਹੇ ਦੀ ਚਾਦਰ 'ਤੇ ਡਿੱਗ ਪਈ। ਦਰਦ ਦੀ ਮਾਰੀ ਉਹ ਨਿਢਾਲ-ਜਿਹੀ ਹੋ ਗਈ। ਤੇ ਹੰਝੂਆਂ ਦੇ ਤੁਪਕੇ ਉਸਦੇ ਚਿਹਰੇ ਤੋਂ ਲੁੜਕਦੇ ਹੋਏ ਮੂੰਹ ਵੱਲ ਆਉਣ ਲੱਗੇ। ਖ਼ੂਨ! ਉਸਨੇ ਸੋਚਿਆ। ਦਰਦ ਤੇ ਚੀਕ ਨੂੰ ਰੋਕਣ ਲਈ ਉਸਨੇ ਦੰਦਾਂ ਹੇਠ ਬੁੱਲ੍ਹ ਨੱਪ ਲਏ। ਉਹਨਾਂ ਵਿਚੋਂ ਖ਼ੂਨ ਰਿਸਣ ਲੱਗਾ ਸੀ। ਉਸਨੇ ਸੁੰਨੇ ਹੋਏ ਬੁੱਲ੍ਹਾਂ ਨੂੰ ਚੂਸ ਕੇ ਖ਼ੂਨ ਦੀ ਇਕ ਕੁਰਲੀ ਜਿਹੀ ਕੀਤੀ। ਖ਼ੂਨ ਤੇ ਥੁੱਕ ਨਾਲ ਉਸਦਾ ਸੱਜਾ ਜਬਾੜਾ ਲਿੱਬੜ ਗਿਆ। ਉਸਨੇ ਆਪਣੀ ਸੱਜੀ ਬਾਂਹ ਨੂੰ ਹੌਲੀ-ਹੌਲੀ ਉਪਰ ਚੁੱਕਿਆ, ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸਦੀ ਬਾਂਹ ਮਣਾਂ ਮੂੰਹੀਂ ਭਾਰੀ ਹੋ ਗਈ ਹੈ। ਕੀ ਵਾਕੱਈ ਇਹ ਮੇਰੀ ਬਾਂਹ ਏਂ, ਉਸਨੇ ਸੋਚਿਆ। ਆਪਣੀ ਪਿੱਠ, ਲੱਤਾਂ, ਸਿਰ, ਗਲ੍ਹੇ, ਹੱਥ ਤੇ ਮੂੰਹ 'ਤੇ ਉਸਨੂੰ ਭਾਰ-ਜਿਹਾ ਮਹਿਸੂਸ ਹੋਇਆ ਜਿਵੇਂ ਜਿਸਮ ਦਾ ਹਰ ਹਿੱਸਾ ਆਕੜਿਆ ਹੋਇਆ ਹੈ—ਉਹ ਉਸਨੂੰ ਹਿਲਾ ਵੀ ਨਹੀਂ ਸਕਦੀ। ਉਸ ਵੇਲੇ ਉਸਦੇ ਦਿਮਾਗ਼ ਵਿਚ ਜ਼ੰਜੀਰ ਵਾਲੀ ਗੱਲ ਨਹੀਂ ਸੀ। ਤਿੱਖੇ ਦਰਦ ਦੇ ਬਾਵਜੂਦ ਉਸਨੇ ਆਪਣੀ ਖੱਬੀ ਲੱਤ ਨੂੰ ਸਿੱਧਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਲੱਤ ਵੀ ਨਹੀਂ ਚੁੱਕੀ ਗਈ। ਤਿੰਨ-ਚਾਰ ਫੁੱਟ ਲੋਹੇ ਦੀ ਇਕ ਜ਼ੰਜੀਰ, ਜਿਸ ਦੇ ਦੋ-ਤਿੰਨ ਵਲਾਵੇਂ ਉਸਦੀ ਸਿੱਧੀ ਲੱਤ ਨੂੰ ਵਜੇ ਹੋਏ ਸਨ ਤੇ ਦੂਜਾ ਸਿਰਾ ਵਿਚਕਾਰਲੇ ਖੰਭੇ ਨਾਲ ਬੱਝਿਆ ਹੋਇਆ ਸੀ। ਬੜੀ ਤਕਲੀਫ਼ ਦੇ ਨਾਲ ਆਪਣੀ ਗਰਦਨ ਨੂੰ ਸਿੱਧੇ ਮੋਢੇ ਵੱਲ ਝਟਕਾ ਦੇ ਸਕੀ ਸੀ ਉਹ। ਫੇਰ ਉਸਨੇ ਆਪਣੀ ਗੱਲ੍ਹ ਨੂੰ ਆਪਣੀ ਕਮੀਜ਼ ਨਾ ਰਗੜਿਆ, ਖ਼ੂਨ ਤੇ ਲਾਲਾਂ ਉਸਦੀ ਕਮੀਜ਼ 'ਤੇ ਡਿੱਗੀਆਂ।

ਸ਼ਾਇਦ ਗਰਦਨ ਦੀਆਂ ਰਗਾਂ ਦਿਲ ਤੇ ਅੱਖਾਂ ਦੇ ਤਾਰਾਂ ਨਾਲ ਜੁੜੀਆਂ ਹੋਈਆਂ ਹੁੰਦੀਆਂ ਨੇ, ਉਸਨੇ ਸੋਚਿਆ, ਵਰਨਾ ਗਰਦਨ ਨੂੰ ਹਿਲਾਉਂਦਿਆਂ ਹੋਇਆਂ ਦਿਲ ਤੇ ਅੱਖਾਂ ਦੇ ਤਾਰਾਂ ਨੂੰ ਇਓਂ ਝੱਟਕਾ-ਜਿਹਾ ਕਿਉਂ ਮਹਿਸੂਸ ਹੁੰਦਾ। ਇੰਜ ਕਿਉਂ ਮਹਿਸੂਸ ਹੁੰਦਾ ਹੈ ਕਿ ਦਿਲ ਧੜਕ ਕੇ ਹੁਣੇ ਬਾਹਰ ਨਿਕਲ ਆਏਗਾ...ਤੇ ਪਲਕਾਂ 'ਤੇ ਹੰਝੂਆਂ ਦੀ ਝਾਲਰ ਕਿਉਂ ਲੱਗ ਜਾਂਦੀ ਹੈ।

ਇਕ ਵਾਰੀ ਫੇਰ ਦਰਵਾਜ਼ੇ ਤੇ ਠੱਕ-ਠੱਕ ਦੀ ਆਵਾਜ਼ ਹੋਈ। ਇਸਦੇ ਨਾਲ ਹੀ ਜ਼ਿੰਦਰੇ ਵਿਚ ਚਾਬੀ ਘੁੰਮਣ ਦੀ ਆਵਾਜ਼...ਹਾਂ ਬਿਲਕੁਲ ਅਜਿਹੀ ਹੀ ਆਵਾਜ਼...ਸ਼ਾਇਦ ਕੋਈ ਜ਼ਿੰਦਰਾ ਖੋਲ੍ਹ ਰਿਹਾ ਹੈ, ਪਰ ਬਿਲਕੁਲ ਹੌਲੀ-ਹੌਲੀ। ਕਿਉਂ ? ਉਸਨੇ ਸੋਚਿਆ 'ਇਹ ਕੌਣ ਹੋ ਸਕਦਾ ਏ ? ਸ਼ਾਇਦ ਭਾਈ ਜਮਾ ਹੋਏ ਪਰ ਜ਼ਿੰਦਰੇ ਦੀ ਚਾਬੀ ਤਾਂ ਉਸ ਕੋਲ ਨਹੀਂ। ਉਹ ਤਾਂ ਵਡੇਰਾ ਜਾੜਾ ਆਪਣੇ ਨਾਲ ਲੈ ਗਿਆ ਸੀ। ਕਿਤੇ ਉਸਦੇ ਕਿਸੇ ਰਿਸ਼ਤੇਦਾਰ ਨੇ ਤਾਂ ਨਹੀਂ ਖੋਲ੍ਹਿਆ...ਸ਼ਾਇਦ ਕੋਈ ਜ਼ਿੰਦਰੇ ਨੂੰ ਕਿੱਲ ਦੀ ਮਦਦ ਨਾਲ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਹੋਵੇ ਤੇ ਇਹ ਚਾਹੁੰਦਾ ਹੋਵੇ ਕਿ ਉਹ ਮੈਨੂੰ ਕੁਹਾੜੀ ਦੇ ਬੇਦਰਦ ਵਾਰ ਨਾਲ ਖ਼ਤਮ ਕਰ ਦਏ।' ਇਸ ਖ਼ਿਆਲ ਦੇ ਦਿਮਾਗ਼ ਵਿਚ ਆਉਂਦਿਆਂ ਹੀ ਉਸਨੂੰ ਇਕ ਧੁੜਧੁੜੀ ਜਿਹੀ ਆਈ। 'ਚੀਕਾਂ' ਉਸਨੇ ਫ਼ੈਸਲਾ ਕਰ ਲਿਆ। 'ਏਨੇ ਜ਼ੋਰ ਨਾਲ ਚੀਕਾਂ ਕਿ ਪੂਰਾ ਮੁਹੱਲਾ ਜਾਗ ਪਾਏ ਤੇ ਇਕ-ਇਕ ਨੂੰ ਦੱਸਾਂ ਕਿ ਦੇਖੋ ਭਾਈ ਜਮਾ ਮੈਨੂੰ ਕਤਲ ਕਰਨ ਲੱਗਾ ਏ। ਹਾਏ ਅੱਲ੍ਹਾ! ਅੱਬਾ, ਮਾਂ, ਹਾਏ ਮਾਸੀ, ਮਾਮੂ ਜਾਨ, ਵਡੇਰਾ ਜਾੜਾ ਖ਼ਾਨ। ਹੱਜਨ, ਪੁਸਰਾ। ਆਓ ਦੌੜੋ, ਮੈਨੂੰ ਬਚਾਓ, ਮੈਨੂੰ ਕਤਲ ਕੀਤਾ ਜਾ ਰਿਹਾ ਏ। ਕੋਈ ਰੋਕੋ, ਦੌੜੇ ਆਓ। ਮੈਨੂੰ ਬਚਾਓ, ਖ਼ੁਦਾ ਦੇ ਵਾਸਤੇ ਮੈਨੂੰ ਬਚਾਓ। ਆਪਣੀਆਂ ਪਾਕ ਧੀਆਂ ਦੇ ਸਦਕੇ ਵਜੋਂ, ਆਪਣੇ ਸੱਚੇ ਮੁਰਸ਼ਦ ਦੇ ਸਦਕੇ ਵਜੋਂ। ਅੱਲ੍ਹਾ ਤੇ ਰਸੂਲ ਦੇ ਨਾਂ 'ਤੇ ਮੈਨੂੰ ਬਚਾਓ।' ਉਸਦੀ ਆਵਾਜ਼ ਗਲ਼ੇ ਵਿਚ ਹੀ ਭਰੜਾ ਗਈ। ਅੱਥਰੂ ਵਹਿ ਤੁਰੇ ਤੇ ਉਸਦੀਆਂ ਸੁੱਜੀਆਂ ਹੋਈਆਂ ਗੱਲ੍ਹਾਂ ਉਪਰੋਂ ਤਿਲ੍ਹਕਣ ਲੱਗੇ। 'ਨਈਂ, ਨਈਂ ਕੋਈ ਨਈਂ ਆਏਗਾ। ਮੈਨੂੰ ਬਚਾਉਣ ਆਏਗਾ ਵੀ ਕੌਣ ?...ਤੇ ਆਏਗਾ ਵੀ ਤਾਂ ਓਦੋਂ, ਜਦੋਂ ਮੇਰੀਆਂ ਚੀਕਾਂ ਹਮੇਸ਼ਾ ਲਈ ਚੁੱਪ ਹੋ ਚੁੱਕੀਆਂ ਹੋਣਗੀਆਂ।'

ਉਹ ਇਕੱਲੀ ਸੀ। ਬੇ-ਸਹਾਰਾ ਸੀ। ਇਹ ਸਭ ਕਿਉਂ ਹੋਇਆ ? ਕਿੰਜ ਹੋਇਆ ? ਉਹ ਆਪਣੀ ਜ਼ਿੰਦਗੀ ਦੇ ਇਸ ਅਜੀਮ ਵਾਕੇ ਬਾਰੇ ਸੋਚੇ ਬਿਨਾਂ ਨਹੀਂ ਰਹਿ ਸਕੀ। ਉਸਨੂੰ ਕੀ ਹੋ ਗਿਆ ?...

...ਇਸ ਤੋਂ ਪਹਿਲਾਂ ਕਦੇ ਅਜਿਹੀ ਨਹੀਂ ਸੀ ਉਹ। ਛੋਟੇ ਬਾਲ ਇਹ ਗੱਲ ਕੀ ਜਾਣਨ ਕਿ ਖ਼ੂਬਸੂਰਤੀ ਕੀ ਚੀਜ਼ ਹੁੰਦੀ ਹੈ ਪਰ ਉਸਨੂੰ ਸ਼ੁਰੂ ਤੋਂ ਹੀ ਇਹ ਅਹਿਸਾਸ ਸੀ ਕਿ ਉਹ ਹੁਸੀਨ ਹੈ। ਜੱਨਤ, ਨੇਅਮਤ, ਹਲੀਮਾ, ਉਹ ਆਪਣੀਆਂ ਸਾਰੀਆਂ ਸਹੇਲੀਆਂ ਨਾਲੋਂ ਖ਼ੂਬਸੂਰਤ ਸੀ। ਉਹ ਉਸ ਵੇਲੇ ਵੀ ਸੋਚ ਸਕਦੀ ਸੀ। ਪਹਿਲੋਂ ਪਹਿਲ ਤਾਂ ਉਸਨੂੰ ਆਪਣੇ ਮਾਪਿਆਂ ਦੀ ਹਰੇਕ ਗੱਲ ਤੇ ਅੰਦਾਜ਼ ਤੋਂ ਇਸ ਗੱਲ ਦਾ ਅਹਿਸਾਸ ਹੋਇਆ। ਮੇਰੀ ਮਾਂ ਮੈਨੂੰ 'ਮਲੂਕਣ ਆ ਮੇਰੀ ਮਲਕੋ' ਕਹਿੰਦੀ ਸੀ। 'ਆ ਮੇਰੀ ਮਲਕੋ ਮੈਂ ਤੇਰੇ ਵਾਲ ਵਾਹ ਦਿਆਂ। ਮੇਰੀ ਮਲਕਾ, ਮੇਰੀ ਹਿਰਨੀ ਆ।' ਉਸਨੇ ਆਪਣੀ ਮਾਂ ਦੀਆਂ ਅੱਖਾਂ,



ਉਸਦੇ ਲਹਿਜੇ, ਉਸਦੇ ਹਰ ਅੰਦਾਜ਼ ਤੋਂ ਮਹਿਸੂਸ ਕੀਤਾ। ਫੇਰ ਉਸਦਾ ਪਿਓ ਕਹਿੰਦਾ, "ਪਤਾ ਨਈਂ ਤੂੰ ਸਾਰਾ ਦਿਨ ਕੀ ਕਰਦੀ ਰਹਿੰਦੀ ਏਂ, ਤੈਥੋਂ ਤਾਂ ਏਨਾਂ ਵੀ ਨਈਂ ਹੁੰਦਾ ਕਿ ਇਸਦੀ ਕਮੀਜ਼ ਈ ਧੋ ਕੇ ਇਸਨੂੰ ਪੁਆ ਦਿੰਦੀ ਤਾਕਿ ਮੈਂ ਇਸਨੂੰ ਸ਼ਹਿਰ ਲੈ ਜਾਂਦਾ। ਇਹ ਸਾਰਾ ਦਿਨ ਸ਼ਹਿਰ-ਸ਼ਹਿਰ ਕਰਦੀ ਰਹਿੰਦੀ ਏ। ਦੇਖ ਤਾਂ ਸਹੀ ਕੇਡੀ ਖ਼ੂਬਸੂਰਤ ਏ ਮੇਰੀ ਧੀ।" ਫੇਰ ਉਸਦੀ ਮਾਂ ਨਕਲੀ ਗੁੱਸੇ ਨਾਲ ਮੂੰਹ ਫੁਲਾ ਕੇ ਕਹਿੰਦੀ, "ਹਾਂ ਜੀ ਹਾਂ, ਇਹ ਤਾਂ ਅਜਿਹੀ ਈ ਚੰਗੀ ਲੱਗਦੀ ਏ। ਹੈ ਜੋ ਬੜੀ ਖ਼ੂਬਸੂਰਤ ਨਾ, ਜੋ ਇਸ ਲਈ ਵਲਾਇਤ ਤੋਂ ਕੱਪੜੇ ਮੰਗਾਏ ਜਾਣ। ਦੇਖੋ ਨਾ ਕੇਡੀ ਖ਼ੂਬਸੂਰਤ ਏ ਤੁਹਾਡੀ ਧੀ।" ਫੇਰ ਉਸਨੂੰ ਮਹਿਸੂਸ ਹੁੰਦਾ ਮਾਂ ਦੇ ਲਾਪ੍ਰਵਾਹੀ ਨਾਲ ਆਖੇ ਗਏ ਵਾਕਾਂ ਵਿਚ ਕਿੰਨੀ ਮੁਹੱਬਤ ਹੈ। ਉਸਦੇ ਸ਼ਬਦਾਂ ਵਿਚ ਮਾਣ ਤੇ ਗਹਿਰਾਈ ਹੁੰਦੀ ਕਿ ਉਸਦੀ ਧੀ ਕੇਡੀ ਹੁਸੀਨ ਹੈ।

ਉਸਦੀ ਭੂਆ ਦਿਨ ਵਿਚ ਦਸ ਵਾਰੀ ਉਸਦੇ ਵਾਲ ਸੰਵਾਰਦੀ। ਮੱਥੇ 'ਤੇ ਕਾਲਾ ਟਿੱਕਾ ਲਾ ਦਿੰਦੀ ਤੇ ਜਦੋਂ ਹਲੀਮਾ ਗੁੱਡੀਆਂ ਨਾਲ ਖੇਡਦੀ-ਖੇਡਦੀ ਲੜ ਪੈਂਦੀ ਤਾਂ ਉਸਦੇ ਵਾਲ ਖਿਲਾਰ ਦਿੰਦੀ ਤੇ ਉਸਦੇ ਹੱਥ 'ਤੇ ਚੱਕ ਵੱਢ ਖਾਂਦੀ, "ਆਈ ਵੱਡੀ ਸੋਹਣੀ, ਮੇਰੀ ਗੁਡੀਆ ਈ ਖ਼ਰਾਬ ਕਰ ਦਿੱਤੀ।"

"ਬੇਟਾ, ਭਰਾ ਨੂੰ ਤੂੰ ਸਲਾਮ ਨਈਂ ਕੀਤਾ, ਕੀ ਤੂੰ ਇਸਨੂੰ ਨਈਂ ਜਾਣਦੀ ?" ਮਾਂ ਨੇ ਕਿਹਾ।

ਫੇਰ ਮੈਂ ਉਸਨੂੰ ਪਛਾਣ ਲਿਆ ਸੀ। ਉਹ ਇਸਦੇ ਭਰਾ, ਮਾਮੂ ਹਾਰੋਨ ਦਾ ਪੁੱਤਰ ਸੀ। ਉਹ ਬਚਪਨ ਵਿਚ ਉਹਨਾਂ ਦੇ ਘਰ ਆਉਂਦਾ ਹੁੰਦਾ ਸੀ। ਪਰ ਪਿੱਛੋਂ ਜਦੋਂ ਆਪਸ ਵਿਚ ਖ਼ਾਨਦਾਨੀ ਝੇੜਾ ਹੋ ਗਿਆ ਤਾਂ ਆਉਣਾ-ਜਾਣਾ ਬੰਦ ਹੋ ਗਿਆ। ਉਸਦੇ ਅੱਬਾ ਤੇ ਮਾਮੂ ਵਿਚਕਾਰ ਪਤਾ ਨਈਂ ਕਿਸ ਗੱਲ 'ਤੇ ਤਕਰਾਰ ਹੋ ਗਈ ਸੀ ...ਜਦੋਂ ਉਸਦੀ ਮਾਂ ਦੀ ਸ਼ਾਦੀ ਉਸਦੇ ਅੱਬਾ ਨਾਲ ਹੋ ਰਹੀ ਸੀ ਤਾਂ ਉਸਦੇ ਮਾਮੂ ਨੇ ਬੜਾ ਵਿਰੋਧ ਕੀਤਾ ਸੀ। ਉਸਨੂੰ ਆਪਣੇ ਸੋਮਰਾਹ ਹੋਣ 'ਤੇ ਮਾਣ ਸੀ। ਸੋਮਰਾਹ ਕੌਮ ਦੇ ਦੂਜੇ ਲੋਕਾਂ ਵੀ ਖ਼ਾਸਾ ਵਿਰੋਧ ਕੀਤਾ ਸੀ ਪਰ ਉਸਦੇ ਅੱਬਾ ਨੇ ਪੀਰਾਂ ਤੇ ਮੋਹਤਬਰ ਕਿਸਮ ਦੇ ਲੋਕਾਂ ਨੂੰ ਇਕੱਠਾ ਕਰਕੇ ਤੇ ਆਪਣੇ ਖ਼ਾਨਦਾਨ ਦੇ ਪੁਰਾਣੇ ਰਿਸ਼ਤਿਆਂ ਨੂੰ ਜ਼ਾਹਰ ਕਰਕੇ ਉਸਦੀ ਮਾਂ ਨਾਲ ਸ਼ਾਦੀ ਕਰ ਲਈ ਸੀ। ਇਹ ਝਗੜਾ ਉਸੇ ਦਿਨ ਤੋਂ ਚਲਦਾ ਆ ਰਿਹਾ ਸੀ। ਹਾਰੋਨ ਕਦੇ-ਕਦਾਰ ਹੀ ਆਪਣੀ ਭੈਣ ਨੂੰ ਮਿਲਣ ਆਉਂਦਾ ਸੀ।

"ਵੇਖ ਤਾਂ ਜ਼ਰਾ ਕਿੱਡਾ ਵੱਡਾ ਹੋ ਗਿਆ ਏ। ਆਪਣੇ ਏਥੋਂ ਦੇ ਸਕੂਲ 'ਚ ਫ਼ਾਇਲ ਦਾ ਇਮਤਿਹਾਨ ਪਾਸ ਕਰਨ ਆਇਆ ਏ, ਫੇਰ ਪਟਵਾਰੀ ਬਣ ਜਾਏਗਾ।" ਉਸਦੀ ਮਾਂ ਨੇ ਆਪਣੀ ਖ਼ੁਸ਼ੀ ਜਾਹਰ ਕਰਦਿਆਂ ਹੋਇਆਂ ਕਿਹਾ।

ਸਮੇਂ ਦਾ ਪਹੀਆ ਘੁੰਮਦਾ ਰਿਹਾ।

ਇਸ ਅਰਸੇ ਵਿਚ ਯਾਰੂ 'ਚ ਖਾਸੀ ਤਬਦੀਲੀ ਆ ਗਈ ਸੀ। ਉਹ ਸਾਫ਼-ਸੁਥਰੇ ਕੱਪੜੇ ਪਾਉਣ ਲੱਗ ਪਿਆ ਸੀ। ਸੁਚੱਜੇ ਢੰਗ ਨਾਲ ਵਾਲ ਵਾਹੁਣ ਲੱਗ ਪਿਆ ਸੀ। ਉਸਦੇ ਚਿਹਰੇ 'ਤੇ ਨਿਖਾਰ ਤੇ ਚਮਕ ਪੈਦਾ ਹੋ ਗਈ ਸੀ। ਉਹ ਕਿਤਾਬਾਂ ਪੜ੍ਹ-ਪੜ੍ਹ ਕੇ ਸੁਣਾਉਂਦਾ—ਕਦੀ-ਕਦੀ ਉਂਜ ਈ ਖ਼ਾਬਾਂ ਦੀ ਦੁਨੀਆਂ ਵਿਚ ਗਵਾਚ ਜਾਂਦਾ ਤੇ ਕਦੀ-ਕਦੀ ਉਹ ਡਾਢਾ ਇਕੱਲਾਪਨ ਮਹਿਸੂਸ ਕਰਦਾ।

"ਯਾਰੂ ਤੈਨੂੰ ਕੀ ਹੋ ਗਿਆ ਏ ?" ਮਲੂਕਣ ਨੇ ਇਕ ਦਿਨ ਉਸਨੂੰ ਗਵਾਚਿਆ-ਗਵਾਚਿਆ ਤੇ ਉਦਾਸ ਦੇਖ ਕੇ ਪੁੱਛਿਆ। ਉਸਦੀ ਮਾਂ ਉਦੋਂ ਘਰ ਨਹੀਂ ਸੀ। ਉਸਦਾ ਭਰਾ ਜਮਾ ਡੰਗਰ ਚਰਾਉਣ, ਖੇਤਾਂ ਵੱਲ, ਚਲਾ ਗਿਆ ਸੀ। ਯਾਰੂ ਨੇ ਉਸ ਵੱਲ ਤੱਕਿਆ ਸੀ। ਉਸਦੀਆਂ ਅੱਖਾਂ ਵਿਚ ਅਜੀਬ-ਜਿਹੇ ਜਜ਼ਬੇ ਸਨ। ਹੋਸ਼ ਗੁੰਮ ਕਰ ਦੇਣ ਵਾਲੇ ਜਜ਼ਬੇ। ਉਹ ਓਵੇਂ ਹੀ ਇਕਟੱਕ ਦੇਖਦਾ ਰਿਹਾ। ਉਹ ਵੀ ਉਸ ਵੱਲ ਦੇਖਦੀ ਰਹੀ। "ਇਕ ਗੱਲ ਕਹਾਂ।" ਆਖ਼ਰ ਬੜਾ ਰੁਕ-ਰੁਕ ਕੇ ਉਸਨੇ ਬੜੇ ਦੁੱਖ ਨਾਲ ਕਿਹਾ। ਇਸ ਵੇਲੇ ਉਸਦਾ ਚਿਹਰਾ ਵਿਗੜ ਕੇ ਅਜੀਬ-ਜਿਹਾ ਹੋ ਗਿਆ ਸੀ। ਅਜੀਬ ਤੇ ਓਪਰਾ...ਪਰ ਰਹਿਮ ਦੇ ਕਾਬਲ ਵੀ। ਉਸਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਦੇ ਹਲਕ ਵਿਚ ਕੋਈ ਚੀਜ਼ ਅਟਕ ਗਈ ਹੋਵੇ...ਇਕ ਇਕ ਸ਼ਬਦ 'ਤੇ ਅਟਕ ਜਾਂਦਾ ਸੀ ਉਹ।

"ਮੈਂ, ਮੈਂ ਕਿਹਾ ਤੁਸੀਂ...," ਤੇ ਫੇਰ ਉਹ ਤੇਜ਼-ਤੇਜ਼ ਤੇ ਲੰਮੇ-ਲੰਮੇ ਸਾਹ ਲੈ ਕੇ ਲਗਾਤਾਰ ਬੋਲਦਾ ਰਿਹਾ।

ਮਲੂਕਣ ਜਿਵੇਂ ਸਿਲ-ਪੱਥਰ ਹੋ ਗਈ। ਸਿਰ ਬੱਸ ਦੇ ਪਹੀਏ ਵਾਂਗ ਘੁੰਮਣ ਲੱਗਾ ਤੇ ਫੇਰ ਦਿਲ ਹੀ ਦਿਲ ਵਿਚ ਉੱਠਣ ਵਾਲੇ ਅੱਡਰੇ-ਵੱਖਰੇ ਜਜ਼ਬਾਤਾਂ ਦੀਆਂ ਤੇਜ਼ ਲਹਿਰਾਂ ਨੇ ਉਸਦੇ ਦਿਲ ਨੂੰ ਚਾਰੇ-ਪਾਸਿਓਂ ਘੇਰ ਲਿਆ। ਉਸਦਾ ਦਿਲ ਤੇਜ਼-ਤੇਜ਼ ਧੜਕਣ ਲੱਗਾ ਜਿਵੇਂ ਕੋਈ ਰੇਲ ਉਸਦੇ ਨੇੜਿਓਂ ਲੰਘ ਰਹੀ ਹੋਵੇ। ਫੇਰ ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸਦੇ ਦਿਲ ਦੀਆਂ ਤੇਜ਼ ਧੜਕਣਾਂ ਨੂੰ ਪਿੰਡ ਵਾਲੇ ਸੁਣ ਰਹੇ ਨੇ। ਡਰ ਤੇ ਦਹਿਸ਼ਤ ਦੇ ਮਾਰੇ ਉਸਦੇ ਲੂੰ-ਕੰਡੇ ਖੜ੍ਹੇ ਹੋ ਗਏ। ਉਸਦੀ ਹਾਲਤ ਅਜੀਬ-ਜਿਹੀ ਹੋ ਗਈ ਤੇ ਫੇਰ ਉਹ ਭੱਜ ਤੁਰੀ।

"ਕੁੜੀਏ ਅੰਨ੍ਹੀ ਹੋ ਗਈ ਐਂ ਕਿ ? ਵੱਛਾ ਡੇਗ ਦਿੱਤਾ ਏ।" ਉਸਦੀ ਮਾਂ ਨੇ, ਜਿਹੜੀ ਕਿ ਸਾਹਮਣਿਓਂ ਆ ਰਹੀ ਸੀ, ਮਲੂਕਣ ਦੀ ਹਰਕਤ ਨੂੰ ਦੇਖ ਕੇ ਕਿਹਾ ਤੇ ਸਿਰਫ਼ ਇਸੇ 'ਤੇ ਬਸ ਨਹੀਂ ਕੀਤੀ ਬਲਕਿ ਉਸਦੇ ਇਕ ਚੰਡ ਵੀ ਮਾਰੀ।

"ਐਨੀ ਤੇਜ਼ ਭੱਜ ਕੇ ਕਿੱਥੇ ਜਾ ਰਹੀ ਸੈਂ ਤੂੰ ? ਜਾਨਵਰ ਵੀ ਤੈਨੂੰ ਦਿਖਾਈ ਨਈਂ ਦਿੱਤਾ ?"

ਉਹ ਕੱਚੀ-ਜਿਹੀ ਹੋ ਗਈ ਸੀ। ਮੁਜਰਮਾਂ ਵਾਂਗ ਸਿਰ ਝੁਕਾਈ, ਕੱਪੜੇ ਝਾੜਦੀ ਹੋਈ ਉੱਠ ਕੇ ਖੜ੍ਹੀ ਹੋਈ। ਵੱਛਾ ਉਸਦੀ ਕਮੀਜ਼ ਚੱਬਣ ਲੱਗਾ। ਉਸਨੇ ਆਪਣੀ ਕਮੀਜ਼ ਵੱਛੇ ਦੇ ਮੂੰਹੋਂ ਛੁੜਾਈ ਤੇ ਬਾਹਰ ਨਿਕਲ ਗਈ।

ਉਸ ਦਿਨ ਤੋਂ ਉਹ ਯਾਰੂ ਤੋਂ ਕੁਝ ਦੂਰ ਹੀ ਰਹਿਣ ਲੱਗੀ। ਉਹ ਜਿਹੜੀ ਯਾਰੂ ਨਾਲ ਬੇਝਿਜਕ ਗੱਲਬਾਤ ਕਰ ਲੈਂਦੀ ਸੀ, ਉਹ ਵੀ ਬੰਦ ਕਰ ਦਿੱਤੀ। ਜੇ ਉਹ ਸਾਹਮਣਿਓਂ ਆਉਂਦਾ ਹੁੰਦਾ ਤਾਂ ਉਹ ਨੀਵੀਂ ਪਾ ਕੇ ਦੂਜੇ ਪਾਸੇ ਨਿਕਲ ਜਾਂਦੀ ਤੇ ਜੇ ਉਹ ਕੋਈ ਗੱਲ ਕਰਦਾ ਤਾਂ ਸਿਰਫ਼ ਇਕ-ਅੱਧੇ ਸ਼ਬਦ ਵਿਚ 'ਹਾਂ, ਹੂੰ' ਕਹਿ ਕੇ ਅੱਗੇ ਨਿਕਲ ਜਾਂਦੀ। ਬਸ, ਇਕੱਲੀ ਬੈਠੀ ਰਹਿੰਦੀ ਤੇ ਯਾਰੂ ਸਕੂਲੋਂ ਆ ਜਾਂਦਾ ਤਾਂ ਉਹ ਕਿਸੇ ਨਾ ਕਿਸੇ ਕੰਮ ਵਿਰ ਰੁੱਝ ਜਾਂਦੀ। ਪਤਾ ਨਹੀਂ ਕਿਉਂ ਹੁਣ ਉਸਨੂੰ ਯਾਰੂ ਤੋਂ ਭੈਅ ਆਉਣ ਲੱਗ ਪਿਆ ਸੀ। ਉਸਦੀ ਦੇਹ ਖ਼ੁਦ-ਬ-ਖ਼ੁਦ ਕੰਬਣ ਲੱਗਦੀ। ਉਸਦੀ ਮੱਤ ਈ ਮਾਰੀ ਜਾਂਦੀ। ਤੇ ਜਿਸ ਦਿਨ ਯਾਰੂ ਘਰੇ ਨਹੀਂ ਸੀ ਹੁੰਦਾ, ਉਸ ਦਿਨ ਉਹ ਆਪਣੇ-ਆਪ ਵਿਚ ਵੱਡੀ ਤਬਦੀਲੀ



ਮਹਿਸੂਸ ਕਰਦੀ—ਉਸਨੂੰ ਜ਼ਰਾ-ਜ਼ਰਾ ਗੱਲ 'ਤੇ ਹਾਸੀ ਆਉਣ ਲੱਗਦੀ ਤੇ ਜਦੋਂ ਉਹ ਹੱਸਦੀ ਤਾਂ ਹੱਸਦੀ ਹੀ ਰਹਿੰਦੀ, ਇੱਥੋਂ ਤਕ ਕਿ ਉਸਦੇ ਢਿੱਡ ਵਿਚ ਪੀੜ ਹੋਣ ਲੱਗ ਪੈਂਦੀ ਤੇ ਕਦੀ-ਕਦੀ ਸਾਹ ਘੁਟਣ ਲੱਗਦਾ। ਅੱਖਾਂ ਵਿਚ ਅੱਥਰੂ ਆ ਜਾਂਦੇ। ਉਹ ਸੌਣ ਦੀ ਕੋਸ਼ਿਸ਼ ਕਰਦੀ ਤਾਂ ਨੀਂਦ ਨਾ ਆਉਂਦੀ। ਉਹ ਆਪਣੀ ਮਾਂ ਨੂੰ ਕਹਿੰਦੀ, "ਅੰਮਾਂ, ਜਮੇ ਨੂੰ ਤਾਂ ਦੇਖ।" ਇਸਦੇ ਨਾਲ ਹੀ ਠਹਾਕਾ ਮਾਰ ਕੇ ਹੱਸਣ ਲੱਗਦੀ। ਮਾਂ ਨਕਲੀ-ਜਿਹੇ ਗੁੱਸੇ ਨਾਲ ਕਹਿੰਦੀ, "ਕੁੜੀਏ ਸਾਰਾ ਦਿਨ ਦੰਦ ਕੱਢ-ਕੱਢ ਹੱਸਦੀ ਰਹਿਨੀਂ ਐਂ...ਤੈਨੂੰ ਜ਼ਰਾ ਵੀ ਹਯਾ ਨਈਂ।"

ਵੱਛਾ ਜਦੋਂ ਉਸਦੀ ਸਲਵਾਰ ਚੱਬਣ ਲੱਗਦਾ ਤਾਂ ਹੁਣ ਉਹ ਪਹਿਲਾਂ ਵਾਂਗੂੰ ਝਟਕੇ ਨਾਲ ਉਸਦੇ ਮੂੰਹ ਵਿਚੋਂ ਸਲਵਾਰ ਨਹੀਂ ਸੀ ਖਿੱਚਦੀ ਬਲਕਿ ਦੰਦ ਘੁੱਟ ਕੇ, ਬੁੱਲ੍ਹਾਂ ਨੂੰ ਅਜੀਬ ਤਰ੍ਹਾਂ ਬਣਾ ਕੇ ਬੜੇ ਪਿਆਰ ਨਾਲ ਕਹਿੰਦੀ, "ਕਮਲਿਆ ਕਿਤੋਂ ਦਿਆ, ਮਾਰ ਖਾਵੇਂਗਾ।" ਫੇਰ ਉਸਨੂੰ ਆਪਣੇ ਪਿਓ 'ਤੇ, ਮਾਂ 'ਤੇ, ਭਰਾ 'ਤੇ, ਗਾਂ 'ਤੇ, ਘਰ ਤੇ ਘਰ ਦੀ ਹਰੇਕ ਚੀਜ਼ 'ਤੇ ਪਿਆਰ ਆਉਣ ਲੱਗਦਾ। ਯਾਰੂ ਉਸਨੂੰ ਅਜੀਬ-ਅਜੀਬ ਜਿਹਾ ਲੱਗਦਾ। ਉਹ ਉਸਨੂੰ ਦੇਖ ਕੇ ਮੂੰਹ ਬਣਾ ਲੈਂਦੀ ਸੀ। ਆਮ ਵਾਂਗੂੰ ਐਤਵਾਰ ਵਾਲੇ ਦਿਨ ਯਾਰੂ ਨੇ ਉਸਨੂੰ ਆਪਣੇ ਮੈਲੇ ਕੱਪੜੇ ਦੇ ਕੇ ਕਿਹਾ—

"ਲੈ ਇਹਨਾਂ ਦੋ ਕੱਪੜਿਆਂ ਨੂੰ ਤਾਂ ਖੰਘਾਲ ਦੇ।"

"ਖ਼ੁਦ ਕਿਓਂ ਨਈਂ ਖੰਘਾਲ ਲੈਂਦਾ। ਮੈਂ ਕੋਈ ਸਾਰੇ ਪਿੰਡ ਦਾ ਠੇਕਾ ਲਿਆ ਹੋਇਐ।"

ਉਸਦੀ ਮਾਂ ਦਾ ਚਿਹਰਾ ਗੁੱਸੇ ਨਾਲ ਲਾਲ ਹੋ ਜਾਂਦਾ।

"ਹਾਂ ਬਈ ਠੀਕ ਐ ਤੇਰਾ ਕੋਈ ਕਸੂਰ ਨਈਂ, ਤੇਰਾ ਖ਼ਾਨਦਾਨ ਈ ਇਹੋ-ਜਿਹਾ ਏ। ਤੂੰ ਆਪਣੀ ਭੂਆ ਵਰਗੀ ਐਂ। ਇਹ ਤੇਰੇ ਮਾਂ ਦਾ ਭਤੀਜਾ ਏ ਨਾ। ਦੋ ਕੱਪੜੇ ਜੇ ਖੰਘਾਲ ਦੇਂਦੀ ਤਾਂ ਤੇਰਾ ਕੀ ਵਿਗੜ ਜਾਂਦਾ। ਲਿਆ ਮੈਨੂੰ ਫੜਾ ਮੈਂ ਧੋ ਦੇਨੀਂ ਆਂ।"

ਮਲੂਕਣ ਚੁੱਪ ਹੋ ਗਈ ਤੇ ਕੱਪੜੇ ਲੈ ਕੇ ਧੋਣ ਬੈਠ ਗਈ। ਕੱਪੜਿਆਂ ਉੱਤੇ ਉਸਨੂੰ ਇਕ ਪਰਛਾਵਾਂ ਨਜ਼ਰ ਆਇਆ। ਉਸਨੇ ਉਪਰ ਨਿਗਾਹ ਚੁੱਕ ਕੇ ਦੇਖਿਆ, ਯਾਰੂ ਖੜ੍ਹਾ ਸੀ। ਉਸ ਵੱਲ ਵੇਖ ਕੇ ਉਸਨੇ ਨੀਵੀਂ ਪਾ ਲਈ। ਉਸਦਾ ਚਿਹਰਾ ਸੂਹਾ ਹੋ ਗਿਆ ਸੀ।

ਬਰਸਾਤ ਦਾ ਮੌਸਮ ਸ਼ੁਰੂ ਹੋ ਚੁੱਕਿਆ ਸੀ ਤੇ ਚਰਾਂਦਾਂ ਵਿਚ ਹਰ ਕਿਸਮ ਦਾ ਘਾਹ ਤੇ ਅਨੇਕਾਂ ਹੋਰ ਬੂਟੇ ਉੱਗ ਆਏ ਸਨ। ਜੰਗਲੀ ਫੁੱਲਾਂ ਦੀ ਖ਼ੁਸ਼ਬੂ ਚੁਫ਼ੇਰੇ ਫ਼ੈਲੀ ਹੋਈ ਸੀ। ਇੰਜ ਜਾਪਦਾ ਸੀ ਜਿਵੇਂ ਰੁੱਖਾਂ ਤੇ ਵਾਦੀਆਂ ਨੇ ਰੰਗ-ਬਰੰਗੇ ਕੱਪੜੇ ਪਾਏ ਹੋਏ ਨੇ। ਇਸ ਦੇ ਨਾਲ-ਨਾਲ ਗੰਦਗੀ ਵੀ ਚਾਰੇ ਪਾਸੇ ਸੀ। ਤਰ੍ਹਾਂ-ਤਰ੍ਹਾਂ ਦੇ ਲੋਕਾਂ ਦੀਆਂ ਟੋਲੀਆਂ ਨਜ਼ਰ ਆਉਂਦੀਆਂ। ਸ਼ਾਮ ਵੇਲੇ ਪਸ਼ੂਆਂ ਦੇ ਗਲ਼ਾਂ ਵਿਚ ਬੰਨ੍ਹੀਆਂ ਹੋਈਆਂ ਘੰਟੀਆਂ ਦੀ ਆਵਾਜ਼ ਮਾਹੌਲ ਵਿਚ ਗੂੰਜਦੀ। ਗਊਆਂ ਤੇ ਵੱਛੜਿਆਂ ਦੀਆਂ ਆਵਾਜ਼ਾਂ ਮਾਹੌਲ ਵਿਚ ਪਸਰ ਜਾਂਦੀਆਂ। ਸ਼ਾਮ ਹੁੰਦਿਆਂ ਹੀ ਕਬੱਡੀ ਖੇਡਣ ਦੀਆਂ ਆਵਾਜ਼ਾਂ ਤੇ ਫੇਰ ਕਿਧਰੇ ਮਿਲਾਦ ਸ਼ਰੀਫ਼ ਜਾਂ ਕਾਫ਼ੀ ਦੀਆਂ ਆਵਾਜ਼ਾਂ ਵੀ ਸੁਣਾਈ ਦਿੰਦੀਆਂ ਸਨ। "ਵਾਹ ਬਈ ਕਾਦਰ ! ਵਾਹ ਜੀ ਵਾਹ ਖ਼ੂਬ ਸੁਣਾਈ। ਓ ਬਈ ਅਹਿਮਦ ਦੀ ਟੋਲੀ ਖ਼ੂਬ ਰਹੀ। ਅਜੇ ਤਾਂ ਹੋਰ ਵੀ ਹੋਣਗੇ।"

ਯਾਰੂ ਉਸ ਦਿਨ ਦਾ ਸਹਿਮਿਆਂ-ਸਹਿਮਿਆਂ ਰਹਿੰਦਾ ਸੀ। ਕਦੀ-ਕਦੀ ਤਾਂ ਉਹ ਤ੍ਰਬਕ ਵੀ ਜਾਂਦਾ। ਇਕ ਤਾਂ ਉਸਨੂੰ ਪੜ੍ਹਾਈ ਤੋਂ ਫੁਰਸਤ ਹੀ ਘੱਟ ਮਿਲਦੀ ਸੀ ਤੇ ਜਦੋਂ ਉਸਨੂੰ ਫੁਰਸਤ ਮਿਲਦੀ ਤਾਂ ਉਹ ਹੌਲੀ-ਹੌਲੀ ਗੁਣਗੁਣਾਉਂਦਾ ਰਹਿੰਦਾ। ਸੌਣ ਵੇਲੇ ਉਹ ਆਪਣੀਆਂ ਕਿਤਾਬਾਂ ਨੂੰ ਤਾਕ 'ਤੇ ਰੱਖ ਦਿੰਦਾ। ਲੌਢਾ ਵੇਲਾ ਹੋ ਗਿਆ ਸੀ। ਦੁਪਹਿਰੇ ਜਦੋਂ ਮਲੂਕਣ ਸੁੱਤੀ ਹੋਈ ਸੀ, ਵੱਛਾ ਰੱਸੀ ਤੁੜਾ ਭੱਜ ਗਿਆ ਸੀ ਤੇ ਮਲੂਕਣ ਉਸਨੂੰ ਲੱਭਦੀ-ਭਾਲਦੀ ਹੰਭ ਗਈ ਸੀ। ਉਸਨੂੰ ਭਾਲਨ ਲਈ ਉਹ ਜੰਗਲ ਵੱਲ ਨਿਕਲ ਗਈ। ਅਚਾਨਕ ਉਹ ਰੁਕ ਕੇ ਕੁਝ ਸੁਣਨ ਲੱਗੀ। ਕਿਤੋਂ ਦੂਰੋਂ ਗਾਉਣ ਦੀ ਆਵਾਜ਼ ਆ ਰਹੀ ਸੀ। ਉਸਨੇ ਗਹੁ ਨਾਲ ਸੁਣਿਆ 'ਮੁਜ ਸੇ ਮਤ ਰੂਠ, ਤੇਰਾ ਰੂਠਣਾ ਮੇਰੇ ਲੀਏ ਜਹੱਨੁਮ ਹੈ। ਤੂ ਅਪਨੀ ਇਸ ਸਿਤਮਗਰੀ ਕੋ ਛੋੜ ਦੇ।' ਆਵਾਜ਼ ਸੁਰੀਲੀ ਹੋਣ ਦੇ ਨਾਲ-ਨਾਲ ਦਰਦ ਭਰੀ ਵੀ ਸੀ। ਜਦੋਂ ਉਸਨੇ ਗ਼ੌਰ ਕੀਤਾ ਤਾਂ ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਆਵਾਜ਼ ਉਸਦੀ ਜਾਣੀ-ਪਛਾਣੀ ਹੈ। ਫੇਰ ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਕੋਈ ਮਾਸੂਮ ਬਾਲ ਸਿਸਕੀਆਂ ਲੈ-ਲੈ ਰੋ ਰਿਹਾ ਹੈ। ਉਸਨੂੰ ਮਹਿਸੂਸ ਹੋਇਆ ਜਿਵੇਂ ਇਹ ਆਵਾਜ਼ ਹਵਾ ਵਿਚ ਉੱਚੀ ਉੱਡ ਰਹੀ ਹੈ। ਫੇਰ ਅਚਾਨਕ ਰੁਕ ਗਈ। ਉਸ ਪਿੱਛੋਂ ਉਹ ਹੇਠਾਂ ਉਤਰਣ ਲੱਗੀ। ਜ਼ਮੀਨ 'ਤੇ ਡਿੱਗ ਕੇ ਮੇਹਲਣ ਲੱਗੀ। ਮਲੂਕਣ ਦੇ ਪੈਰ ਖ਼ੁਦ-ਬ-ਖ਼ੁਦ ਉਸ ਵੱਲ ਵਧਣ ਲੱਗੇ। ਉਸਦਾ ਦਿਲ ਉਦਾਸ ਸੀ। ਉਸਨੂੰ ਇੰਜ ਲੱਗਿਆ ਜਿਵੇਂ ਉਸਦੀ ਸਾਰੀ ਜ਼ਿੰਦਗੀ ਉਦਾਸੀ ਵਿਚ ਲੰਘੀ ਹੈ। ਉਸਨੂੰ ਖ਼ੁਦ 'ਤੇ, ਗਾਉਣ ਵਾਲੇ 'ਤੇ ਤੇ ਸਾਰੀ ਦੁਨੀਆਂ 'ਤੇ ਤਰਸ ਆਉਣ ਲੱਗਾ। ਜਦੋਂ ਉਹ ਨੇੜੇ ਆਈ ਤਾਂ ਉਸਨੂੰ ਪਤਾ ਲੱਗਾ ਕਿ ਗਾਉਣ ਵਾਲਾ ਦਰਖ਼ਤ 'ਤੇ ਬੈਠਾ ਹੈ। ਉਸਦਾ ਦੁੱਖ ਤੇ ਦਰਦ ਭਰਿਆ ਚਿਹਰਾ ਵੇਖ ਕੇ ਉਹ ਕੰਬ ਜਿਹੀ ਗਈ। ਉਸਨੂੰ ਖ਼ੁਦ 'ਤੇ ਗੁੱਸਾ ਆਉਣ ਲੱਗਾ। 'ਯਾ ਅੱਲ੍ਹਾ ਵਿਚਾਰੇ ਦਾ ਕੀ ਹਾਲ ਹੋ ਗਿਆ ਏ!' ਥੋੜ੍ਹਾ-ਜਿਹਾ ਗਲ਼ਾ ਸਾਫ਼ ਕਰਕੇ ਕਹਿਣ ਲੱਗੀ, "ਲੋਕੀ ਹੁਣ ਬੜਾ ਚੰਗਾ ਗਾਉਣ ਲੱਗ ਪਏ ਨੇ।" ਯਾਰੂ ਨੇ ਅਚਾਨਕ ਉਸ ਵੱਲ ਦੇਖਿਆ।

"ਤੂੰ...ਤੂੰ ਏਥੇ ਕਿਵੇਂ?" ਉਹ ਦਰਖ਼ਤ ਤੋਂ ਹੇਠਾਂ ਉੱਤਰ ਆਇਆ। ਮਲੂਕਣ ਪਿੱਛੇ ਵੱਲ ਖਿਸਕਣ ਲੱਗੀ ਤੇ ਫੇਰ ਉਸਨੂੰ ਅਚਾਨਕ ਯਾਦ ਆ ਗਿਆ ਕਿ ਉਹ ਤਾਂ ਵੱਛੇ ਨੂੰ ਭਾਲਦੀ-ਭਾਲਦੀ ਏਧਰ ਆ ਗਈ ਸੀ। "ਹਾਏ ਅੱਲ੍ਹਾ! ਵੱਛਾ ਪਤਾ ਨਈਂ ਕਿੱਥੇ ਗਿਆ? ਮਾਂ ਮੈਨੂੰ ਮਾਰੇਗੀ।" ਉਦੋਂ ਹੀ ਉਸਨੂੰ ਮਹਿਸੂਸ ਹੋਇਆ ਜਿਵੇਂ ਕਿਸੇ ਨੇ ਉਸਦੀਆਂ ਬਾਂਹਾਂ ਪਿਛਲੇ ਪਾਸਿਓਂ ਫੜ ਲਈਆਂ ਨੇ।

"ਹਾਏ ਅੱਲ੍ਹਾ...ਛੱਡ ਨਾ..."

"ਮੇਰੀ ਪਿਆਰੀ, ਮੇਰੀ ਜਾਨ, ਮੇਰੀ ਗੱਲ ਤਾਂ ਸੁਣ ਜ਼ਰਾ," ਯਾਰੂ ਨੇ ਬੇਹੱਦ ਜਜ਼ਬਾਤੀ ਅੰਦਾਜ਼ ਵਿਚ ਆਪਣਾ ਚਿਹਰਾ ਉਸਦੇ ਬੇਹੱਦ ਨੇੜੇ ਲੈ ਜਾ ਕੇ ਕਿਹਾ। ਪਰ ਉਹ ਮੱਛੀ ਵਾਂਗੂੰ ਤੜਫ਼ਣ ਲੱਗੀ। "ਛੱਡ ਦੇ...ਛੱਡ ਦੇ, ਖ਼ੁਦਾ ਤੈਨੂੰ ਗ਼ਰਕ ਕਰੇ। ਤੈਨੂੰ ਮੌਤ ਆਏ। ਤੈਨੂੰ ਹੈਜਾ ਹੋ ਜਾਏ, ਮੈਨੂੰ ਛੱਡ ਦੇ ਵਰਨਾ ਮੈਂ ਚੀਕ ਪਵਾਂਗੀ।"

ਪਰ ਯਾਰੂ ਉਸਦੇ ਹੋਰ ਵੀ ਨੇੜੇ ਹੋ ਗਿਆ। ਮਲੂਕਣ ਜ਼ੋਰ ਨਾਲ ਚੀਕੀ। ਯਾਰੂ ਦੇ ਹੱਥ ਪੈਰ ਫੁੱਲ ਗਏ। ਗਲ਼ਾ ਖ਼ੁਸ਼ਕ ਹੋ ਗਿਆ, ਲੱਤਾਂ ਅਣਜਾਣੇ ਭੈਅ ਸਦਕਾ ਕੰਬਣ ਲੱਗੀਆਂ—ਉਹ ਜੰਗਲ ਵੱਲ ਭੱਜ ਗਿਆ।



ਉਹ ਬੜੀ ਪ੍ਰੇਸ਼ਾਨ, ਡਰੀ ਤੇ ਸਹਿਮੀ ਹੋਈ ਸੀ। ਅੱਖਾਂ ਸੁਰਖ਼ ਤੇ ਵੀਰਾਨ ਸਨ। ਭੈਅ ਵੱਸ ਉਹ ਹੁਣ ਤਕ ਲੰਮੇ-ਲੰਮੇ ਸਾਹ ਲੈ ਰਹੀ ਸੀ। ਵਾਲ ਖਿੱਲਰੇ ਹੋਏ ਸਨ ਤੇ ਅੱਖਾਂ ਵਿਚੋਂ ਅੱਥਰੂ ਵਹਿ ਰਹੇ ਸਨ। ਬੜੀ ਮੁਸ਼ਕਲ ਨਾਲ ਉਹ ਘਰ ਪਹੁੰਚੀ। ਮਾਂ ਵੱਛੇ ਦੀ ਗੱਲ ਤਾਂ ਭੁੱਲ ਹੀ ਗਈ ਸੀ, ਉਸਦਾ ਉੱਡਿਆ-ਉੱਡਿਆ ਚਿਹਰਾ ਦੇਖ ਕੇ ਕਹਿਣ ਲੱਗੀ, "ਕੀ ਹੋਇਆ ਭੌਂਰੀਏ ਤੈਨੂੰ?"

ਵੱਛਾ ਅੰਦਰ ਖੜ੍ਹਾ ਸੀ। ਉਸਨੇ ਇਕ ਜ਼ੋਰ ਦਾ ਥੱਪੜ ਮਾਰਿਆ। ਉਸਦੀਆਂ ਛਾਤੀਆਂ ਵਿਚ ਖ਼ਾਸਾ ਦਰਦ ਹੋ ਰਿਹਾ ਸੀ। ਇਕ ਪਾਸੇ ਜਾ ਕੇ ਉਸਨੇ ਆਪਣੀ ਕਮੀਜ਼ ਦਾ ਇਕ ਬਟਨ ਖੋਲ੍ਹ ਕੇ ਅੰਦਰ ਦੇਖਿਆ—ਸੋਜਿਸ਼ ਸਾਫ਼ ਨਜ਼ਰ ਆ ਰਹੀ ਸੀ। ਇਕ ਜਗ੍ਹਾ ਤਾਂ ਗੂੜ੍ਹਾ ਦਾਗ਼ ਵੀ ਪੈ ਗਿਆ ਸੀ। "ਮੋਏ ਮੁਰਦਾਰ ਨੇ...," ਉਹ ਮਨ ਹੀ ਮਨ ਵਿਚ ਘੁਲਦੀ ਰਹੀ। ਫੇਰ ਉਸਦੇ ਦਿਮਾਗ਼ ਵਿਚ ਪਤਾ ਨਹੀਂ ਕੀ-ਕੀ ਗੱਲਾਂ ਆਉਣ ਲੱਗੀਆਂ...ਉਹ ਡੂੰਘੀ ਰਾਤ ਤਕ ਸੋਚਦੀ ਰਹੀ।

ਮਾਂ ਜਾਂ ਅੱਬਾ ਦੇਖ ਲੈਂਦੇ ਤਾਂ! ਮਾਰੇ ਭੈਅ ਦੇ ਉਸਦਾ ਲੂੰ-ਕੰਡਾ ਖੜ੍ਹਾ ਹੋ ਗਿਆ। ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਹ ਨਾਪਾਕ ਤੇ ਗੰਦੀ ਹੈ। ਉਹ ਨਮੋਸ਼ੀ ਵਿਚ ਡੁੱਬਦੀ ਗਈ। ਫੇਰ ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਸਾਰੇ ਪਿੰਡ ਦੀਆਂ ਔਰਤਾਂ ਨੱਕ 'ਤੇ ਉਂਗਲੀ ਰੱਖ ਕੇ ਅਤਿ ਜ਼ਹਿਰੀਲੇ ਅੰਦਾਜ਼ ਵਿਚ ਤਾਅਨੇ ਦੇ ਰਹੀਆਂ ਨੇ—ਇਹ ਕੁਆਰੀ ਮਲੂਕਣ! ਕੇਹੇ ਗੁਲ ਖਿਲਾਏ ਨੇ! ਸਾਰੇ ਪਿੰਡ ਵਿਚ ਬਦਨਾਮੀ ਹੋਏਗੀ। ਲੋਕ ਨਫ਼ਰਤ ਨਾਲ ਨਾਂ ਲੈਣਗੇ। ਪਿਓ ਦਾ ਮਾਣ ਨਾਲ ਉੱਠਣ ਵਾਲਾ ਸਿਰ ਝੁਕ ਜਾਏਗਾ। ਉਹਦੀ ਪੱਗ ਪੈਰਾਂ 'ਚ ਹੋਏਗੀ। ਉਹਦੀ ਸ਼ਖ਼ਸੀਅਤ ਮਜ਼ਾਕ ਬਣ ਕੇ ਰਹਿ ਜਾਏਗੀ। ਉਹਦੇ ਚਿਹਰੇ 'ਤੇ ਕਾਲਸ ਪੁਚ ਜਾਏਗੀ। ਖੂਹਾਂ 'ਤੇ, ਰਾਹਾਂ ਵਿਚ। ਵਿਆਹ-ਸ਼ਾਦੀਆਂ ਵਿਚ ਜਦੋਂ ਉਹ ਜ਼ਹਿਰ ਭਿੱਜੇ ਤੀਰ ਚੱਲਣਗੇ ਤਾਂ ਫੇਰ ਕੀ ਹੋਵੇਗਾ। ਏਨੇ ਸਾਰੇ ਲੋਕਾਂ ਨੂੰ ਕੌਣ ਸਮਝਾਉਂਦਾ ਫਿਰੇਗਾ। ਉਹ ਕਿਸ ਤਰ੍ਹਾਂ ਸੱਚਾਈ ਬਿਆਨ ਕਰ ਸਕੇਗੀ। ਅੱਲ੍ਹਾ ਮੈਨੂੰ ਕੋਈ ਕਤਲ ਕਰ ਦਏ। ਮੇਰੀ ਗਰਦਨ ਮਰੋੜ ਦਏ—ਮੈਨੂੰ ਆਪਣੇ ਕਤਲ ਹੋਣ ਦਾ ਮਾਮੂਲੀ-ਜਿਹਾ ਵੀ ਅਫ਼ਸੋਸ ਨਹੀਂ ਹੋਵੇਗਾ। ਇਹ ਨਫ਼ਰਤਾਂ ਦਾ ਤੂਫ਼ਾਨ ਕਿੰਜ ਬਰਦਾਸ਼ਤ ਕੀਤਾ ਜਾ ਸਕੇਗਾ।

ਤੇ ਫੇਰ ਉਸਨੇ ਸੁਪਨੇ ਵਿਚ ਵੇਖਿਆ ਕਿ ਇਕ ਪਾਗਲ ਕੁੱਤਾ ਉਸਦੇ ਪਿੱਛੇ ਭੱਜ ਰਿਹਾ ਹੈ ਤੇ ਉਹ ਹਫ਼ੀ, ਕੰਬਦੀ, ਚੀਕਦੀ-ਕੂਕਦੀ ਹੋਈ ਭੱਜੀ ਜਾ ਰਹੀ ਹੈ। ਉਸਦੇ ਪੈਰ ਵਿਚ ਇਕ ਕੰਡਾ ਵੀ ਚੁਭਿਆ, ਉਸਦੇ ਦਰਦ ਨਾਲ ਉਹ ਲੜਖੜਾਈ ਵੀ, ਪਰ ਫੇਰ ਭੱਜਣ ਲੱਗੀ। ਫੇਰ ਉਹ ਇਕ ਝਾੜੀ ਵਿਚ ਉਲਝ ਕੇ ਡਿੱਗ ਪਈ। ਕੁੱਤਾ ਨੇੜੇ ਆ ਰਿਹਾ ਸੀ। ਫੇਰ ਉਸਨੇ ਉਸਨੂੰ ਵੱਢ ਲਿਆ। ਉਹ ਬੇਵੱਸ ਹੋ ਕੇ ਚੀਕਣ ਲੱਗੀ। ਉਸੇ ਜਦੋ-ਜਹਿਦ ਤੇ ਪ੍ਰੇਸ਼ਾਨੀ ਵਿਚ ਉਸਦੀ ਅੱਖ ਖੁੱਲ੍ਹ ਗਈ। ਉੱਠਣ 'ਤੇ ਉਸਦਾ ਸਾਰਾ ਸਰੀਰ ਕੰਬ ਰਿਹਾ ਸੀ, ਪਸੀਨੋ-ਪਸੀਨੀ ਹੋਇਆ ਹੋਇਆ ਸੀ। ਜਦੋਂ ਉਸਦਾ ਡਰ ਕੁਝ ਘੱਟ ਹੋਇਆ ਤਾਂ ਉਹ ਆਪਣੀ ਮਾਂ ਨਾਲ ਜਾ ਪਈ। ਹੁਣ ਵੀ ਜਦੋਂ ਉਸਨੂੰ ਸੁਪਨਾ ਯਾਦ ਆਉਂਦਾ ਤਾਂ ਉਸਨੂੰ ਕੰਬਣੀ ਛਿੜ ਪੈਂਦੀ। ਕੇਡਾ ਭਿਆਨਕ ਸੁਪਨਾ ਸੀ। ਉਹ ਵਾਰੀ-ਵਾਰੀ ਕਲਮਾ ਪੜ੍ਹਦੀ ਰਹੀ ਤਾਕਿ ਡਰ ਦੂਰ ਹੋ ਜਾਏ।

ਸਮਾਂ ਬੀਤਦਾ ਰਿਹਾ।

ਮਲੂਕਣ ਦਾ ਖ਼ਿਆਲ ਸੀ ਕਿ ਯਾਰੂ ਜ਼ਰੂਰ ਆਪਣੇ ਕੀਤੇ 'ਤੇ ਪਛਤਾਏਗਾ। ਆਪਣੀ ਇਸ ਹਰਕਤ 'ਤੇ ਅਫ਼ਸੋਸ ਵੀ ਜ਼ਾਹਰ ਕਰੇਗਾ ਪਰ ਇੰਜ ਹੋਇਆ ਨਹੀਂ। ਉਹ ਤਾਂ ਉਲਟਾ ਉਸ ਨਾਲ ਨਾਰਾਜ਼ ਸੀ। ਐਤਵਾਰ ਵਾਲੇ ਦਿਨ ਉਸਨੇ ਆਪਣੇ ਕੱਪੜੇ ਵੀ ਮਲੂਕਣ ਤੋਂ ਨਹੀਂ ਧੁਆਏ। ਉਹ ਕੱਪੜੇ ਸ਼ਹਿਰੋਂ ਧੁਆ ਲਿਆਇਆ ਸੀ। ਰਾਤ ਨੂੰ ਉੱਠਦਿਆਂ-ਬੈਠਦਿਆਂ ਜਦੋਂ ਉਹ ਇਕ ਦੂਜੇ ਦੇ ਕੋਲੋਂ ਦੀ ਲੰਘਦੇ ਤਾਂ ਮਲੂਕਣ ਨੂੰ ਹਰ ਵੇਲੇ ਇਹ ਡਰ ਰਹਿੰਦਾ ਕਿ ਕਿਤੇ ਉਹ ਉਸਨੂੰ ਫੇਰ ਨਾ ਫੜ ਲਏ ਜਾਂ ਕਿਤੇ ਚੂੰਢੀ ਨਾ ਵੱਢ ਲਏ। ਪਰ ਉਹ ਘਰ ਵਿਚ ਇੰਜ ਲਾਪ੍ਰਵਾਹੀ ਨਾ ਫਿਰਦਾ ਜਿਵੇਂ ਇੱਥੇ ਕੋਈ ਮਲੂਕਣ ਨਾਂ ਦੀ ਕੁੜੀ ਹੀ ਨਾ ਹੋਵੇ। ਮਲੂਕਣ ਨੂੰ ਪਹਿਲਾਂ ਤਾਂ ਉਸਦੇ ਰਵੱਈਏ 'ਤੇ ਬੜੀ ਹੈਰਾਨੀ ਹੋਈ। ਆਖ਼ਰ ਇਹ ਲਾਪ੍ਰਵਾਹੀ ਕਿਉਂ ? ਫੇਰ ਉਸਨੂੰ ਗੁੱਸਾ ਆਇਆ, "ਅਜੀਬ ਆਕੜ ਏ ਕਸੂਰ ਵੀ ਇਸੇ ਦਾ ਤੇ ਨਾਰਾਜ਼ ਵੀ ਉਹੀ...।" ਇੰਜ ਹੀ ਬੈਠੀ-ਬੈਠੀ ਜਦੋਂ ਉਹ ਸੋਚਦੀ ਰਹਿੰਦੀ ਤਾਂ ਉਸਦੇ ਦਿਮਾਗ਼ ਵਿਚ ਆਉਂਦਾ, 'ਮੈਂ ਉਸਨੂੰ ਗਾਲ੍ਹਾਂ ਕਿਉਂ ਕੱਢੀਆਂ ? ਮੈਨੂੰ ਏਨੇ ਜ਼ੋਰ ਨਾਲ ਚੀਕਣ ਦੀ ਲੋੜ ਨਈਂ ਸੀ। ਸ਼ਾਇਦ ਉਹ ਖ਼ੁਦ ਈ ਡਰ ਦਾ ਮਾਰਿਆ ਵੱਖ ਹੋ ਜਾਂਦਾ।' ਪਰ ਉਸਨੇ ਫੇਰ ਸੋਚਿਆ, 'ਅਜਿਹੇ ਜਲੀਲ ਆਦਮੀ ਨੂੰ ਗਾਲ੍ਹਾਂ ਕੱਢਣੀਆਂ ਈ ਚਾਹੀਦੀਆਂ ਸੀ, ਉਹ ਇਸੇ ਸਲੂਕ ਦੇ ਲਾਇਕ ਏ।'

ਲਗਭਗ ਜਹੂਰ ਦੀ ਨਮਾਜ਼ ਦਾ ਵੇਲਾ ਸੀ ਜਦੋਂ ਮਲੂਕਣ ਵਿਹੜੇ 'ਚ ਬੈਠੀ ਭਾਂਡੇ ਮਾਂਜ ਰਹੀ ਸੀ। ਨਾਲ ਵਾਲੇ ਕਮਰੇ ਵਿਚ ਉਸਦੀ ਮਾਂ ਨਮਾਜ਼ ਪੜ੍ਹ ਰਹੀ ਸੀ। ਯਾਰੂ ਅੰਦਰ ਚਟਾਈ 'ਤੇ ਸੁੱਤਾ ਪਿਆ ਸੀ। ਉਸਦਾ ਮੂੰਹ ਮਲੂਕਣ ਵੱਲ ਸੀ। ਉਸਨੇ ਅੰਗਰੇਜ਼ੀ ਹਜਾਮਤ ਕਰਵਾਈ ਹੋਈ ਸੀ। ਉਸਦੇ ਵਾਲਾਂ ਦੀ ਇਕ ਲਟ ਉਸਦੇ ਮੱਥੇ 'ਤੇ ਆਈ ਹੋਈ ਸੀ। ਧੋਬੀ ਦੇ ਧੋਤੇ ਚਿੱਟੇ ਕੱਪੜਿਆਂ ਵਿਚ ਉਹ ਪਿੰਡ ਦੇ ਸਾਰੇ ਮੁੰਡਿਆਂ ਨਾਲੋਂ ਨਿਰਾਲਾ ਲੱਗ ਰਿਹਾ ਸੀ। ਚਿਹਰੇ 'ਤੇ ਵੀ ਇਕ ਅਜੀਬ ਤਰ੍ਹਾਂ ਦਾ ਭੋਲਾਪਨ ਸੀ। ਸ਼ਾਂਤੀ ਸੀ। ਅਚਾਨਕ ਇਕ ਮੱਖੀ ਉਸਦੇ ਮੂੰਹ 'ਤੇ ਬੈਠ ਗਈ। ਨੀਂਦ ਵਿਚ ਹੀ ਉਸਦੇ ਬੁੱਲ੍ਹ ਮੁਸਕਾਉਣ ਲਈ ਰਤਾ ਕੁ ਖੁੱਲ੍ਹੇ ਤੇ ਫੇਰ ਬੰਦ ਹੋ ਗਏ। ਮਲੂਕਣ ਨੂੰ ਇਹ ਗੱਲ ਕੁਝ ਅਜੀਬ-ਜਿਹੀ ਲੱਗੀ, ਫੇਰ ਹਾਸੀ ਵੀ ਆ ਗਈ। ਇੰਜ ਮਹਿਸੂਸ ਹੋਇਆ ਜਿਵੇਂ ਕੋਈ ਮਾਸੂਮ ਬੱਚਾ ਮਾਂ ਦਾ ਦੁੱਧ ਪੀ ਰਿਹਾ ਹੋਵੇ। ਉਹ ਸੋਚਦੀ ਰਹੀ, ਹੱਸਦੀ ਰਹੀ। ਫੇਰ ਅਚਾਨਕ ਪਤਾ ਨਹੀਂ ਉਸਦੇ ਦਿਮਾਗ਼ ਵਿਚ ਕੀ ਆਇਆ ਕਿ ਉਹ ਕਮਰੇ ਵਿਚ ਗਈ ਤੇ ਇਕ ਛੋਟਾ-ਜਿਹਾ ਸ਼ੀਸ਼ਾ ਚੁੱਕ ਲਿਆਈ ਤੇ ਉਸਨੂੰ ਆਪਣੇ ਗੋਡਿਆਂ 'ਤੇ ਰੱਖ ਕੇ ਭਾਂਡੇ ਮਾਂਜਣ ਲੱਗੀ। ਉਹ ਕੁਝ ਸ਼ਸ਼ੋਪੰਜ ਵਿਚ ਸੀ, ਅਖ਼ੀਰ ਉਸਨੇ ਸ਼ੀਸ਼ੇ ਨੂੰ ਸੂਰਜ ਦੀ ਰੋਸ਼ਨੀ ਵਿਚ ਏਧਰ-ਉੱਧਰ ਘੁਮਾਇਆ। ਰੋਸ਼ਨੀ ਦਾ ਇਕ ਗੋਲਾ ਯਾਰੂ ਦੀਆਂ ਅੱਖਾਂ 'ਤੇ ਪੈਣ ਲੱਗਾ। ਤੇ ਜਦੋਂ ਉਹ ਰੋਸ਼ਨੀ ਦਾ ਗੋਲਾ ਉਸਦੀਆਂ ਅੱਖਾਂ 'ਤੇ ਲਗਾਤਾਰ ਟਿਕਿਆ ਰਿਹਾ ਤਾਂ ਉਹ ਭੁੜਕ ਕੇ ਉੱਠ ਬੈਠਾ ਹੋਇਆ। ਮਲੂਕਣ ਨੇ ਕਾਹਲ ਨਾਲ ਸ਼ੀਸ਼ਾ ਲਕੋ ਲਿਆ ਤੇ ਫੇਰ ਇਸ ਤਰ੍ਹਾਂ ਭਾਂਡੇ ਮਾਂਜਣ ਲੱਗੀ ਜਿਵੇਂ ਕੋਈ ਗੱਲ ਹੀ ਨਾ ਹੋਈ ਹੋਵੇ। ਯਾਰੂ ਨੇ ਚਾਰੇ-ਪਾਸੇ ਬੜੇ ਗੌਰ ਨਾਲ ਵੇਖਿਆ। ਫੇਰ ਉਹ ਸਮਝ ਗਿਆ ਤੇ ਘੂਰ ਕੇ ਮਲੂਕਣ ਵੱਲ ਵੇਖਣ ਲੱਗਾ ਪਰ ਅੱਖਾਂ ਵਿਚ ਨੀਂਦ ਸੀ ਇਸ ਲਈ ਫੇਰ ਪਾਸਾ ਬਦਲ ਕੇ ਸੌਂ ਗਿਆ।



ਮਲੂਕਣ ਨੂੰ ਉਸਦੇ ਘੂਰ ਕੇ ਵੇਖਣ 'ਤੇ ਗੁੱਸਾ ਆਉਣ ਲੱਗਾ। ਉਹ ਸ਼ੀਸ਼ਾ ਲੈ ਕੇ ਘਰ ਦੇ ਪਿਛਲੇ ਹਿੱਸੇ ਵਿਚ ਚਲੀ ਗਈ ਤੇ ਉੱਥੋਂ ਇਕ ਛੋਟੇ-ਜਿਹੇ ਮੋਰੇ ਵਿਚੋਂ ਸਿੰਨ੍ਹ ਕੇ ਸ਼ੀਸ਼ੇ ਦੀ ਲਿਸ਼ਕੋਰ ਯਾਰੂ ਦੇ ਚਿਹਰੇ 'ਤੇ ਮਾਰਨ ਲੱਗੀ। ਯਾਰੂ ਯਕਦਮ ਉੱਠ ਖੜ੍ਹਾ ਹੋਇਆ ਤੇ ਜਿਸ ਪਾਸਿਓਂ ਸ਼ੀਸ਼ੇ ਦੀ ਲਿਸ਼ਕੋਰ ਆ ਰਹੀ ਸੀ, ਅਹੁਲ ਕੇ ਉਧਰ ਗਿਆ। ਪਰ ਉਹ ਚੁੱਪਚਾਪ ਉੱਥੋਂ ਖਿਸਕ ਕੇ ਆਪਣੀ ਮਾਂ ਕੋਲ ਜਾ ਖੜ੍ਹੀ ਹੋਈ ਸੀ। "ਮਾਂ ਤੂੰ ਪੜ੍ਹ ਲੈ, ਫੇਰ ਮੈਂ ਨਮਾਜ਼ ਪੜ੍ਹਾਂਗੀ।" ਯਾਰੂ ਗੁੱਸੇ ਵਿਚ ਭੁੱਜਦਾ ਆਪਣੇ ਬੁੱਲ੍ਹ ਟੁੱਕਦਾ ਰਿਹਾ, ਉਹ ਮਨ ਹੀ ਮਨ ਮੁਸਕੁਰਾਉਂਦੀ ਰਹੀ। ਦੂਜੇ ਦਿਨ ਜਦੋਂ ਮਲੂਕਣ ਸੌਂ ਕੇ ਉੱਠੀ ਤਾਂ ਉਸਨੂੰ ਕੱਲ੍ਹ ਵਾਲੀ ਗੱਲ ਯਾਦ ਆ ਗਈ। ਰਾਤ ਨੂੰ ਨੀਂਦ ਵਿਚ ਉਸਨੂੰ ਇੰਜ ਮਹਿਸੂਸ ਹੋਇਆ ਸੀ ਜਿਵੇਂ ਕੋਈ ਉਸਦੇ ਗੱਲ੍ਹ ਤੇ ਮੱਥੇ ਨੂੰ ਹੌਲੀ-ਹੌਲੀ ਚੁੰਮ ਰਿਹਾ ਹੈ। ਪਰ ਉਹ ਗੂੜ੍ਹੀ ਨੀਂਦ ਵਿਚ ਸੀ ਤੇ ਜਦੋਂ ਜਾਗੀ ਤਾਂ ਉਹ ਬੁੱਲ੍ਹ ਗ਼ਾਇਬ ਹੋ ਚੁੱਕੇ ਸਨ। ਉਸਨੇ ਆਪਣੇ ਮੂੰਹ, ਮੱਥੇ 'ਤੇ ਹੱਥ ਫੇਰ ਕੇ ਦੇਖਿਆ ਤਾਂ ਉਹ ਗਿੱਲਾ ਸੀ। ਉਸਨੇ ਕੁਸੈਲੀਆਂ ਨਿਗਾਹਾਂ ਨਾਲ ਯਾਰੂ ਵੱਲ ਘੂਰਿਆ ਪਰ ਉਹ ਆਪਣੇ ਕੰਮਾਂ ਵਿਚ ਇੰਜ ਰੁੱਝਿਆ ਹੋਇਆ ਸੀ ਜਿਵੇਂ ਕੁਝ ਵੀ ਨਾ ਜਾਣਦਾ ਹੋਵੇ।

ਮਲੂਕਣ ਨੇ ਕਈ ਵਾਰੀ ਗੂੜ੍ਹੀ ਨੀਂਦ ਵਿਚ ਇੰਜ ਮਹਿਸੂਸ ਕੀਤਾ ਸੀ। ਆਖ਼ਰ ਕਦੋਂ ਤਕ ਇਹ ਸਿਲਸਿਲਾ ਚੱਲਦਾ। ਇਕ ਦਿਨ ਚੋਰ ਫੜਿਆ ਗਿਆ ਪਰ ਬਦਨਾਮੀ ਦੇ ਭੈਅ ਕਰਕੇ ਉਹ ਚੀਕ ਤਾਂ ਨਾ ਸਕੀ ਪਰ ਚੋਰ ਦਾ ਜਿਹੜਾ ਹਿੱਸਾ ਸਾਹਮਣੇ ਆਇਆ ਉਸ 'ਤੇ ਚੱਕ ਵੱਢ ਲਿਆ। ਦੂਜੇ ਦਿਨ ਯਾਰੂ ਆਪਣੀ ਗੱਲ੍ਹ 'ਤੇ ਮਿੱਟੀ ਦਾ ਲੇਪ ਚੜ੍ਹਾਈ ਫਿਰ ਰਿਹਾ ਸੀ। ਜਦੋਂ ਕੋਈ ਪੁੱਛਦਾ ਤਾਂ ਕਹਿੰਦਾ ਕਿ ਰਾਤ ਕਿਸੇ ਭਰਿੰਡੀ ਨੇ ਡੰਗ ਮਾਰ ਦਿੱਤਾ ਏ। ਮਲੂਕਣ ਜਦੋਂ ਇਹ ਸੁਣਦੀ ਤਾਂ ਮਨ ਹੀ ਮਨ ਹੱਸਦੀ। ਉਸਦੀ ਇਸ ਹਾਸੀ ਵਿਚ ਜੇਤੂਆਂ ਵਾਲਾ ਅੰਦਾਜ਼ ਹੁੰਦਾ। ਰਾਤ ਨੂੰ ਉਸਨੇ ਸੋਚਿਆ ਸੀ ਕਿ ਸਵੇਰੇ ਅੰਮਾਂ ਨੂੰ ਸ਼ਿਕਾਇਤ ਕਰੇਗੀ ਤੇ ਉਸਨੂੰ ਘਰੋਂ ਕਢਵਾ ਦਏਗੀ ਪਰ ਸਵੇਰੇ ਯਾਰੂ ਦੀ ਸੁੱਜੀ ਹੋਈ ਗੱਲ੍ਹ 'ਤੇ ਮਿੱਟੀ ਦਾ ਲੇਪ ਵੇਖ ਕੇ ਉਸਨੂੰ ਆਪਣਾ ਵਿਚਾਰ ਫ਼ਜ਼ੂਲ-ਜਿਹਾ ਨਜ਼ਰ ਆਉਣ ਲੱਗਾ। ਹੁਣ ਉਹ ਸ਼ਰੀਫ਼ ਬਣ ਜਾਏਗਾ ਤੇ ਵਾਕੱਈ ਉਹ ਸ਼ਰੀਫ਼ ਨਜ਼ਰ ਆਉਣ ਲੱਗਾ ਸੀ। ਪਰ ਉਸ ਵਿਚ ਇਹ ਤਬਦੀਲੀ ਆ ਗਈ ਕਿ ਹੁਣ ਉਹ ਹਰ ਵੇਲੇ ਉਸਨੂੰ ਘੂਰਦਾ ਰਹਿੰਦਾ ਸੀ। ਪਤਾ ਨਹੀਂ ਉਸ ਦੀਆਂ ਅੱਖਾਂ ਵਿਚ ਕੇਹੀ ਮਸਤੀ ਸੀ। ਖ਼ੁਮਾਰ ਸੀ। ਅਜੀਬ ਹਾਲਤ ਸੀ। ਜਦੋਂ ਤਕ ਉਹ ਘਰ ਵਿਚ ਰਹਿੰਦਾ ਮਲੂਕਣ ਨੂੰ ਮਹਿਸੂਸ ਹੁੰਦਾ ਕਿ ਉਸ ਦੀਆਂ ਮਸਤ ਤੇ ਤੇਜ਼ ਨਜ਼ਰਾਂ ਉਸਦਾ ਪਿੱਛਾ ਕਰ ਰਹੀਆਂ ਨੇ। ਉਹ ਅਕਸਰ ਘਬਰਾ ਜਾਂਦੀ। ਹਰ ਵੇਲੇ ਚੁਕੰਨੀ ਰਹਿੰਦੀ ਜਿਵੇਂ ਕੋਈ ਖ਼ਤਰਾ ਉਸਦੇ ਸਿਰ 'ਤੇ ਮੰਡਲਾ ਰਿਹਾ ਹੋਵੇ। ਵਾਰੀ-ਵਾਰੀ ਸਿਰ 'ਤੇ ਚੁੰਨੀ ਲੈ ਲੈਂਦੀ ਜਿਹੜੀ ਖ਼ੁਦ-ਬ-ਖ਼ੁਦ ਸਰਕ ਜਾਂਦੀ। ਦਿਲ ਧਕ-ਧਕ ਕਰਦਾ ਰਹਿੰਦਾ। ਕਦੀ-ਕਦੀ ਏਨੀ ਤੇਜ਼ ਤੁਰਣ ਲੱਗਦੀ ਜਿਵੇਂ ਕੋਈ ਉਸਦਾ ਪਿੱਛਾ ਕਰ ਰਿਹਾ ਹੋਵੇ। ਫੇਰ ਖੜ੍ਹੀ ਹੋ ਕੇ ਐਵੇਂ ਹੀ ਕੁਝ ਸੋਚਣ ਲੱਗਦੀ। ਉਹ ਹਰ ਗੱਲ ਭੁੱਲ ਜਾਂਦੀ ਤੇ ਫੇਰ ਖੜ੍ਹੀ ਹੋ ਕੇ ਸੋਚਦੀ ਕਿ ਉਹ ਕਿਹੜੀ ਗੱਲ ਭੁੱਲ ਗਈ ਏ—ਜਦੋਂ ਕੁਝ ਯਾਦ ਨਾ ਆਉਂਦਾ ਤਾਂ ਉਹ ਖਿਝ ਜਾਂਦੀ। ਕਦੀ-ਕੋਈ ਗੱਲ ਪੁੱਛਦਾ ਤਾਂ ਉਹ ਗਲਤ-ਸਲਤ ਜਵਾਬ ਦਿੰਦੀ। ਉੱਖੜੀ-ਉੱਖੜੀ, ਪ੍ਰੇਸ਼ਾਨ, ਘਬਰਾਈ ਹੋਈ ਤੇ ਕਦੀ-ਕਦੀ ਸ਼ਰਮਿੰਦਾ-ਜਿਹੀ ਵੀ ਰਹਿੰਦੀ—ਪਤਾ ਨਹੀਂ ਕਿਹੜਾ ਰੋਗ ਲੱਗ ਗਿਆ ਸੀ ਉਸਨੂੰ।

ਇਕ ਦਿਨ ਉਹ ਕਿਤਾਬ ਚੁੱਕ ਕੇ ਉੱਚੀ-ਉੱਚੀ ਪੜ੍ਹਨ ਲੱਗਾ। ਆਪਣੀ ਭੂਆ ਨੂੰ ਕਹਿਣ ਲੱਗਾ ਕਿ ਉਸਨੇ ਨਜ਼ਮ ਯਾਦ ਕਰਨੀ ਹੈ। ਫੇਰ ਉਹ ਮੋਮਲ ਰਾਣਾ, ਸੱਸੀ ਪੁੰਨੂੰ, ਸੋਹਣੀ ਮਾਹੀਵਾਲ ਦੀਆਂ ਕਹਾਣੀਆਂ ਨੂੰ ਇਸ ਅੰਦਾਜ਼ ਵਿਚ ਪੜ੍ਹਨ ਲੱਗਾ ਕਿ ਸਾਰਿਆਂ ਦਾ ਧਿਆਨ ਉਸੇ ਵੱਲ ਰਹਿਣ ਲੱਗਾ। ਰਾਤ ਨੂੰ ਉਹ ਨਜ਼ਮਾਂ ਗੁਣਗੁਣਾਉਣ ਲੱਗਦਾ। ਆਖ਼ਰ ਘਰ ਦੇ ਸਾਰੇ ਜੀਆਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਉਸਦੀ ਆਵਾਜ਼ ਵਿਚ ਕੇਡੀ ਮਿੱਠਾਸ, ਲੋਚ ਤੇ ਦਰਦ ਹੈ। ਉਸਦੀ ਭੂਆ ਤੇ ਫੁੱਫੜ ਉਸ ਸੁਰੀਲੀ ਤੇ ਦਰਦ ਭਰੀ ਆਵਾਜ਼ ਕਰਕੇ ਉਸ ਤੋਂ ਕੋਈ ਗਾਣਾ ਜਾਂ ਕਾਫ਼ੀ ਸੁਣਨ ਦੀ ਫ਼ਰਮਾਇਸ਼ ਕਰਦੇ ਪਰ ਮਲੂਕਣ ਇਸ ਉਮਰ ਵਿਚ ਇਹ ਚੰਗੀ ਤਰ੍ਹਾਂ ਸਮਝਦੀ ਸੀ ਕਿ ਇਹ ਗਾਣੇ ਜਾਂ ਕਾਫ਼ੀਆਂ ਆਖ਼ਰ ਕਿਸ ਲਈ ਗਾਏ ਜਾ ਰਹੇ ਨੇ। ਉਹ ਉਲਝ ਕੇ ਰਹਿ ਜਾਂਦੀ। ਆਖ਼ਰ ਉਹ ਕਹਿਣਾ ਕੀ ਚਾਹੁੰਦਾ ਹੈ? ਆਖ਼ਰ ਉਹ ਇੰਜ ਕਿਉਂ ਕਰਦਾ ਹੈ? ਉਸਦੇ ਦਿਲ ਦੀਆਂ ਧੜਕਨਾਂ ਖ਼ੁਦ-ਬ-ਖ਼ੁਦ ਤੇਜ਼ ਹੋ ਜਾਂਦੀਆਂ। ਫੇਰ ਉਹ ਰੰਗੀਨ ਤੇ ਜਾਦੂਈ ਦੁਨੀਆਂ ਵਿਚ ਗਵਾਚ ਜਾਂਦੀ। ਹੁਣ ਉਸਨੂੰ ਪਹਿਲਾਂ ਵਾਂਗ ਭੈਅ, ਦਹਿਸ਼ਤ ਜਾਂ ਸ਼ੰਕਾ ਮਹਿਸੂਸ ਨਹੀਂ ਸੀ ਹੁੰਦੀ। ਸਿਵਾਏ ਉਸ ਸ਼ਖ਼ਸ ਦੇ ਇਸ ਘਰ ਵਿਚ ਹਰ ਕੋਈ ਉਸਨੂੰ ਇਕ ਪ੍ਰਛਾਵਾਂ ਨਜ਼ਰ ਆਉਂਦਾ—ਉਹਨਾਂ ਦੇ ਖ਼ਿਆਲਾਂ, ਰਾਵਾਂ ਤੇ ਕੰਮਾਂ ਦੀ ਹੁਣ ਉਸਦੀ ਨਜ਼ਰ ਵਿਚ ਕੋਈ ਸੱਚਾਈ ਨਹੀਂ ਸੀ। ਗੁਨਾਹ, ਨੇਕੀ-ਬਦੀ ਬਾਰੇ ਸੁਣੀਆਂ ਸੁਣਾਈਆਂ ਗੱਲਾਂ ਉਸਨੂੰ ਬੇਅਰਥ-ਜਿਹੀਆਂ ਜਾਪਦੀਆਂ ਹੁੰਦੀਆਂ ਸਨ। ਪਤਾ ਨਹੀਂ ਕਿਉਂ ਹੁਣ ਉਸਨੂੰ ਹਰ ਸ਼ੈ ਵਿਚ ਹੁਸਨ ਤੇ ਤਾਜ਼ਗੀ ਨਜ਼ਰ ਆਉਂਦੀ ਸੀ।

ਇਕ ਵਾਰੀ ਜਮਾ ਨੂੰ ਬੁਖ਼ਾਰ ਹੋ ਗਿਆ ਤਾਂ ਯਾਰੂ ਆਪਣੀ ਭੂਆ ਦੇ ਮਨ੍ਹਾਂ ਕਰਨ ਦੇ ਬਾਵਜੂਦ ਡੰਗਰਾਂ ਨੂੰ ਖੋਲ੍ਹ ਕੇ ਚਰਾਉਣ ਲਈ ਜੰਗਲ ਵੱਲ ਲੈ ਗਿਆ। ਜਾਂਦੇ-ਜਾਂਦੇ ਉਸਨੇ ਇਸ਼ਾਰਾ ਕੀਤਾ ਕਿ ਅੱਜ ਐਤਵਾਰ ਹੈ ਤੇ ਸਕੂਲੋਂ ਵੀ ਛੁੱਟੀ ਹੈ। ਜਾਨਵਰਾਂ ਨੂੰ ਚਰਾ ਲਿਆਵਾਂਗਾ ਤੇ ਕੁਝ ਸੈਰ ਵੀ ਹੋ ਜਾਏਗੀ। ਸ਼ਾਮ ਨੂੰ ਉਸਨੇ ਗਾਂਵਾਂ ਤੇ ਮੱਝਾਂ ਦਾ ਦੁੱਧ ਵੀ ਚੋਇਆ। ਮਲੂਕਣ ਦਾ ਪਿਤਾ ਕਦੀ ਕਦੀ ਉਸਨੂੰ ਕਹਿੰਦਾ, "ਬੇਟਾ, ਜ਼ਰਾ ਏਸ ਲਾਲ ਗਾਂ ਨੂੰ ਤਾਂ ਚੋਅ ਲਿਆਵੀਂ।" ਇਸ ਤਰ੍ਹਾਂ ਯਾਰੂ ਲਗਾਤਾਰ ਘਰ ਦੇ ਕੰਮ-ਕਾਰਾਂ ਵਿਚ ਹੱਥ ਵੰਡਾਉਣ ਲੱਗਾ। ਕਦੀ ਲੱਕੜਾਂ ਪਾੜਦਾ, ਕਦੀ ਬਾਜ਼ਾਰੋਂ ਖਲ਼ ਲਿਆਉਂਦਾ। ਧਾਰਾਂ ਕੱਢਦਾ ਤੇ ਮੱਛਰਾਂ ਨੂੰ ਭਜਾਉਣ ਲਈ ਧੂੰਆਂ ਕਰਦਾ। ਉਹ ਅਕਸਰ ਕਹਿੰਦਾ ਹੁੰਦਾ ਸੀ, "ਸਕੂਲ 'ਚ ਉਸਤਾਦ ਇਹੋ ਕਹਿੰਦੇ ਨੇ ਪਈ ਹੱਥੀਂ ਕੰਮ ਕਰਨ 'ਚ ਕੋਈ ਸ਼ਰਮ ਮਹਿਸੂਸ ਨਈਂ ਕਰਨੀ ਚਾਹੀਦੀ ਤੇ ਮੈਂ ਤਾਂ ਉਂਜ ਵੀ ਕੰਮ ਕਰਨ ਦਾ ਆਦੀ ਆਂ।" ਜਦੋਂ ਮਲੂਕਣ ਦੇ ਪਿਓ ਨੂੰ ਟਾਈਫ਼ਾਈਡ ਹੋਇਆ ਤਾਂ ਘਰ ਦਾ ਸਾਰਾ ਇੰਤਜ਼ਾਮ ਉਸਦੇ ਹੱਥ ਆ ਗਿਆ। "ਜਮਾ ਅੱਜ ਜਾਨਵਰ ਜਲਦੀ ਘਰ ਲੈ ਆਵੀਂ। ਨਾਲੇ ਲੱਕੜਾਂ ਵੀ ਲੈ ਆਵੀਂ। ਫੁੱਫੜ ਜੀ ਨੂੰ ਵੱਡੇ ਹਸਪਤਾਲ ਲੈ ਜਾਵਾਂਗਾ, ਹੋ ਸਕਦਾ ਏ ਮੈਨੂੰ ਓਥੇ ਕੁਛ ਦੇਰ ਹੋ ਜਾਵੇ ਇਸ ਲਈ ਤੂੰ ਦੁੱਧ ਲੈ ਕੇ ਬਾਜ਼ਾਰ ਚਲਾ ਜਾਵੀਂ। ਭੂਆ ਜੀ ਕਿਸੇ ਤੋਂ ਪੰਜ ਰੁਪਏ ਤਾਂ ਫੜ ਲਿਆਓ, ਫੁੱਫੜ ਜੀ ਨੂੰ ਹਸਪਤਾਲ ਵਿਖਾ ਲਿਆਵਾਂ।"

ਜਦੋਂ ਦਸ ਪੰਦਰਾਂ ਦਿਨ ਬੀਤ ਗਏ ਘਰ ਵਿਚ ਰੱਖੇ ਚਾਲ੍ਹੀ ਰੁਪਏ ਵੀ ਮਹਿੰਗੀਆਂ ਦੁਆਈਆਂ 'ਤੇ ਖ਼ਰਚ ਹੋ ਗਏ ਤੇ ਕਿਤੋਂ ਉਧਾਰ ਮਿਲਣ ਦੀ ਉਮੀਦ ਨਾ ਰਹੀ ਤਾਂ ਵੀ



ਉਸਨੇ ਦੁਆਈ ਦਾ ਸਿਲਸਿਲਾ ਬੰਦ ਨਾ ਕੀਤਾ। ਬਸ, ਫ਼ਰਕ ਏਨਾ ਆ ਗਿਆ ਸੀ ਕਿ ਹੁਣ ਘਰ ਵਿਚ ਸਬਜ਼ੀ ਨਹੀਂ ਬਣਦੀ ਸੀ—ਭੁੱਖੇ ਰਹਿਣ ਦੀ ਨੌਬਤ ਹਾਲੇ ਨਹੀਂ ਸੀ ਆਈ। ਇਕ ਦਿਨ ਉਸਦੀ ਭੂਆ ਨੇ ਕਿਹਾ, "ਯਾਰੂ ਬੇਟਾ, ਹੁਣ ਤਾਂ ਪੈਸੇ ਖ਼ਤਮ ਹੋ ਗਏ, ਹੁਣ ਦਵਾਈ ਕਿੱਥੋਂ ਆਏਗੀ?" ਯਾਰੂ ਨੇ ਬੜੀ ਲਾਪ੍ਰਵਾਹੀ ਨਾਲ ਜਵਾਬ ਦਿੱਤਾ, "ਭੂਆ ਜੀ ਫ਼ਿਕਰ ਨਾ ਕਰੋ।" ਫੇਰ ਇਕ ਦਿਨ ਉਹ ਆਪਣੀ ਸੌਣ ਵਾਲੀ ਚਟਾਈ ਮਰੀਜ਼ ਯਾਨੀ ਕਿ ਫੁੱਫੜ ਦੀ ਮੰਜੀ ਕੋਲ ਲੈ ਆਇਆ। ਜਦੋਂ ਮਲੂਕਣ ਤੇ ਉਸਦੀ ਮਾਂ ਘਰ ਦੇ ਦੂਜੇ ਕੰਮਾਂ ਵਿਚ ਰੁੱਝੀਆਂ ਹੁੰਦੀਆਂ ਤਾਂ ਉਹ ਆਪਣੇ ਫੁੱਫੜ ਨੂੰ ਨੱਪਣ-ਘੁੱਟਣ ਲੱਗਦਾ। ਜਿੰਨਾ ਸਮਾਂ ਮਿਲਦਾ ਉਸ ਵਿਚ ਉਹ ਪੜ੍ਹਦਾ, ਮਰੀਜ਼ ਦੀ ਦੇਖ-ਭਾਲ ਕਰਦਾ, ਘਰ ਦੇ ਨਿੱਕੇ-ਵੱਡੇ ਕੰਮ-ਕਾਰ ਕਰਦਾ। ਇਕ ਰਾਤ ਮਰੀਜ਼ ਦੀ ਹਾਲਤ ਵਧੇਰੇ ਖ਼ਰਾਬ ਹੋ ਗਈ। ਮਲੂਕਣ ਤੇ ਉਸਦੀ ਮਾਂ ਸਾਰਾ ਦਿਨ ਸਖ਼ਤ ਮਿਹਨਤ ਪਿੱਛੋਂ ਥੱਕ ਕੇ ਚੂਰ ਹੋ ਗਈਆਂ ਸਨ, ਇਸ ਲਈ ਸੌਂ ਗਈਆਂ। ਉਹਨਾਂ ਨੂੰ ਮਰੀਜ਼ ਦਾ ਖ਼ਿਆਲ ਨਾ ਰਿਹਾ ਪਰ ਯਾਰੂ ਜਾਗਦਾ ਰਿਹਾ। ਬੁਖ਼ਾਰ ਤੇਜ਼ ਸੀ। ਉਸਨੇ ਇਕ ਰਜਾਈ ਹੋਰ ਉਸ 'ਤੇ ਪਾ ਦਿੱਤੀ ਤੇ ਉਸ ਪਿੱਛੋਂ ਨੱਪਣ-ਘੁੱਟਣ ਲੱਗਾ।

ਬੁੱਢੇ ਨੂੰ ਕਾਫੀ ਤੇਜ਼ ਬੁਖ਼ਾਰ ਸੀ। ਉਹ ਕੰਬ ਰਿਹਾ ਸੀ। ਕੁਝ ਦੇਰ ਬਾਅਦ ਬੁੱਢੇ ਦਾ ਹੱਥ ਹਿੱਲਿਆ, ਜਿਵੇਂ ਕੁਝ ਲੱਭ ਰਿਹਾ ਹੋਵੇ। ਉਸਦਾ ਹੱਥ ਯਾਰੂ ਦੇ ਹੱਥ ਨਾਲ ਟਕਰਾਇਆ। ਯਾਰੂ ਨੇ ਆਪਣਾ ਹੱਥ ਪਰ੍ਹਾਂ ਨਾ ਕੀਤਾ।

"ਬੇਟਾ, ਖ਼ੁਦਾ ਤੈਨੂੰ ਸੁਖੀ ਰੱਖੇ। ਜੇ ਮੈਨੂੰ ਕੁਛ ਹੋ ਜਾਏ ਤਾਂ ਮੇਰੇ ਬੱਚਿਆਂ ਦਾ ਖ਼ਿਆਲ ਰੱਖੀਂ...ਉਹ ਤੇਰੇ ਹਵਾਲੇ।" ਬੁੱਢੇ ਨੇ ਹੌਲੀ-ਜਿਹੀ ਕਿਹਾ। ਯਾਰੂ 'ਤੇ ਇਕ ਅਣਜਾਣ ਜਿਹਾ ਭੈਅ ਤਾਰੀ ਹੋ ਗਿਆ।

"ਫੁੱਫੜ ਜੀ ਤੁਸੀਂ ਘਬਰਾਓ ਨਾ, ਹੁਣ ਤਾਂ ਤੁਸੀਂ ਠੀਕ ਹੁੰਦੇ ਜਾ ਰਹੇ ਓਂ। ਦੋ-ਚਾਰ ਦਿਨਾਂ 'ਚ ਬਿਲਕੁਲ ਠੀਕ ਹੋ ਜਾਓਂਗੇ।" ਉਸਨੇ ਦਿਲਾਸਾ ਦਿੰਦਿਆਂ ਹੋਇਆਂ ਕਿਹਾ।

ਕੁਝ ਦਿਨਾਂ ਮਗਰੋਂ ਮਲੂਕਣ ਦਾ ਪਿਓ ਠੀਕ ਹੋ ਗਿਆ। ਦਿਨ ਬੀਤਦੇ ਰਹੇ। ਪਰ ਉਸ ਦੇ ਨਾਲ-ਨਾਲ ਲੋਕਾਂ ਵਿਚ ਵੱਖ ਵੱਖ ਤਰ੍ਹਾਂ ਦੀਆਂ ਗੱਲਾਂ ਹੋਣ ਲੱਗੀਆਂ।

ਇਕ ਦਿਨ ਗੋਸੂ ਦੀ ਬੀਵੀ ਇਕ ਜ਼ਨਾਨਾ ਸੂਟ ਲੈ ਕੇ ਆਈ। ਮਲੂਕਣ ਤੇ ਉਸਦੀ ਮਾਂ ਬੈਠੀਆਂ ਸਨ।

"ਮਾਈ ਸੂਟ ਲੈਣਾ ਈ? ਮੋਏ ਪਠਾਨ ਤੋਂ ਪਿਛਲੇ ਸਾਲ ਕੱਪੜੇ ਉਧਾਰ ਲਏ ਸੀ। ਹੁਣ ਉਹ ਡੰਡਾ ਖੜ੍ਹਾ ਕਰਕੇ ਬੂਹਾ ਮੱਲੀ ਬੈਠਾ ਏ। ਪੰਜਾਹ ਰੁਪਏ ਗਜ਼ ਏ, ਤੁਸੀਂ ਚਾਲ੍ਹੀ ਦੇ ਦਿਓ। ਸਾਰੇ 'ਤੇ ਮਕੇਸ਼ ਦੀ ਕਢਾਈ ਹੋਈ ਹੋਈ ਏ...।" ਉਹ ਕੱਪੜਾ ਖੋਲ੍ਹ ਕੇ ਦਿਖਾਉਣ ਲੱਗੀ। ਉਸ 'ਤੇ ਸਿਤਾਰੇ ਤੇ ਸ਼ੀਸ਼ੇ ਦੇਖ ਕੇ ਮਲੂਕਣ ਦਾ ਜੀਅ ਲਲਚਾ ਰਿਹਾ ਸੀ।

"ਨਈਂ, ਨਈਂ ਭੈਣ ਸਾਨੂੰ ਨਈਂ ਚਾਹੀਦਾ। ਅਜੇ ਤਾਂ ਸਾਡਾ ਜਮਾ ਛੋਟਾ ਏ, ਜਦੋਂ ਸ਼ਾਦੀ ਲਾਇਕ ਹੋਏਗਾ ਤਾਂ ਦੇਖੀ ਜਾਏਗੀ।" ਉਸਦੀ ਮਾਂ ਨੇ ਰੁੱਖੀ ਆਵਾਜ਼ ਵਿਚ ਕਿਹਾ।

"ਓਦੋਂ ਦੀ ਓਦੋਂ ਦੇਖੀ ਜਾਏਗੀ...ਸੁੱਖ ਨਾਲ ਇਹ ਮੁਟਿਆਰ ਧੀ ਮਲੂਕਣ

ਬੈਠੀ ਏ, ਇਸ ਲਈ ਲੈ ਲਓ। ਇਸ ਨੇ ਕੀ ਕਸੂਰ ਕੀਤਾ ਏ।" ਸੂਟ ਵਾਲੀ ਔਰਤ ਨੇ ਕਿਹਾ।

"ਨਈਂ ਜੀ...ਏਸ ਵਿਚਾਰੀ ਦਾ ਮੁਕੱਦਰ ਵੀ ਖੁੱਲ੍ਹੇ।" ਉਸਦੀ ਮਾਂ ਭਰੜਾਈ ਹੋਈ ਆਵਾਜ਼ 'ਚ ਬੋਲੀ।

"ਛੱਡੋ ਜੀ...," ਸੂਟ ਵਾਲੀ ਔਰਤ ਨੇ ਨਖ਼ਰੇ ਨਾਲ ਮੂੰਹ ਬਣਾਉਂਦਿਆਂ ਹੋਇਆਂ ਕਿਹਾ। ਮਲੂਕਣ ਦੀ ਮਾਂ ਮੁਸਕੁਰਾਈ। ਤੇ ਮਲੂਕਣ ਦਾ ਚਿਹਰਾ ਲਾਲ ਹੋ ਗਿਆ। ਏਨੇ ਵਿਚ ਯਾਰੂ ਵੀ ਕਿਤੋਂ ਆ ਗਿਆ ਤੇ ਗੋਸੂ ਦੀ ਬੀਵੀ ਦੀ ਤਾਂ ਜਿਵੇਂ ਅੱਲ੍ਹਾ ਨੇ ਸੁਣ ਲਈ। ਉਹ ਕਹਿਣ ਲੱਗੀ—

"ਲਓ, ਅਹੁ ਸੂਟ ਦਾ ਮਾਲਕ ਵੀ ਆ ਗਿਆ।" ਉਸਨੇ ਸੂਟ ਯਾਰੂ ਨੂੰ ਦਿਖਾਉਂਦਿਆਂ ਹੋਇਆਂ ਕਿਹਾ, "ਕੱਢ ਬੇਟਾ ਚਾਲ੍ਹੀ ਰੁਪਏ...ਤੇਰੀ ਭੂਆ ਤਾਂ ਸਮਝਦੀ ਏ ਜਿਵੇਂ ਸਾਰੀ ਦੁਨੀਆਂ ਅੰਨ੍ਹੀ ਏ ਕੁਛ ਜਾਣਦੀ ਈ ਨਈਂ।"

ਮਲੂਕਣ ਦੀ ਮਾਂ ਨੇ ਯਾਰੂ ਨੂੰ ਕਿਹਾ, "ਜਾਹ ਬੇਟਾ ਤੂੰ ਆਪਣਾ ਕੰਮ ਕਰ...ਇਹਨੂੰ ਤਾਂ ਐਵੇਂ ਭਕਾਈ ਮਾਰਨ ਦੀ ਆਦਤ ਏ।"

ਮਲੂਕਣ ਨੀਵੀਂ ਪਾ ਕੇ ਬਾਹਰ ਨਿਕਲ ਗਈ, ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਲੱਖਾਂ ਸੂਈਆਂ ਉਸਦੇ ਜਿਸਮ ਵਿਚ ਚੁਭ ਰਹੀਆਂ ਹੋਣ।

ਯਾਰੂ ਆਪਣੇ ਰਿਸ਼ਤੇਦਾਰਾਂ ਤੋਂ ਪੈਸੇ ਲੈਣ ਚਲਾ ਗਿਆ ਤੇ ਜਦੋਂ ਵਾਪਸ ਆਇਆ ਤਾਂ ਉਸਦੀ ਮਾਂ ਵੀ ਉਸਦੇ ਨਾਲ ਸੀ। ਯਾਰੂ ਦੀ ਮਾਂ ਕਦੀ ਸੂਟ ਵੱਲ ਵੇਖਦੀ, ਕਦੀ ਮਲੂਕਣ ਵੱਲ ਤੇ ਮਨ ਹੀ ਮਨ ਮੁਸਕੁਰਾਉਂਦੀ ਤੇ ਖ਼ੁਸ਼ ਹੁੰਦੀ ਰਹੀ। ਉਹ ਦੋ ਦਿਨ ਰਹੀ ਤੇ ਉਸਨੇ ਮਲੂਕਣ ਨੂੰ ਆਪਣੀਆਂ ਨਜ਼ਰਾਂ ਤੋਂ ਦੂਰ ਨਾ ਹੋਣ ਦਿੱਤਾ। ਤੇ ਮਲੂਕਣ ਵੀ ਬੇਹੱਦ ਖ਼ੁਸ਼ ਜਿਵੇਂ ਕੋਈ ਫ਼ਰਿਸ਼ਤਾ ਆਸਮਾਨ ਤੋਂ ਉੱਤਰ ਆਇਆ ਹੋਵੇ। ਉਸਦੀ ਮਾਂ ਨੇ ਕਦੀ ਏਨੇ ਪਿਆਰ ਨਹੀਂ ਦੇਖਿਆ ਸੀ। ਖ਼ਾਸ ਤੌਰ 'ਤੇ ਜਦੋਂ ਯਾਰੂ ਘਰ ਹੁੰਦਾ ਤਾਂ ਉਸਦਾ ਚਿਹਰਾ ਦੇਖਣ ਵਾਲਾ ਹੁੰਦਾ, ਫੇਰ ਉਹ ਮਦਹੋਸ਼-ਜਿਹੀ ਹੋ ਕੇ ਸੁਪਨਿਆਂ ਦੀ ਦੁਨੀਆਂ ਵਿਚ ਗਵਾਚ ਜਾਂਦੀ।

ਕੁਝ ਦਿਨਾਂ ਦੇ ਆਉਣ-ਜਾਣ ਪਿੱਛੋਂ ਹੀ ਮਲੂਕਣ ਦੀ ਮਾਂ ਨੇ ਕਿਹਾ ਕਿ ਹੁਣ ਉਹ ਯਾਰੂ ਦੇ ਸਾਹਮਣੇ ਨਾ ਆਇਆ ਕਰੇ। ਫੇਰ ਉਸਨੂੰ ਪਤਾ ਲੱਗਿਆ ਕਿ ਰਜਬ ਦੀ ਦਸ ਤਾਰੀਖ਼ ਨੂੰ ਮੰਗਣੀ ਤੇ ਸਤਾਰਾਂ ਤਾਰੀਖ਼ ਨੂੰ ਸ਼ਾਦੀ ਹੋਣ ਵਾਲੀ ਹੈ।

ਮਲੂਕਣ ਦੀ ਮਾਂ ਦਿਨ-ਰਾਤ ਦਹੇਜ਼ ਤਿਆਰ ਕਰਨ ਵਿਚ ਰੁੱਝ ਗਈ। "ਅਲਿਸ਼ਾ ਮਾਸੀ ਵੇਖਣਾ ਜ਼ਰਾ ਅਹਿ ਕੱਪੜਾ ਸਲਵਾਰ ਲਈ ਕਿਹੋ-ਜਿਹਾ ਰਹੇਗਾ ? ਏਸ ਦਾ ਰੰਗ ਠੀਕ ਏ ਨਾ ?" ਉਹ ਅਕਸਰ ਪੁੱਛਦੀ। ਕਦੀ-ਕਦੀ ਮਲੂਕਣ 'ਤੇ ਹਿਰਖ ਜਾਂਦੀ।

"ਪੁੱਤਰ ਜ਼ਰਾ ਹੋਸ਼ ਤੋਂ ਕੰਮ ਲੈ। ਬੈਠ ਕੇ ਜੇ ਏਸ ਸਲਵਾਰ ਦੇ ਪਹੁੰਚਿਆਂ 'ਚ ਸਿਊਣਾਂ ਭਰ ਦਏਂਗੀ ਤਾਂ ਕੀ ਹੋ ਜਾਏਗਾ। ਮੈਂ ਕਦੋਂ ਦੀ ਚੀਕ ਰਹੀ ਆਂ ਤੂੰ ਆਖ਼ਰ ਸੁਣਦੀ ਕਿਉਂ ਨਈਂ ਪਈ। ਅਹਿ ਕੱਪੜਿਆਂ ਦਾ ਧੰਦ ਮਸੀਂ ਪੂਰਾ ਹੋਇਐ।" ਕਦੀ ਕਹਿੰਦੀ, "ਸਹੁਰੀਂ ਜਾ ਕੇ ਵੀ ਇਵੇਂ ਨਿਹਾਲ ਕਰੇਂਗੀ...ਸਾਰਾ-ਸਾਰਾ ਦਿਨ ਬੈਠੀ ਗੱਲਾਂ ਮਾਰਦੀ



ਰਹਿੰਦੀ ਏਂ। ਮੈਂ ਇਕੱਲੀ ਜਾਨ ਕੀ ਕਰਾਂ, ਕੀ ਨਾ ਕਰਾਂ, ਤੈਨੂੰ ਏਸ ਗੱਲ ਦਾ ਕਦੋਂ ਅਹਿਸਾਸ ਹੋਏਗਾ।"

ਉੱਧਰ ਮਲੂਕਣ ਦੀਆਂ ਸਹੇਲੀਆਂ ਨੇ ਮਲੂਕਣ ਦੇ ਨੱਕ ਵਿਚ ਦਮ ਕੀਤਾ ਹੋਇਆ ਸੀ। "ਕਿਓਂ ਬਈ ਮਲੂਕਣੇ ਦੁਲਹਾ ਮੀਆਂ ਏਥੇ ਈ ਰਹਿਣਗੇ ਜਾਂ ਤੈਨੂੰ ਘਰਵਾਲਿਆਂ ਕੋਲ ਲੈ ਜਾਣਗੇ।"

"ਓ-ਜੀ, ਓਹ ਇਹਨੂੰ ਏਥੇ ਕਿੱਥੇ ਰਹਿਣ ਦੇਏਗਾ, ਆਪਣੇ ਨਾਲ ਲੈ ਜਾਏਗਾ। ਕਿਓਂ ਮਲੂਕਣੇ ਫੇਰ ਅਸੀਂ ਤੇਰੇ ਦੀਦਾਰ ਕਿੰਜ ਕਰਿਆ ਕਰਾਂਗੇ ?" ਉਹ ਉਹਨਾਂ ਨੂੰ ਜਵਾਬ ਦੇਣ ਦੀ ਬਜਾਏ ਉਹਨਾਂ ਨੂੰ ਮੂੰਹ ਚਿੜਾ ਦਿੰਦੀ।

"ਗ਼ਰੀਬ ਵਿਚਾਰੀ ਓਪਰਿਆਂ 'ਚ ਜਾ ਰਹੀ ਏ। ਇਹਦੇ ਮਾਪਿਆਂ ਦਾ ਤਾਂ ਉਹਨਾਂ ਲੋਕਾਂ ਨਾਲ ਅਜਿਹਾ ਹੁਣ ਰਿਸ਼ਤਾ ਵੀ ਨਈਂ ਰਿਹਾ।" ਇਕ ਸਹੇਲੀ ਨੇ ਕਿਹਾ, ਦੂਜੀ ਸਹੇਲੀ ਬੋਲੀ—

"ਅਸੀਂ ਤਾਂ ਇਹ ਵੀ ਸੁਣਿਆ ਏ ਕਿ ਬਰਾਦਰੀ ਵਾਲੇ ਵੀ ਇਸ ਗੱਲ 'ਤੇ ਰਜ਼ਾਮੰਦ ਨਈਂ। ਆਪਣੇ ਪਿੰਡ ਦੇ ਵਡੇਰੇ ਜਾੜੇ ਖ਼ਾਨ ਦੀ ਧੀ ਕੱਲ੍ਹ ਈ ਤਾਂ ਕਹਿ ਰਹੀ ਸੀ, 'ਅੱਬਾ ਜੀ ਨੇ ਜਦੋਂ ਦਾ ਇਹ ਸੁਣਿਆ ਏ ਬੜੇ ਨਾਰਾਜ਼ ਨੇ। ਇਸ ਲਈ ਵੀ ਕਿ ਇਸ ਗੱਲ 'ਤੇ ਬਰਾਦਰੀ ਵਾਲਿਆਂ ਸਖ਼ਤ ਇਤਰਾਜ਼ ਕੀਤੈ ਕਿ ਕਿਸੇ ਕੀਮਤ 'ਤੇ ਅਸੀਂ ਕੁੜੀ ਨੂੰ ਗ਼ੈਰਾਂ 'ਚ ਨਈਂ ਜਾਣ ਦਿਆਂਗੇ।' " ਇਕ ਹੋਰ ਕੁੜੀ ਬੋਲੀ—

"ਬਸ ਬਈ ਕੋਈ ਕੀ ਕਹਿ ਸਕਦਾ ਏ। ਆਪਣੀ ਔਲਾਦ 'ਤੇ ਹਰੇਕ ਦਾ ਹੱਕ ਹੁੰਦੈ...ਉਹ ਵਾਰਸ ਹੁੰਦੇ ਨੇ। ਜਿੱਥੇ ਚਾਹੁਣ ਤੇ ਜਿਸ ਨਾਲ ਚਾਹੁਣ ਸ਼ਾਦੀ ਕਰ ਦੇਣ—ਉਹਨਾਂ ਨੂੰ ਕੌਣ ਰੋਕ ਸਕਦੈ..."

"ਮਲੂਕਣ ਦੀ ਮਾਂ ਵੀ ਤਾਂ ਗ਼ੈਰਾਂ 'ਚ ਏ।"

"ਇਸ ਤੋਂ ਪਹਿਲਾਂ ਕੀ ਕਦੀ ਬਰਾਦਰੀ 'ਚ ਇੰਜ ਹੋਇਆ ਏ ?"

ਇਕ ਕੁੜੀ ਨੇ ਬੜੀ ਸਖ਼ਤੀ ਨਾਲ ਕਿਹਾ—

"ਕੋਈ ਇਹੋ-ਜਿਹੀ ਖ਼ਾਸ ਗੱਲ ਨਈਂ, ਇੰਜ ਵੀ ਹੁੰਦਾ ਏ। ਗ਼ੈਰਾਂ 'ਚ ਵੀ ਸ਼ਾਦੀ ਕੀਤੀ ਜਾ ਸਕਦੀ ਏ। ਆਖ਼ਰ ਅਸੀਂ ਸਾਰੇ ਮੁਸਲਮਾਨ ਆਂ ਤੇ ਇਸਲਾਮ ਵਿਚ ਏਸ ਤਰ੍ਹਾਂ ਦਾ ਕੋਈ ਇਤਰਾਜ਼ ਨਈਂ ਕੀਤਾ ਜਾਂਦਾ।"

"ਜੇ ਕਿਸੇ ਨੇ ਇਤਰਾਜ਼ ਕੀਤਾ ਤਾਂ ਫੇਰ ਅਹਿ ਸਿਲਸਿਲਾ ਫ਼ਸਾਦ ਦੀ ਸੂਰਤ ਵੀ ਧਾਰ ਲਏਗਾ।" ਇਕ ਬੁੱਢੀ ਔਰਤ ਨੇ ਕਿਹਾ।

ਮਲੂਕਣ ਦਾ ਚਿਹਰਾ ਸਰ੍ਹੋਂ ਦੇ ਫੁੱਲ ਵਾਂਗ ਪੀਲਾ ਪੈ ਗਿਆ। ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਕਿਸੇ ਬਿੱਛੂ ਨੇ ਡੰਗ ਮਾਰ ਦਿੱਤਾ ਹੋਵੇ। ਸਿਰ ਤੋਂ ਘੜਾ ਲਾਹ ਕੇ ਉਹ ਸਿੱਧੀ ਮਾਂ ਕੋਲ ਗਈ ਤੇ ਸਾਰੀ ਗੱਲ ਕਹਿ ਸੁਣਾਈ। ਇਸ ਸਭ ਕੁਝ ਸੁਣ ਕੇ ਉਸਦੀ ਮਾਂ ਵੀ ਘਬਰਾ ਗਈ ਤੇ ਸ਼ਾਮ ਨੂੰ ਜਦੋਂ ਉਸਦੇ ਪਿਓ ਨੇ ਇਹ ਗੱਲ ਸੁਣੀ ਤਾਂ ਉਹ ਹਿਰਖ ਵੱਸ ਭੜਕ ਗਿਆ—

"ਬਰਾਦਰੀ ਦੀ...ਬਰਾਦਰੀ ਵਾਲਿਆਂ ਨੇ ਆਖ਼ਰ ਸਾਨੂੰ ਕੀ ਦੇ ਦਿੱਤਾ ਏ। ਮੈਂ ਇਕ-ਇਕ ਨੂੰ ਸਮਝ ਲਵਾਂਗਾ। ਦੇਖਦਾਂ ਕੌਣ ਏਂ ਜਿਹੜਾ ਮੇਰੀ ਧੀ ਬਾਰੇ ਇਕ ਲਫ਼ਜ਼ ਵੀ ਮੂੰਹੋਂ ਕੱਢਦੈ।"

ਦੋ ਦਿਨ ਹੋਰ ਬੀਤ ਗਏ। ਅਸ਼ਾ ਦੀ ਨਮਾਜ਼ ਦਾ ਵੇਲਾ ਸੀ। ਕਿਸੇ ਨੇ ਦਰਵਾਜ਼ਾ ਖੜਕਾਇਆ। ਮਲੂਕਣ ਦਾ ਪਿਓ ਨਿਕਲ ਕੇ ਬਾਹਰ ਆਇਆ। ਕੁਝ ਚਿਰ ਪਿੱਛੋਂ ਜਦੋਂ ਉਹ ਅੰਦਰ ਵਾਪਸ ਆਇਆ ਤਾਂ ਉਸਦੀ ਬੀਵੀ ਨੇ ਪੁੱਛਿਆ, "ਕੌਣ ਸੀ ?"

"ਰਹਿਮੂ ਸੀ...।" ਰਹਿਮੂ ਜਿਹੜਾ ਕਿ ਵਡੇਰੇ ਜਾੜਾ ਖਾਂ ਦਾ ਚਰਵਾਹਾ ਸੀ।

ਮਲੂਕਣ ਸਮਝ ਗਈ ਰਹਿਮੂ ਕਿਉਂ ਆਇਆ ਸੀ। ਕਾਫੀ ਦੇਰ ਤਕ ਮਲੂਕਣ ਦਾ ਪਿਓ ਬਰਾਦਰੀ ਵਾਲਿਆਂ ਨੂੰ ਗਾਲ੍ਹਾਂ ਕੱਢਦਾ ਰਿਹਾ।

"ਮੈਂ ਕਿਸੇ ਦਾ ਗ਼ੁਲਾਮ ਨਈਂ ਆਂ।" ਉਸਨੇ ਅਤਿ ਗੁੱਸੇ ਨਾਲ ਕਿਹਾ, "ਮੈਂ ਆਪਣੀ ਧੀ ਚਾਹੇ ਕਿਸੇ ਚੰਡਾਲ ਨੂੰ ਈ ਕਿਉਂ ਨਾ ਦਿਆਂ...ਇਹ ਲੋਕ ਹੁੰਦੇ ਕੌਣ ਨੇ ਮੈਨੂੰ ਰੋਕਣ ਵਾਲੇ। ਆਖ਼ਰ ਇਹਨਾਂ ਨੂੰ ਕੀ ਹੋ ਗਿਆ ਏ, ਇਹ ਮੇਰੇ ਬਾਰੇ ਏਨੇ ਜ਼ਿਆਦਾ ਫ਼ਿਕਰਮੰਦ ਕਿਉਂ ਨੇ।"

ਦੂਜੇ ਦਿਨ ਰਾਤ ਨੂੰ ਬਰਾਦਰੀ ਦੇ ਸਾਰੇ ਲੋਕ ਸਕੂਲ ਵਿਚ ਇਕੱਠੇ ਹੋਏ। ਜਦੋਂ ਤੀਜੀ ਵਾਰੀ ਆਦਮੀ ਮਲੂਕਣ ਦੇ ਪਿਓ ਨੂੰ ਬੁਲਾਉਣ ਆਇਆ ਤਾਂ ਮਲੂਕਣ ਦੀ ਮਾਂ ਨੇ ਦੱਬਵੀਂ-ਜਿਹੀ ਆਵਾਜ਼ ਵਿਚ ਕਿਹਾ—

"ਹੁਣ ਉੱਠੋ ਵੀ, ਓਥੇ ਜਾ ਕੇ ਗੱਲ ਕਰੋ।"

ਫੇਰ ਸਾਰੀ ਰਾਤ ਉੱਚੀ-ਉੱਚੀ ਗੱਲਾਂ ਹੁੰਦੀਆਂ ਰਹੀਆਂ। ਰਾਤ ਜਦੋਂ ਡੂੰਘੀ ਹੋਣ ਲੱਗੀ ਤਾਂ ਕੁੱਤਿਆਂ ਦੇ ਭੌਂਕਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਕੋਈ ਅੱਧੀ ਰਾਤ ਗਏ ਉਹ ਘਰ ਆਇਆ। ਤੇ ਜਦੋਂ ਘਰੇ ਉਸਨੂੰ ਫ਼ੈਸਲੇ ਬਾਰੇ ਪੁੱਛਿਆ ਗਿਆ ਤਾਂ ਉਹ ਵੱਢਣ-ਖਾਣ ਨੂੰ ਪਿਆ।

"ਬਰਾਦਰੀ ਵਾਲੇ ਮੈਨੂੰ ਬਰਾਦਰੀ 'ਚੋਂ ਕੱਢ ਰਹੇ ਐ...ਓਹਨਾਂ ਦੀ...," ਉਸਨੇ ਇਕ ਨੰਗੀ-ਚਿੱਟੀ ਗਾਲ੍ਹ ਕੱਢੀ। ਪੂਰੇ ਘਰ ਵਿਚ ਮਾਯੂਸੀ ਛਾ ਗਈ।

ਉਸ ਪਿੱਛੋਂ ਤਿੰਨ ਦਿਨ ਹੋਰ ਬੀਤ ਗਏ। ਮਲੂਕਣ ਮੌਤ ਦੇ ਹਨੇਰੇ ਵਿਚ ਡੁੱਬਦੀ ਗਈ, ਪਰ ਯਾਰੂ ਦੇ ਮੂੰਹੋਂ ਇਕ ਲਫ਼ਜ਼ ਵੀ ਨਾ ਨਿਕਲਿਆ। ਉਸਦੀ ਮਾਂ ਸੁੱਤੀ ਪਈ ਸੀ। ਉਸਦਾ ਪਿਓ ਲਗਾਤਾਰ ਗਾਲ੍ਹਾਂ ਬਕ ਰਿਹਾ ਸੀ। ਉਸਨੂੰ ਸਾਰੀ ਦੁਨੀਆਂ 'ਤੇ ਗੁੱਸਾ ਆ ਰਿਹਾ ਸੀ—ਕੁੱਤੇ 'ਤੇ, ਮਲੂਕਣ 'ਤੇ, ਉਸਦੀ ਮਾਂ 'ਤੇ ਤੇ ਜਮਾ 'ਤੇ...ਤੇ ਜਦੋਂ ਉਸਦੀ ਅੱਖ ਲੱਗ ਗਈ ਤਾਂ ਫ਼ਜਰ ਵੇਲੇ ਉਸਨੂੰ ਜਮਾ ਨੇ ਜਗਾਇਆ—

"ਅੱਬਾ...ਅੱਬਾ, ਉਹ ਚਿੱਤਕਬਰੀ ਗਾਂ ਹੈ-ਨ੍ਹੀਂ।"

"ਹੈਂ..!" ਉਸਦਾ ਪਿਓ ਦਹਾੜਿਆ। ਘਰ ਦੇ ਦੂਜੇ ਲੋਕ ਵੀ ਜਾਗ ਪਏ। ਪੈੜਾਂ ਦੇ ਨਿਸ਼ਾਨ ਲੱਭਦਾ ਹੋਇਆ ਉਹ ਇਕੱਲਾ ਹੀ ਤੁਰ ਪਿਆ। ਪਿੰਡ ਦੇ ਕਿਸੇ ਖੋਜੀ ਨੇ ਉਸਦਾ ਸਾਥ ਨਾ ਦਿੱਤਾ, ਪਰ ਉਹ ਸਾਰਾ ਦਿਨ ਉਹਨਾਂ ਪੈੜਾਂ ਪਿੱਛੇ ਭਟਕਦਾ-ਭੌਂਦਾ ਫਿਰਿਆ। ਪਰ ਜਦੋਂ ਕੱਚੇ ਰਸਤੇ 'ਤੇ ਜਾ ਕੇ ਇਹ ਨਿਸ਼ਾਨ ਮੱਧਮ ਹੋ ਗਏ ਤਾਂ ਉਹ ਮਜਬੂਰ ਹੋ ਕੇ ਵਾਪਸ ਮੁੜ ਆਇਆ।

ਪਿੰਡ ਦੀ ਲਾਲੀ ਬੁੱਢੀ ਦੀ ਮੌਤ ਹੋਈ ਤਾਂ ਕਿਸੇ ਨੇ ਵੀ ਉਸਦੇ ਘਰਵਾਲਿਆਂ ਨੂੰ ਸੁਨੇਹਾ ਨਾ ਭੇਜਿਆ। ਜਦੋਂ ਅਹਿਮਦ ਦੇ ਮੁੰਡੇ ਦੀ ਛਟੀ ਬੜੇ ਧੂੰਮਧਾਮ ਨਾਲ ਮਨਾਈ ਗਈ ਤਾਂ ਵੀ ਉਹਨਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਕੁਝ ਦਿਨਾਂ ਪਿੱਛੋਂ ਉਸ



ਮੁਹੱਲੇ ਵਿਚੋਂ ਹੀ ਇਕ ਹੋਰ ਗਾਂ ਚੋਰੀ ਹੋ ਗਈ। ਸਾਰੀ ਬਰਾਦਰੀ ਵਾਲੇ ਉਸ ਦੇ ਨਾਲ-ਨਾਲ ਪੈੜਾਂ ਲੱਭਦੇ ਫਿਰੇ। ਰਿਵਾਜ਼ ਦੇ ਖ਼ਿਲਾਫ਼ ਪੁਲਿਸ-ਰਿਪੋਰਟ ਵੀ ਲਿਖਵਾਈ ਗਈ। ਪੁਲਿਸ ਵਾਲੇ ਆਏ। ਪੁੱਛਗਿੱਛ ਕੀਤੀ ਗਈ। ਪੈੜਾਂ ਲੱਭਣ ਦੀ ਕੋਸ਼ਿਸ਼ ਕੀਤੀ ਗਈ। ਖੋਜੀਆਂ ਨੇ ਜਮਾ ਦਾ ਨਾਂ ਦੱਸਿਆ ਤੇ ਪੁਲਿਸ ਵਾਲੇ ਜਮਾ ਨੂੰ ਥਾਨੇ ਲੈ ਗਏ। ਇਸ ਸਦਮੇਂ ਨਾਲ ਸਾਰੇ ਘਰ ਵਿਚ ਉਦਾਸੀ ਪਸਰ ਗਈ। ਘਰ ਦਾ ਹਰੇਕ ਜੀਅ ਇਕ ਦੂਜੇ ਨੂੰ ਡਰ, ਸਹਿਮ ਤੇ ਹੈਰਾਨੀ ਨਾਲ ਦੇਖ ਰਿਹਾ ਸੀ। ਉਹ ਸਾਰੇ ਦੇ ਸਾਰੇ ਡਰੇ ਤੇ ਸਹਿਮੇ ਹੋਏ ਸਨ। ਇਸ ਗੱਲ ਦਾ ਹਰੇਕ ਨੂੰ ਸੰਸਾ ਸੀ ਕਿ ਉਸਦੇ ਚਿਹਰੇ ਦੀ ਉਦਾਸੀ ਨੂੰ ਦੂਜਾ ਨਾ ਦੇਖ ਲਏ...ਵਰਨਾ ਹਾਰ ਦੀ ਧੂੜ ਦੇਖ ਕੇ ਸਾਰੇ ਹੌਸਲਾ ਛੱਡ ਬਹਿਣਗੇ। ਘਰ ਦੇ ਸਾਰੇ ਜੀਅ ਕਿਸੇ ਮਸ਼ੀਨ ਦੇ ਪੁਰਜਿਆਂ ਵਾਂਗ ਨਜ਼ਰ ਆਉਂਦੇ ਸਨ ਜਿਹੜੇ ਆਪ-ਮੁਹਾਰੇ ਹਰਕਤ ਕਰ ਰਹੇ ਹੋਣ। ਸਮਾਂ ਬੀਤਦਾ ਰਿਹਾ। ਉਹ ਬੀਤੇ ਦੇ ਕਿਸੇ ਵੀ ਪਲ ਦਾ ਜ਼ਿਕਰ ਆਪਣੇ ਬੁੱਲ੍ਹਾਂ 'ਤੇ ਨਹੀਂ ਸੀ ਲਿਆਉਣਾ ਚਾਹੁੰਦੇ। ਮੁਹੱਲੇ ਦੀਆਂ ਔਰਤਾਂ ਭਾਂਤ-ਭਾਂਤ ਦੀਆਂ ਗੱਲਾਂ ਕਰਕੇ ਉਸ ਭੇਤ ਦੀ ਸੂਹ ਲਾਉਣਾ ਚਾਹੁੰਦੀਆਂ ਸਨ ਪਰ ਉਸਦੀ ਮਾਂ ਨੇ ਉਹਨਾਂ ਨੂੰ ਟਾਲ ਦਿੱਤਾ—

"ਕਿਸਮਤ ਦਾ ਲਿਖਿਆ ਪੂਰਾ ਹੋ ਰਿਹੈ...ਪਹਾੜ ਨਾਲ ਸਿਰ ਮਾਰਾਂਗੇ ਤਾਂ ਆਪਣਾ ਈ ਸਿਰ ਫੁੱਟੂ। ਬਰਾਦਰੀ ਵਾਲੇ ਜੋ ਚਾਹੁਣ, ਉਹਨਾਂ ਦੀ ਮਰਜ਼ੀ।"

ਸਮਾਂ ਬੀਤਦਾ ਰਿਹਾ। ਫੇਰ ਬਰਸਾਤ ਦਾ ਮੌਸਮ ਆਇਆ। ਲੋਕ ਫੇਰ ਇਕੱਠੇ ਹੋਣ ਲੱਗੇ। ਚਾਰੇ-ਪਾਸੇ ਖ਼ੁਸ਼ਬੋਈਆਂ ਫ਼ੈਲ ਗਈਆਂ। ਜਾਨਵਰਾਂ ਦੇ ਗਲ਼ਾਂ ਵਿਚ ਬੱਝੀਆਂ ਘੰਟੀਆਂ ਟੁਣਕਣ ਲੱਗੀਆਂ। ਚੰਗ (ਸਾਰੰਗੀ) ਤੇ ਨੜ (ਵੰਝਲੀ) ਦੀ ਸੁਰੀਲੀ ਤਾਣ 'ਤੇ ਕਾਫ਼ੀਆਂ ਤੇ ਗੀਤ ਅਲਾਪੇ ਜਾਣ ਲੱਗੇ। ਪਿੰਡ ਦੇ ਗੱਭਰੂਾਂ, ਨੌਜਵਾਨਾਂ ਦੇ ਦਿਲ ਮਸਤ ਹੋ ਗਏ ਤੇ ਕੁੜੀਆਂ ਭੇਤ-ਭਰੀਆਂ, ਗੁੱਝੀਆਂ-ਗੱਲਾਂ ਕਰਨ ਲੱਗੀਆਂ। ਅਜੀਬ ਮਨਮੋਹਣੇ ਦ੍ਰਿਸ਼ ਹੁੰਦੇ ਪਰ ਲੋਕ ਹੁਣ ਵੀ ਜਮਾ ਦੇ ਘਰਵਾਲਿਆਂ ਨੂੰ ਵਿਅੰਗਮਈ ਵਾਕਾਂ ਨਾਲ ਛੁੰਡਦੇ ਰਹਿੰਦੇ ਸੀ। ਵਾਅਦੇ ਹੋਏ, ਸ਼ੱਕ ਪੈਦਾ ਹੋਏ, ਇਲਜ਼ਾਮ ਲਾਏ ਗਏ, ਗੱਲਾਂ ਉੱਡੀਆਂ, ਆਪਸ ਵਿਚ ਘੁਸਰ-ਮੁਸਰ ਹੋਈ—ਜਿਹੜੀਆਂ ਗਾਂਵਾਂ ਚੋਰੀ ਹੋਈਆਂ ਸਨ, ਉਹਨਾਂ ਦੀ ਭਾਲ ਜਾਰੀ ਰਹੀ। ਖੋਜੀ ਪੈੜਾਂ ਲੱਭਦੇ ਰਹੇ। ਭਰੋਸੇ ਦਿੱਤੇ ਜਾਂਦੇ ਰਹੇ। ਵੱਡੇ-ਵੱਡੇ ਸਿੰਗਾਂ ਵਾਲੀਆਂ ਮੱਝਾਂ ਜੁਗਾਲੀਆਂ ਕਰਦੀਆਂ ਰਹੀਆਂ। ਬੱਚੇ ਖੇਡਦੇ ਰਹੇ। ਲਾਲ, ਪੀਲੇ ਤੇ ਬੈਂਗਣੀ ਰੰਗਾਂ ਦੇ ਕੱਪੜੇ ਹਵਾ ਵਿਚ ਲਹਿਰਾਉਂਦੇ ਰਹੇ। ਮਲੂਕਣ ਦੀ ਮਾਂ ਨੇ ਉਸਦੇ ਸਿਰ ਤੋਂ ਘੜਾ ਲਾਹੁੰਦਿਆਂ ਕਿਹਾ—

"ਇਹ ਕੇਡੀ ਪਾਟੀ ਪੁਰਾਣੀ ਕਮੀਜ਼ ਪਾਈ ਹੋਈ ਏ, ਲਾਹ ਦੇ ਇਹਨੂੰ—ਤੇ ਦੂਜੀ ਕਮੀਜ਼ ਪਾ ਲੈ, ਇਹ ਕਮੀਜ਼ ਤਾਂ ਥਾਂ-ਥਾਂ ਤੋਂ ਪਾਟ ਗਈ ਏ।"

ਮਲੂਕਣ ਨੇ ਸ਼ਰਮਿੰਦਗੀ ਨਾਲ ਆਪਣੀ ਪਾਟੀ ਹੋਈ ਕਮੀਜ਼ ਵੱਲ ਦੇਖਿਆ ਤਾਂ ਉਸਨੂੰ ਆਪਣਾ ਗੋਰਾ ਜਿਸਮ ਉਸ ਵਿਚੋਂ ਝਾਕਦਾ ਹੋਇਆ ਨਜ਼ਰ ਆਉਣ ਲੱਗਾ। ਉਹ ਚੁੱਪਚਾਪ ਕਮਰੇ ਵਿਚ ਚਲੀ ਗਈ। ਕਮੀਜ਼ ਲਾਹ ਕੇ ਸੂਈ ਧਾਗੇ ਨਾਲ ਸਿਓਣ ਲੱਗੀ ਪਰ ਉਸਦੀ ਮਾਂ ਨੇ ਉਸ ਤੋਂ ਉਹ ਕਮੀਜ਼ ਖੋਹ ਲਈ ਤੇ ਨਵੀਂ ਛੀਂਟ ਦੀ ਕਮੀਜ਼ ਉਸਨੂੰ ਪਾਉਣ ਲਈ ਦੇ ਦਿੱਤੀ। ਇਹ ਛੀਂਟ ਦੀ ਨਵੀਂ ਕਮੀਜ਼ ਉਸਦੇ ਦਾਜ ਲਈ ਸੀ।

"ਮਲੂਕਣੇ ਤੂੰ ਤਾਂ ਹੱਦ ਈ ਕਰ ਦਿੱਤੀ। ਸਾਰੀ ਦੁਨੀਆਂ ਖ਼ੁਸ਼ੀ ਮੰਨਾ ਰਹੀ ਏ ਤੇ ਤੂੰ ਅਹਿ ਕਾਲਾ ਖ਼ੱਫ਼ਣ ਪਾਈ ਫਿਰਦੀ ਏਂ। ਦੁਨੀਆਂ ਸਾਨੂੰ ਧੌਣ ਉੱਚੀ ਕਰਕੇ ਜਿਊਣ ਵੀ ਦਏਗੀ ਜਾਂ ਨਈਂ...ਤੂੰ ਦੁਸ਼ਮਣਾਂ ਨੂੰ ਸਾਡੇ 'ਤੇ ਹੱਸਣ ਦਾ ਮੌਕਾ ਕਿਓਂ ਦੇਣ ਡਈ ਏਂ।" ਉਸਨੇ ਬੜੇ ਹੀ ਦੁੱਖੀ ਤੇ ਨਿਤਾਣੇ-ਜਿਹੇ ਲਹਿਜੇ ਵਿਚ ਕਿਹਾ। ਮਲੂਕਣ ਨੇ ਨਵੀਂ ਕਮੀਜ਼ ਪਾ ਲਈ।

"ਸਿਰ ਦੇਖ ਆਪਣਾ, ਇਹ ਆਪਣਾ ਕੀ ਹਾਲ ਬਣਾ ਰੱਖਿਆ ਏ ਤੂੰ। ਬੰਦਿਆਂ ਵਾਂਗੂੰ ਆਪਣੇ ਸਿਰ ਨੂੰ ਤੇਲ ਲਾ, ਵਾਹ-ਸੰਵਾਰ, ਕਿਵੇਂ ਛਾਪਿਆਂ ਵਾਂਗਰ ਉਲਝੇ ਪਏ ਐ।" ਮਲੂਕਣ ਨੇ ਮਾਂ ਦਾ ਕਹਿਣਾ ਮੰਨ ਲਿਆ, ਫੇਰ ਵੀ ਮਾਂ ਨੇ ਇਤਰਾਜ਼ ਕੀਤਾ—

"ਸ਼ੀਸ਼ੇ 'ਚ ਆਪਣੀ ਸ਼ਕਲ ਤਾਂ ਦੇਖ, ਕਿੰਜ ਮੂੰਹ 'ਤੇ ਮੈਲ ਚੜ੍ਹੀ ਹੋਈ ਏ ਜਿਵੇਂ ਪਤਾ ਨਈਂ ਕਿੱਦੇਂ ਦਾ ਮੂੰਹ ਨਈਂ ਧੋਤਾ।" ਤੇ ਜਦੋਂ ਮਲੂਕਣ ਮੂੰਹ ਧੋ ਕੇ ਆਈ ਤਾਂ ਉਸਦੀ ਮਾਂ ਖਿੜ ਗਈ ਤੇ ਗਲ਼ ਲਾ ਕੇ ਉਸਦਾ ਮੂੰਹ ਚੁੰਮਣ ਲੱਗੀ—

"ਦੇਖ ਹੁਣ ਲੱਗ ਰਹੀ ਏਂ ਰਾਣੀ, ਖ਼ਾਹਮ-ਖ਼ਾਹ ਲੋਕਾਂ ਨੂੰ ਹੱਸਣ ਦਾ ਮੌਕਾ ਨਈਂ ਦੇਣਾ ਚਾਹੀਦਾ। ਅਹਿ ਕੀ ਹੋ ਰਿਹਾ ਏ, ਮੈਂ ਮਰ ਜਾਵਾਂ, ਮੈਂ ਕਿੱਧਰ ਜਾਵਾਂ?" ਉਸਨੇ ਮਲੂਕਣ ਦੀਆਂ ਵੱਡੀਆਂ-ਵੱਡੀਆਂ ਸਿਤਾਰਿਆਂ ਵਾਂਗ ਚਮਕਦੀਆਂ ਅੱਖਾਂ ਵਿਚ ਅੱਥਰੂ ਦੇਖੇ ਤਾਂ ਤੜਫ਼ ਕੇ ਕਿਹਾ, ਤੇ ਫੇਰ ਉਹਨਾਂ ਅੱਥਰੂਆਂ ਨੂੰ ਆਪਣੇ ਦੁਪੱਟੇ ਨਾਲ ਪੂੰਝਿਆ ਤੇ ਇੰਜ ਕਰਦਿਆਂ ਹੋਇਆਂ ਖ਼ੁਦ ਉਸ ਦੀਆਂ ਅੱਖਾਂ ਵਿਚ ਵੀ ਅੱਥਰੂ ਆ ਗਏ। ਮਲੂਕਣ ਮਾਂ ਨਾਲ ਚੰਬੜ ਗਈ ਤੇ ਫੇਰ ਦੋਵੇਂ ਹੀ ਰੋਣ ਲੱਗੀਆਂ।

ਉਹ ਸਾਰਾ ਦਿਨ ਅਜੀਬ-ਜਿਹੇ ਖ਼ਿਆਲਾਂ ਵਿਚ ਗਵਾਚੀ ਰਹਿੰਦੀ। ਉਸਨੂੰ ਜਦੋਂ ਵੀ ਕੋਈ ਗੱਲ ਪੁੱਛੀ ਜਾਂਦੀ ਤਾਂ ਉਹ ਤ੍ਰਬਕ ਜਾਂਦੀ ਜਿਵੇਂ ਕਿਸੇ ਨੇ ਉਸਨੂੰ ਸੁਪਨਿਆਂ ਦੀ ਦੁਨੀਆਂ ਵਿਚੋਂ ਜਗਾ ਦਿੱਤਾ ਹੋਵੇ। ਆਪਣੀਆਂ ਵੱਡੀਆਂ-ਵੱਡੀਆਂ ਤੇ ਕਾਲੀਆਂ ਅੱਖਾਂ ਅੱਡ-ਅੱਡ ਕੇ ਦੇਖਦੀ। ਸੋਚ-ਸੋਚ ਕੇ ਉਸਦਾ ਸਿਰ ਘੁੰਮਣ ਲੱਗਦਾ। ਇਕ ਪਿੱਛੋਂ ਇਕ ਖ਼ਿਆਲ ਉਸਦੇ ਦਿਮਾਗ਼ ਵਿਚ ਚੱਕਰ ਲਾਉਂਦੇ ਰਹਿੰਦੇ। ਕਿਸੇ ਨਾ ਕਿਸੇ ਦਿਨ ਉਹ ਜ਼ਰੂਰ ਆਏਗਾ ਤੇ ਉਸਨੂੰ ਲੈ ਜਾਏਗਾ ਤੇ ਸਾਰੇ ਹੱਥ ਬੰਨ੍ਹ ਕੇ ਪਿੱਛੇ ਹਟ ਜਾਣਗੇ। ਉਸਦੇ ਦਿਮਾਗ਼ ਵਿਚ ਸੁਪਨਿਆਂ ਦੇ ਭੰਵਰ ਭੌਂਦੇ ਰਹਿੰਦੇ ਸਨ।

ਇਕ ਦਿਨ ਉਹ ਪਾਣੀ ਭਰਨ ਲਈ ਖ਼ੂਹ 'ਤੇ ਗਈ...ਸਬੱਬ ਨਾਲ ਉੱਥੇ ਕੋਈ ਵੀ ਨਹੀਂ ਸੀ। ਘੜਾ ਇਕ ਪਾਸੇ ਰੱਖ ਕੇ ਉਹ ਖ਼ੂਹ ਦੇ ਮੂੰਹੇ 'ਤੇ ਪੈਰ ਲਮਕਾ ਕੇ ਬੈਠ ਗਈ। ਫੇਰ ਪਤਾ ਨਹੀਂ ਕੀ ਸੋਚਣ ਲੱਗੀ। ਸੋਚਦੀ ਨੂੰ ਲੱਗਿਆ ਕਿ ਯਾਰੂ ਖ਼ੂਹ ਵਿਚ ਬੈਠਾ ਹੈ।

"ਉਸਨੂੰ ਜਾ ਕੇ ਮਿਲਾਂ।"

ਉਹ ਬੈਠੀ ਇੰਜ ਹੀ ਸੋਚਦੀ ਰਹੀ। ਆਖ਼ਰ ਹਿੰਮਤ ਨਾ ਪਈ ਤਾਂ ਕੁਝ ਹੋਰ ਸੋਚਣਾ ਸ਼ੁਰੂ ਕਰ ਦਿੱਤਾ। ਉਹ ਦੂਜੀ ਵਾਰੀ ਖਾਨ ਬਾਰੇ ਸੋਚਣ ਲੱਗੀ ਪਰ ਇਹ ਖ਼ਿਆਲ ਵੀ ਬਹੁਤੀ ਦੇਰ ਤਕ ਉਸਦੇ ਦਿਮਾਗ਼ ਵਿਚ ਨਾ ਰਹਿ ਸਕਿਆ। ਉਸਨੂੰ ਆਪਣੀ ਮਾਂ ਦੀਆਂ ਅੱਖਾਂ ਵਿਚਲੀ ਹਮਦਰਦੀ ਵੀ ਚੰਗੀ ਨਹੀਂ ਸੀ ਲੱਗਦੀ। ਉਹ ਨਹੀਂ ਚਾਹੁੰਦੀ ਸੀ ਕਿ ਕੋਈ ਉਸ 'ਤੇ ਤਰਸ ਕਰੇ। ਹਮਦਰਦੀ ਦਿਖਾਵੇ। ਇਕ ਦਿਨ ਅਚਾਨਕ ਉਸਨੇ ਆਪਣੀ ਮਾਂ ਨੂੰ ਪੁੱਛਿਆ—



"ਅੰਮਾਂ ਅਸੀਂ ਏਥੋਂ ਕਿਧਰੇ ਹੋਰ ਕਿਓਂ ਨਾ ਚਲੇ ਜਾਈਏ?"

ਉਸਦੀ ਮਾਂ ਨੇ ਹੈਰਾਨੀ ਨਾਲ ਪੁੱਛਿਆ, "ਕਿੱਥੇ, ਬਈ?"

"ਕਿਤੇ ਵੀ।" ਉਸਨੇ ਜਵਾਬ ਦਿੱਤਾ।

ਉਸਦੀ ਮਾਂ ਹੈਰਾਨੀ ਨਾਲ ਉਸਦੇ ਮੂੰਹ ਵੱਲ ਤੱਕਦੀ ਰਹੀ।

ਇਹ ਖ਼ਿਆਲ ਉਸਦੇ ਦਿਲ ਵਿਚ ਘਰ ਕਰ ਗਿਆ ਸੀ ਕਿ ਯਾਰੂ ਕਿਸੇ ਦਿਨ ਆ ਕੇ ਲੈ ਜਾਏਗਾ। ਇਕ ਦਿਨ ਉਂਜ ਹੀ ਗੱਲਾਂ-ਗੱਲਾਂ ਵਿਚ ਉਸਨੇ ਆਪਣੀ ਮਾਂ ਨੂੰ ਪੁੱਛਿਆ,

"ਅੰਮਾਂ, ਉਹ ਕਦੋਂ ਤਕ ਆਉਣਗੇ?"

"ਕੌਣ?" ਉਸਦੀ ਮਾਂ ਨੇ ਗੱਲ ਨੂੰ ਨਾ ਸਮਝਦਿਆਂ ਹੋਇਆਂ ਪੁੱਛਿਆ।

ਉਸਨੇ ਕੋਈ ਜਵਾਬ ਨਾ ਦਿੱਤਾ। ਥੋੜ੍ਹੀ ਦੇਰ ਬਾਅਦ ਉਸਦੀ ਮਾਂ ਨੇ ਕਿਹਾ—

"ਧੀਏ ਹੁਣ ਉਹ ਵਿਚਾਰਾ ਆ ਕੇ ਕੀ ਕਰੂਗਾ।"

ਫੇਰ ਉਸਨੂੰ ਅਚਾਨਕ ਯਾਰੂ 'ਤੇ ਗੁੱਸਾ ਆਉਣ ਲੱਗਾ—ਇਹ ਸਭ ਉਸਦਾ ਕਸੂਰ ਏ। ਜੇ ਉਹ ਚਾਹੁੰਦਾ ਤਾਂ ਇਕ ਵੱਡਾ ਅਫ਼ਸਰ ਬਣ ਕੇ ਆਉਂਦਾ ਤੇ ਮੈਨੂੰ ਲੈ ਜਾਂਦਾ...ਫ਼ੇਰ ਦੇਖਦੀ, ਕੌਣ ਰੋਕਦਾ।

"ਕਮੀਨਾ, ਬੇਹਯਾ, ਬੇਸ਼ਰਮ...ਐਨੀਆਂ ਸਾਰੀਆਂ ਕਿਤਾਬਾਂ ਆਖ਼ਰ ਕਿਸ ਲਈ ਪੜ੍ਹਦਾ ਰਿਹਾ ਸੀ।" ਉਸਦੀ ਅੰਮਾਂ ਜਦੋਂ ਵੀ ਯਾਰੂ ਨੂੰ ਯਾਦ ਕਰਦੀ ਤਾਂ ਇਹੋ ਕਹਿੰਦੀ ਸੀ।

ਸਬੱਬ ਨਾਲ ਯਾਰੂ ਦੀ ਇਕ ਕਿਤਾਬ ਰਹਿ ਗਈ ਸੀ। ਉਸਨੇ ਚੁੱਕ ਕੇ ਬੜਾ ਸਾਂਭ ਕੇ ਤਾਕ ਵਿਚ ਰੱਖ ਦਿੱਤੀ ਸੀ। ਇਕੱਲ ਵਿਚ ਉਸ ਕਿਤਾਬ ਨੂੰ ਦੇਖਦੀ ਰਹਿੰਦੀ ਤੇ ਉਸਦੇ ਕੂਲੇ ਕਾਗਜ਼ ਤੇ ਤਸਵੀਰਾਂ ਨੂੰ ਬੜੇ ਪਿਆਰ ਨਾਲ ਛੂੰਹਦੀ ਤੇ ਉਹਨਾਂ 'ਤੇ ਹੱਥ ਫੇਰਦੀ ਰਹਿੰਦੀ। ਕਦੀ ਉਹ ਕਿਤਾਬ ਚੁੱਕ ਕੇ ਘਰ ਦੀ ਕਿਸੇ ਸੁੰਨੀ ਨੁੱਕਰ ਵਿਚ ਜਾ ਬੈਠਦੀ।

"ਕਮੀਨਾ, ਬੇਹਯਾ, ਬੇਸ਼ਰਮ।" ਉਹ ਹਿਰਖ ਕੇ ਕਿਤਾਬ ਦੇ ਵਰਕੇ ਪਾੜਦੀ ਹੋਈ ਕਹਿੰਦੀ ਤੇ ਪਾਟੇ ਹੋਏ ਵਰਕੇ ਘਰ ਵਿਚ ਹਵਾ ਨਾਲ ਇੱਧਰ-ਉੱਧਰ ਉੱਡੇ ਫਿਰਦੇ।

ਮਲੂਕਣ ਨੇ ਹੁਣ ਆਪਣੇ-ਆਪ ਨੂੰ ਕਾਫੀ ਬਦਲ ਲਿਆ ਸੀ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਉਹ ਹਮੇਸ਼ਾ ਵਾਂਗ ਹੱਸਦੀ ਤੇ ਮੁਸਕੁਰਾਉਂਦੀ ਰਹਿੰਦੀ। ਜ਼ੋਰ-ਜ਼ੋਰ ਨਾਲ ਚੱਕੀ ਪੀਂਹਦੀ। ਘੜੇ ਨੂੰ ਇਕੋ ਹੱਲੇ 'ਚ ਚੁੱਕ ਕੇ ਸਿਰ 'ਤੇ ਰੱਖ ਲੈਂਦੀ। ਗਾਂ ਦੇ ਵੱਛੇ ਨਾਲ ਖੇਡਦੀ ਰਹਿੰਦੀ। ਸਵੇਰ ਵੇਲੇ ਕੁਰਾਨ ਪਾਕ ਦੀ ਤਲਾਵਤ ਕਰਦੀ ਤੇ ਕਦੀ-ਕਦੀ ਅਚਾਨਕ ਖ਼ਾਬਾਂ ਤੇ ਖ਼ਿਆਲਾਂ ਦੀ ਦੁਨੀਆਂ ਵਿਚ ਸਰਕ ਜਾਂਦੀ ਪਰ ਛੇਤੀ ਹੀ ਤ੍ਰਬਕ ਕੇ ਬਾਹਰ ਨਿਕਲ ਆਉਂਦੀ।

ਬਰਸਾਤ ਦਾ ਮੌਸਮ ਫੇਰ ਆ ਗਿਆ।

ਅਸਰ ਦੀ ਨਮਾਜ਼ ਦਾ ਵੇਲਾ ਸੀ। ਉਹ ਖ਼ੂਹ 'ਤੇ ਗਈ। ਓਥੇ ਸਿਰਫ਼ ਇਕ ਅਣਜਾਣ ਔਰਤ ਖੜ੍ਹੀ ਸੀ। ਉਸਨੇ ਸਮਝਿਆ 'ਕੋਈ ਖ਼ਾਨਾਬਦੋਸ਼ ਔਰਤ ਏ।' ਉਹ ਔਰਤ ਉਸਨੂੰ ਬੜੀ ਅਪਣੱਤ ਨਾਲ ਮਿਲੀ, ਫੇਰ ਉਸਨੇ ਉਸਦਾ ਨਾਂ ਪੁੱਛਿਆ। ਫੇਰ ਉਸਨੇ ਖ਼ੁਦ ਹੀ ਪੁੱਛ ਲਿਆ, "ਯਾਰੂ ਤੇਰਾ ਕੀ ਲੱਗਦਾ ਏ?"

"ਤੁਸੀਂ ਉਸਨੂੰ ਜਾਣਦੇ ਓ ?" ਉਸਨੇ ਘਬਰਾਹਟ ਤੇ ਹੈਰਾਨੀ ਰਲੀ ਸੁਰ ਵਿਚ ਪੁੱਛਿਆ। ਅਜੇ ਉਸਨੇ ਜੁਆਬ ਵੀ ਨਹੀਂ ਸੀ ਦਿੱਤਾ ਕਿ ਹੋਰ ਔਰਤਾਂ ਖੂਹ ਵੱਲ ਆਉਂਦੀਆਂ ਨਜ਼ਰ ਆਈਆਂ। ਉਸ ਔਰਤ ਨੇ ਘੜੇ ਨੂੰ ਹੱਥ ਪਾਇਆ ਜਿਵੇਂ ਉਹ ਘੜੇ ਨਾਲ ਗੱਲ ਕਰ ਰਹੀ ਹੋਵੇ, "ਅਗਲੇ ਐਤਵਾਰ, ਰਾਤ ਨੂੰ ਯਾਰੂ ਉਸੇ ਦਰਖ਼ਤ ਕੋਲ ਆਏਗਾ ਜਿੱਥੇ ਤੂੰ ਆਪਣੇ ਵੱਛੇ ਨੂੰ ਲੱਭਦੀ ਹੋਈ ਚਲੀ ਗਈ ਸੈਂ।"

ਇਹ ਕਹਿ ਕੇ ਉਹ ਤਾਂ ਚਲੀ ਗਈ ਪਰ ਮਲੂਕਣ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਜ਼ਮੀਨ ਭੌਂ ਰਹੀ ਹੋਵੇ।

ਰਾਤ ਭਿਆਨਕ ਸੀ। ਚਾਰੇ-ਪਾਸੇ ਗੂੜ੍ਹਾ ਹਨੇਰਾ ਪਸਰਿਆ ਹੋਇਆ ਸੀ। ਇਕ ਪਾਸੇ ਆਮ ਨਾਲੋਂ ਕੁਝ ਘੱਟ ਹਨੇਰਾ ਸੀ। ਇਸ ਲਈ ਪਤਾ ਲੱਗ ਰਿਹਾ ਸੀ ਕਿ ਘਰ ਦਾ ਦਰਵਾਜ਼ਾ ਏਧਰ ਹੈ। ਉਹ ਬਿਸਤਰੇ ਤੋਂ ਕੂਹਣੀਆਂ ਭਾਰ ਉੱਠੀ ਤੇ ਬੈਠ ਗਈ। ਬੜੇ ਧਿਆਨ ਨਾਲ ਏਧਰ-ਉੱਧਰ ਸੁਣਨ ਦੀ ਕੋਸ਼ਿਸ਼ ਕਰਨ ਲੱਗੀ। ਆਪਣੇ ਦਿਲ ਦੀਆਂ ਤੇਜ਼ ਧੜਕਣਾਂ ਦੇ ਸਿਵਾਏ ਕੁਝ ਨਾ ਸੁਣ ਸਕੀ। ਫੇਰ ਉਹ ਕੰਬਦੀ ਹੋਈ, ਗੋਡਿਆਂ ਦੇ ਭਾਰ ਰਿੜ੍ਹਦੀ ਹੋਈ ਦਰਵਾਜ਼ਿਓਂ ਬਾਹਰ ਨਿਕਲੀ। ਸਾਹਮਣੇ ਜਮਾ ਦੀ ਮੰਜੀ ਸੀ। ਉਸਦੇ ਹੇਠੋਂ ਦੀ ਸਰਕ ਕੇ ਅੱਗੇ ਵਧੀ ਤੇ ਘਰੋਂ ਬਾਹਰ ਨਿਕਲ ਗਈ। ਸਬੱਬ ਨਾਲ ਉਸ ਵੇਲੇ ਬਾਹਰ ਕੁੱਤਾ ਵੀ ਨਹੀਂ ਸੀ। ਆਸੇ-ਪਾਸੇ ਘੁੱਪ ਹਨੇਰੇ ਵਿਚ ਦੇਖਣ ਦੀ ਨਾਕਾਮ ਕੋਸ਼ਿਸ਼ ਕਰਦੀ, ਕੰਬਦੀ ਹੋਈ ਉਹ ਅੱਗੇ ਵਧਦੀ ਰਹੀ। ਦੂਰ ਇਕ ਵੱਡੀ ਸਾਰੀ ਸ਼ੈ ਨਜ਼ਰ ਆਈ, ਉਹ ਸਹਿਮ ਕੇ ਯਕਦਮ ਰੁਕ ਗਈ। ਡਰਦੀ ਮਾਰੀ ਇਕ ਝਾੜੀ ਦੇ ਪਿੱਛੇ ਲੁਕ ਗਈ ਤੇ ਗਹੁ ਨਾਲ ਦੇਖਣ ਲੱਗੀ। ਕੁਝ ਚਿਰ ਪਿੱਛੋਂ ਜਦੋਂ ਉਸਨੂੰ ਯਕੀਨ ਹੋ ਗਿਆ ਕਿ ਕੋਈ ਆਦਮੀ ਨਹੀਂ, ਦਰਖ਼ਤ ਹੈ ਤਾਂ ਉਹ ਅੱਗੇ ਵਧੀ ਪਰ ਡਰ ਹੁਣ ਵੀ ਉਸ 'ਤੇ ਭਾਰੂ ਸੀ। ਉਹ ਡਰਦੀ ਮਾਰੀ ਕੰਬ ਰਹੀ ਸੀ। ਪੂਰੀ ਦੇਹ ਕੰਬ ਰਹੀ ਸੀ, ਫੇਰ ਵੀ ਉਹ ਅੱਗੇ ਵਧਦੀ ਰਹੀ। ਥੋੜ੍ਹੀ ਦੂਰੀ 'ਤੇ ਉਸਨੂੰ ਕੋਈ ਚੀਜ਼ ਜ਼ਮੀਨ 'ਤੇ ਰੀਂਘਦੀ ਹੋਈ ਨਜ਼ਰ ਆਈ। ਸੱਪ ਹੋਏਗਾ, ਪਰ ਇਹ ਗੱਲ ਪੂਰੇ ਵਿਸ਼ਵਾਸ ਨਾਲ ਨਹੀਂ ਕਹੀ ਜਾ ਸਕਦੀ—ਸ਼ਾਇਦ ਕੋਈ ਗੋਹ ਹੋਵੇ। ਥੋੜ੍ਹੀ ਦੇਰ ਬਾਅਦ ਉਹ ਚੀਜ਼ ਗ਼ਾਇਬ ਹੋ ਗਈ। ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸਦਾ ਆਖ਼ਰੀ ਵਕਤ ਆ ਗਿਆ ਹੋਵੇ। ਉਹ ਉੱਥੇ ਜ਼ਮੀਨ 'ਤੇ ਗੰਢੜੀ-ਜਿਹੀ ਬਣ ਕੇ ਬੈਠ ਗਈ। ਹੁਣ ਕੋਈ ਆਦਮੀ ਇੱਥੇ ਆ ਜਾਏ ਤੇ ਉਸਨੂੰ ਦੇਖ ਲਏ ਫੇਰ ? ਜੇ ਅੱਬਾ ਜਾਂ ਭਰਾ ਜਾਗ ਪਏ ਹੋਏ ਫੇਰ ? ਇਕ ਵਾਰੀ ਫੇਰ ਉਹ ਡਰ ਸਦਕਾ ਕੰਬਣ ਲੱਗੀ। ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਕੋਈ ਭਿਆਨਕ ਮਗਰਮੱਛ ਉਸਦੇ ਛੋਟੇ ਜਿਹੇ ਦਿਲ ਨੂੰ ਚੱਥ-ਚਿੱਥ ਰਿਹਾ ਹੈ—ਉਹ ਪਿੱਛੇ ਹਟਣ ਲੱਗੀ। ਦੋ-ਤਿੰਨ ਕਦਮ ਪਿੱਛੇ ਹਟਣ ਪਿੱਛੋਂ ਉਸਨੂੰ ਯਾਦ ਆਇਆ ਕਿ ਯਾਰੂ ਤਾਂ ਸਾਰੀ ਰਾਤ ਉਡੀਕ-ਉਡੀਕ ਵਾਪਸ ਚਲਾ ਜਾਏਗਾ, ਫੇਰ ਉਹ ਸਾਰੀ ਉਮਰ ਨਹੀਂ ਮਿਲੇਗਾ। ਉਹ ਹੋਰ ਨਾ ਸੋਚ ਸਕੀ—ਆਪਣੀ ਬੇਵਸੀ ਤੇ ਮਜਬੂਰੀ ਸਦਕਾ ਉਸ ਦੀਆਂ ਅੱਖਾਂ ਸਿੱਜਲ ਹੋ ਗਈਆਂ। ਉਸਨੇ ਸੋਚਿਆ 'ਅੱਜ ਕੁਝ ਕਰਨ ਦਾ ਦਿਨ ਏ। ਕੁਝ ਵੀ ਹੋ ਜਾਏ ਮੈਂ ਜ਼ਰੂਰ ਜਾਵਾਂਗੀ।' ਫੇਰ ਉਹ ਅੱਖਾਂ ਬੰਦ ਕਰਕੇ ਮੌਤ ਦੇ ਮੂੰਹ ਵਿਚ ਛਾਲ ਮਾਰ ਗਈ—ਉਸ 'ਤੇ ਇਕ ਝੱਲ ਸਵਾਰ ਹੋਇਆ ਹੋਇਆ ਸੀ। ਆਖ਼ਰਕਾਰ ਉਹ ਦਰਖ਼ਤ ਆ ਗਿਆ। ਆਵਾਜ਼ ਆਈ—



"ਅੱਜ ਤਾਂ ਨਈਂ ਚੀਕੇਂਗੀ ?" ਦੋ ਮਜਬੂਤ ਬਾਂਹਵਾਂ ਉਸਦੇ ਲੱਕ ਦੁਆਲੇ ਲਿਪਟ ਗਈਆਂ। ਉਸਦੇ ਪੈਰ ਜ਼ਮੀਨ ਤੋਂ ਉਪਰ ਉੱਠ ਗਏ। ਉਸਨੂੰ ਆਪਣੇ ਮੂੰਹ 'ਤੇ, ਅੱਖਾਂ 'ਤੇ, ਮੋਢਿਆਂ 'ਤੇ, ਸੀਨੇ 'ਤੇ, ਜਿਸਮ ਦੇ ਹਰੇਕ ਹਿੱਸੇ 'ਤੇ ਮੂੰਹ ਦੇ ਖੁਰਦਰੇ ਵਾਲਾਂ, ਕੋਸੇ ਬੁੱਲ੍ਹਾਂ ਤੇ ਦੰਦਾਂ ਦੀ ਛੋਹ ਮਹਿਸੂਸ ਹੋਣ ਲੱਗੇ ਸੀ—ਉਹ ਖ਼ੁਸ਼ੀ ਵੱਸ ਪਾਗਲ ਹੋ ਗਿਆ ਜਾਪਦਾ ਸੀ।

ਖ਼ਾਸੀ ਰਾਤ ਬੀਤ ਗਈ। ਚੰਦ ਨਿਕਲ ਆਇਆ। ਦਰਖ਼ਤਾਂ ਦੀਆਂ ਟਾਹਣੀਆਂ ਵਿਚੋਂ ਹਲਕੀ-ਹਲਕੀ ਚਾਨਣੀ ਝਿਰਨ ਲੱਗੀ। ਹਵਾ ਵਿਚ ਭਾਰੀਪਨ ਤੇ ਨਸ਼ਾ ਸੀ। ਉਸਨੂੰ ਪਿੱਠ ਹੇਠ ਰੇਤ, ਰੇਸ਼ਮੀ ਵਿਛੌਣੇ ਵਰਗੀ ਲੱਗ ਰਹੀ ਸੀ।

ਅਚਾਨਕ ਰੇਲ ਗੱਡੀ ਦੀ ਆਵਾਜ਼ ਆਈ। ਗੱਡੀ ਦੀਆਂ ਬੱਤੀਆਂ ਝਿਲਮਿਲ-ਝਿਲਮਿਲ ਚਮਕੀਆਂ ਤੇ ਹਨੇਰੇ ਵਿਚ ਚਾਨਣ ਬਰੂਰਦੀਆਂ ਹੋਈਆਂ ਲੰਘ ਗਈਆਂ। ਕੁਝ ਹੋਰ ਰਾਤ ਬੀਤ ਜਾਣ ਪਿੱਛੋਂ ਮਲੂਕਣ ਨੇ ਕਿਹਾ—

"ਘਰੇ ਕਿਓਂ ਨਈਂ ਆਇਆ ?"

"ਮੇਰੇ ਓਥੇ ਆਉਣ ਨਾਲ ਤੇਰੇ ਘਰਵਾਲਿਆਂ ਲਈ ਮੁਸੀਬਤ ਹੋਰ ਵੀ ਵਧ ਜਾਣੀ ਸੀ।"

"ਫੇਰ ਹੁਣ ਕੀ ਹੋਏਗਾ ?"

"ਮੈਂ ਬੰਦੋਬਸਤ ਕਰ ਰਿਹਾਂ।"

"ਪੁਲਿਸ ਲੈ ਕੇ ਆਈਂ ਤੇ ਉਹਨਾਂ ਲੋਕਾਂ ਦੇ ਜੁੱਤੀਆਂ ਮਰਵਾਈਂ।"

"ਓਹ ਪੈਣ ਢੱਠੇ ਖੂਹ 'ਚ, ਅਸੀਂ ਆਪਣਾ ਅੱਗਾ ਸੁਆਰ ਲਈਏ।"

"ਓਹ ਕਿਵੇਂ ?"

"ਤੇਰੇ ਰਿਸ਼ਤੇਦਾਰ ਤਾਂ ਤੈਨੂੰ, ਮੈਨੂੰ ਦੇ ਈ ਚੁੱਕੇ ਨੇ, ਯਾਨੀ ਤੂੰ ਮੇਰੀ ਦੁਲਹਨ ਤਾਂ ਪਹਿਲਾਂ ਈ ਏਂ।"

"ਪਰ ਖ਼ਾਨਦਾਨ ਵਾਲੇ ਤਾਂ ਸ਼ਾਦੀ ਲਈ ਰਜ਼ਾਮੰਦ ਨਈਂ।"

"ਜੇ ਖ਼ਾਨਦਾਨ ਵਾਲੇ ਸ਼ਾਦੀ ਨਈਂ ਕਰਨ ਦੇਣਗੇ ਤਾਂ ਅਸੀਂ ਕਿਧਰੇ ਹੋਰ ਚੱਲ ਕੇ ਸ਼ਾਦੀ ਕਰ ਲਵਾਂਗੇ।"

"ਪਰ ਘਰ ਵਾਲੇ ਤਾਂ ਕਿਤੇ ਜਾਣ ਲਈ ਤਿਆਰ ਨਈਂ।"

"ਜੇ ਘਰ ਵਾਲੇ ਕਿਤੇ ਜਾਣ ਲਈ ਤਿਆਰ ਨਈਂ ਤਾਂ ਅਸੀਂ ਮੀਆਂ-ਬੀਵੀ ਚੱਲੇ ਜਾਵਾਂਗੇ।"

ਮਲੂਕਣ ਸ਼ਰਮਾ ਗਈ। ਕੁਝ ਚਿਰ ਪਿੱਛੋਂ ਉਹ ਕਹਿਣ ਲੱਗਾ :

"ਮੀਆਂ-ਬੀਵੀ ਹੋਣ 'ਚ ਹੁਣ ਕੀ ਬਾਕੀ ਰਹਿ ਗਿਆ ਏ, ਤੇਰੇ ਅੱਬਾ ਤਾਂ ਰਾਜ਼ੀ ਹੈ ਈ ਨੇ, ਅਸੀਂ ਰਾਜ਼ੀ ਆਂ—ਬਾਕੀ ਰਹੇ ਮੌਲਵੀ ਸਾਹਬ ਉਹ ਵੀ ਸ਼ਰੀਅਤ ਦੇ ਮੁਤਾਬਿਕ ਜ਼ਰੂਰੀ ਨੇ, ਉਹ ਵੀ ਕਿਤੋਂ ਮਿਲ ਜਾਣਗੇ।"

ਮਲੂਕਣ ਇਸ ਦਲੀਲ ਦਾ ਕੋਈ ਜਵਾਬ ਨਾ ਦੇ ਸਕੀ। ਬੜੀ ਦੇਰ ਬਾਅਦ ਉਸਨੂੰ ਸੁੱਝਿਆ :

"ਪਰ ਅੰਮੀ-ਅੱਬਾ ਤਾਂ ਇੰਜ ਰਜ਼ਾਮੰਦ ਨਈਂ ਹੋਣਗੇ।" ਮਲੂਕਣ ਨੇ ਬੜੀ ਬੇਵੱਸੀ ਨਾਲ ਕਿਹਾ।

"ਤਾਂ ਫੇਰ ਅਸੀਂ ਅੰਮਾਂ ਤੇ ਅੱਬਾ ਨੂੰ ਛੱਡ ਦਿਆਂਗੇ।" ਉਸਨੇ ਪਿਆਰ ਨਾਲ ਜਵਾਬ ਦਿੱਤਾ।

ਮਲੂਕਣ ਨੂੰ ਜਿਵੇਂ ਸੱਪ ਨੇ ਡੰਗ ਮਾਰਿਆ ਹੋਵੇ।

"ਨਈਂ, ਨਈਂ।" ਡਰਦੀ ਮਾਰੀ ਦੀ ਉਸਦੀ ਚੀਕ ਜਿਹੀ ਨਿਕਲ ਗਈ।

"ਤਾਂ ਫੇਰ, ਤੂੰ ਆਪਨੇ ਪਿਓ ਕੋਲ ਰਹਿ—ਅੱਛਾ ਖ਼ੁਦਾ ਹਾਫ਼ਿਜ਼।" ਉਸਦਾ ਇਹ ਅੰਦਾਜ਼ ਤੇ ਲਹਿਜਾ ਮਲੂਕਣ ਨੂੰ ਜਾਲਮਾਂ ਵਾਲਾ ਤੇ ਬੜਾ ਬੇਰਹਿਮ ਲੱਗਿਆ। ਬਿੰਦ ਦੇ ਬਿੰਦ ਉਸਨੂੰ ਯਾਰੂ ਤੋਂ ਭੈਅ ਆਉਣ ਲੱਗਾ, ਜਿਵੇਂ ਇਕੋ ਪਲ ਵਿਚ ਕੋਈ ਆਪਨਾ, ਓਪਰਾ ਹੋ ਗਿਆ ਹੋਵੇ। ਮਲੂਕਣ ਨੂੰ ਉਸ 'ਤੇ ਗੁੱਸਾ ਆਏ, ਇਸ ਤੋਂ ਪਹਿਲਾਂ ਹੀ ਉਸਨੇ ਮਲੂਕਣ ਨੂੰ ਗਲ਼ ਲਾ ਲਿਆ ਤੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਮਲੂਕਣ ਦੀ ਸਮਝ ਵਿਚ ਕੋਈ ਗੱਲ ਨਾ ਆਈ। ਸਵੇਰ ਹੋ ਚੱਲੀ ਸੀ...ਉਹ ਜਾਣ ਲੱਗੀ ਤਾਂ ਯਾਰੂ ਨੇ ਪੁੱਛਿਆ—

"ਜਵਾਬ ਦੇ, ਮੇਰੀ ਬਣੇਗੀ ਯਾਂ ਨਈਂ?"

"ਮੈਂ ਘਰੋਂ ਭੱਜਾਂਗੀ ਨਈਂ, ਕਤਈ ਨਈਂ।"

"ਭੱਜਣ ਵਾਲੀ, ਇਹ ਕਿਹੜੀ ਗੱਲ ਏ? ਖ਼ਾਨਦਾਨ ਵਾਲੇ ਤੇਰੇ ਅੱਬਾ ਨੂੰ ਰੋਕਦੇ ਨੇ, ਇਸਦੀ ਜ਼ਿੰਮੇਵਾਰੀ ਅਸੀਂ ਆਪਨੇ 'ਤੇ ਲੈ ਰਹੇ ਆਂ।"

ਮਲੂਕਣ ਨੂੰ ਇਹ ਗੱਲ ਕੁਝ ਚੰਗੀ ਲੱਗੀ ਪਰ ਉਸਨੂੰ ਯਕੀਨ ਨਹੀਂ ਆਇਆ। ਉਹ ਦੋਵੇਂ ਗਲ਼ ਮਿਲ ਕੇ ਜੁਦਾ ਹੋ ਗਏ।

"ਮੈਂ ਪੰਦਰਾਂ ਦਿਨਾਂ ਬਾਅਦ ਫੇਰ ਆਵਾਂਗਾ।"

ਅਜਿਹੀਆਂ ਮੁਲਾਕਾਤਾਂ ਹੁੰਦੀਆਂ ਰਹੀਆਂ। ਹਰ ਵਾਰੀ ਮਲੂਕਣ ਦੇ ਅੰਦਰੋਂ ਭੈਅ ਤੇ ਸ਼ੰਕੇ ਘਟਦੇ ਗਏ ਤੇ ਯਾਰੂ 'ਤੇ ਉਸਦਾ ਭਰੋਸਾ ਵੱਧਦਾ ਗਿਆ। ਉਸਨੂੰ ਇਸ ਗੱਲ ਦੀ ਵੀ ਬੜੀ ਤਸੱਲੀ ਸੀ ਕਿ ਯਾਰੂ ਮਾਸਟਰ ਲੱਗ ਗਿਆ ਹੈ।

ਸ਼ਾਮ ਦਾ ਵੇਲਾ ਸੀ। ਪੜਛਾਵੇਂ ਲੰਮੇ ਹੁੰਦੇ ਜਾ ਰਹੇ ਸਨ। ਜੰਗਲ ਦੇ ਸੰਘਣੇ ਦਰਖ਼ਤਾਂ ਉਪਰ ਆਪਨੇ ਆਲ੍ਹਣਿਆਂ ਨੂੰ ਵਾਪਸ ਜਾਂਦੇ ਹੋਏ ਪਰਿੰਦਿਆਂ ਦੀ ਚਹਿਚਹਾਟ ਤੇਜ਼ ਹੁੰਦੀ ਜਾ ਰਹੀ ਸੀ। ਦੱਖਣ ਵੱਲੋਂ ਦਰਿਆ ਵਿਚ ਮਛੇਰਿਆਂ ਦੀਆਂ ਬੇੜੀਆਂ ਵਾਪਸ ਆ ਰਹੀਆਂ ਸਨ। ਰਾਜ ਹੰਸਾਂ ਦੀ ਇਕ ਟੋਲੀ ਦਰਿਆ ਦੇ ਕਿਨਾਰੇ ਉਤਰੀ। ਜਿਸ ਪਾਸੇ ਵੀ ਨਜ਼ਰ ਜਾਂਦੀ ਦੂਰ ਤਕ ਦਰਿਆ ਹੀ ਦਰਿਆ ਨਜ਼ਰ ਆਉਂਦਾ ਸੀ।

ਯਾਰੂ ਹਾਲੇ ਤਕ ਨਾਲ ਵਾਲੇ ਸ਼ਹਿਰ 'ਚੋਂ ਨਹੀਂ ਸੀ ਪਰਤਿਆ। ਮਲੂਕਣ ਦੇ ਦਿਲ 'ਤੇ ਡੂੰਘੀ ਉਦਾਸੀ ਪਸਰ ਗਈ। ਦਰਿਆ ਦੇ ਇਸ ਪਾਰ ਆਇਆਂ ਉਹਨਾਂ ਨੂੰ ਦੋ ਮਹੀਨੇ ਹੋ ਗਏ ਸਨ। ਯਾਰੂ ਦੇ ਜਿਸ ਦੋਸਤ ਨੇ ਉਹਨਾਂ ਨੂੰ ਠਿਕਾਣਾ ਦਿੱਤਾ ਸੀ, ਉਹ ਉਹਨਾਂ 'ਤੇ ਮਿਹਰਬਾਨ ਸੀ। ਮਲੂਕਣ ਤੇ ਯਾਰੂ ਆਪਨੀ ਦੁਨੀਆਂ ਵਿਚ ਮਗਨ ਆਪਨੀ ਜ਼ਿੰਦਗੀ ਦਾ ਸਫ਼ਰ ਤੈਅ ਕਰ ਰਹੇ ਸਨ। ਜਦੋਂ ਕਦੀ ਯਾਰੂ ਸ਼ਹਿਰ ਕਿਸੇ ਕੰਮ ਜਾਂਦਾ ਤਾਂ ਉਹ ਬੇਹੱਦ ਉਦਾਸ ਹੋ ਜਾਂਦੀ। ਉਸ ਦੇ ਪਿੱਛੋਂ ਉਸਦਾ ਇਕ-ਇਕ ਪਲ ਮੁਸ਼ਕਲ ਨਾਲ ਬੀਤਦਾ। ਉਸਦੀ ਰੂਹ ਉਦਾਸ ਹੋ ਜਾਂਦੀ।

ਘਰੋਂ ਨਿਕਲਿਆਂ ਤਿੰਨ ਮਹੀਨੇ ਹੋ ਗਏ ਸਨ, ਉਹਨਾਂ ਨੂੰ। ਰਾਤ ਨੂੰ ਉਹ ਘਰੋਂ ਨਿਕਲ ਕੇ ਸਿੱਧੇ ਸਟੇਸ਼ਨ ਪਹੁੰਚੇ ਤੇ ਹੈਦਰਆਬਾਦ ਆ ਗਏ ਸਨ। ਉੱਥੇ ਉਹਨਾਂ ਨੇ



ਨਿਕਾਹ ਦੀ ਰਸਮ ਵੀ ਪੂਰੀ ਕੀਤੀ ਸੀ। ਮਲੂਕਣ ਨੂੰ ਇਹ ਸੋਚ ਕੇ ਬੜੀ ਹੈਰਾਨੀ ਹੁੰਦੀ ਸੀ ਕਿ ਨਿਕਾਹ ਉਸਦੇ ਕਹਿਣ 'ਤੇ ਹੀ ਹੋਇਆ ਵਰਨਾ ਯਾਰੂ ਏਡੇ ਵੱਡੇ ਸ਼ਹਿਰ ਵਿਚ ਕਿਸੇ ਕਿਸਮ ਦਾ ਖ਼ਤਰਾ ਲੈਣ ਲਈ ਤਿਆਰ ਨਹੀਂ ਸੀ। ਮਲੂਕਣ ਇਹ ਗੱਲ ਜਾਨਦੀ ਸੀ ਕਿ ਨਿਕਾਹ ਦਾ ਕਿੱਡਾ ਮਹੱਤਵ ਹੁੰਦਾ ਹੈ। ਯਾਰੂ ਦਾ ਪਿਓ ਇਹਨਾਂ ਹਾਲਤਾਂ ਵਿਚ ਉਹਨਾਂ ਨੂੰ ਘਰੇ ਰੱਖਣ ਲਈ ਤਿਆਰ ਨਹੀਂ ਸੀ। ਖ਼ਾਨਦਾਨੀ ਮੁਲਾਹਜੇ ਦਾ ਸਵਾਲ ਹੈ, ਉਸਨੇ ਕਿਹਾ। ਮਲੂਕਣ ਨੇ ਉਸਨੂੰ ਬੜਾ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਅੱਬਾ ਨੇ ਯਾਰੂ ਨੂੰ ਆਪਨਾ ਪੁੱਤਰ ਬਣਾ ਲਿਆ ਏ ਤੇ ਅੱਬਾ ਕਿਸ ਤਰ੍ਹਾਂ ਸਾਰੇ ਖ਼ਾਨਦਾਨ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਗਏ ਸੀ। ਪਰ ਯਾਰੂ ਦਾ ਪਿਓ ਕਿਸੇ ਵੀ ਤਰ੍ਹਾਂ ਉਹਨਾਂ ਨੂੰ ਆਪਨੇ ਘਰ ਰੱਖਣ ਲਈ ਰਜ਼ਾਮੰਦ ਨਹੀਂ ਸੀ ਹੋਇਆ।

ਇਕ ਚਿਤਕਬਰਾ ਤਿੱਤਰ ਨੇੜੇ ਹੀ ਦਰਖ਼ਤ 'ਤੇ ਆ ਕੇ ਬੈਠ ਗਿਆ। ਮਲੂਕਣ ਉਸਦੇ ਖ਼ੂਬਸੂਰਤ ਰੰਗ-ਬਰੰਗੇ ਖੰਭ ਦੇਖਣ ਲੱਗੀ। ਏਨੇ ਵਿਚ ਕਿਸੇ ਨੇ ਪਿੱਛੋਂ ਆ ਕੇ ਉਸਨੂੰ ਬਾਹਵਾਂ ਵਿਚ ਜਕੜ ਲਿਆ। ਉਸਦਾ ਚਿਹਰਾ ਖ਼ੁਸ਼ੀ ਵੱਸ ਸੂਹਾ ਹੋ ਗਿਆ ਤੇ ਉਹ ਪਲਟ ਕੇ ਉਸਦੇ ਗਲ਼ ਲੱਗ ਗਈ। ਜੇਬ ਵਿਚ ਹੱਥ ਪਾ ਕੇ ਪਾਨ ਕੱਢਿਆ ਤੇ ਖਾਣ ਲੱਗੀ। ਫੇਰ ਉਹ ਦੋਵੇਂ ਦਰਿਆ ਦੇ ਕੰਢੇ ਤੁਰਦੇ ਹੋਏ ਉਸ ਦਰਖ਼ਤ ਕੋਲ ਆਏ ਜਿੱਥੇ ਉਹ ਹਮੇਸ਼ਾ ਆ ਕੇ ਬੈਠਦੇ ਹੁੰਦੇ ਸੀ। ਮਲੂਕਣ ਨੇ ਆਪਨੇ ਪੈਰ ਪਾਨੀ ਵਿਚ ਪਾ ਲਏ। ਪਾਨੀ ਠੰਢਾ ਤੇ ਆਨੰਦਮਾਈ ਸੀ। ਸਲਵਾਰ ਦੇ ਪਹੁੰਚਿਆਂ ਨੂੰ ਉਸਨੇ ਗੋਡਿਆਂ ਤਕ ਚੜ੍ਹਾ ਲਿਆ। ਯਾਰੂ ਨੇ ਵੀ ਇੰਜ ਹੀ ਕੀਤਾ। ਫੇਰ ਉਸਨੇ ਉਹੀ ਸਵਾਲ ਦੁਹਰਾਇਆ :

"ਅਸੀਂ ਅੱਬਾ ਕੋਲ ਕਦੋਂ ਜਾਵਾਂਗੇ?"

"ਅਜੇ ਤਕ ਤੁਹਾਡੀ ਬਰਾਦਰੀ ਵਾਲਿਆਂ ਹੂ-ਹੱਲਾ ਮਚਾਇਆ ਹੋਇਆ ਏ। ਕੋਈ ਨਾ ਕੋਈ ਪੰਗਾ ਖੜ੍ਹਾ ਕਰੀ ਰੱਖਦੇ ਐ...ਤੇ ਫੇਰ ਤੇਰਾ ਅੱਬਾ ਵੀ ਉਹਨਾਂ ਦੇ ਨਾਲ ਹੁੰਦੈ।"

ਮਲੂਕਣ ਬੌਂਦਲ ਗਈ।

"ਅੱਬਾ ਉਹਨਾਂ ਮਰਦੂਦਾਂ ਨਾਲ ਕਿਸ ਲਈ ਆਇਆ? ਉਹ ਲਾਜ਼ਮੀ ਅੱਬਾ ਨੂੰ ਜਬਰਦਸਤੀ ਲੈ ਆਏ ਹੋਣਗੇ। ਅੱਬਾ ਕਦੀ ਵੀ ਉਹਨਾਂ ਦੇ ਨਾਲ ਨਈਂ ਰਿਹਾ।"

"ਇੰਜ ਈ ਹੋਇਆ ਹੋਏਗਾ।" ਯਾਰੂ ਨੇ ਵੀ ਬੇ-ਯਕੀਨੀ ਜਿਹੀ ਨਾਲ ਕਿਹਾ।

ਮਲੂਕਣ ਨੇ ਫੇਰ ਸਵਾਲ ਦੁਹਰਾਇਆ :

"ਕਦੀ ਰਾਤ ਨੂੰ ਲੁਕ-ਛਿਪ ਕੇ ਅੱਬਾ ਕੋਲ ਚੱਲੀਏ? ਵਿਚਾਰਾ ਬੜਾ ਖ਼ੁਸ਼ ਹੋਏਗਾ।"

"ਹੂੰ! ਡਾਂਗ ਫੜ ਕੇ ਘੜਣ ਲੱਗ ਪਿਆ ਫੇਰ?" ਯਾਰੂ ਨੇ ਮੁਸਕੁਰਾ ਕੇ ਕਿਹਾ।

"ਅੱਬਾ ਤਾਂ ਸਾਡੇ ਦੋਵਾਂ 'ਤੇ ਜਾਨ ਦੇਂਦੇ ਏ। ਉਹਨੇ ਈ ਤਾਂ ਰਿਸ਼ਤਾ ਕੀਤਾ ਏ, ਦੁਸ਼ਮਣਾਂ ਨੇ ਸ਼ਾਦੀ ਨਈਂ ਕਰਨ ਦਿੱਤੀ ਤਾਂ ਇਹ ਹੋਰ ਗੱਲ ਏ...ਅਸੀਂ ਏਥੇ ਆ ਕੇ ਸ਼ਾਦੀ ਕਰ ਲਈ, ਇਸ ਵਿਚ ਅੱਬਾ ਦਾ ਕੀ ਕਸੂਰ।" ਉਹ ਇਕੋ ਸਾਹ ਵਿਚ ਕਹਿ ਗਈ।

"ਓਹ ਤਾਂ ਠੀਕ ਏ ਪਰ ਹੋ ਸਕਦਾ ਏ ਕਿ ਉਹ ਕਹੇ ਕਿ ਮੇਰੀ ਇਜਾਜ਼ਤ ਤੋਂ ਬਗ਼ੈਰ ਇੰਜ ਕਿਓਂ ਕੀਤਾ?"

ਮਲੂਕਣ ਦੇ ਦਿਲ ਵਿਚ ਇਹ ਸਵਾਲ ਪਹਿਲਾਂ ਕਈ ਵਾਰੀ ਆਇਆ ਸੀ। ਉਸ ਕੋਲ ਜਵਾਬ ਤਿਆਰ ਸੀ।

"ਅੱਬਾ ਨੇ ਜੇ ਇਜਾਜ਼ਤ ਦਿੱਤੀ ਹੁੰਦੀ ਤਾਂ ਸਾਰਾ ਖ਼ਾਨਦਾਨ ਉਹਨਾਂ ਦੇ ਮਗਰ ਪੈ ਜਾਂਦਾ। ਜੇ ਅਸੀਂ ਅੱਬਾ ਨੂੰ ਦੱਸ ਕੇ ਆਉਂਦੇ ਤਾਂ ਵੀ ਅੱਬਾ ਸਾਡੇ 'ਤੇ ਯਕੀਨ ਨਾ ਕਰਦੇ।" ਉਸਨੇ ਆਪਣੀ ਅਕਲਮੰਦੀ 'ਤੇ ਅੰਦਰੇ-ਅੰਦਰ ਖ਼ੁਸ਼ ਹੁੰਦਿਆਂ ਕਿਹਾ।

"ਦੇਖਦੇ ਆਂ ਹੁਣ ਹੁੰਦਾ ਕੀ ਏ...ਅਜੇ ਤਕ ਤਾਂ ਅੱਬਾ ਉਹਨਾਂ ਨੂੰ ਗੱਲੀਂ-ਗੱਲੀਂ ਟਾਲ ਰਿਹਾ ਏ ਤੇ ਵਿਚਾਰੇ ਨੇ ਜੁਰਮਾਨਾ ਭਰ ਦੇਣ ਲਈ ਵੀ ਹਾਂ ਕਰ ਦਿੱਤੀ ਏ। ਉਹ ਅੱਬਾ ਨੂੰ ਕੇਹੀਆਂ-ਕੇਹੀਆਂ ਧਮਕੀਆਂ ਦੇ ਰਹੇ ਨੇ, ਹੁਣ ਖ਼ੁਦਾ ਈ ਜਾਣੇ ਕੀ ਹੋਏਗਾ।" ਮਲੂਕਣ ਸੋਚਾਂ ਵਿਚ ਡੁੱਬ ਗਈ।

"ਕੀ ਸੋਚ ਰਹੀ ਏਂ ?" ਯਾਰੂ ਨੇ ਉਸਦੀ ਠੋਡੀ ਉਪਰ ਚੁੱਕਦਿਆਂ ਕਿਹਾ।

"ਜੇ ਤੇਰੇ ਅੱਬਾ ਨੇ ਕਿਹਾ ਕਿ ਮਲੂਕਣ ਨੂੰ ਵਾਪਸ ਕਰ ਦੇ ਤਾਂ ਕੀ ਤੂੰ ਮੈਨੂੰ ਵਾਪਸ ਕਰ ਦਏਂਗਾ ?" ਉਸਨੇ ਡਰਦਿਆਂ-ਡਰਦਿਆਂ ਪੁੱਛਿਆ। ਯਾਰੂ ਨੂੰ ਯਕਦਮ ਗੁੱਸਾ ਆ ਗਿਆ।

"ਤੂੰ ਏਨਾਂ ਗਿਰਿਆ ਹੋਇਆ ਸਮਝਦੀ ਏਂ ਮੈਨੂੰ ?"

ਮਲੂਕਣ ਨੇ ਉਸਦੇ ਗਲ਼ੇ ਦੁਆਲੇ ਆਪਣੀਆਂ ਬਾਹਾਂ ਵਲ਼ ਲਈਆਂ।

"ਗੁੱਸਾ ਥੁੱਕ ਦੇ, ਮੈਂ ਤਾਂ ਉਂਜ ਈ ਮਜ਼ਾਕ 'ਚ ਪੁੱਛ ਲਿਆ ਸੀ।"

ਉਹ ਕਿਲੇ ਕੋਲ ਇਕ ਤੰਗ-ਜਿਹੀ ਗਲੀ ਵਿਚ ਰਹਿੰਦੇ ਸਨ। ਘਰ ਬੜਾ ਹੀ ਛੋਟਾ ਸੀ ਤੇ ਉੱਥੇ ਹਨੇਰਾ ਰਹਿੰਦਾ ਸੀ। ਉਸਨੇ ਮੂੰਹੋਂ ਤਾਂ ਕੁਝ ਨਹੀਂ ਸੀ ਕਿਹਾ ਪਰ ਦਿਲ ਵਿਚ ਸੋਚਿਆ ਸੀ, 'ਜੇਲ੍ਹ ਵੀ ਤਾਂ ਇਹੋ-ਜਿਹੀ ਹਨੇਰੀ ਈ ਹੁੰਦੀ ਹੋਏਗੀ।' ਬਾਹਰ ਸੜਕ 'ਤੇ ਬੱਚਿਆਂ, ਤਾਂਗਿਆਂ, ਆਦਮੀਆਂ, ਗੱਡੀਆਂ ਦਾ ਰੌਲਾ ਸੁਣ ਕੇ ਉਸਨੂੰ ਖਿਝ ਚੜ੍ਹਣ ਲੱਗਦੀ ਪਰ ਜਦੋਂ ਯਾਰੂ ਨੇ ਦੂਜੇ ਦਿਨ ਉਸਨੂੰ ਕਾਲਾ ਬੁਰਕਾ, ਸੈਂਡਲ ਤੇ ਇਕ ਲੇਡੀ ਮਿਲਟਨ ਦਾ ਜੋੜਾ, ਪਾਊਡਰ, ਕਰੀਮ ਤੇ ਇਕ ਨਕਲੀ ਕਾਂਟਿਆਂ ਦੀ ਜੋੜੀ ਲਿਆ ਕੇ ਦਿੱਤੀ ਤਾਂ ਉਹ ਬੇਹੱਦ ਖ਼ੁਸ਼ ਹੋ ਗਈ। ਜਦੋਂ ਬੁਰਕਾ ਪਾ ਕੇ ਫ਼ਿਲਮ ਦੇਖਣ ਗਈ ਤਾਂ ਬੱਚਿਆਂ ਵਾਂਗ ਖ਼ੁਸ਼ੀ ਨਾਲ ਭੁੜਕਣ ਲੱਗੀ ਤੇ ਕਹਿਣ ਲੱਗੀ ਕਿ 'ਅੱਬਾ ਨੂੰ ਵੀ ਕਿਸੇ ਦਿਨ ਫ਼ਿਲਮ ਦਿਖਾਵੀਂ।' ਯਾਰੂ ਨੇ ਹਾਮੀ ਭਰੀ। ਸ਼ਹਿਰ ਵਿਚ ਏਨੇ ਆਦਮੀ, ਐਨੀਆਂ ਰੋਸ਼ਨੀਆਂ ਦੇਖ ਕੇ ਉਹ ਹੈਰਾਨ ਰਹਿ ਗਈ। ਯਾਰੂ ਉਸ ਲਈ ਵੰਨ-ਸੁਵੰਨੀਆਂ ਚੀਜ਼ਾਂ ਲਿਆਉਂਦਾ ਰਿਹਾ।

ਪਰ ਉਹ ਬਹੁਤੇ ਦਿਨ ਸ਼ਹਿਰ ਵਿਚ ਨਹੀਂ ਰਹਿ ਸਕੀ। ਯਾਰੂ ਦੀਆਂ ਗ਼ੈਰ-ਹਾਜ਼ਰੀਆਂ ਦੇ ਸਬੱਬ ਨਾਲ ਮਾਸਟਰੀ ਤੋਂ ਜਵਾਬ ਮਿਲ ਗਿਆ। ਹੁਣ ਯਾਰੂ ਹੈਦਰਆਬਾਦ ਵਿਚ ਪ੍ਰਾਈਵੇਟ ਨੌਕਰੀ ਲਈ ਭੱਜ-ਨੱਠ ਕਰਨ ਲੱਗਾ ਪਰ ਕਾਮਯਾਬੀ ਹਾਸਲ ਨਾ ਹੋ ਸਕੀ। ਉਹ ਸ਼ਹਿਰ ਵਿਚ ਇੰਜ ਆਜ਼ਾਦੀ ਨਾਲ ਘੁੰਮਣ ਤੋਂ ਵੀ ਡਰਦਾ ਸੀ। ਅੱਬਾ ਦੀ ਫ਼ਸਲ ਵੀ ਇਸ ਵਾਰੀ ਚੰਗੀ ਨਹੀਂ ਸੀ ਹੋਈ ਤੇ ਉਹਨਾਂ ਲਗਾਨ ਵੀ ਦੇਣਾ ਸੀ। ਆਖ਼ਰਕਾਰ ਉਹ ਟਿੰਡੋ ਮੁਹੰਮਦ ਖ਼ਾਨ ਦੇ ਨੇੜੇ ਇਕ ਪਿੰਡ ਵਿਚ ਜਾ ਕੇ ਰਹਿਣ ਲੱਗਾ। ਜਿੱਥੇ ਇਕ ਛੋਟੇ ਜ਼ਿਮੀਂਦਾਰ ਦੇ ਉਸਨੂੰ ਮੁਨਸ਼ੀ ਦੀ ਨੌਕਰੀ ਮਿਲ ਗਈ।



ਚਿੜੀਆਂ ਦੀ ਚੀਕਾ-ਰੌਲੀ ਕਰਕੇ ਉਸਦੀ ਅੱਖ ਖੁੱਲ੍ਹ ਗਈ। ਗਰਦਨ ਦੁਆਲਿਓਂ ਯਾਰੂ ਦਾ ਹੱਥ ਹਟਾਇਆ, ਉਸਦਾ ਉਪਰ ਵਾਲਾ ਹੱਥ ਵੀ ਪਰ੍ਹਾਂ ਕੀਤਾ ਤੇ ਪਾਸਾ ਪਰਤ ਕੇ ਉੱਠ ਬੈਠੀ ਹੋਈ। ਪੈਰਾਂ ਨੂੰ ਠੰਢ ਮਹਿਸੂਸ ਹੋਈ, ਉਸਨੇ ਚਾਦਰ ਖਿੱਚ ਲਈ। ਉਸਨੇ ਯਾਰੂ ਨੂੰ ਹਲੂਣਿਆਂ ਪਰ ਉਹ ਪਾਸਾ ਪਰਤ ਕੇ ਫੇਰ ਸੌਂ ਗਿਆ।

"ਉੱਠ ਵੀ, ਕੀ ਦੁਪਹਿਰ ਤਕ ਸੁੱਤਾ ਰਹਿਣੈ ? ਲੋਕ ਦੇਖਣਗੇ ਤਾਂ...," ਉਸਨੇ ਬੜੇ ਨਖ਼ਰੇ ਨਾਲ ਕਿਹਾ।

'ਸ਼ਰਾਰਤੀ ਕਿਤੋਂ ਦਾ' ਉਸਨੇ ਪਿਆਰ ਨਾਲ ਦਿਲ ਵਿਚ ਸੋਚਿਆ। ਤਦ ਉਸਨੂੰ ਯਾਦ ਆਇਆ ਕਿ ਕੱਲ੍ਹ ਉਹ ਖਾਸਾ ਲੜੇ ਸੀ। ਐਵੇਂ ਹੀ ਹੁਣ ਉਹ ਖਿਝਿਆ-ਖਿਝਿਆ ਰਹਿੰਦਾ ਸੀ ਪਰ ਕੱਲ੍ਹ ਤਾਂ ਇੰਜ ਲੱਗ ਰਿਹਾ ਸੀ ਜਿਵੇਂ ਯਾਰੂ, ਯਾਰੂ ਹੀ ਨਹੀਂ ਰਿਹਾ। ਗੱਲ ਕੁਝ ਵੀ ਨਹੀਂ ਸੀ, ਗੁਆਂਢਣ ਦਾ ਬੱਚਾ ਬਿਮਾਰ ਸੀ। ਉਸਨੇ ਯਾਰੂ ਤੋਂ ਪੁੱਛੇ ਬਿਨਾਂ ਉਸਨੂੰ ਪੰਜਾਹ ਰੁਪਏ ਉਧਾਰੇ ਦੇ ਦਿੱਤੇ ਸਨ। ਗੁਆਂਢਣ ਨੇ ਖ਼ੁਦਾ ਨੂੰ ਹਾਜ਼ਰ-ਨਾਜ਼ਰ ਮੰਨ ਕੇ ਇਹ ਵਾਅਦਾ ਕੀਤਾ ਸੀ ਕਿ ਉਹ ਆਪਣੀਆਂ ਮੁਰਗੀਆਂ ਵੇਚ ਕੇ ਉਸਦੇ ਪੈਸੇ ਵਾਪਸ ਕਰ ਦਏਗੀ ਪਰ ਉਸਨੇ ਪੈਸੇ ਵਾਪਸ ਨਈਂ ਸੀ ਕੀਤੇ। ਉਹ ਉਸ ਗੁਆਂਢਣ ਨਾਲ ਖ਼ੂਬ ਲੜੀ ਸੀ। ਗੁਆਂਢਣ ਦਾ ਕਹਿਣਾ ਸੀ ਕਿ ਉਸਨੂੰ ਅਜੇ ਤਕ ਮੁਰਗੀਆਂ ਦੇ ਪੈਸੇ ਨਹੀਂ ਮਿਲੇ। ਉਹ ਵਾਰੀ-ਵਾਰੀ ਸਹੁੰ ਖਾ ਕੇ ਇਸ ਦਾ ਯਕੀਨ ਦੁਆ ਰਹੀ ਸੀ। ਯਾਰੂ ਬਾਜ਼ਾਰ ਜਾ ਰਿਹਾ ਸੀ, ਉਸ ਕੋਲ ਪੈਸੇ ਨਹੀਂ ਸਨ। ਮਲੂਕਣ ਤੋਂ ਪੈਸੇ ਮੰਗੇ ਤਾਂ ਉਸਨੇ ਸਾਰੀ ਹਕੀਕਤ ਦੱਸ ਦਿੱਤੀ। ਹਿਰਖ ਵੱਸ ਉਹ ਅੱਗ-ਭਬੂਕਾ ਹੋ ਗਿਆ, "ਮੈਂ ਇਕ-ਇਕ ਬੀੜੀ ਲਈ ਤਰਸ ਰਿਹਾਂ ਤੇ ਬੇਗ਼ਮ ਰਾਣੀ ਦਾ ਇਹ ਹਾਲ ਏ ਕਿ ਉਹ ਹਰ ਚੀਜ਼ ਦਾਨ ਕਰਨ 'ਤੇ ਤੁਲੀ ਹੋਈ ਏ।" ਮਲੂਕਣ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਪਹਿਲਾਂ ਹੀ ਸੀ ਪਰ ਯਾਰੂ ਦਾ ਲਹਿਜਾ ਉਸਨੂੰ ਧੁਰ ਅੰਦਰ ਤਕ ਰੜਕ ਗਿਆ। ਉਹ ਹਿਰਖ ਗਈ, "ਲੈ ਅਹਿ ਲੈ ਜਾ ਤੇ ਆਪਣੇ ਪੰਜਾਹ ਰੁਪਏ ਲੈ-ਲੈ।" ਉਸਨੇ ਗੁੱਸੇ ਵਿਚ ਆਪਣੇ ਹੱਥਾਂ ਦੇ ਚਾਂਦੀ ਦੇ ਕੜੇ ਲਾਹ ਕੇ ਯਾਰੂ ਨੂੰ ਫੜਾਉਂਦਿਆਂ ਹੋਇਆਂ ਕਿਹਾ।

"ਇਸ ਦਾ ਦਿਮਾਗ਼ ਤਾਂ ਦੇਖੋ...ਕਮੀਨੀ ਕਿਤੋਂ ਦੀ। ਮੈਂ ਤੇਰੇ ਲਈ ਖ਼ਾਨਾ ਖ਼ਰਾਬ ਕੀਤਾ, ਰੋਜ਼ਗਾਰ ਛੱਡਿਆ, ਦੂਰ ਨੇੜੇ ਦੇ ਰਿਸ਼ਤੇਦਾਰਾਂ ਵੱਲੋਂ ਮੂੰਹ ਮੋੜ ਲਿਆ। ਉੱਜੜ-ਪੁੱਜੜ ਗਿਆਂ ਤੇ ਦਰ-ਦਰ ਧੱਕੇ ਖਾਂਦਾ ਫਿਰ ਰਿਹਾਂ। ਮੈਨੂੰ ਬਾਂਦਰ ਵਾਂਗੂੰ ਨਚਾ ਰਹੀ ਏਂ...ਇਕ ਜ਼ਰਾ ਜਿੰਨੀ ਗੱਲ ਕੀ ਕਹਿ ਦਿੱਤੀ ਵੇਖੋ ਕਿੰਜ ਆਪੇ ਤੋਂ ਬਾਹਰ ਹੁੰਦੀ ਜਾ ਰਹੀ ਐ। ਕਮੀਨੀ, ਕਮਜਾਤ।"

ਮਲੂਕਣ ਦਾ ਚਿਹਰਾ ਗੁੱਸੇ ਨਾਲ ਲਾਲ ਹੋ ਗਿਆ। ਉਹ ਚਿਣਕ ਕੇ ਬੋਲੀ—

"ਜੇ ਤੂੰ ਉੱਜੜ-ਪੁੱਜੜ ਗਿਐਂ ਤਾਂ ਮੈਂ ਕਿਹੜਾ ਜੰਨਤ 'ਚ ਬੈਠੀ ਹੋਈ ਆਂ...ਮੈਂ ਜਿਵੇਂ ਆਪਣਾ ਖ਼ਾਨਦਾਨ ਨਈਂ ਛੱਡਿਆ...ਜਿਵੇਂ ਮੈਂ ਦੁੱਖ ਨਈਂ ਭੋਗ ਰਹੀ...ਮੈਂ ਤੇਰੀ ਕੋਈ ਮਿੰਨਤ ਤਾਂ ਨਈਂ ਸੀ ਕੀਤੀ। ਤੇਰੇ ਪਿੱਛੇ ਤਾਂ ਨਈਂ ਸੀ ਪੈ ਗਈ।"

"ਬੰਦ ਕਰ ਜ਼ਬਾਨ, ਵਰਨਾ ਜੁੱਤੀ ਮਾਰਾਂਗਾ ਲਾਹ ਕੇ।"

"ਜੁੱਤੀ ਜਾ ਕੇ ਮਾਰ ਆਪਣੀ...," ਉਸਦੇ ਮੂੰਹੋਂ ਬੇ-ਵਾਹ ਨਿਕਲ ਗਿਆ। ਜਦ ਤਕ ਉਹ ਆਪਣੇ-ਆਪ ਨੂੰ ਸੰਭਾਲਦੀ ਤਦ ਤਕ ਉਸਦੇ ਮੂੰਹ 'ਤੇ ਜ਼ੋਰਦਾਰ ਥੱਪੜ

ਪੈਣ ਲੱਗੇ—ਇਕ, ਦੋ, ਤਿੰਨ ਚਾਰ...ਪਰ ਨਾ ਉਹ ਰੋਈ, ਨਾ ਚੀਕੀ। ਹਾਂ, ਅੱਖਾਂ 'ਚੋਂ ਵਹਿਣ ਵਾਲੇ ਅੱਥਰੂਆਂ ਨੂੰ ਵੀ ਨਹੀਂ ਰੋਕ ਸਕੀ। ਸਾਰਾ ਦਿਨ ਇਕ ਦੂਜੇ ਨੇ ਕਿਸੇ ਨਾਲ ਗੱਲ ਨਾ ਕੀਤੀ। ਰਾਤ ਨੂੰ ਵੀ ਉਹ ਦੋਵੇਂ ਇਕ ਦੂਜੇ ਵੱਲ ਪਿੱਠ ਮੋੜ ਕੇ ਪੈ ਗਏ। ਬੜੀ ਦੇਰ ਬਾਅਦ ਜਦੋਂ ਯਾਰੂ ਨੇ ਹੱਥ ਫੜਣਾ ਚਾਹਿਆ ਤਾਂ ਉਸਨੇ ਬੁਰੀ ਤਰ੍ਹਾਂ ਝਟਕ ਦਿੱਤਾ।

"ਮੈਨੂੰ ਅੱਬਾ ਕੋਲ ਛੱਡ ਆ, ਵਰਨਾ ਮੈਂ ਖ਼ੁਦ ਚਲੀ ਜਾਵਾਂਗੀ।"

"ਜਾਹ, ਦਫ਼ਾ ਹੋ। ਸਵੇਰ ਹੁੰਦਿਆਂ ਈ ਤੈਨੂੰ ਗੁੱਤੋਂ ਫੜ ਕੇ ਘਸੀਟਦਾ ਹੋਇਆ ਤੇਰੇ ਪਿਓ ਕੋਲ ਛੱਡ ਆਵਾਂਗਾ।"

"ਹਾਂ ਛੱਡ ਆਵੀਂ।"

"ਤੂੰ ਓਥੇ ਆਪਣੇ ਪਿਆਰਿਆਂ ਨਾਲ ਮੌਜ਼ ਨਾਲ ਰਹੀਂ।"

"ਮੈਂ ਓਥੇ ਮੌਜ਼ ਨਾਲ ਰਹਾਂ ਜਾਂ ਨਾ ਰਹਾਂ, ਤੂੰ ਆਪਣੇ ਪਿਓ ਦੀ ਬੁੱਕਲ 'ਚ ਆਰਾਮ ਨਾਲ ਬੈਠੀਂ।"

"ਹਾਂ, ਮੇਰੇ ਲਈ ਉਹ ਪ੍ਰੇਸ਼ਾਨ ਨੇ।"

"ਤੂੰ ਆਪਣਾ ਦਿਲ ਖ਼ੁਸ਼ ਕਰਨਾ ਸੀ, ਓਹ ਕਰ ਲਿਆ...," ਹਿਰਖ ਵੱਸ ਉਸ ਤੋਂ ਵਾਕ ਵੀ ਪੂਰਾ ਨਾ ਹੋ ਸਕਿਆ।

ਯਾਰੂ ਪਾਸਾ ਪਰਤ ਕੇ ਸੌਂ ਗਿਆ। ਇਕ ਘੰਟਾ ਹੋਰ ਬੀਤ ਗਿਆ ਤਾਂ ਯਾਰੂ ਨੇ ਉਸਦਾ ਹੱਥ ਫੜ ਲਿਆ। ਮਲੂਕਣ ਨੇ ਛੁਡਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਸਦੀ ਇਕ ਨਾ ਚੱਲੀ।

"ਮੋਇਆ ਕਿਤੋਂ ਦਿਆ, ਛੱਡ ਦੇ ਮੈਨੂੰ...ਦੁਸ਼ਮਣਾ, ਹੁਣ ਤੇਰਾ ਮੇਰੇ ਨਾਲ ਕੀ ਵਾਸਤਾ।" ਉਸਨੇ ਗੁੱਸੇ ਵਿਚ ਯਾਰੂ ਵੱਲ ਦੇਖਦਿਆਂ ਤੇ ਦੰਦੀਆਂ ਵੱਢਦਿਆਂ ਹੋਇਆਂ ਕਿਹਾ। ਪਰ ਯਾਰੂ ਨੇ ਉਸਨੂੰ ਨਹੀਂ ਛੱਡਿਆ। ਇੱਥੋਂ ਤਕ ਕਿ ਉਹ ਜ਼ੋਰ ਲਾ-ਲਾ ਕੇ ਥੱਕ ਗਈ। ਆਪਣੀ ਮਜਬੂਰੀ ਸਦਕਾ ਉਸ ਦੀਆਂ ਅੱਖਾਂ ਵਿਚੋਂ ਅੱਥਰੂਆਂ ਦਾ ਹੜ ਵਹਿ ਤੁਰਿਆ।

"ਸਾਰੀ ਦੁਨੀਆਂ ਮੇਰੀ ਦੁਸ਼ਮਣ ਹੋ ਗਈ ਏ। ਮੈਂ ਆਪਣਾ ਗੁੱਸਾ ਭਲਾਂ ਤੇਰੇ 'ਤੇ ਨਾ ਲਾਹਾਂ ਤਾਂ ਕੀ ਕਰਾਂ।" ਯਾਰੂ ਨੇ ਬੜੇ ਪਿਆਰ ਨਾਲ ਕਿਹਾ। ਮਲੂਕਣ ਵੀ ਨਰਮ ਪੈ ਗਈ।

"ਲੜਿਆ ਆਪਣਿਆਂ ਨਾਲ ਈ ਜਾਂਦਾ ਏ ਗ਼ੈਰਾਂ ਨਾਲ ਨਈਂ।" ਉਸਦੇ ਲਹਿਜੇ ਵਿਚ ਉਲਾਂਭਾ ਵੀ ਸੀ। "ਤੇਰੇ ਸਿਵਾਏ ਹੁਣ ਇਸ ਦੁਨੀਆਂ 'ਚ ਹੈ ਵੀ ਕੌਣ। ਤੂੰ ਵੀ ਮੇਰੇ ਨਾਲ ਲੜਦੀ ਏਂ।"

ਮਲੂਕਣ ਦੇ ਦਿਲ ਤੋਂ ਜਿਵੇਂ ਭਾਰ ਲੱਥ ਗਿਆ ਹੋਵੇ। ਅੱਖਾਂ ਵਿਚੋਂ ਹੰਝੂ ਜਾਰੀ ਸਨ, ਪਰ ਇਹ ਖ਼ੁਸ਼ੀ ਦੇ ਹੰਝੂ ਸਨ। ਨਾਲ ਪਏ ਯਾਰੂ ਲਈ ਉਸਦੇ ਦਿਲ ਵਿਚ ਹਮਦਰਦੀ ਤੇ ਪਿਆਰ ਦੇ ਜਜ਼ਬੇ ਜਾਗ ਉੱਠੇ।

"ਮੈਨੂੰ ਅੱਬਾ ਕੋਲ ਛੱਡ ਆ।" ਉਸਨੇ ਕੁਝ ਸੋਚਦਿਆਂ ਹੋਇਆਂ ਕਿਹਾ।

"ਤੇ ਮੈਂ...," ਯਾਰੂ ਨੇ ਪੁੱਛਿਆ।

"ਤੂੰ ਵੀ ਆਪਣਿਆਂ ਤੇ ਰਿਸ਼ਤੇਦਾਰਾਂ ਕੋਲ ਜਾ ਕੇ ਰਹੁ।"



"ਮੇਰੇ ਆਪਣੇ, ਮੇਰੇ ਰਿਸ਼ਤੇਦਾਰ, ਮੇਰਾ ਖ਼ਾਨਦਾਨ, ਮੇਰਾ ਕਬੀਲਾ, ਮੇਰਾ ਰਾਜ ਹੁਣ ਸਿਰਫ਼ ਤੂੰ ਏਂ।" ਯਾਰੂ ਹਰ ਲਫ਼ਜ਼ 'ਤੇ ਜ਼ੋਰ ਦੇ ਕੇ ਸਾਫ਼-ਸਾਫ਼ ਕਹਿ ਰਿਹਾ ਸੀ।

ਮਲੂਕਣ ਨੇ ਜਵਾਬ ਦੇਣ ਦੀ ਬਜਾਏ ਯਾਰੂ ਨੂੰ ਆਪਣੇ ਨਾਲ ਘੁੱਟ ਲਿਆ। ਯਾਰੂ ਦੇ ਦਿਲੀ ਜਜ਼ਬਾਤ ਜਾਣ ਲੈਣ ਪਿੱਛੋਂ ਹੁਣ ਉਹ ਹਜ਼ਾਰ ਵਾਰੀ ਕੁੱਟ ਖਾਣ ਲਈ ਤਿਆਰ ਸੀ। ਰਾਤ ਦੀ ਗੱਲ ਯਾਦ ਕਰਕੇ ਉਸਨੂੰ ਜ਼ਰਾ ਹਾਸੀ ਆ ਗਈ। ਯਾਰੂ ਸੁੱਤਾ ਰਿਹਾ। ਸੂਰਜ ਦੀਆਂ ਕਿਰਨਾਂ ਉਸਦੇ ਸਾਰੇ ਜਿਸਮ 'ਤੇ ਪੈ ਰਹੀਆਂ ਸਨ। 'ਵਿਚਾਰਾ ਕਿੰਨਾ ਕਮਜ਼ੋਰ ਹੋ ਗਿਆ ਏ। ਦਿਨ-ਰਾਤ ਦੀ ਭੱਜ-ਨੱਸ ਤੇ ਫ਼ਿਕਰਾਂ ਵਿਚ ਘੁਲ ਗਿਆ ਏ। ਕੱਪੜੇ ਵੀ ਪਾਟ ਗਏ ਨੇ। ਬੂਟਾਂ ਦੇ ਤਲੇ ਵੀ ਘਿਸ ਗਏ ਨੇ। ਚਿਹਰੇ 'ਤੇ ਵੀ ਪਹਿਲਾਂ ਵਾਲੀ ਉਹ ਰੌਣਕ ਨਈਂ। ਅੱਖਾਂ ਦੁਆਲੇ ਟੋਏ ਪੈ ਗਏ ਨੇ...ਤੇ ਫੇਰ ਮੈਂ ਵੀ ਉਸਨੂੰ ਤੰਗ ਕਰਦੀ ਆਂ।' ਉਸਨੇ ਸੋਚਿਆ, 'ਹੁਣ ਭਾਵੇਂ ਉਹ ਮੈਨੂੰ ਕੁਛ ਵੀ ਕਿਓਂ ਨਾ ਕਹੇ, ਮੈਂ ਕਦੀ ਕੋਈ ਜੁਆਬ ਨਈਂ ਦਿਆਂਗੀ।' ਉਸਨੇ ਮਨ ਹੀ ਮਨ ਫ਼ੈਸਲਾ ਕੀਤਾ।

ਉਹ ਫੜੇ ਜਾਣ ਦੇ ਭੈਅ ਕਰਕੇ ਇਕ ਜਗ੍ਹਾ ਨਹੀਂ ਸੀ ਰਹਿੰਦਾ—ਪਿੰਡ-ਪਿੰਡ ਭਟਕਿਆ। ਹਰੇਕ ਜਗ੍ਹਾ ਲੋਕਾਂ ਦੀਆਂ ਅੱਖਾਂ ਉਸਨੂੰ ਸਵਾਲ ਕਰਦੀਆਂ ਸਨ। ਉਸਦੇ ਮੱਥੇ 'ਤੇ ਹਮੇਸ਼ਾ ਫ਼ਿਕਰ ਦੀਆਂ ਲਕੀਰਾਂ ਨਜ਼ਰ ਆਉਂਦੀਆਂ। ਕਦੇ-ਕਦੇ ਕਿਸੇ ਅਣਜਾਣੀ ਧਮਕੀ ਦੇ ਆਸਾਰ ਨਜ਼ਰ ਆਉਂਦੇ ਤੇ ਆਖ਼ਰਕਾਰ ਉਹੀ ਹੋਇਆ ਜਿਸ ਦਾ ਡਰ ਸੀ।

ਰਾਤ ਹੋ ਚੱਲੀ ਸੀ ਤੇ ਯਾਰੂ ਹਾਲੇ ਤਕ ਘਰ ਨਹੀਂ ਸੀ ਆਇਆ। ਉਹ ਨਾਲ ਵਾਲੇ ਸ਼ਹਿਰ ਗਿਆ ਸੀ। ਉਹ ਦਰਵਾਜ਼ੇ 'ਤੇ ਖੜ੍ਹੀ ਉਡੀਕ ਰਹੀ ਸੀ। ਫੇਰ ਅੰਦਰ ਆਈ। ਪਿੰਡ ਦੀਆਂ ਸਾਰੀਆਂ ਬੱਤੀਆਂ ਬੁਝ ਗਈਆਂ ਸਨ। ਬੱਚਿਆਂ ਦੇ ਖੇਡਣ ਦੀ ਕਾਂਵਾਂ-ਰੌਲੀ ਚੁੱਪ ਹੋ ਗਈ ਸੀ। ਕੁੱਤੇ ਭੌਂਕ-ਭੌਂਕ ਕੇ ਥੱਕ ਗਏ ਸਨ ਤੇ ਹੁਣ ਸੌਂ ਗਏ ਸਨ। ਸਿਰਫ਼ ਤਾਰਿਆਂ ਭਰੀ ਰਾਤ ਸੀ ਤੇ ਉਹ।

ਸ਼ਾਇਦ ਕਿਸੇ ਦੋਸਤ ਨਾਲ ਗੱਲੀਂ ਪੈ ਗਿਆ ਹੋਵੇ। ਗੱਲਾਂ ਦਾ ਤਾਂ ਏਨਾ ਸ਼ੌਕੀਨ ਨਹੀਂ ਉਹ। ਸ਼ਾਇਦ ਰਾਸਤੇ ਵਿਚ ਹੀ ਹੋਵੇ, ਆਉਂਦਿਆਂ ਈ ਕਹੇਗਾ, 'ਕੀ ਕਰਾਂ ਬਸ ਉਂਜ ਈ ਦੇਰ ਹੋ ਗਈ। ਗੱਲੀਂ ਲੱਗਾ ਰਿਹਾ। ਅੱਛਾ ਹੁਣ ਰੋਟੀ ਲਿਆ। ਜਲਦੀ ਕਰ ਬੜੀ ਜ਼ੋਰਦਾਰ ਭੁੱਖ ਲੱਗੀ ਹੋਈ ਏ।' ਯਾਰੂ ਜਿਸ ਕੰਮ ਲਈ ਗਿਆ ਏ, ਉਸ ਵਿਚ ਦੇਰ ਹੋ ਗਈ ਹੋਏਗੀ। ਮਰਦਾਂ ਨੂੰ ਕੰਮ ਹੁੰਦੇ ਨੇ, ਉਹ ਕੋਈ ਔਰਤ ਤਾਂ ਹੈ ਨਈਂ ਕਿ ਘਰ ਬੈਠਾ ਰਹੇ। ਪਰ ਏਨੀ ਦੇਰ ਨਈਂ ਕਰਨੀ ਚਾਹੀਦੀ। ਅੱਜ ਤਾਂ ਮੈਨੂੰ ਉਸ ਨਾਲ ਫ਼ੈਸਲਾ ਕਰਨਾ ਈ ਪਏਗਾ। ਮੈਂ ਉਸਨੂੰ ਕਹਾਂਗੀ ਕਿ 'ਮੈਂ ਇਕੱਲੀ ਔਰਤ ਜਾਤ, ਕਮਜ਼ੋਰ ਦਿਲ ਇੰਤਜ਼ਾਰ ਕਰਦੀ-ਕਰਦੀ ਬੇਹਾਲ ਹੋ ਜਾਨੀਂ ਆਂ ਤੇ ਤੇਰੀਆਂ ਮਹਿਫ਼ਿਲਾਂ ਦੋਸਤਾਂ ਨਾਲ ਜੰਮੀਆਂ ਰਹਿੰਦੀਆਂ ਨੇ।' ਉਸਨੇ ਸੋਚਿਆ। ਪਰ ਜਦੋਂ ਅੱਧੀ ਰਾਤ ਹੋ ਗਈ ਉਹ ਸੋਚਣ ਲੱਗੀ, 'ਖ਼ੁਦਾ ਕਰੇ ਉਹ ਆ ਜਾਏ। ਦੇਰ ਨਾਲ ਆਉਣ ਬਾਰੇ ਉਸਨੂੰ ਕੁਛ ਨਈਂ ਪੁੱਛਾਂਗੀ। ਖ਼ੁਦਾ ਕਰੇ ਕਿਸੇ ਦੇ ਘਰ ਰਹਿ ਨਾ ਪਏ।'

ਉਹ ਬਿਸਤਰੇ 'ਤੇ ਆ ਕੇ ਬੈਠ ਗਈ। ਬੈਠਿਆਂ-ਬੈਠਿਆਂ ਦਿਨ ਚੜ੍ਹ ਗਿਆ। ਉਸਦੀਆਂ ਅੱਖਾਂ ਸੁੱਜ ਗਈਆਂ ਸਨ। ਗੱਲ੍ਹਾਂ ਨੂੰ ਹੱਥ ਲਾ ਕੇ ਦੇਖਿਆ ਤਾਂ ਅੰਗਿਆਰ ਹੋਈਆਂ ਹੋਈਆਂ ਸਨ। ਸਾਰਾ ਦਿਨ ਬੀਤ ਗਿਆ। ਹੁਣ ਉਹ ਆਪਣੇ-ਆਪ ਨੂੰ ਤਸੱਲੀਆਂ ਨਾ ਦੇ ਸਕੀ। ਸ਼ੱਕ ਤੇ ਭੈਅ ਦੇ ਜ਼ਹਿਰੀਲੇ ਨਾਗ ਉਸਨੂੰ ਲਗਾਤਾਰ ਡੱਸ ਰਹੇ ਸਨ।

'ਮੈਨੂੰ ਛੱਡ ਗਿਆ। ਨਈਂ, ਹੋ ਸਕਦਾ ਏ ਆਪਣੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਗਿਆ ਹੋਏ। ਨਈਂ, ਓਥੇ ਜਾਂਦਾ ਤਾਂ ਮੈਨੂੰ ਜ਼ਰੂਰ ਦੱਸ ਕੇ ਜਾਂਦਾ। ਰਸਤੇ 'ਚ ਕਿਤੇ ਬਘਿਆੜ ਨੇ...ਨਈਂ, ਨਈਂ ਇੰਜ ਨਈਂ ਹੋ ਸਕਦਾ। ਕਿਸੇ ਮੋਟਰ-ਲਾਰੀ ਦੇ...ਮੇਰੇ ਮਾਲਕ, ਮੇਰੇ ਮੌਲਾ ਉਸਨੂੰ ਬਾਖ਼ੈਰੀਅਤ ਵਾਪਸ ਲਿਆ। ਮੈਂ ਉਸਨੂੰ ਨਈਂ ਪੁੱਛਾਂਗੀ ਕਿ ਏਨੀ ਦੇਰ ਕਿਓਂ ਕੀਤੀ। ਮੇਰੇ ਮੌਲਾ ਮੇਰੀ ਜਾਨ ਲੈ-ਲੈ ਪਰ ਉਸਨੂੰ ਮੋੜ ਦੇ। ਮੈਨੂੰ ਗੁਨਾਹਾਂ ਦੀ ਸਜ਼ਾ ਦੇ, ਬਿਮਾਰ ਕਰ, ਅਪਾਹਜ ਬਣਾ ਦੇ, ਅੰਨ੍ਹੀ, ਲੂਲ੍ਹੀ, ਲੰਗੜੀ ਕਰ ਦੇ ਪਰ ਉਸਨੂੰ ਸਹੀ-ਸਲਾਮ ਰੱਖੀਂ।' ਉਸਨੂੰ ਰੋਂਦਿਆਂ-ਰੋਂਦਿਆਂ ਤੇ ਅਰਜੋਈਆਂ ਕਰਦਿਆਂ ਸਾਰਾ ਦਿਨ ਬੀਤ ਗਿਆ। ਤੀਜੇ ਦਿਨ ਉਹ ਇਕ ਲਾਸ਼ ਵਾਂਗ ਹੋ ਗਈ ਸੀ—ਹੁਣ ਤਾਂ ਉਸ ਵਿਚ ਰੋਣ ਦੀ ਤਾਕਤ ਵੀ ਨਹੀਂ ਸੀ ਰਹੀ।

ਦੁਪਹਿਰੇ ਉਹ ਆਏ। ਯਾਰੂ ਅੱਗੇ-ਅੱਗੇ ਸੀ। ਉਸਦਾ ਚਿਹਰਾ ਪੀਲਾ ਤੇ ਸੁੱਜਿਆ ਹੋਇਆ ਸੀ। ਸਿੱਧੀ ਅੱਖ ਹੇਠ ਇਕ ਵੱਡਾ ਸਾਰਾ ਕਾਲਾ ਚਟਾਕ ਸੀ। ਮੁੱਛਾਂ ਪੁੱਟੀਆਂ ਹੋਈਆਂ ਸਨ ਤੇ ਲੱਤਾਂ ਲੜਖੜਾ ਰਹੀਆਂ ਸਨ। ਧੌਣ ਨੀਵੀਂ ਸੀ ਜਿਵੇਂ ਕਿਸੇ ਨੇ ਕੁਝ ਕਰ ਦਿੱਤਾ ਹੋਏ। ਉਸਦੇ ਚਿਹਰੇ 'ਤੇ ਭੈਅ ਦੇ ਪ੍ਰਛਾਵੇਂ ਸਨ। ਉਸਦੇ ਪਿੱਛੇ ਇਕ ਮੋਟਾ ਸਾਰਾ ਕਾਲਾ ਆਦਮੀ ਪਸਤੌਲ ਲਈ ਖੜ੍ਹਾ ਸੀ, ਦੂਜੇ ਦੇ ਹੱਥ ਵਿਚ ਬੰਦੂਕ ਸੀ। ਸਭ ਤੋਂ ਪਿੱਛੇ ਵਡੇਰਾ ਜਾੜਾ ਖ਼ਾਨ ਸੀ। ਮਲੂਕਣ ਚੀਕ ਮਾਰ ਕੇ ਯਾਰੂ ਦੇ ਗਲ਼ ਨਾਲ ਚੰਬੜ ਗਈ। ਯਾਰੂ ਨੇ ਭਰੜਾਈ ਹੋਈ ਆਵਾਜ਼ ਵਿਚ ਗਰਦਨ ਹੇਠਾਂ ਕੀਤੇ ਕੀਤੇ ਹੀ ਕਿਹਾ, "ਮੈਨੂੰ ਦੋ ਦਿਨ ਤਕ ਲਮਕਾ ਕੇ ਕੁੱਟਦੇ-ਮਾਰਦੇ ਰਹੇ ਪਰ ਮੈਂ ਕੁਛ ਨਈਂ ਦੱਸਿਆ...ਪਰ ਮੇਰੀ ਮਾਂ ਨੂੰ ਨੰਗੀ...।"

"ਹੁਣ ਬੰਦ ਕਰ ਏਹਨਾਂ ਕਹਾਣੀਆਂ ਨੂੰ। ਫੜ ਲਓ ਇਸ ਔਰਤ ਨੂੰ ਗੁੱਤੋਂ।" ਖੜ੍ਹੇ ਕਾਲੇ ਸੂਬੇਦਾਰ ਨੇ ਯਾਰੂ ਦੇ ਥੱਪੜ ਮਾਰਦਿਆਂ ਕਿਹਾ।

ਗੱਡੀ ਸਟੇਸ਼ਨ ਦੇ ਨੇੜੇ ਹੁੰਦੀ ਗਈ।

ਪਤਾ ਨਈਂ ਸਟੇਸ਼ਨ 'ਤੇ ਲਾਹੁਣਗੇ ਜਾਂ ਨਈਂ। ਕੀ ਪਤਾ ਬਾਹਰ ਦੀ ਬਾਹਰ ਕਿਸੇ ਹੋਰ ਦੇ ਹਵਾਲੇ ਕਰ ਦੇਣ, ਅੱਬਾ ਵਿਚਾਰੇ ਨੂੰ ਖ਼ਬਰ ਈ ਨਾ ਹੋਏ। ਖ਼ੁਦਾ ਕਰੇ ਅੱਬਾ ਏਥੇ ਆ ਜਾਏ, ਮੈਨੂੰ ਦੇਖ ਲਏ। ਜੋ ਕੁਝ ਵਾਪਰ ਚੁੱਕਿਆ ਸੀ ਉਹ ਉਸ ਬਾਰੇ ਸੋਚਣਾ ਵੀ ਨਹੀਂ ਸੀ ਚਾਹੁੰਦੀ। ਉਹ ਕੁਝ ਕਰਨਾ ਚਾਹੁੰਦੀ ਸੀ। ਹੁਣ ਉਸਦੀ ਵਾਰੀ ਹੈ, ਉਹ ਜ਼ਰੂਰ ਯਾਰੂ ਨੂੰ ਹਾਸਲ ਕਰੇਗੀ। ਉਸਨੇ ਇਹ ਸਾਰੀਆਂ ਗੱਲਾਂ ਰਸਤੇ ਵਿਚ ਹੀ ਸੋਚ ਲਈਆਂ ਸਨ। ਅੱਬਾ ਨੂੰ ਕਹਾਂਗੀ, "ਇਸ ਪਿੰਡ ਨੂੰ ਛੱਡ ਕੇ ਕਿਸੇ ਦੂਜੇ ਪਿੰਡ ਵਿਚ ਚਲੇ ਚੱਲਣ। ਓਥੇ ਜ਼ਮੀਨ ਬੜੀ ਏ।" ਕਿਸੇ ਨਾ ਕਿਸੇ ਤਰ੍ਹਾਂ ਅੱਬਾ ਨੂੰ ਮਨਾ ਲਵਾਂਗੀ। ਅੱਬਾ ਨੂੰ ਕਹਾਂਗੀ ਕਿਸੇ ਤੋਂ ਉਧਾਰ-ਸਧਾਰ ਲੈ ਕੇ ਸੂਬੇਦਾਰ ਦਾ ਮੂੰਹ ਬੰਦ ਕਰ ਦਏ ਤੇ ਯਾਰੂ ਨੂੰ ਛੁਡਾ ਕੇ ਲੈ ਆਏ। ਯਾਰੂ ਨਾਲ ਅੱਬਾ ਨੂੰ ਬੜਾ ਮੋਹ ਏ। ਉਹ ਉਸ ਲਈ ਸਭ ਕੁਝ ਕਰਨਗੇ। ਫੇਰ ਅਸੀਂ ਸਾਰੇ ਮਿਲ ਕੇ ਰਹਾਂਗੇ। ਉਸਨੇ ਸੋਚਿਆ ਕਿ ਅੱਬਾ ਨੂੰ ਸਾਰੀਆਂ ਗੱਲਾਂ ਦੱਸ ਦਿਆਂਗੀ ਕਿ ਯਾਰੂ ਉਪਰ ਕਿਸ ਕਿਸ ਕਿਸਮ ਦੇ ਜ਼ੁਲਮ ਹੋਏ ਨੇ, ਮੇਰੇ ਨਾਲ ਕਿਸ ਕਿਸਮ ਦੀਆਂ ਬਦਸਲੂਕੀਆਂ ਕੀਤੀਆਂ ਗਈਆਂ ਨੇ। ਫੇਰ ਤਾਂ ਅੱਬਾ ਜ਼ਰੂਰ ਮੰਨ ਜਾਏਗਾ। ਮੇਰਾ ਮਿਹਰਬਾਨ ਅੱਬਾ ਮੇਰੀ ਗੱਲ ਕਦੀ ਨਹੀਂ ਟਾਲੇਗਾ। ਖ਼ੁਦਾ ਕਰੇ ਇਹ ਲੋਕ ਮੈਨੂੰ ਅੱਬਾ ਨਾਲ ਮਿਲਣ



ਦੇਣ। ਇਸ ਫ਼ੈਸਲੇ 'ਤੇ ਪਹੁੰਚਣ ਪਿੱਛੋਂ ਜਿਵੇਂ ਉਸਦੇ ਜਿਸਮ ਵਿਚ ਜਾਨ ਪੈ ਗਈ। ਯਾਰੂ ਦੀ ਗੱਲ ਸੁਣ ਕੇ ਅੱਬਾ, ਅੰਮਾਂ, ਜਮਾ ਸਾਰੇ ਉਸਦਾ ਸਾਥ ਦੇਣਗੇ। ਜਦੋਂ ਕਿਤੇ ਹੋਰ ਚੱਲਣ ਲਈ ਕਹਾਂਗੀ ਤਾਂ ਪਹਿਲਾਂ ਅੱਬਾ ਨਈਂ ਮੰਨੇਗਾ, ਕੁਝ ਫ਼ਿਕਰਮੰਦ ਵੀ ਹੋ ਜਾਏਗਾ। ਅੰਮਾਂ ਤੇ ਜਮਾ ਵੀ ਇਤਰਾਜ਼ ਕਰਨਗੇ ਪਰ ਬਾਅਦ ਵਿਚ ਅੰਮਾਂ ਵੀ ਮੇਰੀ ਹਮਾਇਤ ਕਰੇਗੀ, ਫੇਰ ਅੱਬਾ ਜ਼ਰੂਰ ਮੰਨ ਜਾਏਗਾ...ਪਰ ਅੱਬਾ ਇਹ ਤਾਂ ਜ਼ਰੂਰ ਪੁੱਛੇਗਾ ਕਿ ਤੂੰ ਬਗ਼ੈਰ ਇਜਾਜ਼ਤ ਦੇ ਘਰੋਂ ਗਈ ਕਿਓਂ ? ਤਾਂ ਉਸਦਾ ਜਵਾਬ ਇਸਦੇ ਕੋਲ ਤਿਆਰ ਸੀ। ਉਹ ਕਹੇਗੀ ਕਿ ਅੱਬਾ ਤੁਸੀਂ ਖ਼ੁਦ ਮਜਬੂਰ ਤੇ ਬੇਵੱਸ ਸੀ। ਅਸੀਂ ਸੋਚਿਆ ਕਿ ਹੋ ਸਕਦਾ ਏ ਕਿ ਖ਼ਾਨਦਾਨ ਵਾਲੇ ਤੁਹਾਡੇ ਨਾਲ ਨਾਰਾਜ਼ ਹੋ ਜਾਣ, ਇਸ ਲਈ ਅਸੀਂ ਆਪਣੀ ਮਰਜ਼ੀ ਨਾਲ ਉਹ ਕੀਤਾ ਜੋ ਤੁਸੀਂ ਲੋਕ ਨਾ ਕਰਨ ਦਿੰਦੇ। ਜੇ ਫੇਰ ਵੀ ਉਹ ਗੁੱਸੇ ਹੋਣਗੇ ਤਾਂ ਉਹਨਾਂ ਨੂੰ ਮਨਾ ਲੈਣਾ ਬੜਾ ਆਸਾਨ ਏ। ਜਦੋਂ ਉਹਨਾਂ ਨੂੰ ਸਾਡੀਆਂ ਪ੍ਰੇਸ਼ਾਨੀਆਂ ਤੇ ਮੁਸੀਬਤਾਂ ਬਾਰੇ ਪਤਾ ਲੱਗੇਗਾ ਤਾਂ ਖ਼ੁਦ-ਬ-ਖ਼ੁਦ ਉਹਨਾਂ ਨੂੰ ਸਾਡੇ 'ਤੇ ਰਹਿਮ ਆਉਣ ਲੱਗੇਗਾ। ਰਿਸ਼ਤੇਦਾਰ ਤਾਂ ਉਂਜ ਵੀ ਰਹਿਮ ਦਿਲ ਹੁੰਦੇ ਨੇ। ਜਮਾ ਨੇ ਖ਼ੁਦ ਪਤਾ ਨਈਂ ਅਜਿਹੇ ਕਿੰਨੇ ਪੁੱਠੇ-ਸਿੱਧੇ ਕੰਮ ਕੀਤੇ ਹੋਣਗੇ। ਦੋ-ਤਿੰਨ ਦਿਨ ਗੁੱਸੇ ਰਹਿ ਕੇ ਫੇਰ ਮੰਨ ਜਾਏਗਾ। ਅੱਬਾ ਮੈਨੂੰ ਜਮਾ ਨਾਲੋਂ ਵੀ ਵੱਧ ਪਿਆਰ ਕਰਦਾ ਏ—ਉਹ ਮੇਰੀ ਇੱਜ਼ਤ ਜ਼ਰੂਰ ਰੱਖ ਲਏਗਾ। ਉਸਨੇ ਮਾਣ ਨਾਲ ਸੋਚਿਆ। ਸਿਰਫ਼ ਅੱਬਾ ਤਕ ਪਹੁੰਚ ਜਾਵਾਂ ਫੇਰ...।

ਜਿਉਂ-ਜਿਉਂ ਉਸ ਢੰਗ ਨਾਲ ਸੋਚਦੀ ਰਹੀ, ਉਮੀਦ ਬੱਝਦੀ ਰਹੀ। ਸਿਰਫ਼ ਇਕ ਵਾਰੀ ਅੱਬਾ ਨਾਲ ਮੁਲਾਕਾਤ ਹੋ ਜਾਏ, ਉਸਨੇ ਦਿਲ ਵਿਚ ਸੋਚਿਆ।

ਉਹ ਲੋਕ ਉਸਨੂੰ ਸਟੇਸ਼ਨ ਤੋਂ ਲਾਹ ਕੇ ਪਿੰਡ ਵੱਲ ਲੈ ਤੁਰੇ। ਇਹ ਰਸਤਾ ਸਿੱਧਾ ਆਪਣੇ ਘਰ ਵੱਲ ਜਾਂਦਾ ਹੈ—ਉਸਨੇ ਖ਼ੁਸ਼ ਹੋ ਕੇ ਸੋਚਿਆ। ਉਸਨੇ ਆਪਣੇ ਘਰ ਸਾਹਮਣੇ ਮਰਦਾਂ ਤੇ ਔਰਤਾਂ ਨੂੰ ਖੜ੍ਹਿਆਂ ਦੇਖਿਆ ਤਾਂ ਉਸਨੂੰ ਯਕੀਨ ਆ ਗਿਆ ਕਿ ਉਹ ਉਸਦਾ ਹੀ ਘਰ ਹੈ। ਉਸਨੇ ਸਾਰੇ ਆਦਮੀਆਂ ਵਿਚਕਾਰ ਆਪਣੇ ਅੱਬਾ ਨੂੰ ਪਛਾਣ ਲਿਆ। ਉਸਦੀ ਮਾਂ ਵੀ ਉੱਥੇ ਸੀ, ਜਮਾ ਵੀ ਮਰਦਾਂ ਵਿਚ ਸੀ। ਉਹ ਆਪਣੇ ਅੱਬਾ ਵੱਲ 'ਅੱਬਾ' ਕਹਿ ਕੇ ਵਧੀ ਪਰ ਜਮਾ ਨੇ ਖਿੱਚ ਕੇ ਉਸਦੇ ਇਕ ਡੰਡਾ ਮਾਰਿਆ। ਉਸਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸਦਾ ਹੱਥ ਟੁੱਟ ਗਿਆ ਹੋਵੇ। ਉਹ ਚੀਕ ਮਾਰ ਕੇ ਅੱਬਾ ਨਾਲ ਲਿਪਟ ਗਈ ਜਿਵੇਂ ਕਿ ਉਸਦੀ ਆਦਤ ਸੀ। ਬਚਪਨ ਵਿਚ ਜਦੋਂ ਜਮਾ ਉਸਨੂੰ ਮਾਰਦਾ ਤਾਂ ਉਹ ਰੋ-ਰੋ ਕੇ ਕਹਿੰਦੀ, "ਅੱਬਾ ਮੈਨੂੰ ਜਮਾ ਨੇ ਮਾਰਿਆ ਏ।" ਤੇ ਉਸਦਾ ਅੱਬਾ ਬੜੇ ਪਿਆਰ ਨਾਲ ਉਸਦੇ ਸਿਰ ਹੱਥ 'ਤੇ ਫੇਰ ਕੇ ਉਸਨੂੰ ਚੁੱਪ ਕਰਾਉਂਦਾ ਤੇ ਜਮਾ ਦਾ ਕੰਨ ਫੜ ਕੇ ਕਹਿੰਦਾ, "ਕਿਓਂ ਓਇ ਹਰਾਮੀਆ, ਭੈਣ ਨੂੰ ਮਾਰੀਦਾ ਹੁੰਦੈ...ਬਦਤਮੀਜਾ ਕੀ ਤੇਰਾ ਦਿਮਾਗ਼ ਖ਼ਰਾਬ ਹੋ ਗਿਐ...।"

...ਪਰ ਕੱਲ੍ਹ ਉਸਦੇ ਪਿਓ ਨੇ ਨਾ ਉਸਦੇ ਸਿਰ 'ਤੇ ਹੱਥ ਫੇਰਿਆ, ਨਾ ਗਲ਼ ਲਾਇਆ। ਨਾ ਹੀ ਜਮਾ ਨੂੰ ਕੰਨੋਂ ਫੜਿਆ। ਉਸ ਦੀਆਂ ਅੱਖਾਂ ਵਿਚ ਨਫ਼ਰਤ ਦੀ ਅੱਗ ਬਲ ਰਹੀ ਸੀ। ਉਸਨੇ ਉਸਨੂੰ ਨਫ਼ਰਤ ਨਾਲ ਧੱਕਾ ਦੇ ਦਿੱਤਾ ਤੇ ਪੈਂਦੀ ਸੱਟੇ ਕਈ ਥੱਪੜ ਵੀ ਮਾਰ ਦਿੱਤੇ। ਹਾਲਾਂਕਿ ਡੰਡਾ ਵੱਜਣ ਨਾਲ ਉਸਨੂੰ ਖ਼ਾਸੀ ਪੀੜ ਹੋਈ ਸੀ ਪਰ ਉਹਨਾਂ ਥੱਪੜਾਂ ਦੀ ਡੰਡੇ ਨਾਲੋਂ ਵੀ ਵੱਧ ਪੀੜ ਹੋਈ। ਏਨੇ ਵਿਚ ਜਮਾ ਨੇ ਉਸਦੇ ਸਿਰ 'ਤੇ ਕੁਹਾੜੀ

ਨਾਲ ਵਾਰ ਕੀਤਾ ਤੇ ਉਹ ਆਪਣੇ ਹੀ ਖ਼ੂਨ ਵਿਚ ਜ਼ਮੀਨ 'ਤੇ ਤੜਫ਼ਣ ਲੱਗੀ। ਉਸਦਾ ਚਾਚਾ, ਜਿਹੜਾ ਕਿ ਉਸਦੇ ਕੋਲ ਹੀ ਖੜ੍ਹਾ ਸੀ ਉਸਨੇ ਵੀ ਦੋ ਚਾਰ ਲੱਤਾਂ ਜੜ ਦਿੱਤੀਆਂ।

...ਤੇ ਹੁਣ ਉਹ ਇਸ ਹਾਲਤ ਵਿਚ।

ਉਸਦੀ ਕਿਸੇ ਨੇ ਵੀ ਹਿਮਾਇਤ ਨਹੀਂ ਸੀ ਕੀਤੀ। ਕੋਈ ਇਕ ਲਫ਼ਜ਼ ਹਮਦਰਦੀ ਦਾ ਨਹੀਂ ਸੀ ਬੋਲਿਆ। ਅਚਾਨਕ ਉਸਦੇ ਦਿਲ ਵਿਚ ਖ਼ਿਆਲ ਆਇਆ ਕਿ ਭਰਾ ਜਮਾ ਦੀ ਖ਼ੁਸ਼ਾਮਦ ਕਰ ਲਵਾਂ, ਉਸਦੇ ਪੈਰਾਂ 'ਚ ਡਿੱਗ ਪਵਾਂ ਤੇ ਮਿੰਨਤ ਕਰਾਂ, 'ਕੀ ਤੂੰ ਮੇਰਾ ਭਰਾ ਨਈਂ ਏਂ ? ਕੀ ਮੈਂ ਤੇਰੀ ਛੋਟੀ ਭੈਣ ਨਈਂ ਆਂ ? ਜਿਸਨੂੰ ਤੂੰ ਹਮੇਸ਼ਾ ਮੋਢੇ 'ਤੇ ਚੁੱਕ ਕੇ ਘੁਮਾਉਂਦਾ ਹੁੰਦਾ ਸੀ ? ਕੀ ਮੈਂ ਤੇਰੀ ਉਹ ਭੈਣ ਨਈਂ ਆਂ ਜਦੋਂ ਤੂੰ ਖ਼ਾਲਾ (ਮਾਸੀ) ਹਾਜਰਾ ਦੇ ਘਰ ਲੱਸੀ ਲੈਣ ਜਾਂਦਾ ਸੀ ਤਾਂ ਤੇਰੀ ਉਂਗਲ ਫੜ ਕੇ ਮੈਂ ਤੇਰੇ ਨਾਲ ਨਾਲ ਜਾਂਦੀ ਸਾਂ ? ਕੀ ਤੂੰ ਆਪਣੀ ਭੈਣ ਨੂੰ ਨਈਂ ਜਾਣਦਾ ਜਿਹੜੀ ਕਿ ਆਪਣੇ ਖ਼ਰਚੇ ਦੇ ਪੈਸਿਆਂ ਵਿਚੋਂ ਤੈਨੂੰ ਦੇ ਦਿੰਦੀ ਸੀ ? ਕੀ ਤੂੰ ਉਸ ਭੈਣ ਨੂੰ ਭੁੱਲ ਗਿਆ ਏਂ ਜਿਸ ਦੇ ਹੱਥ ਤੂੰ ਵਡੇਰੇ ਜਾੜੇ ਖ਼ਾਨ ਦੀ ਧੀ ਚੰਨਾਂ ਨੂੰ ਆਪਣੇ ਖ਼ਤ ਭੇਜਦਾ ਹੁੰਦਾ ਸੀ ? ਭਰਾ ਜਮਾ ਮੈਂ ਤੇਰੀ ਉਹੀ ਭੈਣ ਆਂ ਜਿਸ ਨੇ ਤੇਰੇ ਲਈ ਤਿੰਨ-ਤਿੰਨ ਰਾਤਾਂ ਜਾਗ ਕੇ ਬਿਤਾਈਆਂ ਨੇ—ਓਦੋਂ ਜਦੋਂ ਕਿ ਪੁਲਸ ਤੈਨੂੰ ਗਾਂ ਚੋਰੀ ਕਰਨ ਦੇ ਇਲਜ਼ਾਮ ਵਿਚ ਲੈ ਗਈ ਸੀ। ਮੇਰੇ ਪਿਆਰੇ ਤੇ ਹਮਦਰਦ ਭਰਾਵਾ ਮੇਰੇ 'ਤੇ ਰਹਿਮ ਕਰ। ਤੂੰ ਜਿਹੜਾ ਇਹ ਜ਼ਖ਼ਮ ਦਿੱਤਾ ਏ ਮੈਂ ਦਿਲੋਂ ਜਾਨ ਨਾਲ ਮੁਆਫ਼ ਕਰ ਦਿਆਂਗੀ ਤੇ ਤੂੰ ਜਿਸ ਤਰ੍ਹਾਂ ਕਹੇਂਗਾ ਉਸੇ ਤਰ੍ਹਾਂ ਕਰਾਂਗੀ।' ਉਸਦੀਆਂ ਅੱਖਾਂ ਵਿਚ ਅੱਥਰੂ ਭਰ ਆਏ, ਪੂਰੀ ਦੇਹ ਕੰਬਣ ਲੱਗੀ। ਬੁੱਲ੍ਹ ਕੰਬਣ ਲੱਗੇ, ਮੂੰਹ ਥੋੜ੍ਹਾ-ਜਿਹਾ ਖੁੱਲ੍ਹਿਆ ਪਰ ਡਾਢੀ ਪੀੜ ਸਦਕਾ ਉਹ ਖੁੱਲ੍ਹ ਕੇ ਰੋ ਵੀ ਨਾ ਸਕੀ। ਉਸਦੀਆਂ ਅੱਖਾਂ ਸਾਹਮਣੇ ਕੱਲ੍ਹ ਵਾਲਾ ਜਮਾ ਆ ਗਿਆ। ਉਸਦੇ ਚਿਹਰੇ ਦੀ ਨਫ਼ਰਤ, ਵਹਿਸ਼ੀਪਨ ਤੇ ਦਰਿੰਦਗੀ ਯਾਦ ਆ ਗਈ। ਉਸ ਖ਼ੂੰਖ਼ਾਰ ਦਰਿੰਦੇ ਦੀ, ਉਹ ਕਿਓਂ ਮਿੰਨਤ ਕਰੇ ? ਉਸਨੇ ਥੁੱਕਣ ਦੀ ਕੋਸ਼ਿਸ਼ ਕੀਤੀ ਪਰ ਥੁੱਕ ਉਸਦੇ ਸੁੱਕੇ ਹੋਏ ਬੁੱਲ੍ਹਾਂ 'ਚੋਂ ਬਾਹਰ ਨਾ ਨਿਕਲ ਸਕਿਆ।

ਬਾਹਰ ਕੋਈ ਕੁੱਤਾ ਭੌਂਕਿਆ। ਦੂਜਾ ਕੁੱਤਾ ਭੌਂਕਿਆ। ਫੇਰ ਬਹੁਤ ਸਾਰੇ ਕੁੱਤੇ ਭੌਂਕਣ ਲੱਗੇ। ਉਸਦਾ ਸਿਰ ਦਰਦ ਦੇ ਮਾਰੇ ਪਾਟ ਰਿਹਾ ਸੀ। ਉਸਨੂੰ ਬੁੱਲ੍ਹ ਤੇ ਗਲ਼ਾ ਸੁੱਕਦਾ ਹੋਇਆ ਮਹਿਸੂਸ ਹੋਇਆ। ਪਾਣੀ ਬਾਰੇ ਸੋਚ ਕੇ ਹੀ ਕੰਬ ਗਈ—ਹੁਣ ਪਾਣੀ ਵੀ ਸ਼ਾਇਦ ਮਰਨ ਤੋਂ ਪਿੱਛੋਂ ਹੀ ਨਸੀਬ ਹੋਏ। ਉਸਦਾ ਦਿਲ ਜ਼ੋਰ-ਜ਼ੋਰ ਨਾਲ ਧੜਕਣ ਲੱਗਾ ਪਰ ਫੇਰ ਉਸਨੂੰ ਖ਼ੁਦ-ਬ-ਖ਼ੁਦ ਕੁਝ ਸਕੂਨ ਜਿਹਾ ਮਹਿਸੂਸ ਹੋਇਆ। ਉਸਦਾ ਦਿਮਾਗ਼ ਫੇਰ ਸੋਚਣ ਲੱਗਾ—ਜੇ ਸੋਚਣਾ ਬੰਦ ਕਰਦੀ ਆਂ ਤਾਂ ਦੇਹ ਵਿਚ ਡਾਢੀਆਂ ਪੀੜਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਨੇ। ਸੋਚਣ ਨਾਲ ਪੀੜਾਂ ਦੇ ਤਰਾਟੇ ਕੁਝ ਘੱਟ ਹੋ ਜਾਂਦੇ ਨੇ। ਉਸਨੇ ਫੇਰ ਖ਼ਾਹਮ-ਖ਼ਾਹ ਸੋਚਣਾ ਸ਼ੁਰੂ ਕਰ ਦਿੱਤਾ—ਜੇ ਜ਼ਿੰਦਗੀ ਰਹਿ ਗਈ ਤਾਂ ਵੀ ਕੀ ਹੋਏਗਾ ?...ਸ਼ਾਇਦ ਬੁੱਢੇ ਆਰਬ ਨਾਲ, ਜਿਸਦੀ ਬੀਵੀ ਤੇਰ੍ਹਾਂ ਸਾਲ ਪਹਿਲਾਂ ਮਰ ਗਈ ਸੀ, ਮੇਰਾ ਨਿਕਾਹ ਕਰ ਦਿੱਤਾ ਜਾਏ। ਉਸਨੂੰ ਯਾਰੂ ਯਾਦ ਆਇਆ। ਜਦੋਂ ਮਲਾ ਖ਼ਮੀਸੇ ਦੀ ਧੀ ਬੱਚਾਂ ਮੂਸੀ ਮਾਸਟਰ ਨਾਲ ਭੱਜ ਗਈ ਸੀ ਤਾਂ ਉਸਨੂੰ ਸਜ਼ਾ ਦੇਣ ਲਈ ਉਸਦਾ ਵਿਆਹ ਹਾਜੀ ਜਮਾ ਨਾਲ ਕਰ ਦਿੱਤਾ ਗਿਆ ਸੀ। ਬੱਚਾਂ ਸਾਰੇ ਪਿੰਡ ਦੀ ਨੱਕ ਸੀ—ਗੋਰੀ ਚਿੱਟੀ, ਗੁਲਾਬ ਦੇ



ਫੁੱਲ ਵਰਗੀ। ਵੱਡੀਆਂ-ਵੱਡੀਆਂ ਕਟੋਰੇ ਵਰਗੀਆਂ ਅੱਖਾਂ। ਲੱਕ ਤਕ ਲੰਮੇ ਕਾਲੇ-ਸਿਆਹ ਤੇ ਚਮਕਦਾਰ ਵਾਲ। ਬਣਨ-ਸੰਵਰਨ ਦੀ ਸ਼ੌਕੀਨ। ਸ਼ਾਦੀ ਜਾਂ ਗ਼ਮੀ ਮੌਕੇ ਜਦੋਂ ਵੀ ਘਰੋਂ ਬਾਹਰ ਨਿਕਲਦੀ ਤਾਂ ਲੋਕਾਂ ਦੇ ਮੂੰਹ ਹੈਰਾਨੀ ਨਾਲ ਖੁੱਲ੍ਹੇ ਦੇ ਖੁੱਲ੍ਹੇ ਰਹਿ ਜਾਂਦੇ। ਜਮਾ ਨਾਲ ਨਿਕਾਹ ਤੋਂ ਬਾਅਦ ਉਹ ਸਿਰਫ਼ ਇਕ ਸਾਲ ਜਿਊਂਦੀ ਰਹੀ...ਫ਼ੇਰ ਪਤਾ ਨਈਂ ਉਸਨੂੰ ਕੀ ਹੋ ਗਿਆ ਕਿ ਸੁੱਕ ਕੇ ਤੀਲਾ ਹੋ ਗਈ। ਰੰਗ ਵੀ ਕਾਲਾ ਪੈ ਗਿਆ। ਮੂੰਹ ਦੀਆਂ ਹੱਡੀਆਂ ਵੀ ਉਭਰ ਆਈਆਂ। ਉਸਦੇ ਦਿਓਰਾਂ ਨੇ ਉਸਨੂੰ ਮਾਰ-ਮਾਰ ਕੇ ਹਾਲੋਂ ਬੇ-ਹਾਲ ਕਰ ਦਿੱਤਾ। ਜਿਹੜਾ ਵੀ ਦੇਖਦਾ, ਦੁੱਖ ਮਨਾਉਂਦਾ—'ਹਾਏ ਨੀ ਕਿਸਮਤੇ।'

ਆਰਬ ਦੀ ਬੀਵੀ ਬਣ ਜਾਣ ਦੇ ਡਰ ਸਦਕਾ ਉਸਦੇ ਚਿਹਰੇ 'ਤੇ ਕੁਰਖ਼ਤੀ ਤੇ ਨਫ਼ਰਤ ਪਸਰ ਗਈ। ਵਾਰੀ-ਵਾਰੀ ਉਸਨੂੰ ਖ਼ੂੰਖ਼ਾਰ ਕੁੱਤੇ ਦੀਆਂ ਅੱਖਾਂ ਯਾਦ ਆਈਆਂ। ਉਸਨੇ ਇਕ ਹੱਡੀਆਂ ਦੇ ਪਿੰਜਰ ਨੂੰ ਸਿਰ 'ਤੇ ਘੜਾ ਚੁੱਕੀ ਜਾਂਦਿਆਂ ਦੇਖਿਆ, ਜਿਸਦੀ ਕਮੀਜ਼ ਪਾਟੀ ਹੋਈ ਸੀ। ਲੱਤਾਂ ਲੜਖੜਾ ਰਹੀਆਂ ਸਨ। ਔਰਤਾਂ ਉਸਨੂੰ ਦੇਖ ਕੇ ਆਪਸ ਵਿਚ ਘੁਸਰ-ਮੁਸਰ ਕਰ ਰਹੀਆਂ ਸਨ, 'ਖ਼ੁਦਾ ਨਾ ਕਰੇ ਕਿਸੇ ਦੇ ਨਸੀਬ ਇਸ ਤਰ੍ਹਾਂ ਫੁੱਟ ਜਾਣ।' ਉਸਨੇ ਮਹਿਸੂਸ ਕੀਤਾ ਕਿ ਉਹ ਕਦੇ ਵੀ ਦਿਲੋਂ ਆਪਣੇ ਭਰਾ ਤੇ ਪਿਓ ਨੂੰ ਮੁਆਫ਼ ਨਹੀਂ ਕਰ ਸਕੇਗੀ। ਉਹ ਕਿਸੇ ਮੋਏ ਹੋਏ ਦੇ ਭੂਤ ਵਾਂਗ ਇੱਧਰ-ਉੱਧਰ ਭਟਕਦੀ ਰਹੀ...ਤੇ ਫੇਰ ਜਿਸ ਤਸਵੀਰ ਲਈ ਉਸਨੇ ਦਰਵਾਜ਼ੇ ਬੰਦ ਕਰ ਦਿੱਤੇ ਸਨ, ਅਚਾਨਕ ਦਰਵਾਜ਼ੇ ਤੋੜ ਕੇ ਅੰਦਰ ਆ ਗਈ—ਵੱਡਾ ਸਾਰਾ ਕਾਲਾ ਚਟਾਕ, ਅੱਖਾਂ ਧੱਸੀਆਂ ਹੋਈਆਂ ਤੇ ਗ਼ੈਰ-ਇਨਸਾਨੀ ਖ਼ੌਫ਼ਨਾਕ ਆਵਾਜ਼—

'ਮੈਨੂੰ ਦੋ ਦਿਨ ਤਕ ਲਮਕਾ ਕੇ ਕੁੱਟਦੇ-ਮਾਰਦੇ ਰਹੇ ਪਰ ਮੈਂ ਕੁਛ ਨਈਂ ਦੱਸਿਆ...ਪਰ ਮੇਰੀ ਮਾਂ ਨੂੰ ਨੰਗੀ...' ਉਹ ਹੋਰ ਨਾ ਸੋਚ ਸਕੀ। ਹੁਣ ਉਹ ਹੋਰ ਸੋਚਣਾ ਵੀ ਨਹੀਂ ਸੀ ਚਾਹੁੰਦੀ। ਉਸਦੇ ਦਿਲ ਵਿਚੋਂ ਜ਼ਿੰਦਗੀ ਦੀਆਂ ਉਮੰਗਾਂ ਤੇ ਮਰਨ ਦਾ ਭੈਅ ਨਿਕਲ ਗਿਆ ਸੀ। ਅਚਾਨਕ ਦਰਵਾਜ਼ਾ ਖੁੱਲ੍ਹਿਆ, ਉਸਦਾ ਦਿਲ ਛਾਤੀ ਪਾੜ ਕੇ ਬਾਹਰ ਨਿਕਲਣ ਵਾਲਾ ਹੋ ਗਿਆ। ਉਸਨੇ ਆਪਣੀ ਦੇਹ ਨੂੰ ਹਿਲਾਉਣਾ ਚਾਹਿਆ ਪਰ ਆਪਣੀ ਦੇਹ ਤੇ ਰੂਹ ਉਪਰ ਮੌਤ ਨੂੰ ਭਾਰੂ ਹੁੰਦਿਆਂ ਮਹਿਸੂਸ ਕੀਤਾ। ਕੋਈ ਅੰਦਰ ਆਇਆ। 'ਧੀਏ' ਉਸਨੇ ਆਪਣੇ ਅੱਬਾ ਦਾ ਹੱਥ ਸਿਰ 'ਤੇ ਮਹਿਸੂਸ ਕੀਤਾ। ਉਸਦੀ ਰੂਹ ਵਿਚੋਂ ਇਕ ਗੂੰਗੀ ਆਹ ਨਿਕਲੀ, 'ਅੱਬਾ।' ਉਸਨੇ ਰੋਂਦਿਆਂ ਹੋਇਆਂ ਕੁਝ ਕਹਿਣਾ ਚਾਹਿਆ, 'ਤੁਸੀਂ ਮੈਨੂੰ ਕਿਓਂ ਮਾਰਿਆ ਅੱਬਾ...'

'ਏਸ ਜ਼ਿੰਦਗੀ 'ਤੇ ਲਾਹਣਤ ਐ ਧੀਏ।' ਅੱਬਾ ਨੇ ਹੌਲੀ-ਜਿਹੀ ਕਿਹਾ, 'ਇੱਜ਼ਤ ਦੀ ਗੱਲ ਏ ਵਰਨਾ...' ਉਸਦਾ ਗੱਚ ਭਰ ਆਇਆ। ਫੇਰ ਉਹ ਹੌਲੀ-ਹੌਲੀ ਕੁਝ ਕਹਿੰਦਾ ਰਿਹਾ, ਪਰ ਉਹ ਸੁਣ ਨਾ ਸਕੀ।

'ਝੂਠ' ਉਸਨੇ ਸੋਚਿਆ—'ਸਭ ਝੂਠ, ਮੁਸ਼ਕਲ ਸਮੇਂ ਕੋਈ ਔਰਤ ਦਾ ਸਾਥ ਨਈਂ ਦਿੰਦਾ। ਕਿਸ ਦਾ ਪਿਓ ਕਿਸ ਦੀ ਮਾਂ, ਕਿਸ ਦਾ ਭਰਾ...ਉਸਨੂੰ ਮਹਿਸੂਸ ਹੋਇਆ ਜਿਵੇਂ ਉਹ ਭਰੀ ਦੁਨੀਆਂ ਵਿਚ ਇਕੱਲੀ ਹੋਏ। ਸਭ ਪਾਸੇ ਰਾਤ ਈ ਰਾਤ। ਹਨੇਰਾ ਈ ਹਨੇਰਾ। ਪਤਾ ਨਹੀਂ ਕਿਉਂ ਉਸਦੀ ਰੂਹ ਇਸ ਖ਼ੌਫ਼ਨਾਕ ਰਾਤ ਤੇ ਹਨੇਰੇ ਵਿਚ ਸਕੂਨ ਮਹਿਸੂਸ ਕਰਨ ਲੱਗੀ। ਉਸਨੂੰ ਮਹਿਸੂਸ ਹੋਇਆ ਜਿਵੇਂ ਉਹ ਕੋਈ ਹੋਰ ਹੈ ਤੇ ਚਟਾਈ 'ਤੇ

ਪਈ ਹੋਈ ਜ਼ਖ਼ਮੀ, ਸੁੱਜੀ ਤੇ ਕੁਚਲੀ ਹੋਈ ਦੇਹ ਤੇ ਜ਼ਖ਼ਮੀ ਰੂਹ ਵਾਲੀ ਕੁੜੀ ਕੋਈ ਹੋਰ ਹੈ। ਉਸਨੂੰ ਉਸ ਮੁਸੀਬਤ ਦੀ ਮਾਰੀ ਕੁੜੀ 'ਤੇ ਡਾਢਾ ਤਰਸ ਆਉਣ ਲੱਗਾ। ਬੜੀ ਥੱਕ ਗਈ ਹੋਏਗੀ ਵਿਚਾਰੀ। "ਸੌਂ ਜਾ ਮਲੂਕਣ ਭੈਣ, ਸੌਂ ਜਾ।" ਉਸਨੇ ਮਨ ਹੀ ਮਨ ਉਹ ਜ਼ਖ਼ਮੀ ਕੁੜੀ ਨੂੰ ਕਿਹਾ। ਤੇ ਕੁੜੀ ਦੀ ਦੇਹ ਜਿਵੇਂ ਢਿੱਲੀ ਪੈਣ ਲੱਗੀ ਤੇ ਉਸਨੂੰ ਨੀਂਦ ਆਉਣ ਲੱਗੀ।

ਖ਼ੁਦ ਨੂੰ ਬੜਾ ਰੋਕਿਆ ਪਰ ਪਿਓ ਦਾ ਦਿਲ ਨਾ ਰਹਿ ਸਕਿਆ—

"ਧੀਏ ਤੇਰੇ ਭਰਾ ਤੋਂ ਚੋਰੀਓਂ ਆਇਆਂ, ਮੈਨੂੰ ਮਾਫ਼ ਕਰ ਦੇਈਂ ਮਲੂਕਣ ਧੀਏ।"



# ਸ਼ੀਸ਼ੇ ਦਾ ਭੈਅ

**—ਮਜ਼ਹਰ ਇਬੜੋ**

***(25-04-1971)***

ਮੈਂ ਕਾਫੀ ਅਰਸੇ ਤੋਂ ਸ਼ੀਸ਼ਾ ਦੇਖਣਾ ਬੰਦ ਕੀਤਾ ਹੋਇਆ ਏ। ਕਿਉਂਕਿ ਇਹ ਸੱਚ ਬੋਲਣ ਤੋਂ ਬਾਜ਼ ਨਹੀਂ ਆਉਂਦਾ। ਸ਼ੀਸ਼ਾ ਅੱਜ ਕੱਲ੍ਹ ਮੈਨੂੰ ਇਹ ਕਹਿ ਕਹਿ ਡਰਾਉਣ ਲੱਗ ਪਿਆ ਸੀ ਕਿ—

"ਤੂੰ ਬੁੱਢੀ ਹੋ ਗਈ ਏਂ। ਤੇਰੇ ਕਾਲੇ ਰੇਸ਼ਮੀ ਵਾਲ ਚਾਂਦੀ ਦੀਆਂ ਤਾਰਾਂ 'ਚ ਤਬਦੀਲ ਹੋ ਚੁੱਕੇ ਨੇ। ਤੇਰੀਆਂ ਝੀਲ ਵਰਗੀਆਂ ਅੱਖਾਂ ਦੁਆਲੇ ਕਾਲੇ ਘੇਰੇ ਦਿੱਸਣ ਲੱਗ ਪਏ ਨੇ। ਤੇਰਾ ਗ਼ੁਲਾਬੀ ਚਿਹਰਾ ਇੰਜ ਝੁਲਸ ਗਿਆ ਏ ਕਿ ਦੁਨੀਆਂ ਦੀ ਕੋਈ ਵੀ ਕਰੀਮ ਜਾਂ ਪਾਊਡਰ ਉਸ ਦੀਆਂ ਝੁਰੜੀਆਂ ਨੂੰ ਨਈਂ ਛੁਪਾ ਸਕਦਾ।"

ਹੁਣ ਮੈਨੂੰ ਸ਼ੀਸ਼ੇ ਸਾਹਮਣੇ ਬੈਠਦਿਆਂ ਭੈਅ ਆਉਂਦਾ ਏ। ਸੋਚਦੀ ਹਾਂ ਕਿ ਸ਼ੀਸ਼ਾ ਤਾਂ ਉਹੀ ਏ ਜਿਹੜਾ ਕਦੀ ਮੇਰੇ ਰੂਪ ਦੀ ਤਾਰੀਫ਼ ਵਿਚ ਜ਼ਮੀਨ-ਆਸਮਾਨ ਇਕ ਕਰ ਦੇਂਦਾ ਸੀ, ਜਿਸ ਦੇ ਸਾਹਮਣੇ ਮੈਂ ਘੰਟਿਆਂਬੱਧੀ ਬੈਠੀ ਰਹਿੰਦੀ ਸਾਂ ਪਰ ਇਕ ਛਿਣ ਲਈ ਵੀ ਇਸ ਦੀਆਂ ਗੱਲਾਂ ਤੋਂ ਉਕਤਾਹਟ ਮਹਿਸੂਸ ਨਈਂ ਸੀ ਹੁੰਦੀ। ਉਹਨੀਂ ਦਿਨੀਂ ਸ਼ੀਸ਼ੇ ਦਾ ਖ਼ਿਆਲ ਸੀ ਕਿ ਮੈਂ ਅਜਿਹੀ ਸ਼ਮਾ ਵਾਂਗ ਆਂ ਜੋ ਜਿੱਥੇ ਹੋਏ ਓਥੇ ਚਾਨਣ ਤੇ ਖ਼ੁਸ਼ੀਆਂ ਪਸਰੀਆਂ ਰਹਿਣਗੀਆਂ, ਕਦੀ ਇਹੀ ਸ਼ੀਸ਼ਾ ਧੀਮੀ ਆਵਾਜ਼ ਵਿਚ ਮੈਨੂੰ ਕਹਿੰਦਾ ਹੁੰਦਾ ਸੀ ਕਿ—

"ਹੁਸਨ ਦੀ ਮਹਿਮਾ ਤਦ ਤਕ ਨਹੀਂ ਹੁੰਦੀ ਜਦ ਤਕ ਉਸਦਾ ਕੋਈ ਪੁਜਾਰੀ ਨਾ ਹੋਏ।"

ਸ਼ੀਸ਼ਾ ਨਾ ਪਹਿਲਾਂ ਝੂਠ ਬੋਲਦਾ ਸੀ, ਨਾ ਈ ਅੱਜ ਸੱਚ ਦੇ ਖ਼ਿਲਾਫ਼ ਏ। ਫ਼ਰਕ ਸਿਰਫ਼ ਇਹੀ ਏ ਕਿ ਪਹਿਲਾਂ ਮੈਨੂੰ ਇਸਦੇ ਸਾਹਮਣੇ ਆਉਂਦਿਆਂ ਖ਼ੁਸ਼ੀ ਮਹਿਸੂਸ ਹੁੰਦੀ ਸੀ ਤੇ ਅੱਜ ਇਸਦੇ ਨੇੜਿਓਂ ਲੰਘਦਿਆਂ ਭੈਅ ਮਹਿਸੂਸ ਹੁੰਦਾ ਏ।

ਮੈਂ ਜਾਣਦੀ ਹਾਂ ਮੇਰੇ ਹੁਸਨ ਦੀ ਮਹਿਮਾ ਨਈਂ ਹੋ ਸਕੀ ਕਿਉਂਕਿ ਮੈਂ ਆਪਣੀ ਜ਼ਿੰਦਗੀ ਵਿਚ ਹੁਸਨ ਦੇ ਕਿਸੇ ਪੁਜਾਰੀ ਨੂੰ ਵੜਣ ਦੀ ਇਜਾਜ਼ਤ ਨਈਂ ਦਿੱਤੀ। ਮੰਨਦੀ ਹਾਂ ਕਿ ਮੇਰੀ ਗ਼ਲਤੀ ਏ। ਮੈਂ ਸ਼ੀਸ਼ੇ ਦੀ ਗੱਲ 'ਤੇ ਧਿਆਨ ਨਈਂ ਦਿੱਤਾ। ਪਰ ਹੁਣ ਇਸ ਦੀਆਂ ਕੌੜੀਆਂ-ਕੁਸੈਲੀਆਂ ਗੱਲਾਂ ਬਰਦਾਸ਼ਤ ਕਰਨ ਦੀ ਹਿੰਮਤ ਵੀ ਮੇਰੇ ਵਿਚ ਨਈਂ ਰਹੀ।

ਇਹ ਸੱਚਾਈ ਏ ਕਿ ਮੈਂ ਕਾਤਲ ਹਾਂ ਆਪਣੇ ਅਰਮਾਨਾਂ ਤੇ ਆਪਣੀਆਂ ਤਮੰਨਾਵਾਂ ਦੀ, ਉਹ ਇਸ ਲਈ ਕਿ ਮੈਂ ਆਪਣੀਆਂ ਤਮੰਨਾਵਾਂ ਦੇ ਕਤਲੇਆਮ ਸਮੇਂ ਕੁਝ ਨਾ ਕਰ ਸਕੀ। ਬੋਲਣ ਦੀ ਸਲਾਹੀਅਤ ਹੋਣ ਦੇ ਬਾਵਜੂਦ ਵੀ ਮੈਂ ਚੁੱਪ ਰਹੀ। ਸ਼ਾਇਦ ਇਹੀ ਮੇਰੀ

ਬਚਪਨ ਦੀ ਨਾਦਨੀ ਸੀ। ਪਰ ਫੇਰ ਵੀ ਮੈਂ ਆਪਣੇ ਅਰਮਾਨਾਂ ਦੇ ਕਤਲ ਵਿਚ ਖ਼ੁਦ ਨੂੰ ਹਿੱਸੇਦਾਰ ਸਮਝਦੀ ਹਾਂ। ਸਮਾਜ ਦਾ ਕਾਨੂੰਨ ਮੈਨੂੰ ਬੇਸ਼ੱਕ ਬੇਗੁਨਾਹ ਸਮਝੇ, ਪਰ ਸ਼ੀਸ਼ੇ ਨੇ ਮੈਨੂੰ ਦੋਸ਼ੀ ਬਣਾ ਦਿੱਤਾ ਏ ਤੇ ਮੈਂ ਜਾਣਦੀ ਹਾਂ ਕਿ ਸ਼ੀਸ਼ੇ ਨਾਲੋਂ ਵੱਡਾ ਹੋਰ ਕੋਈ ਜੱਜ ਨਈਂ ਹੋ ਸਕਦਾ। ਸ਼ੀਸ਼ਾ ਜੋ ਕੁਝ ਕਹਿੰਦਾ ਏ ਉਹ ਸੱਚ ਏ। ਜੇ ਇਹ ਮੈਨੂੰ ਮੁਜਰਮ ਆਖ ਰਿਹਾ ਏ ਤਾਂ ਮੈਨੂੰ ਆਪਣੀ ਗ਼ਲਤੀ ਮੰਨ ਲੈਣੀ ਚਾਹੀਦੀ ਏ। ਮੈਂ ਇਸ ਤੋਂ ਇਨਕਾਰ ਨਈਂ ਕਰ ਸਕਦੀ। ਮੈਂ ਸ਼ੀਸ਼ੇ ਸਾਹਵੇਂ ਖਲੋ ਕੇ ਝੂਠ ਨਈਂ ਬੋਲ ਸਕਦੀ। ਸ਼ੀਸ਼ਾ ਸਭ ਸੱਚ ਆਖਦਾ ਏ। ਸੱਚ ਦੇਖਦਾ ਏ। ਸੱਚ ਦਿਖਾਉਂਦਾ ਏ।

ਮੇਰਾ ਜਨਮ ਵਡੇਰੇ ਖ਼ਾਨਦਾਨ ਵਿਚ ਹੋਇਆ। ਘਰਵਾਲਿਆਂ ਦੀ ਲਾਡਲੀ ਵੀ ਬਹੁਤ ਸੀ। ਬਚਪਨ ਤੋਂ ਈ ਉਹ ਮੇਰੇ ਨਾਜ਼-ਨਖ਼ਰੇ ਵੀ ਬਹੁਤ ਝੱਲਦੇ ਸਨ, ਜਿਸ ਕਰਕੇ ਮੇਰੇ ਵਿਚ ਬਚਪਨ ਤੋਂ ਹਉਮੈ ਪੈਦਾ ਹੋ ਗਈ। ਮੇਰੇ ਮਾਂ-ਬਾਪ ਹਮੇਸ਼ਾ ਮੇਰੀ ਹਰ ਖ਼ਾਹਸ਼ ਪੂਰੀ ਕਰਦੇ ਰਹੇ, ਪਰ ਮੇਰੀ ਜ਼ਿੰਦਗੀ ਦਾ ਸਭ ਤੋਂ ਅਹਿਮ ਫ਼ੈਸਲਾ ਆਪਣੀ ਮਰਜ਼ੀ ਨਾਲ ਕਰ ਦਿੱਤਾ। ਉਦੋਂ ਮੈਂ ਵੀ ਇਸ ਫ਼ੈਸਲੇ ਦਾ ਵਿਰੋਧ ਨਈਂ ਸੀ ਕੀਤਾ। ਤਦ ਤਕ ਮੈਨੂੰ ਜਵਾਨੀ ਦੇ ਅਰਥ ਪਤਾ ਨਹੀਂ ਸਨ, ਜਿਸ ਕਰਕੇ ਮੇਰੇ ਮਾਂ-ਬਾਪ ਨੇ ਪੰਦਰਾਂ ਸਾਲ ਦੀ ਉਮਰ ਵਿਚ ਕੁਰਾਨ ਨਾਲ ਮੇਰਾ ਹੱਕ ਬਖ਼ਸ਼ਵਾ ਦਿੱਤਾ ਸੀ। ਉਸ ਦਿਨ ਮੈਨੂੰ ਖ਼ਾਸ ਤੌਰ 'ਤੇ ਜੇਵਰਾਂ ਤੇ ਕੀਮਤੀ ਕੱਪੜਿਆਂ ਨਾਲ ਸਜਾਇਆ ਗਿਆ ਸੀ ਤੇ ਮੇਰਾ ਆਮ ਨਾਲੋਂ ਵੱਧ ਖ਼ਿਆਲ ਰੱਖਿਆ ਗਿਆ ਸੀ—ਉਸ ਦਿਨ ਮੈਂ ਖ਼ੁਦ ਨੂੰ ਬੜੀ ਅਹਿਮ ਸਮਝ ਰਹੀ ਸਾਂ। ਉਸੇ ਦਿਨ ਤੋਂ ਸ਼ੀਸ਼ੇ ਨਾਲ ਮੇਰੀ ਦੋਸਤੀ ਪੱਕੀ ਹੋ ਗਈ ਸੀ। ਉਸ ਤੋਂ ਪਹਿਲਾਂ ਵੀ ਮੈਂ ਸ਼ੀਸ਼ਾ ਦੇਖਦੀ ਹੁੰਦੀ ਸਾਂ ਪਰ ਸਾਡੀ ਗੱਲਬਾਤ ਸਿਰਫ਼ ਜਾਣ-ਪਛਾਣ ਤੋਂ ਅੱਗੇ ਨਈਂ ਸੀ ਵਧੀ। ਕੁਰਾਨ ਨਾਲ ਮੇਰੀ ਹੱਕ-ਬਖ਼ਸ਼ਵਾਈ ਵਾਲੇ ਦਿਨ ਸ਼ੀਸ਼ੇ ਨੇ ਮੇਰੇ ਨਾਲ ਦਿਲ ਖੋਲ੍ਹ ਕੇ ਗੱਲਾਂ ਕੀਤੀਆਂ। ਉਸ ਨੇ ਮੇਰੇ ਪਿਆਰੇ-ਪਿਆਰੇ ਨੈਣ-ਨਕਸ਼ ਤੇ ਬਣਾ-ਸ਼ਿੰਗਾਰ ਦੀ ਬੜੀ ਤਾਰੀਫ਼ ਕੀਤੀ ਤੇ ਸ਼ਰਾਰਤੀ ਲਹਿਜੇ ਵਿਚ ਫੁਸਫੁਸਾਇਆ—

"ਮੈਂ ਅੱਜ ਤਕ ਤੇਰੇ ਜਿੰਨੀ ਖ਼ੂਬਸੂਰਤ ਕੁੜੀ ਕਦੀ ਨਈਂ ਦੇਖੀ...।"

ਉਸ ਦਿਨ ਤੋਂ ਸ਼ੀਸ਼ਾ ਮੇਰਾ ਮਹਿਬੂਬ ਤੇ ਹਮਰਾਜ਼ ਬਣ ਗਿਆ। ਉਹ ਕਈ ਗੱਲਾਂ ਮੈਨੂੰ ਇਸ਼ਾਰਿਆਂ ਨਾਲ ਸਮਝਾ ਦਿੰਦਾ ਸੀ। ਸੋਲਾਂ ਸਾਲ ਦੀ ਉਮਰ ਤਕ ਮੈਂ ਸ਼ੀਸ਼ੇ ਤੋਂ ਕਾਫੀ ਕੁਝ ਸਿੱਖ ਚੁੱਕੀ ਸੀ। ਘਰ ਵਿਚ ਹਰ ਕੋਈ ਮੈਨੂੰ ਚਾਹੁੰਦਾ ਸੀ। ਮੇਰੇ ਮੂੰਹੋਂ ਨਿਕਲੀ ਹਰ ਗੱਲ ਪੱਥਰ ਦੀ ਲਕੀਰ ਹੁੰਦੀ ਸੀ। ਮੈਂ ਹਰ ਮਾਮਲੇ ਵਿਚ ਖ਼ੁਦਮੁਖ਼ਤਾਰ ਸੀ। ਸਾਰੇ ਮੈਨੂੰ ਮੋਹ ਕਰਦੇ ਸਨ ਪਰ ਫੇਰ ਵੀ ਮੈਨੂੰ ਕਿਸੇ ਚੀਜ਼ ਦੀ ਕਮੀ ਮਹਿਸੂਸ ਹੁੰਦੀ ਰਹਿੰਦੀ ਸੀ। ਸ਼ੀਸ਼ੇ ਸਾਹਮਣੇ ਖਲੋ ਕੇ ਇਹ ਅਹਿਸਾਸ ਜ਼ਿਆਦਾ ਵਧ ਜਾਂਦਾ ਸੀ। ਮੇਰੇ ਜਿਸਮ ਦਾ ਜਾਇਜ਼ਾ ਲੈਣ ਪਿੱਛੋਂ ਸ਼ੀਸ਼ਾ ਮੈਨੂੰ ਕਹਿਣ ਲੱਗਦਾ—

"ਤੈਨੂੰ ਪਿਆਰ ਕਰਨ ਲਈ ਬਣਾਇਆ ਗਿਆ ਏ..."

ਅੱਗੋਂ ਮੈਂ ਜਵਾਬ ਵਿਚ ਉਸਨੂੰ ਕਹਿੰਦੀ—

"ਏਨੇ ਸਾਰੇ ਲੋਕ ਤਾਂ ਮੈਨੂੰ ਪਿਆਰ ਕਰਦੇ ਨੇ...ਮੈਨੂੰ ਹੋਰ ਕੀ ਚਾਹੀਦਾ ਏ...?"

ਮੇਰਾ ਇਹ ਜਵਾਬ ਸੁਣ ਕੇ ਸ਼ੀਸ਼ਾ ਠਹਾਕੇ ਲਾਉਣ ਲੱਗ ਪੈਂਦਾ ਜਿਵੇਂ ਕਹਿ ਰਿਹਾ ਹੋਵੇ—



"ਇਹ ਪਿਆਰ ਕੀ ਕੋਈ ਪਿਆਰ ਏ!!"

ਕਮੀ ਸੀ, ਕਿਸੇ ਹੋਰ ਗੱਲ ਦੀ ਕਮੀ...ਜਿਸ ਨੂੰ ਮਹਿਸੂਸ ਤਾਂ ਕਰਦੀ ਸਾਂ ਪਰ ਸਮਝਣ ਪੱਖੋਂ ਨਾਸਮਝ ਸਾਂ। ਸ਼ੀਸ਼ਾ ਸਿਰਫ਼ ਇਸ਼ਾਰਿਆਂ, ਸੈਨਤਾਂ ਤੋਂ ਕੰਮ ਲੈਂਦਾ ਸੀ ਤੇ ਓਪਰੇਪਨ ਦੀ ਕੰਧ ਢਾਅ ਕੇ ਖੁੱਲ੍ਹ ਕੇ ਕਦੀ ਵੀ ਕੁਝ ਨਹੀਂ ਸੀ ਕਹਿੰਦਾ। ਤੇ ਫੇਰ ਸਮਾਂ ਬੀਤਦਾ ਗਿਆ ਤੇ ਹੌਲੀ-ਹੌਲੀ ਸ਼ੀਸ਼ਾ ਵੀ ਮੇਰੇ ਨਾਲ ਵਧੇਰੇ ਖੁੱਲ੍ਹਦਾ ਗਿਆ। ਇੱਥੋਂ ਤਕ ਕਿ ਮੇਰੀਆਂ ਅੱਖਾਂ ਵਿਚ ਸੁਰਖ਼ ਡੋਰੇ ਦੇਖ ਕੇ ਕਦੀ-ਕਦੀ ਮੇਰੇ ਸਾਹਮਣੇ ਸ਼ੇਅਰ ਵੀ ਗੁਣਗੁਣਾਉਣ ਲੱਗਦਾ—ਉਦੋਂ ਮੈਂ ਸ਼ਰਮ ਨਾਲ ਲਾਲ-ਸੂਹੀ ਹੋ ਜਾਂਦੀ। ਜਿਹੜੀ ਕਮੀ ਕੁਝ ਅਰਸਾ ਪਹਿਲਾਂ ਉਹ ਮੈਨੂੰ ਇਸ਼ਾਰਿਆਂ, ਸੈਨਤਾਂ ਨਾਲ ਮਹਿਸੂਸ ਕਰਵਾਉਣ ਦੀ ਕੋਸ਼ਿਸ਼ ਕਰਦਾ ਸੀ, ਆਖ਼ਰਕਾਰ ਉਸਨੇ ਸਪੱਸ਼ਟ ਤੌਰ 'ਤੇ ਦੱਸ ਦਿੱਤੀ ਪਰ ਉਦੋਂ ਤਕ ਮੇਰੀ ਸੋਚ ਤੇ ਮੇਰਾ ਵਜੂਦ ਸਿਰਫ਼ ਕੁਰਾਨ ਸ਼ਰੀਫ਼ ਲਈ ਸੀਮਿਤ ਹੋ ਚੁੱਕਿਆ ਸੀ। ਮੈਂ ਕੁਰਾਨ ਦੀ ਲਾੜੀ ਸੀ ਇਸ ਲਈ ਆਪਣੇ ਵਰਗੇ ਕਿਸੇ ਇਨਸਾਨ ਨੂੰ ਆਪਣੀ ਜ਼ਿੰਦਗੀ ਵਿਚ ਲਿਆਉਣ ਦੀ ਕਲਪਨਾ ਵੀ ਮੇਰੇ ਲਈ ਗੁਨਾਹ ਸੀ। ਸ਼ੀਸ਼ਾ ਮੈਨੂੰ ਵਰਗਲਾਉਂਦਾ ਰਹਿੰਦਾ, ਪਰ ਮੈਂ ਉਸਨੂੰ ਅਣਡਿੱਠ ਕਰਦੀ ਰਹਿੰਦੀ।

ਦਿਨ, ਹਫ਼ਤੇ, ਮਹੀਨੇ...ਸਾਲਾਂ ਤੇ ਦਹਾਕਿਆਂ ਵਿਚ ਬਦਲਦੇ ਰਹੇ ਤੇ ਸਮੇਂ ਦੇ ਨਾਲ-ਨਾਲ ਮੈਂ ਵੀ ਬਦਲਦੀ ਰਹੀ। ਤੀਹ ਵਰ੍ਹਿਆਂ ਦੀ ਸੀ ਤਾਂ ਵੀ ਚੰਗੀਆਂ ਭਲੀਆਂ ਔਰਤਾਂ ਨਾਲੋਂ ਖ਼ੂਬਸੂਰਤ ਸਮਝੀ ਜਾਂਦੀ। ਮੇਰੇ ਸਾਹਵੇਂ ਸੋਲ੍ਹਾਂ ਤੇ ਅਠ੍ਹਾਰਾਂ ਸਾਲਾਂ ਮੁਟਿਆਰਾਂ ਵੀ ਆਪਣੇ-ਆਪ ਨੂੰ ਊਣੀਆਂ ਸਮਝਦੀਆਂ। ਮੇਰੇ 'ਤੇ ਉਹੀ ਜੋਬਨ ਵਾਲਾ ਰੰਗ, ਤਾਜ਼ਗੀ ਤੇ ਰੂਪ ਛਾਏ ਹੋਏ ਸਨ, ਪਰ ਹੁਣ ਉਹ ਦਿਨ ਕਿੱਥੇ...? ਹੁਣ ਮੈਂ ਉਮਰ ਦੇ ਬਿਆਲੀ ਸਾਲ ਪਿੱਛੇ ਛੱਡ ਆਈ ਹਾਂ ਤੇ ਜਦੋਂ ਸਾਰੇ ਆਸਰੇ ਤਜ ਚੁੱਕੀ ਹਾਂ ਤਾਂ ਸ਼ੀਸ਼ੇ ਨੇ ਮੇਰੇ ਅੰਦਰ ਪੱਛ ਲਾਉਣੇ ਸ਼ੁਰੂ ਕਰ ਦਿੱਤੇ ਨੇ। ਕਹਿੰਦਾ ਏ ਮੈਂ ਬੁੱਢੀ ਹੋ ਗਈ ਹਾਂ, ਮੇਰੇ ਕਾਲੇ ਰੇਸ਼ਮੀ ਵਾਲ ਚਾਂਦੀ ਦੀਆਂ ਤਾਰਾਂ ਵਰਗੇ ਹੋ ਗਏ ਨੇ, ਮੇਰੀਆਂ ਝੀਲ ਵਰਗੀਆਂ ਅੱਖਾਂ ਦੇ ਗਿਰਦ ਕਾਲੇ ਘੇਰੇ ਬਣ ਗਏ ਨੇ ਤੇ ਗ਼ੁਲਾਬੀ ਗੱਲ੍ਹਾਂ ਏਨੀਆਂ ਝੁਲਸ ਗਈਆਂ ਨੇ ਕਿ ਦੁਨੀਆਂ ਦੀ ਕੋਈ ਕਰੀਮ ਜਾਂ ਪਾਊਡ ਉਹਨਾਂ ਦੀਆਂ ਝੁਰੜੀਆਂ ਨੂੰ ਛੁਪਾ ਨਈਂ ਸਕਦੇ...ਤੇ ਮੈਂ ਜਾਣਦੀ ਹਾਂ ਕਿ ਸ਼ੀਸ਼ਾ ਕਦੀ ਵੀ ਝੂਠ ਨਈਂ ਬੋਲਦਾ...।

— — —

# ਢਿਲ੍ਹਟ

## ਯੂਸਫ ਸਿੰਧੀ
*(01-10-1967)*

ਉਹ ਤਾਰਿਕ ਰੋਡ ਅਤੇ ਮੁਸਲਿਮ ਕਮਰਸ਼ਲ ਬੈਂਕ ਦੇ ਸਟਾਪ 'ਤੇ ਲੱਥ ਕੇ ਛੋਹਲੇ ਪੈਰੀਂ ਆਪਣੇ ਦਫ਼ਤਰ ਵੱਲ ਜਾਣ ਲੱਗਦਾ ਹੈ। ਅੱਗੇ ਜਾ ਕੇ ਫ਼ੋਟੋ ਸਟੂਡੀਓ ਕੋਲੋਂ ਮੁੜਦਿਆਂ ਇਕ ਨੰਬਰ ਗਲੀ ਵਿਚ ਵੜ ਜਾਂਦਾ ਹੈ। ਥੋੜ੍ਹਾ ਅਗਾਂਹ ਜਾ ਕੇ ਓਥੇ ਪਏ ਕੂੜੇ ਕੋਲੋਂ ਆਪਣਾ-ਆਪ ਬਚਾਉਂਦਾ ਹੋਇਆ ਉਤਾਂਹ ਚੜ੍ਹਨ ਲਈ ਪੌੜੀਆਂ ਵੱਲ ਵਧਦਾ ਹੈ ਤੇ ਇਕ ਵਾਰ ਵਿਚ ਦੋ-ਦੋ ਪੌਡੇ ਚੜ੍ਹਦਾ ਜਾਂਦਾ ਹੈ। ਆਪਣੇ ਦਫ਼ਤਰ ਦੇ ਬੂਹੇ ਅੱਗੇ ਖਲੋ ਕੇ ਘੜੀ 'ਤੇ ਝਾਤ ਪਾਉਂਦਾ ਹੈ ਤੇ ਫੇਰ ਜ਼ਿੰਦਰਾ ਖੋਲ੍ਹ ਕੇ ਅੰਦਰ ਵੜ ਜਾਂਦਾ ਹੈ। 'ਸ਼ਾਹੀਨ ਸਾਹਿਬ ਆਉਣ ਵਾਲੇ ਈ ਨੇ। ਕੁਵੇਲਾ ਹੋ ਗਿਆ ਲੱਗਦਾ ਏ।' ਉਹ ਬੁੜਬੁੜਾਉਂਦਾ ਹੈ ਤੇ ਝਾੜੂ ਚੁੱਕ ਕੇ ਕਾਹਲੀ ਨਾਲ ਸਫ਼ਾਈ ਕਰਨ ਲੱਗ ਪੈਂਦਾ ਹੈ। ਫੇਰ ਤੌਲੀਆ ਫੜ ਕੇ ਮੇਜ਼ਾਂ, ਕੁਰਸੀਆਂ ਤੇ ਕਿਤਾਬਾਂ ਨੂੰ ਪੂੰਝਦਾ ਹੈ। ਏਧਰੋਂ ਫ਼ਾਰਗ਼ ਹੋ ਕੇ ਸੱਜੇ ਪਾਸੇ ਵਾਲੀ ਬਾਰੀ ਕੋਲ ਖਲੋ ਕੇ ਉੱਚੀ ਦੇਣੇ ਹਾਕ ਮਾਰਦਾ ਹੈ :

"ਲਾਲੇ, ਓ ਲਾਲੇ! ਇਕ ਚਾਹ ਲਿਆ।"

"ਲਿਆਇਆ ਬਾਊ ਜੀ!" ਥੱਲੇ ਖਲੋਤਾ ਪਠਾਣ ਅੱਗੋਂ ਉੱਚੀ ਆਵਾਜ਼ ਵਿਚ ਕਹਿੰਦਾ ਹੋਇਆ, ਉਤਾਂਹ ਵੱਲ ਇਕ ਟੁੱਟਵੀਂ ਜਿਹੀ ਨਜ਼ਰ ਮਾਰਦਾ ਹੈ। ਉਹ ਸਾਹਮਣੇ ਵਾਲੀ ਬਾਰੀ ਦੇ ਪਰਦਿਆਂ ਨੂੰ ਦੇਖਣ ਲੱਗਦਾ ਹੈ ਜਿਹੜੇ ਹੌਲੀ-ਹੌਲੀ ਹਿੱਲ ਰਹੇ ਨੇ। ਬਾਰੀ ਉਸ ਤੋਂ ਸਿਰਫ਼ ਡੇਢ ਕੁ ਹੱਥ ਦੀ ਵਿੱਥ 'ਤੇ ਹੈ...ਪਰ ਉਸਦੇ ਲਈ ਤਾਂ ਲੱਖਾਂ ਮੀਲ ਦੂਰ ਹੈ। ਉਹ ਪਿਛਲੇ ਤਿੰਨ ਮਹੀਨਿਆਂ ਤੋਂ ਬਾਰੀ ਦੇ ਪਰਦੇ ਤੋਂ ਪਾਰ ਵਾਲੀ ਸੁੰਦਰੀ ਦਾ ਮੁੱਖੜਾ ਵੇਖਣ ਲਈ ਉਤਾਵਲਾ ਸੀ। ਮੁਖੜਾ ਜਿਸਨੇ ਉਸਦੇ ਦਿਲ ਵਿਚ ਲਾਂਬੂ ਲਾ ਦਿੱਤੇ ਸਨ। ਉਹ ਹਰ ਪਲ ਉਸ ਮੁਖੜੇ ਦੀ ਤਾੜ ਵਿਚ ਰਹਿਣ ਲੱਗਾ ਸੀ।

ਜਦੋਂ ਦਾ ਉਹ ਏਸ ਦਫ਼ਤਰ ਵਿਚ ਆਇਆ ਸੀ ਓਦੋਂ ਦਾ ਹੀ ਆਪਣਾ ਬਹੁਤਾ ਸਮਾਂ ਦਫ਼ਤਰੀ ਕੰਮ ਤੋਂ ਮਗਰੋਂ ਵੀ ਉੱਥੇ ਹੀ ਗੁਜ਼ਾਰਦਾ ਸੀ। ਇਸ ਦਾ ਕਾਰਨ ਕੁਝ ਹੋਰ ਨਹੀਂ ਸਗੋਂ ਉਹ ਕਿਤਾਬਾਂ ਸਨ ਜਿਹੜੀਆਂ ਇੱਥੇ ਦਫ਼ਤਰ-ਲਾਇਬਰੇਰੀ ਵਿਚ ਮੌਜੂਦ ਸਨ। ਪਹਿਲੇ ਦਿਨਾਂ ਵਿਚ ਤਾਂ ਓਹਨੂੰ ਵੀ ਸਾਹਿਬ ਦੇ ਜਾਂਦਿਆਂ ਹੀ ਉੱਠ ਜਾਣਾ ਪੈਂਦਾ ਸੀ ਪਰ ਮਗਰੋਂ ਕਿਤਾਬਾਂ ਵਿਚ ਉਸਦੀ ਲਲਕ ਵੇਖਦੇ ਹੋਏ, ਕੁੰਜੀ ਉਸਦੇ ਹਵਾਲੇ ਕਰ ਦਿੱਤੀ ਗਈ। ਤੇ ਕੁੰਜੀ ਦੇਣ ਵੇਲੇ ਸ਼ਾਹੀਨ ਸਾਹਿਬ ਨੇ ਆਖਿਆ ਸੀ, "ਭਈ! ਅਹਿ ਲੈ ਕੁੰਜੀ ਤੇ ਹੁਣ ਇਹ ਦਫ਼ਤਰ ਤੇ ਇਹ ਕਿਤਾਬਾਂ ਤੇਰੇ ਹਵਾਲੇ...ਬਸ ਏਨਾ ਧਿਆਨ ਰੱਖੀਂ ਕਿ ਇਹ ਕਿਤਾਬਾਂ ਗੁਆਚਣ ਨਾ।" ਉਸ ਦਿਨ ਤੋਂ ਉਹ ਸਵੇਰੇ ਆਉਂਦਾ, ਦਫ਼ਤਰ ਦੀ ਝਾੜ-ਪੂੰਝ ਕਰਦਾ। ਰਸਾਲੇ ਦੇ ਪਰੂਫ਼ ਤੇ ਹੋਰ ਮੈਟਰ



ਦਾ ਕੰਮ ਨਿਬੇੜ ਕੇ ਕੋਈ ਵਧੀਆ ਕਿਤਾਬ ਚੁੱਕ ਕੇ ਪੜ੍ਹਨੀ ਸ਼ੁਰੂ ਕਰ ਦਿੰਦਾ।

ਉਹ ਇਕ ਮਸ਼ਹੂਰ ਹਫ਼ਤਾਵਾਰ ਰਸਾਲੇ ਦਾ ਦਫ਼ਤਰ ਸੀ, ਜਿੱਥੇ ਉਸਦੇ ਚਾਚੇ ਨੇ ਆਪਣੇ ਯਾਰ ਭੱਟੀ ਨੂੰ ਆਖ ਕੇ ਉਸਨੂੰ ਕੰਪੋਜ਼ਿੰਗ ਸਿੱਖਣ ਲਈ ਰਖਵਾਇਆ ਸੀ। ਪਰ ਭੱਟੀ ਨੇ ਉਸਨੂੰ ਪਹਿਲੇ ਦਿਹਾੜੇ ਆਖਿਆ ਸੀ, "ਆਮਰ! ਆਉਂਦੇ ਚੌਹ ਸਾਲਾਂ ਨੂੰ ਕੰਪੋਜ਼ਿੰਗ ਦੀ ਵੁਕੱਤ ਮੁੱਕ ਜਾਣੀ ਏਂ, ਕੰਪਿਊਟਰ ਦੇ ਆ ਜਾਣ ਨਾਲ ਕੰਪੋਜ਼ਿੰਗ ਦਾ ਇਹ ਪੁਰਾਣਾ ਢੰਗ ਖ਼ਤਮ ਹੋ ਜਾਏਗਾ। ਏਸ ਲਈ ਇਹਦੇ ਵਿਚ ਮਗ਼ਜ਼ਮਾਰੀ ਦੀ ਕੋਈ ਲੋੜ ਨਈਂ। ਰਹੀ ਗੱਲ ਤੇਰੇ ਕੰਮ ਦੀ ਤਾਂ ਮੈਂ ਅੱਜ ਇਕੋ ਦਿਨ ਵਿਚ ਵੇਖ ਲਿਆ ਤੇ ਮਹਿਸੂਸ ਕਰ ਲਿਆ ਏ ਕਿ ਤੂੰ ਕੰਮ ਕਰ ਸਕਦਾ ਏਂ ਤੇ ਅੱਜ ਤੋਂ ਬਾਅਦ ਤੂੰ ਮੇਰਾ ਅਸਿਸਟੈਂਟ ਏਂ। ਮੈਂ ਐਡੀਟਰ ਤੇ ਤੂੰ ਸਬ-ਐਡੀਟਰ।" ਇੰਜ ਉਹ ਆਪਣਾ ਪ੍ਰੈੱਸ ਲਾਉਣ ਤੇ ਕੰਪੋਜ਼ਿੰਗ ਸਿੱਖਣ ਦਾ ਸੁਪਨਾ ਛੱਡ ਕੇ ਏਸ ਰਸਾਲੇ ਦੇ ਅਦਬੀ ਤੇ ਸਮਾਜੀ ਸੈਕਸ਼ਨ ਨੂੰ ਸੰਭਾਲਣ ਲੱਗਾ। ਜਿਸ ਰਸਾਲੇ ਵਿਚ ਛਪਣਾ ਉਸ ਵੇਲੇ ਦੇ ਹਰ ਲਿਖਾਰੀ ਦੀ ਸੱਧਰ ਹੁੰਦੀ ਸੀ, ਉਸ ਰਸਾਲੇ ਦਾ ਸਬ-ਐਡੀਟਰ ਹੋਣਾ ਉਸ ਲਈ ਬੜੇ ਆਦਰ ਤੇ ਮਾਣ ਵਾਲੀ ਗੱਲ ਸੀ।

"ਬਾਊ ਜੀ ਚਾਹ...," ਪਠਾਣ ਨੇ ਆਉਂਦਿਆਂ ਹੀ ਚਾਹ ਰੱਖ ਦਿੱਤੀ। ਉਹ ਚਾਹ ਪਿਆਲੀ ਵਿਚ ਲੱਦ ਕੇ ਸੁੜਕਣ ਲੱਗ ਪਿਆ।

ਉਸਨੇ ਅਜੇ ਦੋ ਕੁ ਚੁਸਕੀਆਂ ਹੀ ਲਈਆਂ ਸਨ ਕਿ ਮੇਜ਼ 'ਤੇ ਕਿਸੇ ਸ਼ੈ ਦੇ ਟਕਰਾਣ ਦੀ ਆਵਾਜ਼ ਆਈ। ਉਹ ਤ੍ਰਬਕ ਕੇ ਸਾਹਮਣੀ ਬਾਰੀ ਵੱਲ ਦੇਖਣ ਲੱਗਾ। ਉਸਦੇ ਤ੍ਰਬਕ ਜਾਣ ਨਾਲ ਬਾਰੀ ਦੇ ਪਰਦੇ ਦੇ ਉਸ ਪਾਰ ਠਹਾਕਿਆਂ ਦੀ ਜਲਤਰੰਗ ਛਿੜ ਪਈ...

'ਅੱਜ ਇਹ ਭੇਤ ਖੁੱਲ੍ਹਣਾ ਚਾਹੀਦਾ ਏ, ਉਹ ਭੇਤ ਜਿਸਨੇ ਮੇਰਾ ਸੁਖ-ਸਕੂਨ ਖੋਹ ਲਿਆ ਏ।' ਉਹ ਸੋਚਦਾ ਹੈ। ਤੇ ਚਾਹ ਸੁੜਕਦਾ ਹੋਇਆ, ਬਾਰੀ ਦੇ ਹਿੱਲਦੇ ਪਰਦੇ ਵੱਲ ਝਾਕਦਾ ਰਹਿੰਦਾ ਹੈ।

ਦਫ਼ਤਰ ਵਿਚ ਆਉਣ ਦੇ ਕੁਝ ਦਿਨਾਂ ਮਗਰੋਂ ਜਦੋਂ ਉਹ ਸ਼ਾਮ ਨੂੰ ਦੇਰ ਤਕ ਬੈਠਾ ਕਿਤਾਬ ਪੜ੍ਹਦਾ ਰਹਿੰਦਾ ਸੀ—ਇਕ ਦਿਨ ਉਹ ਪੜ੍ਹਨ ਵਿਚ ਖੁੱਭਿਆ ਹੋਇਆ ਸੀ ਕਿ ਅਚਾਨਕ ਇਕ ਬੇਰ ਉਸਦੀ ਬਾਂਹ 'ਤੇ ਆ ਵੱਜਿਆ। ਉਸਨੇ ਤ੍ਰਬਕ ਕੇ ਇੱਧਰ-ਉੱਧਰ ਵੇਖਿਆ, ਸਮਝ ਨਾ ਲੱਗਣ 'ਤੇ ਫੇਰ ਪੜ੍ਹਨ ਵਿਚ ਰੁੱਝ ਗਿਆ। ਇਸੇ ਦੌਰਾਨ ਇਕ ਬੇਰ ਆ ਡਿੱਗਿਆ ਤੇ ਫੇਰ ਤਾਂ ਜਿਵੇਂ ਭੂਤਾਂ ਨੇ ਬੇਰਾਂ ਦੀ ਵਰਖਾ ਈ ਕਰ ਦਿੱਤੀ...

ਉਹ ਉੱਠਿਆ। ਉਸਨੂੰ ਪਤਾ ਲੱਗ ਗਿਆ ਸੀ ਕਿ ਬੇਰ ਕਿੱਥੋਂ ਆਉਣ ਡਏ ਨੇ। ਉਸਨੇ ਸਾਹਮਣੇ ਵਾਲੀ ਬਾਰੀ ਵੱਲ ਵੇਖਿਆ। ਬਾਰੀ ਦੇ ਪਰਦੇ ਹਿੱਲ ਰਹੇ ਸਨ...ਪਰ ਓਥੇ ਕੋਈ ਦੂਜੀ ਸ਼ੈ ਨਜ਼ਰ ਨਹੀਂ ਸੀ ਆਈ। ਉਹ ਵੇਖਦਾ ਰਿਹਾ ਤੇ ਅੰਦਾਜ਼ਾ ਲਾਉਂਦਾ ਰਿਹਾ ਕਿ ਕਿੱਥੋਂ ਆ ਸਕਦੇ ਨੇ ਇਹ ਬੇਰ? ਉਹ ਸੋਚਦਾ ਰਿਹਾ। ਮੈਂ ਕੋਈ ਸ਼ੈਤਾਨ ਤਾਂ ਹਾਂ ਨਹੀਂ ਜੋ ਮੇਰੇ 'ਤੇ ਏਸ ਤਰ੍ਹਾਂ ਬੇਰ ਵਰ੍ਹ ਰਹੇ ਨੇ।

ਉਹ ਸਾਹਮਣੇ ਵੇਖਦਾ ਹੈ। ਪਰਦੇ ਅਜੇ ਵੀ ਹਿੱਲ ਰਹੇ ਨੇ। "ਇਹ ਤਾਂ ਜ਼ੋਰਾਵਰੀ ਏ," ਉਹ ਉੱਚੀ ਦੇਣੇ ਆਖਦਾ ਹੈ। "ਜ਼ੋਰਾਵਰੀ ਵੀ ਤੇ ਨਾਲੇ ਕਿਸੇ ਨੂੰ ਬਿਨਾਂ ਵਜ੍ਹਾ ਛੇੜਨਾ ਕੋਈ ਚੰਗੀ ਖ਼ਸਲਤ ਨਈਂ ਸਗੋਂ ਇਕ ਦੋਸ਼ ਏ।"

ਇਹ ਰੋਜ਼ ਦਾ ਰੁਟੀਨ ਹੋ ਗਿਆ। ਉਹ ਕਦੀ ਬੇਰਾਂ ਦਾ ਨਿਸ਼ਾਨਾ ਬਣਦਾ, ਕਦੀ

ਖਜੂਰਾਂ ਦਾ ਜਾਂ ਗਿਟਕਾਂ ਦਾ। ਇਕ ਵਾਰੀ ਤਾਂ ਇਕ ਬੇਰ ਭੱਟੀ ਦੀ ਸੱਜੀ ਗੱਲ੍ਹ 'ਤੇ ਆਣ ਵੱਜਿਆ।

"ਬਾਬਾ! ਕੀ ਗੱਲ ਏ... ਕਿਸ ਨੂੰ ਖ਼ੁਰਕ ਹੋਈ ਏ?" ਭੱਟੀ ਨੇ ਆਪਣੀ ਨਜ਼ਰ ਦੀ ਐਨਕ ਪਿੱਛੋਂ ਆਪਣੇ ਡੇਲੇ ਘੁਮਾਉਂਦੇ ਹੋਏ ਬਾਰੀ ਵੱਲ ਸਵਾਲੀਆ ਨਜ਼ਰਾਂ ਨਾਲ ਘੂਰਿਆ ਤੇ ਆਪਣੀ ਗੱਲ੍ਹ ਮਲਦੇ ਹੋਏ ਕਿਹਾ, "ਕੀ ਏ ਓਇ, ਕੋਈ ਗੰਢੀ ਹੋਈ ਤਾਂ ਨਈਂ ਏ?"

"ਨਈਂ ਸਾਈਂ! " ਉਸਨੇ ਘਬਰਾ ਕੇ ਆਖਿਆ।

"ਤਾਂ ਫੇਰ ਇਹ ਬੇਰਾਂ ਦਾ ਮੀਂਹ ਕਿਓਂ ਪੈ ਰਿਹਾ ਈ? ਇਹ ਅਖ਼ਬਾਰ ਦਾ ਦਫ਼ਤਰ ਏ ਕੋਈ ਸ਼ੈਤਾਨ ਦੀ ਕੋਠੀ ਨਈਂ।" ਭੱਟੀ ਨੇ ਆਖਿਆ।

"ਅਖ਼ਬਾਰ ਵਾਲੇ ਕਿਸੇ ਸ਼ੈਤਾਨ ਤੋਂ ਘੱਟ ਹੁੰਦੇ ਨੇ ਕਿ?" ਓਥੇ ਹੀ ਬੈਠੇ ਜਾਫ਼ਰੀ ਨੇ ਗੱਲ ਨੂੰ ਠੁੰਮਣਾ ਦਿੱਤਾ।

"ਪਹਿਲਾਂ ਤੇ ਇਹ ਮਿਥ ਲਓ ਕਿ ਵੱਡਾ ਤੇ ਛੋਟਾ ਸ਼ੈਤਾਨ ਕੌਣ ਐਂ। ਏਸ ਮਗਰੋਂ ਨਿਸ਼ਾਨਾ ਬਣਨਾ ਸ਼ੌਕ ਨਾਲ।" ਭੱਟੀ ਨੇ ਜਾਫ਼ਰੀ ਵੱਲ ਵੇਖਦੇ ਹੋਏ ਕਿਹਾ।

"ਸ਼ੈਤਾਨ ਤੇ ਸ਼ੈਤਾਨ ਹੁੰਦਾ ਏ। ਉਹ ਪੱਥਰ ਦਾ ਸ਼ੈਤਾਨ ਏਂ ਜੀਹਨੂੰ ਲੋਕ ਸਾਲ ਵਿਚ ਇਕ ਵਾਰ ਕੰਕਰੀਆਂ ਮਾਰਦੇ ਨੇ। ਅਸੀਂ ਸਾਲ ਦੇ ਬਾਰ੍ਹਾਂ ਮਹੀਨੇ ਸ਼ੈਤਾਨ ਹੁੰਦੇ ਆਂ ਤੇ ਸਾਡੇ 'ਤੇ ਬਾਰ੍ਹਾਂ ਮਹੀਨੇ ਈ ਪੱਥਰ ਵਰ੍ਹਦੇ ਨੇ।" ਜਾਫ਼ਰੀ ਨੇ ਆਪਦਾ ਸਕੈਚ ਮੁਕੰਮਲ ਕਰਕੇ ਪਾਨ ਚਬਾਉਂਦਿਆਂ ਆਖਿਆ।

"ਚੰਗਾ ਭਈ ਛੋਟੇ ਸ਼ੈਤਾਨੋ!" ਭੱਟੀ ਨੇ ਉੱਠਦਿਆਂ ਆਖਿਆ, "ਬੇਰਾਂ ਦੀ ਬਾਰਸ਼ ਭੁਗਤੋ ਤੁਸੀਂ, ਰਹੀ ਗੱਲ ਮੇਵੇ ਦੀ ਤਾਂ ਉਹ ਅਸੀਂ ਚਖਾਂਗੇ।"

'ਓਹਿ ਹੋਏ! ਅਸੀਂ ਐਵੇਂ ਖੱਜਲ ਹੁੰਦੇ ਪਏ ਆਂ।' ਉਸਦੇ ਦਿਲ ਵਿਚ ਖ਼ਿਆਲ ਆਇਆ। ਭੱਟੀ ਕੀ ਸੋਚੇਗਾ ਕਿ ਕੰਮ ਦੀ ਬਜਾਏ ਮੈਂ ਏਸ ਤਰ੍ਹਾਂ ਦੇ ਧੰਦੇ ਕਰ ਰਿਹਾ ਹਾਂ। ਉਸਨੂੰ ਪਲ ਛਿਣ ਮਗਰੋਂ ਇਹ ਖ਼ਿਆਲ ਆਇਆ। 'ਕਰਾਂ ਵੀ ਤੇ ਕੀ ਕਰਾਂ? ਮੈਂ ਵੀ ਤਾਂ ਗੱਲ ਕਰਨ ਲਈ ਬੜੇ ਜਤਨ ਕੀਤੇ। ਨਿਯਮ ਅਨੁਸਾਰ ਉਧਰੋਂ ਕੋਈ ਹੁੰਘਾਰਾ ਈ ਨਈਂ ਮਿਲਦਾ।'

'ਖੱਟ!' ਉਹ ਤ੍ਰਬਕ ਗਿਆ। ਇਕ ਬੇਰ ਲੋਹੇ ਦੇ ਮੇਜ਼ 'ਤੇ ਆਣ ਡਿੱਗਿਆ।

ਉਹ ਉੱਠਿਆ। ਬਾਰੀ ਕੋਲ ਜਾ ਖੋਲਤਾ। ਕੁਝ ਦੇਰ ਸੋਚਦਾ ਰਿਹਾ। ਫੇਰ ਬਾਰੀ ਬੰਦ ਕਰਕੇ ਆਪਣੀ ਕੁਰਸੀ ਉੱਤੇ ਆ ਬੈਠਾ।

'ਕੀ ਕਰਾਂ?' ਉਹ ਸੋਚਦਾ ਹੈ। 'ਉਸਨੂੰ ਕਿਧਰੇ ਬਾਹਰ ਮਿਲਣ ਦੀ ਦਾਅਵਤ ਦੇਵਾਂ। ਹਰ ਚੀਜ਼ ਦਾ ਮੁੱਢ ਇੰਜ ਈ ਪੈਂਦਾ ਏ। ਪਹਿਲਾਂ ਬਾਹਰ ਘੁੰਮਣ ਦੀ ਦਾਅਵਤ ਤੇ ਫੇਰ।'

ਉਹ ਬਹੁਤਾ ਸੋਚ ਨਾ ਸਕਿਆ। ਉਸਦੇ ਮਨ ਵਿਚ ਖ਼ੁਸ਼ੀ ਦੇ ਲੱਡੂ ਫੁੱਟਣ ਲੱਗ ਪਏ। ਅੱਖਾਂ ਵਿਚ ਅਜੀਬ ਜਿਹੀ ਮਸਤੀ ਭਰ ਗਈ। ਉਹ ਖ਼ਾਬਾਂ ਵਿਚ ਉੱਡਣ ਲੱਗਾ। ਆਪਣੇ-ਆਪ ਨੂੰ ਕਿਸੇ ਦੇ ਨਾਲ ਤਾਰਿਕ ਰੋਡ, ਕਲਫ਼ਟਨ, ਹਾਕਸ ਵੇ ਤੇ ਦੂਜੀਆਂ ਥਾਂਵਾਂ 'ਤੇ ਵੇਖਣ ਲੱਗਾ। ਉਸਦੇ ਅੰਦਰ ਇਕ ਮਧੁਰ ਸਾਜ ਵੱਜਣ ਲੱਗਿਆ। ਉਹ ਏਸ ਤਰ੍ਹਾਂ ਹੌਲਾ-ਫੁੱਲ ਹੋਣ ਲੱਗਿਆ ਜਿਵੇਂ ਸਖ਼ਤ ਗਰਮੀ ਦੇ ਹੁੰਮਸ ਤੋਂ ਮਗਰੋਂ ਅਚਨਚੇਤ ਘਟਾਵਾਂ ਚੜ੍ਹ ਆਉਂਦੀਆਂ ਨੇ। ਫ਼ੁਹਾਰ ਪੈਣ ਲੱਗ ਪੈਂਦੀ ਹੈ।

'ਅੱਜ ਕੁਝ ਹੋ ਕੇ ਰਹੇਗਾ।' ਉਹ ਇਹ ਸੋਚ ਕੇ ਉੱਠਦਾ ਹੈ ਤੇ ਬਾਰੀ ਕੋਲ ਜਾ ਕੇ ਖਲੋ



ਜਾਂਦਾ ਹੈ। ਫੇਰ ਕੋਈ ਖ਼ਿਆਲ ਆਉਂਦਿਆਂ ਹੀ ਝੱਟ ਮੁੜਦਾ ਹੈ ਤੇ ਛੋਹਲੇ ਪੈਰੀਂ ਥੱਲੇ ਉਤਰਨ ਲੱਗਦਾ ਹੈ। ਵੱਡੀ ਸੜਕ ਤੋਂ ਹੋ ਕੇ ਗਲੀ ਵਿਚ ਤੁਰ ਜਾਂਦਾ ਹੈ ਤੇ ਸਾਹਮਣੇ ਵਾਲੇ ਫ਼ਲੈਟ ਦੀਆਂ ਪੌੜੀਆਂ ਚੜ੍ਹਨ ਲੱਗਦਾ ਹੈ। ਉਹ ਇਕੱਠੇ ਦੋ-ਦੋ ਪੌਡੇ ਚੜ੍ਹ ਜਾਂਦਾ ਹੈ। ਫੇਰ ਬਿਲਕੁਲ ਫ਼ਲੈਟ ਦੇ ਬੂਹੇ ਮੂਹਰੇ ਆਣ ਖਲੋਂਦਾ ਹੈ—ਜਿੱਥੋਂ ਬੇਰ ਆ ਕੇ ਵੱਜਦੇ ਸਨ। ਉਹ ਪਲ ਭਰ ਲਈ ਬੁੱਤ ਬਣਿਆਂ ਖਲੋਤਾ ਰਹਿੰਦਾ ਹੈ। ਫੇਰ ਬੂਹੇ ਨੂੰ ਹੌਲੀ ਦੇਣੀ ਠਕੋਰਦਾ ਹੈ। ਪਰ ਕੋਈ ਜਵਾਬ ਨਹੀਂ ਆਉਂਦਾ। ਉਹ ਇਕ ਵਾਰੀ ਫੇਰ ਬੂਹਾ ਖੜਕਾਉਂਦਾ ਹੈ। ਅੰਦਰੋਂ ਕਿਸੇ ਦੇ ਪੈਰਾਂ ਦੀ ਬਿੜਕ ਸੁਣਾਈ ਦਿੰਦੀ ਹੈ ਤੇ ਨਾਲ ਹੀ ਕੁਝ ਬੁੜਬੁੜ ਵੀ।

ਉਹ ਬੂਹੇ ਤੋਂ ਥੋੜ੍ਹਾ ਹਟ ਕੇ ਖਲੋ ਜਾਂਦਾ ਹੈ। ਬੂਹਾ ਇਕ ਝਟਕੇ ਨਾਲ ਖੁੱਲ੍ਹਦਾ ਹੈ। ਉਹ ਆਪਣੇ ਸਾਹਮਣੇ ਕਿਸੇ ਸੁੰਦਰੀ ਦੀ ਬਜਾਏ ਇਕ ਕੁਰਖ਼ਤ ਚਿਹਰੇ ਵਾਲੇ ਬੰਦੇ ਨੂੰ ਵੇਖ ਕੇ ਘਬਰਾ ਜਾਂਦਾ ਹੇ।

"ਜੀ, ਹੁਕਮ!" ਬੰਦਾ ਆਖ਼ਦਾ ਹੈ।

"ਜੀ! ਮੈਂ ਸਾਹਮਣੇ ਵਾਲੇ ਦਫ਼ਤਰ ਵਿਚ..ਮੇਰਾ ਮਤਲਬ ਏ ਕਿ ਕੋਈ ਏਸ ਫ਼ਲੈਟ ਵਿਚੋਂ...," ਉਹ ਬੌਂਦਲ ਜਾਂਦਾ ਹੈ। ਤੇ ਏਸ ਦੌਰਾਨ ਮਹਿਸੂਸ ਕਰਦਾ ਹੈ ਕਿ ਕੋਈ ਬੂਹੇ ਦੇ ਪਰਦੇ ਪਿੱਛੇ ਮੌਜੂਦ ਹੈ ਤੇ ਲਗਾਤਾਰ ਉਸੇ ਨੂੰ ਵੇਖ ਰਿਹਾ ਹੈ।

"ਮੇਰਾ ਮਤਲਬ ਏ ਕਿ...," ਉਹ ਦੁਬਾਰਾ ਕੁਝ ਕਹਿਣ ਦਾ ਜਤਨ ਕਰਦਾ ਹੈ।

"ਖਟਾਕ!"

ਇਕ ਬੇਰ ਉਸਦੇ ਮੱਥੇ ਵਿਚ ਵੱਜਦਾ ਹੈ ਤੇ ਇਸਦੇ ਨਾਲ ਹੀ ਪਰਦੇ ਦੇ ਪਿੱਛੇ ਮੌਜੂਦ ਕਿਸੇ ਤੀਵੀਂ ਦਾ ਜ਼ੋਰਦਾਰ ਠਹਾਕਾ ਗੂੰਜਦਾ ਹੈ। ਤੇ ਬੂਹੇ ਵਿਚ ਖੜ੍ਹਾ ਬੰਦਾ ਵੀ ਇਹਨਾਂ ਠਹਾਕਿਆਂ ਵਿਚ ਸ਼ਾਮਲ ਹੋ ਜਾਂਦਾ ਹੈ। ਉਹ ਘਬਰਾ ਕੇ ਦੋ-ਦੋ ਪੌਡੇ ਇਕੱਠੇ ਲਹਿੰਦਾ ਹੋਇਆ ਥੱਲੇ ਉਤਰਨ ਲੱਗਦਾ ਹੈ।

# ਚਿੱਠੀ : ਪਹਾੜ 'ਤੇ ਬੈਠੇ ਡਾਕਟਰ ਦੇ ਨਾਂ

**–ਸ਼ਾਹ ਇੱਬਣ–ਏ–ਸ਼ੀਨ**

*(02–05–1960)*

*ਮੇਰੀਆਂ ਆਸਾਂ ਤੇਰੇ ਨਾਂ, ਤੂੰ ਹਮੇਸ਼ਾ ਸਲਾਮਤ ਰਹਵੇਂ।*
*ਅਸਲਾਮ ਆਲੇਕੁਮ*

ਡਾਕਟਰ ਸਾਹਿਬ, ਇਕ ਬਾਦਸ਼ਾਹ ਨੂੰ ਆਪਣੇ ਪੁੱਤਰ ਨਾਲ ਬੇਹੱਦ ਮੁਹੱਬਤ ਸੀ। ਜਦੋਂ ਉਹਦਾ ਪੁੱਤਰ ਵੱਡਾ ਹੋਇਆ ਤਾਂ ਉਸਨੂੰ ਪੜ੍ਹਨ–ਲਿਖਣ ਲਈ ਇਕ ਸਕੂਲ ਵਿਚ ਪਾ ਦਿੱਤਾ। ਬਾਦਸ਼ਾਹ ਨੇ ਸਕੂਲ ਦੇ ਉਸਤਾਦ ਨੂੰ ਹਦਾਇਤ ਕੀਤੀ ਕਿ ਜੇ ਮੇਰਾ ਪੁੱਤਰ ਪੜ੍ਹਨ–ਲਿਖਣ ਵਿਚ ਕੋਤਾਹੀ ਕਰੇ ਤਾਂ ਇਸਦੇ ਬਦਲੇ ਮੇਰੇ ਗ਼ੁਲਾਮ ਦੇ ਮੁੰਡੇ ਨੂੰ ਸਜ਼ਾ ਦਿੱਤੀ ਜਾਵੇ।

ਦਿਨ ਲੰਘਦੇ ਗਏ। ਬਾਦਸ਼ਾਹ ਦੇ ਨਾਲਾਇਕ ਪੁੱਤਰ ਦੀ ਸਜ਼ਾ ਕੱਟਦੇ–ਕੱਟਦੇ ਗ਼ੁਲਾਮ ਦਾ ਲਾਇਕ ਪੁੱਤਰ ਪੜ੍ਹ–ਲਿਖ ਕੇ ਗੁਣੀ–ਗਿਆਨੀ ਬਣ ਗਿਆ, ਪਰ ਬਾਦਸ਼ਾਹ ਦਾ ਨਾਲਾਇਕ ਪੁੱਤਰ ਮੂਰਖ ਰਹਿ ਗਿਆ। ਇਹ ਵੇਖ ਕੇ ਕਰੋਧੀ ਬਾਦਸ਼ਾਹ ਨੇ ਗ਼ੁਲਾਮ ਦੇ ਪੁੱਤਰ ਨੂੰ ਕਤਲ ਕਰਵਾ ਦਿੱਤਾ। ਰੋਸ ਵਜੋਂ ਗ਼ੁਲਾਮ ਨੇ ਬਾਦਸ਼ਾਹ ਦਾ ਦਰਬਾਰ ਛੱਡ ਦਿੱਤਾ। ਉਸਤਾਦ ਦੀ ਮਾਰ ਨੇ ਬਾਦਸ਼ਾਹ ਦੇ ਪੁੱਤਰ ਨੂੰ ਪਾਗਲ ਬਣਾ ਦਿੱਤਾ। ਹੁਣ ਬਾਦਸ਼ਾਹ ਇਕੱਲਾ ਏ।

ਜਨਾਬ! ਤੁਹਾਡੇ ਖ਼ਿਆਲ ਵਿਚ ਗ਼ੁਲਾਮ ਹੁਣ ਬਾਦਸ਼ਾਹ ਦੇ ਕੋਲੋਂ ਆਪਣੇ ਪੁੱਤਰ ਦਾ ਬਦਲਾ ਲਏ ਜਾਂ ਨਾ ਲਏ। ਚਾਰ ਸਾਲ ਪਹਿਲਾਂ ਮੈਂ ਤਲਾਰ ਦੇ ਨੇੜੇ ਬਣੀ ਹੋਈ ਇਕ ਦਰਗਾਹ ਦੇ ਲਾਗੇ ਇਕ ਬੜੀ ਵੱਡੀ ਗੁਫ਼ਾ ਵੇਖੀ ਸੀ। ਗੁਫ਼ਾ ਦੇ ਮਾਲਕ 'ਚਿੱਟੇ ਕਬੂਤਰ' ਤੇ ਕਬੂਤਰਾਂ ਦੇ ਨੌਕਰ ਕੁਝ 'ਚਮਗਿੱਦੜ ਤੇ ਸ਼ਿਕਰੇ' ਸਨ। ਕਬੂਤਰਾਂ ਦੀ ਵਜ੍ਹਾ ਨਾਲ ਸਭ ਨੂੰ ਪਤਾ ਲੱਗਿਆ ਕਿ ਇਹ ਦਰਗਾਹ ਬਲੋਚਿਸਤਾਨ ਦੇ ਸਭ ਤੋਂ ਪਹਿਲੇ ਸ਼ਹੀਦ ਨੌਜਵਾਨ ਸ਼ੈ ਦਾ ਹੈ ਕਿ ਜਿਹਨੇ ਤੁਰਕ ਲਸ਼ਕਰ ਨਾਲ ਲੜਦੇ ਹੋਏ ਸ਼ਹੀਦੀ ਪਾਈ। ਹਰ ਇਕ ਮੁਸਾਫ਼ਰ ਇਸ ਰਾਹ ਤੋਂ ਲੰਘਦਿਆਂ ਹੋਇਆਂ 'ਕੀੜਿਆਂ ਤੇ ਚੂਹਿਆਂ' ਲਈ ਚੱਟੀ ਭਰ ਕੇ ਅਗਾਂਹ ਲੰਘਦਾ ਏ। ਬਲੋਚ ਸਭਿਅਤਾ ਇਸ ਚੱਟੀ ਨੂੰ ਜਾਹੀਣ ਕਹਿੰਦੀ ਏ।



ਇਕ ਦਿਨ ਮੋਟੀਆਂ ਕਿਣੀਆਂ ਦਾ ਮੀਂਹ ਵੱਸਿਆ, 'ਖ਼ੂਨ ਦੀ ਵਰਖਾ'। ਏਸ ਵਰਖਾ ਨੇ ਦਰਗਾਹ ਦੇ ਮਜਾਵਰਾਂ 'ਕੀੜਿਆਂ ਤੇ ਚੂਹਿਆਂ' ਦਾ ਜ਼ਾਦ–ਏ–ਰਾਹ ਦਫ਼ਨਾ ਦਿੱਤਾ। ਦਰਗਾਹ ਦੀਆਂ ਕੰਧਾਂ ਡਿੱਗ ਪਈਆਂ। ਹਜ਼ਰਤ ਦੀ ਮੁਬਾਰਕ ਢੇਰੀ ਵੀ ਢੈਹ ਗਈ। ਵਰਖਾ ਤੋਂ ਬਾਅਦ ਦਰਗਾਹ ਉੱਜੜ ਗਈ। ਮੈਂ ਚਾਹਿਆ ਕਿ ਮੈਂ ਜਾ ਕੇ ਖ਼ਬਰ ਲਵਾਂ। ਉਸੇ ਪਲ ਹੱਥ ਪੈਰ ਫੁੱਲ ਗਏ ਤੇ ਜੀਭ ਸੁੱਕ ਕੇ ਲੱਕੜ ਹੋ ਗਈ। ਮੇਰੇ ਵਜੂਦ ਨੂੰ ਇਕ ਪਰ੍ਛਾਂਵੇਂ ਨੇ ਆਪਣੇ ਘੇਰੇ ਵਿਚ ਲੈ ਲਿਆ। ਮੈਂ ਖ਼ੁਦ ਨੂੰ ਤਕੜਾ ਰੱਖਣ ਦਾ ਬੜਾ ਯਤਨ ਕੀਤਾ। ਇਕ ਦਿਨ ਇਕ ਆਦਮੀ ਨੇ ਮੇਰੇ ਨਹੁੰ ਮਾਸ ਨਾਲੋਂ ਵੱਖ ਕਰ ਲਏ। ਇਕ–ਇਕ ਕਰਕੇ ਮੇਰੇ ਸਾਰੇ ਨਹੁੰ ਮੁੱਕ ਗਏ। ਮੈਂ ਚਾਹਿਆ ਕਿ ਮਰ ਜਾਵਾਂ, ਪਰ ਇਕ ਉਮੀਦ ਨੇ ਹਿੰਮਤ ਬਖ਼ਸ਼ੀ ਤੇ ਮੈਨੂੰ ਜਿਉਂਦਾ ਰੱਖਿਆ ਕਿ ਜਾ ਕੇ ਕਬੂਤਰਾਂ ਨੂੰ ਦੱਸ ਦੇਵਾਂ। ਮੈਂ ਗਿਆ ਤੇ ਵੇਖਿਆ ਕਿ ਕਬੂਤਰਾਂ ਦੇ ਖੰਭ ਹਵਾ ਵਿਚ ਉੱਡ ਰਹੇ ਸਨ। ਤੇ ਗੁਫ਼ਾ ਮਿੱਟੀ ਨਾਲ ਭਰ ਗਈ ਸੀ। ਸ਼ਿਕਰੇ, ਚਮਗਿੱਦੜਾਂ ਨੂੰ ਆਪਣੀ ਧੌਣ ਦੇ ਗਿਲ੍ਹੜਾਂ ਵਿਚ ਵਲ੍ਹੇਟੀ ਪਹਾੜਾਂ ਦੀ ਟੀਸੀ 'ਤੇ ਜਾ ਬੈਠੇ ਸਨ। ਤੇ ਕਬੂਤਰਾਂ ਦੀਆਂ ਲਾਸ਼ਾਂ ਦਰਗਾਹ ਦੇ ਝੰਡਿਆਂ ਵਿਚ ਵਲ੍ਹੇਟੀਆਂ ਹੋਈਆਂ ਸਨ। ਰੱਬ ਜਾਣੇ ਕੀ ਹੋਇਆ ਸੀ। ਜਨਾਬ–ਏ–ਮਨ! ਅੱਜ ਫੇਰ ਉਹੀ ਹੋ ਰਿਹਾ ਏ, ਪਰ ਏਸ ਵਾਰੀ ਗੁਫ਼ਾਵਾਂ ਦੇ ਮਾਲਕ ਟਿੱਡੇ ਨੇ ਤੇ ਉਹਨਾਂ ਦੇ ਨੌਕਰ ਕੀੜੇ। ਹਰ ਇਕ ਕੀੜਾ ਮੂੰਹ ਵਿਚ ਦਾਣਾ ਲਈ ਕਿਬਲੇ ਵੱਲ ਜਾ ਰਿਹਾ ਹੈ।

ਮੈਂ ਇਹ ਚਿੱਠੀ ਤੈਨੂੰ ਏਸ ਲਈ ਲਿਖੀ ਏ ਕਿ ਇਹ ਕੀੜੇ ਕਿੱਥੋਂ ਆ ਰਹੇ ਨੇ।
ਤੇਰਾ ਛੋਟਾ ਵੀਰ,
–ਸ਼ਾਹ ਇੱਬਣ–ਏ–ਸ਼ੀਨ, ਦਸ਼ਿਤ ਮਕਸਰ

# ਸਟਿੱਕਰ

—ਕਾਜ਼ੀ ਦਾਦ ਮੁਹੰਮਦ ਰਿਹਾਣ
*(10-08-1983)*

ਗਰਮੀਆਂ ਦੀ ਸਲੇਟੀ ਸ਼ਾਮ, ਮੈਂ ਹੋਸਟਲ ਦੇ ਕਮਰੇ ਵਿਚ ਇਕੱਲਾ। ਵੇਖਣ ਨੂੰ ਕਿਤਾਬ ਪੜ੍ਹ ਰਿਹਾ ਹਾਂ, ਪਰ ਮੇਰੇ ਵਿਚਾਰ ਖਿੰਡੇ ਹੋਏ ਨੇ। ਦੋ ਦਿਨ ਪਹਿਲਾਂ ਮੇਰਾ ਇਕ ਜਮਾਤੀ ਇਕ ਹਾਦਸੇ ਵਿਚ ਮਰ ਗਿਆ ਏ ਤੇ ਉਦੋਂ ਦਾ ਮੈਂ ਇਸ ਸੋਚ 'ਚ ਫਸਿਆ ਹਾਂ ਕਿ ਜ਼ਿੰਦਗੀ ਕੀ ਏ ? ਕਿਉਂ ਪਲ ਛਿਣ ਵਿਚ ਮੁੱਕ ਜਾਂਦੀ ਏ, ਜਿਹਦੀ ਮਿਥੀ ਹੋਈ ਮੰਜ਼ਿਲ ਮੌਤ ਏ। ਮੈਂ ਐੱਮ.ਬੀ.ਬੀ.ਐੱਸ. ਫ਼ਾਈਨਲ ਦਾ ਵਿਦਿਆਰਥੀ ਹਾਂ। ਮਨੁੱਖੀ ਜੀਵਨ ਅਤੇ ਇਸ ਦੇ ਰੋਗਾਂ ਬਾਰੇ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਚੁੱਕਿਆ ਹਾਂ। ਬੜੇ ਲੈਕਚਰ ਵੀ ਸੁਣੇ ਨੇ। ਸੋਚਿਆ ਵੀ ਹੈ। ਪਰ ਫੇਰ ਵੀ ਜ਼ਿੰਦਗੀ ਬਾਰੇ ਏਸ ਸਵਾਲ ਦਾ ਕੋਈ ਜਵਾਬ ਨਹੀਂ।

ਮੇਰੀ ਇਹੀ ਹਾਲਤ ਅਕਸਰ ਮੇਰੇ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਜਾਂਦੀ ਏ। ਸੋਚਦਾ ਹਾਂ ਕਿ ਡਾਕਟਰੀ ਛੱਡ ਦੇਵਾਂ। ਤੁਸੀਂ ਜ਼ਿੰਦਗੀ ਨੂੰ ਰੋਗਾਂ ਤੋਂ ਬਚਾ ਕੇ ਰੱਖਣਾ ਚਾਹੁੰਦੇ ਹੋ। ਜਿਹਨੂੰ ਹਰ ਸਾਲ ਇਕ ਮੌਤ ਆਉਂਦੀ ਏ। ਅਜਿਹੇ ਨਾਪਾਏਦਾਰ ਜੀਵਨ ਲਈ ਅਜਿਹੇ ਯਤਨ ਕਿਉਂ ? ਛੱਡ ਕਿਤਾਬਾਂ ਤੇ ਦਵਾਈਆਂ ਦੀ ਦੁਨੀਆਂ। ਜੰਗਲ ਤੇ ਉਜਾੜ ਵੱਲ ਨਿਕਲ ਚੱਲ। ਹਵਾ ਨਾਲ ਝੂਲਦੇ ਰੁੱਖਾਂ ਦੀ ਛਾਂ ਵਿਚ ਬੈਠ ਕੇ ਉਹਨਾਂ ਦੀ 'ਸਾਈਂ-ਸਾਈਂ' ਸੁਣ। ਜ਼ਿੰਦਗੀ ਦੀ ਹਵਾ ਚੱਲਦੀ ਰਹੇ। ਚਾਨਣੀਆਂ ਰਾਤਾਂ ਨੂੰ ਪਹਾੜ ਦੀ ਟੀਸੀ 'ਤੇ ਬੈਠ ਕੇ ਚੰਨ ਨੂੰ ਤੱਕਣਾ। ਜੰਗਲ ਤੇ ਪਰਬਤ ਦੀ ਸੈਰ। ਚਾਰ ਦਿਨ ਦਾ ਜੀਵਨ, ਗ਼ਮ-ਫ਼ਿਕਰ ਤੋਂ ਆਜ਼ਾਦ।

ਮੇਰੀ ਨਿਗਾਹ ਅਲਮਾਰੀ 'ਤੇ ਚਿੰਬੜੇ ਸਟਿੱਕਰ 'ਤੇ ਪੈਂਦੀ ਏ। ਪੀਲੇ ਸਟਿੱਕਰ 'ਤੇ ਲਾਲ ਰੰਗ ਨਾਲ ਲਿਖਿਆ ਹੋਇਆ ਹੈ...:

"Don't Take Life Too Seriously it is N't Premanent."

ਕਮਰੇ ਵਿਚ ਇਸ ਸਟਿੱਕਰ ਦੇ ਸਿਵਾਏ ਕੋਈ ਦੂਜਾ ਚਿੱਤਰ, ਸਟਿੱਕਰ ਜਾਂ ਕਲੰਡਰ ਨਹੀਂ, ਜਿਹਨੂੰ ਮੈਂ ਬਾਜ਼ਾਰੋਂ ਖ਼ਰੀਦ ਕੇ ਲਿਆਇਆ ਸੀ। ਇਹ ਵਾਕ ਮੇਰੇ ਪਸੰਦੀਦਾ ਵਾਕਾਂ ਵਿਚੋਂ ਇਕ ਹੈ ਜਿਹਦੇ ਚਾਨਣ ਵਿਚ ਮੈਂ ਚਿੰਤਾ ਮੁਕਤ ਜੀਵਨ ਗੁਜ਼ਾਰਨਾ ਚਾਹੁੰਦਾ ਹਾਂ। ਸਟਿੱਕਰ 'ਤੇ ਲਿਖੀ ਦਲੀਲ ਵਿਚ ਚੋਖਾ ਵਜ਼ਨ ਹੈ। ਇਸ ਆਰਜ਼ੀ ਜੀਵਨ ਲਈ ਪ੍ਰੇਸ਼ਾਨੀ ਫ਼ਜ਼ੂਲ ਈ ਹੈ।

ਪਰ ਮੇਰੀ ਪ੍ਰੇਸ਼ਾਨੀ ਤਾਂ ਇਹੀ ਜ਼ਿੰਦਗੀ ਦੀ ਨਾਪਾਏਦਾਰੀ ਏ। ਇਕ ਗਰਜਦਾਰ ਆਵਾਜ਼ ਮੇਰੇ ਕੰਨਾਂ ਵਿਚ ਪੈਂਦੀ ਹੈ। ਇੰਜ ਲੱਗਾ ਹੈ ਜਿਵੇਂ ਬਦਲ ਗਰਜ ਰਹੇ ਹੋਣ ਜਾਂ



ਕੋਈ ਜਹਾਜ਼ ਲੰਘ ਰਿਹਾ ਹੋਵੇ। ਮੈਂ ਖਿੜਕੀ ਦੇ ਪਰਦੇ ਹਟਾ ਕੇ ਬਾਹਰ ਵੇਖਦਾ ਹਾਂ। ਬਾਰਸ਼ ਹੋ ਰਹੀ ਹੈ। ਮੇਰਾ ਕਮਰਾ ਟਾਪ-ਫ਼ਲੋਰ 'ਤੇ ਹੈ। ਖਿੜਕੀ ਵਿਚੋਂ ਦੂਰ-ਦੂਰ ਦੇ ਸੁੰਦਰ ਨਜ਼ਾਰੇ, ਹਸਪਤਾਲ ਦੇ ਨੇੜੇ ਦਰਿਆ, ਦਰਿਆ ਤੋਂ ਪਾਰ ਖੇਤ-ਖਾਲੇ, ਉੱਚੀਆਂ-ਵੱਡੀਆਂ ਇਮਾਰਤਾਂ, ਦੂਰ ਉੱਚੇ ਪਹਾੜ ਤੇ ਅਸਮਾਨ। ਪਰ ਇਹ ਦ੍ਰਿਸ਼ ਹੁਣ ਨਾਮੁਕੰਮਲ ਹੈ। ਬੱਦਲਾਂ ਨੇ ਪਹਾੜ ਤੇ ਅਸਮਾਨ ਕੱਜ ਲਏ ਨੇ। ਤੇਜ਼ ਵਰਖਾ ਵਰ੍ਹ ਰਹੀ ਹੈ। ਦੋ ਬੰਦੇ ਪਾਣੀ ਵਿਚ ਤਿਲ੍ਹਕਦੇ ਹੋਏ ਰੁੱਖ ਵੱਲ ਭੱਜੇ ਜਿੱਥੇ ਪਹਿਲੋਂ ਹੀ ਇਕ ਬੱਕਰੀ ਖਲੋਤੀ ਹੈ।

ਜੇ ਰੁੱਖ ਵੀ ਦੌੜ ਪੈਣ! ਅਜੀਬ ਤਮਾਸ਼ਾ ਹੋਵੇ। ਪਰ ਇਹ ਆਪਣੀ ਜਗ੍ਹਾ ਤੋਂ ਨਹੀਂ ਹਿੱਲਦੇ। ਗਰਮੀ ਹੋਵੇ ਜਾਂ ਸਰਦੀ। ਹਵਾਵਾਂ ਚੱਲਣ ਜਾਂ ਮੀਂਹ ਵੱਸੇ। ਠੰਢ ਦੇ ਥਪੇੜੇ ਹੋਣ ਜਾਂ ਲੂ, ਕੁਹਾੜੀ ਜਾਂ ਆਰੇ ਦਾ ਵਾਰ ਹੋਵੇ, ਇਹ ਹਿੰਮਤ ਨਾਲ ਖੜ੍ਹੇ ਰਹਿੰਦੇ ਨੇ। ਮਰਣ ਜਾਂ ਜਿਊਣ, ਭੱਜਦੇ ਨਹੀਂ। ਇਹਨਾਂ ਦੀ ਵੀ ਜ਼ਿੰਦਗੀ ਏ। ਕਾਸ਼ ਮੈਂ ਇਕ ਰੁੱਖ ਹੁੰਦਾ। ਘੱਟ ਤੋਂ ਘੱਟ ਮੌਤ ਦਾ ਸਾਹਮਣਾ ਕਰਨ ਦੀ ਹਿੰਮਤ ਤਾਂ ਹੁੰਦੀ।

ਕਿਸੇ ਨੇ ਬੂਹਾ ਖੜਕਾਇਆ ਤੇ ਕਮਰੇ ਵਿਚ ਵੜ ਆਇਆ। ਇਹ ਕੰਟੀਨ ਦਾ ਵੱਡਾ ਮੁਲਾਜ਼ਮ ਹੈ। ਚਾਹ ਦਾ ਪੁੱਛਣ ਆਇਆ ਹੈ।

"ਨਾਕੋ! ਚਾਹ ਲਿਆ।" ਮੈਂ ਉਸਨੂੰ ਕਹਿੰਦਾ ਹਾਂ ਤੇ ਉਹ ਤੁਰ ਜਾਂਦਾ ਹੈ। ਇਹ ਵੀ ਆਦਮੀ ਹੈ, ਜਿਊਂਦਾ ਜਾਗਦਾ ਆਦਮੀ। ਮੈਂ ਨਹੀਂ ਜਾਣਦਾ ਕਿ ਏਸ ਮੌਸਮ ਵਿਚ ਮੇਰੇ ਵਾਂਗੂੰ ਉਹ ਵੀ ਜ਼ਿੰਦਗੀ ਬਾਰੇ ਸੋਚ ਰਿਹਾ ਹੋਵੇਗਾ ਜਾਂ ਰੁੱਖਾਂ ਵਾਂਗੂੰ ਮੌਤ ਵੱਲੋਂ ਬੇਪ੍ਰਵਾਹ ਹੈ। ਕੁਝ ਪਲਾਂ ਬਾਅਦ ਉਹ ਚਾਹ ਲੈ ਕੇ ਆਉਂਦਾ ਹੈ।

"ਉੱਥੇ ਕੁਰਸੀ 'ਤੇ ਬੈਠ ਜਾ, ਮੈਂ ਤੇਰੇ ਤੋਂ ਕੁਛ ਪੁੱਛਣਾ ਚਾਹੁੰਦਾ ਆਂ। ਹੁਣ ਬਾਰਸ਼ ਹੋ ਰਹੀ ਏ। ਬਾਹਰ ਜਲਥਲ ਏ। ਬੱਦਲ ਗਰਜ ਰਹੇ ਨੇ। ਬਿਜਲੀ ਲਿਸ਼ਕ ਰਹੀ ਏ। ਇਸ ਮੌਸਮ ਵਿਚ ਤੂੰ ਕੀ ਮਹਿਸੂਸ ਕਰਦਾ ਏਂ ?"

ਉਹ ਮੇਰੇ 'ਤੇ ਹੈਰਾਨ ਹੈ। ਇੰਜ ਲੱਗਦਾ ਹੈ ਕਿ ਮੈਂ ਕੋਈ ਅਜਿਹਾ ਸਵਾਲ ਪੁੱਛ ਲਿਆ ਹੋਵੇ ਜੋ ਸਿਰਫ਼ ਪਾਗਲ ਜਾਂ ਬੱਚੇ ਹੀ ਪੁੱਛ ਸਕਦੇ ਨੇ। ਜਾਂ ਉਹ ਮੇਰੇ ਸਵਾਲ ਨੂੰ ਸਮਝਣ ਦਾ ਯਤਨ ਕਰ ਰਿਹਾ ਹੈ। ਉਸਦੀਆਂ ਹੈਰਾਨ ਅੱਖਾਂ ਮੇਰੇ ਉੱਤੇ ਜੰਮੀਆਂ ਨੇ। ਮੈਨੂੰ ਨਮੋਸ਼ੀ ਮਹਿਸੂਸ ਹੋ ਰਹੀ ਏ ਕਿ ਮੈਂ ਕਿਉਂ ਇਹ ਸਵਾਲ ਪੁੱਛ ਬੈਠਾ।

"ਮੈਂ ਕਹਿੰਦਾ ਹਾਂ, ਬਾਰਸ਼ ਨਾ ਹੋਵੇ!"

"ਕਿਉਂ ?" ਹੁਣ ਮੈਂ ਹੈਰਾਨ ਹਾਂ।

"ਜੇ ਬਾਰਸ਼ ਨਾ ਰੁਕੀ ਤਾਂ ਮੇਰਾ ਕੱਚਾ ਮਕਾਨ ਡਿੱਗ ਪਏਗਾ।"

ਮੈਂ ਨਾਕੋ (ਬੁੱਢਾ ਬੰਦਾ) ਨੂੰ ਵੇਖਦਾ ਹਾਂ। ਫੇਰ ਅੱਖਾਂ ਸਟਿੱਕਰ 'ਤੇ ਜਾ ਟਿਕਦੀਆਂ ਨੇ। ਮੈਂ ਕੁਝ ਨਹੀਂ ਬੋਲਦਾ, ਜਦੋਂ ਤਕ ਕਿ ਚਾਹ ਮੁੱਕ ਨਹੀਂ ਜਾਂਦੀ।

ਬੜਾ ਵੇਲਾ ਲੰਘਿਆ ਏ। ਨਾਕੋ ਚਾਹ ਵਾਲਾ ਖ਼ਾਲੀ ਪਿਆਲਾ ਲੈ ਕੇ ਕਮਰੇ ਵਿਚੋਂ ਜਾ ਚੁੱਕਿਆ ਹੈ। ਬਾਹਰ ਬਾਰਸ਼ ਹੋ ਰਹੀ ਹੈ। ਬੱਦਲ ਗਜ ਰਹੇ ਨੇ। ਬਿਜਲੀ ਚਮਕ ਰਹੀ ਹੈ। ਰੁੱਖ ਅਜੇ ਤੀਕ ਆਪਣੀ ਛਾਂ ਵਿਚ ਲੋਕਾਂ ਨੂੰ ਸ਼ਰਨ ਦਿੱਤੀ ਖੜ੍ਹਾ ਹੈ...ਤੇ ਸਟਿੱਕਰ ?

ਟੁਕੜੇ-ਟੋਟੇ ਹੋਇਆ ਰੱਦੀ ਦੀ ਟੋਕਰੀ ਵਿਚ।

# ਥੋੜ੍ਹਾ ਜਿਹਾ ਪਾਣੀ

**—ਗ਼ਨੀ ਪਰਵਾਜ਼**

*(15-08-1945)*

ਦੁਨੀਆਂ ਉਸਦੇ ਆਸੋਂ ਬਾਹਰੇ ਅੰਜਾਮ 'ਤੇ ਡਾਢੀ ਹੈਰਾਨ ਸੀ। ਤੇ ਏਸ ਗੱਲੋਂ ਬਹੁਤੀ ਹੈਰਾਨ ਸੀ ਕਿ ਓੜਕ ਉਸ ਦੇ ਏਸ ਅੰਤ ਦੀ ਸਭ ਤੋਂ ਵੱਡੀ ਵਜ੍ਹਾ ਕੀ ਸੀ ? ਯਾਨੀ ਇਸ ਦਾ ਸਭ ਤੋਂ ਵੱਡਾ ਕਾਰਨ ਵੱਡੇ ਭਰਾ ਦੀਆਂ ਕੋਸ਼ਿਸ਼ਾਂ ਸਨ ਜਾਂ ਉਸ ਦੀ ਆਪਣੀ ਕਾਰਗੁਜ਼ਾਰੀ ?

ਅਲਬਰਟ ਤੇ ਸਾਸ਼ਿਕਾ ਪਿਤਾ ਵੱਲੋਂ ਆਪਸ ਵਿਚ ਭਰਾ ਸਨ ਪਰ ਉਹਨਾਂ ਦੀਆਂ ਮਾਂਵਾਂ ਵੱਖ-ਵੱਖ ਸਨ। ਦੋਵਾਂ ਦਾ ਪਿਓ ਯੂਰੀ ਸੀ। ਪਰ ਅਲਬਰਟ ਦੀ ਮਾਂ ਬਿੱਲੂ ਸੀ ਤੇ ਸਾਸ਼ਿਕਾ ਦੀ ਮਾਂ ਜੀਨੀ। ਅਲਬਰਟ ਵੱਡਾ ਸੀ ਤੇ ਸਾਸ਼ਿਕਾ ਛੋਟਾ। ਅਲਬਰਟ ਦੀ ਸ਼ਕਲ-ਸੂਰਤ ਮਾੜੀ ਨਹੀਂ ਸੀ ਪਰ ਸਾਸ਼ਿਕਾ ਬੜਾ ਸੁੰਦਰ ਸੀ। ਅਲਬਰਟ ਹਰ ਕੰਮ ਸੱਜੇ ਹੱਥ ਨਾਲ ਕਰਦਾ ਸੀ ਤੇ ਸਾਸ਼ਿਕਾ ਹਰ ਕੰਮ ਖੱਬੇ ਹੱਥ ਨਾਲ। ਜਦੋਂ ਉਹਨਾਂ ਹੋਸ਼ ਸੰਭਾਲੀ ਤਾਂ ਉਹ ਆਪਣੇ ਪਰਿਵਾਰ ਨਾਲੋਂ ਵੱਖ ਹੋ ਗਏ। ਮਾਂ ਪਿਓ ਨੂੰ ਉਹਨਾਂ ਦੇ ਵੱਖ ਹੋਣ ਦਾ ਦੁੱਖ ਤਾਂ ਜ਼ਰੂਰ ਹੋਇਆ ਪਰ ਏਸ ਗੱਲੋਂ ਉਹ ਖ਼ੁਸ਼ ਵੀ ਹੋਏ ਕਿ ਉਹਨਾਂ ਦੇ ਬੱਚੇ ਆਪਣੇ ਪੈਰਾਂ 'ਤੇ ਖੜੋਣ ਦੇ ਕਾਬਲ ਹੋ ਗਏ ਨੇ। ਬਹੁਤਾ ਸਮਾਂ ਨਹੀਂ ਲੰਘਿਆ ਕਿ ਦੋਵੇਂ ਭਰਾ ਮਿਹਨਤ-ਮਜ਼ਦੂਰੀ ਦੀ ਖ਼ਾਤਰ ਦੂਰ-ਦੁਰਾਡੇ ਚਲੇ ਗਏ। ਅਲਬਰਟ ਪੱਛਮ ਵੱਲ ਤੁਰ ਗਿਆ ਤੇ ਸਾਸ਼ਿਕਾ ਪੂਰਬ ਵੱਲ। ਤੇ ਇਕ ਲੰਮੇ ਚਿਰ ਪਿੱਛੋਂ ਉਹ ਪਰਤੇ ਤਾਂ ਪਤਾ ਨਹੀਂ ਲੱਗ ਸਕਿਆ ਕਿ ਉਹਨਾਂ ਕਿਸ ਤਰ੍ਹਾਂ ਪੈਸਾ ਕਮਾਇਆ ਸੀ ਤੇ ਕੀ ਕੀ ਖਾਧਾ ਸੀ ਪਰ ਇਹ ਗੱਲ ਚੰਗੀ ਤਰ੍ਹਾਂ ਮਹਿਸੂਸ ਕੀਤੀ ਗਈ ਕਿ ਦੋਵੇਂ ਭਰਾ ਅਮੀਰ ਵੀ ਹੋ ਗਏ ਸਨ ਤੇ ਮੋਟੇ ਤਾਜ਼ੇ ਵੀ। ਤੇ ਉਹਨਾਂ ਦੀਆਂ ਸ਼ਕਲਾਂ ਵਿਚ ਇਹ ਅਜੀਬੋ-ਗ਼ਰੀਬ ਤਬਦੀਲੀ ਵੀ ਆ ਗਈ ਸੀ ਕਿ ਅਲਬਰਟ ਦੀ ਸ਼ਕਲ ਹਾਥੀ ਵਰਗੀ ਹੋ ਗਈ ਸੀ ਤੇ ਸਾਸ਼ਿਕਾ ਦੀ ਘੋੜੇ ਵਰਗੀ।

ਅਲਸਰਟ ਨੇ ਦੌਲਤ ਨਾਲ ਕਾਰਖ਼ਾਨੇ ਖੋਲ੍ਹੇ ਤੇ ਧਨ ਨਾਲ ਪੂੰਜੀ ਵਿਚ ਵਾਧਾ ਕਰਨਾ ਛੋਹਿਆ। ਜਦੋਂ ਕਿ ਸਾਸ਼ਿਕਾ ਨੇ ਆਪਣੀ ਦੌਲਤ ਨਾਲ ਮਕਾਨ ਬਣਵਾਏ ਤੇ ਉਹਨਾਂ ਨੂੰ ਕਿਰਾਏ 'ਤੇ ਚਾੜ੍ਹ ਕੇ ਪੈਸੇ ਕਮਾਉਣ ਲੱਗਿਆ। ਹੌਲੀ-ਹੌਲੀ ਦੋਵੇਂ ਏਸ ਹੱਦ ਤਕ ਧਨਵਾਨ ਵੀ ਹੋ ਗਏ ਸਨ ਕਿ ਕੋਈ ਉਹਨਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਪਰ ਖ਼ੁਦ ਉਹਨਾਂ ਵਿਚਕਾਰ ਇਕ ਦੌੜ ਸ਼ੁਰੂ ਹੋ ਗਈ। ਤੇ ਏਸ ਮੁਕਾਬਲੇ ਵਿਚ ਉਹਨਾਂ ਹਰ



ਕਿਸਮ ਦੇ ਜਾਇਜ਼-ਨਾਜਾਇਜ਼ ਹੱਥਕੰਡੇ ਵਰਤੇ। ਨੇੜੇ-ਤੇੜੇ ਦੇ ਗੁਆਂਢੀਆਂ ਵਿਚੋਂ ਕੁਝ ਨੇ ਅਲਬਰਟ ਦੀ ਹਮਾਇਤ ਕੀਤੀ ਤੇ ਕਈਆਂ ਨੇ ਸਾਸ਼ਿਕਾ ਦਾ ਸਾਥ ਦਿੱਤਾ। ਕਈਆਂ ਨੇ ਅਲਬਰਟ ਵਾਂਗਰ ਕਾਰਖ਼ਾਨੇ ਖੋਲ੍ਹੇ ਤੇ ਕਈ ਲੋਕਾਂ ਸਾਸ਼ਿਕਾ ਵਾਂਗੂੰ ਮਕਾਨ ਬਣਵਾਏ।

ਜਦੋਂ ਅਲਬਰਟ ਨੇ ਸਾਸ਼ਿਕਾ ਦੇ ਕਾਰੋਬਾਰ ਦੀ ਚੜ੍ਹਤ ਹੋਈ ਤਾਂ ਉਹਨਾਂ ਨੇ ਆਪੋ-ਆਪਣੇ ਧੰਦੇ ਦੀ ਰਾਖੀ ਲਈ ਫ਼ੌਜਾਂ ਜਮ੍ਹਾ ਕੀਤੀਆਂ। ਤੇ ਇਹਨਾਂ ਫ਼ੌਜਾਂ ਨੂੰ ਆਪਣੇ ਕਾਰੋਬਾਰ ਦੇ ਲਾਭ ਤੇ ਦੂਜੇ ਦੇ ਨੁਕਸਾਨ ਲਈ ਤੇ ਲੋੜ ਵੇਲੇ ਇਕ ਦੂਜੇ ਦੇ ਵਿਰੋਧ ਵਿਚ ਤੇ ਇਕ ਦੂਜੇ ਦੇ ਦੋਸਤਾਂ ਦੇ ਖ਼ਿਲਾਫ਼ ਵਰਤਿਆ। ਇਸ ਲਈ ਉਹਨਾਂ ਵਿਚਕਾਰ ਤੇ ਉਹਨਾਂ ਦੇ ਯਾਰਾਂ-ਦੋਸਤਾਂ ਵਿਚਕਾਰ ਲੜਾਈ-ਝਗੜੇ ਵਧਦੇ ਹੀ ਗਏ। ਤੇ ਇਹ ਲੜਾਈ ਝਗੜੇ ਕਦੀ-ਕਦੀ ਲੰਮੇ ਸਮੇਂ ਤਕ ਵੀ ਚੱਲੇ। ਕਾਰੋਬਾਰ ਅਤੇ ਲੜਾਈ ਝਗੜਿਆਂ ਵਿਚ ਕਦੀ ਅਲਬਰਟ ਜਿੱਤ ਜਾਂਦਾ ਤੇ ਸਾਸ਼ਿਕਾ ਨੂੰ ਹਾਰ ਹੁੰਦੀ। ਤੇ ਕਦੀ ਸਾਸ਼ਿਕਾ ਜਿੱਤ ਜਾਂਦਾ ਤੇ ਅਲਬਰਟ ਨੂੰ ਹਾਰ ਹੋ ਜਾਂਦੀ। ਪਰ ਇਕ ਦਿਨ ਸਾਸ਼ਿਕਾ ਦੇ ਦਿਲ ਵਿਚ ਪਤਾ ਨਹੀਂ ਕੀ ਖ਼ਿਆਲ ਆਇਆ ਕਿ ਉਸਨੇ ਆਪਣੀਆਂ ਫ਼ੌਜਾਂ ਨਾਲ ਆਪਣੇ ਮਿੱਤਰਾਂ 'ਤੇ ਚੜ੍ਹਾਈ ਕਰ ਦਿੱਤੀ। ਤੇ ਫੇਰ ਲਗਾਤਾਰ ਕਈ ਦਿਨਾਂ ਤਕ ਆਪਣੇ ਮਿੱਤਰਾਂ ਦੇ ਖ਼ਿਲਾਫ਼ ਲੜਦਾ ਰਿਹਾ। ਸ਼ਾਇਦ ਉਸਦੇ ਦਿਲ ਵਿਚ ਆਪਣੇ ਮਿੱਤਰਾਂ ਪ੍ਰਤੀ ਕੋਈ ਸ਼ੱਕ ਸੀ। ਏਸ ਗੱਲ ਨੂੰ ਅਜੇ ਬਹੁਤਾ ਚਿਰ ਨਹੀਂ ਸੀ ਹੋਇਆ ਕਿ ਇਕ ਸਵੇਰ ਜਦੋਂ ਉਹ ਜਾਗਿਆ ਤਾਂ ਉਸਦਾ ਚਿਹਰਾ ਘੋੜੇ ਦੀ ਸ਼ਕਲ ਤੋਂ ਬਦਲ ਕੇ ਰਿੱਛ ਦੀ ਸ਼ਕਲ ਵਰਗਾ ਹੋ ਗਿਆ। ਤੇ ਏਸ ਗੱਲ ਨੂੰ ਵੀ ਬਹੁਤਾ ਵੇਲਾ ਨਹੀਂ ਸੀ ਲੰਘਿਆ ਕਿ ਇਕ ਰਾਤੀਂ ਅਚਨਚੇਤ ਅਜਿਹਾ ਭੂਚਾਲ ਆਇਆ ਕਿ ਸਾਸ਼ਿਕਾ ਦੇ ਸਾਰੇ ਮਕਾਨ ਢੈ-ਢੇਰੀ ਹੋ ਗਏ। ਉਹ ਕੰਗਾਲ ਹੋ ਗਿਆ। ਪਰ ਅਲਬਰਟ ਦੇ ਕਾਰਖ਼ਾਨਿਆਂ ਨੂੰ ਕੋਈ ਨੁਕਸਾਨ ਨਾ ਹੋਇਆ।

ਸਾਸ਼ਿਕਾ ਨੂੰ ਬੜਾ ਦੁੱਖ ਹੋਇਆ ਤੇ ਉਹ ਡਾਢਾ ਉਦਾਸ ਹੋ ਗਿਆ। ਕੁਝ ਚਿਰ ਤਕ ਤਾਂ ਉਹ ਇੱਧਰ-ਉੱਧਰ ਹੱਥ-ਪੈਰ ਮਾਰਦਾ ਰਿਹਾ ਤੇ ਕਿਸੇ ਨਾ ਕਿਸੇ ਹੀਲੇ ਆਪਣਾ ਵਕਤ ਗੁਜ਼ਾਰਦਾ ਰਿਹਾ, ਪਰ ਓੜਕ ਉਹ ਮਜਬੂਰ ਹੋ ਗਿਆ ਤੇ ਇਕ ਦਿਨ ਜਾ ਕੇ ਅਲਬਰਟ ਦੇ ਪੈਰੀਂ ਡਿੱਗ ਪਿਆ।

"ਮੇਰੇ ਸਤਿਕਾਰਤ ਭਰਾ! ਮੈਥੋਂ ਬੜੀਆਂ ਵੱਡੀਆਂ ਗ਼ਲਤੀਆਂ ਹੋਈਆਂ ਨੇ ਤੇ ਮੈਂ ਤੇਰੇ ਨਾਲ ਬੜੀਆਂ ਗੁਸਤਾਖ਼ੀਆਂ ਕੀਤੀਆਂ ਨੇ। ਅੱਗੇ ਤੋਂ ਨਾ ਤਾਂ ਮੈਂ ਅਜਿਹੀਆਂ ਗ਼ਲਤੀਆਂ ਕਰਾਂਗਾ ਤੇ ਨਾ ਹੀ ਕੋਈ ਗੁਸਤਾਖ਼ੀ। ਪਰ ਏਸ ਵਾਰੀ ਮੈਨੂੰ ਮੁਆਫ਼ ਕਰ ਦੇ।"

ਅਲਬਰਟ ਨੇ ਆਪਣੇ ਦੋਵਾਂ ਹੱਥਾਂ ਨਾਲ ਸਾਸ਼ਿਕਾ ਦਾ ਸਿਰ ਹਮਦਰਦੀ ਨਾਲ ਚੁੱਕਿਆ। ਜਦੋਂ ਉਸਦਾ ਮੁਖੜਾ ਨਜ਼ਰ ਆਇਆ ਤਾਂ ਅਲਬਰਟ ਨੇ ਵੇਖਿਆ ਕਿ ਸਾਸ਼ਿਕਾ ਦੀਆਂ ਅੱਖਾਂ ਸਿੱਜਲ ਨੇ। ਉਸਨੇ ਆਪਣੇ ਰੁਮਾਲ ਨਾਲ ਸਾਸ਼ਿਕਾ ਦੇ ਅੱਥਰੂ ਪੂੰਝੇ ਤੇ ਉਸਨੂੰ ਦਿਲਾਸਾ ਦਿੰਦੇ ਹੋਏ ਨਰਮੀ ਨਾਲ ਆਖਿਆ,

"ਪ੍ਰੇਸ਼ਾਨ ਨਾ ਹੋ, ਉੱਠ ਤੇ ਕੁਰਸੀ 'ਤੇ ਬੈਠ ਜਾ।" ਫੇਰ ਜ਼ਰਾ ਸੋਚ ਕੇ ਕਿਹਾ, "ਜੇ ਤੂੰ ਮੇਰੀ ਮੁਥਾਜੀ ਤੇ ਤਾਬੇਦਾਰੀ ਕਬੂਲ ਕਰ ਲਏਂ ਤਾਂ ਏਸ ਵਾਰੀ ਤੇਰਾ ਸਾਰਾ ਕਸੂਰ ਮੁਆਫ਼ ਕੀਤਾ ਜਾ ਸਕਦਾ ਏ।"

ਸਾਸ਼ਿਕਾ ਉੱਠ ਕੇ ਕੁਰਸੀ 'ਤੇ ਬੈਠ ਗਿਆ ਤੇ ਗ਼ਰੀਬੜੀ ਜਿਹੀ ਸੁਰ ਵਿਚ ਬੋਲਿਆ:

"ਮੈਂ ਵਾਅਦਾ ਕਰਦਾ ਆਂ ਕਿ ਅੱਜ ਤੋਂ ਬਾਅਦ ਮੈਂ ਤੇਰਾ ਮੁਥਾਜ ਤੇ ਤਾਬੇਦਾਰ ਆਂ। ਮੈਂ ਹਮੇਸ਼ਾ ਤੇਰੀ ਹਦਾਇਤ 'ਤੇ ਅਮਲ ਕਰਦਾ ਰਹਾਂਗਾ।" ਉਹ ਥੋੜ੍ਹੀ ਦੇਰ ਲਈ ਚੁੱਪ ਹੋ ਗਿਆ ਤੇ ਫੇਰ ਅਲਬਰਟ ਵੱਲ ਮੋਹ ਨਾਲ ਦੇਖ ਕੇ ਬੋਲਿਆ, "ਪਰ ਹੁਣ ਮੇਰੇ 'ਤੇ ਰਹਿਮ ਕਰ, ਮੈਂ ਰੁਪਏ-ਪੈਸੇ ਪੱਖੋਂ ਫ਼ਕੀਰ ਹੋ ਚੁੱਕਿਆਂ। ਇਸ ਲਈ ਮੈਨੂੰ ਆਪਣੇ ਸਦਕੇ, ਖ਼ੈਰਾਤ ਤੋਂ ਖ਼ਾਲੀ ਨਾ ਮੋੜੀਂ। ਤੇ ਕੁਝ ਕਰਜ਼ਾ ਵੀ ਦੇ ਦੇ ਤਾਂ ਜੋ ਮੈਂ ਕੋਈ ਕਾਰੋਬਾਰ ਕਰ ਸਕਾਂ।"

ਆਪਣੀ ਗੱਲ ਪੂਰੀ ਕਰਦਿਆਂ ਹੋਇਆਂ ਸਾਸ਼ਿਕਾ ਨੂੰ ਮਹਿਸੂਸ ਹੋਇਆ ਕਿ ਜਿਵੇਂ ਅਲਬਰਟ ਪਹਿਲਾਂ ਨਾਲੋਂ ਜਿਸਮਾਨੀ ਲਿਹਾਜ਼ ਨਾਲ ਬਹੁਤ ਤਕੜਾ ਤੇ ਸ਼ਕਲੋਂ ਬਹੁਤ ਸੋਹਣਾ ਹੁੰਦਾ ਜਾ ਰਿਹਾ ਏ...ਤੇ ਉਸਦੇ ਉਲਟ ਅਲਬਰਟ ਨੂੰ ਇੰਜ ਲੱਗਿਆ ਕਿ ਜਿਵੇਂ ਸਾਸ਼ਿਕਾ ਪਹਿਲਾਂ ਦੀ ਨਿਸਬਤ ਬਹੁਤ ਮਾੜਾ ਤੇ ਸ਼ਕਲੋਂ ਜ਼ਿਆਦਾ ਕੋਹਜਾ ਹੁੰਦਾ ਜਾ ਰਿਹਾ ਹੈ।

ਜਦੋਂ ਅਲਬਰਟ ਨੇ ਸਾਸ਼ਿਕਾ ਨੂੰ ਮੁਆਫ਼ ਕੀਤਾ ਤੇ ਉਸਦੀ ਫ਼ਰਿਆਦ ਸੁਣ ਲਈ ਤਾਂ ਸਾਸ਼ਿਕਾ ਅਲਬਰਟ ਕੋਲੋਂ ਉੱਠ ਕੇ ਆਪਣੇ ਘਰ ਤੁਰ ਗਿਆ ਤੇ ਬਿਸਤਰੇ 'ਤੇ ਜਾ ਲੇਟਿਆ। ਕਿੰਨਾ ਚਿਰ ਤਕ ਜਾਗਦੇ ਤੇ ਸੋਚਦੇ ਰਹਿਣ ਤੋਂ ਬਾਅਦ ਉਸਨੂੰ ਨੀਂਦ ਆ ਗਈ। ਉਸਨੂੰ ਏਨੀ ਗੂੜ੍ਹੀ ਨੀਂਦ ਆਈ ਕਿ ਦਿਨ ਦਾ ਬਾਕੀ ਹਿੱਸਾ ਤੇ ਆਉਣ ਵਾਲੀ ਪੂਰੀ ਰਾਤ ਸੁੱਤਿਆਂ ਲੰਘ ਗਈ। ਉਹ ਅਗਲੇ ਦਿਨ ਦੁਪਹਿਰ ਵੇਲੇ ਜਾਗਿਆ। ਅੱਖਾਂ ਖੁੱਲ੍ਹਦਿਆਂ ਹੀ ਉਸਨੇ ਵੇਖਿਆ ਕਿ ਹੁਣ ਉਹ ਪਹਿਲਾਂ ਵਰਗਾ ਤਕੜਾ-ਨਰੋਆ ਆਦਮੀ ਨਹੀਂ ਰਿਹਾ। ਸਗੋਂ ਸੁੰਗੜ ਕੇ ਇੰਜ ਛੋਟਾ ਹੋ ਗਿਆ ਹੈ ਕਿ ਆਪਣੇ-ਆਪ ਨੂੰ ਖ਼ੁਦ ਵੀ ਨਹੀਂ ਵੇਖ ਸਕਦਾ। ਉਸਨੇ ਚਾਹਿਆ ਕਿ ਆਪਣੇ-ਆਪ ਨੂੰ ਜਾ ਕੇ ਸ਼ੀਸ਼ੇ ਵਿਚ ਵੇਖੇ ਪਰ ਨਾ ਤਾਂ ਉਹ ਆਪਣੀ ਚਾਲ ਨਾਲ ਤੁਰ ਸਕਦਾ ਸੀ ਤੇ ਨਾ ਹੀ ਖ਼ੁਦ ਨੂੰ ਸ਼ੀਸ਼ੇ ਵਿਚ ਵੇਖ ਸਕਦਾ ਸੀ। ਇਹੀ ਕੋਸ਼ਿਸ਼ ਕਰਦਾ ਹੋਇਆ ਉਹ ਬਿਸਤਰੇ ਤੋਂ ਤਿਲ੍ਹਕ ਕੇ ਸਾਹਮਣੇ ਪਈ ਮੇਜ਼ ਉਪਰ ਡਿੱਗ ਪਿਆ ਤੇ ਮੇਜ਼ 'ਤੇ ਰੱਖੇ ਹੋਏ ਸ਼ੀਸ਼ੇ ਦੇ ਗਲਾਸ ਨਾਲ ਜਾ ਵੱਜਿਆ, ਜਿਸ ਵਿਚ ਥੋੜ੍ਹਾ ਜਿਹਾ ਪਾਣੀ ਰਹਿ ਗਿਆ ਸੀ।

ਅਚਨਚੇਤ ਉਸ ਨੇ ਆਪਣਾ ਧੁੰਦਲਾ ਜਿਹਾ ਅਕਸ ਉਸ ਗਲਾਸ ਵਿਚ ਵੇਖ ਲਿਆ ਤੇ ਹੈਰਾਨੀ ਨਾਲ ਤੜਫ ਕੇ ਰਹਿ ਗਿਆ। ਕਿਉਂ ਜੋ ਉਹ ਇਕ ਭੌਰ ਬਣ ਚੁੱਕਿਆ ਸੀ।



# ਦਾਦੀ ਕਿਉਂ ਇਕੱਲੀ ਏ

**—ਗੌਹਰ ਮਲਿਕ**

***(1939)***

ਮੈਂ ਸਾਰਾ ਦਿਨ ਇਕੱਲੀ ਕਾਰੀ, ਚੁੜੇਲ ਵਾਂਗੂੰ ਕਮਰੇ ਵਿਚ ਬੈਠੀ ਰਹਿੰਦੀ ਆਂ। ਮਜਾਲ ਏ ਕੋਈ ਮੇਰੇ ਵੱਲ ਆਏ ਜਾਂ ਝਾਕ ਕੇ ਵੇਖੇ ਕਿ ਮੈਂ ਮਰ ਗਈ ਆਂ ਜਾਂ ਜਿਊਂਦੀ ਆਂ। ਬਸ ਰੋਟੀ ਦੀ ਬੁਰਕੀ ਲਿਆ ਕੇ ਮੇਰੇ ਸਾਹਮਣੇ ਸੁੱਟ ਦਿੰਦੇ ਨੇ। ਉਹ ਘਰ ਵਿਚ ਬੰਨ੍ਹੇ ਕੁੱਤੇ ਨੂੰ ਵੀ ਇੰਜ ਈ ਬੁਰਕੀ ਸੁੱਟ ਦਿੰਦੇ ਨੇ। ਦਾਦੀ ਸਭ ਨਾਲ ਗਿਲਾ ਕਰਦੀ...ਪਰ ਕੋਈ ਸੁਣਦਾ ਈ ਨਈਂ ਸੀ।

ਇਕ ਦਿਨ ਪੁੱਤਰ ਨੂੰ ਮਾਂ ਨਾਲ ਹਮਦਰਦੀ ਹੋਈ, ਉਸ ਨੇ ਇਕ ਰੇਡੀਓ ਲਿਆ ਦਿੱਤਾ ਤੇ ਕਿਹਾ, "ਅੰਮਾਂ! ਤੂੰ ਇਕੱਲੀ ਬੈਠੀ ਰਹਿਨੀ ਐਂ। ਇਹ ਰੇਡੀਓ ਸੁਣਿਆਂ ਕਰ। ਬੜੇ ਮਿੱਠੇ ਬਲੋਚੀ ਗੀਤ ਲੱਗਦੇ ਨੇ ਤੇ ਖ਼ਬਰਾਂ ਵੀ ਸੁਣਾਉਂਦਾ ਏ ਇਹ। ਤੇਰਾ ਵੇਲ਼ਾ ਚੰਗਾ ਲੰਘ ਜਾਊ।" ਮੈਂ ਆਖਿਆ, "ਰੇਡੀਓ ਸੁਣਨ ਦੀ ਬਜਾਏ ਤੁਹਾਨੂੰ ਲੋਕਾਂ ਨੂੰ ਘੜੀ ਭਰ ਵੇਖ ਲੈਣਾ ਮੈਨੂੰ ਲੱਖ ਦਰਜੇ ਚੰਗਾ ਲੱਗਦਾ ਏ।"

ਮੈਨੂੰ ਉਸ 'ਤੇ ਤਰਸ ਆ ਗਿਆ, ਮੈਂ ਕਿਹਾ, "ਚੰਗਾ ਦਾਦੀ ਹੁਣ ਮੈਂ ਰੋਜ਼ਾਨਾ ਕੰਮ-ਕਾਜ ਤੋਂ ਵਿਚਲੀ ਹੋ ਕੇ ਤੇਰੇ ਕੋਲ ਆਇਆ ਕਰਾਂਗੀ ਤੇ ਉੱਥੇ ਬੈਠ ਕੇ ਸਿਲਾਈ-ਕਢਾਈ ਕਰਿਆ ਕਰਾਂਗੀ।"

ਦੂਜੇ ਦਿਨ ਵਾਅਦੇ ਮੁਤਾਬਿਕ ਆ ਕੇ ਮੈਂ ਦਾਦੀ ਕੋਲ ਬੈਠ ਗਈ। ਦਾਦੀ ਦੀ ਲਾਡਲੀ ਬਹੂ ਨੇ ਵੇਖਿਆ ਤਾਂ ਉਹ ਵੀ ਆ ਗਈ ਤੇ ਮੇਰੇ ਨਾਲ ਬੈਠ ਗਈ। ਦਾਦੀ ਮੁਸਕੁਰਾਈ। ਕੁਝ ਚਿਰ ਵਿਚ ਮਹਿ ਗੁਲ ਦੌੜਦੀ ਹੋਈ ਆਈ ਤੇ ਆਖਣ ਲੱਗੀ, "ਅੰਮਾਂ ਮੇਰੇ ਬੂਟ ਕਿੱਥੇ ਨੇ? ਭਾਈ ਮੈਨੂੰ ਆਪਣੇ ਨਾਲ ਲੈ ਜਾਣ ਲੱਗਾ ਏ।" ਮੈਂ ਕਿਹਾ, "ਮੇਜ਼ ਦੇ ਥੱਲੇ ਵੇਖ।"

ਬੱਚੀ ਨੇ ਜਵਾਬ ਦਿੱਤਾ, "ਮੈਂ ਹਰ ਥਾਂ ਵੇਖ ਲਿਆ, ਨਾ ਮੈਨੂੰ ਕਾਲੇ ਬੂਟ ਮਿਲੇ, ਨਾ ਈ ਚਿੱਟੇ। ਮੇਰੀ ਚੱਪਲ ਵੀ ਗੁੰਮ ਏ।" ਮਾਂ ਨੇ ਕਿਹਾ, "ਹੱਛਾ! ਇਓਂ ਕਰ ਮੇਰੀ ਮੰਜੀ ਥੱਲੇ ਡੱਬੇ ਵਿਚ ਤੇਰੇ ਨਵੇਂ ਬੂਟ ਰੱਖੇ ਨੇ। ਉਹ ਪਾ ਕੇ ਚਲੀ ਜਾ, ਪਰ ਵੇਖੀਂ ਗੰਦੇ ਨਾ ਕਰੀਂ।" ਬੱਚੀ ਵਾਪਸ ਮੁੜੀ ਤੇ ਦੌੜਦੀ ਹੋਈ ਚਲੀ ਗਈ।

ਦਾਦੀ ਨੇ ਕਿਹਾ, "ਹਾਂ, ਹਾਂ, ਜਾ ਕੇ ਲੱਭ ਲੈ। ਤੇਰੀ ਮਾਂ ਦੀਆਂ ਅਲਮਾਰੀਆਂ ਤੇ ਸੰਦੂਕ ਬੂਟਾਂ ਤੇ ਜੁਰਾਬਾਂ ਨਾਲ ਭਰੇ ਪਏ ਨੇ। ਦਫ਼ਤਰ ਜਾਂਦਿਆਂ ਰਾਹ ਵਿਚ ਤੁਹਾਡੇ ਪਿਓ

'ਤੇ ਨੋਟਾਂ ਦੀ ਬਾਰਸ਼ ਹੁੰਦੀ ਏ। ਫੇਰ ਤੁਸੀਂ ਭਲਾਂ ਕਿਉਂ ਨਾ ਇਹਨਾਂ ਪੈਸਿਆਂ ਨਾਲ ਬੂਟ, ਜੁਰਾਬਾਂ ਤੇ ਕੱਪੜੇ ਖ਼ਰੀਦ ਕੇ ਵੰਡੋ ਤੇ ਨਾਮ ਕਮਾਓ।"

ਜਾਨੀ ਦੇ ਚਿਹਰੇ ਦੀ ਰੰਗਤ ਬਦਲ ਗਈ ਤੇ ਉਹਨੇ ਬੁੜਬੁੜਾਉਂਦਿਆਂ ਕਿਹਾ, "ਤੌਬਾ, ਤੌਬਾ...ਤਾਅਨਿਆਂ-ਮਿਹਣਿਆਂ ਤੋਂ ਇਲਾਵਾ ਕੋਈ ਗੱਲ ਈ ਨਈਂ ਹੁੰਦੀ।" ਉਹ ਉੱਠ ਕੇ ਤੁਰ ਗਈ ਤਾਂ ਇਬਰਾਹੀਮ ਕਮਰੇ ਅੰਦਰ ਆ ਗਿਆ। ਇਬਰਾਹੀਮ ਨੇ ਮਾਂ ਨੂੰ ਸਲਾਮ ਕੀਤਾ ਤੇ ਪੁੱਛਿਆ, "ਮਾਂ ਕਿਵੇਂ ਐਂ? ਠੀਕ ਐਂ?" ਮਾਂ ਸਲਾਮ ਦਾ ਜਵਾਬ ਦਿੰਦਿਆਂ ਬੋਲੀ, "ਠੀਕ ਆਂ ਪੁੱਤਰ! ਪਰ ਕੀ ਤੂੰ ਅੱਜ ਦਫ਼ਤਰ ਨਈਂ ਗਿਆ?"

"ਅੱਜ ਤੇ ਕੱਲ੍ਹ ਦੋ ਦਿਨਾਂ ਦੀ ਛੁੱਟੀ ਹੋ ਗਈ ਏ। ਜੰਮੇ ਤੇ ਹਫ਼ਤੇ ਦੀ। ਅੱਜ ਅਸੀਂ ਯਾਰ-ਬੇਲੀ ਸ਼ਿਕਾਰ 'ਤੇ ਜਾ ਰਹੇ ਆਂ।"

"ਰੱਬ ਤੇਰੀ ਰਕਸ਼ਾ ਕਰੇ। ਇੱਥੇ ਤਾਂ ਕੋਈ ਵੀ ਮੈਨੂੰ ਆਪਣੀ ਗੱਲ ਨਈਂ ਦੱਸਦਾ। ਨਾ ਈ ਮੈਂ ਤੈਨੂੰ ਕਦੇ ਜੁਮੇ ਤੇ ਹਫ਼ਤੇ ਵਾਲੇ ਦਿਨ ਵੇਖਿਆ ਏ।"

ਇਬਰਾਹੀਮ ਨੇ ਓਥੋਂ ਹੀ ਆਵਾਜ਼ ਦਿੱਤੀ, "ਓ-ਜਾਨੀ! ਉਹ ਚੀਜ਼ਾਂ ਮੇਰੇ ਸ਼ਿਕਾਰ ਵਾਲੇ ਬੈਗ ਵਿਚ ਪਾ ਦੇ।"

ਜਾਨੀ ਅੰਦਰੋਂ ਬੋਲੀ, "ਇਹ ਬੈਗ ਤਾਂ ਬੇਕਾਰ ਏ। ਜਿੱਪ ਟੁੱਟੀ ਪਈ ਏ।"

ਇਬਰਾਹੀਮ ਨੇ ਕਿਹਾ, "ਮੈਂ ਨਵਾਂ ਲੈ ਆਉਂਦਾ ਆਂ।"

ਦਾਦੀ ਤੋਂ ਰਿਹਾ ਨਾ ਗਿਆ। ਆਖਣ ਲੱਗੀ, "ਪੁੱਤਰ ਇਸੇ ਨੂੰ ਮੁਰੰਮਤ ਕਰਵਾ ਲੈ। ਕਿਉਂ ਸੌ-ਪੰਜਾਹ ਜ਼ਾਇਆ ਕਰੇਂਗਾ।"

"ਸੌ-ਪੰਜਾਹ ਕਿੱਥੇ ਮਾਂ, ਤਿੰਨ-ਚਾਰ ਸੌ ਰੁਪਏ। ਪਰ ਇਹਦੀ ਮੁਰੰਮਤ ਵਿਚ ਚਿਰ ਲੱਗੇਗਾ। ਸੰਗਤ ਸਾਰੀ ਤਿਆਰ ਬੈਠੀ ਏ।" ਇਬਰਾਹੀਮ ਨੇ ਕਿਹਾ।

"ਪਹਿਲਾਂ ਵੇਖਣਾ ਸੀ ਨਾ! ਯਾਂ ਤੇਰੀ ਔਰਤ ਨੇ ਵੇਖਣਾ ਹੁੰਦਾ। ਮੈਂ ਨਈਂ ਕਹਿੰਦੀ ਕਿ ਪੈਸੇ ਲਿਆ ਕੇ ਮੈਨੂੰ ਦੇਓ। ਯਾਂ ਮੈਨੂੰ ਜਾਰਜਟ ਤੇ ਬਨਾਰਸੀ ਕੱਪੜੇ ਲਿਆ ਕੇ ਦੇਓ। ਯਾਂ ਰੋਜ਼ ਕਬਾਬ ਖਵਾਓ। ਮੈਂ ਤਾਂ ਬਸ ਇਹ ਕਹਿੰਦੀ ਆਂ ਪਈ ਕੁਝ ਬੱਚਤ ਕਰਿਆ ਕਰੋ। ਹੱਸਦਿਆਂ ਦਾ ਤਾਂ ਸਾਰੇ ਸਾਥ ਦਿੰਦੇ ਨੇ, ਰੋਂਦਿਆਂ ਦਾ ਕੋਈ ਸਾਥੀ ਨਈਂ ਬਣਦਾ। ਮੁਸ਼ਕਲ ਸਮੇਂ ਆਪਣਾ ਮਾਲ ਈ ਕੰਮ ਆਉਂਦਾ ਏ। ਇਹ ਤੇਰੀ ਔਰਤ ਤੈਨੂੰ ਜ਼ਰੂਰ ਕਿਸੇ ਦਿਨ ਮੁਥਾਜ ਕਰਕੇ ਛੱਡੇਗੀ।"

"ਬੀਵੀ ਦਾ ਕੀ ਕਸੂਰ? ਪਰ ਮਾਂ ਉਸਨੂੰ ਤੈਂ ਜ਼ਰੂਰ...," ਇਬਰਾਹੀਮ ਨਾਰਾਜ਼ ਹੋ ਕੇ ਮਾਂ ਦੇ ਕਮਰੇ ਵਿਚੋਂ ਨਿਕਲ ਗਿਆ।

ਦਾਦੀ ਨੇ ਮੇਰੇ ਵੱਲ ਮੂੰਹ ਫੇਰ ਕੇ ਕਿਹਾ, "ਵੇਖਿਆ ਮੇਰੀਆਂ ਗੱਲਾਂ ਇਹਨਾਂ ਨੂੰ ਐਂ ਲੱਗਦੀਐਂ। ਬੀਵੀ ਦਾ ਨਾਂ ਲੈਂਦਿਆਂ ਈ ਜਿਵੇਂ ਧਮੋੜੀ ਲੜ ਗਈ ਏ।"

ਮੈਂ ਕੁਝ ਨਾ ਕਿਹਾ। ਇਸੇ ਵਿਚਕਾਰ ਹੂਰ ਜਾਨ ਆਈ। ਦਾਦੀ ਨੇ ਉਸਨੂੰ ਪੁੱਛਿਆ, "ਤੈਂ ਰੋਟੀ ਖਾ ਲਈ? ਕੀ ਸਬਜ਼ੀ ਬਣਾਈ ਐ?"

"ਮੈਂ ਰੋਟੀ ਨਈਂ ਖਾਧੀ। ਚੌਲ ਕੀਮਾ ਖਾਧਾ ਏ।"

"ਮੈਂ ਨਈਂ ਮੰਨਦੀ। ਅਜੇ ਹੁਣੇ ਤਾਂ ਆਈ ਐਂ, ਏਨੀ ਛੇਤੀ ਕੱਪੜੇ ਵੀ ਬਦਲ ਲਏ ਤੇ ਖਾਣਾ ਵੀ ਖਾ ਲਿਆ। ਤੇਰਾ ਖਾਣਾ ਨਾ ਹੋਇਆ, ਚਿੜੀ ਦਾ ਚੁਗਣਾ ਹੋ ਗਿਆ।



ਢਿਲ੍ਹਟ
ਯੂਸਫ ਸਿੰਧੀ
ਬਲੋਚੀ ਕਹਾਣੀਆਂ
ਚਿੱਠੀ : ਪਹਾੜਾਂ 'ਤੇ ਬੈਠੇ ਬਾਬਟਰ ਦੇ ਨਾਂ
—ਸ਼ਾਹ ਇੱਬਕਾ ਏ ਸ਼ੀਨ
ਸਟਿੱਕਰ
—ਕਾਜ਼ੀ ਦਾਦ ਮੁਹੰਮਦ ਰਿਹਾਨ
ਬੁੜ੍ਹਾ ਜਿਹਾ ਪਾਣੀ
—ਗਨੀ ਪਰਵਾਜ਼
ਦਾਦੀ ਕਿਉਂ ਇਕੱਲੀ ਏ
—ਗੋਹਰ ਮਲਿਕ

ਮੈਂ ਦੂਜਿਆਂ ਦੇ ਬਾਲਾਂ ਨੂੰ ਖਾਂਦਿਆਂ ਵੇਖ ਕੇ ਹੈਰਾਨ ਹੁੰਦੀ ਆਂ। ਏਸੇ ਲਈ ਤਾਂ ਉਹ ਏਨੀ [illegible] ਤੂੰ ਆਪਣੀਆਂ ਹਾਣਨਾਂ ਮੂਹਰੇ ਬੜੀ ਛੋਟੀ ਲੱਗਦੀ ਐਂ।"

"ਬਸ ਮਾਂ ਤੇਰੀਆਂ ਅੱਖਾਂ ਹਮੇਸ਼ਾ ਦੂਜਿਆਂ ਦੇ ਬਾਲਾਂ 'ਤੇ ਲੱਗੀਆਂ ਰਹਿੰਦੀਐਂ। ਜਿੰਨਾ ਢਿੱਡ 'ਚ ਪੈ ਸਕੇ ਆਦਮੀ ਓਨਾਂ ਈ ਖਾਂਦਾ ਐ। ਸਗੋਂ ਡਾਕਟਰ ਤਾਂ ਆਖਦੇ ਐ ਬਹੁਤਾ ਖਾਣਾ ਵੀ ਚੰਗਾ ਨਈਂ ਹੁੰਦਾ।"

"ਬਕਵਾਸ ਕਰਦੇ ਐ ਡਾਕਟਰ। ਤੁਹਾਡੀਆਂ ਆਦਤਾਂ ਤੁਹਾਡੀ ਮਾਂ ਨੇ ਬਚਪਨ ਤੋਂ ਈ ਵਿਗਾੜ ਛੱਡੀਐਂ। ਉਹਨੇ ਤੁਹਾਨੂੰ ਕੁਝ ਨਈਂ ਦਿੱਤਾ।" ਦਾਦੀ ਕੁਝ ਚਿਰ ਚੁੱਪ ਰਹਿ ਕੇ ਫੇਰ ਬੋਲੀ, "ਤੈਂ ਕਿੰਨੇ ਦਿਨਾਂ ਦੀ ਸਕੂਲੋਂ ਆ ਕੇ ਇਹੋ ਕੱਪੜੇ ਪਾ ਰਹੀ ਐਂ। ਤੇਰੀ ਮਾਂ ਨੇ ਕਿੰਨੇ ਜੋੜੇ ਖ਼ਰੀਦ ਕੇ ਸਿਵਾਏ? ਪਰ ਤੂੰ ਏਨੀ ਮੈਲੀ ਏਂ। ਤੁਹਾਡੇ ਕੱਪੜੇ ਖ਼ੁਦਾ ਨੇ ਤੁਹਾਡੀ [illegible] 'ਚ ਨਈਂ ਲਿਖੇ। [illegible] ਨਈਂ ਕਿਹੜੇ ਸੰਦੂਕ ਯਾਂ ਅਲਮਾਰੀ 'ਚ ਏਨੇ ਚਿਰ ਤਕ ਪਏ ਰਹਿਣਗੇ ਜਦ ਤੀਕ ਅਖ਼ੀਰ ਨੂੰ ਛੋਟੇ ਨਾ ਹੋ ਜਾਣ। ਫੇਰ ਤੇਰੀ ਮਾਂ ਇਹ ਕੱਪੜੇ [illegible] ਨੂੰ ਦੇ ਆਏਗੀ।"

ਹੂਰ ਜਾਨ ਨੇ ਨਾਰਾਜ਼ਗੀ ਵਿਚ ਸਿਰ ਹਿਲਾਇਆ ਤੇ ਫੇਰ ਆਪਣਾ ਸਿਰ ਖੁਰਕਣ ਲੱਗ ਪਈ।

"ਤੈਂ ਸਕੂਲੇ ਵੀ ਆਪਣਾ ਸਿਰ ਖੁਰਕਦੀ ਰਹਿਨੀਂ ਐਂ? ਏਥੇ ਤਾਂ ਸਾਰਾ ਦਿਨ ਤੇਰਾ ਹੱਥ ਸਿਰ 'ਚ ਈ ਰਹਿੰਦੈ। ਮੈਨੂੰ ਤਾਂ ਆਪਣੇ ਸਿਰ ਨੂੰ ਤੈਂ ਹੱਥ ਲਾਉਣ ਨਈਂ ਦਿੰਦੀ। ਤੇਰੀ ਮਾਂ ਨੂੰ ਘਰ-ਘਰ ਫਿਰਨ ਤੇ ਰਿਸ਼ਤੇਦਾਰੀਆਂ ਨਿਭਾਉਣ ਤੋਂ ਵਿਹਲ ਨਈਂ। ਸਵੇਰ ਹੁੰਦਿਆਂ ਈ ਉਹ ਬਿੱਲੀ ਵਾਂਗੂੰ ਇਕ ਘਰੋਂ ਨਿਕਲਦੀ ਏ ਤੇ ਦੂਜੇ ਘਰ ਵੜਦੀ ਏ।"

ਹੂਰ ਜਾਨ ਆਪਣੇ ਦੋਵੇਂ ਹੱਥ ਕੰਨਾਂ ਤੀਕ ਲੈ ਗਈ, ਪਰ ਦਾਦੀ ਨੇ ਨਹੀਂ ਵੇਖਿਆ। ਦਾਦੀ ਨੇ ਦੁਬਾਰਾ ਹੂਰ ਜਾਨ ਨੂੰ ਨੀਝ ਲਾ ਕੇ ਵੇਖਿਆ ਤੇ ਕਿਹਾ, "ਏਸ ਬਦਬਖ਼ਤ ਟੂਥਪੇਸਟ ਨੇ ਖ਼ਲਕਤ ਦੇ ਦੰਦ ਛਿੱਲ ਕੇ ਛੋਟੇ ਕਰ ਦਿੱਤੇ। ਸਾਡੇ ਸਮੇਂ ਪੇਸਟ ਤੇ ਬੁਰਸ਼ ਨਈਂ ਸਨ। ਅਸੀਂ ਦਾਤਣ ਕਰਦੇ ਹੁੰਦੇ ਸੀ। ਯਾਂ ਫੇਰ ਕੋਲਾ ਪੀਹ ਕੇ ਉਸ ਵਿਚ ਲੂਣ ਰਲਾ ਕੇ ਰੱਖ ਲੈਂਦੇ ਤੇ ਉਸ ਨਾਲ ਦੰਦ ਮਾਂਜਦੇ ਸੀ। ਮੋਤੀਆਂ ਵਰਗੇ ਚਿੱਟੇ ਹੁੰਦੇ ਸੀ ਸਾਡੇ ਦੰਦ, ਹਰ ਵੇਲੇ। ਤੂੰ ਆਖਦੀ ਐਂ ਰੋਜ਼ਾਨਾ ਦੰਦ ਸਾਫ਼ ਕਰਦੀ ਆਂ ਪਰ ਤੇਰੇ ਦੰਦਾਂ ਤੇ ਕਰੀੜਾ ਜੰਮਿਆਂ ਹੋਇਐ ਪੀਲਾ—ਸਾਫ਼ ਕੀਤੇ ਹੋਏ ਦੰਦ ਇੰਜ ਦੇ ਹੁੰਦੇ ਆ?"

"ਨਈਂ ਸਾਫ਼ ਕਰਦੀ ਮੈਂ। ਕੀ ਕਰ ਲੈਂਗੀ ਮੇਰਾ? ਤੇਰੇ ਕੋਲ ਬੈਠ ਕੇ ਬੰਦਾ ਅੱਕ ਜਾਂਦਾ ਐ।" ਹੂਰ ਜਾਨ ਗੁੱਸੇ ਨਾਲ ਟੁਰ ਗਈ।

"ਕੱਢ ਕੇ ਸੁੱਟ ਦੇ ਮੇਰੇ ਵੱਲੋਂ। ਕਦੀ ਵੀ ਨਾ ਸਾਫ਼ ਕਰ। ਤੇਰੇ ਦੰਦ ਐ ਸੜ ਜਾਣਗੇ।" ਦਾਦੀ ਮਗਰੋਂ ਬੁੜਬੁੜ ਕਰਦੀ ਰਹੀ।

ਏਸ ਵਿਚਕਾਰ ਮੁਹੰਮਦ ਆ ਗਿਆ ਤੇ ਦਾਦੀ ਦੇ ਗਲ਼ ਲੱਗ ਕੇ ਕਹਿਣ ਲੱਗਾ, "ਮੇਰੀ ਚੰਗੀ ਮਾਂ ਕੀ ਗੱਲ ਹੋਈ ਏ?"

"ਗੱਲ ਕੀ ਹੋਣੀ ਸੀ, ਇਹ ਹੋਰੀ ਏ ਨਾ ਜਿਹੜੀ, ਇਹ ਮੇਰੇ ਸਮਝਾਉਣ 'ਤੇ ਪਾਗ਼ਲ ਹੋ ਜਾਂਦੀ ਏ।"

ਦਾਦੀ ਨੇ ਮੁਹੰਮਦ ਦਾ ਸਿਰ ਗੋਦ ਵਿਚ ਰੱਖਿਆ ਤੇ ਹੱਥ ਨਾਲ ਉਸਦੇ ਮੱਥੇ ਤੋਂ ਵਾਲ ਪਿੱਛੇ ਹਟਾਉਣ ਲੱਗੀ। ਦਾਦੀ ਨੇ ਕਿਹਾ, "ਆਪਣਾ ਚਿਹਰਾ ਵੇਖ, ਕਿੰਨੇ ਦਾਣੇ ਨੇ ਏਸ ਉਪਰ। ਇਹ ਸਭ ਤੇਰੇ ਧੁੱਪੇ-ਛਾਵੇਂ ਲੂਤ-ਲੂਤ ਕਰਦੇ ਫਿਰਨ ਦਾ ਫਲ ਏ। ਇੰਜ ਹੁਣ ਤੇਰਾ ਸੋਹਣਾ ਮੁਖੜਾ ਦਾਗ਼ਾਂ ਨਾਲ ਭਰਿਆ ਨਜ਼ਰ ਆਉਂਦਾ ਏ।" ਮੁਹੰਮਦ ਨੇ ਆਪਣਾ ਸਿਰ ਦਾਦੀ ਦੀ ਗੋਦ ਵਿਚੋਂ ਚੁੱਕਿਆ ਤਾਂ ਦਾਦੀ ਨੇ ਉਸਨੂੰ ਕਲਾਵੇ ਵਿਚ ਲੈ ਲਿਆ ਤੇ ਕੁੜਤੇ ਦੇ ਕਾਲਰ ਨੂੰ ਉਲਟ ਕੇ ਬੋਲੀ, "ਇਹ ਤੇਰਾ ਕਾਲਰ ਕਿੰਨਾ ਮੈਲਾ ਏ ਤੂੰ ਆਪਣੀ ਧੌਣ ਨਈਂ ਧੋਂਦਾ ?"

"ਮੈਂ ਰੋਜ਼ ਨਹਾਉਂਦਾ ਆਂ ਤੇ ਧੌਣ ਕਿਉਂ ਨਈਂ ਧੋਂਦਾ ਹੋਣਾ।" ਮੁਹੰਮਦ ਨੇ ਹੱਸਦਿਆਂ ਕਿਹਾ, "ਮੈਂ ਸਿਰ 'ਤੇ ਤੇਲ ਲਾਇਆ ਏ, ਇਹ ਤੇਲ ਏ।"

ਦਾਦੀ ਨੇ ਕਾਲਰ ਹੋਰ ਥੱਲੇ ਕਰ ਦਿੱਤਾ ਤੇ ਬੋਲੀ, "ਤੇਰੀ ਖ਼ੂਬਸੂਰਤ ਧੌਣ ਕਿੰਨੀ ਕਾਲੀ ਹੋ ਗਈ ਏ। ਜਦੋਂ ਨਹਾਉਂਦਾ ਐਂ ਤਾਂ ਧੌਣ ਨੂੰ ਮਲ ਕੇ ਧੋਂਦਾ ਨਈਂ ਹੋਵੇਂਗਾ।"

ਮੁਹੰਮਦ ਨਾਰਾਜ਼ ਹੋ ਗਿਆ ਤੇ ਅੱਖਾਂ ਕੱਢਦਿਆਂ ਆਖਣ ਲੱਗਾ, "ਤਾਂ ਕਿ ਆਪਣੀ ਚਮੜੀ ਛਿੱਲ ਲਵਾਂ ? ਬਸ ਮੈਂ ਗੰਦਾ ਆਂ। ਮੈਲਾ ਆਂ। ਨਈਂ ਨਹਾਉਂਦਾ ਮੈਂ। ਕੀ ਕਰੇਂਗੀ, ਜਾਨ ਕੱਢ ਲਵੇਂਗੀ ਮੇਰੀ ?"

ਦਾਦੀ ਦੇ ਕਲਾਵੇ ਵਿਚੋਂ ਨਿਕਲਿਆ ਤੇ , "ਅੱਕ ਗਿਆ ਮੈਂ ਤੁਹਾਡੇ ਤੋਂ," ਆਖਦਾ ਉੱਠ ਪਿਆ।

"ਮੈਂ ਤੁਹਾਡਾ ਕੀ ਵਿਗਾੜਿਆ। ਇੰਜ ਮੇਰੀਆਂ ਬਾਂਹਾਂ ਵਿਚੋਂ ਨਿਕਲ ਭੱਜਿਆ ਐਂ ਪੁੱਤਰ, ਅਜੇ ਤਾਂ ਨੈਣ-ਪ੍ਰਾਣ ਸਲਾਮਤ ਐ ਮੇਰੇ। ਆਤੁਰ ਹੋ ਗਈ ਤਾਂ ਤੁਸੀਂ ਮੈਨੂੰ ਸੜਕ 'ਤੇ ਸੁੱਟ ਆਓਗੇ।" ਦਾਦੀ ਨੇ ਫ਼ਰਿਆਦ ਕੀਤੀ।

ਅਹਿਮਦ ਨੇ ਦਾਦੀ ਦੀ ਇਹ ਗੱਲ ਸੁਣੀ ਤਾਂ ਥੋੜ੍ਹਾ ਜਿਹਾ ਬੂਹਾ ਖੋਲ੍ਹ ਕੇ ਅੰਦਰ ਝਾਕਿਆ ਤੇ ਮੈਨੂੰ ਵੇਖ ਕੇ ਮੁਸਕੁਰਾਇਆ। ਉਹ ਅੰਦਰ ਆ ਗਿਆ। ਉਸ ਨੇ ਪੁਰਾਣੇ ਫ਼ੈਸ਼ਨ ਦਾ ਤੰਬੀ-ਕੁੜਤਾ ਪਾਇਆ ਹੋਇਆ ਸੀ। ਪੈਰਾਂ ਵਿਚ ਬਲੋਚੀ ਚੱਪਲ ਸੀ। ਉਸ ਨੇ ਆਪਣੇ ਪਹਿਰਾਵੇ ਵੱਲ ਇਸ਼ਾਰਾ ਕਰ ਕੇ ਮੈਨੂੰ ਪੁੱਛਿਆ। ਮੈਂ ਵੀ ਸਿਰ ਦੇ ਇਸ਼ਾਰੇ ਨਾਲ ਕਿਹਾ ਕਿ ਬੜਾ ਚੰਗਾ ਲੱਗ ਰਿਹਾ ਏਂ। ਫੇਰ ਉਸ ਨੇ ਦਾਦੀ ਨੂੰ ਪੁੱਛਿਆ :

"ਬੀਬੀ ਕਿਓਂ ਚੁੱਪ ਐਂ ?"

"ਕੀ ਆਖਾਂ ?"

"ਮੇਰੇ ਕੱਪੜੇ ਕਿਵੇਂ ਲੱਗ ਰਹੇ ਹੈਨ ?"

"ਮੈਨੂੰ ਕੋਈ ਪ੍ਰਵਾਹ ਨਈਂ। ਤੁਸੀਂ ਲੋਕ ਜਾਣੋਂ, ਤੁਹਾਡਾ ਕੰਮ ਜਾਣੇ। ਮੈਂ ਗੱਲ ਕਰਦੀ ਆਂ ਤਾਂ ਤੁਸੀਂ ਲੋਕ ਮੇਰੀ ਸੰਘੀ ਘੁੱਟਣ ਆਉਂਦੇ ਓ। ਹੈਂ, ਇਹ ਕੋਈ ਲਿਬਾਸ ਏ ਜੋ ਤੈਂ ਪਾਇਆ ਹੋਇਐ ? ਜਿਉਂ ਕੋਈ ਬੱਕਰੀਆਂ ਦਾ ਆਜੜੀ ਹੋਵੇ। ਇਹਦੇ ਨਾਲੋਂ ਤਾਂ ਤੈਨੂੰ ਇਹ ਮੱਧਮ ਰੰਗ ਦਾ ਜੋੜਾ ਬਹੁਤ ਫੱਬਦਾ ਏ।"

"ਇਹ ਫ਼ੈਸ਼ਨ ਐ। ਮੇਰਾ ਕੁੜਤਾ ਸਲਵਾਰ ਤਾਂ ਫੇਰ ਵੀ ਛੋਟਾ ਏ। ਲੋਕ ਤਾਂ ਸਵੇ ਮੀਟਰ ਦੀ ਸਲਵਾਰ ਸਲੋਆਉਣ ਲੱਗ ਪਏ ਹੈਨ।"



"ਜੇ ਕੋਈ ਵੀ ਚਬਲ ਮਾਰੇ ਤਾਂ ਉਹ 'ਫੈਸ਼ਨ' ਹੋ ਗਿਆ। ਘਿਓ ਬਹੁਤ ਏ ਘਰ।" ਦਾਦੀ ਨੇ ਇਕ ਅਸ਼ਲੀਲ ਅਖਾਣ ਸੁਣਾਇਆ।

"ਅੰਮਾਂ ਕੋਈ ਇਕ ਚੀਜ਼ ਤਾਂ ਦੱਸ ਜਿਹੜੀ ਚੰਗੀ ਹੋਵੇ ?"

"ਮੈਂ ਤੁਹਾਡੀ ਕੋਈ ਚੰਗੀ ਚੀਜ਼ ਵੇਖੀ ਈ ਨਈਂ। ਏਸ ਏਨੇ ਵੱਡੇ ਕੱਪੜਿਆਂ ਨੂੰ ਰੋਜ਼ਾਨਾ ਧੋਣ ਤੇ ਪ੍ਰੈੱਸ ਕਰਨ ਲੱਗਿਆਂ ਤੇਰੀ ਮਾਂ ਚੀਕੇਗੀ ਤੇ ਗਾਲ੍ਹਾਂ ਕੱਢੇਗੀ। ਕੌਣ ਏਨੀ ਖੇਚਲ ਕਰੇਗਾ ਹੁਣ।"

"ਤੁਸੀਂ ਬੇਫ਼ਿਕਰ ਰਹੋ, ਇਹਨੂੰ ਮਸ਼ੀਨ ਧੋਏਗੀ ਤੇ ਪ੍ਰੈੱਸ ਮੈਂ ਆਪ ਕਰਾਂਗਾ।" ਅਹਿਮਦ ਨੇ ਆਪਣੀ ਛਾਤੀ 'ਤੇ ਹੱਥ ਰੱਖਦਿਆਂ ਕਿਹਾ।

ਦਾਦੀ ਵਿਅੰਗਮਈ ਹਾਸਾ ਹੱਸੀ, "ਹਾਂ-ਹਾਂ ! ਤੂੰ ਕੱਪੜੇ ਪ੍ਰੈੱਸ ਕਰੇਂਗਾ ? ਕੱਲ੍ਹ ਮੈਂ ਗੁਸਲਖ਼ਾਨੇ ਵਿਚ ਪਿਆ ਇਕ ਕੱਪੜਾ ਵੇਖਿਆ...ਜਦੋਂ ਚੁੱਕਿਆ ਤਾਂ ਉਹ ਤੇਰੀ ਬਨੈਣ ਸੀ। ਏਨੀ ਮੈਲੀ ਕਿ ਪਛਾਣੀ ਨਾ ਜਾਏ ਕਿ ਕਦੀ ਇਹ ਚਿੱਟੇ ਰੰਗ ਦੀ ਹੁੰਦੀ ਸੀ। ਤੈਂ ਆਪਣਾ ਬਦਨ ਨਈਂ ਧੋ ਸਕਦਾ, ਗੱਲ ਕਰਦਾ ਏਂ ਕੱਪੜੇ ਧੋਣ ਤੇ ਪ੍ਰੈੱਸ ਕਰਨ ਦੀ।"

"ਬਸ ! ਬਸ !! ਮਾਂ ਤੇਰੇ ਨਾਲ ਤਾਂ ਗੱਲ ਕਰਨਾ ਵੀ ਗੁਨਾਹ ਏ।"

"ਨਾ ਕਰੋ ਤੁਸੀਂ ਲੋਕ ਮੇਰੇ ਨਾਲ ਗੱਲ। ਮੈਂ ਸੱਚ ਬੋਲਦੀ ਆਂ ਤੇ ਤੁਹਾਨੂੰ ਲੋਕਾਂ ਨੂੰ ਉਹ ਪਸੰਦ ਨਈਂ।"

ਅਹਿਮਦ ਦੀ ਅੰਮਾਂ ਆਈ ਤੇ ਆਖਣ ਲੱਗੀ, "ਅਹਿਮਦ ਤੈਨੂੰ ਤੇਰਾ ਪਿਤਾ ਸੱਦ ਰਿਹਾ ਏ।" ਅਹਿਮਦ ਨੇ ਗੁੱਸੇ ਵਿਚ ਸਿਰ ਝਟਕਿਆ ਤੇ ਬਾਹਰ ਨਿਕਲ ਗਿਆ।

ਅਹਿਮਦ ਦੀ ਅੰਮਾਂ ਬੈਠ ਗਈ ਤੇ ਬੋਲੀ, "ਅੱਜ ਬੜੀ ਥੱਕ ਗਈ ਆਂ। ਝਾੜੂ ਦੇਣ ਵਿਚ ਲੱਗੀ ਰਹੀ ਆਂ। ਇਕ-ਦੋ ਦਿਨਾਂ ਤੋਂ ਚੱਲਣ ਵਾਲੀ ਹਵਾ ਨੇ ਸਾਰਾ ਘਰ ਮਿੱਟੀ ਨਾਲ ਭਰ ਦਿੱਤਾ ਸੀ।"

"ਮੈਨੂੰ ਕੋਈ ਗਰਜ਼ ਨਈਂ। ਮੈਨੂੰ ਆਪਣੇ ਥਕੇਵੇਂ ਦੀ ਨਾ ਦੱਸ।" ਦਾਦੀ ਕਹਿਣ ਲੱਗੀ, "ਮੈਂ ਗੱਲ ਕਦੀ ਆਂ ਤਾਂ ਆਖਦੀ ਐਂ ਕਿ ਤੁਸੀਂ ਨੌਕਰ ਨੂੰ ਟਿਕਣ ਨਈਂ ਦਿੰਦੇ। ਜੇ ਦਸ ਨੌਕਰ ਵੀ ਹੋਵਣ ਤਾਂ ਵੀ ਤੁਹਾਡਾ ਕੰਮ ਤੁਹਾਡੇ ਸਿਰ ਹੋਵੇਗਾ। ਹੁਣ ਇਹ ਜਿਹੜਾ ਨੌਕਰ ਰੱਖਿਆ ਏ, ਤੈਂ ਇਹਨੂੰ ਜੁਮਾਰਾਤ ਨੂੰ ਛੁੱਟੀ ਦੇ ਦਿੰਦੀ ਐਂ ਕਿ ਜਾ ਕੱਲ੍ਹ ਜੁਮਾ ਐ। ਭਾਵੇਂ ਉਹ ਛੁੱਟੀ ਨਈਂ ਮੰਗਦਾ ਪਰ ਤੈਂ ਉਹਨੂੰ ਧੱਕੇ ਨਾਲ ਘੱਲਦੀ ਐਂ। ਨਾ ਉਹਦੀ ਮਾਂ ਜਿਉਂਦੀ ਏ ਨਾ ਪਿਤਾ। ਇਕ ਭਰਾ ਉਹਦਾ, ਉਹ ਵੀ ਮਸੀਤੇ ਲੰਮਾ ਪਿਆ ਰਹਿੰਦੈ। ਕਿੰਨੀ ਵਾਰੀ ਕਿਹਾ ਏ ਕਿ ਇਹ ਮੁੰਡਾ ਕਿਹੜਾ ਕੋਈ ਕਮਾਲ ਕਰਦਾ ਏ ? ਮੈਂ ਤੇਰੀ ਸੱਸ ਆਂ, ਮੇਰੇ ਨਾਲ ਲੱਖ ਨਖ਼ਰਿਆਂ ਨਾਲ ਗੱਲ ਕਦੀ ਐਂ ਪਰ ਨੌਕਰਾਂ ਦੇ ਸਾਹਮਣੇ ਲਲਕ ਪੈਂਦੀ ਐਂ। ਆਖ਼ਰ ਅਸੀਂ ਵੀ ਆਪਣੇ ਜ਼ਮਾਨੇ ਵਿਚ ਘਰ ਦੇ ਮਾਲਕ ਸੀ। ਸਾਡੇ ਵੀ ਨੌਕਰ ਸਨ। ਅਸੀਂ ਅੱਖ ਚੁੱਕਦੇ ਸੀ ਤਾਂ ਨੌਕਰਾਂ ਦਾ ਮੂਤਰ ਵਗ ਜਾਂਦਾ ਸੀ।"

ਅਹਿਮਦ ਦੀ ਮਾਂ ਨੇ ਕਿਹਾ, "ਅੰਮਾਂ ! ਹੁਣ ਜ਼ਮਾਨਾ ਬਦਲ ਗਿਆ ਏ। ਉਹ ਵੇਲਾ ਹੋਰ ਸੀ। ਹੁਣ ਤਾਂ ਨੌਕਰ ਅੱਖ ਚੁੱਕੇ ਤਾਂ ਮਾਲਕਣ ਦਾ ਮੂਤਰ ਨਿਕਲ ਜਾਂਦਾ ਏ।"

"ਮੈਂ ਦੂਜਿਆਂ ਦੇ ਨੌਕਰਾਂ ਵੱਲ ਵੀ ਵੇਖਦੀ ਆਂ। ਕਿਸੇ ਨੇ ਵੀ ਨੌਕਰ ਏਨੇ

ਲਾਡਲੇ ਨਈਂ ਰੱਖੇ ਹੋਏ ਤੇ ਸਿਰ ਨਈਂ ਚੜ੍ਹਾਏ। ਅਸਲ ਵਿਚ ਤੈਨੂੰ ਨੌਕਰ ਰੱਖਣੇ ਹੀ ਨਈਂ ਆਏ।"

"ਮੈਂ ਤਾਂ ਇੱਥੇ ਪਹਿਲਾਂ ਤੋਂ ਈ ਨੌਕਰ ਰਹੀ ਆਂ। ਮੈਂ ਨੌਕਰ ਰੱਖਣਾ ਕੇ ਜਾਣਾ।" ਅਹਿਮਦ ਦੀ ਮਾਂ ਨਾਰਾਜ਼ ਹੋ ਗਈ।

"ਵਾਹ! ਇਹ ਨਾਰਾਜ਼ ਹੋਣ ਦੀ ਗੱਲ ਏ ਕਿ ਤੂੰ ਪਾਗਲ ਹੋਣ ਡਈ ਐਂ? ਮੇਰੀਆਂ ਚੰਗੀਆਂ ਗੱਲਾਂ ਤੋਂ ਤੁਹਾਨੂੰ ਲੋਕਾਂ ਨੂੰ ਏਨੀ ਚਿੜ ਕਿਉਂ ਐਂ?"

"ਮੈਂ ਏਥੇ ਆਈ ਸੀ ਕਿ ਥੋੜ੍ਹਾ ਦਮ ਮਾਰ ਲਵਾਂ ਪਰ ਤੁਸੀਂ ਇਨਸਾਨ ਨੂੰ ਸਕੂਨ ਕਿੱਥੇ ਲੈਣ ਦਿੰਦੇ ਹੋ। ਤੁਹਾਡੇ ਮੂੰਹੋਂ ਤਾਅਨਿਆਂ-ਮਿਹਣਿਆਂ ਤੋਂ ਸਿਵਾਏ ਕੁਝ ਗੱਲ ਨਿਕਲਦੀ ਹੀ ਨਈਂ। ਹਰ ਕਿਸੇ ਨੂੰ ਖ਼ੁਦ ਤੋਂ ਦੂਰ ਕਰੀ ਬੈਠੇ ਹੋ। ਹਰ ਕੋਈ ਤੁਹਾਥੋਂ ਦੂਰ ਭੱਜਦਾ ਏ।" ਅਹਿਮਦ ਦੀ ਮਾਂ ਨੇ ਹੱਥ ਜ਼ਮੀਨ 'ਤੇ ਟੇਕ ਦਿੱਤੇ, ਹਊਕਾ ਲਿਆ ਤੇ ਉੱਠ ਖੜੋਤੀ।

"ਉੱਠ ਪਈ ਏਂ।" ਮੈਂ ਕਿਹਾ।

"ਜਾਨੀ ਆਂ, ਜ਼ਰਾ ਲੱਕ ਸਿੱਧਾ ਕਰ ਲਵਾਂ। ਜਾ ਕੇ ਲੇਟਦੀ ਆਂ।" ਉਸ ਨੇ ਜਵਾਬ ਦਿੱਤਾ।

ਮੈਂ ਤੇ ਦਾਦੀ ਇਕੱਲੇ ਰਹਿ ਗਏ ਤਾਂ ਮੈਂ ਵੀ ਅੱਕ ਗਈ।

"ਦਾਦੀ ਨਾਰਾਜ਼ ਨਾ ਹੋਵੇਂ ਤਾਂ ਇਕ ਗੱਲ ਕਰਾਂ?" ਮੈਂ ਕਿਹਾ।

"ਮੈਨੂੰ ਪਤਾ ਏ ਤੈਂ ਕੋਈ ਬੁਰੀ ਗੱਲ ਨਈਂ ਕਰੇਂਗੀ।" ਦਾਦੀ ਬੋਲੀ।

ਮੈਂ ਦਾਦੀ ਅੱਗੇ ਤਰਲਾ ਲਿਆ ਤੇ ਆਖਿਆ, "ਤੇਰੇ ਬੱਚੇ ਹੈਨ ਰੱਬ ਦੇ ਫ਼ਜ਼ਲ ਨਾਲ ਵੱਡੇ ਹੋ ਗਏ ਨੇ। ਇਹਨਾਂ ਦੇ ਹਰ ਕੰਮ ਵਿਚ ਹੁਣ ਤੂੰ ਦਖ਼ਲ ਨਾ ਦਿਆ ਕਰ। ਇਹਨਾਂ ਲਈ ਅਰਦਾਸ ਕਰਿਆ ਕਰ ਕਿ ਰੱਬ ਇਹਨਾਂ ਨੂੰ ਬੁਰੇ ਕੰਮਾਂ ਤੋਂ ਬਚਾਏ। ਖ਼ੁਦਾ ਇਹਨਾਂ ਦੀ ਮੁਸੀਬਤ ਤੇ ਦੁੱਖ ਤੈਨੂੰ ਨਾ ਵਿਖਾਏ। ਜਦ ਤੀਕ ਬੱਚਾ ਛੋਟਾ ਹੁੰਦਾ ਏ ਤਾਂ ਮਾਂ-ਪਿਓ ਦਾ ਮੁਥਾਜ ਹੁੰਦਾ ਏ, ਉਦੋਂ ਉਹ ਗੱਲ ਮੰਨਦਾ ਏ। ਜੋ ਕੁਝ ਉਸ ਨੂੰ ਖਾਣ ਨੂੰ ਦਿਓ ਖਾਂਦਾ ਏ। ਜੋ ਕੁਝ ਉਸ ਨੂੰ ਪਾਉਣ ਨੂੰ ਦਿਓ ਪਾ ਲੈਂਦਾ ਏ। ਪਰ ਜਦੋਂ ਉਹ ਆਪ ਮਾਂ-ਪਿਓ ਬਣ ਜਾਂਦੇ ਨੇ ਫੇਰ ਤੁਹਾਨੂੰ ਉਹਨਾਂ ਦੇ ਪਿਆਰ ਦੀ ਲੋੜ ਹੁੰਦੀ ਏ। ਤੁਸੀਂ ਉਹਨਾਂ ਦੇ ਕੰਮ ਤੇ ਸੇਵਾ ਦੇ ਮੁਥਾਜ ਹੋ ਜਾਂਦੇ ਹੋ। ਤੁਸੀਂ ਉਹਨਾਂ ਨੂੰ ਫ਼ਜ਼ੂਲ ਟੋਕਿਆ ਨਾ ਕਰੋ। ਉਹ ਜਦ ਵੀ ਤੁਹਾਡੇ ਕੋਲ ਆਉਂਦੇ ਨੇ ਤਾਂ ਤੁਸੀਂ ਕਹਿੰਦੇ ਓ ਇਹ ਚੀਜ਼ ਖ਼ਰਾਬ ਏ। ਤੁਸੀਂ ਗੰਦੇ ਹੋ। ਨਹਾਉਂਦੇ ਨਈਂ ਹੋ। ਹੁਣ ਉਹ ਤੁਹਾਡੀ ਨਸੀਹਤ ਨਈਂ ਮੰਗਦੇ। ਉਹ ਤੁਹਾਥੋਂ ਦੁਆਵਾਂ ਚਾਹੁੰਦੇ ਨੇ। ਮੇਰੀਆਂ ਤੇਰੀਆਂ ਪੰਜਾਹ ਸਾਲ ਪੁਰਾਣੀਆਂ ਗੱਲਾਂ ਹੁਣ ਨਈਂ ਚੱਲਦੀਆਂ।"

ਦਾਦੀ ਨੂੰ ਮੇਰੀਆਂ ਗੱਲਾਂ ਚੰਗੀਆਂ ਨਹੀਂ ਲੱਗੀਆਂ। ਉਹ ਚਾਦਰ ਲੈ ਕੇ ਲੰਮੀ ਪੈ ਗਈ। ਮੈਂ ਵੀ ਆਪਣਾ ਸੂਈ ਧਾਗਾ ਫੜਿਆ ਤੇ ਬਾਹਰ ਨਿਕਲ ਆਈ। ਹੁਣ ਮੈਨੂੰ ਸਮਝ ਆਈ ਕਿ ਦਾਦੀ ਕਿਉਂ ਇਕੱਲੀ ਏ।



# ਮਹਸ਼ਰ

**—ਗੌਂਸ ਬਹਾਰ**

ਦੁਪਹਿਰ ਦਾ ਵੇਲਾ ਸੀ। ਸੂਰਜ ਐਨ ਸਿਰ 'ਤੇ ਚੜ੍ਹਿਆ ਖੜ੍ਹਾ ਸੀ। ਗਰਮੀ ਨੇ ਕੀੜੀਆਂ ਤੇ ਪਰਿੰਦਿਆਂ ਤੋਂ ਲੈ ਕੇ ਚੀਤਿਆਂ ਤੇ ਹਾਥੀਆਂ ਨੂੰ ਵੀ ਪ੍ਰੇਸ਼ਾਨ ਕੀਤਾ ਹੋਇਆ ਸੀ। ਜਿੱਥੋਂ ਤਕ ਨਜ਼ਰਾਂ ਪਹੁੰਚ ਸਕਦੀਆਂ ਸਨ ਦੁਨੀਆਂ ਇਕ ਰੜਾ ਮੈਦਾਨ ਨਜ਼ਰ ਆ ਰਹੀ ਸੀ ਤੇ ਜ਼ਮੀਨ ਕਿਸੇ ਤਪਦੇ ਹੋਏ ਤਵੇ ਵਰਗੀ ਲੱਗਦੀ ਸੀ।

ਅਚਾਨਕ ਦੂਰ ਇਕ ਧੂੜ ਉੱਡਦੀ ਹੋਈ ਨਜ਼ਰ ਆਉਣ ਲੱਗੀ। ਇੰਜ ਲੱਗਦਾ ਸੀ ਜਿਵੇਂ ਕੋਈ ਜਾਨਦਾਰ ਆ ਰਿਹਾ ਹੈ। ਪਰ ਇਹ ਜਾਣਨਾ ਮੁਸ਼ਕਲ ਸੀ ਕਿ ਉਹ ਕੋਈ ਹੈਵਾਨ ਸੀ, ਇਨਸਾਨ ਸੀ ਜਾਂ ਸਵਾਰੀ ਦੇ ਨਾਲ ਕੋਈ ਇਨਸਾਨ!

ਉੱਚੀ ਇਮਾਰਤ ਦੇ ਦਰਵਾਜ਼ੇ ਸਾਹਮਣੇ ਖੜ੍ਹੇ ਖਿੜੇ-ਚਿਹਰੇ ਤੇ ਲੰਮੇ-ਝੰਮੇ ਸਫ਼ੇਦਪੋਸ਼ ਨੌਜਵਾਨ ਦੀਆਂ ਨਜ਼ਰਾਂ ਉਸ ਧੂੜ ਦੇ ਵਰੋਲੇ ਉੱਪਰ ਟਿਕੀਆਂ ਹੋਈਆਂ ਸਨ ਤੇ ਉਹ ਹੈਰਾਨੀ ਨਾਲ ਉਸਨੂੰ ਦੇਖ ਰਿਹਾ ਸੀ, ਜਿਹੜਾ ਪਲ-ਪਲ ਨੇੜੇ ਤੋਂ ਨੇੜੇ ਆ ਰਿਹਾ ਸੀ।

ਜਦੋਂ ਧੂੜ ਦਾ ਵਰੋਲਾ ਨੇੜੇ ਪਹੁੰਚਿਆ ਤਾਂ ਉਸ ਵਿਚੋਂ ਇਕ ਅਜਿਹਾ ਬੁੱਢਾ ਸ਼ਖ਼ਸ ਨਜ਼ਰ ਆਇਆ, ਜੀਹਨੇ ਪਾਟੀ ਹੋਈ ਪੱਗ, ਪਹੁੰਚਿਆਂ ਤੋਂ ਮਿੱਟੀ ਨਾਲ ਭਰੀ ਹੋਈ ਚੌੜੀ ਸਲਵਾਰ, ਤੇ ਗਲਮੇਂ ਤੇ ਬਾਹਵਾਂ ਤੋਂ ਸੱਖਣੀ ਲੰਮੀ ਕਮੀਜ਼ ਪਾਈ ਹੋਈ ਸੀ। ਜਿਸਦਾ ਚਿਹਰਾ ਧੂੜ ਨਾਲ ਭਰਿਆ ਤੇ ਪੈਰ ਨੰਗੇ ਸਨ ਤੇ ਜਿਹੜਾ ਕਾਹਲੇ ਪੈਰੀਂ ਉਸ ਇਮਾਰਤ ਵੱਲ ਵਧ ਰਿਹਾ ਸੀ। ਉਹ ਜਿਵੇਂ ਹੀ ਇਮਾਰਤ ਦੇ ਸਾਹਮਣੇ ਪਹੁੰਚਿਆ ਤੇ ਉਸ ਅੰਦਰ ਵੜਨ ਲੱਗਾ, ਇਮਾਰਤ ਦੇ ਪਹਿਰੇਦਾਰ, ਉਸ ਨੌਜਵਾਨ ਨੇ ਉਸਨੂੰ ਰੋਕਦਿਆਂ ਹੋਇਆਂ ਕਿਹਾ—

"ਤੁਸੀਂ ਪਹਿਲਾਂ ਕਿੱਥੇ ਸੀ?"

"ਮੈਂ...ਮੈਂ...ਸੁੱਤਾ...ਪਿਆ...ਸੀ।"

"ਤੁਸੀਂ ਸੁੱਤੇ ਪਏ ਸੀ—ਪਰ ਕਿਉਂ?" ਨੌਜਵਾਨ ਨੇ ਹੈਰਾਨੀ ਨਾਲ ਪੁੱਛਿਆ, "ਕੀ ਤੁਸੀਂ ਸੂਰ ਦੀ ਜ਼ੋਰਦਾਰ ਆਵਾਜ਼ ਨਈਂ ਸੁਣੀ ਸੀ?"

"ਨਈਂ ਬਈ...।" ਬੁੱਢੇ ਨੇ ਹਕਲਾਉਂਦਿਆਂ ਹੋਇਆਂ ਜਵਾਬ ਦਿੱਤਾ, "ਮੈਨੂੰ ਤਾਂ ਕੁਸ਼ ਵੀ ਪਤਾ ਨਈਂ...।" ਫੇਰ ਬੇਚੈਨੀ ਨਾਲ ਨੌਜਵਾਨ ਦਾ ਮਿੰਨਤ-ਤਰਲਾ ਕਰਦਿਆਂ

ਹੋਇਆਂ ਕਿਹਾ, "ਮੈਨੂੰ...ਮੈਨੂੰ ਇਸ ਇਮਾਰਤ 'ਚ ਚਲੇ ਜਾਣ ਦਿਓ, ਤਾਕਿ ਕੁਝ ਆਰਾਮ ਤਾਂ ਕਰ ਸਕਾਂ—ਉਫ਼ ਕੇਡੀ ਗਰਮੀ ਏ...।"

ਨੌਜਵਾਨ ਰਤਾ ਕੁ ਮੁਸਕੁਰਾਇਆ ਤੇ ਹੈਰਾਨੀ ਨਾਲ ਬੁੱਢੇ ਵੱਲ ਦੇਖਦਾ ਰਿਹਾ। ਇੰਜ ਲੱਗਦਾ ਸੀ ਜਿਵੇਂ ਉਹ ਬੁੱਢਾ ਉਸ ਲਈ ਕੋਈ ਅਨੋਖੀ ਚੀਜ਼ ਹੋਏ। ਥੋੜ੍ਹੀ ਦੇਰ ਬਾਅਦ ਨੌਜਵਾਨ ਨੇ ਕਿਹਾ, "ਕੀ ਤੁਹਾਨੂੰ ਪਤਾ ਏ ਅੱਜ ਕਿਹੜਾ ਦਿਨ ਏ ?"

"ਨਈਂ...ਨਈਂ ਤਾਂ...।" ਬੁੱਢੇ ਨੇ ਜਵਾਬ ਦਿੱਤਾ, "ਮੈਂ ਪਹਿਲਾਂ ਈ ਦੱਸਿਐ ਕਿ ਮੈਂ ਸੁੱਤਾ ਹੋਇਆ ਸਾਂ...ਮੈਨੂੰ ਸੂਰਜ ਦੀਆਂ ਤਪਦੀਆਂ ਹੋਈਆਂ ਕਿਰਨਾਂ ਨੇ ਜਗਾ ਦਿੱਤਾ...।"

ਨੌਜਵਾਨ ਨੂੰ ਬੁੱਢੇ 'ਤੇ ਤਰਸ ਆਇਆ ਕਿ ਉਸ ਵਿਚਾਰੇ ਨੂੰ ਕਿਸੇ ਚੀਜ਼ ਦਾ ਹਿਸਾਬ ਹੀ ਨਹੀਂ ਇਸ ਲਈ ਉਸਨੇ ਦੱਸਿਆ, "ਬਾਬਾ ਅੱਜ ਮਹਸ਼ਰ ਏ, ਮਹਸ਼ਰ!...ਸਵੇਰੇ ਖ਼ੁਦਾ ਨੇ ਹਿਸਾਬ-ਕਿਤਾਬ ਸ਼ੁਰੂ ਕੀਤਾ ਸੀ। ਇਹ ਉਹਨਾਂ ਲੋਕਾਂ ਦੀ ਜਗ੍ਹਾ ਏ, ਜਿਹਨਾਂ ਨੇ ਦੁਨੀਆ 'ਚ ਚੰਗੇ ਕੰਮ ਕੀਤੇ ਨੇ...ਇਸ ਜਗ੍ਹਾ ਨੂੰ ਜੰਨਤ ਕਹਿੰਦੇ ਨੇ...ਪਰ...ਤੁਸੀਂ ਤਾਂ ਨੀਂਦ 'ਚੋਂ ਹੁਣੇ ਜਾਗੇ ਓ। ਤੁਹਾਡਾ ਹਿਸਾਬ-ਕਿਤਾਬ ਅਜੇ ਤਕ ਨਈਂ ਹੋਇਆ...ਤੁਹਾਨੂੰ ਕਿਸ ਨੇ ਇਸ ਇਮਾਰਤ 'ਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਏ...?" ਫੇਰ ਕੁਝ ਦੇਰ ਬਾਅਦ ਉਸਨੇ ਖ਼ੁਦ ਹੀ ਕਿਹਾ—

"ਥੋੜ੍ਹਾ ਸਬਰ ਕਰੋ। ਤੁਹਾਡਾ ਨਾਂ ਜੰਨਤੀਆਂ ਦੇ ਰਜਿਸਟਰ 'ਚ ਦੇਖ ਲਵਾਂ...ਸ਼ਾਇਦ ਖ਼ੁਦਾ ਨੇ ਤੁਹਾਡੇ 'ਤੇ ਰਹਿਮ ਕੀਤਾ ਹੋਏ ਤੇ ਤੁਹਾਨੂੰ ਜੰਨਤੀਆਂ 'ਚ ਸ਼ਾਮਲ ਕਰ ਲਿਆ ਹੋਏ...ਬੇਸ਼ੱਕ ਬੜਾ ਰਹੀਮ ਤੇ ਮਿਹਰਬਾਨ ਏ...।" ਨੌਜਵਾਨ ਰਜਿਸਟਰ ਵਿਚ ਉਸਦਾ ਨਾਂ ਲੱਭਣ ਲੱਗਾ।

"ਜਨਾਬ ਤੁਹਾਡਾ ਨਾਂ ਕੀ ਏ ?" ਨੌਜਵਾਨ ਨੇ ਪੁੱਛਿਆ।

"ਮੇਰਾ...ਮੇਰਾ ਨਾਂ...ਮੇਰਾ ਨਾਂ ਕਲੀਡ ਏ...।"

"ਤੁਹਾਡੇ ਬਾਪ ਦਾ ਨਾਂ ?" ਨੌਜਵਾਨ ਨੇ ਇਕ ਵਾਰ ਫੇਰ ਪੁੱਛਿਆ।

"ਮੇਰੇ ਬਾਪ ਦਾ...ਮੇਰੇ ਬਾਪ ਦਾ ਨਾਂ ਟਹਿਲੂ ਏ ਜਨਾਬ।" ਬੁੱਢੇ ਨੇ ਜਵਾਬ ਦਿੱਤਾ।

"ਤੁਸੀਂ ਕਿੱਥੋਂ ਦੇ ਰਹਿਣ ਵਾਲੇ ਓ ?" ਨੌਜਵਾਨ ਨੇ ਤੀਜਾ ਸਵਾਲ ਪੁੱਛਿਆ।

ਬੁੱਢੇ ਨੇ ਜਿਹੜਾ ਪਹਿਲਾਂ ਹੀ ਡਾਢਾ ਸਤਿਆ ਹੋਇਆ ਸੀ ਤੇ ਆਪਣੇ ਨੰਗੇ ਪੈਰਾਂ ਨੂੰ ਗਰਮੀ ਕਰਕੇ ਵਾਰੀ-ਵਾਰੀ ਚੁੱਕ-ਧਰ ਰਿਹਾ ਸੀ, ਫੇਰ ਜਵਾਬ ਦਿੱਤਾ—

"ਜਨਾਬ...ਮੈਂ ਪੰਚਿਨ ਕਰਣ ਬਲੋਚਿਸਤਾਨ ਦਾ ਰਹਿਣ ਵਾਲਾ ਆਂ ਤੇ ਮੇਰੀ ਉਮਰ ਸੱਤਰ ਸਾਲ ਏ...।" ਉਸਨੇ ਆਪਣੀ ਉਮਰ ਪੁੱਛੇ ਬਗ਼ੈਰ ਹੀ ਦੱਸ ਦਿੱਤੀ।

"ਸਬਰ ਰੱਖੋ...ਹੁਣੇ ਤੁਹਾਡਾ ਨਾਂ ਦੇਖ ਲੈਨੇ ਆਂ...।" ਨੌਜਵਾਨ ਨੇ ਆਪਣੀਆਂ ਨਿਗਾਹਾਂ ਸਾਹਮਣੇ ਰੱਖੇ ਰਜਿਸਟਰ 'ਚ ਘੁੰਮਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਹੜਾ ਚਾਰ ਊਠਾਂ ਦੇ ਬੋਝ ਨਾਲੋਂ ਵੀ ਵੱਧ ਭਾਰਾ ਜਾਪਦਾ ਸੀ। ਉਹ ਆਰਾਮ ਨਾਲ ਪੰਨੇ ਉਲਦ ਰਿਹਾ ਸੀ...ਪਰ ਬੁੱਢਾ ਜਿਹੜਾ ਗਰਮੀ ਤੋਂ ਤੰਗ ਆ ਚੁੱਕਿਆ ਸੀ, ਉਡੀਕ ਨਾ ਕਰ ਸਕਿਆ, ਇਸ ਲਈ ਉਸਨੇ ਫੇਰ ਨੌਜਵਾਨ ਨੂੰ ਕਿਹਾ—



"ਮੈਂ ਗਰਮੀ ਨਾਲ ਮਰਿਆ ਜਾ ਰਿਹਾਂ...ਮੈਨੂੰ ਜੰਨਤ 'ਚ ਜਾਣ ਦਿਓ...।"

ਨੌਜਵਾਨ ਨੇ ਕੋਈ ਜਵਾਬ ਨਾ ਦਿੱਤਾ ਤੇ ਦੇਰ ਤਕ ਪੰਨੇ ਪਲਟਦੇ ਰਹਿਣ ਪਿੱਛੋਂ ਕਿਹਾ—

"ਤੁਹਾਡਾ ਨਾਂ ਏਥੇ ਨਈਂ ਏਂ...ਯਾਨੀ ਤੁਹਾਡਾ ਨਾਂ ਜੰਨਤੀ ਨਾਂਵਾਂ 'ਚ ਸ਼ਾਮਲ ਨਈਂ ਏਂ...ਯਾਨੀ ਜਨਾਬ! ਤੁਸੀਂ ਜੰਨਤੀ ਨਈਂ ਓ ਤੇ ਇਹ ਇਮਾਰਤ ਤੁਹਾਡੇ ਲਈ ਨਈਂ ਏਂ...।"

ਬੁੱਢੇ ਨੇ ਦੁਨੀਆ 'ਚ ਸੁਣਿਆ ਸੀ ਕਿ ਮਹਸ਼ਰ 'ਚ ਜਿਹੜਾ ਸ਼ਖ਼ਸ ਜੰਨਤੀ ਨਾ ਹੋਇਆ ਉਸਨੂੰ ਦੋਜ਼ਖ਼ 'ਚ ਜਗ੍ਹਾ ਮਿਲੇਗਾ, ਜਿੱਥੇ ਅੱਗ ਤੇ ਅੰਗਿਆਰਾਂ ਮਘਦੇ ਹੁੰਦੇ ਨੇ। ਜਦੋਂ ਨੌਜਵਾਨ ਦੇ ਮੂੰਹੋਂ ਉਸਨੇ ਆਪਣੇ ਜੰਨਤੀ ਨਾ ਹੋਣ ਦੀ ਗੱਲ ਸੁਣੀ ਤਾਂ ਉਹ ਦੀਆਂ ਅੱਖਾਂ ਸਾਹਮਣੇ ਹਨੇਰਾ ਛਾ ਗਿਆ ਤੇ ਉਹ ਦੁੱਖੀ ਹੋ ਕੇ ਨੌਜਵਾਨ ਦੀ ਮਿੰਨਤ-ਖ਼ੁਸ਼ਾਮਦ ਕਰਨ ਲੱਗਾ। ਨੌਜਵਾਨ ਨੂੰ ਉਸ 'ਤੇ ਤਰਸ ਆ ਗਿਆ। ਉਸਨੇ ਹੱਥ ਦਾ ਇਸ਼ਾਰਾ ਕਰਕੇ ਉਸਨੂੰ ਕਿਹਾ, "ਇਸ ਪਾਸੇ ਚਲੇ ਜਾਓ...ਅੱਗੇ ਕੁਝ ਮਕਾਨ ਨਜ਼ਰ ਆਉਣਗੇ। ਸ਼ਾਇਦ ਉੱਥੇ ਤੁਹਾਡਾ ਨਾਂ ਹੋਏ...ਵਿਚਾਰਾ!"

ਬੁੱਢਾ ਪਸੀਨੇ ਨਾਲ ਨੁੱਚੜਦਾ ਹੋਇਆ ਅਣਜਾਣ ਮੰਜ਼ਿਲ ਵੱਲ ਭੱਜ ਪਿਆ। ਰਸਤੇ ਵਿਚ ਜਦੋਂ ਉਹ ਥੱਕ ਜਾਂਦਾ ਤਾਂ ਬੈਠ ਕੇ ਜ਼ਰਾ ਸੁਸਤਾ ਲੈਂਦਾ ਤੇ ਫੇਰ ਉੱਠ ਕੇ ਭੱਜਣ ਲੱਗਦਾ। ਜਦੋਂ ਉਸਨੂੰ ਦੂਰੋਂ ਕੁਝ ਮਕਾਨ ਨਜ਼ਰ ਆਏ ਤਾਂ ਉਸਨੇ ਆਪਣੀ ਰਿਫ਼ਤਾਰ ਹੋਰ ਤੇਜ਼ ਕਰ ਲਈ ਤੇ ਆਖ਼ਰ ਉੱਥੇ ਪਹੁੰਚ ਗਿਆ। ਉਹ ਮਿੱਟੀ ਤੇ ਗਾਰੇ ਦੇ ਬਣੇ ਹੋਏ ਮਕਾਨ ਸਨ। ਪਰ ਉਹਨਾਂ ਦੇ ਆਲੇ-ਦੁਆਲੇ ਦੇ ਮੰਜ਼ਰ ਖ਼ੂਬਸੂਰਤ ਸਨ ਤੇ ਉਹ ਇਕ ਵੱਡੀ ਚਾਰ ਦੀਵਾਰੀ ਅੰਦਰ ਬਣੇ ਹੋਏ ਸਨ। ਉਸ ਚਾਰ ਦੀਵਾਰੀ ਦੇ ਦਰਵਾਜ਼ੇ ਦੇ ਸਾਹਮਣੇ ਵੀ ਇਕ ਨੌਜਵਾਨ ਖੜ੍ਹਾ ਸੀ। ਇਹ ਨੌਜਵਾਨ ਪਿਛਲੇ ਨੌਜਵਾਨ ਵਾਂਗ ਸੁਣੱਖਾ ਤੇ ਕੱਦਾਵਰ ਤਾਂ ਨਹੀਂ ਸੀ ਪਰ ਫੇਰ ਵੀ ਫੱਬਦਾ ਸੀ। ਬੁੱਢੇ ਨੇ ਮਨ 'ਚ ਸੋਚਿਆ ਕਿ ਸ਼ਾਇਦ ਇਹ ਨੌਜਵਾਨ ਪਿਛਲੇ ਨੌਜਵਾਨ ਦਾ ਭਰਾ ਹੋਵੇ...ਪਰ ਫੇਰ ਉਸਨੇ ਆਪਣਾ ਖ਼ਿਆਲ ਖ਼ੁਦ ਹੀ ਰੱਦ ਕਰ ਦਿੱਤਾ।

'ਨਈਂ, ਇਹ ਭਰਾ ਤਾਂ ਨਈਂ ਹੋ ਸਕਦਾ...ਹਾਂ, ਹਮ-ਪੇਸ਼ਾ ਹੋ ਸਕਦਾ ਏ।' ਜਦੋਂ ਨੇੜੇ ਪਹੁੰਚਿਆ ਤਾਂ ਨੌਜਵਾਨ ਨੂੰ ਸਲਾਮ ਕਰਕੇ ਕਿਹਾ—

"ਪੁੱਤਰ, ਮੇਰਾ ਨਾਂ ਆਪਣੇ ਰਜਿਸਟਰ ਵੇਖੋ। ਮੈਂ ਤੁਹਾਡੇ ਹਮ-ਪੇਸ਼ਾ ਨੌਜਵਾਨ ਦੇ ਕਹਿਣ 'ਤੇ ਏਥੇ ਆਇਆਂ। ਸੁਭਾ ਮੈਂ ਹਿਸਾਬ-ਕਿਤਾਬ 'ਚੋਂ ਰਹਿ ਗਿਆਂ। ਖ਼ੁਦਾ ਨੇ ਮੇਰਾ ਨਾਂ ਜੰਨਤੀਆਂ ਦੇ ਨਾਂਵਾਂ 'ਚ ਸ਼ਾਮਲ ਨਈਂ ਕੀਤਾ। ਸ਼ਾਇਦ ਤੁਹਾਡੇ ਰਜਿਸਟਰ 'ਚ ਮੇਰਾ ਨਾਂ ਦਰਜ ਹੋਵੇ। ਜਲਦੀ ਕਰੋ ਪੁੱਤਰ! ਜਲਦੀ ਕਰੋ...ਕਿਉਂਕਿ ਮੈਨੂੰ ਬੜੀ ਗਰਮੀ ਲੱਗ ਰਹੀ ਏ। ਮੈਂ ਏਸ ਤਿੱਖੜ ਗਰਮੀ ਨੂੰ ਹੋਰ ਬਰਦਾਸ਼ਤ ਨਈਂ ਕਰ ਸਕਦਾ, ਮੇਰੇ ਪੁੱਤਰ!"

ਬੁੱਢਾ ਬੋਲੀ ਜਾ ਰਿਹਾ ਸੀ ਤੇ ਨੌਜਵਾਨ ਹੈਰਾਨੀ ਨਾਲ ਉਸਦੇ ਚਿਹਰੇ ਵੱਲ ਤੱਕਦਾ ਹੋਇਆ ਸੋਚ ਰਿਹਾ ਸੀ—'ਇਹ ਭਲਾ ਕੌਣ ਹੋਏਗਾ ਜਿਹੜਾ ਮਹਸ਼ਰ ਦੇ ਦਿਨ ਵੀ ਦਰ-ਬ-ਦਰ ਭਟਕਦਾ ਫਿਰ ਰਿਹਾ ਏ'। ਨੌਜਵਾਨ ਅਜੇ ਤਕ ਸੋਚ ਰਿਹਾ ਸੀ ਕਿ ਬੁੱਢੇ ਨੇ ਫੇਰ ਕਿਹਾ—

"ਮੇਰਾ ਨਾਂ ਕਲੇਡ ਏ...ਮੇਰੇ ਪਿਓ ਦਾ ਨਾਂ ਟਹਿਲੂ ਏ...ਮੇਰੀ ਉਮਰ ਸੱਤਰ ਸਾਲ ਏ...ਮੈਂ ਪੰਚਿਨ ਕਰਣ ਬਲੋਚਿਸਤਾਨ ਦਾ ਬਾਸ਼ਿੰਦਾ ਆਂ। ਮੈਂ ਸੌਂ ਗਿਆ ਸੀ ਤੇ ਹਿਸਾਬ-ਕਿਤਾਬ 'ਚੋਂ ਰਹਿ ਗਿਆ ਸੀ। ਹੁਣ ਆਪਣੇ ਰਜਿਸਟਰ 'ਚ ਮੇਰਾ ਨਾਂ ਦੇਖੋ। ਪਰ ਜਲਦੀ ਕਰੋ ਕਿਉਂਕਿ ਮੈਂ ਗਰਮੀ ਨਾਲ ਭੁੱਜਦਾ ਜਾ ਰਿਹਾਂ।" ਬੁੱਢੇ ਨੇ ਪੁੱਛੇ ਬਗ਼ੈਰ ਆਪਣੀ ਪੂਰੀ ਪਛਾਣ ਦਾ ਚਿੱਠਾ ਨੌਜਵਾਨ ਨੂੰ ਦੱਸ ਦਿੱਤਾ। ਨੌਜਵਾਨ ਆਪਣੇ ਰਜਿਸਟਰ ਵਿਚ ਉਸਦਾ ਨਾਂ ਲੱਭਣ ਲੱਗਾ। ਪਰ ਕੁਝ ਚਿਰ ਬਾਅਦ ਉਸਨੇ ਬੁੱਢੇ ਨੂੰ ਪੁੱਛਿਆ—

"ਕੀ ਨਾਂ ਦੱਸਿਆ ਤੁਸੀਂ...ਕਲੇਰ ਤੇ ਪਿਓ ਦਾ ਨਾਂ ਤਸਲੂ? ਇਹ ਨਾਂ ਏਥੇ ਨਈਂ ਏਂ।"

ਬੁੱਢੇ ਨੇ ਦੇਖਿਆ ਕਿ ਨੌਜਵਾਨ ਨੇ ਉਸਦਾ ਨਾਂ ਤੇ ਉਸਦੇ ਪਿਓ ਦਾ ਨਾਂ ਦੋਵੇਂ ਗਲਤ ਦੱਸੇ। ਸ਼ਾਇਦ ਰਜਿਸਟਰ ਵਿਚ ਵੀ ਉਸਨੇ ਗਲਤ ਦੇਖੇ ਹੋਣ। ਇਸ ਲਈ ਉਸਨੇ ਆਪਣਾ ਤੇ ਆਪਣੇ ਪਿਓ ਦਾ ਨਾਂ, ਦੋਵੇਂ ਦੁਬਾਰਾ ਦੱਸੇ।

"ਮੇਰਾ ਨਾਂ ਕਲੀਡ ਤੇ ਮੇਰੇ ਪਿਓ ਦਾ ਨਾਂ ਟਹਿਲੂ ਏ, ਤੁਸੀਂ ਇਹ ਨਾਂ ਦੇਖੋ।"

ਨੌਜਵਾਨ ਨੇ ਫੇਰ ਕਲੇਰ ਵਲਦ ਤਸਲੂ ਦੇ ਨਾ ਹੋਣ ਦਾ ਐਲਾਨ ਕੀਤਾ। ਬੁੱਢੇ ਨੇ ਫੇਰ ਕਲੀਡ ਵਲਦ ਟਹਿਲੂ ਦੇਖਣ ਲਈ ਅਰਜ ਕੀਤੀ। ਅਰਬੀ ਤੇ ਬਲੋਚੀ ਦੇ ਫ਼ਰਕ ਨੇ ਦੋਵਾਂ ਨੂੰ ਕਾਫੀ ਪ੍ਰੇਸ਼ਾਨ ਕਰ ਦਿੱਤਾ ਸੀ। ਕਲੀਡ ਵਲਦ ਟਹਿਲੂ ਤੇ ਕਲੇਰ ਵਲਦ ਤਸਲੂ ਦੀ ਉਲਝਣ ਤੋਂ ਅੱਕ ਆ ਕੇ ਨੌਜਵਾਨ ਨੇ ਚੜ੍ਹੇ ਵੱਲ ਹੱਥ ਦਾ ਇਸ਼ਾਰਾ ਕਰਕੇ ਕਿਹਾ—

"ਉਸ ਪਾਸੇ ਚਲੇ ਜਾਓ।" ਏਨਾਂ ਕਹਿ ਕੇ ਨੌਜਵਾਨ ਨੇ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ। ਬੁੱਢਾ ਸਮਝ ਗਿਆ ਕਿ ਉਹ ਅੱਕ ਗਿਆ ਹੈ। ਇਸ ਲਈ ਮਜਬੂਰਨ ਉੱਥੋਂ ਤੁਰ ਪਿਆ, ਫੇਰ ਕੁਝ ਸੋਚ ਕੇ ਉਸਨੇ ਪੁੱਛਿਆ—

"ਇਹ ਦੱਸੋ ਕਿ ਇਸ ਜਗ੍ਹਾ ਦਾ ਕੀ ਨਾਂ ਏ, ਏਥੇ ਪਿਛਲੀ ਜਗ੍ਹਾ ਵਾਂਗੂੰ ਮੇਰਾ ਨਾਂ ਨਈਂ ਏ...।"

"ਬਾਬਾ ਇਸ ਜਗ੍ਹਾ ਨੂੰ 'ਆਰਾਫ਼' ਕਹਿੰਦੇ ਐ।" ਨੌਜਵਾਨ ਨੇ ਹਿਰਖ ਕੇ ਜਵਾਬ ਦਿੱਤਾ, "ਇਹ ਉਹਨਾਂ ਲੋਕਾਂ ਦੀ ਜਗ੍ਹਾ ਏ ਜਿੱਥੇ ਉਹ ਕੁਝ ਵਰ੍ਹੇ ਗੁਜ਼ਾਰਨ ਮਗਰੋਂ ਜੰਨਤ ਵਿਚ ਜਾਂਦੇ ਨੇ। ਏਥੇ ਤੁਹਾਡਾ ਨਾਂ ਨਈਂ...ਮੇਰੀ ਜਾਨ ਛੱਡੋ ਬਾਬਾ ਜੀ!...ਹੁਣ ਚਲੇ ਜਾਓ ਏਥੋਂ...।"

ਬੁੱਢਾ ਪੂਰਬ ਵੱਲ ਚੱਲ ਪਿਆ ਤੇ ਬੇਵੱਸੀ ਤੇ ਮਜਬੂਰੀ ਵਿਚ ਤਿੱਖੜ ਗਰਮੀ ਵਿਚ ਭੁੱਜਦਾ ਤੇ ਭੱਜਦਾ ਰਿਹਾ...ਇਸ ਉਮੀਦ ਨਾਲ ਕਿ ਸ਼ਾਇਦ ਕਿਧਰੇ ਠਾਹਰ-ਠਿਕਾਣਾਂ ਮਿਲ ਜਾਏ। ਉਸਨੇ ਦੂਰ ਇਕ ਅੱਗ ਬਲਦੀ ਹੋਈ ਦੇਖੀ। ਅੱਗ ਦੀਆਂ ਲਾਟਾਂ ਕਦੀ ਲਾਲ, ਕਦੀ ਪੀਲੀਆਂ ਤੇ ਕਦੀ ਕਾਲੀਆਂ ਨਜ਼ਰ ਆਉਂਦੀਆਂ। ਕੁਝ ਚਿਰ ਬਾਅਦ ਧੁੱਪ ਦੀ ਗਰਮੀ ਦੇ ਨਾਲ ਅੱਗ ਦੀਆਂ ਲਾਟਾਂ ਦਾ ਸੇਕ ਵੀ ਬੁੱਢੇ ਨੂੰ ਲੱਗਣ ਲੱਗਾ। ਪਰ ਉਹ ਤੁਰਦਾ ਰਿਹਾ। ਜਦੋਂ ਨੇੜੇ ਪਹੁੰਚਿਆ ਤਾਂ ਇਕ ਸ਼ਖ਼ਸ ਨੇ ਬੁੱਢੇ ਦਾ ਸਵਾਗਤ ਕੀਤਾ। ਇਹ ਸ਼ਖ਼ਸ ਉਹਨਾਂ ਦੋਵਾਂ ਨੌਜਵਾਨਾਂ ਨਾਲੋਂ ਵੱਖਰੀ ਤਰ੍ਹਾਂ ਦਾ ਸੀ। ਇਹ ਸ਼ਖ਼ਸ ਬਿਲਕੁਲ ਕਾਲਾ ਤੇ ਬਦਸ਼ਕਲ



ਸੀ। ਨੱਕ ਹਾਥੀ ਦੇ ਸੁੰਢ ਵਰਗਾ। ਅੱਖਾਂ ਮੱਥੇ ਉੱਤੇ। ਇਕ ਮੋਟਾ ਸਾਰਾ ਡੰਡਾ ਹੱਥ ਵਿਚ, ਜਿਸਦਾ ਸਿਰਾ ਸੜਿਆ ਹੋਇਆ ਸੀ।

"ਤੁਸੀਂ ਕੌਣ ਓ ਤੇ ਏਥੇ ਕਿਵੇਂ ਆਏ ਓ?" ਕਾਲੇ ਸ਼ਖ਼ਸ ਨੇ ਬੁੱਢੇ ਨੂੰ ਪੁੱਛਿਆ। "ਜਾਓ ਏਥੋਂ ਚਲੇ ਜਾਓ, ਇਹ ਕੋਈ ਚੰਗੀ ਥਾਂ ਨਈਂ।"

"ਮੈਂ ਸੌਂ ਗਿਆ ਸੀ, ਜਨਾਬ...ਤੇ ਆਰਾਫ਼ 'ਚ ਮੇਰਾ ਨਾਂ ਨਈਂ ਏਂ। ਹੁਣ ਤੁਸੀਂ ਮਿਹਰਬਾਨੀ ਕਰਕੇ ਆਪਣੇ ਰਜਿਸਟਰ 'ਚ ਦੇਖੋ, ਕਿ ਮੇਰਾ ਨਾਂ ਇਸ 'ਚ ਹੈ ਕਿ ਨਈਂ...ਮੇਰਾ ਨਾਂ...।"

"ਏਥੇ ਕੋਈ ਰਜਿਸਟਰ-ਵਜਿਸਟਰ ਨਈਂ ਏਂ ਬਾਬਾ!" ਬੁੱਢੇ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਉਸ ਕਾਲੇ ਸ਼ਖ਼ਸ ਨੇ ਦੱਸਿਆ।

"ਜਿਸਦੇ ਗੁਨਾਹ, ਸੋਆਬ ਨਾਲੋਂ ਜ਼ਿਆਦਾ ਹੋਣ ਉਸਦੀ ਜਗ੍ਹਾ ਇਹੋ ਏ...ਏਥੇ ਨਾਂ ਦੇ ਜਰੀਏ ਕੋਈ ਨਈਂ ਆਉਂਦਾ...ਪਰ ਤੁਸੀਂ ਕਿੰਜ ਆ ਗਏ? ਇੱਥੇ ਹਰੇਕ ਨੂੰ ਫ਼ਰਿਸ਼ਤੇ ਲਿਆਉਂਦੇ ਨੇ ਤੇ ਅੱਗ ਨਾਲ ਭਰੇ ਖੂਹ 'ਚ ਸੁੱਟ ਦਿੰਦੇ ਨੇ।"

"ਮੈਂ ਹੈਰਾਨ ਆਂ...," ਬੁੱਢੇ ਨੇ ਕਿਹਾ, "ਦੁਨੀਆਂ 'ਚ ਮੇਰੀ ਇਕ ਵੱਡੀ ਕੌਮ ਸੀ, ਪਰ ਏਥੇ ਤਾਂ ਮੇਰੀ ਕੌਮ ਦਾ ਇਕ ਆਦਮੀ ਵੀ ਨਜ਼ਰ ਨਈਂ ਆਉਂਦਾ ਪਿਆ? ਸ਼ਾਇਦ ਮੈਥੋਂ ਪਹਿਲਾਂ ਆਏ ਹੋਣ। ਜੇ ਮੈਂ ਉਹਨਾਂ ਨੂੰ ਦੇਖ ਲੈਂਦਾ ਤਾਂ ਮੈਨੂੰ ਆਪਣੀ ਜਗ੍ਹਾ ਦਾ ਵੀ ਪਤਾ ਲੱਗ ਜਾਂਦਾ। ਤੁਸੀਂ ਮਿਹਰਬਾਨੀ ਕਰਕੇ ਮੈਨੂੰ ਉਹ ਖੂਹ ਦਿਖਾ ਦਿਓ, ਜਿੱਥੇ ਤੁਹਾਡੇ ਕਹਿਣ ਅਨੁਸਾਰ ਫ਼ਰਿਸ਼ਤੇ ਲੋਕਾਂ ਨੂੰ ਸੁੱਟ ਜਾਂਦੇ ਨੇ।"

ਕਾਲਾ ਸ਼ਖ਼ਸ ਜਿਹੜਾ ਇਖ਼ਲਾਕ ਤੇ ਹਮਦਰਦੀ ਦੇ ਲਿਹਾਜ ਨਾਲ ਪਿਛਲੇ ਦੋਵਾਂ ਨੌਜਵਾਨਾਂ ਨਾਲੋਂ ਬਿਹਤਰ ਸੀ, ਬੁੱਢੇ ਨੂੰ ਦੋਜ਼ਖ਼ ਦੀ ਸੈਰ ਕਰਾਉਣ ਲੱਗਾ ਤਾਕਿ ਉਹ ਆਪਣੀ ਕੌਮ ਨੂੰ ਦੇਖ ਸਕੇ। ਬੁੱਢੇ ਨੇ ਦੇਖਿਆ ਕਿ ਅੱਗ ਤੇ ਅੰਗਿਆਰਾਂ ਨਾਲ ਭਰੇ ਹੋਏ ਖੂਹ ਵਿਚ ਲੋਕ ਸੜ ਰਹੇ ਨੇ।

ਜਦੋਂ ਉਹ ਇਕ ਖੂਹ ਕੋਲ ਪਹੁੰਚੇ ਤਾਂ ਕਾਲੇ ਸ਼ਖ਼ਸ ਨੇ ਪੁੱਛਿਆ, "ਕੀ ਇਹੀ ਨੇ ਤੁਹਾਡੇ ਲੋਕ?"

ਬੁੱਢੇ ਨੇ ਗੌਰ ਨਾਲ ਖੂਹ ਵਿਚ ਦੇਖਿਆ, ਜਿੱਥੇ ਲੋਕ ਖ਼ਾਮੋਸ਼ੀ ਨਾਲ ਸੜ ਰਹੇ ਸਨ। ਕੋਈ ਇਕ ਸ਼ਖ਼ਸ ਵੀ ਹੱਥ-ਪੈਰ ਨਹੀਂ ਸੀ ਮਾਰ ਰਿਹਾ।

"ਨਈਂ, ਇਹ ਮੇਰੀ ਕੌਮ ਨਈਂ...।" ਬੁੱਢੇ ਨੇ ਜਵਾਬ ਦਿੱਤਾ, "ਮੇਰੀ ਕੌਮ ਏਨੀ ਸੁਸਤ ਨਈਂ ਸੀ...।"

ਕਾਲਾ ਸ਼ਖ਼ਸ ਬੁੱਢੇ ਨੂੰ ਇਕ ਦੂਜੇ ਖੂਹ ਕੋਲ ਲੈ ਗਿਆ ਤੇ ਪੁੱਛਣ ਲੱਗਾ—

"ਕੀ ਇਹ ਤੁਹਾਡੀ ਕੌਮ ਏ?"

ਬੁੱਢੇ ਨੇ ਫੇਰ ਨਿਗਾਹਾਂ ਚੁੱਕ ਕੇ ਇਸ ਦੂਜੇ ਖੂਹ ਵਿਚ ਦੇਖਿਆ, ਜਿੱਥੇ ਲੋਕ ਆਪਸ ਵਿਚ ਅੰਤਾਂ ਦੀ ਹਮਦਰਦੀ ਰੱਖਦੇ ਸਨ ਤੇ ਹਰ ਸ਼ਖ਼ਸ ਦੀ ਕੋਸ਼ਿਸ਼ ਸੀ ਕਿ ਦੂਜੇ ਦੀ ਬਜਾਏ ਉਹ ਸੜ ਜਾਏ।

"ਨਈਂ, ਨਈਂ ਇਹ ਕੌਮ ਮੇਰੀ ਨਈਂ ਹੋ ਸਕਦੀ। ਮੇਰੀ ਕੌਮ ਏਨੀ ਮੁਤਹਦ ਭਾਵੁਕ ਵੀ ਨਈਂ ਰਹੀ।" ਬੁੱਢੇ ਨੇ ਫੇਰ ਜਵਾਬ ਦਿੱਤਾ।

ਦੋਵੇਂ ਨਾਲ ਨਾਲ ਤੁਰਦੇ ਹੋਏ ਇਕ ਹੋਰ ਖੂਹ ਕੋਲ ਪਹੁੰਚੇ। ਬੁੱਢੇ ਨੇ ਕਾਲੇ ਸ਼ਖ਼ਸ ਦੇ ਕਹਿਣ 'ਤੇ ਉਹ ਖੂਹ ਵਿਚ ਵੀ ਨਿਗਾਹ ਮਾਰੀ ਜਿੱਥੇ ਸਾਰੇ ਲੋਕ ਸੜ ਰਹੇ ਸਨ ਤੇ ਇਕ ਦੂਜੇ ਦੇ ਹੇਠਾਂ ਵੜਨ ਦੀ ਕੋਸ਼ਿਸ਼ ਕਰ ਰਹੇ ਸਨ।

"ਨਈਂ ਜੀ, ਐਸੀ ਬੁਜ਼ਦਿਲ ਕੌਮ ਮੇਰੀ ਹਰਗਿਜ਼ ਨਈਂ ਹੋ ਸਕਦੀ। "

ਫੇਰ ਦੋਵੇਂ ਇਕ ਹੋਰ ਵੱਡੇ ਖੂਹ ਕੋਲ ਗਏ। ਉਹ ਖੂਹ ਦੀ ਅੱਗ ਖੂਹ ਦੇ ਕਿਨਾਰਿਆਂ ਤਕ ਫ਼ੈਲੀ ਹੋਈ ਸੀ।

"ਕੀ ਇਹੀ ਏ ਤੁਹਾਡੀ ਕੌਮ ?" ਕਾਲੇ ਸ਼ਖ਼ਸ ਨੇ ਫੇਰ ਬੁੱਢੇ ਨੂੰ ਪੁੱਛਿਆ।

ਬੁੱਢੇ ਨੇ ਖੂਹ ਵਿਚਲੇ ਲੋਕਾਂ ਵੱਲ ਦੇਖਿਆ। ਫੇਰ ਅੱਗੇ ਵਧਿਆ, ਫੇਰ ਆਪਣੀਆਂ ਅੱਖਾਂ ਸਿਕੋੜ ਕੇ ਗਹੁ ਨਾਲ ਦੇਖਣ ਲੱਗਾ। ਜ਼ਰਾ ਹੋਰ ਅੱਗੇ ਵਧਿਆ ਤੇ ਆਪਣੀਆਂ ਅੱਖਾਂ ਹੋਰ ਸਿਕੋੜ ਕੇ ਚੰਗੀ ਤਰ੍ਹਾਂ ਦੇਖਣ ਲੱਗਾ, ਤੇ ਫੇਰ ਯਕਦਮ ਕੂਕਿਆ—

"ਇਹੀ ਏ...ਇਹੀ ਏ...ਮੇਰੀ ਕੌਮ...ਬਿਨਾਂ ਸ਼ੱਕ ਇਹੋ ਐ।"

ਕਾਲਾ ਸ਼ਖ਼ਸ ਹੈਰਾਨੀ ਨਾਲ ਬੁੱਢੇ ਵੱਲ ਤੱਕ ਰਿਹਾ ਸੀ। ਉਸਦੀ ਸਮਝ 'ਚ ਨਹੀਂ ਆ ਰਿਹਾ ਸੀ ਕਿ ਉਸਨੇ ਆਪਣੀ ਕੌਮ ਨੂੰ ਕਿਸ ਤਰ੍ਹਾਂ ਪਛਾਣ ਲਿਆ। ਫੇਰ ਉਸਨੇ ਪੁੱਛਿਆ—

"ਆਖ਼ਰ ਤੁਹਾਡੀ ਕੌਮ ਦੀ ਸ਼ਨਾਖ਼ਤ ਕੀ ਏ ? ਇਹਨਾਂ ਲੋਕਾਂ ਦੀਆਂ ਸ਼ਕਲਾਂ ਤਾਂ ਭਸਮ ਹੋ ਚੁੱਕੀਆਂ ਨੇ, ਇਸ ਹਾਲਤ 'ਚ ਤੁਸੀਂ ਇਹਨਾਂ ਨੂੰ ਕਿਵੇਂ ਪਛਾਣ ਲਿਆ ?"

"ਤੁਹਾਡੀ ਗੱਲ ਸਹੀ ਏ...।" ਬੁੱਢੇ ਨੇ ਜਵਾਬ ਦਿੱਤਾ, "ਪਰ ਕੌਮ ਸ਼ਕਲ ਤੋਂ ਨਈਂ, ਕਿਰਦਾਰ ਤੋਂ ਪਛਾਣੀ ਜਾਂਦੀ ਏ। ਦੇਖੋ ਹਰ ਸ਼ਖ਼ਸ ਏਸੇ ਕੋਸ਼ਿਸ਼ 'ਚ ਏ ਕਿ ਖੂਹ ਵਿਚੋਂ ਬਾਹਰ ਨਿਕਲ ਜਾਏ। ਜਦੋਂ ਇਕ ਆਦਮੀ ਖੂਹ ਦੇ ਕਿਨਾਰੇ ਤਕ ਅੱਪੜ ਜਾਂਦਾ ਏ ਤੇ ਬਾਹਰ ਨਿਕਲਣ ਵਾਲਾ ਹੁੰਦਾ ਏ ਤਾਂ ਦੂਜੇ ਆਦਮੀ ਉਸਨੂੰ ਫੜ ਕੇ ਵਾਪਸ ਖਿੱਚ ਲੈਂਦੇ ਨੇ ਤੇ ਉਸਨੂੰ ਦੁਬਾਰਾ ਖੂਹ ਵਿਚ ਸੁੱਟ ਲੈਂਦੇ ਨੇ ਤਾਕਿ ਉਹ ਨਿਕਲ ਨਾ ਜਾਏ। ਕਿਉਂਕਿ ਇਸ ਨਾਲ ਦੂਜੇ ਆਦਮੀ ਪਿੱਛੇ ਰਹਿ ਜਾਣਗੇ। ਇਹ ਕਿਰਦਾਰ ਦੁਨੀਆਂ 'ਚ ਮੇਰੀ ਕੌਮ ਦੇ ਸਿਵਾਏ ਕਿਸੇ ਕੌਮ ਦਾ ਨਈਂ ਸੀ। ਇਹ ਗ਼ੈਰ-ਮਨੁੱਖੀ ਕਿਰਦਾਰ ਤੇ ਵਣਜ-ਵਿਹਾਰ ਵਾਲੀ ਕੌਮ ਮੇਰੀ ਏ...ਮੈਨੂੰ ਜਾਣ ਦਿਓ ਇਹਨਾਂ ਕੋਲ, ਕਿ ਇਹੀ ਏ ਮੇਰੀ ਕੌਮ।"



**ਪਸ਼ਤੋ ਕਹਾਣੀਆਂ**

# ਇਕ ਆਨੇ ਦਾ ਪੁੱਤਰ

–

**—ਜ਼ੈਤੂਨ ਬਾਨੋ**

***(1938)***

ਮੁੱਖ ਮੁਹਾਂਦਰੇ ਤੋਂ ਉਹ ਕਿਸੇ ਤਰ੍ਹਾਂ ਵੀ ਕਮਲੀ ਨਹੀਂ ਸੀ ਲੱਗਦੀ ਪਰ ਜੇ ਕੋਈ ਉਹਨੂੰ ਪੁੱਛਦਾ ਜੋ:

"ਦਿਲਸ਼ਾਦ ਤੇ ਆਪਣੇ ਪੁੱਤਰ ਦਾ ਕੀ ਕੀਤਾ ?"

ਤੇ ਉਹ ਜਵਾਬ ਦੇਂਦੀ, "ਵੇਚ ਤਾ।"

"ਕਿੰਨੇ ਦਾ ?"

"ਇਕ ਆਨੇ ਦਾ।"

ਤੇ ਏਸ ਤੋਂ ਪਤਾ ਲੱਗਦਾ ਹੈ ਕਿ ਉਹ ਸੱਚਮੁਚ ਕਮਲੀ ਏ। ਉਹ ਕਦੇ-ਕਦੇ ਸਾਡੇ ਘਰ ਆਉਂਦੀ ਪਰ ਕੱਲੀ ਨਾ ਹੁੰਦੀ, ਬਾਲਾਂ ਦੀ ਲਾਮ ਡੋਰੀ ਉਹਦੇ ਮਗਰ ਹੁੰਦੀ ਜਿਹੜੇ ਉਹਨੂੰ ਛੇੜਦੇ ਰਹਿੰਦੇ ਤੇ ਮੁੜ-ਮੁੜ ਪੁੱਤਰ ਪਾਰੋਂ ਉਸਨੂੰ ਪੁੱਛਿਆ ਜਾਂਦਾ ਤੇ ਉਹ ਹਰ ਵਾਰ ਉਹੀ ਜਵਾਬ ਦਿੰਦੀ।

ਮੈਂ ਬਹੁਤ ਯਤਨ ਕੀਤੇ ਜੋ ਉਹਦੀ ਹਯਾਤੀ ਕਥਾ ਪੁੱਛਾਂ ਪਰ ਉਹ ਹਰ ਵਾਰੀ ਮੁਸਕਰਾ ਕੇ ਵਲ੍ਹਾ ਜਾਂਦੀ।

ਪਤਾ ਨਹੀਂ ਇਕ ਦਿਨ ਉਹਦੇ ਮਨ ਵਿਚ ਕੀ ਆਈ ਉਹ ਆਪ ਈ ਸੁਨਾਣ ਬਹਿ ਗਈ।

"ਬੀਬੀ ! ਪੁੱਤਰ ਪਠਾਣ ਮਾਵਾਂ ਦਾ ਈਮਾਨ ਹੁੰਦੇ ਨੇਂ ਤੇ ਮੈਂ ਕਿਉਂ ਆਪਣਾ ਪੁੱਤਰ ਇਕ ਆਨੇ ਦਾ ਵੇਚਦੀ ਪਰ ਮੈਂ ਸੱਚੀਮੁੱਚੀ ਆਪਣਾ ਪੁੱਤਰ ਇਕ ਆਨੇ ਦਾ ਵੇਚ ਦਿੱਤਾ।" ਤੇ ਫਿਰ ਖਿੜ ਖਿੜ ਹੱਸ ਪਈ।

ਮੈਂ ਚੁੱਪ ਰਿਹਾ ਕਿਉਂ ਜੋ ਮੈਨੂੰ ਡਰ ਸੀ ਜੇ ਮੈਂ ਪੁੱਛ ਲਿਆ ਤੇ ਉਹ ਫਿਰ ਡਰ ਜਾਵੇਗੀ। ਹੱਸਣ ਪਿੱਛੋਂ ਰੋ ਪਈ ਤੇ ਢੇਰ ਹੰਝੂ ਵਗਾਣ ਮਗਰੋਂ ਹੌਲੀ ਹੌਲੀ ਕਹਿਣ ਲੱਗੀ:

"ਮੈਂ ਤੀਰਾਹ ਦੀ ਰਹਿਣ ਵਾਲੀ ਆਂ। ਪਿਉ ਨੇ ਮੈਨੂੰ ਡੇਢ ਹਜ਼ਾਰ ਵਿਚ ਵੇਚ ਦਿੱਤਾ ਸੀ। ਮੇਰਾ ਪਤੀ ਬਹੁਤ ਹੀ ਚੰਗਾ ਸੀ ਪਰ ਉਸਦੀ ਅਪਣੇ ਤਿੰਨ ਮਹਿੱਟਰ ਭਾਈਆਂ ਨਾਲ ਨਹੀਂ ਸੀ ਬਣਦੀ। ਕਮਰ ਗੁੱਲ ਅਜੇ ਮੇਰੇ ਗਰਭ ਵਿਚ ਸੀ ਕਿ ਉਹ ਯਤੀਮ ਹੋ ਗਿਆ। ਕਿਸੇ ਨੇ ਉਹਦੇ ਪਿਉ ਨੂੰ ਕਤਲ ਕਰ ਛੱਡਿਆ ਤੇ ਉਸ ਤੋਂ ਤਿੰਨ ਮਹੀਨੇ ਮਗਰੋਂ ਕਮਰ ਗੁੱਲ ਜੰਮਿਆ।"

"ਵੱਡੇ ਦੇਵਰ ਮੈਨੂੰ ਜ਼ੋਰੀਂ ਘਰ ਪਾ ਲਿਆ ਤੇ ਮੇਰੇ ਨਾਲ ਹਰ ਤਰ੍ਹਾਂ ਦੀਆਂ ਜ਼ੁਲਮ ਜ਼ਿਆਦਤੀਆਂ ਹੋਣ ਲੱਗ ਪਈਆਂ ਪਰ ਮੈਂ ਇਹ ਸਭ ਕੁਝ ਆਪਣੇ ਕਮਰ ਗੁੱਲ ਲਈ ਜਰਦੀ ਰਹੀ। ਮੈਂ ਸਾਰੇ ਘਰ ਦੀ ਖ਼ਿਦਮਤਗਾਰ ਬਣ ਗਈ ਪਰ ਇਕ ਦਿਨ ਜਾਇਦਾਦ ਦਾ ਝੇੜਾ ਛਿੜ ਪਿਆ। ਮੇਰੇ ਵੱਡੇ ਦੇਵਰ (ਹੁਣ ਵਾਲੇ ਪਤੀ) ਕਮਰ ਗੁੱਲ ਦਾ ਹਿੱਸਾ ਵੀ ਲੈ ਲਿਆ। ਮੈਨੂੰ ਬੜੀ ਖ਼ੁਸ਼ੀ ਹੋਈ ਪਰ ਇਕ ਰਾਤ ਅਚਣਚੇਤੀ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਵੇਖਿਆ ਜੋ ਮੇਰਾ ਪਤੀ ਕਮਰ ਗੁੱਲ ਦਾ ਸੰਘ ਘੁਟਦਾ ਪਿਆ ਏ। ਮੈਂ ਇਕ ਜ਼ੋਰ ਦੀ ਚੀਖ਼ ਮਾਰੀ ਤੇ ਉਹ ਨੱਸ ਗਿਆ, ਕਮਰ ਗੁੱਲ ਬਚ ਗਿਆ ਪਰ ਉਸਦੀ ਜ਼ਿੰਦਗੀ ਖ਼ਤਰੇ ਵਿਚ ਸੀ। ਏਸ ਲਈ ਇਕ ਰਾਤ ਉਹਨੂੰ ਸੀਨੇ ਨਾਲ ਲਾ ਕੇ ਮੈਂ ਪੇਸ਼ਾਵਰ ਚਲੀ ਗਈ। ਉਸ ਵੇਲੇ ਕਮਰ ਗੁੱਲ ਡੇਢ ਸਾਲ ਦਾ ਸੀ।"

"ਇਥੇ ਮੈਂ ਮਜ਼ਦੂਰੀ ਲਈ ਢੇਰ ਕੋਸ਼ਿਸ਼ ਕੀਤੀ ਪਰ ਕਿਸੇ ਘਰ ਵਿਚ ਮੇਰੇ ਲਈ ਜਗ੍ਹਾ ਨਹੀਂ ਸੀ। ਮੇਰੀ ਸੋਹਣੀ ਸ਼ਕਲ ਮੇਰੀ ਦੁਸ਼ਮਣ ਬਣ ਗਈ। ਘਰ ਦੀਆਂ ਬੀਬੀਆਂ ਮੈਨੂੰ ਘਰ ਵਿਚ ਰੱਖਣ ਤੋਂ ਡਰਦੀਆਂ ਸਨ। ਇਹੋ ਸੋਹਣੀ ਸੂਰਤ ਭੀਖ ਮੰਗਣ ਵਿਚ ਵੀ ਅੜਚਣ ਬਣੀ ਹੋਈ ਸੀ। ਕਿਸੇ ਕੋਲੋਂ ਮੰਗਦੀ ਤੇ ਉਹ ਮੇਰੀ ਸੋਹਣੀ ਸ਼ਕਲ ਵੇਖ ਕੇ ਯਾ ਤੇ ਮੈਨੂੰ ਫਸਾਣ ਦੀ ਕੋਸ਼ਿਸ਼ ਕਰਦਾ ਯਾ ਕਹਿੰਦਾ ਜਵਾਨ ਏਂ, ਕੋਈ ਪਤੀ ਕਿਉਂ ਨਹੀਂ ਕਰ ਲੈਂਦੀ। ਫਿਰ ਮੈਂ ਆਪਣੇ ਪਤੀ ਦੇ ਭਾਈਆਂ ਨੂੰ ਵੇਖਿਆ, ਜਿਹੜੇ ਸ਼ਹਿਰ ਵਿਚ ਮੈਨੂੰ ਲੱਭ ਰਹੇ ਸਨ। ਮੈਂ ਸਾਰਾ ਦਿਨ ਕਿਧਰੇ ਲੁਕੀ ਰਹਿੰਦੀ ਤੇ ਰਾਤ ਨੂੰ ਭੀਖ ਮੰਗਣ ਦੀ ਕੋਸ਼ਿਸ਼ ਕਰਦੀ। ਉਸ ਘਰ ਵਿਚ ਬੜੇ ਮਾਲਦਾਰ ਲੋਕੀ ਰਹਿੰਦੇ ਸਨ ਜਿਹੜੇ ਬੇ-ਔਲਾਦ ਸਨ। ਘਰ ਦੀ ਮਾਲਕਣ ਕੋਲੋਂ ਰੋਟੀ ਮੰਗੀ ਤੇ ਉਸ ਕਿਹਾ, 'ਰੋਟੀ ਮੁੱਕ ਗਈ ਏ।' ਮੈਂ ਕਿਹਾ ਚਲੋ, 'ਇਕ ਆਨਾ ਈ ਦੇ ਦਿਓ।' ਉਸ ਅੱਗੋਂ ਕਿਹਾ, 'ਆਨਾ ਦੇ ਦੇਵਾਂਗੀ, ਤੂੰ ਇਕ ਆਪਣਾ ਪੁੱਤਰ ਮੈਨੂੰ ਦੇ ਦੇ।' ਮੈਂ ਸੋਚਿਆ ਉਂਝ ਵੀ ਤੇ ਬੂਹੇ-ਬੂਹੇ ਫਿਰਨ ਤੋਂ ਚੰਗਾ ਜੇ ਕਮਰ ਗੁੱਲ ਇਹਨਾਂ ਨੂੰ ਦੇ ਦੇਵਾਂ, ਆਰਾਮ ਨਾਲ ਰਹਿਵੇਗਾ ਤੇ ਸਹੀ ਨਾਂ, ਤੇ ਮੈਂ ਆਪਣਾ ਪੁੱਤਰ ਦੇ ਦਿੱਤਾ ਤੇ ਉਸ ਇਕ ਆਨਾ ਦੇ ਦਿੱਤਾ।" ਫਿਰ ਉਹ ਰੋ ਪਈ।

ਤੇ ਜਦੋਂ ਦੂਜੇ ਦਿਨ ਮੈਂ ਉਥੋਂ ਲੰਘੀ ਤੇ ਉਹ ਉਥੇ ਨਹੀਂ ਸਨ। ਕਿਸੇ ਦੱਸਿਆ ਜੋ ਉਹਨਾਂ ਦੀ ਬਦਲੀ ਕਰਾਚੀ ਹੋ ਗਈ ਏ।

"ਹਾਏ ਮੇਰਾ ਪੁੱਤਰ!" ਉਸ ਇਕ ਚੀਖ਼ ਮਾਰੀ ਤੇ ਉਸ ਇਕ ਤਵੀਤ ਕੱਢ ਕੇ ਮੈਨੂੰ ਦੇ ਦਿੱਤਾ। ਮੈਂ ਖੋਲ੍ਹਿਆ ਤੇ ਉਸ ਵਿਚ ਇਕ ਇਕੱਨੀ ਸੀ ਉਹ ਵੀ ਖੋਟੀ।

"ਰੋਣ ਏਸ ਤੇ ਆਉਂਦਾ ਏ ਬੀਬੀ! ਜੋ ਮੈਂ ਉਸ ਨੂੰ ਕਮਰ ਗੁੱਲ ਦਾ ਨਾਂ ਨਹੀਂ ਦੱਸਿਆ ਤੇ ਉਹ ਆਪ ਤੇ ਆਪਣਾ ਨਾਂ ਦੱਸ ਨਹੀਂ ਸਕਦਾ। ਉਹ ਤੇ ਅਜੇ ਰੋਟੀ ਨੂੰ "ਮੰਮ" ਕਹਿੰਦਾ ਏ।"

ਇਹ ਕਹਿ, ਰੋਂਦੀ ਹੋਈ ਉੱਠੀ ਤੇ ਇੰਜ ਗਈ ਜੋ ਫਿਰ ਕਿਧਰੇ ਨਜ਼ਰ ਨਾ ਆਈ, ਖ਼ੌਰੇ ਕਰਾਚੀ ਚਲੀ ਗਈ ਹੋਵੇ!



# ਮੇਰਾ ਪਿਓ

## —ਇਸਮਾਈਲ ਗੋਹਰ

ਮੈਂ ਉਸਦੇ ਪੈਰ ਫੜੇ। ਰੋ-ਰੋ ਕੇ ਮਿੰਨਤ-ਖ਼ੁਸ਼ਾਮਦ ਕੀਤੀ—'ਬਾਬਾ! ਖ਼ੁਦਾ ਦੇ ਵਾਸਤੇ ਨਾ ਜਾਓ ਪਰ' ਮੈਨੂੰ ਲੱਤ ਮਾਰ ਕੇ ਪਰ੍ਹੇ ਕਰ ਦਿੱਤਾ। ਛੋਟਾ ਭਰਾ ਉਸ ਦੀਆਂ ਲੱਤਾਂ ਨੂੰ ਚੰਬੜ ਗਿਆ—"ਬਾਬਾ! ਨਾ ਜਾਓ।" ਉਸਨੇ ਉਸਨੂੰ ਵੀ ਬਿੱਲੀ ਦੇ ਬੱਚੇ ਵਾਂਗ ਪਰ੍ਹਾਂ ਝਟਕ ਦਿੱਤਾ। ਮਾਂ ਦੌੜ ਕੇ ਆਈ ਤੇ ਆਪਣੀ ਚਾਦਰ ਉਸਦੇ ਪੈਰਾਂ 'ਤੇ ਰੱਖ ਕੇ ਗਿੜਗਿੜਾਈ, "ਤੁਹਾਨੂੰ ਇਹਨਾਂ ਬੱਚਿਆਂ ਦੀ ਸਹੁੰ ਜੇ ਜਾਓਂ।" ਪਰ ਉਸਨੂੰ ਧੱਕਾ ਦੇ ਕੇ ਆਪਣੇ ਰਸਤੇ 'ਚੋਂ ਹਟਾ ਦਿੱਤਾ। ਉਹ ਪਸ਼ਤੂਨ ਸੀ, ਆਪਣੇ ਪਸ਼ਤੂਨ ਹੋਣ ਦੇ ਗ਼ਰੂਰ ਵਿਚ ਸੀ। ਸ਼ਰਮ ਤੇ ਗੁੱਸੇ ਵੱਸ ਪਾਗਲ ਹੋਇਆ-ਹੋਇਆ ਸੀ। ਕਿਸੇ ਦੀ ਇਕ ਨਾ ਮੰਨੀ, ਪੱਗ ਸਿਰ 'ਤੇ ਰੱਖੀ ਤੇ ਬੰਦੂਕ ਚੁੱਕ ਕੇ ਜਾਣ ਲੱਗਾ। ਅਸੀਂ ਸਾਰੇ ਉਸ ਦੇ ਪਿੱਛੇ ਦਰਵਾਜ਼ੇ ਤਕ ਦੌੜੇ ਪਰ ਉਹ ਅੱਖ ਦੇ ਫੋਰੇ 'ਚ ਗਲੀ ਦਾ ਮੋੜ ਮੁੜ ਚੁੱਕਿਆ ਸੀ।

ਮੇਰੀ ਉਮਰ ਉਸ ਵੇਲੇ ਬਾਰ੍ਹਾਂ ਵਰ੍ਹੇ ਸੀ ਤੇ ਅਖ਼ਤਰ ਮੇਰਾ ਛੋਟਾ ਭਰਾ ਅੱਠ ਵਰ੍ਹਿਆਂ ਦਾ ਸੀ। ਉਹ ਤਾਂ ਸ਼ਾਮ ਤਕ ਰੋਂਦਾ-ਰੋਂਦਾ ਸੌਂ ਗਿਆ ਪਰ ਮੈਂ ਹੁਣ ਤਕ ਰੋ ਰਹੀ ਹਾਂ ਤੇ ਜਦੋਂ ਤਕ ਇਹ ਅੱਖਾਂ ਖੁੱਲ੍ਹੀਆਂ ਨੇ ਇੰਜ ਹੀ ਅੱਥਰੂ ਵਹਾਂਦੀ ਰਹਾਂਗੀ।

ਮੇਰਾ ਬਾਬਾ ਗੁਲਮੀਰ ਦੇ ਪਿੱਛੇ ਗਿਆ ਸੀ। ਅੱਜ ਉਸਨੇ ਮਸਜ਼ਿਦ ਵਿਚ ਬਾਬਾ ਨਾਲ ਬੋਲ-ਕੁਬੋਲ ਕੀਤੇ ਸੀ। ਅੱਜ ਚਾਚੇ ਨੇ ਬਾਬੇ ਨੂੰ ਸਮਝਾਇਆ ਵੀ ਸੀ ਕਿ ਜਦੋਂ ਤਕ ਫ਼ੈਸਲਾ ਨਹੀਂ ਹੋ ਜਾਂਦਾ ਤੁਸੀਂ ਦਰਖ਼ਤ ਨਾ ਕੱਟੋ ਪਰ ਬਾਬਾ ਕਦੋਂ ਮੰਨਣ ਵਾਲਾ ਸੀ। ਕਹਿਣ ਲੱਗਾ ਜ਼ਮੀਨ ਮੇਰੀ ਤੇ ਮਾਲਕ ਉਹ? ਤੇ ਫੇਰ ਜਦੋਂ ਗੁਲਮੀਰ ਨੇ ਬਾਬੇ ਨੂੰ ਅੱਖਾਂ ਵਿਖਾ ਕੇ ਲਲਕਾਰਿਆ ਕਿ ਜੇ ਜ਼ਬਰਦਸਤੀ ਮੈਥੋਂ ਲੈ ਸਕਦਾ ਏਂ ਤਾਂ ਲੈ ਕੇ ਵਿਖਾ। ਉਸਦਾ ਜਵਾਬ ਦੇਣ ਲਈ ਬਾਬੇ ਨੇ ਬੰਦੂਕ ਚੁੱਕ ਲਈ ਸਾਡੇ ਰੋਕਣ ਦੇ ਬਾਵਜੂਦ ਉਹ ਨਹੀਂ ਰੁਕਿਆ।

ਗੁਲਮੀਰ ਦੇ ਦੋਵੇਂ ਪੁੱਤਰ ਘਰ ਦੇ ਸਾਹਮਣੇ ਤੂੜੀ ਇਕੱਠੀ ਕਰਕੇ ਉਸਨੂੰ ਗਿੱਲੀ ਮਿੱਟੀ ਨਾਲ ਲਿੱਪ ਰਹੇ ਸੀ। ਬਾਬੇ ਨੇ ਉੱਥੇ ਹੀ ਉਹਨਾਂ ਦੋਵਾਂ ਦਾ ਕੰਮ ਤਮਾਮ ਕਰ ਦਿੱਤਾ।

ਉਦੋਂ ਅਖ਼ਤਰ ਘਰੇ ਸੁੱਤਾ ਹੋਇਆ ਸੀ ਕਿ ਅਚਾਨਕ ਚੀਕ ਮਾਰ ਕੇ ਉੱਠ ਬੈਠਾ ਹੋਇਆ ਜਿਵੇਂ ਕਿਸੇ ਅਣਦੇਖੀ ਤਾਕਤ ਨੇ ਆਉਣ ਵਾਲੇ ਖ਼ਤਰੇ ਤੋਂ ਜਾਣੂੰ ਕਰਵਾਇਆ ਹੋਵੇ। ਮਾਂ ਨੇ ਦੌੜ ਕੇ ਉਸਨੂੰ ਆਪਣੀ ਹਿੱਕ ਨਾਲ ਲਾ ਲਿਆ ਤੇ ਥਾਪੜ-ਥਾਪੜ ਕੇ ਫੇਰ

ਸੰਵਾਅ ਦਿੱਤਾ। ਪਰ ਅਸੀਂ ਦੋਵੇਂ ਸਵੇਰ ਤਕ ਜਾਗਦੀਆਂ ਰਹੀਆਂ। ਕਦੀ-ਕਦੀ ਰਾਤ ਦੇ ਹਨੇਰੇ ਵਿਚ ਗਲੀ ਵਿਚ ਕੁੱਤੇ ਭੌਂਕਦੇ ਤਾਂ ਸਾਡੇ ਦਿਲ ਧੱਕ ਕਰਕੇ ਰਹਿ ਜਾਂਦੇ। ਸਾਰੀ ਰਾਤ ਕੁੱਤੇ ਭੌਂਕਦੇ ਰਹੇ ਤੇ ਸਾਡੇ ਦਿਲ ਡਰ ਨਾਲ ਕੰਬਦੇ ਰਹੇ। ਬਾਬਾ ਦੋ ਜਵਾਨਾਂ ਦੇ ਖ਼ੂਨ ਨਾਲ ਹੱਥ ਰੰਗਣ ਤੋਂ ਬਾਅਦ ਫ਼ਰਾਰ ਸੀ।

ਦੇਖਦੇ-ਦੇਖਦੇ ਵਕਤ ਬਦਲ ਗਿਆ, ਲੋਕਾਂ ਦੀਆਂ ਜ਼ਬਾਨਾਂ ਲੱਗ ਗਈਆਂ। ਪਿੰਡ ਦੇ ਲੋਕ ਜਦੋਂ ਗੁਲਮੀਰ ਦੇ ਘਰ ਬੈਠਣ ਲਈ ਜਾਂਦੇ ਤਾਂ ਕਹਿੰਦੇ—'ਬੜਾ ਜੁਲਮ ਹੋਇਆ ਏ।'

ਤੇ ਉਹੀ ਲੋਕ ਸਾਡੇ ਘਰ ਆਉਂਦੇ ਤਾਂ ਕਹਿੰਦੇ ਬੜਾ ਮਾੜਾ ਹੋਇਆ।

ਗੱਲ ਇਕੋ ਸੀ ਸਿਰਫ਼ ਸ਼ਬਦ ਬਦਲੇ ਹੋਏ ਸਨ। ਪਰ ਹੇਰ-ਫੇਰ ਨਾਲ ਅਰਥ ਨਹੀਂ ਬਦਲ ਜਾਂਦੇ। ਬਾਬਾ ਕਿੱਥੇ ਸੀ ਇਸਦੀ ਨਾ ਮੈਨੂੰ ਖ਼ਬਰ ਸੀ, ਨਾ ਮਾਂ ਨੂੰ, ਪਰ ਮੈਨੂੰ ਏਨਾਂ ਯਕੀਨ ਸੀ ਕਿ ਉਹ ਜਿੱਥੇ ਕਿਤੇ ਵੀ ਹੋਵੇਗਾ, ਹੁਣ ਤਕ ਉਹ ਦਾ ਗੁੱਸਾ ਠੰਢਾ ਹੋ ਚੁੱਕਿਆ ਹੋਏਗਾ, ਤੇ ਉਹ ਜ਼ਰੂਰ ਸੋਚ ਰਿਹਾ ਹੋਵੇਗਾ ਕਿ ਇਹ ਮੈਂ ਕੀ ਕੀਤਾ। ਉਹ ਦੀ ਜ਼ਮੀਰ ਉਹਨੂੰ ਲਾਅਣਤ ਪਾ ਰਹੀ ਹੋਏਗੀ। ਗ਼ੈਰਤ ਦਾ ਠਾਠਾਂ ਮਾਰਦਾ ਸਮੁੰਦਰ ਹੁਣ ਸ਼ਾਂਤ ਹੋ ਚੁੱਕਿਆ ਹੋਏਗਾ। ਤੇ ਉਹ ਦੀ ਆਣ ਉਹ ਦੀ ਪਸ਼ਤੂਨੀਅਤ...ਹੋ ਸਕਦਾ ਹੈ ਹੁਣ ਤਕ ਉਹ ਵੀ ਲੰਮੀ ਸੋਚ ਵਿਚ ਬਦਲ ਗਈ ਹੋਵੇ।

ਸਾਡਾ ਪਿੰਡ ਅਜ਼ੀਜਾਂ ਦਾ ਪਿੰਡ ਕਹਾਉਂਦਾ ਹੈ। ਵੱਡੇ-ਵੱਡੇ ਮਾਮਲੇ ਅਜ਼ੀਜਾਂ ਦੀ ਸਭਾ ਵਿਚ ਨਜਿੱਠੇ ਜਾਂਦੇ ਨੇ। ਇਕ ਵਾਰੀ ਫੇਰ ਅਜ਼ੀਜਾਂ ਨੇ ਸਿਰ ਜੋੜ ਲਏ। ਇਕ ਵੱਡੀ ਸਭਾ ਲਈ ਛੋਟੀਆਂ-ਛੋਟੀਆਂ ਸਭਾਵਾਂ ਤਿਆਰੀ ਕਰਨ ਲੱਗੀਆਂ। ਤੇ ਆਖ਼ਰ ਇਕ ਮਹੀਨੇ ਦੀ ਭੱਜ-ਦੌੜ ਤੇ ਸਿਰ ਜੋੜਨ ਵਾਲਿਆਂ ਦੀਆਂ ਕੋਸ਼ਿਸ਼ਾਂ ਨਾਲ ਉਹਨਾਂ ਨੂੰ ਬਾਬਾ ਦਾ ਥਹੁ ਲੱਗ ਗਿਆ ਤੇ ਫੇਰ ਉਹ ਸੁਲਾਹ ਦਾ ਰਸਤਾ ਕੱਢਣ ਵਿਚ ਜੁਟ ਗਏ।

ਜਦੋਂ ਦੀ ਇਹ ਘਟਨਾ ਵਾਪਰੀ ਸੀ ਮਾਂ ਦਾ ਰਵੱਈਆ ਮੇਰੇ ਨਾਲ ਬਦਲਿਆ-ਬਦਲਿਆ ਜਿਹਾ ਸੀ। ਉਸਦੇ ਦਿਲ 'ਚ ਬੈਠਾ ਹੋਇਆ ਡਰ, ਉਸ ਘਟਨਾ ਤੋਂ ਬਾਅਦ ਵਧਦਾ ਹੀ ਗਿਆ ਤੇ ਮੇਰੇ ਨਾਲ ਮੋਹ ਵੀ। ਉਹ ਮੇਰੇ ਵੱਲ ਜ਼ਿਆਦਾ ਧਿਆਨ ਦੇਣ ਲੱਗ ਪਈ। ਮੇਰਾ ਵਧੇਰੇ ਖ਼ਿਆਲ ਰੱਖਣ ਲੱਗੀ। ਅਜੀਬ ਬੇਸਿਰ-ਪੈਰ ਦੀਆਂ ਗੱਲਾਂ ਕਰਦੀ। ਕਦੀ ਤਕਦੀਰ ਦੀ ਗੱਲ ਕਰਦੀ ਤੇ ਕਦੀ ਹਾਲਾਤ ਨਾਲ ਸਮਝੌਤਾ ਕਰਨ ਦਾ ਜ਼ਿਕਰ ਕਰਦੀ, ਕੁਝ ਬੇਲੋੜੀਆਂ ਤੇ ਗ਼ੈਰ-ਜ਼ਰੂਰੀ ਨਸੀਹਤਾਂ ਦਿੰਦੀ। ਕਦੀ-ਕਦੀ ਅਜਿਹੀਆਂ ਨਜ਼ਰਾਂ ਨਾਲ ਦੇਖਦੀ ਜਿਵੇਂ ਮੈਂ ਸਮੁੰਦਰ 'ਚ ਡੁੱਬ ਰਹੀ ਹੋਵਾਂ ਤੇ ਉਹ ਕਿਨਾਰੇ 'ਤੇ ਖੜ੍ਹੀ ਬੇਵਸੀ ਜਿਹੀ ਨਾਲ ਤਮਾਸ਼ਾ ਦੇਖ ਰਹੀ ਹੋਵੇ।

ਅੱਜ ਸਾਡੇ ਘਰ ਬਹੁਤ ਸਾਰੇ ਰਿਸ਼ਤੇਦਾਰ ਇਕੱਠੇ ਹੋਏ। ਸਾਰਿਆਂ ਦੀਆਂ ਨਜ਼ਰਾਂ ਬਦਲੀਆਂ-ਬਦਲੀਆਂ ਜਿਹੀਆਂ ਸਨ। ਸਾਰਿਆਂ ਦੀਆਂ ਅੱਖਾਂ ਵਿਚ ਬੇਵਸੀ ਤੇ ਚਿਹਰਿਆਂ 'ਤੇ ਮਜ਼ਬੂਰੀ ਦੇ ਪ੍ਰਛਾਵੇਂ ਸਨ। ਸ਼ਾਇਦ ਅੱਜ ਹੋਣ ਵਾਲੀ ਸਭਾ ਦਾ ਅਸਰ ਸੀ ਪਰ ਮੈਂ ਸੋਚ ਰਹੀ ਸੀ ਅੱਜ ਤਾਂ ਸਭਾ ਵਿਚ ਫ਼ੈਸਲਾ ਹੋਣਾ ਏ। ਹੁਣ ਦੋਵਾਂ ਖ਼ਾਨਦਾਨਾਂ ਵਿਚ ਸੁਲਾਹ ਹੋ ਜਾਏਗੀ। ਇਹ ਤਾਂ ਖ਼ੁਸ਼ੀ ਵਾਲੀ ਗੱਲ ਏ, ਫੇਰ ਸਾਰੇ ਲੋਕ ਏਨੇ ਡਰੇ ਸਹਿਮੇ ਹੋਏ ਕਿਉਂ



ਨੇ ? ਪਰ ਮੈਂ ਨਾਦਾਨ ਸੀ ਇਸ ਲਈ ਸਮਝ ਨਾ ਸਕੀ। ਮੈਨੂੰ ਓਸ ਵੇਲੇ ਸਭ ਦੇ ਚਿਹਰਿਆਂ 'ਤੇ ਛਾਈ ਹੋਈ ਪੀਲਕ ਤੇ ਮੁਰਦਾਨੀ ਦਾ ਪਤਾ ਲੱਗਿਆ ਜਦੋਂ ਸਭਾ ਨੇ ਆਪਣੇ ਫ਼ੈਸਲੇ ਦੀਆਂ ਸ਼ਰਤਾਂ ਦਾ ਐਲਾਨ ਕੀਤਾ।

ਤੇ ਮੇਰਾ ਪਿਓ ਜਿਸ ਦੇ ਗੁੱਸੇ ਦੇ ਅੰਗਿਆਰ ਹੁਣ ਤਕ ਠੰਢੇ ਪੈ ਚੁੱਕੇ ਸੀ ਤੇ ਗ਼ੈਰਤ ਦੇ ਸਮੁੰਦਰ ਦੀਆਂ ਛੱਲਾਂ ਵੀ ਕਿਨਾਰੇ ਦੀ ਗਰਮ ਰੇਤ ਵਿਚ ਦਫ਼ਨ ਹੋ ਚੁੱਕੀਆਂ ਸੀ, ਉਸਨੇ ਸਭਾ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ।

ਐਲਾਨ ਹੋਇਆ—"ਇਕ ਲੱਖ ਰੁਪਈਆ ਤੇ ਇਕ ਕੁੜੀ।"

ਕਿਸੇ ਨੇ ਉੱਚੀ ਆਵਾਜ਼ ਕਿਹਾ, "ਪਰ ਗੁਲਮੀਰ ਦੇ ਤਾਂ ਦੋਵੇਂ ਮੁੰਡੇ ਮਰ ਗਏ ਨੇ, ਫੇਰ ਇਹ ਕੁੜੀ...।"

ਦੂਜੇ ਨੇ ਉਸਦੀ ਗੱਲ ਖ਼ਤਮ ਹੋਣ ਤੋਂ ਪਹਿਲਾਂ ਜਵਾਬ ਦਿੱਤਾ, "ਸਭਾ ਦਾ ਫ਼ੈਸਲਾ ਏ ਇਕ ਲੱਖ ਰੁਪਈਆ ਤੇ ਕੁੜੀ ਗੁਲਮੀਰ ਨੂੰ ਦੇ ਦਿੱਤੇ ਜਾਣ, ਹੁਣ ਇਹ ਉਸਦੀ ਮਰਜ਼ੀ ਕਿ ਉਹ ਇਹਨਾਂ ਦਾ ਕੀ ਕਰਦਾ ਏ।"

ਕਿਸੇ ਪਾਸਿਓਂ ਤੀਜੀ ਆਵਾਜ਼ ਆਈ, "ਗੁਲਮੀਰ ਵੀ ਤਾਂ ਰੰਡਾ ਐ...।"

ਮੇਰੀ ਚੀਕ ਤਾਂ ਹਲਕ ਵਿਚ ਫਸ ਕੇ ਰਹਿ ਗਈ ਪਰ ਮਾਂ ਨੇ ਇਕ ਦਿਲ ਹਿਲਾ ਦੇਣ ਵਾਲੀ ਚੀਕ ਮਾਰ ਕੇ ਮੈਨੂੰ ਹਿੱਕ ਨਾਲ ਘੁੱਟ ਲਿਆ।

# ਦੀਵੇ ਦੀ ਬੁੱਕਲ ਵਿਚ

**–ਸੈਫ਼ ਹੈਲਮ**

ਮਾਮੂ ਜਾਨ ਦੇ ਛੋਟੇ ਕੁਆਟਰ ਦੀ ਕੰਧ ਤੋਂ ਕੁੜੀਆਂ ਦਾ ਪੂਰਾ ਸਕੂਲ ਨਜ਼ਰ ਆਉਂਦਾ ਏ। ਤਦੇ ਤਾਂ ਮੈਂ ਇਕ ਪੁਰਾਣੀ ਮੰਜੀ ਕੰਧ ਨਾਲ ਲਾਈ ਹੋਈ ਏ ਤੇ ਉਸ ਉੱਤੇ ਚੜ੍ਹ ਕੇ ਪਾੜ੍ਹੀਆਂ ਦੇ ਨਜ਼ਾਰੇ ਦੇਖ ਰਹੀ ਹਾਂ। ਮਾਮੀ ਨੇ ਕਿਹਾ ਸੀ ਕਿ ਕੰਧ 'ਤੇ ਚੜ੍ਹ ਕੇ ਰਤਾ ਮਨ ਪ੍ਰਚਾਅ ਲਵੀਂ। ਵੈਸੇ ਵੀ ਅੱਜ ਸਕੂਲ ਦਾ ਆਖ਼ਰੀ ਦਿਨ ਏਂ। ਮਾਮੂ ਜਾਨ ਨੇ ਦੱਸਿਆ ਸੀ ਕਿ ਕੱਲ੍ਹ ਤੋਂ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋ ਜਾਣੀਆਂ ਨੇ। ਕੁੜੀਆਂ ਦਾ ਹੋਸਟਲ ਵੀ ਬੰਦ ਹੋ ਰਿਹਾ ਏ। ਅੱਜ ਹੋਸਟਲ ਵਿਚ ਰਹਿਣ ਵਾਲੀਆਂ ਕੁੜੀਆਂ ਨੂੰ ਲੈਣ ਉਹਨਾਂ ਦੇ ਮਾਂ-ਪਿਓ ਆਉਣਗੇ ਤੇ ਉਹ ਸਾਰੀਆਂ ਉਹਨਾਂ ਨਾਲ ਆਪਣੇ ਘਰਾਂ ਨੂੰ ਚਲੀਆਂ ਜਾਣਗੀਆਂ।

ਸਾਰੀਆਂ ਕੁੜੀਆਂ ਸਕੂਲ ਦੇ ਗੇਟ ਲਾਗੇ ਇਕੱਠੀਆਂ ਹੋ ਚੁੱਕੀਆਂ ਨੇ। ਉਹਨਾਂ ਵਿਚੋਂ ਵਧੇਰੇ ਕੁੜੀਆਂ ਨੂੰ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ। ਮਾਮੂ ਜਾਨ ਇਸ ਸਕੂਲ ਦੇ ਚੌਕੀਦਾਰ ਨੇ। ਉਹ ਕਿਧਰੇ ਚਲੇ ਜਾਂਦੇ ਨੇ ਤਾਂ ਇਹ ਕੁੜੀਆਂ ਮੈਨੂੰ ਮੱਕੀ ਦੇ ਭੁੱਜੇ ਹੋਏ ਦਾਣੇ ਜਾਂ ਗੰਡੇਰੀਆਂ ਲੈ ਆਉਣ ਲਈ ਬਾਹਰ ਭੇਜ ਦਿੰਦੀਆਂ ਨੇ...

ਸ਼ੀਨੂ ਮਾਮਾ (ਮਾਮੂ ਜਾਨ) ਅਸੂਲਾਂ ਦੇ ਪੱਕੇ ਤੇ ਡਿਊਟੀ ਦੇ ਬੜੇ ਪਾਬੰਦ ਨੇ। ਸਕੂਲ ਦੀ ਪ੍ਰਿੰਸੀਪਲ ਇਹਨਾਂ ਉੱਤੇ ਬੜਾ ਵਿਸ਼ਵਾਸ ਕਰਦੀ ਏ। ਇਸ ਵੇਲੇ ਹੋਸਟਲ ਦੀਆਂ ਸਾਰੀਆਂ ਕੁੜੀਆਂ ਆਪਣਾ ਸਾਮਾਨ ਬੰਨ੍ਹੀ, ਗੇਟ ਦੇ ਆਸੇ-ਪਾਸੇ ਖੜ੍ਹੀਆਂ ਗੱਲੀਂ ਰੁਝੀਆਂ ਹੋਈਆਂ ਨੇ ਤੇ ਆਪਣੇ ਮਾਪਿਆਂ ਨੂੰ ਉਡੀਕ ਰਹੀਆਂ ਨੇ। ਮੈਂ ਉਹਨਾਂ ਦੀਆਂ ਰੰਗ-ਬਰੰਗੀਆਂ ਫ਼ਰਾਕਾਂ ਦਾ ਨਜ਼ਾਰਾ ਵੇਖ ਰਹੀ ਹਾਂ। ਸਕੂਲ ਦੇ ਬਾਹਰ ਗੱਡੀਆਂ ਦਾ ਸ਼ੋਰ ਏ। ਸ਼ੀਨੂ ਮਾਮਾ ਵਾਰੀ-ਵਾਰੀ ਅੰਦਰ ਆਉਂਦੇ ਤੇ ਕਿਸੇ ਕੁੜੀ ਨਾਂ ਉੱਚੀ ਆਵਾਜ਼ ਵਿਚ ਲੈਂਦੇ। ਇਸ ਨਾਲ ਉਹਨਾਂ ਦੀ ਟੋਲੀ ਵਿਚ ਹਿੱਲਜੁੱਲ ਮੱਚ ਜਾਂਦੀ। ਸ਼ੀਨੂ ਮਾਮਾ ਉਸਦਾ ਬੈਂਗ ਤੇ ਦੂਜਾ ਸਾਮਾਨ ਚੁੱਕਦੇ ਤੇ ਜਦੋਂ ਉਹ ਗੇਟ ਵਿਚੋਂ ਬਾਹਰ ਨਿਕਲਣ ਲੱਗਦੀ ਤਾਂ ਸਾਰੀਆਂ ਕੁੜੀਆਂ ਉੱਚੀ ਆਵਾਜ਼ ਵਿਚ ਉਸਨੂੰ ਅਲਵਿਦਾ ਕਹਿੰਦੀਆਂ।

ਮੈਨੂੰ ਉਹਨਾਂ ਦਾ ਇਹ ਅੰਦਾਜ਼ ਬੜਾ ਭਲਾ ਲੱਗਦਾ ਏ। ਮੇਰਾ ਜੀਅ ਵੀ ਕਰਦਾ ਏ, ਉਹਨਾਂ ਵਾਂਗ ਜ਼ੋਰਦਾਰ ਆਵੇਜ਼ੇ ਲਾਵਾਂ। ਉਹਨਾਂ ਨਾਲ ਦਿਲ ਖੋਲ੍ਹ ਕੇ ਗੱਲਾਂ ਕਰਾਂ ਤੇ ਹਰ ਜਾਣ ਵਾਲੀ ਕੁੜੀ ਨੂੰ ਖ਼ੁਦਾ ਹਾਫ਼ਿਜ ਕਹਾਂ। ਕੁਝ ਕੁੜੀਆਂ ਨੂੰ ਲੈਣ ਲਈ ਉਹਨਾਂ ਦੀਆਂ ਮਾਂਵਾਂ ਤੇ ਵੱਡੀਆਂ ਭੈਣਾਂ ਆਈਆਂ ਸਨ—ਇਹ ਜ਼ਨਾਨੀਆਂ ਪਾੜ੍ਹੀਆਂ ਵਿਚ ਘੁਲਮਿਲ ਜਾਂਦੀਆਂ, ਹਾਲ-ਚਾਲ ਪੁੱਛਦੀਆਂ ਤੇ ਚਲੀਆਂ ਜਾਂਦੀਆਂ।



ਸ਼ੀਨੂ ਮਾਮੇ ਨੇ ਇਹ ਵੀ ਦੱਸਿਆ ਸੀ ਕਿ ਇਹ ਪਾੜ੍ਹੀਆਂ ਦੋ ਮਹੀਨੇ ਦੀਆਂ ਛੁੱਟੀਆਂ ਬਿਤਾ ਕੇ ਵਾਪਸ ਆਉਣਗੀਆਂ, ਸਿਵਾਏ ਦਸਵੀਂ ਜਮਾਤ ਦੀਆਂ ਉਹਨਾਂ ਕੁੜੀਆਂ ਦੇ ਜਿਹੜੀਆਂ ਇਮਤਿਹਾਨ ਦੇਣ ਪਿੱਛੋਂ ਵਿਹਲੀਆਂ ਹੋ ਗਈਆਂ ਨੇ।

ਦੇਖਦੇ-ਦੇਖਦੇ ਈ ਸਾਰਾ ਸਕੂਲ ਖ਼ਾਲੀ ਹੋ ਗਿਆ। ਆਖ਼ਰੀ ਕੁੜੀ ਵੀ ਜਾ ਰਹੀ ਏ। ਮੇਰਾ ਜੀਅ ਕਰ ਰਿਹਾ ਏ ਕਿ ਦੌੜ ਕੇ ਉਸ ਜਾਣ ਵਾਲੀ ਕੁੜੀ ਦੀ ਲੰਮੀ ਚਾਦਰ ਵਿਚ ਛੁਪ ਜਾਵਾਂ ਤੇ ਉਸਦੇ ਨਾਲ ਚਲੀ ਜਾਵਾਂ ਪਰ ਸ਼ੀਨੂ ਮਾਮੇ ਤੇ ਮਾਮੀ ਤੋਂ ਡਰਦੀ ਹਾਂ। ਹੁਣ ਉੱਥੇ ਕੋਈ ਕੁੜੀ ਨਹੀਂ ਰਹੀ। ਸ਼ੀਨੂ ਮਾਮੇ ਨੇ ਗੇਟ ਬੰਦ ਕੀਤਾ ਤੇ ਉਸਨੂੰ ਇਕ ਵੱਡਾ ਸਾਰਾ ਜ਼ਿੰਦਰਾ ਲਾ ਦਿੱਤਾ। ਉਹ ਆਪਣੇ ਕੁਆਟਰ ਵੱਲ ਆ ਰਿਹਾ ਏ।

ਮਾਮੀ ਦੀ ਆਵਾਜ਼ ਗੂੰਜੀ—

"ਆਓ! ਖਾਣਾ ਖਾ ਲਓ।"

ਮੇਰਾ ਖਾਣ ਨੂੰ ਜੀਅ ਨਹੀਂ ਕਰ ਰਿਹਾ ਸੀ। ਇਹ ਸਕੂਲ ਲੰਮੇ ਅਰਸੇ ਤਕ ਬੰਦ ਰਹੇਗਾ। ਹੁਣ ਮੈਂ ਇਸਦੇ ਖ਼ਾਲੀ ਵਰਾਂਡਿਆਂ ਵਿਚ ਇਕੱਲੀ ਖੇਡਿਆ ਕਰਾਂਗੀ। ਉੱਥੇ ਮੇਰੇ ਸਿਵਾਏ ਹੋਰ ਕੋਈ ਨਹੀਂ ਹੋਏਗੀ—ਪਾਠ ਯਾਦ ਕਰਦੀਆਂ ਪਾੜ੍ਹੀਆਂ ਦੀਆਂ ਆਵਾਜ਼ਾਂ ਸੁਣਾਈ ਨਹੀਂ ਦੇਖਣਗੀਆਂ। ਸਭ ਪਾਸੇ ਸੰਨਾਟਾ ਈ ਸੰਨਾਟਾ ਹੋਏਗਾ। ਮੈਂ ਕਿਤਾਬਾਂ ਦੇ ਪਾਟੇ ਪੰਨੇ ਤੇ ਛੋਟੀਆਂ-ਛੋਟੀਆਂ ਪੈਨਸਲਾਂ ਇਕੱਠੀਆਂ ਨਹੀਂ ਕਰ ਸਕਾਂਗੀ। ਉਂਜ ਹੋਸਟਲ ਦੀਆਂ ਪੜ੍ਹਾਕੂ ਕੁੜੀਆਂ ਦੀਆਂ ਨਕਲਾਂ ਵੀ ਨਹੀਂ ਲਾਹ ਸਕਾਂਗੀ।

ਮੈਂ ਕਈ ਵਾਰੀ ਸ਼ੀਨੂੰ ਮਾਮੇ ਦੀਆਂ ਮਿਨਤਾਂ-ਖ਼ੁਸ਼ਾਮਦਾਂ ਕੀਤੀਆਂ ਨੇ ਕਿ ਮੈਂ ਵੀ ਪੜ੍ਹਨਾ ਚਾਹੁੰਦੀ ਹਾਂ...ਕਿਉਂਕਿ ਮਾਮੀ ਬਿਮਾਰ ਰਹਿੰਦੀ ਏ ਤੇ ਮੈਂ ਸਾਰਾ ਦਿਨ ਉਸਦੀ ਟਹਿਲ ਵਿਚ ਲੱਗੀ ਰਹਿੰਦੀ ਹਾਂ, ਇਸ ਲਈ ਨਹੀਂ ਪੜ੍ਹ ਸਕਦੀ—ਇਸ ਦੇ ਬਦਲੇ ਸ਼ੀਨੂ ਮਾਮਾ ਹਰ ਮਹੀਨੇ ਮੇਰੇ ਮਾਂ-ਪਿਓ ਨੂੰ ਇਕ ਨਿੱਕੀ-ਜਿਹੀ ਰਕਮ ਭੇਜ ਦੇਂਦਾ ਏ। ਸ਼ੀਨੂੰ ਮਾਮਾ ਘਰੇ ਆ ਕੇ ਮੂੰਹ ਹੱਥ ਧੋ ਰਿਹਾ ਏ। ਮੈਂ ਆਪਣੇ ਦਿਲ ਵਿਚ ਹਸਰਤਾਂ ਦਾ ਢੇਰ ਸਮੇਟੀ ਕੰਧ ਤੋਂ ਉਤਰਾਂਗੀ ਤੇ ਰਸੋਈ ਵਿਚ ਜਾ ਕੇ ਮਾਮੀ ਜਾਨ ਦਾ ਹੱਥ ਵੰਡਾਵਾਂਗੀ।

# ਸੰਨ 2035

## —ਦੂਰ ਮੁਹੰਮਦ ਕਾਸੀ

*(10-03-1947)*

ਸੋਲ੍ਹਾਂ ਸਾਲਾ ਖ਼ੁਸ਼-ਸ਼ਕਲ, ਖ਼ੂਬਸੂਰਤ ਨੌਜਵਾਨ ਅਕਮਲ ਖ਼ਾਨ ਆਪਣੀ ਚੌਦਾਂ ਸਾਲਾ ਨੌਜਵਾਨ ਭੈਣ ਜ਼ਰਲਿਸ਼ਤਾ ਦੇ ਨਾਲ ਸ਼ਾਖ਼ਾ ਨਾਮੀ ਪਿੰਡ, ਜੋ ਕੋਇਟਾ ਚਮਨ ਰੋਡ ਤੋਂ ਅੱਠ ਕਿਲੋਮੀਟਰ ਦੇ ਫ਼ਾਸਲੇ 'ਤੇ ਸਥਿਤ ਹੈ, ਪੱਕੀ ਸੜਕ ਤਕ ਪੈਦਲ ਪਹੁੰਚਿਆ।

ਉਹਨਾਂ ਨੇ ਇਹ ਅੱਠ ਕਿਲੋਮੀਟਰ ਦਾ ਫ਼ਾਸਲਾ ਇਕ ਘੰਟੇ ਵਿਚ ਤੈਅ ਕੀਤਾ। ਜਦੋਂ ਅਕਮਲ ਕੱਚੀ ਸੜਕ ਤੋਂ ਪੱਕੀ ਸੜਕ ਦੇ ਕਿਨਾਰੇ ਪਹੁੰਚਣ ਤੋਂ ਬਾਅਦ ਬੱਸ ਨੂੰ ਖਾਸੀ ਦੇਰ ਤਕ ਉਡੀਕਦਾ ਰਿਹਾ ਤਾਂ ਜ਼ਰਲਿਸ਼ਤਾ ਲੰਮੀ ਉਡੀਕ ਤੋਂ ਤੰਗ ਆ ਗਈ। ਇਕ ਪਾਸੇ ਗੁਰਦਿਆਂ ਦਾ ਦਰਦ ਤੇ ਉੱਤੋਂ ਬੱਸ ਦੀ ਉਡੀਕ ਦੀਆਂ ਲੰਬੀਆਂ ਘੜੀਆਂ, ਤੇ ਦੂਜੇ ਪਾਸੇ ਬੋਲਦਕ ਵੱਲੋਂ ਉੱਡਦੀ ਹੋਈ ਸੁਰਖ਼ ਰੇਤ, ਏਨੀ ਠੰਢੀ ਹਵਾ ਕਿ ਜਨਵਰੀ ਦੇ ਮਹੀਨੇ ਵਿਚ ਇਸ ਖੁੱਲ੍ਹੇ ਮੈਦਾਨ ਵਿਚ ਇਕ ਪਲ ਠਹਿਰਣਾ ਗ਼ਜ਼ਬ ਨਾਲੋਂ ਘੱਟ ਨਹੀਂ ਸੀ।

ਜਦੋਂ-ਜਦੋਂ ਉਸ ਸਰਦ ਹਵਾ ਨੇ ਜ਼ਰਲਿਸ਼ਤਾ ਦੇ ਚਿਹਰੇ ਤੋਂ ਹਿਜਾਬ (ਬੁਰਕਾ) ਹਟਾਇਆ ਤਾਂ ਅਕਮਲ ਨੇ ਉਸ ਬੇਪ੍ਰਦਗੀ ਦੇ ਅਮਲ ਬਦਲੇ ਵਾਰੀ-ਵਾਰੀ ਘੂਰਦੀਆਂ ਨਿਗਾਹਾਂ ਨਾਲ ਗੁੱਸੇ ਦਾ ਪ੍ਰਗਟਾਵਾ ਕੀਤਾ।

ਜ਼ਰਲਿਸ਼ਤਾ ਸਮਝਦੀ ਸੀ ਕਿ ਇਹਨਾਂ ਘੂਰਦੀਆਂ ਨਿਗਾਹਾਂ ਦਾ ਮਤਲਬ ਕੀ ਏ, ਇਸ ਲਈ ਉਹ ਫ਼ੌਰਨ ਆਪਣੇ ਸਿਰ ਤੇ ਗੱਲ੍ਹਾਂ 'ਤੇ ਹਿਜਾਬ ਖਿੱਚ ਲੈਂਦੀ ਤੇ ਖ਼ਾਸੀ ਧੀਮੀ ਆਵਾਜ਼ ਵਿਚ ਮਨ ਈ ਮਨ ਬੁੜਬੁੜ ਕਰਨ ਲੱਗਦੀ।

ਦੋ ਵਾਰੀ ਤਾਂ ਅਕਮਲ ਨੇ ਇਸ ਦ੍ਰਿਸ਼ ਨੂੰ ਠੰਢੇ ਦਿਮਾਗ਼ ਨਾਲ ਬਰਦਾਸ਼ਤ ਕੀਤਾ ਪਰ ਜਦੋਂ ਤੀਜੀ ਵਾਰੀ ਸਰਦ ਤੇ ਠੰਢੀ ਹਵਾ ਨੇ ਜ਼ਰਲਿਸ਼ਤਾ ਦੇ ਚਿਹਰੇ ਤੋਂ ਹਿਜਾਬ ਹਟਾਇਆ ਤਾਂ ਉਸਨੇ ਅਕਮਲ ਦੇ ਡਰ ਕਰਕੇ ਫ਼ੌਰਨ ਪਰਦਾ ਕਰ ਲਿਆ ਤੇ ਆਪਣੇ-ਆਪ ਨੂੰ ਫੇਰ ਕੁਝ ਕਹਿਣ ਲੱਗੀ। ਹੁਣ ਤਾਂ ਅਕਮਲ ਦਾ ਸਬਰ ਖ਼ਤਮ ਹੋ ਗਿਆ ਸੀ ਤੇ ਉਸ ਡਾਢੇ ਗੁੱਸੇ ਨਾਲ ਆਪਣੀ ਭੈਣ ਨੂੰ ਕਿਹਾ ਸੀ—



"ਇਹ ਤੂੰ ਖ਼ੁਦ ਈ ਕੀ ਬੁੜਬੁੜ ਕਰੀ ਜਾ ਰਹੀ ਏਂ, ਮੈਂ ਕਹਿਣਾ ਮੂੰਹ ਢਕ ਤੇ ਤੂੰ ਬੁੜਬੁੜ ਕਰਨ ਲੱਗ ਪੈਂਦੀ ਏਂ।" ਜ਼ਰਲਿਸ਼ਤਾ ਭਰਾ ਦੀ ਏਸ ਗੱਲ 'ਤੇ ਨਾਰਾਜ਼ ਹੋ ਕੇ ਕਹਿਣ ਲੱਗੀ, "ਆਪ ਤਾਂ ਐਨੇ ਆਰਾਮ ਨਾਲ ਖੜ੍ਹਾ ਏਂ। ਜ਼ਰਾ ਮੇਰੀ ਚਾਦਰ ਲੈ ਕੇ ਇਸ ਸਰਦ ਹਵਾ 'ਚ ਖਲੋ, ਫੇਰ ਮੰਨਾਂ। ਨਾਲੇ ਕਿਉਂ ਪਰਦਾ ਕਰਾਂ, ਕਿਸ ਤੋਂ ਪਰਦਾ ਕਰਾਂ? ਕੋਈ ਪੱਥਰਾਂ ਤੇ ਚੱਟਾਨਾਂ ਤੋਂ ਪਰਦਾ ਕਰਦਾ ਏ। ਏਸ ਥਲ 'ਚ ਤੇਰੇ ਸਿਵਾਏ ਕੌਣ ਏਂ ਜਿਹੜਾ ਮੇਰਾ ਮੂੰਹ ਤੇ ਰੇਤ ਨਾਲ ਭਰਿਆ ਚਿਹਰਾ ਦੇਖ ਲਊਗਾ?"

ਅਕਮਲ ਨੇ ਜਦੋਂ ਭੈਣ ਦੀ ਗੱਲ ਸੁਣੀ ਤਾਂ ਇਰਦ-ਗਿਰਦ ਨਜ਼ਰਾਂ ਦੌੜਾਈਆਂ। ਸੁੰਨਸਾਨ ਸੜਕ 'ਤੇ ਹੱਦ-ਨਜ਼ਰ ਤਕ ਜਦੋਂ ਉਸਨੂੰ ਕੋਈ ਸ਼ਖ਼ਸ ਨਜ਼ਰ ਨਾ ਆਇਆ ਤਾਂ ਸ਼ਰਮਿੰਦਾ ਹੋ ਗਿਆ। ਹੁਣ ਉਸਦੀ ਵਾਰੀ ਸੀ ਕਿ ਉਹ ਖ਼ੁਦ ਹੀ ਬੁੜਬੁੜਾਏ। ਕਿਸੇ ਨੇ ਖ਼ੂਬ ਕਿਹਾ ਹੈ ਕਿ 'ਕਹਿਰ ਦਰਵੇਸ਼ ਬਰਜਾਨ ਦਰਵੇਸ਼'।

ਦੋਵਾਂ ਨੇ ਇਕ ਵਾਰੀ ਫੇਰ ਚਮਨ ਵੱਲੋਂ ਆਉਂਦੀ ਲੰਮੀ ਸੜਕ ਨੂੰ ਗਹੁ ਨਾਲ ਤੱਕਣਾ ਸ਼ੁਰੂ ਕਰ ਦਿੱਤਾ। ਬੜੀ ਦੂਰ ਇਕ ਟਰੈਕਟਰ ਆਉਂਦਾ ਦਿਖਾਈ ਦਿੱਤਾ। ਦੋਵੇਂ ਲੰਮੀ ਉਡੀਕ ਤੋਂ ਉਕਤਾ ਗਏ ਸਨ ਇਸ ਲਈ ਜ਼ਰਲਿਸ਼ਤਾ ਆਪਣੇ ਭਰਾ ਨੂੰ ਪੁੱਛਣ ਲੱਗੀ, "ਅਹਿ ਕੰਬਖ਼ਤ ਬੱਸ ਅੱਜ ਕਿਉਂ ਨਈਂ ਆ ਰਹੀ? ਸੱਪ ਵਰਗੀ ਇਹ ਟੇਢੀ ਸੜਕ ਮੇਰੇ ਡੰਗ ਮਾਰ ਰਹੀ ਏ। ਆਖ਼ਰ ਕਦੋਂ ਤਕ ਅਸੀਂ ਏਥੇ ਖੜ੍ਹੇ ਰਹਾਂਗੇ..."

"ਮੈਨੂੰ ਕੀ ਪਤਾ ਅੱਜ ਕੀ ਆਫ਼ਤ ਆ ਗਈ ਏ। ਇਸ ਸੜਕ 'ਤੇ ਬੱਸਾਂ ਦੀ ਲਾਈਨ ਲੱਗੀ ਰਹਿੰਦੀ ਸੀ। ਜੇ ਤੂੰ ਚਾਹੇਂ ਤਾਂ ਏਸ ਟਰੈਕਟਰ 'ਤੇ ਚੜ੍ਹ ਚੱਲੀਏ।" ਅਕਮਲ ਨੇ ਬੜੀ ਉਕਤਾਹਟ ਜਿਹੀ ਨਾਲ ਆਪਣੀ ਭੈਣ ਨੂੰ ਕਿਹਾ। ਇਹ ਠੰਢੀਆਂ ਤੇ ਚੁਭਦੀਆਂ ਹੋਈਆਂ ਹਵਾਵਾਂ ਤੇ ਜ਼ਰਲਿਸ਼ਤਾ ਦੀ ਕਮਜ਼ੋਰ ਤੇ ਬਿਮਾਰ ਦੇਹ, ਸ਼ਾਖ਼ਾ ਪਿੰਡ ਤੋਂ ਏਥੋਂ ਪੈਦਲ ਆਉਣ ਤੇ ਲੰਮੀ ਉਡੀਕ ਨੇ ਉਸ ਤੋਂ ਕੁਝ ਕਹਿਣ ਦੀ ਹਿੰਮਤ ਵੀ ਖੋਹ ਲਈ ਸੀ। ਜਿਸ ਕਰਕੇ ਜ਼ਰਲਿਸ਼ਤਾ ਬੜੀ ਔਖ ਨਾਲ ਸਿਰਫ਼ ਏਨਾ ਕਹਿ ਸਕੀ ਸੀ, "ਠੀਕ ਐ ਜਿਵੇਂ ਤੇਰੀ ਮਰਜ਼ੀ।" ਤੇ ਥੱਕ-ਹਾਰ ਤੇ ਉਕਤਾ ਕੇ ਸੜਕ ਦੇ ਕਿਨਾਰੇ ਇਕ ਵੱਡੇ ਪੱਥਰ ਉਪਰ ਬੈਠ ਗਈ ਸੀ।

ਅਕਮਲ ਹੈਰਾਨ ਸੀ ਕਿ ਅੱਜ ਟਰੈਫ਼ਿਕ ਕਿਉਂ ਬੰਦ ਹੈ? ਉਹ ਟਰੈਕਟਰ ਜਿਹਾ ਦੂਰੋਂ ਇਕ ਭੇਡ ਦੀ ਰਫ਼ਤਾਰ ਨਾਲ ਆ ਰਿਹਾ ਸੀ, ਅਜੇ ਬਹੁਤ ਦੂਰ ਸੀ। ਅਕਮਲ ਦਿਲ ਹੀ ਦਿਲ ਵਿਚ ਦੁਆਵਾਂ ਮੰਗ ਰਿਹਾ ਸੀ ਕਿ ਟਰੈਕਟਰ ਪਹੁੰਚ ਜਾਏ। ਕਿਤੇ ਇੰਜ ਨਾ ਹੋਏ ਕਿ ਇਸ ਵਿਸ਼ਾਲ ਰੇਗਿਸਤਾਨ ਵਿਚ ਕਿਸੇ ਹੋਰ ਪਾਸੇ ਮੁੜ ਜਾਏ। ਟਰੈਕਟਰ ਜਦੋਂ ਹੌਲੀ-ਹੌਲੀ ਉਹਨਾਂ ਦੇ ਨੇੜੇ ਪਹੁੰਚਿਆ ਤਾਂ ਅਕਮਲ ਬੜਾ ਖ਼ੁਸ਼ ਹੋਇਆ। ਕਾਹਲ ਨਾਲ ਆਪਣੀ ਚਾਦਰ ਲਪੇਟ ਕੇ ਦੋਵਾਂ ਹੱਥਾਂ ਨਾਲ ਆਪਣੀ ਪੱਗ ਠੀਕ ਕੀਤੀ ਤੇ ਸੜਕ ਦੇ ਕਿਨਾਰੇ ਪਹੁੰਚਿਆ। ਟਰੈਕਟਰ ਨੂੰ ਹੱਥ ਦੇ ਇਸ਼ਾਰੇ ਨਾਲ ਰੋਕਿਆ। ਟਰੈਕਟਰ ਡਰਾਈਵਰ ਨੇ ਅਜੇ ਤਕ ਬਰੇਕਾਂ 'ਤੇ ਪੈਰ ਨਹੀਂ ਸੀ ਰੱਖਿਆ ਕਿ ਅਕਮਲ ਬੋਲਿਆ—

"ਅਸੀਂ ਏਥੇ ਕਾਫੀ ਦੇਰ ਦੇ ਖੜ੍ਹੇ-ਖੜ੍ਹੇ ਥੱਕ ਗਏ ਆਂ। ਅੱਗੇ ਤਕ ਲੈ ਚੱਲੋਗੇ...ਮੇਰੀ ਭੈਣ ਬੜੀ ਬਿਮਾਰ ਏ। ਇਸਨੂੰ ਹਸਪਤਾਲ ਲੈ ਜਾਣਾ ਏਂ।" ਟਰੈਕਟਰ

ਡਰਾਈਵਰ ਨੂੰ ਖੜਕੇ ਕਰਕੇ ਅਕਮਲ ਦੀ ਗੱਲ ਨਹੀਂ ਸੁਣੀ ਤੇ ਹੱਥ ਦੇ ਇਸ਼ਾਰੇ ਨਾਲ ਅਕਮਲ ਨੂੰ ਪੁੱਛਿਆ, "ਕੀ ਕਹਿ ਰਿਹੈਂ ਭਰਾ ?"

ਅਕਮਲ ਨੇ ਫੇਰ ਉਸਨੂੰ ਕਿਹਾ, "ਭਰਾ ਸਾਨੂੰ ਅੱਗੇ ਤਕ ਲੈ ਚੱਲੋ।" ਡਰਾਈਵਰ ਨੇ ਇਸ਼ਾਰੇ ਨਾਲ ਕਿਹਾ ਕਿ ਪਿੱਛੇ ਟਰਾਲੀ ਵਿਚ ਬੈਠ ਜਾਓ। ਅਕਮਲ ਨੇ ਕਾਹਲ ਨਾਲ ਜ਼ਰਲਿਸ਼ਤਾ ਨੂੰ ਕਿਹਾ, "ਜਲਦੀ ਕਰ ਵਰਨਾ ਪਤਾ ਨਈਂ ਅੱਗੇ ਕੀ ਹੋਏਗਾ।" ਉਹ ਦੋਵੇਂ ਬੜੀ ਮੁਸ਼ਕਲ ਨਾਲ ਟਰਾਲੀ ਵਿਚ ਸਵਾਰ ਹੋਏ। ਜ਼ਰਲਿਸ਼ਤਾ ਜਿਵੇਂ ਹੀ ਟਰਾਲੀ ਵਿਚ ਸਵਾਰ ਹੋਣ ਲੱਗੀ ਤਾਂ ਹਿਜਾਬ ਫੇਰ ਖਿਸਕ ਗਿਆ। ਅਕਮਲ ਨੇ ਫੇਰ ਉਸ ਵੱਲ ਗੁਸੈਲੀਆਂ ਨਜ਼ਰਾਂ ਨਾਲ ਦੇਖਿਆ। ਜ਼ਰਲਿਸ਼ਤਾ ਨੇ ਅਕਮਲ ਦੀਆਂ ਗੁਸੈਲ-ਨਜ਼ਰਾਂ ਦਾ ਜਵਾਬ ਬੁੜਬੁੜ ਕਰਕੇ ਦਿੱਤਾ।

"ਚੰਗੇ ਓ...ਤੁਸੀਂ ਮਰਦ ਲੋਕ...ਔਰਤ ਵਿਚਾਰੀ ਜੇ ਆਸਮਾਨ ਤਕ ਪਹੁੰਚ ਜਾਏ ਫੇਰ ਵੀ ਹਿਜਾਬ 'ਚ ਹੋਏਗੀ। ਭਾਵੇਂ ਟਰੈਕਟਰ 'ਤੇ ਕਾਹਲ ਨਾਲ ਚੜ੍ਹਨ ਲੱਗਿਆਂ ਵਿਚਾਰੀ ਦੇ ਦੰਦ ਨਿਕਲ ਜਾਣ ਜਾਂ ਲੱਤ ਟੁੱਟ ਜਾਏ, ਮਰਦਾਂ ਨੂੰ ਕੋਈ ਪ੍ਰਵਾਹ ਨਈਂ।"

ਅਕਮਲ ਨੂੰ ਟਰੈਕਟਰ ਦੇ ਸ਼ੋਰ ਵਿਚ ਜ਼ਰਲਿਸ਼ਤਾ ਦੀ ਗੱਲ ਪੂਰੀ ਨਹੀਂ ਸੀ ਸੁਣੀ ਤੇ ਨਾਲੇ ਉਸਨੇ ਇਹ ਠੀਕ ਨਹੀਂ ਸੀ ਸਮਝਿਆ ਕਿ ਇਕ ਓਪਰੇ ਡਰਾਈਵਰ ਸਾਹਮਣੇ ਉਹ ਆਪਣੀ ਭੈਣ ਨਾਲ ਬਹਿਸ ਕਰੇ। ਇਸ ਲਈ ਉਸਨੇ ਸੁਣੀ ਅਣ-ਸੁਣੀ ਕਰ ਦਿੱਤੀ ਤੇ ਟਰਾਲੀ 'ਤੇ ਚੜ੍ਹ ਕੇ ਡਰਾਈਵਰ ਦੇ ਨੇੜੇ ਹੁੰਦਿਆਂ ਹੋਇਆਂ ਉਸਨੂੰ ਪੁੱਛਿਆ, "ਕਿਓਂ ਭਰਾ ਇਹ ਅੱਜ ਕਿਹੜੀ ਆਫ਼ਤ ਆ ਗਈ ਏ ਕਿ ਨਾ ਕੋਈ ਬੱਸ, ਨਾ ਕੋਈ ਗੱਡੀ...?" ਡਰਾਈਵਰ ਨੇ ਜਵਾਬ ਦਿੱਤਾ, "ਤੈਨੂੰ ਨਈਂ ਪਤਾ ?" ਅਕਮਲ ਨੇ ਇਸ਼ਾਰੇ ਨਾਲ ਕਿਹਾ, 'ਨਈਂ, ਮੈਨੂੰ ਕੁਝ ਨਈਂ ਪਤਾ।'

"ਅੱਜ ਪੂਰੇ ਇਲਾਕੇ 'ਚ ਪੁਲਿਸ ਦੇ ਧੱਕੇ ਦੇ ਖ਼ਿਲਾਫ਼, ਵਿਰੋਧ ਵਜੋਂ, ਟਰਾਂਸਪੋਰਟਰਾਂ ਨੇ ਹੜਤਾਲ ਕੀਤੀ ਹੋਈ ਏ।" ਅਕਮਲ ਨੇ ਪੁੱਛਿਆ, "ਅੱਛਾ, ਤਾਂ ਫੇਰ ਤੁਸੀਂ ਹੜਤਾਲ ਕਿਉਂ ਨਈਂ ਕੀਤੀ ?"

ਡਰਾਈਵਰ ਨੇ ਟਰੈਕਟਰ ਚਲਾਉਂਦਿਆਂ ਹੋਇਆਂ ਇਕ ਵਾਰੀ ਟੁੱਟੀ-ਫੁੱਟੀ ਸੜਕ ਵੱਲ ਦੇਖਿਆ, ਫੇਰ ਅਕਮਲ ਵੱਲ ਹੈਰਾਨੀ ਤੇ ਗ਼ੌਰ ਨਾਲ ਦੇਖਿਆ। ਉਹ ਹੈਰਾਨ ਸੀ ਕਿ ਇਸ ਨੌਜਵਾਨ ਨੂੰ ਕੀ ਜਵਾਬ ਦਏ। ਬਸ ਸਿਰਫ਼ ਏਨਾ ਕਿਹਾ, "ਓ ਭਰਾ ਖ਼ਾਨ ਦੇ ਬਾਗਾਂ ਦੇ ਬੰਨ੍ਹ (ਡੈਮ) ਨੂੰ ਪਾਣੀ ਰੋੜ ਕੇ ਲੈ ਗਿਆ ਏ। ਫ਼ੋਨ ਕੀਤਾ ਏ ਜ਼ਰੂਰ ਪਹੁੰਚਾਂ। ਇਸ ਲਈ ਜਾ ਰਿਹਾਂ। ਖ਼ੁਦਾ ਦਾ ਗ਼ਜ਼ਬ ਕਿ ਇਸ ਸਰਦੀ ਦੇ ਮੌਸਮ 'ਚ ਏਡਾ ਹੜ੍ਹ। ਪਹਿਲੀ ਵਾਰ ਸੁਣ ਰਿਹਾਂ...।" ਜ਼ਰਲਿਸ਼ਤਾ ਜਿਹੜੀ ਟਰੈਕਟਰ ਦੇ ਪਿੱਛੇ ਟਰਾਲੀ ਵਿਚ ਕਾਫੀ ਦੇਰ ਦੀ ਬੇਰਹਿਮ ਠੰਢੀ ਹਵਾ ਤੇ ਟਰੈਕਟਰ-ਟਰਾਲੀ ਦੇ ਝਟਕਿਆਂ ਦਾ ਮੁਕਾਬਲਾ ਕਰ ਰਹੀ ਸੀ, ਹੁਣ ਉਸਨੂੰ ਸਰਦੀ ਤੇ ਗੁਰਦਿਆਂ ਦੇ ਦਰਦ ਸਦਕਾ ਕੰਬਣੀ ਛਿੜੀ ਪਈ ਸੀ...ਚਿਹਰਾ ਪੀਲਾ ਪੈ ਗਿਆ ਸੀ। ਇਕ ਪਾਸੇ ਸਰਦੀ ਨਾਲ ਦੰਦ ਵੱਜ ਰਹੇ ਸਨ ਤੇ ਦੂਜੇ ਪਾਸੇ ਝਟਕਿਆਂ ਕਰਕੇ ਗੁਰਦਿਆਂ ਦਾ ਦਰਦ ਵੱਧ ਗਿਆ ਸੀ। ਉਸਨੇ ਦੋਵਾਂ ਹੱਥਾਂ ਨਾਲ ਆਪਣਾ ਲੱਕ ਘੁੱਟਿਆ ਹੋਇਆ ਸੀ। ਨੱਕ ਤੇ ਗੱਲ੍ਹਾਂ ਏਨੇ ਲਾਲ ਹੋ ਗਏ ਸਨ—ਲੱਗਦਾ ਸੀ ਕਿ ਖ਼ੂਨ ਸਿੰਮ ਰਿਹਾ ਹੈ। ਜ਼ਿਆਦਾ ਦਰਦ ਕਰਕੇ ਉਸਨੂੰ ਆਪਣੀ ਹੋਸ਼ ਵੀ ਨਹੀਂ ਸੀ ਰਹੀ। ਉਸਦਾ



ਹਿਜਾਬ ਲੱਥ ਗਿਆ ਸੀ। ਚਿਹਰਾ ਸਾਫ਼ ਨਜ਼ਰ ਆ ਰਿਹਾ ਸੀ ਤੇ ਜਦੋਂ ਅਕਮਲ ਦੀ ਨਜ਼ਰ ਪਈ ਤਾਂ ਡਾਢੇ ਗੁੱਸੇ ਵਿਚ ਆਪਣੀ ਭੈਣ ਨੂੰ ਕਹਿਣ ਲੱਗਾ—

"ਬੇਸ਼ਰਮੇਂ ਹਜ਼ਾਰ ਵਾਰੀ ਤੈਨੂੰ ਕਿਹਾ ਏ ਪਈ ਚਿਹਰਾ ਹਿਜਾਬ 'ਚ ਰੱਖ...ਚੰਗੀ ਤਰ੍ਹਾਂ ਪਰਦਾ ਕਰ ਲਿਆ ਕਰ। ਹੁਣ ਜੇ ਏਸ ਓਪਰੇ ਬੰਦੇ ਨੇ ਤੈਨੂੰ ਦੇਖ ਲਿਆ ਤਾਂ ਕੀ ਕਹੇਗਾ ?"

ਜ਼ਰਲਿਸ਼ਤਾ ਨੇ ਕਰਾਹੁੰਦਿਆਂ ਹੋਇਆਂ ਆਪਣੇ ਭਰਾ ਨੂੰ ਕੋਲ ਆਉਣ ਦਾ ਇਸ਼ਾਰਾ ਕੀਤਾ। ਭਰਾ ਜਿਹੜਾ ਡਰਾਈਵਰ ਦੇ ਪਿੱਛੇ ਟਰਾਲੀ ਵਿਚ ਖੜ੍ਹਾ ਸੀ, ਸੰਭਲ-ਸੰਭਲ ਤੁਰਦਾ ਉਸਦੇ ਕੋਲ ਆ ਗਿਆ। ਜਦੋਂ ਉਸਦੀ ਨਿਗਾਹ ਜ਼ਰਲਿਸ਼ਤਾ ਦੇ ਪੀਲੇ ਚਿਹਰੇ ਤੇ ਸੁੱਕੇ ਬੁੱਲ੍ਹਾਂ 'ਤੇ ਪਈ ਤਾਂ ਹੈਰਾਨ ਰਹਿ ਗਿਆ ਤੇ ਘਬਰਾ ਕੇ ਕਾਹਲ ਨਾਲ ਆਪਣੀ ਭੈਣ ਨੂੰ ਪੁੱਛਣ ਲੱਗਾ, "ਕੀ ਗੱਲ ਏ ? ਕੰਬਣ ਕਿਓਂ ਡਈ ਏਂ ?"

"ਤੂੰ ਸਵਾਹ ਮੇਰਾ ਇਲਾਜ਼ ਕਰਵਾਏਂਗਾ। ਟਰੈਕਟਰ ਦੇ ਝਟਕਿਆਂ ਨਾਲ ਮੇਰੇ ਗੁਰਦੇ ਪਾਟਣ ਵਾਲੇ ਹੋਏ ਹੋਏ ਨੇ...।" ਦਰਦ ਨਾਲ ਕਰਾਹੁੰਦਿਆਂ ਹੋਇਆਂ ਉਸਨੇ ਭਰਾ ਨੂੰ ਕਿਹਾ, "ਹੁਣ ਮੈਂ ਹੋਰ ਬਰਦਾਸ਼ਤ ਨਈਂ ਕਰ ਸਕਦੀ...ਟਰੈਕਟਰ ਰੋਕ ਦਿਓ ਮੈਂ ਉਤਰ ਜਾਣਾ ਚਾਹੁੰਦੀ ਆਂ।" ਅਕਮਲ ਪਹਿਲਾਂ ਤਾਂ ਹੈਰਾਨ ਹੋਇਆ ਕਿ ਮੈਂ ਕੀ ਕਰਾਂ। ਫੇਰ ਕੁਝ ਸੋਚਣ ਤੋਂ ਮਗਰੋਂ ਆਪਣੀ ਭੈਣ ਨੂੰ ਤਸੱਲੀ ਦਿੱਤੀ। "ਬਸ, ਥੋੜ੍ਹਾ ਕੁ ਸਬਰ ਕਰ। ਹੁਣ ਅਸੀਂ ਕੋਜ਼ਕ ਦੀ ਚੋਟੀ 'ਤੇ ਪਹੁੰਚ ਗਏ ਆਂ। ਅਸੀਂ ਬੜੀ ਜਲਦੀ ਕਿਲਾ ਅਬਦੁੱਲਾ ਪਹੁੰਚਣ ਵਾਲੇ ਆਂ।" ਜ਼ਰਲਿਸ਼ਤਾ ਫੇਰ ਦਰਦ ਨਾਲ ਕਰਾਹੁਣ ਲੱਗੀ। ਉਹ ਜਾਣਦੀ ਸੀ ਕਿ ਅਕਮਲ ਨਾਲ ਬਹੁਤੀ ਗੱਲ ਕਰਨਾ ਫ਼ਜ਼ੂਲ ਹੈ ਕਿਉਂਕਿ ਉਹ ਵੀ ਮਜਬੂਰ ਸੀ। ਸਬਰ ਦੇ ਇਲਾਵਾ ਕੋਈ ਚਾਰਾ ਨਹੀਂ ਸੀ। ਹੁਣ ਜ਼ਰਲਿਸ਼ਤਾ ਨੂੰ ਇਸ ਪੁਰਾਣੇ ਟਰੈਕਟਰ ਤੇ ਟੁੱਟੀ-ਫੁੱਟੀ ਸੜਕ ਦੇ ਝਟਕਿਆਂ ਨੂੰ ਅਣਮਿਥੇ ਸਮੇਂ ਤਕ ਝੱਲਣਾ ਪੈਣਾ ਸੀ। ਸ਼ਾਮ ਦੀ ਕਾਲਸ ਪਸਰਦਿਆਂ ਹੀ ਉਹ ਕਿਲਾ ਅਬਦੁੱਲਾ ਪਹੁੰਚੇ। ਟਰੈਕਟਰ ਦਾ ਡਰਾਈਵਰ ਜਦੋਂ ਚਮਨ ਕੋਇਟਾ ਰੋਡ 'ਤੇ ਸਿੱਧੇ ਹੱਥ ਨੂੰ ਕੱਚੀ ਸੜਕ 'ਤੇ ਉਤਰਿਆ ਤਾਂ ਅਕਮਲ ਨੂੰ ਕੋਲ ਆਉਣ ਦਾ ਇਸ਼ਾਰਾ ਕੀਤਾ।

ਅਕਮਲ ਜਦੋਂ ਉਸਦੇ ਕੋਲ ਅੱਪੜਿਆ ਤਾਂ ਡਰਾਈਵਰ ਨੇ ਕਿਹਾ, "ਜਵਾਨਾਂ, ਮੈਂ ਇਸ ਰਸਤੇ ਖ਼ਾਨ ਦੇ ਘਰ ਜਾ ਰਿਹਾਂ, ਰਾਤ ਹੋਣ ਵਾਲੀ ਏ। ਕੋਇਟਾ ਵੱਲ ਕੋਈ ਟਰੈਫ਼ਿਕ ਨਈਂ ਜਾ ਰਹੀ। ਹੋਟਲ ਵਾਲੇ ਨੇ ਦੱਸਿਆ ਏ ਕਿ ਅੱਗੇ ਰਸਤੇ ਵਿਚ ਸੱਯਦ ਹਮੀਦ ਦੇ ਪੁਲ 'ਤੇ ਪਾਣੀ ਚੜ੍ਹ ਆਇਆ ਏ, ਇਸ ਲਈ ਸਵੇਰ ਤਕ ਕੋਈ ਰਸਤਾ ਨਈਂ। ਜੇ ਮੇਰੀ ਮੰਨੋ ਤਾਂ ਮੇਰੇ ਨਾਲ ਚੱਲੋ। ਸਾਡੇ ਖ਼ਾਨ ਚੰਗੇ ਪਸ਼ਤੂਨ ਨੇ। ਤੂੰ ਤੇ ਭੈਣ ਉੱਥੇ ਰਾਤ ਕੱਟ ਲੈਣਾ।" ਅਕਮਲ ਨੇ ਆਪਣੀ ਭੈਣ ਨਾਲ ਸਲਾਹ ਕਰਨ ਦੀ ਲੋੜ ਮਹਿਸੂਸ ਨਹੀਂ ਕੀਤੀ ਤੇ ਖ਼ੁਦ ਫ਼ੈਸਲਾ ਲੈਂਦਿਆਂ ਹੋਇਆਂ ਡਰਾਈਵਰ ਨੂੰ ਕਿਹਾ, "ਅੱਛਾ, ਤਾਂ ਚੱਲੋ।"

ਹੁਣ ਹਨੇਰੀ ਰਾਤ ਵਿਚ ਉਹ ਜਾਂਦੇ ਵੀ ਕਿੱਥੇ...ਨੌਜਵਾਨ ਭੈਣ ਨੂੰ ਕਿੱਥੇ ਲਈ ਫਿਰਦਾ। ਹੋਟਲ ਵਿਚ ਜਵਾਨ ਭੈਣ ਨਾਲ ਰਹਿਣਾ ਵੀ ਇਕ ਬੜਾ ਵੱਡਾ ਤਾਅਨਾ ਸੀ। ਇਸ ਲਈ ਉਸਨੇ ਖ਼ਾਨ ਦੇ ਘਰ ਚੱਲਣ ਲਈ ਸਹਿਮਤੀ ਦੇ ਦਿੱਤੀ। ਇਸ ਦੇ ਨਾਲ ਹੀ

ਟਰੈਕਟਰ ਪੱਕੀ ਸੜਕ ਤੋਂ ਕੱਚੇ ਰਸਤੇ 'ਤੇ ਅਗਾਂਹ ਵਧਿਆ ਤੇ ਕੁਝ ਚਿਰ ਬਾਅਦ ਟਰੈਕਟਰ ਖ਼ਾਨ ਕੇ ਹੁਜਰੇ ਦੇ ਸਾਹਮਣੇ ਜਾ ਰੁਕਿਆ...

ਖ਼ਾਨ ਦਾ ਨੌਜਵਾਨ, ਖ਼ੂਬਸੂਰਤ ਤੇ ਪੜ੍ਹਿਆ-ਲਿਖਿਆ ਪੁੱਤਰ ਨਵੀਂ ਕਲਾਸਿਨਕੋਫ਼ ਚੁੱਕੀ ਹੁਜਰੇ ਦੇ ਵੱਡੇ ਦਰਵਾਜ਼ੇ ਵਿਚ ਆਪਣੇ ਦੋਸਤਾਂ ਨਾਲ ਖੜ੍ਹਾ ਸੀ। ਉਸਨੇ ਬੜੇ ਮੋਹ ਨਾਲ ਮਹਿਮਾਨਾਂ ਨੂੰ ਖ਼ੁਸ਼-ਆਮਦੀਦ ਕਿਹਾ ਤੇ ਡਰਾਈਵਰ ਨੂੰ ਇਸ਼ਾਰਾ ਕੀਤਾ ਕਿ ਉਸਦੀ ਭੈਣ ਨੂੰ ਘਰ ਦੇ ਅੰਦਰ ਲੈ ਜਾਏ...

ਰਾਤ ਨੂੰ ਅਕਮਲ ਨੇ ਖ਼ਾਨ ਦੇ ਮੁੰਡੇ ਨੂੰ ਸਾਰੇ ਹਾਲਾਤ ਦੱਸ ਦਿੱਤੇ ਕਿ 'ਉਹ ਭੈਣ ਨੂੰ ਗੁਰਦਿਆਂ ਦੇ ਇਲਾਜ਼ ਲਈ ਸ਼ਾਖ਼ਾ ਪਿੰਡ ਤੋਂ ਕੋਇਟਾ ਲੈ ਜਾ ਰਿਹਾ ਏ। ਇਹ ਤੀਹ ਕਿਲੋਮੀਟਰ ਦਾ ਸਫ਼ਰ ਉਹਨਾਂ ਸਾਰੇ ਦਿਨ ਵਿਚ ਤੈਅ ਕੀਤਾ। ਸਰਦੀ ਤੇ ਟਰੈਕਟਰ ਦੀ ਸਵਾਰੀ ਕਰਕੇ ਭੈਣ ਦੀ ਤਕਲੀਫ਼ ਹੋਰ ਵੀ ਵਾਧਾ ਗਈ ਹੈ। ਕੱਲ੍ਹ ਅੱਲ੍ਹਾ ਜਾਣੇ ਕਿ ਉਹ ਪੁਲ ਟਰੈਫ਼ਿਕ ਲਈ ਖੁੱਲ੍ਹ ਜਾਏਗਾ ਕਿ ਨਹੀਂ। ਜੇ ਕੱਲ੍ਹ ਰਸਤਾ ਨਾ ਖੁੱਲ੍ਹਿਆ ਤਾਂ ਮਜਬੂਰਨ ਪਿੰਡ ਵਾਪਸ ਜਾਣਾ ਪਏਗਾ। ਮਰਨਾ ਈ ਏ ਤਾਂ ਮਰ ਜਾਏ, ਮੈਂ ਇਸ ਨਾਲੋਂ ਵੱਧ ਹੋਰ ਕੀ ਕਹਿ ਸਕਦਾ ਆਂ...'

ਖ਼ਾਨ ਦੇ ਮੁੰਡੇ ਨੇ ਕਿਹਾ, "ਤੁਹਾਡੇ ਏਸ ਮਸਲੇ 'ਤੇ ਬਾਅਦ 'ਚ ਗ਼ੌਰ ਕਰਾਂਗੇ। ਏਸ ਵੇਲੇ ਡਿਸ਼ 'ਤੇ ਬੜਾ ਜ਼ਰੂਰੀ ਪ੍ਰੋਗਰਾਮ ਆ ਰਿਹਾ ਏ। ਮੈਂ ਪਹਿਲਾਂ ਉਹ ਵੇਖਣਾ ਚਾਹੁੰਦਾ ਆਂ...ਓਇ ਖ਼ੈਰੂ, ਜ਼ਰਾ ਬੀ.ਬੀ.ਬੀ ਜਾਂ ਸੀ.ਐਨ.ਐਨ ਲਾ, ਨੌਂ ਵੱਜਣ ਵਾਲੇ ਐ। ਅੱਜ ਪੰਦਰਾਂ ਜਨਵਰੀ ਐ—ਦੁਨੀਆਂ ਦੇ ਢਾਈ ਸੌ ਖ਼ੁਸ਼ਨਸੀਬ ਇਨਸਾਨ ਠੀਕ ਨੌਂ ਵਜੇ ਚੰਦ 'ਤੇ ਪੈਰ ਰੱਖ ਰਹੇ ਨੇ। ਖ਼ੈਰੂ ਜਲਦੀ ਕਰ...ਇਹ ਨਜ਼ਾਰਾ ਵੇਖਣਾ ਬੜਾ ਜ਼ਰੂਰੀ ਏ...।" ਚੈਨਲ ਲਾ ਦਿੱਤਾ ਗਿਆ। ਵਾਕੱਈ ਉੱਪ-ਗ੍ਰਹਿ ਸੀ, ਆਸਮਾਨ ਸੀ। ਉਪ-ਗ੍ਰਹਿ ਹੌਲੀ-ਹੌਲੀ ਚੰਦ ਦੀ ਜ਼ਮੀਨ 'ਤੇ ਉਤਰਿਆ।

ਹੇਠਾਂ ਧਰਤੀ 'ਤੇ ਨਾਸਾ ਦੇ ਕੰਟਰੋਲ ਰੂਮ ਵਿਚ ਇਨਸਾਨਾਂ ਨੇ ਆਪਣੀ ਕਾਮਯਾਬੀ 'ਤੇ ਤਾੜੀਆਂ ਵਜਾਈਆਂ...

ਖ਼ਾਨ ਨੇ ਵੀ ਆਪਣੇ ਸਾਥੀਆਂ ਸਮੇਤ ਤਾੜੀਆਂ ਵਜਾਈਆਂ ਤੇ ਇਹ ਇੱਛਾ ਜ਼ਾਹਰ ਕੀਤੀ ਕਿ 'ਮੈਂ ਵੀ ਚੰਦ 'ਤੇ ਪਿਕਨਿਕ ਲਈ ਜਾਵਾਂਗਾ, ਟਿਕਟ ਭਾਵੇਂ ਕਿੰਨੇ ਦਾ ਵੀ ਹੋਏ ਪਰਵਾਹ ਨਹੀਂ—ਮੈਂ ਸਾਰੇ ਇਲਾਕੇ 'ਚ ਪਹਿਲਾ ਆਦਮੀ ਹੋਵਾਂਗਾ, ਜਿਹੜਾ ਚੰਦ 'ਤੇ ਪੈਰ ਰੱਖੇਗਾ'...ਅਕਮਲ ਜਿਹੜਾ ਇਹ ਸਭ ਕੁਝ ਚੁੱਪਚਾਪ ਦੇਖ ਤੇ ਸੁਣ ਰਿਹਾ ਸੀ, ਉਸਨੂੰ ਇਹ ਸਭ ਮਜ਼ਾਕ ਲੱਗ ਰਿਹਾ ਸੀ ਜਾਂ ਕੋਈ ਵੀ.ਡੀ.ਓ. ਗੇਮ। ਚੰਦ ਤੋਂ ਜਦੋਂ ਮੁਸਾਫ਼ਿਰਾਂ ਨੇ ਜ਼ਮੀਨ ਨੂੰ ਦੇਖਿਆ ਤਾਂ ਜ਼ਮੀਨ ਉਹਨਾਂ ਨੂੰ ਫੁੱਟਬਾਲ ਜਿੱਡੀ ਨਜ਼ਰ ਆਈ। ਅਕਮਲ ਨੂੰ ਨਾ ਆਪਣੀਆਂ ਅੱਖਾਂ 'ਤੇ ਯਕੀਨ ਆਇਆ, ਨਾ ਉਹਨਾਂ ਲੋਕਾਂ ਦੀਆਂ ਗੱਲਾਂ 'ਤੇ, ਇਸ ਲਈ ਉਸਨੇ ਖ਼ਾਨ ਨੂੰ ਪੁੱਛਿਆ, "ਚੰਦ ਤਾਂ ਬੜੀ ਦੂਰ ਆਸਮਾਨ ਵਿਚ ਏ, ਉੱਥੇ ਕੋਈ ਆਦਮੀ ਕਿੰਜ ਪਹੁੰਚ ਸਕਦਾ ਏ...ਮੈਂ ਤਾਂ ਇਹ ਨਈਂ ਮੰਨਦਾ...।" ਖ਼ਾਨ ਨੇ ਉਸਨੂੰ ਕਿਹਾ, "ਅਕਮਲ ਖ਼ਾਨ, ਵੈਸੇ ਤਾਂ ਪਹਿਲਾ ਆਦਮੀ, ਜਿਸਦਾ ਨਾਂ ਨੀਲ ਆਰਮ ਸਟਰਾਂਗ ਸੀ, ਉਸਨੇ 1969 ਵਿਚ ਯਾਨੀ ਅੱਜ ਤੋਂ 66 ਸਾਲ ਪਹਿਲਾਂ ਚੰਦ 'ਤੇ ਪੈਰ ਰੱਖਿਆ ਸੀ।



ਓਦੋਂ ਤੋਂ ਲੈ ਕੇ ਅੱਜ ਤਕ ਇਨਸਾਨ ਨੇ ਬੜੀ ਤਰੱਕੀ ਕਰ ਲਈ ਏ। ਇਹ ਸੱਚਮੁੱਚ ਦੇ ਮੁਸਾਫ਼ਿਰ ਨੇ, ਇਹ ਪਹਿਲੀ ਉਡਾਨ ਏ ਜਿਸ 'ਤੇ ਪੂਰੀ ਦੁਨੀਆਂ ਦੇ ਘੁਮੱਕੜ ਆਪਣੀ ਇੱਛਾ ਨਾਲ ਚੰਦ 'ਤੇ ਆਏ ਨੇ। ਇਹ ਇਕ ਸੱਚਾਈ ਏ, ਇਸੇ ਲਈ ਉਹ ਇਹ ਸਭ ਸਾਰੀ ਦੁਨੀਆਂ ਨੂੰ ਲਾਇਵ ਦਿਖਾ ਰਹੇ ਨੇ...।"

ਖ਼ਾਨ ਦਾ ਮੁੰਡਾ ਜਿੰਨਾ ਵੀ ਅਕਮਲ ਨੂੰ ਸਮਝਾਉਂਦਾ ਰਿਹਾ ਉਹ ਮੰਨਣ ਤੋਂ ਇਨਕਾਰ ਕਰਦਾ ਰਿਹਾ। ਕੋਈ ਉਸਨੂੰ ਕਿਵੇਂ ਯਕੀਨ ਦੁਆ ਸਕਦਾ ਸੀ ਕਿਉਂਕਿ ਉਸਨੇ ਅੱਲ੍ਹਾ ਦੀ ਇਸ ਜ਼ਮੀਨ 'ਤੇ ਅੱਜ ਵੀ ਤੀਹ ਕਿਲੋਮੀਟਰ ਦਾ ਫ਼ਾਸਲਾ ਪੂਰੇ ਦਿਨ ਵਿਚ ਇਕ ਅਜਾਬ ਵਾਂਗ ਤੈਅ ਕੀਤਾ ਸੀ। ਸੜਕਾਂ ਟੁੱਟੀਆਂ ਹੋਈਆਂ...ਪੁਲ ਨੂੰ ਪਾਣੀ ਰੋੜ੍ਹ ਕੇ ਲੈ ਗਿਆ...ਪੁਲਿਸ ਦੀ ਧੱਕੇਸ਼ਾਹੀ ਦੇ ਖ਼ਿਲਾਫ਼ ਟਰੈਫ਼ਿਕ ਦੀ ਹੜਤਾਲ...ਉਹ ਆਪਣੀ ਬਿਮਾਰ ਭੈਣ ਨੂੰ ਹਸਪਤਾਲ ਨਹੀਂ ਸੀ ਪਹੁੰਚਾ ਸਕਦਾ...ਜੇ ਖ਼ਾਨ ਦੇ ਬਾਗ਼ ਦੇ ਬੰਨ੍ਹ ਨੂੰ ਹੜ੍ਹ ਨਾ ਤੋੜ ਦਿੰਦਾ ਤਾਂ ਸ਼ਾਇਦ ਇਹ ਪੁਰਾਣਾ ਟਰੈਕਟਰ ਵੀ ਨਾ ਮਿਲਦਾ।

ਉਹ ਪ੍ਰੇਸ਼ਾਨ ਸੀ ਤੇ ਸੋਚ ਰਿਹਾ ਸੀ...ਉਸਨੂੰ ਚੰਦ, ਖ਼ਾਨ ਤੇ ਸੈਟੇਲਾਈਟ ਵਿਚ ਕੋਈ ਦਿਲਚਸਪੀ ਨਹੀਂ ਸੀ...ਉਹ ਸਿਰਫ਼ ਤੇ ਸਿਰਫ਼ ਆਪਣੀ ਭੈਣ ਜ਼ਰਲਿਸ਼ਤਾ ਬਾਰੇ ਫ਼ਿਕਰਮੰਦ ਸੀ। ਪਤਾ ਨਹੀਂ ਉਹ ਕਿਸ ਹਾਲਤ 'ਚ ਹੋਏਗੀ...ਖ਼ਾਨ ਦੇ ਘਰ ਦੀਆਂ ਔਰਤਾਂ ਉਸ ਨਾਲ ਕਿਹੋ-ਜਿਹਾ ਸਲੂਕ ਕਰ ਰਹੀਆਂ ਹੋਣਗੀਆਂ? ਪਤਾ ਨਹੀਂ ਉਸਦੇ ਗੁਰਦਿਆਂ ਦਾ ਇਲਾਜ਼ ਕਦੇ ਹੋਏਗਾ ਵੀ ਜਾਂ ਨਹੀਂ...ਉਹ ਆਖ਼ਰ ਕਦੋਂ ਤਕ ਕੋਇਟੇ ਪਹੁੰਚ ਸਕਣਗੇ...

ਆਖ਼ਰ ਕਦੋਂ ਤਕ?

ਸ਼ਾਇਦ ਕੋਇਟਾ ਚੰਦ ਨਾਲੋਂ ਵੀ ਜ਼ਿਆਦਾ ਦੂਰ ਹੈ?

ਇਸੇ ਲਈ ਤਾਂ ਉਹਨਾਂ ਦੀ ਪਹੁੰਚ ਤੋਂ ਦੂਰ ਹੈ, ਬੜੀ ਦੂਰ...ਬੜੀ ਦੂਰ...ਚੰਦ ਨਾਲੋਂ ਵੀ ਬੜੀ ਦੂਰ...।

# ਪਰਿੰਦਾ

**—ਫ਼ਾਰੁਕ ਸਰਵਰ**

*(02-02-1962)*

ਬੜੇ ਦਿਨਾਂ ਦੇ ਕਲਾਸਿਨਕੋਫ਼ ਤੇ ਰਾਕਟ ਲਾਂਚਰ ਚੀਖ਼ ਰਹੇ ਨੇ, ਜਿਵੇਂ ਦੋਜਖ਼ ਵਿਚ ਮੌਜੂਦ ਗੁਨਾਹਗਾਰਾਂ ਨੂੰ ਦੇਖ ਕੇ ਭਿਆਨਕ ਅਜਗਰ ਅੱਗ ਉਗਲ ਰਹੇ ਹੋਣ। ਜੰਗ ਹੋ ਰਹੀ ਹੈ। ਇਹ ਜੰਗ ਉਹਨਾਂ ਦੋ ਬਸਤੀਆਂ ਦਰਮਿਆਨ ਹੈ ਜਿਹਨਾਂ ਦੇ ਬਸ਼ਿੰਦਿਆਂ ਦੇ ਦਿਲਾਂ ਵਿਚ ਮੋਹ-ਮੁਹੱਬਤ ਤੇ ਭਾਈਚਾਰੇ ਦੇ ਸਫ਼ੇਦ ਗ਼ੁਲਾਬ ਖਿੜਦੇ ਸਨ। ਪਰ ਹੁਣ ਇੰਜ ਲੱਗਦਾ ਹੈ ਜਿਵੇਂ ਇਹਨਾਂ ਦੋਵਾਂ ਬਸਤੀਆਂ ਨੂੰ ਕਿਸੇ ਬਦਨੀਤੀ ਤੇ ਈਰਖਾਲੂ ਜਾਦੂਗਰਨੀ ਦੀ ਬਦਦੁਆ ਲੱਗ ਗਈ ਹੋਵੇ। ਇਸੇ ਲਈ ਤਾਂ ਦੋਵੇਂ ਪਾਸਿਓਂ ਇਕ ਦੂਜੇ 'ਤੇ ਗੋਲੇ ਵਰ੍ਹਾਏ ਜਾ ਰਹੇ ਨੇ। ਦੋਵਾਂ ਬਸਤੀਆਂ ਦੀਆਂ ਮਾਂਵਾਂ, ਭੈਣਾਂ ਹਰ ਵੇਲੇ ਆਪਣੇ ਬਜ਼ੁਰਗਾਂ ਦੇ ਮਜ਼ਾਰਾਂ 'ਤੇ ਜਾਂਦੀਆਂ ਨੇ। ਉੱਥੇ ਰੋ-ਕੁਰਲਾ ਕੇ ਦੁਆ ਮੰਗਦੀਆਂ ਨੇ ਕਿ ਜੰਗ ਬੰਦ ਹੋ ਜਾਏ। ਪਰ ਇੰਜ ਜਾਪਦਾ ਹੈ ਜਿਵੇਂ ਉਹਨਾਂ ਬਜ਼ੁਰਗਾਂ ਦੀਆਂ ਰੂਹਾਂ ਵੀ ਇਹਨਾਂ ਬਸਤੀ ਵਾਸੀਆਂ ਨਾਲ ਨਾਰਾਜ਼ ਹੋਣ। ਇਸੇ ਲਈ ਤਾਂ ਜੰਗ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਹੀ। ਬਹੁਤ ਸਾਰੇ ਸੁੰਦਰ ਘਰ ਜਿੱਥੇ ਜ਼ਿੰਦਗੀ ਹਰ ਵੇਲੇ ਸ਼ਰਾਰਤੀ ਬੱਚਿਆਂ ਵਾਂਗ ਖੇਡਦੀ, ਖੜ-ਮਸਤੀਆਂ ਕਰਦੀ ਸੀ, ਹੁਣ ਖੰਡਰਾਂ ਵਿਚ ਬਦਲ ਚੁੱਕੇ ਨੇ। ਚਾਰੇ-ਪਾਸੇ ਬਾਰੂਦ ਦੀ ਬੂ ਇੰਜ ਫ਼ੈਲੀ ਹੋਈ ਹੈ ਜਿਵੇਂ ਉਹ ਕੋਈ ਚੁੜੇਲ ਹੋਵੇ, ਨੱਚ ਰਹੀ ਹੋਵੇ ਤੇ ਉਹਨਾਂ ਬਰਬਾਦੀਆਂ ਦਾ ਜਸ਼ਨ ਮਨਾ ਰਹੀ ਹੋਵੇ। ਦੋਵਾਂ ਬਸਤੀਆਂ ਵਿਚ ਜਿੱਥੇ ਰਾਤ ਨੂੰ ਡੱਫ਼ 'ਤੇ ਹਸੀਨਾਵਾਂ ਰੋਮਾਨੀ ਗੀਤ ਗਾਉਂਦੀਆਂ ਸਨ ਹੁਣ ਹਨੇਰੇ ਵਿਚ ਸੁਰਖ਼ ਅੰਗਿਆਰ ਵਰ੍ਹ ਰਹੇ ਨੇ। ਉਦੋਂ ਤਾਂ ਲੋਕ ਬਹੁਤਾ ਹੀ ਹੌਸਲਾ ਢਾਅ ਬਹਿੰਦੇ ਨੇ ਜਦੋਂ ਕਿਸੇ ਘਰ 'ਚੋਂ ਕਿਸੇ ਦੇ ਜ਼ਖ਼ਮੀ ਹੋਣ ਜਾਂ ਮਰਨ 'ਤੇ ਉਸਦੇ ਬੱਚਿਆਂ ਤੇ ਔਰਤਾਂ ਦੀਆਂ ਚੀਕਾਂ ਸੁਣਾਈ ਦਿੰਦੀਆਂ ਨੇ।

ਇਹ ਜੰਗ ਕਿੰਜ ਸ਼ੁਰੂ ਹੋਈ, ਕਿਉਂ ਸ਼ੁਰੂ ਹੋਈ ਤੇ ਉਹ ਇੱਲ੍ਹਾਂ ਕਿੱਥੋਂ ਆਈਆਂ ਜਿਹਨਾਂ ਨੇ ਇੱਥੇ ਬਸੇਰਾ ਕਰਨ ਵਾਲੀਆਂ ਅਮਨ ਦੀਆਂ ਘੁੱਗੀਆਂ ਨੂੰ ਮਾਰ ਸੁੱਟਿਆ— ਇਸ ਬਾਰੇ ਕੋਈ ਵੀ ਕੁਝ ਨਹੀਂ ਜਾਣਦਾ। ਭਾਵੇਂ ਕੁਝ ਸਿਆਣਿਆਂ ਦਾ ਕਹਿਣਾ ਹੈ ਕਿ ਇਸ ਜੰਗ ਨੂੰ ਸ਼ੁਰੂ ਕਰਨ ਵਿਚ ਇਰਦ-ਗਿਰਦ ਦੀਆਂ ਬਸਤੀਆਂ ਦਾ ਬੜਾ ਵੱਡਾ ਹੱਥ ਹੈ ਕਿਉਂਕਿ ਉਹਨਾਂ ਦਾ ਫ਼ਾਇਦਾ ਇਸੇ ਵਿਚ ਸੀ ਤੇ ਸ਼ਾਇਦ ਗੱਲ ਧੌਂਸ ਦੀ ਵੀ ਸੀ...ਇਸੇ



ਲਈ ਤਾਂ ਇਹ ਗੁਆਂਢੀ ਬਸਤੀਆਂ ਚੋਰੀ ਛੁਪੇ ਉਹਨਾਂ ਦੋਵਾਂ ਬਸਤੀਆਂ ਨੂੰ ਗੋਲਾ ਬਾਰੂਦ ਤੋਹਫ਼ੇ ਵਜੋਂ ਦੇ ਰਹੀਆਂ ਨੇ ਤੇ ਇੱਥੇ ਲੱਗੀ ਅੱਗ ਦੀਆਂ ਲਾਟਾਂ ਨੂੰ ਹੋਰ ਭੜਕਾ ਰਹੀਆਂ ਨੇ।

ਦੋਵਾਂ ਬਸਤੀਆਂ ਦੇ ਲੋਕ ਹੁਣ ਜੰਗ ਤੋਂ ਤੰਗ ਆਏ ਹੋਏ ਨੇ—ਘਿਣ ਆਉਂਦੀ ਹੈ ਉਹਨਾਂ ਨੂੰ ਬਾਰੂਦ ਦੀ ਮਨਹੂਸ ਬੂ ਤੋਂ। ਚੰਗੇ ਨਹੀਂ ਲੱਗਦੇ ਇਹਨਾਂ ਨੂੰ ਉਹਨਾਂ ਲੋਕਾਂ ਦੇ ਕਾਫ਼ਲੇ ਜਿਹੜੇ ਡਰ ਸਦਕਾ ਆਪਣੀ-ਆਪਣੀ ਬਸਤੀ ਛੱਡ ਕੇ ਜਾ ਰਹੇ ਨੇ। ਜ਼ਹਿਰ ਲੱਗਦੀ ਹੈ ਉਹਨਾਂ ਤੋਪਾਂ ਦੀ ਗਰਜ ਤੇ ਉਹ ਧੂੰਆਂ ਜਿਹੜਾ ਥਾਂ-ਥਾਂ ਤੋਂ ਉੱਠ ਰਿਹਾ ਹੈ। ਹਰੇਕ ਦਾ ਜੀਅ ਚਾਹੁੰਦਾ ਹੈ ਕਿ ਜੰਗ ਰੁਕ ਜਾਏ—ਪਰ ਆਪਣੇ ਜੰਗਬਾਜ਼ ਜੋਧੇ ਤੇ ਉਸ ਜੰਗ ਵਿਚ ਜੁਟੇ ਅਜੀਬ-ਓਪਰੇ ਪ੍ਰਛਾਵੇਂ, ਕੋਈ ਵੀ ਤਾਂ ਉਹਨਾਂ ਦੇ ਕਾਬੂ ਵਿਚ ਨਹੀਂ। ਕਿਸੇ ਦੀ ਵੀ ਸਮਝ ਵਿਚ ਨਹੀਂ ਆ ਰਿਹਾ ਜੰਗ ਕਦੋਂ ਤੇ ਕਿਵੇਂ ਮੁੱਕੇਗੀ? ਬਸ ਖ਼ੌਫ਼ ਦਾ ਦੈਂਤ ਹੈ ਜਿਹੜਾ ਮਸਤੀ ਬੋਤੇ ਵਾਂਗ ਬੁਲਬੁਲਾ ਰਿਹਾ ਹੈ ਤੇ ਲੋਕਾਂ ਦੇ ਦਿਲਾਂ ਨੂੰ ਹੋਰ ਭਿਆਨਕਤਾ ਨਾਲ ਨੱਪੀ-ਪੀੜੀ ਜਾ ਰਿਹਾ ਹੈ।

ਅਚਾਨਕ ਉਹਨਾਂ ਦਰੜੀਆਂ ਹੋਈਆਂ ਬਸਤੀਆਂ ਵਿਚੋਂ ਇਕ ਬਸਤੀ ਵਿਚ ਇਕ ਪਰਿੰਦੇ ਦੀ ਆਵਾਜ਼ ਗੂੰਜਦੀ ਹੈ। ਇਹ ਆਵਾਜ਼ ਏਨੀ ਮਿੱਠੀ ਹੈ ਕਿ ਸਾਰੇ ਲੋਕ ਆਪੋ-ਆਪਣੇ ਕੰਮ-ਧੰਦੇ ਛੱਡ ਕੇ ਉਸ ਵੱਲ ਖਿੱਚੇ ਜਾਂਦੇ ਨੇ। ਬਸਤੀ ਦੀਆਂ ਉਹ ਔਰਤਾਂ ਜਿਹੜੀਆਂ ਜ਼ਖ਼ਮੀਆਂ ਤੇ ਅਪਾਹਜਾਂ ਦੀ ਮਲ੍ਹਮ ਪੱਟੀ ਵਿਚ ਲੱਗੀਆਂ ਨੇ, ਬੱਚੇ ਜਿਹੜੇ ਘਰਾਂ ਦੇ ਬੰਦ ਕਮਰਿਆਂ ਵਿਚ ਕੈਦ ਖੇਡ ਰਹੇ ਨੇ ਤੇ ਮਰਦ ਜਿਹੜੇ ਮੋਰਚਿਆਂ ਵਿਚ ਬੈਠੇ ਫ਼ਾਇਰਿੰਗ ਵਿਚ ਰੁੱਝੇ ਹੋਏ ਨੇ, ਸਾਰੇ ਦੇ ਸਾਰੇ ਉਸ ਆਵਾਜ਼ ਦੀ ਮਿਠਾਸ ਵਿਚ ਗਵਾਚ ਜਾਂਦੇ ਨੇ। ਪਰਿੰਦੇ ਦੀ ਆਵਾਜ਼ ਵਿਚ ਗ਼ਜ਼ਬ ਦਾ ਜਾਦੂ ਹੈ ਜਿਹੜਾ ਹਰੇਕ ਨੂੰ ਬੁੱਤ ਬਣਾ ਦਿੰਦਾ ਹੈ, ਅਜਿਹਾ ਬੁੱਤ ਜਿਹੜਾ ਸਿਰਫ਼ ਸਾਹ ਲੈ ਰਿਹਾ ਹੈ—ਪਰਿੰਦੇ ਦੀ ਆਵਾਜ਼ ਸੁਣੇ ਪਰ ਕੋਈ ਹਰਕਤ ਨਾ ਹੋਵੇ ਉਸ ਵਿਚ—

ਇਸ ਆਲਮ ਸਦਕਾ ਜਿਵੇਂ ਹੀ ਉਸ ਬਸਤੀ ਵਿਚੋਂ, ਜਿਹੜੀ ਦੱਖਣੀ ਬਸਤੀ ਕਹਾਉਂਦੀ ਸੀ, ਲੜਾਈ ਰੁਕ ਜਾਂਦੀ ਹੈ ਤਾਂ ਦੁਸ਼ਮਣ ਬਸਤੀ ਦੇ ਲੋਕ ਹੈਰਾਨ ਰਹਿ ਜਾਂਦੇ ਨੇ ਕਿ ਦੱਖਣੀ ਬਸਤੀ ਵਿਚੋਂ ਅੱਗ ਦਾ ਵਰ੍ਹਣਾ ਕਿਉਂ ਬੰਦ ਹੋ ਗਿਆ? ਕਿਉਂਕਿ ਜਦੋਂ ਦੀ ਜੰਗ ਸ਼ੁਰੂ ਹੋਈ ਹੈ ਇੰਜ ਕਦੀ ਵੀ ਨਹੀਂ ਹੋਇਆ। ਫੇਰ ਉਹ ਸਾਰੇ ਖ਼ੁਸ਼ ਹੋ ਜਾਂਦੇ ਨੇ। ਸ਼ਾਇਦ ਵਿਰੋਧੀ ਬਸਤੀ ਨੇ ਜੰਗ ਵਿਚ ਹਾਰ ਮੰਨ ਲਈ ਹੈ। ਇਸ 'ਤੇ ਉੱਥੇ ਇਕ ਜਸ਼ਨ ਵਰਗਾ ਮਾਹੌਲ ਬਣ ਜਾਂਦਾ ਹੈ ਤੇ ਲੋਕ ਖ਼ੁਸ਼ੀ ਦੇ ਜੋਸ਼ ਵਿਚ ਬਿੰਦ ਦਾ ਬਿੰਦ ਆਪੋ-ਆਪਣੇ ਮੋਰਚੇ ਛੱਡ ਕੇ ਨੱਚਣ ਲੱਗ ਪੈਂਦੇ ਨੇ।

ਜਿਵੇਂ ਹੀ ਪਰਿੰਦੇ ਦੀ ਆਵਾਜ਼ ਬੰਦ ਹੁੰਦੀ ਹੈ, ਦੱਖਣੀ ਬਸਤੀ ਦੇ ਬੁੱਤ ਬਣੇ ਲੋਕ ਹਰਕਤ ਵਿਚ ਆ ਜਾਂਦੇ ਨੇ—ਜਿਵੇਂ ਜਾਦੂਗਰਨੀ ਦਾ ਜਾਦੂ ਟੁੱਟ ਗਿਆ ਹੋਵੇ ਤੇ ਉਹ ਦੁਬਾਰਾ ਜਿਉਂਦੇ ਹੋ ਗਏ ਹੋਣ। ਸਾਰੇ ਇਕ ਦੂਜੇ ਵੱਲ ਹੈਰਾਨੀ ਨਾਲ ਦੇਖ ਰਹੇ ਨੇ ਕਿ ਇਹ ਕੇਹਾ ਪਰਿੰਦਾ ਸੀ, ਕਿੱਧਰੋਂ ਆਇਆ ਤੇ ਕਿਸ ਜਗ੍ਹਾ ਬੈਠ ਕੇ ਬੋਲਿਆ ਤੇ ਉਸਦੀ ਆਵਾਜ਼ ਵਿਚ ਅਜਿਹਾ ਜਾਦੂ ਕੀ ਸੀ ਜਿਸ ਨੇ ਸਾਰਿਆਂ ਨੂੰ ਸਿੱਲ-ਪੱਥਰ ਕਰ ਦਿੱਤਾ?

ਹੋਰ ਤਾਂ ਹੋਰ ਉਸਦੀ ਆਵਾਜ਼ ਕਰਕੇ ਕੁਝ ਚਿਰ ਲਈ ਲੜਾਈ ਵੀ ਰੁਕ ਗਈ। ਸਾਰੇ ਇਸ ਰਾਜ਼ ਦਾ ਪਤਾ ਕਰਨ ਲਈ ਆਪੋ-ਆਪਣੇ ਘਰਾਂ ਵਿਚੋਂ ਨਿਕਲ ਕੇ ਬਸਤੀ ਦੇ ਮਲਿਕ ਦੀ ਹਵੇਲੀ ਵਿਚ ਆ ਜਾਂਦੇ ਨੇ—ਤੇ ਏਸ ਦੌਰਾਨ ਬਸਤੀ ਦੇ ਮੋਰਚਾਬੰਦ ਨੌਜਵਾਨ ਦੁਸ਼ਮਣ ਬਸਤੀ 'ਤੇ ਦੁਬਾਰਾ ਫ਼ਾਇਰਿੰਗ ਤੇ ਗੋਲਾ ਬਾਰੀ ਸ਼ੁਰੂ ਕਰ ਦਿੰਦੇ ਨੇ ਤੇ ਇੰਜ ਕੁਝ ਚਿਰ ਲਈ ਬੰਦ ਹੋਈ ਜੰਗ ਦੁਬਾਰਾ ਸ਼ੁਰੂ ਹੋ ਜਾਂਦੀ ਹੈ।

ਅਚਾਨਕ ਦੁਸ਼ਮਣ ਬਸਤੀ ਵੱਲੋਂ ਅੱਗ ਦਾ ਵਰ੍ਹਣਾ ਰੁਕ ਜਾਂਦਾ ਹੈ। ਇਹ ਅਮਲ ਦੱਖਣੀ ਬਸਤੀ ਦੇ ਲੋਕਾਂ ਨੂੰ ਹੈਰਾਨ ਕਰ ਦਿੰਦਾ ਹੈ। ਇਸ ਤੋਂ ਪਹਿਲਾਂ ਕਿ ਉਹ ਉਸ ਫ਼ਾਇਰ-ਬੰਦੀ ਦਾ ਕਾਰਨ ਜਾਣਨ, ਬਸਤੀ ਦੇ ਮਲਿਕ ਦਾ ਗਿਆਰਾਂ ਸਾਲਾ ਮੁੰਡਾ ਦੌੜਦਾ ਹੋਇਆ ਆਪਣੇ ਘਰ ਆਉਂਦਾ ਹੈ ਤੇ ਉੱਥੇ ਜੁੜੇ ਹੋਏ ਲੋਕਾਂ ਨੂੰ ਦੱਸਦਾ ਹੈ, "ਉਹ ਪਰਿੰਦਾ ਜਿਹੜਾ ਕੁਝ ਚਿਰ ਲਈ ਏਥੇ ਆਇਆ ਸੀ ਹੁਣ ਉੱਤਰੀ ਬਸਤੀ ਵਿਚ ਚਹਿਕ ਰਿਹਾ ਏ। ਸ਼ਾਇਦ ਉੱਥੋਂ ਦੇ ਲੋਕ ਵੀ ਉਸ ਪਰਿੰਦੇ ਦੀ ਆਵਾਜ਼ ਦੇ ਜਾਦੂ ਵਿਚ ਗ੍ਰਿਫ਼ਤਾਰ ਹੋ ਗਏ ਨੇ...ਏਸੇ ਲਈ ਤਾਂ ਹੁਣ ਉਹ ਲੜ ਨਈਂ ਰਹੇ। ਮੈਂ ਖ਼ੁਦ ਆਪਣੀ ਬਸਤੀ ਦੇ ਬਾਹਰ ਉਸ ਪਰਿੰਦੇ ਦੀ ਆਵਾਜ਼ ਸੁਣੀ ਜਿਹੜੀ ਦੁਸ਼ਮਣਾਂ ਦੇ ਪਿੰਡ ਵਿਚੋਂ ਆ ਰਹੀ ਏ।"

ਕੀ ਮੁੰਡੇ ਦੀ ਗੱਲ ਸੱਚ ਹੈ ? ਕੀ ਵਾਕੱਈ ਉਹ ਅਨੋਖਾ ਪਰਿੰਦਾ ਹੁਣ ਦੁਸ਼ਮਣ ਦੀ ਬਸਤੀ ਵਿਚ ਬੋਲ ਰਿਹਾ ਹੈ ? ਇਸ ਗੱਲ ਦਾ ਕੋਈ ਵੀ ਯਕੀਨ ਨਹੀਂ ਕਰਦਾ ਪਰ ਫੇਰ ਜਦੋਂ ਕੁਝ ਵੱਡੇ ਬਜ਼ੁਰਗ ਤੇ ਮੁੰਡੇ ਦਾ ਪਿਓ ਇਸ ਗੱਲ ਦੀ ਤਸਦੀਕ ਕਰਨ ਲਈ ਬੜੀ ਸਾਵਧਾਨੀ ਨਾਲ ਬਸਤੀ 'ਚੋਂ ਬਾਹਰ ਆਉਂਦੇ ਨੇ ਤਾਂ ਵਾਕੱਈ ਦੂਜੇ ਪਿੰਡ ਵਿਚੋਂ ਪਰਿੰਦੇ ਦੀ ਆਵਾਜ਼ ਆ ਰਹੀ ਹੈ।

ਪਰ ਜਿਵੇਂ ਹੀ ਉੱਥੋਂ ਪਰਿੰਦੇ ਦੀ ਆਵਾਜ਼ ਬੰਦ ਹੁੰਦੀ ਹੈ ਫ਼ੌਰਨ ਹੀ ਦੁਬਾਰਾ ਕਲਾਸਿਨਕੋਫ਼ ਤੇ ਕਲਾਕੋਫ਼ ਦੀ ਫ਼ਾਇਰਿੰਗ ਸ਼ੁਰੂ ਹੋ ਜਾਂਦੀ ਹੈ। ਇਸ ਦੇ ਨਾਲ ਤਸਦੀਕ ਕਰਨ ਵਾਲੇ ਉਹ ਪਤਵੰਤੇ ਫ਼ੌਰਨ ਖਾਈਆਂ ਵਿਚ ਛੁਪ ਜਾਂਦੇ ਨੇ ਤੇ ਕੁਝ ਗੋਲੀਆਂ ਸਨਸਨਾਉਂਦੀਆਂ ਹੋਈਆਂ ਉਹਨਾਂ ਦੇ ਸਿਰਾਂ 'ਤੋਂ ਲੰਘ ਜਾਂਦੀਆਂ ਨੇ।

ਬਾਵਜੂਦ ਇਸ ਦੇ ਕਿ ਲੜਾਈ ਹੋ ਰਹੀ ਹੈ ਫੇਰ ਵੀ ਬਸਤੀ ਦੇ ਲੋਕ ਮਲਿਕ ਦੇ ਘਰ ਵਿਚ ਇਕੱਠੇ ਹੋਏ ਹੋਏ ਨੇ ਤੇ ਅਜੇ ਤਕ ਉਹਨਾਂ ਦਾ ਵਿਸ਼ਾ ਉਹ ਪਰਿੰਦਾ ਹੀ ਹੈ। ਸਾਰੇ ਇਕ ਦੂਜੇ ਨੂੰ ਪੁੱਛ ਰਹੇ ਨੇ ਕਿ ਇਸ ਪਰਿੰਦੇ ਦੀ ਆਵਾਜ਼ ਵਿਚ ਆਖ਼ਰ ਅਜਿਹੀ ਕਿਹੜੀ ਗੱਲ ਹੈ ਕਿ ਜਦੋਂ ਅਸੀਂ ਉਸਨੂੰ ਸੁਣ ਰਹੇ ਸੀ ਤਾਂ ਸਾਡੇ ਦਿਲਾਂ ਵਿਚ ਇਕ ਦੂਜੇ ਲਈ ਮੁਹੱਬਤ ਦੀ ਗੂੰਜ ਫੁੱਟ ਰਹੀ ਸੀ ਤੇ ਨਫ਼ਰਤ ਦੇ ਕਾਲੇ ਕਾਂ ਉੱਥੋਂ ਉੱਡ ਗਏ ਸਨ। ਕੀ ਇਹ ਪਰਿੰਦਾ ਕੋਈ ਫ਼ਰਿਸ਼ਤਾ ਤਾਂ ਨਹੀਂ ਸੀ ਜਿਹੜਾ ਸਾਡੇ ਕਾਲੇ ਦਿਲਾਂ ਵਿਚ ਪਿਆਰ ਤੇ ਸੁਲਾਹ-ਸਫ਼ਾਈ ਦਾ ਨੂਰ ਭਰਨ ਆਇਆ ਸੀ ?

ਮਲਿਕ ਦਾ ਛੋਟਾ ਮੁੰਡਾ ਜਿਸਨੇ ਉੱਤਰੀ ਪਿੰਡ ਵਿਚ ਪਰਿੰਦੇ ਦੀ ਆਵਾਜ਼ ਸੁਣੀ ਸੀ, ਕੁਝ ਵਧੇਰੇ ਹੀ ਬੇਚੈਨ ਤੇ ਉਤੇਜਤ ਹੈ। ਉਹ ਆਪਣੀ ਮਾਂ, ਭੈਣਾਂ ਦੇ ਹੋਰ ਔਰਤਾਂ ਨੂੰ ਪੁੱਛ ਰਿਹਾ ਹੈ ਕਿ ਜਦੋਂ ਹਰੇਕ ਨੂੰ ਇੰਜ ਲੱਗ ਰਿਹਾ ਹੈ ਕਿ 'ਉਹ ਪਰਿੰਦਾ ਉਸਦੇ ਘਰ 'ਚ ਬੋਲ ਰਿਹਾ ਹੋਏ ਤਾਂ ਉਹ ਕਿਸੇ ਨੂੰ ਨਜ਼ਰ ਕਿਉਂ ਨਈਂ ਆਉਂਦਾ! ਸਾਨੂੰ



ਉਸ ਪਰਿੰਦੇ ਨੂੰ ਦੇਖਣਾ ਚਾਹੀਦਾ ਏ ਕਿ ਉਸਦੇ ਖੰਭ ਕੈਸੇ ਨੇ, ਅੱਖਾਂ ਤੇ ਚੁੰਝ ਕੇਹੀ ਏ ਤੇ ਉਹ ਕਿੰਨਾ ਪਿਆਰਾ ਤੇ ਖ਼ੂਬਸੂਰਤ ਏ ?'

ਅਚਾਨਕ ਦੱਖਣੀ ਬਸਤੀ ਵਿਚ ਖੰਭਾਂ ਦੀ ਫੜਫੜਾਹਟ ਸੁਣਾਈ ਦਿੰਦੀ ਹੈ ਤੇ ਉਸਦੇ ਨਾਲ ਹੀ ਪਰਿੰਦਾ ਦੁਬਾਰਾ ਬੋਲ ਪੈਂਦਾ ਹੈ। ਪਰਿੰਦੇ ਦੀ ਆਵਾਜ਼ ਸੁਣ ਕੇ ਲੋਕ ਖ਼ੁਸ਼ੀ ਨਾਲ ਕਿਲਕਾਰੀਆਂ ਮਾਰਨ ਲੱਗਦੇ ਨੇ, "ਪਰਿੰਦਾ ਆ ਗਿਆ, ਪਰਿੰਦਾ ਆ ਗਿਆ।"

ਪਰਿੰਦੇ ਦੀ ਆਵਾਜ਼ ਜਦੋਂ ਮੋਰਚਿਆਂ ਵਿਚ ਬੈਠੇ ਜੰਗਬਾਜ਼ ਨੌਜਵਾਨਾਂ ਦੇ ਕੰਨਾਂ ਨਾਲ ਟਕਰਾਉਂਦੀ ਹੈ ਤਾਂ ਉਹ ਵੀ ਇੰਜ ਫ਼ਾਇਰਿੰਗ ਬੰਦ ਕਰ ਦਿੰਦੇ ਨੇ ਜਿਵੇਂ ਕਿਸੇ ਨੇ ਉਹਨਾਂ ਦੇ ਹੱਥਾਂ ਦੀਆਂ ਉਂਗਲਾਂ ਸਿਲ ਕਰ ਦਿੱਤੀਆਂ ਹੋਣ।

ਪਰਿੰਦੇ ਦੀ ਇਹ ਚਹਿਕ ਕੀ ਹੈ, ਜਿਵੇਂ ਬਹੁਤ ਸਾਰੀਆਂ ਪਰੀਆਂ ਮਿਲ ਕੇ ਇਕੋ ਸੁਰ ਵਿਚ ਕਈ ਬੰਸਰੀਆਂ ਵਜਾ ਰਹੀਆਂ ਹੋਣ।

ਜਿਹੜਾ ਵੀ ਇਹ ਸੁਣਦਾ ਹੈ ਉਹ ਚਾਰੇ-ਪਾਸੇ ਦੇਖਣ ਲੱਗਦਾ ਹੈ, ਕਿ ਆਖ਼ਰ ਇਹ ਆਵਾਜ਼ ਏਨੀ ਨੇੜੇ ਹੈ, ਪਰ ਕਿੱਥੋਂ ਆ ਰਹੀ ਹੈ...ਪਰ ਉਹ ਪਰਿੰਦਾ ਕਿਧਰੇ ਵੀ ਦਿਖਾਈ ਨਹੀਂ ਦਿੰਦਾ।

ਇਸੇ ਆਲਮ ਵਿਚ ਮਲਿਕ ਦਾ ਛੋਟਾ ਮੁੰਡਾ ਆਪਣੇ ਘਰੋਂ ਬਾਹਰ ਨਿਕਲਦਾ ਹੈ। ਉਹ ਗਲੀ-ਗਲੀ, ਕੂਚੇ ਕੂਚੇ ਭੌਂਦਾ ਹੈ। ਇਕ ਇਕ ਘਰ ਦੇ ਅੰਦਰ ਝਾਕ ਕੇ ਦੇਖਦਾ ਹੈ। ਹਰ ਦਰਖ਼ਤ ਦੀ ਟਾਹਣੀ ਨੂੰ ਗਹੁ ਨਾਲ ਦੇਖਦਾ ਕਿ ਸ਼ਾਇਦ ਕਿਤੇ ਪਰਿੰਦਾ ਨਜ਼ਰ ਆ ਜਾਏ...ਪਰ ਪਰਿੰਦਾ ਕਿਧਰੇ ਵੀ ਉਸਨੂੰ ਨਹੀਂ ਦਿੱਸਦਾ। ਉਹ ਇਸੇ ਟੋਹ ਵਿਚ ਕਈ ਘਰਾਂ ਦੀਆਂ ਛੱਤਾਂ 'ਤੇ ਵੀ ਚੜ੍ਹਦਾ ਹੈ ਕਿ ਹੋ ਸਕਦਾ ਹੈ ਕਿ ਪਰਿੰਦਾ ਉਸਨੂੰ ਉੱਥੇ ਕਿਤੇ ਦਿੱਸ ਪਵੇ ਪਰ ਪਰਿੰਦਾ ਉਹਨਾਂ ਛੱਤਾਂ 'ਤੇ ਵੀ ਨਹੀਂ ਹੁੰਦਾ।

ਪਰਿੰਦਾ ਆਪਣੀ ਮਿੱਠੀ ਆਵਾਜ਼ ਵਿਚ ਲਗਾਤਾਰ ਚਹਿਕ ਰਿਹਾ ਹੈ। ਬਸਤੀ ਦੇ ਸਾਰੇ ਲੋਕ ਅੱਖਾਂ ਬੰਦ ਕਰਕੇ ਉਸ ਦੀ ਆਵਾਜ਼ 'ਤੇ ਮਸਤਾਂ ਵਾਂਗ ਝੂੰਮ ਰਹੇ ਨੇ। ਕਦੇ-ਕਦਾਰ ਤਾਂ ਅਜਿਹਾ ਗੁਮਾਨ ਵੀ ਹੁੰਦਾ ਹੈ ਜਿਵੇਂ ਕੋਹਕਾਫ਼ ਦਾ ਕੋਈ ਸੰਗੀਤਕਾਰ ਆਇਆ ਹੋਵੇ ਤੇ ਆਪਣੇ ਸਾਜ ਉਪਰ ਕੋਈ ਖ਼ੂਬਸੂਰਤ ਗੀਤ ਛੋਹੀ ਬੈਠਾ ਹੋਵੇ। ਪਰਿੰਦੇ ਦੀ ਮਿੱਠੀ ਆਵਾਜ਼ ਦੀ ਜਾਲਮ ਮੱਕੜੀ ਨੇ ਸਾਰੇ ਬਸਤੀ ਵਾਲਿਆਂ ਨੂੰ ਆਪਣੇ ਜਾਲ ਵਿਚ ਬੰਨ੍ਹ ਲਿਆ ਹੈ ਤੇ ਗ਼ਜ਼ਬ ਇਹ ਕਿ ਕੋਈ ਵੀ ਇਸ ਜਾਲ ਵਿਚੋਂ ਨਿਕਲਣਾ ਨਹੀਂ ਚਾਹੁੰਦਾ। ਜੰਗਜੂ ਨੌਜਵਾਨਾਂ ਦੀ ਹਾਲਤ ਹੀ ਕੁਝ ਹੋਰ ਹੈ—ਉਹ ਸਾਰੇ ਆਪਣੇ ਮੋਰਚਿਆਂ ਵਿਚ ਖੜ੍ਹੇ ਉਸ ਹਸੀਨ ਆਸਮਾਨੀ ਗੀਤ 'ਤੇ ਨੱਚ ਰਹੇ ਨੇ ਪਰ ਜਿਵੇਂ ਹੀ ਪਰਿੰਦੇ ਦੀ ਆਵਾਜ਼ ਬੰਦ ਹੋ ਜਾਂਦੀ ਹੈ ਦੁਬਾਰਾ ਉਹ ਬਸਤੀ ਅੱਗ ਉਗਣੀ ਸ਼ੁਰੂ ਕਰ ਦਿੰਦੀ ਹੈ।

ਹੁਣ ਦੋਵਾਂ ਬਸਤੀਆਂ ਦਾ ਇਕ ਨਵੀਂ ਸਥਿਤੀ ਨਾਲ ਵਾਸਤਾ ਪੈਂਦਾ ਹੈ। ਪਰਿੰਦਾ ਜਿੱਥੇ-ਜਿੱਥੇ ਜਾਂਦਾ ਹੈ ਉੱਥੇ ਲੋਕ ਲੜਨਾ ਬੰਦ ਕਰ ਦਿੰਦੇ ਨੇ—ਇਹ ਕੀ ? ਜਿਵੇਂ ਹੀ ਪਰਿੰਦੇ ਦਾ ਆਉਣਾ-ਜਾਣਾ ਤੇਜ਼ ਹੋ ਰਿਹਾ ਹੈ, ਲੜਾਈ ਨੂੰ ਵੀ ਠੱਲ੍ਹ ਪੈ ਰਹੀ ਹੈ। ਜੰਗ ਵਿਚ ਰੁੱਝੇ ਨੌਜਵਾਨਾਂ ਨੂੰ ਇਕ ਅਜੀਬ ਦਿਮਾਗ਼ੀ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਉਹ ਪਰਿੰਦੇ ਦੀ ਆਵਾਜ਼ ਸੁਣਦੇ ਨੇ ਤਾਂ ਉਹਨਾਂ ਨੂੰ ਜੰਗ ਨਾਲ ਨਫ਼ਰਤ ਹੋ

ਜਾਂਦੀ ਹੈ ਪਰ ਜਿਵੇਂ ਹੀ ਇਹ ਆਵਾਜ਼ ਚੁੱਪ ਹੋ ਜਾਂਦੀ ਹੈ ਤਾਂ ਪੁਰਾਣੀ ਨਫ਼ਰਤ ਦੇ ਝਾੜ ਫੇਰ ਉਹਨਾਂ ਦੇ ਦਿਲਾਂ ਵਿਚ ਉੱਗ ਆਉਂਦੇ ਨੇ, ਤੇ ਉਹ ਦੁਬਾਰਾ ਦੁਸ਼ਮਣ 'ਤੇ ਵਾਰ ਕਰਨਾ ਸ਼ੁਰੂ ਕਰ ਦਿੰਦੇ ਨੇ।

ਮਲਿਕ ਦੇ ਗਿਆਰਾਂ ਸਾਲਾ ਮੁੰਡੇ ਨੂੰ ਉਸਦੇ ਘਰ ਵਾਲਿਆਂ ਨੇ ਘਰ ਵਿਚ ਡੱਕ ਦਿੱਤਾ ਹੈ। ਉਹ ਚਾਹੁੰਦਾ ਹੈ ਕਿ ਉਹ ਬਾਹਰ ਜਾਏ, ਪਰਿੰਦੇ ਦੀ ਭਾਲ ਕਰੇ ਤੇ ਉਸਨੂੰ ਫੜ ਲਏ ਤਾਂ ਕਿ ਪਰਿੰਦਾ ਲਗਾਤਾਰ ਬੋਲਦਾ ਰਹੇ ਤੇ ਉਸਦੇ ਉੱਡ ਜਾਣ ਦਾ ਡਰ ਨਾ ਹੋਵੇ ਤੇ ਇੰਜ ਲੜਾਈ ਦਾ ਮੁਕੰਮਲ ਖ਼ਾਤਮਾ ਹੋ ਜਾਏ। ਪਰ ਉਸਦੇ ਮਾਂ-ਬਾਪ ਤੇ ਭਰਾ-ਭੈਣਾਂ ਦਾ ਕਹਿਣਾ ਹੈ ਕਿ ਬਾਹਰ ਖ਼ਤਰਾ ਹੈ, ਦੁਸ਼ਮਣ ਦੀਆਂ ਗੋਲੀਆਂ ਵਰ੍ਹ ਰਹੀਆਂ ਨੇ ਤੇ ਕੋਈ ਵੀ ਗੋਲੀ ਉਸਦੀ ਜਾਨ ਲੈ ਸਕਦੀ ਹੈ। ਉਹ ਮੁੰਡਾ ਚੀਕਦਾ ਹੈ, ਰੋਂਦਾ ਹੈ ਪਰ ਕੋਈ ਵੀ ਉਸਦੀ ਗੱਲ ਨਹੀਂ ਮੰਨਦਾ। ਆਖ਼ਰ ਉਹ ਘਰ ਵਾਲਿਆਂ ਤੋਂ ਚੋਰੀ-ਛੁੱਪੇ ਇਕ ਟੁੱਟੀ ਹੋਈ ਕੰਧ ਰਾਹੀਂ ਘਰੋਂ ਬਾਹਰ ਆ ਜਾਂਦਾ ਹੈ।

ਮੁੰਡਾ ਕਾਹਲ ਵਿਚ ਬੂਟ ਪਾਉਣਾ ਵੀ ਭੁੱਲ ਗਿਆ ਹੈ। ਦੋਵਾਂ ਬਸਤੀਆਂ ਨੂੰ ਚਾਰੇ-ਪਾਸਿਓਂ ਪਹਾੜੀਆਂ ਨੇ ਇੰਜ ਘੇਰਿਆ ਹੋਇਆ ਸੀ ਜਿਵੇਂ ਬੱਚੇ ਆਪਣੀ ਮਾਂ ਦੀ ਗੋਦ ਵਿਚ ਹੋਣ। ਹੁਣ ਮੁੰਡਾ ਬਸਤੀ ਦੇ ਪਿਛਲੇ ਪਾਸੇ ਪਹਾੜੀਆਂ ਦੀ ਬੁੱਕਲ ਵਿਚ ਪਰਿੰਦੇ ਨੂੰ ਭਾਲ ਰਿਹਾ ਹੈ। ਉਸਦੇ ਕੰਨਾਂ ਵਿਚ ਪਰਿੰਦੇ ਦੇ ਖੰਭਾਂ ਦੀ ਫੜਫੜਾਹਟ ਲਗਾਤਾਰ ਗੂੰਜ ਰਹੀ ਹੈ ਇਸ ਲਈ ਉਹ ਝੱਲਿਆਂ ਵਾਂਗ ਵੱਡੇ-ਵੱਡੇ ਪੱਥਰਾਂ 'ਤੇ ਦੌੜ ਰਿਹਾ ਹੈ ਕਿ ਪਰਿੰਦਾ ਏਥੇ ਕਿਤੇ ਹੀ ਹੋਵੇਗਾ ਪਰ ਪਰਿੰਦਾ ਉਸਨੂੰ ਲੱਭ ਨਹੀਂ ਰਿਹਾ। ਇਸ ਭਾਲ ਵਿਚ ਉਸਦਾ ਮੱਥਾ ਤੇ ਸਾਰਾ ਸਰੀਰ ਪਸੀਨੇ ਨਾਲ ਲੱਥਪੱਥ ਹੋ ਗਿਆ ਹੈ ਤੇ ਉਸਦੇ ਪੈਰ ਨੁਕੀਲੇ ਪੱਥਰਾਂ ਤੇ ਕੰਡੇਦਾਰ ਝਾੜੀਆਂ ਨੇ ਜ਼ਖ਼ਮੀ ਕਰ ਦਿੱਤੇ ਨੇ।

ਲੜਾਈ ਵਿਚ ਹੁਣ ਬੜੀ ਤੇਜ਼ੀ ਆ ਗਈ ਹੈ। ਲੋਕ ਕਲਮਾ ਵਿਰਦ ਪੜ੍ਹ ਰਹੇ ਨੇ, ਨੇਕ ਰੂਹਾਂ ਨੂੰ ਯਾਦ ਕਰ ਰਹੇ ਨੇ ਤੇ ਆਸੇ-ਪਾਸੇ ਡਰੀਆਂ, ਸਹਿਮੀਆਂ ਨਿਗਾਹਾਂ ਨਾਲ ਦੇਖ ਰਹੇ ਨੇ। ਪਰ ਦੂਜੇ ਪਾਸੇ ਮਲਿਕ ਦੇ ਘਰ ਵਿਚ ਇਕ ਤਰਥਲ ਮੱਚਿਆ ਹੋਇਆ ਹੈ। ਮੁੰਡੇ ਦੀ ਮਾਂ ਤੇ ਭੈਣਾਂ ਉਸਦੇ ਲਾਪਤਾ ਹੋ ਜਾਣ 'ਤੇ ਰੋ ਰਹੀਆਂ ਨੇ। ਮੁੰਡੇ ਨੂੰ ਸਾਰੀ ਬਸਤੀ ਵਿਚ ਲੱਭਿਆ ਜਾ ਰਿਹਾ ਹੈ ਪਰ ਉਸਦਾ ਕੋਈ ਅਤਾ-ਪਤਾ ਨਹੀਂ। ਮਲਿਕ ਤੇ ਹੋਰ ਲੋਕ ਉਹਨਾਂ ਔਰਤਾਂ ਨੂੰ ਤਸੱਲੀ ਦੇ ਰਹੇ ਨੇ ਕਿ ਮੁੰਡਾ ਏਥੇ ਕਿਧਰੇ ਹੀ ਹੋਵੇਗਾ। ਆ ਜਾਏਗਾ। ਪਰ ਉਹਨਾਂ ਔਰਤਾਂ ਦਾ ਕਹਿਣਾ ਹੈ ਕਿ ਬੱਚੇ ਨੂੰ ਜ਼ਰੂਰ ਕਿਧਰੇ ਗੋਲੀ ਲੱਗ ਗਈ ਏ ਤੇ ਉਸਦੀ ਲਾਸ਼ ਕਿਸੇ ਖਾਈ ਵਿਚ ਪਈ ਹੋਏਗੀ।

ਪਹਾੜਾਂ ਦੇ ਦਾਮਨ ਵਿਚ ਮੁੰਡੇ ਨੇ ਆਪਣੀ ਭਾਲ ਜਾਰੀ ਰੱਖੀ ਹੋਈ ਹੈ। ਇੱਥੇ ਵੀ ਬਸਤੀ ਦੇ ਗਲੀ-ਕੂਚਿਆਂ ਵਾਂਗ ਬਹੁਤ ਸਾਰੀਆਂ ਲਾਸ਼ਾਂ ਪਈਆਂ ਹੋਈਆਂ ਨੇ—ਇਹ ਸਭ ਜੰਗ ਨੇ ਸ਼ਿਕਾਰ ਕੀਤੇ ਨੇ। ਅਚਾਨਕ ਇਕ ਵੱਡੇ ਸਾਰੇ ਪੱਥਰ ਦੀ ਓਟ ਵਿਚੋਂ ਉਸਨੂੰ ਇਕ ਅਜੀਬ ਜਿਹੀ ਆਵਾਜ਼ ਸੁਣਾਈ ਦੇਂਦੀ ਹੈ। ਉਹ ਖ਼ੁਸ਼ ਹੋ ਜਾਂਦਾ ਹੈ ਤੇ ਉਸਨੂੰ ਯਕੀਨ ਹੋ ਜਾਂਦਾ ਹੈ ਕਿ ਇਹ ਜ਼ਰੂਰ ਪਰਿੰਦਾ ਹੋਏਗਾ ਪਰ ਪੱਥਰ ਦੇ ਪਿੱਛੋਂ ਇਕ ਬੁੱਢਾ ਨਿਕਲਦਾ ਹੈ। ਇਹ ਅਜਨਬੀ ਬੁੱਢਾ ਇਨਬਿਨ ਉਹਨਾਂ ਫ਼ਰਿਸ਼ਤਿਆਂ ਵਰਗਾ ਹੈ ਜਿਹਨਾਂ ਦੀਆਂ



ਕਹਾਣੀਆਂ ਉਸ ਮੁੰਡੇ ਨੇ ਆਪਣੀ ਮਾਂ ਤੇ ਭੈਣਾਂ ਕੋਲੋਂ ਸੁਣੀਆਂ ਹੋਈਆਂ ਨੇ।

ਜਿੱਥੇ ਬੁੱਢੇ ਦੀ ਸਫ਼ੇਦ ਲੰਮੀ ਦਾੜ੍ਹੀ, ਸਫ਼ੇਦ ਲੰਮੇ ਵਾਲ ਤੇ ਜਿਸਮ 'ਤੇ ਸਫ਼ੇਦ ਲਿਬਾਸ ਹੈ, ਉੱਥੇ ਹੀ ਉਸਦੇ ਜਿਸਮ ਵਿਚੋਂ ਸਫ਼ੇਦ ਰੋਸ਼ਨੀ ਵੀ ਫੁੱਟ ਰਹੀ ਹੈ। ਉਹ ਸਿਰ ਤੋਂ ਪੈਰਾਂ ਤਕ ਨੂਰ ਦਾ ਬੁੱਤ ਜਾਪਦਾ ਹੈ। ਬੁੱਢੇ ਦਾ ਇਹ ਹੁਲੀਆ ਵੇਖ ਕੇ ਮੁੰਡਾ ਘਬਰਾ ਜਾਂਦਾ ਹੈ।

"ਡਰ ਨਾ, ਮੇਰੇ ਪਿਆਰੇ ਬੇਟੇ, ਏਧਰ ਆ।" ਬੁੱਢਾ ਪਿਆਰ ਨਾਲ ਉਸਨੂੰ ਕਹਿੰਦਾ ਹੈ।

ਮੁੰਡਾ ਸਹਿਮਿਆਂ ਜਿਹਾ ਉਸ ਵੱਲ ਵਧਦਾ ਹੈ। ਬੁੱਢਾ ਉਸਦਾ ਮੱਥਾ ਚੁੰਮਦਾ ਹੈ। "ਤੂੰ ਦੱਖਣੀ ਪਿੰਡ ਦਾ ਰਹਿਣ ਵਾਲਾ ਏਂ ਨਾ, ਮੈਂ ਤੈਨੂੰ ਜਾਣਦਾ ਆਂ।"

ਮੁੰਡਾ ਬੁੱਢੇ ਵੱਲ ਹੈਰਾਨੀ ਨਾਲ ਦੇਖ ਰਿਹਾ ਹੈ।

"ਤੂੰ ਪਰਿੰਦੇ ਨੂੰ ਲੱਭ ਰਿਹਾ ਏਂ ਤਾਂਕਿ ਤੇਰੀ ਬਸਤੀ ਵਿਚ ਹਮੇਸ਼ਾ ਲਈ ਅਮਨ ਹੋ ਜਾਏ...।" ਮੁੰਡੇ ਦੀ ਹੈਰਾਨੀ ਹੋਰ ਵੀ ਵਧ ਜਾਂਦੀ ਹੈ।

"ਤੁਹਾਨੂੰ ਇਹ ਸਾਰੀਆਂ ਗੱਲਾਂ ਕਿਵੇਂ ਪਤਾ ਲੱਗੀਆਂ ?"

"ਮੇਰਾ ਨਾਂ ਬੇਟ ਏ।" ਬੁੱਢਾ ਹੱਸਦਾ ਹੈ। "ਦੱਖਣੀ ਤੇ ਉੱਤਰੀ ਦੋਵਾਂ ਬਸਤੀਆਂ ਦੇ ਲੋਕ ਮੇਰੀ ਔਲਾਦ ਨੇ। ਮੈਂ ਤਾਂ ਉਹਨਾਂ ਦੀ ਸਲਾਮਤੀ ਲਈ ਅੱਲ੍ਹਾ ਪਾਕ ਤੋਂ ਬਹੁਤ ਸਾਰੀਆਂ ਦੁਆਵਾਂ ਮੰਗੀਆਂ ਸਨ ਪਰ ਪਤਾ ਨਈਂ ਕਿਉਂ ਇਹ ਦੂਜਿਆਂ ਦੀਆਂ ਸਾਜ਼ਿਸ਼ਾਂ ਦੇ ਸ਼ਿਕਾਰ ਹੋ ਕੇ ਆਪਣੇ-ਆਪ ਨੂੰ ਖ਼ਤਮ ਕਰ ਰਹੇ ਨੇ।"

"ਤੁਸੀਂ ਸਾਡੇ ਦਾਦਾ ਓ ਪਰ ਮੈਂ ਤਾਂ ਕਦੀ ਵੀ ਤੁਹਾਡੇ ਬਾਰੇ ਨਈਂ ਸੁਣਿਆਂ।" ਮੁੰਡਾ ਬੁੱਢੇ ਵੱਲ ਗਹੁ ਨਾ ਤੱਕਦਾ ਹੈ। "ਤੁਸੀਂ ਮੇਰੇ ਨਾਲ ਪਿੰਡ ਕਿਓਂ ਨਈਂ ਚਲੇ ਚਲਦੇ ?"

"ਪਿੰਡ ਤਾਂ ਮੈਂ ਓਦੋਂ ਆਵਾਂਗਾ ਜਦੋਂ ਮੈਂ ਤੁਹਾਨੂੰ ਪਰਿੰਦਾ ਦੇਵਾਂਗਾ।" ਬੁੱਢਾ ਮੁੰਡੇ ਦੇ ਸਿਰ 'ਤੇ ਮੋਹ ਨਾਲ ਹੱਥ ਰੱਖਦਾ ਹੈ।

"ਤਾਂ ਕੀ ਉਹ ਪਰਿੰਦਾ ਤੁਹਾਡਾ ਏ ਜਿਹੜਾ ਸਾਡੀ ਬਸਤੀ 'ਚ ਆਉਂਦਾ ਏ ਤੇ ਗਾਉਂਦਾ ਏ ?" ਮੁੰਡਾ ਖਿੜ ਜਾਂਦਾ ਹੈ।

"ਬਿਲਕੁਲ।" ਬੁੱਢਾ ਮੁਸਕੁਰਾਉਂਦਾ ਹੈ, "ਉਸਨੂੰ ਮੈਂ ਈ ਭੇਜਦਾ ਆਂ। ਮੈਂ ਤਾਂ ਚਾਹੁੰਦਾ ਆਂ ਕਿ ਜੰਗ ਰੁਕ ਜਾਏ ਪਰ ਕੰਬਖ਼ਤ ਨਈਂ ਰੁਕਦੀ। ਆ ਤੈਨੂੰ ਸਾਹਮਣੇ ਪਹਾੜ ਵਿਚ ਬਣੀ ਆਪਣੀ ਗਾਰ ਵਿਚ ਲੈ ਚੱਲਾਂ ਜਿੱਥੇ ਮੈਂ ਉਹ ਪਰਿੰਦਾ ਰੱਖਿਆ ਹੋਇਆ ਏ।"

"ਚੱਲੋ।" ਮੁੰਡਾ ਖ਼ੁਸ਼ੀ-ਖ਼ੁਸ਼ੀ ਉਸ ਅਜਨਬੀ ਬੁੱਢੇ ਨਾਲ ਤੁਰ ਪੈਂਦਾ ਹੈ।

ਮਲਿਕ ਦੇ ਘਰ ਵਿਚ ਇਸ ਵੇਲੇ ਚੀਕ-ਚਿਹਾੜਾ ਪਿਆ ਹੋਇਆ ਹੈ। ਔਰਤਾਂ ਵੈਣ ਕਰ ਰਹੀਆਂ ਨੇ। ਅਚਾਨਕ ਬਸਤੀ ਦਾ ਇਕ ਆਦਮੀ ਬਾਹਰੋਂ ਭੱਜਿਆ ਆਉਂਦਾ ਹੈ ਤੇ ਇਹ ਖ਼ੁਸ਼ਖ਼ਬਰੀ ਲਿਆਉਂਦਾ ਹੈ ਕਿ ਮੁੰਡਾ ਜਿਊਂਦਾ ਹੈ।

"ਕਿੱਥੇ ਐ ?" ਮੁੰਡੇ ਦੀ ਮਾਂ ਮਾਤਮ ਛੱਡ ਕੇ ਉਸ ਵੱਲ ਭੱਜੀ ਆਉਂਦੀ ਹੈ।

"ਪਹਾੜਾਂ ਦੇ ਦਮਨ 'ਚ!"

ਲੋਕਾਂ ਵਿਚ ਇਕ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ ਹੈ।

"ਤੂੰ ਉਸਨੂੰ ਆਪਣੇ ਨਾਲ ਕਿਓਂ ਨਈਂ ਲਿਆਇਆ?" ਸਾਰੇ ਜਣੇ ਇਕ ਜ਼ਬਾਨ 'ਚ ਉਸ ਆਦਮੀ ਨੂੰ ਪੁੱਛ ਰਹੇ ਨੇ।

"ਮੈਂ ਡਰਦਾ ਮਾਰਿਆ ਉਸਨੂੰ ਆਪਣੇ ਨਾਲ ਨਈਂ ਲਿਆ ਸਕਿਆ।"

"ਕਿਓਂ? ਡਰ ਕੇਹਾ?" ਲੋਕ ਹੈਰਾਨ ਹੋ ਜਾਂਦੇ ਨੇ।

"ਉਹ ਇਕ ਅਜਿਹੇ ਬੁੱਢੇ ਦੇ ਨਾਲ ਸੀ ਜਿਸਦੇ ਜਿਸਮ ਵਿਚੋਂ ਸਫ਼ੇਦ ਰੋਸ਼ਨੀ ਨਿਕਲ ਰਹੀ ਸੀ ਤੇ ਨਾਲੇ ਉਹ ਅਜਨਬੀ ਬੁੱਢਾ ਜ਼ਮੀਨ 'ਤੇ ਖੜ੍ਹਾ ਵੀ ਨਈਂ ਸੀ ਹੋਇਆ— ਬਲਕਿ ਹਵਾ ਵਿਚ ਤੈਰ ਰਿਹਾ ਸੀ। ਬਸ, ਡਰ ਦੇ ਮਾਰੇ ਮੇਰੇ ਹੱਥ ਪੈਰ ਸਿਲ ਹੋ ਗਏ ਤੇ ਇਸ ਤੋਂ ਪਹਿਲਾਂ ਕਿ ਮੈਂ ਕੁਛ ਹਿੰਮਤ ਕਰਦਾ ਉਹ ਦੋਵੇਂ ਉੱਥੋਂ ਗ਼ਾਇਬ ਹੋ ਚੁੱਕੇ ਸੀ। ਮੇਰਾ ਤਾਂ ਖ਼ਿਆਲ ਏ ਕਿ ਉਹ ਬੱਢਾ ਉੱਤਰੀ ਬਸਤੀ ਵਾਲਿਆਂ ਵੱਲੋਂ ਭੇਜਿਆ ਹੋਇਆ ਕੋਈ ਜਾਦੂਗਰ ਸੀ।"

ਹੁਣ ਇਕ ਨਵਾਂ ਡਰ ਪੁਰਾਣੇ ਡਰ ਦੀ ਥਾਂ ਲੈ ਚੁੱਕਿਆ ਹੈ ਕਿ ਕਿਤੇ ਦੁਸ਼ਮਣ ਦਾ ਜਾਦੂਗਰ ਬੱਚੇ ਨੂੰ ਮਾਰ ਹੀ ਨਾ ਦੇਵੇ। ਫ਼ੌਰਨ ਹੀ ਕੁਝ ਮਰਦਾਂ ਦੀ ਇਕ ਟੋਲੀ ਬਣਾਈ ਜਾਂਦੀ ਹੈ ਜਿਹੜੀ ਪਹਾੜਾਂ ਵੱਲ ਰਵਾਨਾ ਹੋ ਜਾਂਦੀ ਹੈ।

ਹੁਣ ਜਿੱਥੇ ਸਾਰੀ ਬਸਤੀ ਵਿਚ ਮੁੰਡੇ ਦੀ ਸਲਾਮਤੀ ਲਈ ਦੁਆਵਾਂ ਮੰਗੀਆਂ ਜਾ ਰਹੀਆਂ ਨੇ ਉੱਥੇ ਹੀ ਪਰਿੰਦੇ ਦੀ ਉਡੀਕ ਵੀ ਹੈ। ਸਾਰੇ ਚਾਹੁੰਦੇ ਨੇ ਕਿ ਉਹ ਪਰਿੰਦੇ ਦੀ ਖ਼ੂਬਸੂਰਤ ਆਵਾਜ਼ ਦੁਬਾਰਾ ਸੁਣਨ ਕਿਉਂਕਿ ਇਹੀ ਤਾਂ ਉਹ ਆਵਾਜ਼ ਹੈ ਜਿਹੜੀ ਉਹਨਾਂ ਦੇ ਜ਼ਖ਼ਮਾਂ ਦੀ ਮਲ੍ਹਮ ਤੇ ਉਹਨਾਂ ਦੇ ਦੁੱਖਾਂ ਦਾ ਇਲਾਜ਼ ਹੈ।

ਮੁੰਡੇ ਦੀ ਭਾਲ ਕਰਨ ਵਾਲੀ ਟੋਲੀ ਜਿਵੇਂ ਹੀ ਪਹਾੜਾਂ ਦੇ ਦਾਮਨ 'ਚ ਆਉਂਦੀ ਹੈ ਤਾਂ ਅਚਾਨਕ ਮੁੰਡੇ ਦੀ ਆਵਾਜ਼ ਸੁਣ ਕੇ ਰੁਕ ਜਾਂਦੀ ਹੈ ਜਿਹੜਾ ਦੂਰੋਂ ਦੌੜਦਾ ਹੋਇਆ ਉਹਨਾਂ ਵੱਲ ਆ ਰਿਹਾ ਹੈ।

"ਬਾਬਾ...ਬਾਬਾ, ਮੈਨੂੰ ਪਰਿੰਦਾ ਮਿਲ ਗਿਆ। ਮੈਂ ਪਰਿੰਦੇ ਨੂੰ ਲੈ ਆਇਆ ਆਂ।"

ਮੁੰਡੇ ਨੂੰ ਸਹੀ ਸਲਾਮਤ ਦੇਖ ਕੇ ਜਿੱਥੇ ਮੁੰਡੇ ਦਾ ਪਿਓ ਤੇ ਹੋਰ ਲੋਕ ਖ਼ੁਸ਼ ਹੋ ਜਾਂਦੇ ਨੇ, ਓਥੇ ਮੁੰਡੇ ਦੀ ਇਸ ਅਨੋਖੀ ਗੱਲ 'ਤੇ ਸਾਰੇ ਹੈਰਾਨ ਵੀ ਹੋ ਜਾਂਦੇ ਨੇ ਕਿਉਂਕਿ ਮੁੰਡਾ ਖ਼ਾਲੀ ਹੱਥ ਹੈ ਤੇ ਉਸ ਕੋਲ ਕੋਈ ਪਰਿੰਦਾ ਨਹੀਂ ਹੈ। ਸਾਰਿਆਂ ਨੂੰ ਯਕੀਨ ਹੋ ਜਾਂਦਾ ਹੈ ਕਿ ਜਾਦੂਗਰ ਬੁੱਢੇ ਨੇ ਮੁੰਡੇ ਨੂੰ ਆਖ਼ਰ ਪਾਗ਼ਲ ਕਰ ਹੀ ਦਿੱਤਾ।

"ਮੁੰਡਿਆ ਤੇਰਾ ਦਿਮਾਗ਼ ਤਾਂ ਠੀਕ ਐ?" ਮਲਿਕ ਨੂੰ ਗੁੱਸਾ ਆ ਜਾਂਦਾ ਹੈ, "ਕੌਣ ਸੀ ਉਹ ਜਾਦੂਗਰ ਬੁੱਢਾ ਜਿਸ ਦੇ ਨਾਲ ਤੂੰ ਫਿਰਦਾ ਰਿਹੈਂ?"

"ਓਸੇ ਨੇ ਤਾਂ ਮੈਨੂੰ ਪਰਿੰਦਾ ਦਿੱਤਾ ਐ। ਉਹ ਸਾਡਾ ਸਾਰਿਆਂ ਦਾ ਦਾਦਾ ਏ— ਬੇਟ ਨੇਕਾ।"

"ਤੇਰਾ ਦਿਮਾਗ਼ ਖ਼ਰਾਬ ਹੋ ਗਿਆ ਐ।" ਮੁੰਡੇ ਦੇ ਪਿਓ ਦਾ ਗੁੱਸਾ ਵਧ ਜਾਂਦਾ ਹੈ। "ਅਸੀਂ ਕਿਸੇ ਬੇਟ-ਵੇਟ ਨੂੰ ਨਈਂ ਜਾਣਦੇ। ਤੇ ਨਾ ਈ ਸਾਡੇ ਦਾਦੇ ਦਾ ਨਾਂ ਬੇਟ ਸੀ ਤੇ ਨਾਲੇ ਤੂੰ ਤਾਂ ਖ਼ਾਲੀ ਹੱਥ ਏਂ। ਝੂਠ ਕਿਓਂ ਬੋਲ ਰਿਹੈਂ...ਕਿੱਥੇ ਐ ਪਰਿੰਦਾ?"



ਪਿਓ ਦਾ ਗੁੱਸਾ ਵੇਖ ਮੁੰਡਾ ਘਬਰਾ ਜਾਂਦਾ ਹੈ ਪਰ ਉਸ ਟੋਲੀ ਵਿਚ ਇਕ ਸਿਆਣਾ ਆਦਮੀ ਵੀ ਹੈ ਜਿਹੜਾ ਮੁੰਡੇ ਦਾ ਹੌਸਲਾ ਵਧਾਉਂਦਾ ਹੈ—

"ਹਾਂ, ਹਾਂ ਬੋਲ ਬੇਟਾ! ਕਿੱਥੇ ਈ ਉਹ ਪਰਿੰਦਾ?"

"ਉਸਨੂੰ ਮੈਂ ਆਪਣੇ ਘਰ ਭੇਜਿਆ ਏ, ਕੀ ਤੁਸਾਂ ਲੋਕਾਂ ਉਸਨੂੰ ਰਸਤੇ ਵਿਚ ਨਈਂ ਦੇਖਿਆ? ਉਹ ਉੱਥੇ ਪਹੁੰਚ ਗਿਆ ਹੋਏਗਾ ਤੇ ਹੁਣ ਹਮੇਸ਼ਾ ਸਾਡੇ ਕੋਲ ਰਹੇਗਾ।" ਮੁੰਡੇ ਨੇ ਭੋਲੇਪਨ ਨਾਲ ਕਿਹਾ।

"ਪਾਗ਼ਲ ਹੋ ਗਿਐ...ਊਲ-ਜਲੂਲ ਬਕ ਰਿਹੈ। ਦੁਸ਼ਮਣ ਦੇ ਜਾਦੂਗਰ ਨੇ ਇਸਦਾ ਦਿਮਾਗ਼ ਖ਼ਰਾਬ ਕਰ ਦਿੱਤੈ।" ਤੇ ਮਲਿਕ ਦਾ ਪਾਰਾ ਹੋਰ ਚੜ੍ਹ ਗਿਆ ਹੈ।

"ਮੈਂ ਪਾਗ਼ਲ ਨਈਂ ਆਂ, ਸੱਚ ਕਹਿ ਰਿਹਾਂ—ਪਰਿੰਦਾ ਹੁਣ ਸਾਡੇ ਕੋਲ, ਸਾਡੇ ਘਰ 'ਚ ਈ ਰਹੇਗਾ। ਚਲੋ ਮੈਂ ਤੁਹਾਨੂੰ ਦਿਖਾ ਦੇਨਾਂ। ਜੇ ਮੇਰੀ ਗੱਲ ਝੂਠੀ ਨਿਕਲੇ ਤਾਂ ਜੋ ਜੀਅ 'ਚ ਆਏ ਮੈਨੂੰ ਸਜ਼ਾ ਦੇਣੀ।"

ਇਸ ਤੋਂ ਪਹਿਲਾਂ ਕਿ ਮੁੰਡੇ ਦਾ ਪਿਓ ਉਸਨੂੰ ਕੁੱਟਣ ਲੱਗ ਪਏ, ਸਿਆਣਾ ਆਦਮੀ ਉਸਨੂੰ ਸਮਝਾਉਂਦਾ ਹੈ—

"ਕੀ ਹਰਜ਼ ਏ ਜੇ ਅਸੀਂ ਥੋੜ੍ਹੀ ਦੇਰ ਲਈ ਬੱਚੇ ਦੀ ਗੱਲ ਦਰੁਸਤ ਮੰਨ ਲਈਏ— ਹੋ ਸਕਦਾ ਏ ਇਹ ਸੱਚ ਬੋਲ ਰਿਹਾ ਹੋਏ।"

ਜਿਵੇਂ ਹੀ ਉਹ ਲੋਕ ਮਲਿਕ ਦੀ ਹਵੇਲੀ ਪਹੁੰਚਦੇ ਨੇ ਮੁੰਡੇ ਨੂੰ ਜਿਊਂਦਾ ਦੇਖ ਕੇ ਉਸਦੀ ਮਾਂ, ਭੈਣਾਂ ਤੇ ਹੋਰ ਲੋਕ ਖ਼ੁਸ਼ ਹੋ ਜਾਂਦੇ ਨੇ ਤੇ ਸਾਰੇ ਉਸਨੂੰ ਪਿਆਰ ਕਰਦੇ ਨੇ।

"ਖ਼ੁਸ਼ੀਆਂ ਮਨਾਉਣ ਦੀ ਬਜਾਏ ਮਾਤਮ ਕਰੋ ਕਿਉਂਕਿ ਇਹ ਪਾਗ਼ਲ ਹੋ ਗਿਆ ਏ।" ਮਲਿਕ ਗੁੱਸੇ ਤੇ ਦੁੱਖ-ਪਰੁੱਚੀ ਆਵਾਜ਼ ਵਿਚ ਕਹਿੰਦਾ ਹੈ।

"ਪਤਾ ਨਈਂ ਕਿਉਂ ਬਾਬਾ ਯਕੀਨ ਨਈਂ ਕਰ ਰਹੇ ਕਿ ਮੈਂ ਪਰਿੰਦੇ ਨੂੰ ਲੈ ਆਇਆ ਆਂ।" ਮੁੰਡਾ ਉੱਥੇ ਹਾਜ਼ਰ ਲੋਕਾਂ ਨੂੰ ਖ਼ੁਸ਼ਖ਼ਬਰੀ ਸੁਣਾਉਂਦਾ ਹੈ।

"ਕਿੱਥੇ ਐ?" ਸਾਰੇ ਪੁੱਛਦੇ ਨੇ।

"ਸਾਡੀ ਹਵੇਲੀ ਦੇ ਪਰਲੇ ਹਿੱਸੇ 'ਚ। ਮੈਂ ਓਥੇ ਜਾ ਰਿਹਾਂ। ਥੋੜ੍ਹੀ ਦੇਰ ਬਾਅਦ ਤੁਸੀਂ ਓਥੇ ਆ ਜਾਇਓ, ਸਾਰੇ ਉਸਨੂੰ ਦੇਖ ਲਵਾਂਗੇ।"

ਮੁੰਡਾ ਭੱਜ ਕੇ ਆਪਣੇ ਘਰ ਦੇ ਦੂਜੇ ਹਿੱਸੇ 'ਚ ਆਉਂਦਾ ਹੈ। ਥੋੜ੍ਹੀ ਦੇਰ ਬਾਅਦ ਉਹਨਾਂ ਸਾਰੇ ਲੋਕਾਂ ਨੂੰ, ਜਿਹਨਾਂ ਨੂੰ, ਹੁਣ ਉਸਦੇ ਪਾਗ਼ਲ ਹੋਣ ਦਾ ਯਕੀਨ ਹੋ ਚੁੱਕਿਆ ਹੈ, ਉੱਥੇ ਬੁਲਾਉਂਦਾ ਹੈ।

"ਆ ਜਾਓ ਤੇ ਖ਼ੁਦ ਆਪਣੀਆਂ ਅੱਖਾਂ ਨਾਲ ਦੇਖ ਲਓ ਉਸ ਖ਼ੂਬਸੂਰਤ ਪਰਿੰਦੇ ਨੂੰ।"

ਜਿਵੇਂ ਹੀ ਉਹ ਲੋਕ ਉੱਥੇ ਪਹੁੰਚਦੇ ਨੇ ਤਾਂ ਉੱਥੇ ਮੌਜੂਦ ਤੰਦੂਰ ਵਿਚੋਂ ਲਾਟਾਂ ਨਿਕਲ ਰਹੀਆਂ ਦੇਖਦੇ ਨੇ ਤੇ ਪਰਿੰਦੇ ਦਾ ਕਿਧਰੇ ਅਤਾ-ਪਤਾ ਨਹੀਂ ਹੈ।

"ਕਿੱਥੇ ਈ ਉਹ ਪਰਿੰਦਾ?" ਮੁੰਡੇ ਦਾ ਪਿਓ ਪੁੱਛਦਾ ਹੈ।

"ਉਹ ਇਸ ਅੱਗ ਵਿਚ ਬੈਠਾ ਆਰਾਮ ਕਰ ਰਿਹਾ ਐ।" ਮੁੰਡਾ ਹੱਸ ਕੇ ਅੱਗ

ਵੱਲ ਇਸ਼ਾਰਾ ਕਰਦਾ ਹੈ। "ਜੇ ਤੁਸੀਂ ਲੋਕ ਵਾਕੱਈ ਉਸਨੂੰ ਦੇਖਣਾ ਚਾਹੁੰਦੇ ਓ ਤਾਂ ਇਕ ਸ਼ਰਤ ਏ।"

"ਕੀ ਸ਼ਰਤ ਏ?" ਸਾਰੇ ਇਕ ਆਵਾਜ਼ ਵਿਚ ਪੁੱਛਦੇ ਨੇ।

"ਇਸ ਅੱਗ ਵਿਚ ਆਪਣੇ ਹਥਿਆਰ ਸੁੱਟ ਦਿਓ—ਪਰਿੰਦਾ ਫ਼ੌਰਨ ਬੋਲਣਾ ਸ਼ੁਰੂ ਕਰ ਦਏਗਾ ਤੇ ਇਹਨਾਂ ਲਾਟਾਂ ਵਿਚੋਂ ਬਾਹਰ ਨਿਕਲ ਆਏਗਾ।"

"ਪਾਗ਼ਲ ਏ ਇਹ।" ਮਲਿਕ ਚੀਕਿਆ। "ਇਹ ਦੁਸ਼ਮਣ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਚੁੱਕਿਆ ਏ। ਇਹ ਹੁਣ ਸਾਥੋਂ ਸਾਡੇ ਹਥਿਆਰ ਖੋਹਣਾ ਚਾਹੁੰਦਾ ਏ। ਕੋਈ ਪਰਿੰਦਾ ਨਈਂ ਨਿਕਲੇਗਾ ਇਸ ਅੱਗ 'ਚੋਂ।"

ਮਲਿਕ ਦੀ ਗੱਲ ਦਿਲ ਲੱਗਦੀ ਹੈ। ਸਾਰੇ ਜਣੇ ਉਸ ਨਾਲ ਸਹਿਮਤੀ ਜ਼ਾਹਿਰ ਕਰਦੇ ਨੇ।

ਪਰ ਸਿਆਣਾ ਆਦਮੀ ਅੱਗੇ ਵਧ ਕੇ ਉਹਨਾਂ ਨੂੰ ਚੁੱਪ ਕਰਾ ਦਿੰਦਾ ਹੈ।

"ਕਿਓਂ ਚੀਕ ਰਹੇ ਓ, ਮੁੰਡਾ ਪਾਗ਼ਲ ਨਈਂ ਏਂ। ਜੇ ਅਸੀਂ ਥੋੜ੍ਹੀ ਦੇਰ ਲਈ ਇਸਦੀ ਗੱਲ ਮੰਨ ਲਈਏ ਤਾਂ ਕੀ ਹਰਜ ਏ?"

ਜਿਵੇਂ ਹੀ ਕਲਾਸਿਨਕੋਫ਼ ਅੱਗ ਵਿਚ ਡਿੱਗਦੀ ਹੈ, ਉੱਥੋਂ ਦਾ ਮਾਹੌਲ ਬਦਲ ਜਾਂਦਾ ਹੈ ਤੇ ਇਕ ਮਿੱਠੀ ਆਵਾਜ਼ ਤੰਦੂਰ ਵਿਚੋਂ ਆਉਣ ਲੱਗਦੀ ਹੈ ਤੇ ਫੇਰ ਉਦੋਂ ਤਾਂ ਲੋਕ ਹੋਰ ਵੀ ਹੈਰਾਨ ਹੋ ਜਾਂਦੇ ਨੇ ਜਦੋਂ ਅੱਗ ਦੀਆਂ ਲਾਟਾਂ ਵਿਚੋਂ ਇਕ ਖ਼ੂਬਸੂਰਤ ਪਰਿੰਦਾ ਬਾਹਰ ਆਉਂਦਾ ਹੈ। ਇਕ ਅਜਿਹਾ ਪਰਿੰਦਾ ਜਿਸਦੇ ਖੰਭ ਸੋਨੇ ਦੇ ਨੇ ਤੇ ਜਿਸ ਦੀਆਂ ਜਾਨਦਾਰ ਅੱਖਾਂ ਤੇ ਚੁੰਝ 'ਤੇ ਖ਼ੂਬਸੂਰਤ ਮੋਤੀਆਂ ਦਾ ਗੁਮਾਨ ਹੁੰਦਾ ਹੈ।

ਪਰਿੰਦੇ ਦੀ ਆਮਦ 'ਤੇ ਲੋਕ ਖ਼ੁਸ਼ ਹੋ ਜਾਂਦੇ ਨੇ। ਲੜਾਈ ਫੇਰ ਰੁਕ ਜਾਂਦੀ ਹੈ। ਹੁਣ ਇਕ-ਇਕ ਆਦਮੀ ਅੱਗੇ ਵਧ ਰਿਹਾ ਹੈ ਤੇ ਆਪੋ-ਆਪਣਾ ਹਥਿਆਰ ਤੰਦੂਰ ਦੀ ਅੱਗ ਵਿਚ ਸੁੱਟ ਰਿਹਾ ਹੈ। ਪਰਿੰਦਾ ਲਗਾਤਾਰ ਗਾ ਰਿਹਾ ਹੈ। ਅੱਗ ਦੀ ਸਤਹਿ 'ਤੇ ਉੱਡਦਾ ਹੋਇਆ ਆਪਣੇ ਖੰਭ ਫੜਫੜਾ ਰਿਹਾ ਹੈ ਤੇ ਲੋਕ ਉਸਦੀ ਆਵਾਜ਼ 'ਤੇ ਨੱਚ ਰਹੇ ਨੇ।

ਅਚਾਨਕ ਮੁੰਡਾ ਬਾਹਰ ਵੱਲ ਭੱਜਦਾ ਹੈ।

"ਕਿੱਥੇ ਜਾ ਰਿਹਾ ਏਂ?" ਸਾਰੇ ਉਸਨੂੰ ਪੁੱਛਦੇ ਨੇ।

"ਉੱਤਰੀ ਬਸਤੀ ਨੂੰ ਪਰਿੰਦਾ ਦੇਣ...।" ਮੁੰਡਾ ਜਵਾਬ ਦੇਂਦਾ ਹੈ।



# ਜਿੰਦਰ ਬਾਰੇ ਮੁੱਢਲੀ ਜਾਣਕਾਰੀ

| | | |
|---|---|---|
| **ਪੂਰਾ ਨਾਂ** | : | ਹਰਜਿੰਦਰ ਪਾਲ |
| **ਪਿਤਾ ਦਾ ਨਾਂ** | : | ਚਾਨਣ ਰਾਮ |
| **ਮਾਤਾ ਦਾ ਨਾਂ** | : | ਪਰਸਿੰਨੀ ਦੇਵੀ |
| **ਪਤਨੀ ਦਾ ਨਾਂ** | : | ਪੁਸ਼ਪਾ |
| **ਬੇਟਿਆਂ ਦਾ ਨਾਂ** | : | ਸ਼ਿਵ, ਸੈਫ਼ੀ |
| **ਜਨਮ ਮਿਤੀ** | : | 02-02-1954 |
| **ਜਨਮ ਸਥਾਨ** | : | ਲੱਧੜਾਂ (ਜ਼ਿਲ੍ਹਾ ਜਲੰਧਰ, ਤਹਿਸੀਲ ਨਕੋਦਰ ਦਾ ਛੋਟਾ ਜਿਹਾ ਪਿੰਡ) |
| **ਵਿਦਿਆ** | : | ਤਿੰਨ ਜਮਾਤਾਂ ਨੂਰਮਹਿਲ ਤੋਂ, ਹਾਇਰ ਸੈਕੰਡਰੀ, ਆਰੀਆ ਸਕੂਲ, ਨਕੋਦਰ ਤੋਂ (1972), ਬੀ.ਏ., ਡੀ.ਏ.ਵੀ. ਕਾਲਜ, ਨਕੋਦਰ ਤੋਂ (1975), ਐੱਮ.ਏ., ਡੀ.ਏ. ਕਾਲਜ, ਜਲੰਧਰ ਤੋਂ (1977) |
| **ਕਿੱਤਾ :** | | ਤਿੰਨ ਵਾਰ ਮਾਰਕੀਟ ਕਮੇਟੀ, ਨਕੋਦਰ 'ਚ ਆਕਸ਼ਨ ਰਿਕਾਰਡਰ, ਡੇਢ ਸਾਲ ਅਗਰਵਾਲ ਫਰਮ, ਨਕੋਦਰ 'ਚ ਮੁਨੀਮਗਿਰੀ, ਜੂਨ 1984 ਤੋਂ 14 ਅਗਸਤ, 1988 ਤੱਕ ਐੱਮ.ਬੀ.ਡੀ.ਪ੍ਰੈੱਸ, ਜਲੰਧਰ 'ਚ ਪਰੂਫ ਰੀਡਰ, 17 ਅਗਸਤ, 1988 ਤੋਂ ਪੰਜਾਬ ਸਰਕਾਰ ਦੇ ਟ੍ਰਾਂਸਪੋਰਟ ਵਿਭਾਗ 'ਚ ਆਡੀਟਰ, 29 ਫਰਵਰੀ, 2012 ਨੂੰ ਸਟੇਟ ਟ੍ਰਾਂਸਪੋਰਟ, ਪੰਜਾਬ, ਚੰਡੀਗੜ੍ਹ ਤੋਂ ਰਿਟਾਇਰ। |

## ਪ੍ਰਕਾਸ਼ਤ ਪੁਸਤਕਾਂ

### ਕਹਾਣੀ ਸੰਗ੍ਰਹਿ

| | |
|---|---|
| ਮੈਂ, ਕਹਾਣੀ ਤੇ ਉਹ | — 1990, 2012 |
| ਤੁਸੀਂ ਨਹੀਂ ਸਮਝ ਸਕਦੇ | — 1996, 99, 2004, 2012 |
| | — 1997 (ਹਿੰਦੀ) |
| | — 1998 (ਸ਼ਾਹਮੁਖੀ ਲਿਪੀ ਪਾਕਿਸਤਾਨ 'ਚ) |
| ਨਹੀਂ, ਮੈਂ ਨਹੀਂ | — 2000, 2004 |
| ਬਿਨਾਂ ਵਜ੍ਹਾ ਤਾਂ ਨਹੀਂ | — 2004, 2013 |

ਜ਼ਖ਼ਮ — 2010, 2013, 2014
ਜ਼ਖ਼ਮ, ਦਰਦ ਔਰ ਪਾਪ (ਹਿੰਦੀ) — 2011
ਤਹਿਜ਼ੀਬ (ਸਾਰੀਆਂ ਕਹਾਣੀਆਂ) — 2012
ਜ਼ਖ਼ਮ (ਮਰਾਠੀ) — 2013
ਵੇਦਨਾ (ਮਰਾਠੀ) — 2013
ਮੇਰੀਆਂ ਚੋਣਵੀਆਂ ਕਹਾਣੀਆਂ — 2014
ਆਵਾਜ਼ਾਂ — 2014
ਕੱਚੇ ਪੱਕੇ ਨਕਸ਼ੇ - 2016
(ਔਰਤ-ਮਰਦ ਸੰਬੰਧਾਂ ਦੀਆਂ ਕਹਾਣੀਆਂ)

**ਰੇਖਾ ਚਿੱਤਰ**

ਕਵਾਸੀ ਰੋਟੀ — 1998
ਜੇ ਇਹ ਸੱਚ ਹੈ ਤਾਂ ? — 2004
ਰੋਡੂ ਰਾਜਾ ਉਰਫ਼ ਫ਼ਜ਼ਲਦੀਨ — 2013

**ਸਫ਼ਰਨਾਮਾ**

ਛੇ ਸੌ ਇਕਵੰਜਾ ਮੀਲ — 2011
ਚੱਲ ਜਿੰਦਰ ਇਸਲਾਮਾਬਾਦ ਚੱਲੀਏ - 2016

**ਸ੍ਵੈ-ਜੀਵਨੀ**

ਚੰਡੀਗੜ੍ਹ ਵਾਇਆ ਨਵਾਂ ਸ਼ਹਿਰ — 2014
(ਭਾਗ-ਦੂਜਾ)

**ਸੰਪਾਦਨ**

**ਕਹਾਣੀ ਸੰਗ੍ਰਹਿ**

ਬੇਲੋੜੇ — 1997
ਲਾਲ ਮਿੱਟੀ ਦੀ ਸੜਕ — 2006
ਪੰਚਕੂਲੇ 'ਚ ਜਨਾਜ਼ਾ — 2008
ਸ਼ਾਇਦ ਰੰਮੀ ਮੰਨ ਜਾਏ — 2008
ਕਾਹਵਾ ਘਰ ਦੀ ਹੁਸੀਨਾ — 2008
ਇਕਬਾਲੀਆ ਬਿਆਨ — 2009



ਅਜੇ ਅੰਤ ਨਹੀਂ — 2010
ਮੁਹਾਜ, ਪਿੰਜਰੇ ਤੇ ਜ਼ਖ਼ਮ — 2011
ਪੰਜਾਬੀ ਪਰਵਾਸੀਆਂ ਦੀਆਂ ਕਹਾਣੀਆਂ — 2013
ਰਘੁਬੀਰ ਢੰਡ ਦੀਆਂ ਚੋਣਵੀਆਂ ਕਹਾਣੀਆਂ— 2013
1947 ਅੱਲੇ ਜ਼ਖ਼ਮਾਂ ਦੀ ਦਾਸਤਾਨ — 2013
1947 ਦੇ ਉਜਾੜੇ ਦੀ ਦਾਸਤਾਨ — 2013
1984 ਦਾ ਸੰਤਾਪ — 2014
ਔਰਤ-ਮਰਦ ਸੰਬੰਧਾਂ ਦੀਆਂ ਕਹਾਣੀਆਂ — 2014
ਪੰਜਾਬੀ ਦੀਆਂ ਕਲਾਸਿਕ ਕਹਾਣੀਆਂ — 2014
ਅਸ਼ਫ਼ਾਕ ਅਹਿਮਦ ਦੀਆਂ — 2014
ਚੋਣਵੀਆਂ ਕਹਾਣੀਆਂ

**ਨਾਵਲ**

ਸਮੁੰਦਰ, ਘਰ ਤੇ ਜੰਗਲੀ ਕਬੂਤਰ (ਪੰਜ ਨਾਵਲ)— 2013

**ਗ਼ਜ਼ਲਾਂ**

ਤਕਲੀਫ਼ ਤਾਂ ਜਰ ਪਹਿਲਾਂ (ਦੀਪਕ ਜੈਤੋਈ ਦੀਆਂ ਚੋਣਵੀਆਂ ਗ਼ਜ਼ਲਾਂ)—2004
ਪੱਖੀ ਘੁੰਗਰੂਆਂ ਵਾਲੀ (ਦੀਪਕ ਜੈਤੋਈ ਦੇ ਗੀਤ)—2008
ਇਬਾਦਤ (ਦੀਪਕ ਜੈਤੋਈ ਦੀਆਂ ਸਾਰੀਆਂ ਗ਼ਜ਼ਲਾਂ)—2010

**ਰੇਖਾ ਚਿੱਤਰ**

ਤੇਰੇ ਮੇਰੇ ਅਕਸ —2004
ਪ੍ਰੇਮ ਪ੍ਰਕਾਸ਼ ਇਕ ਗੋਰਖ ਧੰਦਾ —2006

ਗੱਲਾਂ ਗੱਲਾਂ 'ਚ ਮੁਲਾਕਾਤਾਂ —2010

**ਅਨੁਵਾਦ**

ਬੱਚੇ ਜਿਨ੍ਹਾਂ ਨੇ ਕਮਾਲ ਕੀਤਾ — 2012
ਮਹੀਪ ਸਿੰਘ ਦੀਆਂ ਚੋਣਵੀਆਂ ਕਹਾਣੀਆਂ— 2013
ਰਾਮਦਰਸ਼ ਮਿਸ਼ਰ ਦੀਆਂ ਚੋਣਵੀਆਂ ਕਹਾਣੀਆਂ— 2013

**ਸੰਪਾਦਕ : ਸ਼ਬਦ (ਤ੍ਰੈਮਾਸਕ)**

ਕਈ ਕਹਾਣੀਆਂ ਇੰਗਲਿਸ਼, ਮਰਾਠੀ, ਮੈਥਲੀ, ਰਾਜਸਥਾਨੀ, ਨੇਪਾਲੀ, ਤੇਲਗੂ, ਬੰਗਲਾ, ਸਿੰਧੀ, ਉਰਦੂ, ਰਾਜਸਥਾਨੀ, ਸ਼ਾਹਮੁਖੀ ਲਿੱਪੀ, ਹਿੰਦੀ ਤੇ ਹੋਰ ਭਾਸ਼ਾਵਾਂ 'ਚ ਅਨੁਵਾਦ।

ਇੰਗਲੈਂਡ, ਕਨੇਡਾ, ਅਮਰੀਕਾ, ਆਸਟ੍ਰੇਲੀਆ ਤੇ ਪਾਕਿਸਤਾਨ ਦੀ ਯਾਤਰਾ

**ਆਲੋਚਨਾਤਮਕ ਪੁਸਤਕਾਂ :**

1. ਜਿੰਦਰ ਦੀਆਂ ਕਹਾਣੀਆਂ : ਔਰਤ, ਸੈਕਸ ਅਤੇ ਦਲਿਤਵਾਦ (2006)
   ਸੰਪਾਦਕ : ਡਾ. ਬਲਕਾਰ ਸਿੰਘ
2. ਇੱਕ ਕਹਾਣੀ : ਦਸ ਦਿਸ਼ਾਵਾਂ (ਕਤਲ ਕਹਾਣੀ ਬਾਰੇ) (2010)
   ਸੰਪਾਦਕ : ਡਾ. ਰਵੀ ਰਵਿੰਦਰ
3. ਸੌਂਗੀ : ਆਦ ਤੋਂ ਅੰਤ ਤੱਕ (ਸੌਂਗੀ ਕਹਾਣੀ ਬਾਰੇ) (2010)
   ਸੰਪਾਦਕ : ਡਾ. ਸੁਖਰਾਜ ਧਾਲੀਵਾਲ
4. ਜਿੰਦਰ ਦਾ ਕਥਾ ਸੰਸਾਰ (2012)
   ਸੰਪਾਦਕ : ਡਾ. ਕਰਨਦੀਪ ਸਿੰਘ
5. ਜਿੰਦਰ ਦੀ ਕਥਾ ਦ੍ਰਿਸ਼ਟੀ (2016) ਮਨਵੀਰ ਕੌਰ
6. ਜਿੰਦਰ ਦੀ ਕਹਾਣੀ ਨੂੰ ਸਮਝਦਿਆਂ (2016)
   ਸੰਪਾਦਕ : ਡਾ. ਆਤਮ ਸਿੰਘ ਰੰਧਾਵਾ

**ਪੱਕਾ ਪਤਾ**

ਜਿੰਦਰ,
984, ਰਾਜਪੂਤ ਨਗਰ,
ਮਾਡਲ ਹਾਊਸ,
ਜਲੰਧਰ 144003
ਮੋ: 98148-03254
Email : jinder340@gmail.com